# ਰਸ਼ਟਰੀ ਪਾਠਕ੍ਰਮ ਦੀ ਰੂਪਰੇਖਾ 2005

# ਰਸ਼ਟਰੀ ਪਾਠਕ੍ਰਮ ਦੀ ਰੂਪਰੇਖਾ
# 2005

ਰਾਸ਼ਟਰੀ ਸਿਖਸ਼ਣ ਅਨੁਸੰਧਾਨ ਅਤੇ ਪਰਸ਼ਿਖਸ਼ਣ ਪਰੀਸ਼ਦ

# ਪ੍ਰਸਤਾਵਨਾ

ਮੈਨੂੰ 'NCERT' ਰਾਹੀਂ ਅਰੰਭ ਕਰਵਾਈ ਗਈ ਉਸ ਬੜੀ ਮਹੱਤਵ ਪੂਰਣ ਤੇ ਵਡਿਆਈ ਭਰੀ ਸਮਾਜਕ ਵਾਰਤਾਲਾਪ ਦੀ ਪ੍ਰਕਿਰਿਆ ਵਿੱਚ ਭਾਗ ਲੈਣ ਦਾ ਮਾਣ ਪਰਾਪਤ ਹੋਇਆ ਹੈ। ਪ੍ਰਕਿਰਿਆ ਦਾ ਮੰਤਵ ਬੱਚੇ ਨੂੰ ਕੀ ਅਤੇ ਕਿਵੇਂ ਪੜ੍ਹਾਇਆ ਜਾਣਾ ਚਾਹੀਦਾ ਹੈ ਉੱਪਰ ਜੰਨਤਾ ਦਾ ਧਿਆਨ ਕੇਂਦਰਤ ਕਰਵਾਉਣਾ ਸੀ। ਮੈਂ ਉਨ੍ਹਾਂ ਬੜੇ ਸੁਚੱਜੇ ਸੱਜਣਾਂ ਦੀ ਬੜੀ ਵਡੀ ਗਿਣਤੀ ਦੇ ਨਾਲ਼ ਨਜ਼ਦੀਕ ਤੋਂ ਕੰਮ ਕੀਤਾ ਹੈ, ਜਿਨ੍ਹਾਂ ਨੇ ਇਸ ਦਸਤਾਵੇਜ਼ ਵਿੱਚ ਪੇਸ਼ ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ ਨੂੰ ਤਿਆਰ ਕੀਤਾ। ਉਨ੍ਹਾਂ ਸੱਜਣਾਂ ਦੇ ਨਾਮ ਇਸ ਦਸਤਾਵੇਜ਼ ਵਿੱਚ ਦਰਜ਼ ਕੀਤੇ ਗਏ ਹਨ।

ਇਸ ਦਸਤਾਵੇਜ਼ ਵਿੱਚ ਕਾਫੀ ਸਾਰਾ ਵਿਸ਼ਲੇਸ਼ਣ ਅਤੇ ਢੇਰ ਸਾਰੀ ਸਲਾਹ ਦਿੱਤੀ ਗਈ ਹੈ। ਇਸ ਸਭ ਕੁਝ ਦੇ ਨਾਲ ਹੀ ਪੈਰ ਪੈਰ ਉੱਪਰ ਇਹ ਯਾਦ ਰੱਖਣ ਲਈ ਵੀ ਕਿਹਾ ਗਿਆ ਹੈ ਕਿ ਵਿਸ਼ੇਸ਼ ਭਿੰਨਤਵਾਂ ਲੋੜੀਂਦੀਆਂ ਹਨ; ਮਾਂ-ਬੋਲੀ ਇੱਕ ਬੜਾ ਕ੍ਰਾਂਤੀਕਾਰੀ ਮਾਰਗ ਹੈ ਅਤੇ ਸਮਾਜਿਕ, ਆਰਥਿਕ ਤੇ ਜਾਤੀ-ਮੂਲਕ ਪਿਛੋਕੜ ਬੱਚਿਆਂ ਲਈ ਅਪਣੇ ਗਿਆਨ ਸਿਰਜਣ ਦੇ ਵਾਸਤੇ ਜਰੂਰੀ ਹਨ। ਸੰਚਾਰ ਸਾਧਨਾਂ ਅਤੇ ਸਿੱਖਿਆ ਟੈਕਨਾਲੋਜੀ ਨੂੰ ਸਾਰਥਕ ਸਵਿਕਾਰਿਆ ਗਿਆ ਹੈ, ਪਰ ਅਧਿਆਪਕ ਹਾਲੇ ਵੀ ਕੇਂਦਰ ਪੁਰ ਹੈ। ਭਿੰਨਤਾਵਾਂ ਉੱਪਰ ਬਲ ਤਾਂ ਦਿੱਤਾ ਗਿਆ ਹੈ, ਪਰ ਸਮੱਸਿਆਵਾਂ ਨਹੀਂ ਬਣਨ ਦਿੱਤਾ ਗਿਆ। ਇਸ ਗੱਲ ਨੂੰ ਨਿਰੰਤਰ ਮਾਨਤਾ ਦਿੱਤੀ ਗਈ ਹੈ ਕਿ ਸਮਾਜਕ ਸਿੱਖਿਆ ਗਿਆਨ-ਮੂਲਕ ਵੱਥ ਹੈ, ਅਤੇ ਵਿਧੀਵਤ ਪਾਠਕ੍ਰਮ ਇਸ ਨਾਲ ਜੁੜਕੇ ਬੜਾ ਪ੍ਰਭਾਵਸ਼ਾਲੀ ਹੋ ਜਾਵੇਗਾ। ਅਨੇਕਤਾ ਦਾ ਗੁਣ ਗਾਇਆ ਹੈ ਅਤੇ ਇਹ ਧਾਰਣਾ ਅਪਣਾਈ ਗਈ ਹੈ ਕਿ ਇੱਕ ਵਿਸ਼ਾਲ ਰੂਪਰੇਖਾ ਵਿੱਚ ਵਿਧੀਗਤ ਬਹੁਲਤਾ ਵਿਸਥਾਰੀ ਗਈ ਸਿਰਜਣਾ ਨੂੰ ਜਨਮ ਦੇਵੇਗੀ।

ਇਹ ਦਸਤਾਵੇਜ ਲਗਾਤਾਰ ਬੱਚਿਆਂ ਉੱਪਰ ਪਾਠਕ੍ਰਮ ਦੇ ਬੋਝ ਦੇ ਦੁਆਲੇ ਘੁੰਮਦਾ ਹੈ। ਇਸ ਪੱਖੋਂ ਅਸੀਂ ਜਿਵੇਂ ਕਿਸੇ ਟੋਏ ਵਿੱਚ ਡਿੱਗ ਪਏ ਲਗਦੇ ਹਾਂ। ਅਸੀਂ ਸਮਝ ਨੂੰ ਸੂਚਨਾਂ ਇਕੱਤਰ ਕਰਨ ਉੱਪਰ ਟਿਕੀ ਥੋਹੜਚਿਰੀ ਯਾਦਾਸ਼ਤ ਨਾਲ ਅਦਲਾ-ਬਦਲੀ ਕਰ ਲਿਆ ਹੈ। ਇਸ ਉੱਪਰ ਰੋਕ ਲੱਗਣੀ ਜਰੂਰੀ ਹੈ, ਖਾਸ ਕਰਕੇ ਹੁਣ ਜਦੋਂ ਯਾਦ ਕੀਤੇ ਜਾਣ ਵਾਲੇ ਦਾ ਤਾਂ ਜਿਵੇਂ ਧਮਾਕਾ ਹੀ ਪੈਗਿਆ ਹੈ। ਸਾਡੀ ਲੋੜ ਹੈ ਕਿ ਅਸੀਂ ਬੱਚਿਆਂ ਨੂੰ ਸੂਝ-ਬੂਝ ਦਾ ਜਰਾ ਕੁ ਰਸ ਚਖਾਈਏ, ਜਿਸ ਸਦਕਾ ਉਹ ਕੁਝ ਸਿਖ ਸਕਣ ਅਤੇ ਅਪਣੀ ਹੀ ਭਾਂਤ ਦੇ ਗਿਆਨ ਸਿਰਜ ਸਕਣ, ਤਾਂ ਜੋ ਉਹ ਇਸ ਵਿਸ਼ਵ ਦਿਆਂ ਟੁਕੜਿਆਂ ਨੂੰ ਤੇ ਬਿੰਬਾਂ ਨੂੰ ਮਿਲਣ ਤੇ ਅਪਣੇ ਜੀਵਨ ਦੀਆਂ ਸਰਗਰਮੀਆਂ ਦੇ ਸਨਮੁਖ ਹੋਣ। ਅਜਿਹਾ ਰਸਾ-ਸੁਆਦ ਸਾਡੇ ਬੱਚਿਆਂ ਦੇ ਮਾਪਿਆਂ ਨੂੰ ਭਰੇ-ਪੂਰੇ, ਸਿਰਜਕ

ਅਤੇ ਅਨੰਦਿਤ ਬਣਾ ਦੇਵੇਗਾ; ਉਹ ਬੇਤਿਹਾਸ਼ਾ ਸੂਚਨਾ ਦੇ ਭਾਰ ਕਾਰਨ ਮਾਨਸਿਕ ਪੀੜਾ ਦਾ ਸ਼ਿਕਾਰ ਨਹੀਂ ਹੋਣਗੇ, ਸੂਚਨਾ ਜਿਸ ਦੀ ਲੋੜ ਇਮਤਿਹਾਨ ਨਾਮੀਂ 'ਹਰਡਲ ਰੇਸ' ਤੋਂ ਪਹਿਲਾਂ ਥੋਹੜੇ ਸਮੇਂ ਲਈ ਹੁੰਦੀ ਹੈ। ਇਹ ਦਸਤਾਵੇਜ਼ ਇਸ ਆਪ ਸਹੇੜੀ ਮੁਸੀਬਤ ਤੋਂ ਛੁਟਕਾਰਾ ਮਿਲ ਸਕਣ ਦੇ ਕੁਝ ਰਸਤੇ ਸੁਝਾਉਂਦਾ ਹੈ। ਇਸ ਖੇਤਰ ਵਿੱਚ ਕੁਝ ਮਾਤਰਾ ਵਿੱਚ ਸਫਲਤਾ ਹਾਂਸਲ ਹੋਣ ਨਾਲ ਇਹ ਵੀ ਸੰਕੇਤ ਹੋ ਸਕੇਗਾ ਕਿ ਅਸੀਂ ਸਿਖਣ ਦੀ ਯੋਗਤਾ ਨੂੰ ਸਲਾਹੁਣਾ ਅਤੇ ਬੱਚਿਆਂ ਦੇ ਯਾਦ ਖਜ਼ਾਨਿਆਂ ਨੂੰ ਸੂਚਨਾਂ ਨਾਲ ਭਰਨ ਦੀ ਫਜ਼ੂਲੀਅਤ ਨੂੰ ਜਾਣ ਗਏ ਹਾਂ। ਸੂਚਨਾਂ ਕਾਗਜ ਉੱਪਰ ਪਈ ਹੋਈ ਸਿਆਹੀ ਦੇ ਤਰ੍ਹਾਂ ਜਾਂ ਕੰਪਿਊਟਰ ਦੀ ਡਿਸਕ ਉੱਪਰ ਬਾਈਟਾਂ ਦੀ ਤਰ੍ਹਾਂ ਹੀ ਪਈ ਰਵ੍ਹੇ ਤਾਂ ਚੰਗਾ ਹੈ।

ਸਿੱਖਿਆ ਕੋਈ ਠੋਸ ਵਸਤੂ ਨਹੀਂ ਹੈ ਜੋ ਡਾਕ ਰਾਹੀਂ, ਤੇ ਜਾਂ ਇੱਕ ਅਧਿਆਪਕ ਰਾਹੀਂ ਭੇਜੀ ਜਾ ਸਕੇ। ਜੀਵੰਤ ਅਤੇ ਖਰੀ ਸਿੱਖਿਆ ਹਮੇਸ਼ਾ ਸਿਰਜਤ ਹੁੰਦੀ ਹੈ ਅਤੇ ਇਸ ਦੀ ਜੜ੍ਹ ਬੱਚੇ ਦੀ ਸੰਸਕ੍ਰਿਤਕ ਭੂੰਮੀਂ ਵਿੱਚ ਲੱਗਦੀ ਹੈ। ਇਹ ਵਿੱਦਿਆ ਮਾਤਾ-ਪਿਤਾ, ਅਧਿਆਪਕਾਂ, ਜਮਾਤੀਆਂ ਅਤੇ ਭਾਈਚਾਰੇ ਦੇ ਮੇਲ ਮਿਲਾਪ ਨਾਲ ਪ੍ਰਫੁੱਲਤ ਹੁੰਦੀ ਹੈ। ਇਸ ਕਾਰਜ ਵਿੱਚ ਅਧਿਆਪਕਾਂ ਦੇ ਸਨਮਾਨ ਅਤੇ ਯੋਗਦਾਨ ਨੂੰ ਪੁਖਤਾ ਕਰਨਾ ਅਤੇ ਇਸ ਤੇ ਬਲ ਦੇਣਾ ਲਾਜਮੀਂ ਹੈ। ਅਸਲੀ ਗਿਆਨ ਅਪਣੇ ਅਚਰਣਕ ਸੁਭਾਅ ਤੋਂ ਦੁਤਰਫਾ ਹੁੰਦਾ ਹੈ। ਜੇ ਬੱਚੇ ਨੂੰ ਮੂੰਹ ਬੰਦ ਰੱਖਣ 'ਤੇ ਮਜ਼ਬੂਰ ਨਾ ਕਰ ਦਿੱਤਾ ਜਾਵੇ ਤਾਂ ਅਜਿਹੇ ਸਾਰੇ ਵਿਹਾਰ ਵਿੱਚੋਂ ਅਧਿਆਪਕ ਵੀ ਸਿੱਖਦਾ ਹੈ, ਕਿਉਂਕਿ ਅਕਸਰ ਬੱਚੇ ਵਡਿਆਂ ਨਾਲੋਂ ਜ਼ਿਆਦਾ ਗ੍ਰਹਿਣ ਕਰਦੇ ਅਤੇ ਘੋਖਦੇ ਹਨ। ਗਿਆਨ ਸਿਰਜਿਕ ਹੋਣ ਦੀ ਤਰ੍ਹਾਂ ਹੀ ਉਹਨਾਂ ਦੇ ਸੰਭਾਵੀ ਦਖਲ ਨੂੰ ਸਵਿਕਾਰਿਆ ਜਾਣਾ ਚਾਹੀਦਾ ਹੈ। ਅਪਣੇ ਨਿੱਜੀ ਅਨੁਭਵ ਦੇ ਅਧਾਰ ਉੱਤੇ ਮੈਂ ਕਹਿ ਸਕਦਾ ਹਾਂ ਕਿ ਮੇਰੀ ਸੀਮਤ ਜਿਹੀ ਸੂਝ ਦਾ ਬਹੁਤਾ ਕੁਝ ਬੱਚਿਆਂ ਨਾਲ ਸੰਪਰਕ ਹੋਣ ਦੇ ਕਾਰਣ ਹੀ ਹੈ। ਇਹ ਦਸਤਾਵੇਜ਼ ਇਸ ਪੱਖ ਨੂੰ ਵਿਚਾਰਦਾ ਹੈ।

ਇਸ ਦਸਤਾਵੇਜ਼ ਦੀ ਅਮੀਰੀ ਅਤੇ ਇਹਦੇ ਆਕਾਰ ਦੀ ਭਰਪੂਰਤਾ ਕਦੇ ਵੀ ਹਾਂਸਲ ਨਹੀਂ ਸੀ ਹੋ ਸਕਣੀ ਜੇ ਇਸ ਕਾਰਜ ਵਿੱਚ ਭਾਗ ਲੈਣ ਵਾਲਿਆਂ ਉੱਪਰ ਇੱਕ ਖਾਸ ਬਿਜਲਣ ਨਾ ਬਪਰ ਜਾਂਦੀ। ਮੈਨੂੰ ਨਹੀਂ ਪਤਾ ਪਈ ਉਹ ਚੰਗਿਆੜਾ ਕੀਹਨੇ ਫੂਕ ਮਾਰਿਆ – ਖਵਰੇ ਕਿਸੇ ਨੇ ਵੀ ਨਹੀਂ। ਸ਼ਾਇਦ ਕੋਸ਼ਿਸ਼ ਸਮੇਂ ਦੇ ਉਸ ਬਿੰਦੂ ਉੱਪਰ ਰੰਗ ਲਿਆਈ ਜਦ ਔਖ ਅਪਣੀ ਚਰਮ ਸੀਮਾਂ ਤੋਂ ਹੋਰ ਵੀ ਉਤਾਂਹ (ਜ਼ਿਆਦਾ) ਇਕੱਤਰ ਹੋ ਗਈ ਸੀ। ਬਹੁਤੇ ਭਾਗਾਰਥੀਆਂ ਵਿੱਚ 'ਬਹੁਤ ਹੋ ਗਿਆ' ਵਰਗਾ ਅਹਿਸਾਸ ਆ ਗਿਆ ਸੀ। ਮੈਨੂੰ ਲਗਿਆ ਕਿ ਓਦੋਂ ਕਈਆਂ ਦਾ ਜੋਸ਼ ਹੋਰ ਵਧ ਰਿਹਾ ਸੀ।

ਮਨ ਤਾਂ ਕਰਦਾ ਸੀ ਉਹਨਾਂ ਕਈ ਚੀਜ਼ਾਂ ਦੇ ਦੋਸ਼ ਮੜ੍ਹਨ ਦਾ, ਜੋ ਅਸੀਂ ਕਈ ਦਹਾਕੇ ਪਹਿਲਾਂ ਕਰਨੀਆਂ ਚਾਹੀਆਂ ਪਰ ਵਧੀਆ ਤਰ੍ਹਾਂ ਹੋ ਨਹੀਂ ਸਨ ਸਕੀਆਂ। ਅਸੀਂ ਕਿਸੇ ਵੀ ਦੋਸ਼-ਲੀਲ੍ਹਾ ਤੋਂ ਗੁਰੇਜ਼ ਕੀਤਾ ਹੈ –

ਸ਼ਾਇਦ ਅਸੀਂ ਸਾਰੇ ਹੀ ਕਿਸੇ ਰੂਪ ਵਿੱਚ ਦੋਸ਼ ਦੇ ਭਾਗੀ ਹਾਂ। ਸਾਡੇ ਵਿੱਚੋਂ ਬਹੁਤੇ ਮਧ ਵਰਗ ਦੇ ਉਹਨਾਂ ਬੰਦਿਆਂ ਵਿੱਚੋਂ ਹਨ ਜਿਨ੍ਹਾਂ ਨੇ ਭਾਵਕ ਪੱਧਰ ਉੱਪਰ ਦੇਸ਼ ਦੇ ਸਧਾਰਨ ਲੋਕਾਂ ਦੇ ਵਡੇ ਭਾਗ ਤੋਂ ਕਿਨਾਰਾ ਕਰਨਾ ਅਰੰਭ ਕਰ ਲਿਆ ਸੀ। ਸਾਡੀਆਂ ਬਹਿਸਾਂ ਦੌਰਾਨ 'ਅਨੇਕਤਾਵਾਦ', 'ਨਿਰਪੱਖਤਾ' ਅਤੇ 'ਬਰਾਬਰੀ' ਵਰਗੇ ਸ਼ਬਦਾਂ ਦੀ ਭਰਮਾਰ ਨੇ ਮੈਨੂੰ ਟੁੰਬਿਆ ਸੀ। ਪਰ ਮੈਨੂੰ ਨਹੀਂ ਲੱਗਦਾ ਕਿ ਇਹ ਸ਼ਬਦ ਸਾਡੀ ਰਾਜਨੀਤਕ ਸੰਵਾਦ ਦਾ ਅੰਗ ਬਣ ਸਕੇ ਹੋਣ। ਅਸੀਂ ਸਾਡੀ ਸਾਰੀ ਵਿਸਥਾਰ ਚਰਚਾ ਵਿੱਚ ਰਾਜਨੀਤੀ ਦੀ ਤਾਂ ਕੋਈ ਗੱਲ ਹੀ ਨਹੀਂ ਕੀਤੀ। ਮੈਨੂੰ ਯਕੀਨ ਹੈ ਕਿ ਇਹ ਹੋ ਇਸ ਕਰਕੇ ਸਕਿਆ ਕਿ ਸਾਡੀ ਇਹ ਧਾਰਣਾ ਬਣ ਗਈ ਪਈ ਸਾਡੀ ਸ਼ਕਤੀ ਸਾਡੇ ਤਿੰਨ ਚੌਥਾਈ ਲੋਕਾਂ ਵਿੱਚ ਵਿਦਮਾਨ ਹੈ। ਉਹਨਾਂ ਦੀਆਂ ਸਮਾਜ ਵਿੱਚੋਂ ਗ੍ਰਹਿਣ ਕੀਤੀਆਂ ਸਮਰੱਥਾਵਾਂ ਦਾ ਸਾਡੇ ਅਦਾਰਿਆਂ ਦੇ ਅਕਾਦਮਿਕ ਸਰੋਕਾਰਾਂ ਨਾਲ ਸੰਯੋਗ ਬੈਠਾਅ ਦੇਣ ਨਾਲ ਬੜੇ ਨਿਆਰੇ ਫੁੱਲ ਖਿੜ ਸਕਦੇ ਹਨ।

ਇਹ ਦਸਤਾਵੇਜ਼ ਇਸ ਦਿਸ਼ਾ ਵਿੱਚ ਵਧਣ ਦੇ ਤਰੀਕੇ ਸੁਝਾਉਂਦਾ ਹੈ। ਸੁਝਾਈਆਂ ਗਈਆਂ ਕੁਝ ਪ੍ਰਬੰਧ ਮੂਲਕ ਤਬਦੀਲੀਆਂ ਜਰੂਰ ਰੰਗ ਲਿਆਉਣਗੀਆਂ। ਮੈਨੂੰ ਉਮੀਦ ਹੈ ਕਿ ਅਸੀਂ ਸਾਂਝੇ ਸਕੂਲ ਪ੍ਰਬੰਧ, ਕੰਮ ਤੇ ਸਿੱਖਿਆ, ਅਤੇ ਬੱਚਿਆਂ ਨੂੰ ਅਪਣੇ ਘਰੇਲੂ ਵਾਤਾਵਰਣ ਦੀ ਭਾਸ਼ਾ ਰਾਹੀਂ ਉਪਚਾਰਕ ਸਿੱਖਿਆ ਹਾਂਸਲ ਕਰ ਲੈਣ ਵਰਗੇ ਵਿਚਾਰਾਂ ਨਾਲ ਸ਼ੁਰੂਆਤ ਕਰ ਸਕਦੇ ਹਾਂ।

ਸਾਨੂੰ ਇਸ ਕੰਮ ਤੋਂ ਕੋਈ ਡਰ ਵੀ ਨਹੀਂ ਹੈ। ਸਾਨੂੰ ਅਹਿਸਾਸ ਹੈ ਕਿ ਇਹ ਹੋਣਵਾਲਾ ਹੈ। ਮੈਨੂੰ ਉਮੀਦ ਹੈ ਕਿ ਇਹ ਜਤਨ ਸਾਡੇ ਬੱਚਿਆਂ ਦੇ ਵਾਸਤੇ ਵਿੱਦਿਆ ਦੀ ਅਜ਼ਾਦੀ ਦੀ ਲਹਿਰ ਛੇੜ ਦੇਵੇਗਾ - ਉਹਨਾਂ ਜੁਲਮਾਂ ਤੋਂ ਪਰ੍ਹਾਂ ਜਿਨ੍ਹਾਂ ਵਿੱਚ ਅਸੀਂ ਆਪਣੇ ਆਪ ਨੂੰ ਜਕੜ ਰੱਖਿਆ ਹੈ, ਕੁਝ ਛਿੜ ਜਾਵੇਗਾ।

ਯਸ਼ ਪਾਲ

# ਆਭਾਰ

ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ ਦਾ ਵਰਤਮਾਨ ਰੂਪ ਅਤੇ ਆਕਾਰ ਉਹਨਾਂ ਵਿਚਾਰਾਂ ਦਾ ਸਿੱਟਾ ਹੈ ਜੋ ਇੱਕ ਲੜੀਵਾਰ ਤੇ ਬੜੀ ਸੰਜੀਦਾ ਵਿਚਾਰ ਚਾਰਚਾ ਰਾਹੀਂ ਸਾਹਮਣੇ ਆਏ। ਇਸ ਗਹਿਨ ਚਰਚਾ ਵਿੱਚ ਭਿੰਨ ਭਿੰਨ ਵਿਸ਼ੈ-ਖੇਤਰਾਂ ਦੇ ਬੜੇ ਉੱਘੇ ਵਿਦਵਾਨਾਂ, ਪ੍ਰਿੰਸੀਪਲਾਂ, ਅਧਿਆਪਕਾਂ, ਮਾਪਿਆਂ, ਗੈਰ-ਸਰਕਾਰੀ ਅਦਾਰਿਆਂ ਦੇ ਪ੍ਰਤਿਨਿਧਾਂ, NCERT ਦੇ ਅਧਿਆਪਕਾਂ ਅਤੇ ਕਈ ਹੋਰ ਪੱਧਰਾਂ ਪੁਰ ਅਧਿਕਾਰ ਰੱਖਣ ਵਾਲੇ ਸੱਜਣਾਂ ਨੇ ਭਾਗ ਲਿਆ। ਇਹਦੇ ਵਿੱਚ ਰਜਾਂ ਦੇ ਸਿੱਖਿਆ ਸਕੱਤਰਾਂ ਦਾ, SCERTs ਦੇ ਨਿਰਦੇਸ਼ਕਾਂ ਦਾ ਅਤੇ RIEs ਰਾਹੀਂ ਅਯੋਜਤ ਕੀਤੇ ਗਏ ਸੈਮੀਨਰਾਂ ਵਿੱਚ ਸਭ ਭਾਗ ਲੈਣ ਵਾਲਿਆਂ ਦਾ ਬੜਾ ਭਰਵਾਂ ਯੋਗਦਾਨ ਰਿਹਾ।

ਸਾਡੇ ਵਿਚਾਰਾਂ ਨੂੰ ਤੇਜਧਾਰ ਕਰਨ ਵਿੱਚ ਪ੍ਰਾਈਵੇਟ ਸਕੂਲਾਂ ਅਤੇ ਕੇਂਦਰੀ ਵਿਦਿਆਲਿਆਂ ਦੇ ਪ੍ਰਿੰਸੀਪਲਾਂ ਅਤੇ ਦੇਸ਼ ਭਰ ਦੇ ਪੇਂਡੂ ਸਕੂਲਾਂ ਦੇ ਅਧਿਆਪਕਾਂ ਦੇ ਸਾਡੇ ਨਾਲ ਸਾਂਝੇ ਕੀਤੇ ਅਨੁਭਵਾਂ ਤੋਂ ਵੀ ਬਹੁਤ ਮਦਦ ਮਿਲੀ। ਹਜ਼ਾਰਾਂ ਲੋਕਾਂ ਦੀਆਂ ਅਵਾਜ਼ਾਂ ਪੱਤਰਾਂ ਰਾਹੀਂ ਅਤੇ ਈ-ਮੇਲ ਵਰਗੇ ਬਿਜਲਈ ਮਾਧਿਅਮਾਂ ਰਾਹੀਂ ਸਾਡੇ ਤੱਕ ਪਹੁੰਚੀਆਂ। ਵਿਦਿਆਰਥੀਆਂ, ਮਾਪਿਆਂ ਅਤੇ ਜਨ ਸਮੂਹ ਦੀ ਅਵਾਜ਼ ਨੇ ਵੀ ਬਹੁਲਤਾਵਾਦੀ ਦ੍ਰਿਸ਼ਟੀਕੋਣ ਸਮਝਣ ਵਿੱਚ ਸਾਡੀ ਮਦਦ ਕੀਤੀ ਹੈ।

ਏਵੇਂ ਹੀ ਇਸ ਦਸਤਾਵੇਜ਼ ਨੂੰ ਬੜੇ ਉਸਾਰੂ ਸੁਝਾਵਾਂ ਅਤੇ ਪਰਿਪੇਖ ਸਬੰਧਤ ਟਿੱਪਣੀਆਂ ਦੇ ਉਦਾਰ ਪ੍ਰਵਾਹ ਤੋਂ ਬਹੁਤ ਨਿੱਠਵਾਂ ਲਾਭ ਹੋਇਆ ਹੈ ਜੋ NCERT ਦੇ ਅਪਣੇ ਸਥਾਪਤ ਮੈਂਬਰਾਂ ਰਾਹੀਂ ਅਤੇ ਇਸ ਦੀਆਂ ਹੋਰ ਉੱਚ-ਪੱਧਰੀ ਕਮੇਟੀਆਂ ਤੋਂ ਪ੍ਰਾਪਤ ਹੋਏ। ਇਹ ਕਮੇਟੀਆਂ ਹਨ: ਕਾਰਜਕਾਰੀ ਕਮੇਟੀ, ਜਨਰਲ ਕੌਂਸਲ ਅਤੇ ਸਿੱਖਿਆ ਦਾ ਕੇਂਦਰੀ ਸਲਾਹਕਾਰ ਬੋਰਡ।

ਜੁਲਾਈ-ਅਗਸਤ 2005 ਦੌਰਾਨ ਰਾਜ ਸਰਕਾਰਾਂ ਨੂੰ 'ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ' ਦੇ ਡਰਾਫਟ ਉੱਪਰ ਚਰਚਾ ਕਰਨ ਲਈ ਵਿਸ਼ੇਸ਼ ਰੂਪ ਵਿੱਚ ਬੇਨਤੀ ਕੀਤੀ ਗਈ ਸੀ। ਕਈ ਰਾਜਾਂ ਤੋਂ ਇਸ ਚਰਚਾ ਦੀਆਂ ਪ੍ਰਾਪਤ ਹੋਈਆਂ ਰਿਪੋਟਾਂ ਦੇ ਲਈ ਅਸੀਂ ਧੰਨਵਾਦੀ ਹਾਂ। ਅਜ਼ੀਮ ਪ੍ਰੇਮਜੀ ਫਾਊਂਡੇਸ਼ਨ ਦਾ ਵੀ ਧੰਨਵਾਦ ਹੈ, ਜਿਨ੍ਹਾਂ ਨੇ ਮਧ ਪ੍ਰਦੇਸ਼ ਅਤੇ ਰਾਜਿਸਥਾਨ ਆਦਿ ਦੀਆਂ ਸਰਕਾਰਾਂ ਨਾਲ ਰਲਕੇ ਕਈ ਸੈਮੀਨਾਰ ਕੀਤੇ।

ਹੋਰ ਕਈ ਸੰਗਠਨਾਂ ਨੇ ਵੀ ਬਹਿਸ ਚਰਚਾ ਕਰਵਾਈ, ਜਿਹਾ ਕਿ ਕੇਰਲਾ ਸਾਸਤ੍ਰ ਸਾਹਿਤ ਪ੍ਰੀਸ਼ਦ (ਤ੍ਰੀਚੂਰ), ਆਲ ਇੰਡੀਆਂ ਸਾਇੰਸ ਨੈੱਵਰਕ (ਤ੍ਰੀਚੂਰ), ਭਾਰਤ ਗਿਆਨ ਵਿਗਿਆਨ ਸੰਮਤੀ (ਨਵੀਂ ਦਿੱਲੀ), SIEMAT (ਪਟਨਾਂ), ਦਾ ਕੰਨਸਰਨਡ ਫਾੱਰ ਚਿਲਡਰਨ (ਬੈਂਗਲੋਰ), ਟਰਸਟ ਫਾੱਰ ਐਜੂਕੇਸ਼ਨਲ ਇੰਟੈਗਰੇਟਡ ਡਵੈਲਪਮੈਂਟ (ਰਾਂਚੀ), ਕੋਸ਼ਿਸ਼ ਚੈਰੀਟੇਬਲ ਟਰਸਟ (ਪਟਨਾਂ), ਅਤੇ ਦਿਗਾਂਤਰ (ਜੈਪੁਰ)। ਸਾਡੇ ਵਿਚਾਰਾਂ ਨੂੰ ਨਿਖਾਰਨ ਲਈ ਜਿੱਥੋਂ ਹੋਰ ਸੁਚੇਤ ਮਦਦ ਮਿਲੀ ਹੈ ਉਹ ਹਨ: ਦਾ ਕੌਂਸਲ ਫਾੱਰ ਇੰਡੀਅਨ ਸਕੂਲ ਸਰਟੀਫਿਕੇਟ ਐਗਜ਼ਾਮੀਨੇਸ਼ਨ (ਨਵੀਂ ਦਿੱਲੀ), ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਨਵੀਂ ਦਿੱਲੀ), ਬੋਰਡਜ਼ ਆਫ ਐਜੂਕੇਸ਼ਨ ਆਫ ਸਟੇਟਸ, ਕੌਂਸਲ ਆਫ ਬੋਰਡਜ਼ ਆਫ ਸਕੂਲ ਅੇਜੂਕੇਸ਼ਨ (COBSE) ਇੰਨ ਇੰਡੀਆ (ਨਵੀਂ ਦਿੱਲੀ)।

ਮੀਟਿੰਗਾਂ ਵਾਸਤੇ ਮਹਿਮਾਨ ਨਿਵਾਜ਼ੀ ਪੇਸ਼ ਕਰਨ ਦੇ ਲਈ ਸਾਡੇ ਜਿੰਨ੍ਹਾਂ ਅਦਾਰਿਆਂ ਦਾ ਨਿਘਾ ਧੰਨਵਾਦ ਹੈ ਉਹ ਹਨ: ਅਕਾਦਮਕ ਸਟਾਫ ਕਾਲਜ ਆਫ ਇੰਡੀਆ (ਹੈਦਰਾਬਾਦ), ਹੋਮੀ ਭਾਭਾ ਸੈਂਟਰ ਫਾਰ ਸਾਇੰਸ ਐਜੂਕੇਸ਼ਨ (ਮੁੰਬਈ), ਜਾਦਵਪੁਰ ਯੂਨੀਵਰਸਿਟੀ (ਕਲਕੱਤਾ), ਅਲੀ ਯਵਰ ਜੰਗ ਨੈਸ਼ਨਲ ਇੰਸਟੀਚੂਟ ਆਫ ਹੀਅਰਿੰਗ ਹੈਂਡੀਕੈਪਡ (ਮੁੰਬਈ), ਨੈਸ਼ਨਲ ਇੰਸਟੀਚੂਟ ਆਫ ਮੈਂਟਲ ਹੈਲਥ (ਸਕੰਦਰਾਬਾਦ), ਐੱਮ ਵੀ ਫਾਊਂਡੇਸ਼ਨ (ਸਕੰਦਰਾਬਾਦ), ਸੇਵਾਗ੍ਰਾਮ (ਵਰਧਾ), ਬਾਲ ਵਿਕਾਸ ਅਤੇ ਸਹਿਯੋਗ ਰਾਸ਼ਟਰੀ ਸੰਸਥਾ (ਗੁਹਾਟੀ), ਰਾਜ ਸਿੱਖਿਆ ਖੋਜ ਅਤੇ ਪ੍ਰੀਖਿਆ ਪ੍ਰੀਸ਼ਦ (ਤੀਰੁਵਨੰਤਪੁਰਮ), ਅੰਗਰੇਜੀ ਅਤੇ ਬਦੇਸ਼ੀ ਭਾਸ਼ਾਵਾਂ ਦੀ ਕੇਂਦਰੀ ਸੰਸਥਾ (ਹੈਦਰਾਬਾਦ), ਭਾਰਤੀ ਭਾਸ਼ਾਵਾਂ ਦੀ ਕੇਂਦਰੀ ਸੰਸਥਾ (ਮੈਸੂਰ), ਨੈਸ਼ਨਲ ਇੰਨਸਟੀਚੂਟ ਆਪ ਡਿਜ਼ਾਈਨ (ਅਹਿੰਮਦਾਬਾਦ), SMYM ਸਮਤੀ (ਲੋਨਾਂਵਾਲਾ, ਪੁਣੇ), DSERT (ਬੈਂਗਲੋਰ), IUCAA (ਪੁਣੇ), ਸੈਂਟਰ ਫਾਰ ਐਨਵਿਰਨਮੈਂਟ ਐਜੂਕੇਸ਼ਨ (ਅਹਿੰਮਦਾਬਾਦ), ਅਤੇ ਵਿਜੈ ਅਧਿਆਪਕ ਕਾਲਜ (ਬੈਂਗਲੋਰ)।

ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ-2005 ਦਾ ਸਵਿਧਾਨ ਦੀ 8ਵੀਂ ਸੂਚੀ ਵਿੱਚ ਦਿੱਤੀਆਂ ਗਈਆਂ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ। ਇਹ ਅਨੁਵਾਦ ਕਰਨ ਲਈ ਅਸੀਂ ਜਿੰਨ੍ਹਾਂ ਦਾ ਸ਼ੁਕਰੀਆ ਅਦਾਅ ਕਰਦੇ ਹਾਂ ਉਹ ਹਨ: ਡਾ: ਡੀ ਬਰਕਤਕੀ (ਅਸਾਮੀ), ਸ੍ਰੀ ਦੇਵਾਸ਼ੀਸ਼ ਸੇਨਗੁਪਤਾ (ਬੰਗਾਲੀ), ਡਾ: ਅਨਿਲ ਬੋਰੋ (ਬੋੜੋ), ਪ੍ਰੋ: ਵੀਣਾ ਗੁਪਤਾ (ਡੋਗਰੀ), ਸ੍ਰੀ ਕਸ਼ਪ ਮਨਕੋਡੀ (ਗੁਜਰਾਤੀ), ਸ੍ਰੀਮਤੀ ਪ੍ਰਗਤੀ ਸਕਸੇਨਾ ਅਤੇ ਸ੍ਰੀ ਪ੍ਰਾਭਾਤ ਰੰਜਨ (ਹਿੰਦੀ), ਸ੍ਰੀ ਐਸ ਐਸ ਯਦੂਰਾਜਨ (ਕੰਨੜ), ਡਾ: ਸੋਮ ਨਾਥ ਰੈਣਾਂ (ਕਸ਼ਮੀਰੀ), ਸ੍ਰੀ ਦਾਮੋਦਰ ਘਨੇਕਰ (ਕੋਂਕਣੀ), ਡਾ: ਨੀਤਾ ਝਾ (ਮੈਥਲੀ), ਸ੍ਰੀ ਕੇ ਕੇ ਕ੍ਰਿਸ਼ਨ ਕੁਮਾਰ (ਮਲਿਆਲਮ), ਸ੍ਰੀ ਟੀ ਸੁਰਜੀਤ ਸਿੰਘ ਥੋਕਚੋਮ (ਮਨੀਪੁਰੀ), ਡਾ: ਦੱਤਾ ਦੇਸਾਈ (ਮਰਾਠੀ), ਡਾ: ਖਗੇਨ ਸਰਮਾਂ (ਨੇਪਾਲੀ), ਡਾ: ਮਦਨ ਮੋਹਨ ਪ੍ਰਧਾਨ (ਉੜੀਆ), ਸ੍ਰੀ ਰਣਜੀਤ ਸਿੰਘ ਰੰਗੀਲਾ (ਪੰਜਾਬੀ), ਸ੍ਰੀ ਦੱਤਾ ਭੂਸ਼ਣ ਪੋਲਕਨ (ਸੰਸਕ੍ਰਿਤ), ਸ੍ਰੀ ਸੁਬੋਧ ਹੰਸਦਾ (ਸੰਥਾਲੀ), ਡਾ: ਕੇ ਪੀ ਲੇਖਵਾਣੀ (ਸਿੰਧੀ), ਸ੍ਰੀ ਏ ਵਲਿਨਾਯਗਮ (ਤਾਮਿਲ), ਸ੍ਰੀ ਵੀ ਬਾਲਾਸੁਬਰਾਮਣਯਮ (ਤੇਲਗੂ), ਅਤੇ ਡਾ: ਨਜ਼ੀਰ ਹੁਸੈਨ (ਉੜਦੂ)।

ਅਸੀਂ ਸ੍ਰੀ ਰਾਘਵੇਂਦ੍ਰ, ਸ੍ਰੀਮਤੀ ਰਿਤੂ, ਡਾ: ਅਪੂਰਵਾਨੰਦ, ਕੁਮਾਰੀ ਲਲਿਤਾ ਗੁਪਤਾ, ਡਾ: ਮਾਧਵੀ ਕੁਮਾਰ, ਡਾ: ਮੰਜੁਲਾ ਮਾਥਰ, ਕੁਮਾਰੀ ਇੰਦੂ ਕੁਮਾਰ, ਕੁਮਾਰੀ ਪੂਰਵਾ ਕੁਸ਼ਵਾਹਾ ਅਤੇ ਕੁਮਾਰੀ ਰੀਮਾਂ ਰਾਜਪਾਲ ਦਾ ਹਿੰਦੀ ਅਨੁਵਾਦ ਦੇ ਸੰਪਾਦਨ ਵਿੱਚ ਮਦਦ ਕਰਨ ਲਈ ਧੰਨਵਾਦ ਕਰਦੇ ਹਾਂ। ਸ੍ਰੀ ਹਰਸ਼ ਸੇਠੀ ਅਤੇ ਸ੍ਰੀਮਤੀ ਮਾਲਿਨੀ ਸੂਦ ਦਾ ਅੰਗਰੇਜੀ ਖਰੜੇ ਦੀ ਸੂਖਮ ਪਰਖ ਕਰਨ ਲਈ ਧੰਨਵਾਦ ਕਰਦੇ ਹਾਂ ਅਤੇ ਜਨਾਬ ਨਸੀਰੁਦੀਨ ਖਾਨ ਅਤੇ ਡਾ: ਸੰਧਿਆ ਸਾਹੂ ਦਾ ਖਰੜੇ ਨੂੰ ਪੜ੍ਹਕੇ ਕੀਮਤੀ ਸੁਝਾਅ ਦੇਣ ਲਈ ਸ਼ੁਕਰੀਆਂ ਅਦਾਅ ਕਰਦੇ ਹਾਂ।

ਇਸ ਦਸਤਾਵੇਜ਼ ਦੀ ਰੂਪਰੇਖਾ ਅਤੇ ਢਾਂਚਾ ਤਿਆਰ ਕਰਨ ਲਈ ਕੁਮਾਰੀ ਸ਼ਵੇਤਾ ਰਾਓ ਦਾ, ਮੁੱਖ ਪੰਨੇ ਅਤੇ 78 ਪੰਨੇ ਉੱਪਰ ਤਸਵੀਰਾਂ ਦੇ ਲਈ ਰੋਬਿਨ ਬੈਨਰਜੀ ਦਾ, ਅਤੇ CIET ਦੇ ਆਰ ਸੀ ਦਾਸ ਦਾ ਹੋਰ ਤਸਵੀਰਾਂ ਦੇ ਲਈ ਧੰਨਵਾਦ ਕਰਦੇ ਹਾਂ। DCETA ਦੇ ਸਾਡੇ ਸਹਿਜੋਗੀਆਂ ਦਾ ਸ਼ੁਕਰੀਆ ਹੈ ‘ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ’ ਨੂੰ NCERT ਦੀ ਵੈੱਬ ਪੁਰਪ ਪ੍ਰਾਪਤ ਕਰਵਾਉਣ ਦੇ ਲਈ ਅਤੇ ਪ੍ਰਾਕਾਸ਼ਨ ਵਿਭਾਗ ਦਾ ਸ਼ੁਕਰੀਆਂ ਹੈ ‘ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ’ ਨੂੰ ਇਸ ਦੇ ਵਰਤਮਾਨ ਰੂਪ ਵਿੱਚ ਪੇਸ਼ ਕਰਨ ਦੇ ਲਈ। ਅਸੀਂ ਸ੍ਰੀ ਆਰ ਕੇ ਲਛਮਣ ਦੇ ਰਿਣੀ ਹਾਂ ਕਿ ਉਨ੍ਹਾਂ ਨੇ ਅਪਣੇ ਦੋ ਕਾਰਟੂੰਨ (ਅਧਿਆਏ ਪਹਿਲਾ ਅਤੇ ਅਧਿਆਏ ਤੀਜਾ) ਨੂੰ ਛਾਪ ਲੈਣ ਦੀ ਇਜਾਜ਼ਤ ਦਿੱਤੀ।

ਅਸੀਂ ਜਾਣਦੇ ਹਾਂ ਕਿ ਇਹ ਸੂਚੀ ਮੁਕੰਮਲ ਨਹੀਂ ਹੈ। ਕਈ ਨਾਮ ਰਹਿ ਗਏ ਹੋਣਗੇ। ਇਸ ਲਈ ਅਸੀਂ ਹਰ ਉਸ ਸਖਸ਼ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜਿਸ ਨੇ ਇਸ ਦਸਤਾਵੇਜ਼ ਦੇ ਬਣਾਏ ਜਾਣ ਵਿੱਚ ਹਿੱਸਾ ਪਾਇਆ।

# ਕਾਰਜਕਾਰੀ ਸੰਖੇਪ

NCERT ਦੀ ਕਾਰਜਕਾਰੀ ਕਮੇਟੀ ਨੇ ਅਪਣੀ 14 ਅਤੇ 19 ਜੁਲਾਈ 2004 ਨੂੰ ਕੀਤੀ ਮੀਟਿੰਗ ਵਿੱਚ ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ ਦਾ ਰੀਵਿਊ ਕਰਨ ਦਾ ਫੈਸਲਾ ਲਿਆ ਸੀ। ਇਹ ਫੈਸਲਾ ਮਾਨਯੋਗ ਮੰਤਰੀ ਦੇ ਲੋਕ ਸਭਾ ਵਿੱਚ ਦਿੱਤੇ ਬਿਆਨ ਤੋਂ ਬਾਅਦ ਕੀਤਾ ਗਿਆ, ਜਿਸ ਵਿੱਚ ਉਹਨਾਂ ਨੇ ਕਿਹਾ ਸੀ ਕਿ ਕੌਂਸਲ ਅਜਿਹਾ ਦੁਹਰਾਉ ਅਰੰਭ ਕਰੇ। ਇਸ ਤੋਂ ਬਾਅਦ ਸਿੱਖਿਆ ਸਕੱਤਰ, HRD ਮਨਿਸਟਰੀ ਨੇ NCERT ਦੇ ਡਰੈਕਟਰ ਨੂੰ 'ਸਕੂਲੀ ਸਿੱਖਿਆ ਲਈ ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ' (NCFSE 2000) ਦੇ ਰੀਵਿਊ ਕਰਨ ਦੀ ਜਰੂਰਤ ਦੀ ਸੂਚਨਾ ਦਿੱਤੀ ਤੇ 'ਬਿਨ ਬੋਝ ਸਿਖਣ' (1993) ਨਾਮੀਂ ਰਿਪੋਟ ਦੀ ਰੋਸ਼ਨੀਂ ਵਿੱਚ ਕੰਮ ਕਰਨ ਲਈ ਕਿਹਾ ਸੀ।

ਇਹਨਾਂ ਫੈਸਲਿਆਂ ਦੇ ਸੰਧਰਭ ਵਿੱਚ ਇੱਕ ਰਾਸ਼ਟਰੀ ਸਟੀਅਰਿੰਗ ਕਮੇਟੀ ਬਣਾਈ ਗਈ, ਜਿਸਦੇ ਚਿਅਰਮੈਨ ਪ੍ਰੋ: ਯਸ਼ ਪਾਲ ਬਣੇ ਅਤੇ 21 ਰਾਸ਼ਟਰੀ ਫੋਕਸ ਗਰੁੱਪ ਵੀ ਕਾਇਮ ਕੀਤੇ ਗਏ ਸਨ। ਇਹਨਾਂ ਕਮੇਟੀਆਂ ਦੇ ਮੈਂਬਰ ਸਿੱਖਿਆ ਦੇ ਉੱਚ ਅਦਾਰਿਆਂ ਦੀ ਪ੍ਰਤਿਨਿਧਤਾ ਕਰਦੇ ਸਨ, ਜਿਨ੍ਹਾਂ ਵਿੱਚ NCERT ਦੇ ਅਪਣੇ ਅਧਿਆਪਕ, ਸਕੂਲੀ ਅਧਿਆਪਕ ਅਤੇ ਗੈਰ ਸਰਕਾਰੀ ਸੰਸਥਾਵਾਂ ਵੀ ਸ਼ਾਮਿਲ ਸਨ।

ਦੇਸ਼ ਦੇ ਸਾਰੇ ਭਾਗਾਂ ਵਿੱਚ ਸੁਲਾਹ ਮਸ਼ਵਰੇ ਕੀਤੇ ਗਏ। ਇਸ ਤੋਂ ਬਿਨਾਂ NCERT ਦੀਆਂ ਅਪਣੀਆਂ ਮੈਸੂਰ, ਅਜਮੇਰ, ਭੋਪਾਲ, ਭੁਵਨੇਸ਼ਵਰ ਅਤੇ ਸ਼ਿਲੌਂਗ ਵਿੱਚ ਸਥਿਤ ਰੀਜਨਲ ਸਿੱਖਿਅਕ ਸੰਸਥਾਵਾਂ ਵਿੱਚ ਸੈਮੀਨਾਰ ਕੀਤੇ ਗਏ। ਰਾਜਾਂ ਦੇ ਸਕੱਤਰਾਂ, SCERTs ਅਤੇ ਪ੍ਰੀਖਿਆ ਬੋਰਡਾਂ ਨਾਲ ਵੀ ਵਿਚਾਰ ਵਟਾਂਦਰੇ ਕੀਤੇ ਗਏ। ਪੇਂਡੂ ਅਧਿਆਪਕਾਂ ਦੀ ਰਾਇ ਲੈਣ ਲਈ ਇੱਕ ਰਾਸ਼ਟਰੀ ਗੋਸ਼ਟੀ ਵੀ ਕਰਵਾਈ ਗਈ। ਜਨ ਸਧਾਰਨ ਦੀ ਰਾਇ ਨੂੰ ਸੱਦਾ ਦੇਣ ਦੇ ਲਈ ਰਾਸ਼ਟਰੀ ਅਤੇ ਪ੍ਰਾਂਤਿਕ ਅਖਬਾਰਾਂ ਵਿੱਚ ਇਸ਼ਤਿਹਾਰ ਵੀ ਜਾਰੀ ਕਰਵਾਏ ਗਏ ਅਤੇ ਭਾਰੀ ਗਿਣਤੀ ਵਿੱਚ ਪ੍ਰਤੀਕਰਮ ਵੀ ਪਰਾਪਤ ਕੀਤੇ ਗਏ।

'ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ' (NCF) ਦਾ ਸੋਧਿਆ ਹੋਇਆ ਰੂਪ ਰਵਿੰਦਰਨਾਥ ਠਾਕਰ ਦੇ ਲੇਖ 'ਸਭਿਅਤਾ ਅਤੇ ਉਨਤੀ' ਵਿੱਚੋਂ ਇੱਕ ਟੂਕ ਨਾਲ ਅਰੰਭ ਹੁੰਦਾ ਹੈ। ਕਵੀ ਸਾਨੂੰ ਯਾਦ ਕਰਵਾਉਂਦਾ ਹੈ ਕਿ 'ਸਿਰਜਕ ਰੂਹ' ਅਤੇ 'ਭਰਪੂਰ ਖੇੜਾ' ਬਚਪਨ ਦੀਆਂ ਕੁੰਜੀਆਂ ਹਨ, ਤੇ ਇਹਨਾਂ ਦੋਨਾਂ ਨੂੰ ਹੀ ਵਡੇ ਬੰਦਿਆਂ ਦਾ ਕੋਈ ਵੀ ਸੋਚ ਵਿਹੂਣਾ ਸੰਸਾਰ ਤਬਾਹ ਕਰ ਸਕਦਾ ਹੈ। ਮੁਢਲੇ ਅਧਿਆਏ ਵਿੱਚ ਅਜ਼ਾਦੀ ਤੋਂ ਬਾਅਦ ਪਾਠਕ੍ਰਮ

ਸੁਧਾਰ ਸਬੰਧੀ ਹੋਏ ਜਤਨਾਂ ਬਾਰੇ ਚਰਚਾ ਕੀਤੀ ਗਈ ਹੈ। 'ਰਾਸ਼ਟਰੀ ਸਿੱਖਿਆ ਨੀਤੀ' (NPE 1986) ਰਾਹੀਂ ਇੱਕ ਰਾਸ਼ਟਰੀ ਸਿੱਖਿਆ ਪ੍ਰਬੰਧ ਸਥਾਪਤ ਕਰਨ ਲਈ ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ ਬਣੀ ਸੀ, ਜਿਸ ਵਿੱਚ ਸਵਿਧਾਨ ਵਿੱਚ ਦਰਜ਼ ਰਾਸ਼ਟਰੀ ਵਿਕਾਸ ਦੀ ਕਲਪਨਾ ਵਿੱਚੋਂ ਸੇਧ ਲੈਕੇ ਇੱਕ ਮੂਲ ਭਾਗ ਸੁਝਾਇਆ ਗਿਆ ਸੀ। ਕਾਰਜਕਾਰੀ ਪ੍ਰੋਗਰਾਮ ਰਾਹੀਂ ਇਸ ਦ੍ਰਿਸ਼ਟੀ ਨੂੰ ਵਿਸਥਾਰ ਦਿੰਦਿਆਂ ਢੁਕਵਾਂਪਨ, ਲਚਕੀਲਾਪਨ ਅਤੇ ਗੁਣਵੱਤਾ ਉੱਪਰ ਬਲ ਦਿੱਤਾ ਗਿਆ ਹੈ।

ਇਸ ਦਸਤਾਵੇਜ਼ ਵਿੱਚ ਅਗਵਾਈ ਲਈ ਗਈ ਹੈ ਭਾਰਤ ਦੇ ਉਸ ਸਵਿਧਾਨਕ ਸੁਪਨੇ ਤੋਂ ਜਿਸ ਅਨੁਸਾਰ ਸਮਾਜ ਨੇ ਧਰਮ ਨਿਪੇਖ, ਸਮਾਨਤਾਵਾਦੀ ਅਤੇ ਅਨੇਕਤਾਵਾਦੀ ਹੋਣਾਂ ਹੈ, ਤੇ ਜਿਸ ਨੇ ਸਮਾਜਕ ਨਿਆਂ ਅਤੇ ਬਰਾਬਰੀ ਵਾਲੀਆਂ ਕੀਮਤਾਂ ਉੱਪਰ ਟਿਕਿਆ ਹੋਣਾ ਹੈ। ਏਥੇ ਸਿੱਖਿਆ ਦੇ ਕੁਝ ਬੁਨਿਆਦੀ ਮੰਤਵ ਪਛਾਣੇ ਗਏ ਹਨ। ਇਹ ਹਨ: ਵਿਚਾਰ ਅਤੇ ਕਾਰਜ਼ ਦੀ ਸੁਤੰਤਰਤਾ, ਦੂਸਰਿਆਂ ਦੀ ਭਲਾਈ ਅਤੇ ਭਾਵਨਾਵਾਂ ਪ੍ਰਤੀ ਸੰਵੇਦਨਾਂ, ਨਵੀਆਂ ਪਰਸਥਿਤੀਆਂ ਵਿੱਚ ਨਰਮੀਂ ਅਤੇ ਸਿਰਜਣਸ਼ੀਲਤਾ, ਪ੍ਰਤੀਕਰਮ ਦੇਣ ਦੀ ਸਿਖਲਾਈ, ਲੋਕਤੰਤਰਕ ਪ੍ਰਕਿਰਿਆ ਵਿੱਚ ਭਾਗ ਲੈਣ ਲਈ ਉਸਾਰੂ ਰਵੱਈਆ, ਆਰਥਕ ਪ੍ਰਕਿਰਿਆ ਅਤੇ ਸਮਾਜੀ ਬਦਲਾਵ ਵਿੱਚ ਹਿੱਸਾ ਲੈ ਸਕਣ ਦੀ ਸਮਰਥਾ ਆਦਿ।

ਸਿੱਖਿਆ ਲਈ ਇਹ ਲਾਜਮੀਂ ਹੋ ਗਿਆ ਹੈ ਕਿ ਇਹ ਸਾਡੇ ਗਣਤੰਤਰੀ ਜੀਵਨ ਨੂੰ ਮਜ਼ਬੂਤ ਕਰਨ ਦਾ ਸਾਧਨ ਬਣੇ। ਪਹਿਲੀ ਪੀਹੜੀ ਦੇ ਸਕੂਲ ਪਹੁੰਚਣ ਵਾਲਿਆਂ ਦੀ ਹਾਜ਼ਰੀ ਪ੍ਰਤੀ ਜਾਗਰੂਕ ਹੋਵੇ। ਸਵਿਧਾਨ ਦੀ ਉਸ ਸੋਧ ਦੇ ਨਾਲ ਜੋ ਸਿੱਖਿਆ ਨੂੰ ਬੱਚੇ ਦਾ ਜਨਮ ਸਿੱਧ ਅਧਿਕਾਰ ਬਣਾਉਂਦੀ ਹੈ, ਇਹ ਹੋਰ ਵੀ ਜਰੂਰੀ ਹੋ ਗਿਆ ਹੈ ਕਿ ਬੱਚਿਆਂ ਨੂੰ ਸਿੱਖਿਆ ਨਾਲ ਜੋੜੀ ਰੱਖਿਆ ਜਾਵੇ। ਇਸ ਸਵਿਧਾਨਕ ਸੋਧ ਨੇ ਸਾਡੇ ਉੱਪਰ ਜਿੰਮੇਂਵਾਰੀ ਆਇਦ ਕੀਤੀ ਹੈ ਕਿ ਸਿੱਖਿਆ ਦੌਰਾਨ ਜਾਤੀ, ਧਰਮ, ਲਿੰਗ, ਸਰੀਰਕ ਊਣਤਾ ਆਦਿ ਦੇ ਆਧਾਰ ਉੱਤੇ ਕੋਈ ਭੇਦ ਭਾਵ ਨਾ ਵਰਤਿਆ ਜਾਵੇ, ਅਤੇ ਬੱਚਿਆਂ ਦੀ ਸਿਖਲਾਈ ਲਈ ਸਿਹਤ ਅਤੇ ਪੌਸ਼ਟਿਕਤਾ ਦਾ ਖਿਆਲ ਰੱਖਣ ਦੇ ਨਾਲ ਸਕੂਲ ਦਾ ਮਹੌਲ ਵੀ ਆਕਰਸ਼ਕ ਬਣਾਇਆ ਜਾਵੇ ਜੋ ਬੱਚਿਆਂ ਨੂੰ ਸਿੱਖਣ ਦੇ ਸਮਰੱਥ ਬਣਾਵੇ।

ਇਹ ਇੱਕ ਜਾਣਿਆਂ ਹੋਇਆ ਤੱਥ ਕਿ ਸਿੱਖਿਆ ਬੱਚਿਆਂ ਉੱਪਰ ਬੋਝ ਅਤੇ ਤਨਾਓ ਦਾ ਮੂਲ ਬਣ ਚੁੱਕੀ ਹੈ। ਇਸ ਗੱਲ ਦਾ ਹੀ ਪ੍ਰਮਾਣ ਹੈ ਕਿ ਸਿੱਖਿਆ ਦੇ ਨਿਛਾਨਿਆਂ ਅਤੇ ਇਸ ਦੀ ਗੁਣਵੱਤਾ ਵਿੱਚ ਨਿਘਾਰ ਆਇਆ ਹੈ। ਇਸ ਨਿਘਾਰ ਨੂੰ ਸੋਧਣ ਲਈ ਵਰਤਮਾਨ ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ ਨੇ ਪਾਠਕ੍ਰਮ ਨਿਰਮਾਣ ਦੇ ਵਾਸਤੇ ਪੰਜ ਮਾਰਗ ਦਰਸ਼ਣ ਦੇ ਨਿਯਮ ਸੁਝਾਏ ਹਨ:

(1) ਗਿਆਨ ਨੂੰ ਸਕੂਲ ਤੋਂ ਬਾਹਰਲੇ ਜੀਵਨ ਨਾਲ ਜੋੜਨਾਂ;

(2) ਪੱਕਾ ਕਰਨਾਂ ਕਿ ਸਿੱਖਣ ਨੂੰ ਘੋਟਾ ਲਾਉਣ ਵਾਲੇ ਤਰੀਕਿਆਂ ਤੋਂ ਲਾਂਭੇ ਕਰ ਲਿਆ ਜਾਵੇ;

(3) ਪਾਠਕ੍ਰਮ ਨੂੰ ਐਨਾਂ ਅਮੀਰ ਬਣਾ ਦੇਣਾ ਕਿ ਇਹ ਪਾਠ-ਪੁੱਸਤਕਾਂ ਤੋਂ ਬਾਹਰ ਫੈਲ ਜਾਵੇ;

(4) ਇਮਤਿਹਾਨਾਂ ਨੂੰ ਹੋਰ ਲਚਕੀਲਾ ਬਣਾਕੇ ਜਮਾਤ ਵਿਚਲੇ ਜੀਵਨ ਨਾਲ ਜੋੜ ਦਿੱਤਾ ਜਾਵੇ; ਅਤੇ

(5) ਸਿਆਸੀ ਤੌਰ ’ਤੇ ਦੇਸ਼ ਦੇ ਗਣਤੰਤਰੀ ਢਾਂਚੇ ਦੇ ਅੰਤਰਗਤ ਬੜੇ ਗਹੁ ਨਾਲ ਨਿੱਡਰ ਪਛਾਣ ਦਾ ਪਾਲਣ ਪੋਸਣ ਕੀਤਾ ਜਾਵੇ।

ਮੁਢਲੀਆਂ ਜਮਾਤਾਂ ਦੇ ਦੌਰਾਨ ਸਾਡੇ ਸਾਰੇ ਸਿਖਲਾਈ ਸਬੰਧੀ ਜਤਨ ਬਹੁਤਾ ਕਰਕੇ ਕੰਮ-ਧੰਦੇ ਦੀ ਯੋਜਨਾ ਅਤੇ ‘ਮੁਢਲੀ ਸ਼ਿਸ਼ੂ ਦੇਖ-ਭਾਲ ਅਤੇ ਸਿੱਖਿਆ’ ਦੇ ਜਬਰਦਸਤ ਫੈਲਾਓ ਉੱਪਰ ਨਿਰਭਰ ਕਰਦੇ ਹਨ। ਅਸਲ ਵਿੱਚ ਪਰਾਇਮਰੀ ਸਕੂਲ ਦੇ ਸਿਲੇਬਸ ਅਤੇ ਪਾਠ-ਪੁਸਤਕਾਂ ਦੀ ਸੋਧ ECCE ਦੇ ਭਲੀ ਭਾਂਤ ਜਾਣੇ-ਪਛਾਣੇ ਨਿਯਮਾਂ ਦੀ ਰੋਸ਼ਨੀ ਵਿੱਚ ਕੀਤੇ ਜਾਣ ਦੀ ਜਰੂਰਤ ਹੈ। ਗਿਆਨ ਦਾ ਸੁਭਾਅ ਅਤੇ ਬੱਚਿਆਂ ਦੀਆਂ ਸਿੱਖਣ ਦੀਆਂ ਅਪਣੀਆਂ ਜੁਗਤਾਂ ਅਧਿਆਏ 2 ਵਿੱਚ ਵਿਚਾਰੀਆਂ ਗਈਆਂ ਹਨ। ਇਸ ਨਾਲ ਉਹ ਸਿਧਾਂਤਕ ਆਧਾਰ ਤਿਆਰ ਕੀਤੇ ਗਏ ਹਨ ਜੋ ਅਧਿਆਏ 3 ਵਿੱਚ ਪਾਠਕ੍ਰਮ ਦੇ ਭਿੰਨ ਭਿੰਨ ਖੇਤਰਾਂ ਵਿੱਚ ਦਿੱਤੇ ਗਏ ਸੁਝਾਵਾਂ ਦਾ ਆਧਾਰ ਬਣਦੇ ਹਨ।

ਇਹ ਤੱਥ ਕਿ ਬੱਚਾ ਗਿਆਨ ਦਾ ਨਿਰਮਾਣ ਕਰਦਾ ਹੈ, ਇਸ ਗੱਲ ਦਾ ਸੂਚਕ ਹੈ ਕਿ ਪਾਠਕ੍ਰਮ, ਸਿਲੇਬਸ ਅਤੇ ਪਾਠ-ਪੁਸਤਕਾਂ ਅਧਿਆਪਕ ਦੀ ਪਾਠ-ਕਮਰੇ ਵਿਚਲੇ ਅਨੁਭਵ ਨੂੰ ਸੰਗਠਿਤ ਕਰਨ ਵਿੱਚ ਮਦਦ ਕਰਨ। ਅਜਿਹਾ ਬੱਚੇ ਦੇ ਸੁਭਾਅ ਅਤੇ ਵਾਤਾਵਰਣ ਦੇ ਅਨੁਰੂਪ ਹੋਵੇ। ਇਉਂ ਸਭ ਬੱਚਿਆਂ ਨੂੰ ਬਰਾਬਰ ਦੇ ਮੌਕੇ ਪਰਦਾਨ ਕੀਤੇ ਜਾਣ।

ਅਧਿਆਪਨ ਦਾ ਨਿਛਾਨਾਂ ਬੱਚਿਆਂ ਦੀ ਸਿੱਖਣ ਦੀ ਕੁਦਰਤੀ ਖਾਹਸ਼ ਅਤੇ ਜੁਗਤ ਨੂੰ ਹੋਰ ਤੀਖਣ ਕਰਨ ਦਾ ਹੋਣਾਂ ਚਾਹੀਦਾ ਹੈ। ਗਿਆਨ ਨੂੰ ਸੂਚਨਾਂ ਤੋਂ ਨਿਖੇੜਨ ਦੀ ਲੋੜ ਹੈ, ਅਤੇ ਅਧਿਆਪਨ ਨੂੰ ਇੱਕ ਧੰਦਾਗਤ ਕਾਰਜ਼ ਤਰ੍ਹਾਂ ਦੇਖਣ ਦੀ ਜਰੂਰਤ ਹੈ, ਨਾਕਿ ਘੋਟਾ ਲਵਾਉਣ ਦੀ ਸਿਖਲਾਈ ਜਾਂ ਤੱਥ ਆਦਾਨ-ਪਰਦਾਨ ਦੀ ਕਲਾ ਸਮਝਿਆ ਜਾਵੇ। ਕਾਰਜ ਬੱਚੇ/ਬੱਚੀ ਦੇ ਆਲੇ ਦੁਆਲੇ ਦੇ ਵਿਸ਼ਵ ਦੀ ਥਾਹ ਪਾਉਂਣ ਵਾਲੇ ਜਤਨ ਦਾ ਕੇਂਦਰ ਹੈ। ਇਸ ਕਰਕੇ ਹਰ ਸਾਧਨ ਨੂੰ ਇਸ ਤਰ੍ਹਾਂ ਵਰਤਿਆ ਜਾਵੇ ਕਿ ਉਹ ਬੱਚਿਆਂ ਨੂੰ ਅਪਣੇ ਭਾਵ ਪ੍ਰਗਟਾਉਣ, ਚੀਜ਼ਾਂ ਨੂੰ ਵਰਤਣ, ਅਪਣੇ ਕੁਦਰਤ ਅਤੇ ਸਮਾਜਕ ਦੁਅਲੇ ਨੂੰ ਸਮਝਣ, ਅਤੇ ਵਧਣ ਫੁੱਲਣ ਵਿੱਚ ਸਹਾਇਕ ਹੋਣ। ਜੇ ਬੱਚਿਆਂ ਦੇ ਜਮਾਤ ਦੇ ਅਨੁਭਵ ਨੇ ਇਸ ਢੰਗ ਨਾਮ ਸੰਗਠਤ ਹੋਣਾ ਹੈ ਕਿ ਬੱਚੇ ਨੂੰ ਗਿਆਨ ਨਿਰਮਾਣ ਦੀ ਇਜਾਜ਼ਤ ਮਿਲਣੀ ਹੈ, ਤਾਂ ਫਿਰ ਸਾਡੇ ਸਕੂਲੀ ਨਿਜ਼ਾਮ ਵਿੱਚ ਬੜੇ ਭਾਰੇ ਸੁਧਾਰ ਦੀ ਲੋੜ ਹੈ (ਅਧਿਆਏ 5), ਪਾਠਕ੍ਰਮ ਦੇ ਖੇਤਰਾਂ ਅਤੇ ਸਕੂਲੀ ਵਿਸ਼ਿਆਂ ਨੂੰ ਮੁੜ-ਸੰਕਲਪਤ ਕਰਨ ਦੀ ਲੋੜ ਹੈ (ਅਧਿਆਏ 3), ਸਕੂਲ ਦੇ ਸੁਭਾਅ ਅਤੇ ਗੁਣਵੱਤਾ ਦੇ ਵਸੀਲਿਆਂ ਨੂੰ ਸੁਧਾਰਨ ਦੀ ਜਰੂਰਤ (ਅਧਿਆਏ 4) ਹੈ।

ਸਕੂਲੀ ਪਾਠਕ੍ਰਮ ਦੇ ਚਾਰੇ ਬਹੁਚਰਚਤ ਖੇਤਰਾਂ, ਜਿਵੇਂ ਕਿ ਭਾਸ਼ਾ, ਗਣਿਤ, ਵਿਗਿਆਨ ਅਤੇ ਸਮਾਜ ਸ਼ਾਸਤਰ ਵਿੱਚ ਬੜੀਆਂ ਮਹੱਤਵ ਪੂਰਣ ਤਬਦੀਲੀਆਂ ਇਸ ਗੱਲ ਨੂੰ ਧਿਆਨ ਵਿੱਚ ਰੱਖਕੇ ਸੁਝਾਈਆਂ ਗਈਆਂ ਹਨ ਕਿ ਸਿੱਖਿਆ ਵਰਤਮਾਨ ਲਈ ਹੋਰ ਸਾਰਥਕ ਬਣੇ ਤੇ ਭਵਿੱਖ ਦੀਆਂ ਲੋੜਾਂ ਦੇ ਅਨੁਕੂਲ ਹੋਵੇ। ਜੋ ਤਨਾਓ ਬੱਚਿਆਂ ਨੂੰ ਅੱਜ-ਕਲ੍ਹ ਝੱਲਣਾਂ ਪੈਂਦਾ ਹੈ ਉਸ ਤੋਂ ਨਿਜਾਤ ਦੁਆਈ ਜਾ ਸਕੇ। ਇਹ ਦਸਤਾਵੇਜ਼ ਵਿਸ਼ਿਆਂ ਦੀਆਂ ਹੱਦਾਂ ਨੂੰ ਢਿੱਲੀਆਂ ਕਰਨ ਦੀ ਸਿਫਾਰਸ਼ ਕਰਦਾ ਹੈ, ਜਿਸ ਨਾਲ ਬੱਚੇ ਗਿਆਨ ਦੀ ਸੁਮਿਲਤਾ ਦਾ ਸੁਆਦ ਅਤੇ ਜਾਨਣ ਦਾ ਆਨੰਦ ਮਾਣ ਸਕਣ।

ਇਸ ਦੇ ਨਾਲ ਹੀ ਪਾਠ-ਪੁਸਤਕਾਂ ਦੀ ਬਹੁਲਤਾ ਅਤੇ ਹੋਰ ਅਜਿਹੀ ਸਮੱਗਰੀ ਜਿਸ ਰਾਹੀਂ ਸਥਾਨਿਕ ਗਿਆਨ ਅਤੇ ਪਰੰਪਰਕ ਹੁਨਰ ਨਾਲ ਜੋੜੇ ਜਾ ਸਕਣ। ਅਜਿਹੇ ਸੁਝਓ ਵੀ ਦਿੱਤੇ ਗਏ ਹਨ ਜਿਨ੍ਹਾਂ ਨਾਲ ਸਕੂਲ ਦਾ ਵਾਤਾਵਰਣ ਹੋਰ ਪਰੇਰਿਆ ਜਾਵੇ ਤੇ ਉਹ ਬੱਚੇ ਦੇ ਘਰੇਲੂ ਅਤੇ ਭਾਈਚਾਰਕ ਮਹੌਲ ਨਾਲ ਤਗ ਸਕੇ। ਭਾਸ਼ਾ ਵਿੱਚ ਤਿੰਨ ਭਾਸ਼ਾਈ ਫਾਰਮੂਲੇ ਨੂੰ ਲਾਗੂ ਕਰਨ ਦੇ ਇੱਕ ਨਵੇਂ ਜਤਨ ਦਾ ਸੁਝਾਅ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਬੱਚਿਆਂ ਦੀਆਂ ਮਾਂ-ਬੋਲੀਆਂ ਨੂੰ, ਜਨਜਾਤੀ ਬੋਲੀਆਂ ਸਮੇਤ, ਪੜ੍ਹਾਉਣ ਦੇ ਸਭ ਤੋਂ ਯੋਗ ਸਾਧਨਾਂ ਤਰ੍ਹਾਂ ਮਾਨਤਾ ਦੇਣ ਉੱਪਰ ਬਲ ਦਿੱਤਾ ਗਿਆ ਹੈ।

ਭਾਰਤੀ ਸਮਾਜ ਦਾ ਬਹੁਭਾਸ਼ਕ ਵਰਤਾਰਾ ਹਰ ਬੱਚੇ ਵਿੱਚ ਬਹੁਭਾਸ਼ਕ ਯੋਗਤਾ ਵਧਾ ਸਕਣ ਦਾ ਇੱਕ ਸੋਮਾਂ ਸਮਝਿਆ ਜਾਣਾ ਚਾਹੀਦਾ ਹੈ। ਇਸ ਵਿੱਚ ਅੰਗਰੇਜ਼ੀ ਵੀ ਸ਼ਾਮਿਲ ਹੈ। ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਸਮੁੱਚੇ ਸਿਖਣ ਨੂੰ ਮਾਂ-ਬੋਲ਼ੀ ਉੱਪਰ ਟਿਕੀ ਪਰਬੀਨ ਭਾਸ਼ਾ ਸਿਖਲਾਈ ਵਾਲੀ ਕਲਾ ਦੇ ਸਹਾਰੇ ਉਸਾਰੀ ਜਾਵੇ। ਪੜ੍ਹਨ ਅਤੇ ਲਿਖਣ, ਸੁਣਨ ਅਤੇ ਬੋਲਣ ਬੱਚੇ ਦੇ ਸਾਰੇ ਪਾਠਕ੍ਰਮ ਖੇਤਰਾਂ ਵਿੱਚ ਮਦਦਗਾਰ ਹਨ, ਅਤੇ ਇਹ ਪਾਠਕ੍ਰਮ ਯੋਜਨਾਂ ਲਈ ਅਨਿਵਾਰੀ ਹਨ। ਹਰ ਬੱਚੇ ਦੀ ਸਕੂਲੀ ਸਿੱਖਿਆ ਲਈ ਇੱਕ ਬੜੀ ਮਜ਼ਬੂਤ ਨੀਂਹ ਉਸਾਰਨ ਲਈ ਪਰਾਇਮਰੀ ਜਮਾਤਾਂ ਦੇ ਦੌਰਾਨ ਪੜ੍ਹਨ ਉੱਪਰ ਬਲ ਦੇਣਾ ਜਰੂਰੀ ਹੈ।

ਗਣਿਤ ਦੀ ਪੜ੍ਹਾਈ ਨਾਲ ਬੱਚੇ ਦੇ ਸੋਚਣ ਅਤੇ ਤਰਕ ਦੇ, ਕਿਆਸ ਕਰਨ ਅਤੇ ਅਮੂਰਤਾਵਾਂ ਨੂੰ ਨਜਿੱਠਣ ਦੇ, ਸਮੱਸਿਆਵਾਂ ਨੂੰ ਸੂਤਰਬੱਧ ਕਰਨ ਅਤੇ ਹੱਲ ਕਰਨ ਆਦਿ ਦੇ ਵਸੀਲਿਆਂ ਦਾ ਵਿਕਾਸ ਹੋਣਾਂ ਚਾਹੀਦਾ ਹੈ। ਨਿਛਾਨਿਆਂ ਦਾ ਇਹ ਵਡਾ ਵਿਸਥਾਰ ਅਜਿਹੇ ਵਿਸ਼ੇਸ਼ ਗਿਣਤ ਨੂੰ ਪੜ੍ਹਾਕੇ ਪੂਰਾ ਕੀਤਾ ਜਾ ਸਕਦਾ ਹੈ ਜੋ ਬੱਚੇ ਦੇ ਅਨੁਭਵ ਵਿੱਚ ਸਮਾਅ ਸਕਦਾ ਹੋਵੇ। ਗਣਿਤ ਵਿੱਚਲੀ ਸਫਲਤਾ ਨੂੰ ਹਰ ਬੱਚੇ ਦੇ ਅਧਿਕਾਰ ਦੀ ਤਰ੍ਹਾਂ ਦੇਖਿਆ ਜਾਣਾ ਚਾਹੀਦਾ ਹੈ। ਇਸ ਵਾਸਤੇ ਗਣਿਤ ਦੇ ਘੇਰੇ ਨੂੰ ਹੋਰ ਖੋਹਲਣਾ ਅਤੇ ਇਸ ਦੇ ਹੋਰ ਵਿਸ਼ਿਆਂ ਨਾਲ ਸਬੰਧ ਜੋੜਨੇ ਜਰੂਰੀ ਹਨ। ਕੰਪਿਊਟਰ ਹਾਰਡਵੇਅਰ, ਸਾਫਟਵੇਅਰ ਅਤੇ ਤਾਲਮੇਲ ਮੁਹਈਆ ਕਰਾਉਣ ਵਰਗੀਆਂ ਸਾਜ-ਸਮਾਨ ਦੀਆਂ ਚਨੌਤੀਆਂ ਵੱਲ ਹਰ ਸਕੂਲ ਨੂੰ ਧਿਆਨ ਦੇਣਾ ਚਾਹੀਦਾ ਹੈ।

ਵਿਗਿਆਨ ਦੀ ਪੜ੍ਹਾਈ ਨੂੰ ਇਸ ਤਰ੍ਹਾਂ ਨਵਾਂ ਰੂਪ ਦਿੱਤਾ ਜਾਣਾਂ ਚਾਹੀਦਾ ਹੈ ਕਿ ਬੱਚਿਆਂ ਨੂੰ ਅਪਣੇ ਹਰ ਰੋਜ਼ ਦੇ ਅਨੁਭਵਾਂ ਦਾ ਹੋਰ ਵਿਕਾਸ ਕਰ ਸਕਣ ਦਾ ਮੌਕਾ ਮਿਲੇ, ਅਤੇ ਉਹਨਾਂ ਦਾ ਵਿਸ਼ਲੇਸ਼ਣ ਕਰ ਸਕਣ ਦੇ ਯੋਗ ਬਣਾਵੇ। ਹਰ ਮਜਮੂੰਨ ਵਿੱਚ ਵਾਤਾਵਰਣ ਪ੍ਰਤੀ ਸੰਵੇਦਨਾਂ ਉੱਪਰ ਬਲ ਦਿੱਤਾ ਜਾਵੇ। ਇਹ ਸਭ ਕਾਰਜਾਂ ਦੀ ਵਿਸਤਰਿਤ ਲੜੀ ਦੇ ਆਧਾਰ ’ਤੇ ਕੀਤਾ ਜਾ ਸਕਦਾ ਹੈ। ਖਾਸ ਕਰਕੇ ਅਜਿਹੇ ਕੰਮ ਲਏ ਜਾ ਸਕਦੇ ਹਨ ਜੋ ਕਮਰਿਉਂ ਬਾਹਰ ਕੀਤੇ ‘ਪ੍ਰੋਜੈਕਟ ਵਰਕ’ ਨਾਲ ਸਬੰਧਤ ਹੋਣ। ਐਹੋ ਜਿਹੇ ਪ੍ਰੋਜੈਕਟਾਂ ਤੋਂ ਪ੍ਰਾਪਤ ਹੋਈ ਕੁਝ ਵਾਕਫੀ ਅਤੇ ਸੂਝ ਭਾਰਤ ਦੇ ਵਾਤਾਵਰਣ ਸਬੰਧੀ ਪਾਰਦਰਸ਼ੀ ਅਤੇ ਜੰਤਕ ਤੌਰ ਪੁਰ ਪਹੁੰਚੇ ਜਾ ਸਕਦੇ ‘ਡਾਟਾ ਬੇਸ’ ਦਾ ਵਿਸਥਾਰ ਕਰਣ ਹਿੱਤ ਯੋਗਦਾਨ ਪਾ ਸਕਦੀ ਹੈ। ਉਹ ਡਾਟਾ ਬੇਸ ਇੱਕ ਬੜੀ ਕੀਮਤੀ ਸਿੱਖਿਆ ਸਮੱਗਰੀ ਬਣ ਸਕੇਗਾ। ਭਲੀ ਭਾਂਤ ਵਿਓਂਤੇ ਹੋਏ ਵਿਦਿਆਰਥੀਆਂ ਦੇ ਅਜਿਹੇ ਸਭ ਪ੍ਰੋਜੈਕਟ ਗਿਆਨ ਸਿਰਜਣ ਦੀ ਸੀਮਾਂ ਨੂੰ ਛੂਹ ਸਕਦੇ ਹਨ।

ਬੱਚਿਆਂ ਦੀ ਵਿਗਿਆਨ ਕਾਂਗਰਸ ਦੀ ਤਰਜ਼ ਉੱਪਰ ਇੱਕ ਸਮਾਜਕ ਲਹਿਰ ਦਾ ਕਿਆਸ ਕੀਤਾ ਜਾਵੇ, ਜੋ ਪਹਿਲਾਂ ਤਾਂ ਸਮੁੱਚੇ ਦੇਸ਼ ਵਿੱਚ ਖੋਜ਼ ਤੇ ਸਿਖਲਾਈ ਦਾ ਵਿਕਾਸ ਕਰਨ ਦਾ ਕੰਮ ਕਰ ਸਕੇ, ਜੋ ਫਿਰ ਅੱਗੇ ਜਾਕੇ ਪੂਰੇ ਦੱਖਣੀ ਏਸ਼ੀਆ ਵਿੱਚ ਫੈਲ ਜਾਵੇ।

ਸਮਾਜਕ ਵਿਗਿਆਨਾਂ ਦੇ ਖੇਤਰ ਵਿੱਚ ਇਸ ਦਤਾਵੇਜ਼ ਦੀ ਸੁਝਾਈ ਹੋਈ ਪਹੁੰਚ ਅਨੁਸਾਰ ਹਰ ਅਨੁਸਾਸਨ ਦੇ ਅਪਣੇ ਸੰਕੇਤ ਨੂੰ ਮਾਨਤਾ ਮਿਲਣੀ ਹੈ, ਜਦੋਂ ਕਿ ਅਹਿੰਮ ਮੁੱਦਿਆਂ, ਜਿਵੇਂ ਕਿ ਪਾਣੀ ਆਦਿ ਨੂੰ ਸੁਮੇਲਤਾ ਵਿੱਚ ਬੰਨ੍ਹਣ ਉੱਪਰ ਬਲ ਦਿੱਤਾ ਗਿਆ ਹੈ। ਪਰਵਰਤਨ ਦਾ ਇੱਕ ਪੈਰਾਡਾਈਮ ਸੁਝਾਅ ਦਿੱਤਾ ਗਿਆ ਹੈ, ਜਿਸ ਵਿੱਚ ਸਮਾਜਕ ਵਿਗਿਆਨਾਂ ਦਾ ਅਧਿਅਨ ਪਛੜੇ ਕਬੀਲਿਆਂ ਦੇ ਪ੍ਰੀਪੇਖ ਤੋਂ ਕੀਤਾ ਜਾਣਾ ਹੈ। ਲਿੰਗ ਨਿਆਂ, ਜਨ-ਜਾਤੀਆਂ ਪ੍ਰਤੀ ਚੇਤਨਾਂ, ਦਲਿਤ ਮੁੱਦਿਆਂ ਅਤੇ ਘੱਟ ਗਿਣਤੀਆਂ ਦੀਆਂ ਸੰਵੇਦਨਾਵਾਂ ਦੀ ਖਬਰ ਸਮਾਜਕ ਵਿਗਿਆਨ ਦੇ ਹਰ ਖੰਡ ਨੂੰ ਜਰੂਰ ਹੋਣੀ ਚਾਹੀਦੀ ਹੈ। ਨਾਗਰਿਕ ਸ਼ਾਸਤਰ ਨੂੰ ਰਾਜਨੀਤੀ ਵਿਗਿਆਨ ਤਰ੍ਹਾਂ ਨਵਾਂ ਰੂਪ ਦਿੱਤਾ ਜਾਣਾ ਚਾਹੀਦਾ ਹੈ। ਇਤਹਾਸ ਦਾ ਮਹੱਤਵ ਹਰ ਬੱਚੇ ਦੀ ਭੂਤਕਾਲਕ ਸੋਝੀ ਅਤੇ ਨਾਗਰਿਕ ਪਛਾਣ ਦੀ ਸੰਕਲਪਨਾ ਉੱਪਰ ਨਿਰਧਾਰਨੀ ਅਸਰ ਕਰ ਸਕਣ ਦੇ ਰੂਪ ਵਿੱਚ ਸਵੀਕਾਰਿਆ ਜਾਣਾ ਚਾਹੀਦਾ ਹੈ।

ਇਹ ਦਸਤਾਵੇਜ਼ ਚਾਰ ਹੋਰ ਪਾਠਕ੍ਰਮ ਖੇਤਰਾਂ ਵੱਲ ਵੀ ਧਿਆਨ ਦਵਾਉਂਦਾ ਹੈ: ਕੰਮ ਧੰਦਾ, ਕਲਾਵਾਂ ਅਤੇ ਪਿਤਰਕ ਦਸਤਕਾਰੀਆਂ, ਸਿਹਤ ਅਤੇ ਸਰੀਰਕ ਸਿੱਖਿਆ ਅਤੇ ਸ਼ਾਂਤੀ। ਕੰਮ ਦੇ ਸਬੰਧ ਵਿੱਚ ਕੁਝ ਬੜੇ ਕ੍ਰਾਂਤੀਕਾਰੀ ਕਦਮ ਉਠਾਉਂਣ ਦੀ ਸੁਲਾਹ ਦਿੱਤੀ ਗਈ ਹੈ। ਪਰਾਇਮਰੀ ਪੱਧਰ ਤੋਂ ਅਗਾਂਹ ਵੱਲ ਦੇ ਸਾਰੇ ਸਿੱਖਣ ਨੂੰ ਕੰਮ ਧੰਦੇ ਦੇ ਨਾਲ ਜੋੜਿਆ ਜਾਣਾ ਹੈ। ਇਸ ਵਿਚਲੇ ਤਰਕ ਦਾ ਅਧਾਰ ਇਹ ਹੈ ਕਿ ਕੰਮ ਗਿਆਨ ਨੂੰ

ਤਜ਼ਰਬੇ ਵਿੱਚ ਬਦਲ ਦਿੰਦਾ ਹੈ। ਕੰਮ ਆਤਮਨਿਰਭਰਤਾ, ਸਿਰਜਣਾਤਮਕਤਾ ਅਤੇ ਸਹਿਜੋਗ ਵਰਗੀਆਂ ਮਹੱਤਵ ਪੂਰਣ ਨਿੱਜੀ ਅਤੇ ਸਮਾਜੀ ਕਦਰਾਂ ਕੀਮਤਾਂ ਦੀ ਉਤਪਤੀ ਕਰਦਾ ਹੈ। ਕੰਮ ਨਵੀਂ ਭਾਂਤ ਦੇ ਗਿਆਨ ਰੂਪਾਂ ਅਤੇ ਸਿਰਜਣਾਤਮਕਤਾ ਨੂੰ ਵੀ ਉਤਸਾਹਤ ਕਰਦਾ ਹੈ।

ਉੱਚ ਪੱਧਰ ਉੱਪਰ ਸਕੂਲ ਤੋਂ ਬਾਹਰ ਕੰਮ ਦੇ ਸਰੋਤਾਂ ਨੂੰ ਵੀ ਉਪਚਾਰਕ ਮਾਨਤਾ ਦੇਣ ਦੀ ਜੁਗਤ ਸੁਝਾਈ ਗਈ ਹੈ। ਇਸ ਨਾਲ ਉਹਨਾਂ ਬੱਚਿਆਂ ਦਾ ਭਲਾ ਹੋ ਸਕਦਾ ਹੈ ਜੋ ਉਪਜੀਵਕਾ ਸਬੰਧਤ ਸਿੱਖਿਆ ਦੀ ਚੋਣ ਕਰਦੇ ਹਨ। ਅਜਿਹੀਆਂ ਸਕੂਲ ਤੋਂ ਬਾਹਰਲੀਆਂ ਸੰਸਥਾਵਾਂ ਨੂੰ ਮਾਨਤਾ ਦੇਣ ਦੀ ਜਰੂਰਤ ਹੈ, ਤਾਂ ਜੋ ਉਹ ਅਜਿਹੇ ‘ਕੰਮਕਾਰੀ ਬੈਂਚ’ ਮੁਹੱਈਆ ਕਰਵਾ ਸਕਣ ਜਿੱਥੇ ਬੱਚੇ ਸੰਦਾਂ ਅਤੇ ਹੋਰ ਸਾਧਨਾਂ ਨਾਲ ਕੰਮ ਕਰ ਸਕਣ। ਦਸਤਕਾਰੀ ਦੀ ਨਕਸ਼ਾਕਾਰੀ ਦਾ ਸੁਝਾਓ ਦਿੱਤਾ ਗਿਆ ਹੈ ਜਿਸ ਨਾਲ ਸਥਾਨਕ ਦਸਤਕਾਰਾਂ ਦੇ ਸਹਿਯੋਗ ਨਾਲ ਭਿੰਨ ਭਿੰਨ ਦਸਤਕਾਰੀ ਦੇ ਰੂਪਾਂ ਵਿੱਚ ਬੱਚਿਆਂ ਨੂੰ ਸਿਖਲਾਈ ਦੇਣ ਦਾ ਪਰਬੰਧ ਕੀਤਾ ਜਾ ਸਕੇ।

ਕਲਾ ਨੂੰ ਇੱਕ ਵਿਸ਼ੇ ਦੇ ਰੂਪ ਵਿੱਚ ਹਰ ਪੱਧਰ ਉੱਪਰ ਅਤੇ ਚਾਰੇ ਖੇਤਰਾਂ ਵਿੱਚ ਜਿਵੇਂ ਕਿ ਸੰਗੀਤ, ਨਾਚ, ਦ੍ਰਿਸ਼ ਕਲਾਵਾਂ ਅਤੇ ਰੰਗਮੰਚ ਵਾਸਤੇ ਹੋਣ ਦਾ ਸੁਝਾਓ ਦਿੱਤਾ ਗਿਆ ਹੈ। ਮੂਲ ਬਲ ਸੰਵਾਦੀ ਪੱਧਤੀਆਂ ਉੱਪਰ ਹੋਣਾਂ ਚਾਹੀਦਾ ਹੈ ਨਾਕਿ ਸਿਖਾਉਣ ਉੱਪਰ, ਕਿਉਂਕਿ ਕਲਾ ਦੀ ਸਿੱਖਿਆ ਦਾ ਆਸ਼ਾ ਸੁਹਜਆਤਮਕ ਅਤੇ ਨਿੱਜੀ ਬੋਧ ਦਾ, ਤੇ ਭਿੰਨ ਭਿੰਨ ਰੂਪਾਂ ਵਿੱਚ ਅਪਣੇ ਆਪ ਨੂੰ ਪ੍ਰਗਟਾ ਸਕਣ ਦੀ ਯੋਗਤਾ ਵਿੱਚ ਵਾਧਾ ਕਰਨਾ ਹੈ। ਭਾਰਤ ਦੀਆਂ ਪੈਤਰਿਕ ਦਸਤਕਾਰੀਆਂ ਦਾ ਮਹੱਤਵ ਆਰਥਕ ਅਤੇ ਸੁਹਜ ਦੋਨਾਂ ਮੁੱਲਾਂ ਦੇ ਪੱਖੋਂ ਹੀ ਸਕੂਲੀ ਸਿੱਖਿਆ ਦੇ ਲਈ ਲੋੜੀਂਦਾ ਮੰਨਿਆਂ ਜਾਣਾਂ ਚਾਹੀਦਾ ਹੈ।

ਸਕੂਲ ਵਿੱਚ ਬੱਚੇ ਦੀ ਸਫਲਤਾ, ਪੌਸ਼ਟਿਕਤਾ ਅਤੇ ਸੁਨਿਸ਼ਚਿਤ ਕਾਰਜ਼ ਪ੍ਰੋਗਰਾਮ ਉੱਪਰ ਨਿਰਭਰ ਕਰਦੀ ਹੈ। ਇਸ ਲਈ ਸਾਧਨ ਅਤੇ ਸਕੂਲ ਦਾ ਸਮਾਂ ਦੁਪਹਿਰ ਵਾਲੇ ਭੋਜਨ ਦੇ ਪ੍ਰੋਗਰਾਮ ਨੂੰ ਮਜਬੂਤ ਕਰਨ ਲਈ ਲਗਾਏ ਜਾਣੇ ਚਾਹੀਦੇ ਹਨ। ਇਹ ਜਕੀਨੀ ਬਨਾਉਣ ਲਈ ਵੀ ਵਿਸ਼ੇਸ਼ ਜਤਨ ਕੀਤੇ ਜਾਣੇ ਚਾਹੀਦੇ ਹਨ ਕਿ ਕੁੜੀਆਂ ਨੂੰ ਸਿਹਤ ਅਤੇ ਸਰੀਰਕ ਵਿੱਦਿਆ ਦੇ ਪ੍ਰੋਗਰਮਾਂ ਵਿੱਚ ਸਕੂਲੋਂ ਪਹਿਲੇ ਪੱਧਰ ਤੋਂ ਹੀ ਮੁੰਡਿਆਂ ਦੇ ਬਰਾਬਰ ਦਾ ਧਿਆਨ ਦਿੱਤਾ ਜਾਵੇ।

ਸ਼ਾਂਤੀ ਰਾਸ਼ਟਰੀ ਉਨਤੀ ਅਤੇ ਸਮਾਜਕ ਮਿਜ਼ਾਜ ਦੀ ਪਹਿਲੀ ਸ਼ਰਤ ਹੈ, ਤੇ ਇਸ ਨੂੰ ਸਦਗੁਣ ਦੇ ਵਿਆਪਕ ਢਾਂਚੇ ਦੇ ਰੂਪ ਵਿੱਚ ਸੁਝਾਇਆ ਗਿਆ ਹੈ। ਅੱਜ ਦੇ ਵਕਤ ਵਿੱਚ ਸ਼ਾਂਤੀ ਦੀ ਹੋਰ ਵੀ ਬੜੀ ਲੋੜ ਹੈ, ਓਦੋਂ ਜਦੋਂ ਵਿਸ਼ਵ ਭਰ ਵਿੱਚ ਅਸਹਿੰਣਸ਼ੀਲਤਾ ਅਤੇ ਹਿੰਸਾ ਨੂੰ ਵਿਵਾਦ ਸੁਲਝਾਣ ਦੀ ਰੁਚੀ ਫੈਲ ਰਹੀ ਹੈ। ਲੋਕਤੰਤਰਕ ਸਭਿਆਚਾਰ ਲਈ ਬੱਚਿਆਂ ਦੇ ਸਮਾਜੀਕਰਣ ਵਿੱਚ ਸ਼ਾਂਤੀ ਦੀ ਸਿੱਖਿਆ ਦਾ ਸੁਭਾਵਕ ਦਖਲ ਢੁਕਵੇਂ ਕਾਰਜਾਂ,

ਸਾਰੇ ਮਜਮੂੰਨਾਂ ਅਤੇ ਸਭ ਪੱਧਰਾਂ ਉੱਪਰ ਵਿਸ਼ਿਆਂ ਦੀ ਨਿਆਂ ਪੂਰਵਕ ਚੋਣ ਨਾਲ ਸੰਭਵ ਕੀਤਾ ਜਾ ਸਕਦਾ ਹੈ। ਸ਼ਾਂਤੀ ਦੀ ਸਿੱਖਿਆ ਨੂੰ ਇੱਕ ਅਧਿਐਨ ਦੇ ਖੇਤਰ ਦੇ ਰੂਪ ਵਿੱਚ ਸੁਝਾਇਆ ਜਾ ਰਿਹਾ ਹੈ, ਤੇ ਇਸ ਨੂੰ ਅਧਿਆਪਕਾਂ ਦੀ ਸਿੱਖਿਆ ਦੇ ਪਾਠਕ੍ਰਮ ਵਿੱਚ ਸ਼ਾਮਿਲ ਕਰਨ ਦੀ ਸਫਾਰਿਸ਼ ਕੀਤੀ ਗਈ ਹੈ।

ਸਕੂਲ ਦਾ ਮਹੌਲ ਪਾਠਕ੍ਰਮ ਦੀ ਇੱਕ ਪਰਤ ਤਰ੍ਹਾਂ ਵਿਚਾਰਿਆ ਗਿਆ ਹੈ, ਕਿਉਂਕਿ ਇਹ ਬੱਚੇ ਦੇ ਮਨ ਤੇ ਅਸਰ ਪਾਉਂਦਾ ਹੈ ਤੇ ਉਸ ਨੂੰ ਸਿੱਖਿਆ ਦੇ ਮੰਤਵਾਂ, ਤੇ ਸਕੂਲ ਵਿੱਚ ਸਫਲ ਹੋਣ ਵਾਲੀਆਂ ਸਿੱਖਣ ਦੀਆਂ ਜੁਗਤਾਂ ਪ੍ਰਤੀ ਤਿਆਰ ਕਰਦਾ ਹੈ। ਇੱਕ ਸਾਧਨ ਵਜੋਂ ਸਕੂਲ ਦੇ ਸਮੇਂ ਨੂੰ ਲਚਕਦਾਰ ਤਰੀਕੇ ਨਾਲ ਵਿਉਂਤ ਕਰਨ ਦੀ ਜਰੂਰਤ ਹੈ। ਸਥਾਨਿਕ ਢੰਗ ਨਾਲ ਵਿਓਂਤੇ ਗਏ ਲਚਕਦਾਰ ਸਕੂਲੀ ਕਲੰਡਰ ਅਤੇ ਟਾਈਮ ਟੇਬਲ ਹੋਣ। ਇਨ੍ਹਾਂ ਵਿੱਚ ਅਲੱਗ ਅਲੱਗ ਭਾਂਤ ਦੇ ਕਾਰਜ਼ਾਂ ਲਈ ਅਲੱਗ ਅਲੱਗ ਮਾਪ ਦੇ ਸਮੇਂ ਖੰਡਾਂ ਦੀ ਛੋਟ ਹੋਵੇ। ਇਨ੍ਹਾਂ ਵਿੱਚ ਪ੍ਰੋਜੈਕਟ ਵਰਕ ਅਤੇ ਘਰੋਂ ਬਾਹਰ ਕੁਦਰਤੀ ਅਤੇ ਪੈਤਰਿਕ ਜਗ੍ਹਾਵਾਂ ਪੁਰ ਜਾਣ ਦੇ ਅਨੁਕੂਲ ਹੋਣ ਦੇ ਸੁਝਾਅ ਦਿੱਤੇ ਗਏ ਹਨ।

ਬੱਚਿਆਂ ਵਾਸਤੇ ਵਧੇਰੇ ਸਿਖਲਾਈ ਦੇ ਸਾਧਨ ਤਿਆਰ ਕਰਨ ਲਈ ਜਤਨਾਂ ਦੀ ਲੋੜ ਹੈ, ਵਿਸ਼ੇਸ਼ ਕਰਕੇ ਪ੍ਰਾਂਤਿਕ ਭਾਸ਼ਾਵਾਂ ਵਿੱਚ ਕਿਤਾਬਾਂ ਅਤੇ ਹਵਾਲਾ ਸਮੱਗਰੀ ਦੀ। ਸਕੂਲਾਂ ਅਤੇ ਅਧਿਆਪਕਾਂ ਲਈ ਹਵਾਲਾ ਲਾਇਬਰੇਰੀਆਂ ਦੇ ਹੋਣ ਦੀ  ਲੋੜ ਹੈ। ਇਵੇਂ ਹੀ ਸੰਵਾਦਕ ਨਾਕਿ ਪਰਸਾਰਕ ਟੈਕਨਾਲੋਜੀ ਦੀ ਵੀ ਜਰੂਰਤ ਹੈ। ਇਹ ਦਸਤਾਵੇਜ ਸੀਨੀਅਰ ਸੈਕੰਡਰੀ ਪੱਧਰ ਉੱਪਰ ਚੋਣ-ਪਸੰਦ ਬਾਰੇ ਬਹੁਲਤਾ ਅਤੇ ਤਰਲਤਾ ਦੀ ਮਹੱਤਤਾ ਉੱਪਰ ਜੋਰ ਦਿੰਦਾ ਹੈ। ਖੜੋਤ ਦੇ ਮਾਰੇ ਹੋਏ ਬੱਚਿਆਂ ਨੂੰ ਨਿਸ਼ਚਿਤ ਧਾਰਾਵਾਂ ਵਿੱਚ ਨਿਹਤ ਕਰ ਦੇਣ ਤੇ ਪੇਂਡੂ ਪਿਛੋਕੜ ਦੇ ਬੱਚਿਆਂ ਲਈ ਮੌਕਿਆਂ ਨੂੰ ਸੀਮਤ ਕਰਨ ਵਾਲੇ ਝੁਕਾਅ ਨੂੰ ਉਤਸ਼ਾਹ ਨਹੀਂ ਦਿੰਦਾ।

ਪ੍ਰਬੰਧ ਸਬੰਧੀ ਸੁਧਾਰਾਂ ਦੇ ਸਬੰਧ ਵਿੱਚ ਇਹ ਦਸਤਾਵੇਜ ਪੰਚਾਇਤਰਾਜ ਸੰਸਥਾਵਾਂ ਨੂੰ ਮਜ਼ਬੂਤ ਕਰਨ ਉੱਪਰ ਬਲ ਦਿੰਦਾ ਹੈ। ਇੱਕ ਕਾਫੀ ਧਾਰਾਵਾਹਿਕ ਵਿਧੀ ਨਾਲ ਭਾਈਚਾਰੇ ਦੀ ਸ਼ਮੂਲੀਅਤ ਨੂੰ ਗੁਣਵੱਤਾ ਅਤੇ ਜ਼ਿੰਮੇਵਾਰੀ ਦਾ ਮਾਧਿਅਮ ਪਰਵਾਨ ਕਰਕੇ ਅਜਿਹਾ ਕੀਤਾ ਗਿਆ ਹੈ। ਸਕੂਲ ਅਧਾਰਤ ਕਈ ਪ੍ਰੋਜੈਕਟ ਜੋ ਵਾਤਾਵਰਣ ਨਾਲ ਸਬੰਧਤ ਹੋਣ ਅਜਿਹਾ ਗਿਆਨ ਸਿਰਜ ਸਕਦੇ ਹਨ ਜੋ ਪੰਚਾਇਤਰਾਜ ਸੰਸਥਾਵਾਂ ਨੂੰ ਚੰਗੀ ਤਰ੍ਹਾਂ ਸੰਚਾਲਨ ਕਰਨ ਅਤੇ ਉਨ੍ਹਾਂ ਵਿੱਚ ਰੂਹ ਫੂਕ ਦੇਣ ਦੇ ਕੰਮ ਆ ਸਕਦਾ ਹੈ।

ਸਕੂਲ ਪੱਧਰ ਉੱਪਰ ਗੁਣਵੱਤਾ ਸੁਧਾਰਨ ਲਈ ਅਕਾਦਮਿਕ ਯੋਜਨਾ ਅਤੇ ਨੇਤਾਗੀਰੀ ਬਹੁਤ ਜਰੂਰੀ ਹੈ। ਜੁਗਤਗਤ ਭੂਮਿਕਾਵਾਂ ਦਾ ਵਖਰੇਵਾਂ ਬਲਾਕ ਅਤੇ ਉਸ ਤੋਂ ਉੱਪਰਲੀਆਂ ਪੱਧਰਾਂ ਉੱਪਰ ਜਰੂਰੀ ਹੈ। ਅਧਿਆਪਕ ਸਿੱਖਿਆ ਦੇ ਖੇਤਰ ਵਿੱਚ ਬੜੇ ਪ੍ਰਭਾਵੀ ਕਦਮ ਚੁੱਕਣ ਦੀ ਲੋੜ ਹੈ, ਜਿਨ੍ਹਾਂ ਨਾਲ ਚੱਟੋਪਾਧਿਆ ਕਮਿਸ਼ਨ (1984)

ਦੇ ਸੁਝਾਏ ਗਏ ਪੇਸ਼ਾਗਤ ਮਿਆਰਾਂ ਵਿੱਚ ਆ ਰਹੇ ਨਿਘਾਰ ਨੂੰ ਠੱਲ੍ਹ ਪਾਈ ਜਾ ਸਕੇ। ਸੇਵਾ-ਪਹਿਲੀ ਸਿਖਲਾਈ ਪ੍ਰੋਗਰਾਮਾਂ ਦੇ ਕਾਫੀ ਲੰਮੇ ਕੀਤੇ ਜਾਣ ਦੀ ਲੋੜ ਹੈ, ਜਿਸ ਵਿੱਚ ਬੱਚਿਆਂ ਨੂੰ ਧਿਆਨ ਨਾਲ ਦੇਖਣ ਦੇ ਲੋੜੀਂਦੇ ਮੌਕੇ ਹੋਣ ਅਤੇ ਸਿਖਲਾਈ ਸਿਧਾਂਤ ਨੂੰ ਅਭਿਆਸ ਨਾਲ ਜੋੜਿਆ ਜਾਣ ਲਈ ਸਕੂਲ ਇੰਟਰੀਮਸ਼ਿੱਪ ਹੋਵੇ।

ਇਮਤਿਹਾਨਾਂ ਦਾ ਸੁਧਾਰ, ਪਾਠਕ੍ਰਮ ਦੇ ਨਵੀਨੀਕਰਣ ਅਤੇ ਬੱਚਿਆਂ ਤੇ ਮਾਪਿਆਂ ਉੱਪਰ, ਖਾਸ ਕਰ ਦਸਵੀਂ ਅਤੇ ਬਾਰਵੀਂ ਜਮਾਤ ਵਿੱਚ ਵਧ ਰਹੇ ਮਾਨਸਿਕ ਤਨਾਓ ਲਈ ਇਲਾਜ ਲੱਭਣ ਦਾ ਬੜਾ ਮਹੱਤਵ ਪੂਰਣ ਪ੍ਰਬੰਧਕੀ ਹਥਿਆਰ ਹੈ। ਵਿਸ਼ੇਸ਼ ਉਪਾਵਾਂ ਵਿੱਚ ਸ਼ਾਮਿਲ ਹਨ: ਪੇਪਰਾਂ ਦੀ ਬਣਤਰ ਨੂੰ ਬਦਲਣਾਂ ਤਾਂ ਜੋ ਮੁਲਾਂਕਣ ਨੂੰ ਆਧਾਰ ਦੇਣ ਲਈ ਦਲੀਲ ਅਤੇ ਸਿਰਜਣਾਤਕ ਯੋਗਤਾਵਾਂ ਘੋਟੇ ਤੇ ਅਧਾਰਤ ਯਾਦ ਕਰਨ ਦੀ ਜਗਾਹ ਲੈ ਸਕਣ; ਇਹ ਵੀ ਕਿ ਇਮਤਿਹਾਨ ਨੂੰ ਜਮਾਤ ਵਿੱਚਲੇ ਜੀਵਨ ਨਾਲ ਸਮਤੋਲ ਕਰਨ ਲਈ ਆਂਤਰਕ ਜਾਂਚ ਨੂੰ ਜ਼ਿਆਦਾ ਪਾਰਦਰਸ਼ੀ ਬਣਾਇਆ ਜਾਵੇ; ਬੋਰਡ ਤੋਂ ਪਹਿਲੇ ਇਮਤਿਹਾਨਾਂ ਉੱਪਰਲੇ ਭਾਰ ਨੂੰ ਬਦਲਿਆ ਜਾਵੇ; ਬੱਚਿਆਂ ਦੀ ਮਦਦ ਕਰਨ ਵਾਲੀਆਂ ਜੁਗਤਾਂ ਉਤਸਾਹਤ ਕੀਤੀਆਂ ਜਾਣ, ਜਿਸ ਨਾਲ ਬੱਚੇ ਪਰਾਪਤੀ ਦੇ ਭਿੰਨ ਭਿੰਨ ਪੱਧਰਾਂ ਵਿੱਚ ਚੋਣ ਕਰਨਾ ਸਿਖ ਸਕਣ, ਤਾਂ ਜੋ ਵਰਤਮਾਨ ‘ਪਾਸ’ ਅਤੇ ‘ਫੇਹਲ’ ਵਾਲੀਆਂ ਇਕਾਈਆਂ ਵਾਲੇ ਵਰਗੀਕਰਨ ਦੇ ਸਧਾਰਣੀਕ੍ਰਿਤ ਪ੍ਰਬੰਧ ਨੂੰ ਰੋਕਿਆ ਜਾ ਸਕੇ।

ਅੰਤ ਵਿੱਚ, ਇਹ ਦਸਤਾਵੇਜ ਸਕੂਲ ਸਿਸਟਮ ਅਤੇ ਸਮਾਜ ਦੇ ਦੂਜੇ ਅੰਗਾਂ ਵਿੱਚ ਭਾਈਵਾਲੀ ਦੀ ਸਫਾਰਿਸ਼ ਕਰਦਾ ਹੈ। ਇਹਨਾਂ ਵਿੱਚ ਗੈਰ-ਸਰਕਾਰੀ ਅਦਾਰੇ ਅਤੇ ਅਧਿਆਪਕਾਂ ਦੇ ਸੰਗਠਨ ਆਉਂਦੇ ਹਨ। ਪਹਿਲਾਂ ਹੀ ਪ੍ਰਾਪਤ ਪਰਵਰਤਨਕਾਰੀ ਅਨੁਭਵਾਂ ਨੂੰ ਸਾਂਝੇ ਕੀਤਾ ਜਾਣਾ ਚਾਹੀਦਾ ਹੈ, ਅਤੇ ਮੁਢਲੀ ਸਿੱਖਿਆ ਦੇ ਵਿਸ਼ਵੀਕਰਣ ਪ੍ਰੋਗਰਾਮ ਵਿੱਚੋਂ ਨਜ਼ਰ ਪੈਂਦੀਆਂ ਵੰਗਾਰਾਂ ਰਾਜ ਅਤੇ ਬੱਚਿਆਂ ਨਾਲ ਸਬੰਧ ਰੱਖਣ ਵਾਲੇ ਸਾਰੇ ਅਦਾਰਿਆਂ ਵਿੱਚ ਆਪਸੀ ਅਤੇ ਬੜੇ ਵਿਸ਼ਾਲ ਸਹਿਯੋਗ ਦਾ ਬਾਇਜ਼ ਬਣਨੀਆਂ ਚਾਹੀਦੀਆਂ ਹਨ।

# ਰਾਸ਼ਟਰੀ ਸਟੀਰਿੰਗ ਕਮੇਟੀ ਦੇ ਮੈਂਬਰ

1. ਪ੍ਰੋ: ਯਸ਼ ਪਾਲ (ਪ੍ਰਧਾਨ)
   ਭੂਤਪੂਰਵ ਪ੍ਰਧਾਨ
   ਯੂਨੀਵਰਸਿਟੀ ਗ੍ਰਾਂਟ ਕਮਿਸ਼ਨ
   11ਬੀ, ਸੁਪਰ ਡੀਲੈਕਸ ਫਲੈਟਸ
   ਸੈਕਟਰ 15ਏ, ਨੋਇਡਾ
   ਉੱਤਰ ਪ੍ਰਦੇਸ਼
2. ਅਚਾਰੀਆ ਰਾਮਾਮੂਰਤੀ
   ਪ੍ਰਧਾਨ, ਸ਼੍ਰਮ ਭਾਰਤੀ, ਖਾਦੀਗ੍ਰਾਮ
   ਡਾ: ਖਾਦੀਗ੍ਰਾਮ
   ਜ਼ਿਲਾ ਜਾਮੂਈ – 811313
3. ਡਾ: ਸ਼ੈਲੇਸ਼ ਏ. ਸ਼ੀਰਾਲੀ
   ਪ੍ਰਿੰਸੀਪਲ
   ਅੰਬਰ ਵੈਲੀ ਰੈਜ਼ੀਡੈਂਸ਼ਲ ਸਕੂਲ
   ਕੇ. ਐਮ. ਰੋਡ, ਮੁਗਤੀਹੱਲੀ
   ਚਿੱਕਮੈਂਗਲੂਰ – 577101
   ਕਰਨਾਟਕਾ
4. ਸ੍ਰੀ ਰੋਹਿਤ ਧੰਨਕਰ
   ਡਰੈਕਟਰ, ਦਿਗਾਂਤਰ,
   ਟੋਡੀ ਰਾਮਜ਼ਾਨੀਪੁਰਾ
   ਖੋਨਾਂਗੋਰੀਆ ਰੋਡ, ਜਿਲਾ ਜਗਤਪੁਰਾ
   ਜੈਪੁਰ -392925,
   ਰਾਜਸਥਾਨ
5. ਸ੍ਰੀ ਪ੍ਰੋਮੇਸ਼ ਅਚਾਰੀਆ
   ਸਾਬਕਾ ਮੈਂਬਰ ਸਿੱਖਿਆ ਕਸ਼ਿਨ
   ਵੈਸਟ ਬੈਂਗਾਲ
   ਐਲ/ਐਫ 9. ਕੁਸ਼ਤੀਆ ਰੋਡ
   ਗੌਰਮਿੰਟ ਹਾਊਸਿੰਗ ਐਸਟੇਟ
   ਅਵਾਂਤੀਕਾ ਆਵਾਸਮ
   ਕੋਲਕੱਤਾ- 700039,
   ਵੈਸਟ ਬੈਂਗਾਲ
6. ਡਾ: ਮੀਨਾਂ ਸਵਾਮੀਨਾਥਨ
   ਹੌਂ: ਡਰੈਕਟਰ ਉੱਤਰਾ ਦੇਵੀ ਸੈਂਟਰ
   ਐਮ. ਐਸ. ਸਵਾਮੀਨਾਥਨ
   ਰੀਸਰਚ ਫਾਊਂਡੇਸ਼ਨ, 3 ਕਰਾਸ ਰੋਡ,
   ਤਾਰਾਮਣੀ ਇੰਸਟੀਚੂਸ਼ਨਲ ਏਰੀਆ
   ਚਿੰਨਅਈ -600113, ਤਾਮਿਲ ਨਾਡੂ
7. ਡਾ: ਪਦਮਾਂ ਐਮ. ਸਾਰੰਗਪਾਣੀ
   ਐਸੋਸੀਏਟ ਫੈਲੋ
   ਨੈਸ਼ਨਲ ਇੰਨਸਟੀਚੂਟ ਆਫ ਐਡਵਾਂਸ
   ਸਟਡੀਜ਼, ਇੰਡੀਅਨ ਇੰਨਸਟੀਚੂਟ ਆਫ
   ਸਾਂਇੰਸ ਕੈਮਪਸ
   ਬੈਂਗਲੋਰ -560012
   ਕਰਨਾਟਕਾ
8. ਪ੍ਰੋ: ਆਰ. ਰਾਮਾਂਨੁਜਮ
   ਇੰਨਸਟੀਚੂਟ ਆਫ ਮੈਥੇਮੈਟੀਕਲ ਸਾਂਇੰਸ
   4 ਕਰਾਸ, ਸੀ. ਆਈ. ਟੀ. ਕੈਮਪਸ
   ਤਾਰਾਮਣੀ, ਚਿੰਨਅਈ-600113
   ਤਾਮਿਲ ਨਾਡੂ

9. ਪ੍ਰੋ: ਅਨਿਲ ਸਦਗੋਪਾਲ
ਸਿੱਖਿਆ ਵਿਭਾਗ, ਦਿੱਲੀ ਯੂਨੀਵਰਸਿਟੀ
ਈ-8/29 ਏ, ਸਾਹਕਰ ਨਗਰ
ਭੋਪਾਲ-462039
ਮਧ ਪ੍ਰਦੇਸ਼

10. ਪ੍ਰੋ: ਜੀ. ਰਾਵਿੰਦਰਾ
ਪ੍ਰਿਸੀਪਲ, ਰੀਜ਼ਨਲ ਇੰਨਸਟੀਚੂਟ ਆਫ
ਐਜੂਕੇਸ਼ਨ (NCERT)
ਮਾਨਸਗੰਗੋਟਰੀ ਮੈਸੂਰ-570006
ਕਰਨਾਟਕਾ

11. ਪ੍ਰੋ: ਡਾ: (ਮਿੱਸ) ਦਮਿਅੰਤੀ ਜੇ. ਮੋਦੀ
ਸਾਬਕਾ ਹੈਡ, ਸਿੱਖਿਆ ਵਿਭਾਗ
ਭਾਵਨਗਰ ਯੂਨੀਵਰਸਿਟੀ
2209, ਏ/2, ਆਨੰਦਧਾਰਾ
ਨੇੜੇ ਵਾਡੋਦਰੀਆ ਪਾਰਕ,
ਹਿੱਲ ਡਰਾਈਵ, ਭਾਵਨਗਰ-3642002
ਗੁਜਰਾਤ

12. ਮਿੱਸ ਸੁਨੀਲਾ ਮਸੀਹ, ਅਧਿਆਪਕ,
ਮਿਤਰਾ ਜੀ. ਐਚ. ਐਸ. ਸਕੂਲ,
ਸੋਹਾਗਪੁਰ ਡਾਕਖਾਨਾਂ
ਜ਼ਿਲਾ ਹੋਸ਼ੰਗਾਬਾਦ -461771
ਮਧ ਪ੍ਰਦੇਸ਼

13. ਮਿੱਸ ਹਰਸ਼ ਕੁਮਾਰੀ
ਹੈਡਮਿਸਟਰੈੱਸ, ਸੀ. ਆਈ. ਈ.
ਐਕਸਪੈਰੀਮੈਂਟਲ ਬੇਸਕ ਸਕੂਲ
ਸਿੱਖਿਆ ਵਿਭਾਗ
ਦਿੱਲੀ ਯੂਨੀਵਰਸਿਟੀ
ਦਿੱਲੀ -110007

14. ਸ੍ਰੀ ਤ੍ਰੀਲੋਚਨ ਦਾਸ ਗਰਗ
ਪ੍ਰਿਸੀਪਲ, ਕੇਂਦਰੀ ਵਿਦਿਆਲਾ
ਫਰੀਦ ਕੋਟ ਛਾਉਣੀ
ਪੰਜਾਬ

15. ਪ੍ਰੋ: ਅਰਵਿੰਦ ਕੁਮਾਰ
ਸੈਂਟਰ ਡਰੈਕਟਰ, ਹੋਮੀ ਭਾਭਾ ਸੈਂਟਰ
ਫਾਰ ਸਾਂਇੰਸ ਐਜੂਕੇਸ਼ਨ,
ਵੀ ਐਨ. ਪੂਰਾਓ ਮਾਰਗ
ਮਨਖੁਰਦ, ਮੁੰਬਈ-400088
ਮਹਾਂਰਾਸ਼ਟਰ

16. ਪ੍ਰੋ: ਗੋਪਾਲ ਗੁਰੂ
ਸੈਂਟਰ ਫਾਰ ਪੋਲੀਟੀਕਲ ਸਾਂਇੰਸ
ਸਕੂਲ ਆਫ ਸੋਸ਼ਲ ਸਾਂਇੰਸਜ਼
ਜਵਾਹਰ ਲਾਲ ਨਹਿਰੂ ਯੂਨੀਵਰਸਿਟੀ
ਨਵੀਂ ਦਿੱਲੀ – 110067

17. ਡਾ: ਰਾਮਚੰਦਰ ਗੁਹਾ
22 ਏ, ਬ੍ਰੰਟੋਨ ਰੋਡ
ਬੈਂਗਲੋਰ-560025
ਕਰਨਾਟਕਾ

18. ਡਾ: ਬੀ. ਏ. ਦਬਲਾ
ਪ੍ਰੋਫੈਸਰ ਅਤੇ ਹੈਡ
ਸੋਸ਼ਿਆਲੋਜੀ ਅਤੇ ਸੋਸ਼ਲ ਵਰਕ ਵਿਭਾਗ
ਜੰਮੂ ਯੁਨੀਵਰਸਿਟੀ
ਸ੍ਰੀ ਨਗਰ- 190006
ਜੰਮੂ ਅਤੇ ਕਸ਼ਮੀਰ

19. ਸ੍ਰੀ ਅਸ਼ੋਕ ਵਾਜਪਾਈ
ਸਾਬਕਾ ਵਾਈਸ-ਚਾਂਸਲਰ,
ਮਹਾਤਮਾਂ ਗਾਂਧੀ ਅੰਤਰਰਾਸ਼ਟਰੀ ਹਿੰਦੀ
ਯੁਨੀਵਰਸਿਟੀ
ਸੀ-60, ਅਨੁਪਓਮ ਅਪਾਰਟਮੈਂਟਸ
ਬੀ-30, ਵਾਸੁੰਦਰਾ ਐਨਕਲੇਵ
ਦਿੱਲੀ-110096

20. ਪ੍ਰੋ: ਵਿਲਸਨ ਥੰਮਪੂ
ਸੇਂ. ਸਟੀਫਨਜ਼ ਹੋਸਪੀਟਲ
ਗੀ-3, ਐਡਮਿਨਿਸਟ੍ਰੇਸ਼ਨ ਬਲਾਕ
ਤੀਸ ਹਜ਼ਾਰੀ ਦਿੱਲੀ-110054

21. ਪ੍ਰੋ: ਸ਼ਾਂਤਾ ਸਿਨਾਂਹ,
ਡਰੈਕਟਰ,
ਐਮ. ਵੈਂਕਟਾਰੰਗਯਾ ਫਾਊਂਡੇਸ਼ਨ
201, ਨਾਰੈਣ ਅਪਾਰਟਮੈਂਟਸ
ਵੈਸਟ ਮਰੇਦਪੱਲੀ
ਸਕੰਦਰਾਬਾਦ

22. ਡਾ: ਸ਼੍ਰੀਮਤੀ ਵਿਜਿਆ ਮੂਲੇ
ਫਾਊਂਡਰ ਪ੍ਰਿਸੀਪਲ, ਸੀ. ਆਈ. ਟੀ.
(ਐਨ. ਸੀ. ਈ. ਆਰ. ਟੀ.)
ਪ੍ਰਧਾਨ, ਭਾਰਤ ਡਾਕੂਮੈਂਟਰੀ
ਪ੍ਰੋਡੂਸਰਜ਼ ਐਸੋਸੀਏਸ਼ਨ
ਬੀ-42, ਫ੍ਰੈਂਡਜ਼ ਕੌਲੋਨੀ ਵੈਸਟ
ਨਵੀਂ ਦਿੱਲੀ

23. ਪ੍ਰੋ: ਮਿਨਰਾਲ ਮੀਰੀ
ਵਾਈਸ-ਚਾਂਸਲਰ
ਨਾਰਥ ਈਸਟ ਹਿੱਲ ਯੁਨੀਵਰਸਿਟੀ
ਨੇਹੂ ਕੈਂਮਪਸ
ਮਾਵਕਯੀਨਰੋਹ ਉਮਸ਼ਿੰਗ
ਸ਼ੀਲੌਂਗ – 793022
ਮੇਘਾਲਿਆ

24. ਪ੍ਰੋ: ਸ਼੍ਰੀਮਤੀ ਤਲਤ ਅਜ਼ੀਜ਼
ਆਈ. ਏ. ਐਸ. ਈ.,
ਫੈਕੁਲਟੀ ਆਫ ਅੁਜੁਕੇਸ਼ਨ,
ਜਾਮੀਆ ਮਿਲੀਆ ਇਸਲਾਮੀਆ
ਜਾਮੀਆ ਨਗਰ
ਨਵੀਂ ਦਿੱਲੀ-110025

25. ਪ੍ਰੋ: ਸਵਿਤਾ ਸਿਨਹਾ
ਹੈਡ, ਡੇਸ਼ ਐਨ. ਸੀ. ਈ. ਆਰ. ਟੀ.
ਸ੍ਰੀ ਔਰਬਿੰਦੋ ਮਾਰਗ
ਨਵੀਂ ਦਿੱਲੀ -110016.

26. ਪ੍ਰੋ: ਕੇ. ਕੇ. ਵਸ਼ਿਸ਼ਠ
ਡੀ. ਈ. ਈ., ਐਨ. ਸੀ. ਈ. ਆਰ. ਟੀ.
ਸ੍ਰੀ ਔਰਬਿੰਦੋ ਮਾਰਗ
ਨਵੀਂ ਦਿੱਲੀ -110016.

27. ਡਾ: ਸੰਧਿਆ ਪਰਾਂਜਪੇ
ਡੀ. ਈ. ਈ., ਐਨ. ਸੀ. ਈ. ਆਰ. ਟੀ.
ਸ੍ਰੀ ਔਰਬਿੰਦੋ ਮਾਰਗ
ਨਵੀਂ ਦਿੱਲੀ -110016.

28. ਪ੍ਰੋ: ਸੀ. ਐਸ. ਨਾਗਰਾਜੂ
ਹੈਡ, ਡੀ. ਈ. ਆਰ. ਪੀ. ਟੀ.
ਐਨ. ਸੀ. ਈ. ਆਰ. ਟੀ.
ਸ੍ਰੀ ਔਰਬਿੰਦੋ ਮਾਰਗ
ਨਵੀਂ ਦਿੱਲੀ -110016.

29. ਡਾ: ਜੋਤਸਿਨਾਂ ਤਿਵਾੜੀ
ਡੇਸ਼ ਐਨ. ਸੀ. ਈ. ਆਰ. ਟੀ.
ਸ੍ਰੀ ਔਰਬਿੰਦੋ ਮਾਰਗ
ਨਵੀਂ ਦਿੱਲੀ -110016.

30. ਪ੍ਰੋ: ਐਮ. ਚੰਦਰਾ
ਹੈਡ, ਡੀ. ਈ. ਐਸ. ਐਮ.
ਐਨ. ਸੀ. ਈ. ਆਰ. ਟੀ.
ਸ੍ਰੀ ਔਰਬਿੰਦੋ ਮਾਰਗ
ਨਵੀਂ ਦਿੱਲੀ -110016.

31. ਡਾ: ਅਨੀਤਾ ਜੁਲਕਾ
ਰੀਡਰ, ਡੀ. ਈ. ਜੀ. ਐਸ. ਐਨ.
ਐਨ. ਸੀ. ਈ. ਆਰ. ਟੀ.
ਸ੍ਰੀ ਔਰਬਿੰਦੋ ਮਾਰਗ
ਨਵੀਂ ਦਿੱਲੀ -110016.

32. ਪ੍ਰੋ. ਕਰਿਸ਼ਨ ਕੁਮਾਰ,
ਡਰੈਕਟਰ
ਐਨ. ਸੀ. ਈ. ਆਰ. ਟੀ.
ਸ੍ਰੀ ਔਰਬਿੰਦੋ ਮਾਰਗ
ਨਵੀਂ ਦਿੱਲੀ -110016.

33. ਸ਼੍ਰੀਮਤੀ ਅਨੀਤਾ ਕੌਲ
ਸੈਕਟਰੀ
ਐਨ. ਸੀ. ਈ. ਆਰ. ਟੀ.
ਸ੍ਰੀ ਔਰਬਿੰਦੋ ਮਾਰਗ
ਨਵੀਂ ਦਿੱਲੀ -110016.

34. ਸ੍ਰੀ ਅਸ਼ੋਕ ਗੰਗੋਲੀ, ਚਿਅਰਮੈਨ,
ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ
ਸਿੱਖਿਆ ਕੇਂਦਰ
2, ਕਮਿਊਂਟੀ ਸੈਂਟਰ
ਪ੍ਰੀਤੀ ਵਿਹਾਰ, ਦਿੱਲੀ – 110016

35. ਪ੍ਰੋ: ਐਮ. ਏ. ਖਾਦਰ (ਮੈਂਬਰ ਸੈਕਟਰੀ)
ਹੈਡ, ਕੈਰੂਕਲਮ ਗਰੁੱਪ
ਐਨ. ਸੀ. ਈ. ਆਰ. ਟੀ.
ਸ੍ਰੀ ਔਰਬਿੰਦੋ ਮਾਰਗ
ਨਵੀਂ ਦਿੱਲੀ -110016.

# ਤਤਕਰਾ

ਪ੍ਰਸਤਾਵਨਾ

ਆਭਾਰ

ਕਾਰਜਕਾਰੀ ਸੰਖੇਪ

ਨੈਸ਼ਨਲ ਸਟੀਰਿੰਗ ਕਮੇਟੀ ਦੇ ਮੈਂਬਰ

**ਅਧਿਆਏ 1: ਪਰਿਪੇਖ**

1.1 ਭੂਮਿਕਾ

1.2 ਪਿਛੋਕੜ

1.3 ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ

1.4 ਮਾਰਗ ਦਰਸ਼ਨ ਦੇ ਨੇਮ

1.5 ਗੁਣਵੱਤਾ ਦੀ ਪਰਤ

1.6 ਸਿੱਖਿਆ ਦਾ ਸਮਾਜਕ ਸੰਧਰਭ

1.7 ਸਿੱਖਿਆ ਦੇ ਨਿਸ਼ਾਨੇ

**ਅਧਿਆਏ 2: ਸਿੱਖਣ ਅਤੇ ਗਿਆਨ**

2.1 ਸੁਚੇਤ ਸਿੱਖਿਅਕ ਦੀ ਪਹਿਲਤਾ

2.2 ਸੰਧਰਭ ਵਿੱਚ ਸਿੱਖਿਅਕ

2.3 ਪ੍ਰਗਤੀ ਅਤੇ ਸਿੱਖਣ

2.4 ਪਾਠਕ੍ਰਮ ਅਤੇ ਅਭਿਆਸ ਦੇ ਲਈ ਸੰਕੇਤ

- 2.4.1 ਗਿਆਨ ਨਿਰਮਾਣ ਲਈ ਪੜ੍ਹਾਉਣਾਂ
- 2.4.2 ਪਰਸਪਰ ਸੰਵਾਦ ਦਾ ਮਹੱਤਵ
- 2.4.3 ਸਿਖਲਾਈ ਦੇ ਅਨੁਭਵਾਂ ਦਾ ਨਿਰਮਾਣ
- 2.4.4 ਯੋਜਨਾਂ ਲਈ ਪੁਹੰਚਾਂ
- 2.4.5 ਅਲੋਚਨਾਤਮਕ ਸਿੱਖਿਆ ਸ਼ਾਸਤਰ

2.5 ਗਿਆਨ ਅਤੇ ਸਮਝ

2.5.1 ਬੁਨਿਆਦੀ ਸਮਰੱਥਾਵਾਂ

2.5.2 ਅਭਿਆਸ ਵਿੱਚ ਗਿਆਨ

2.5.3 ਸਮਝ ਦੇ ਰੂਪ

2.6 ਗਿਆਨ ਦਾ ਪੁਨਰ-ਸਿਰਜਣ

2.7 ਬੱਚਿਆਂ ਦਾ ਗਿਆਨ ਅਤੇ ਸਥਾਨਕ ਗਿਆਂਨ

2.8 ਸਕੂਲ ਦਾ ਗਿਆਨ ਅਤੇ ਭਾਈਚਾਰਾ

2.9 ਕੁਝ ਵਿਕਾਸ ਸਬੰਧਤ ਸੋਚ-ਵਿਚਾਰ

## ਅਧਿਆਏ 3: ਪਾਠਕ੍ਰਮ ਖੇਤਰ, ਸਕੂਲ ਪੱਧਰ ਅਤੇ ਮੁਲਾਂਕਣ

3.1 ਭਾਸ਼ਾ

3.1.1 ਭਾਸ਼ਾ ਸਿੱਖਿਆ

3.1.2 ਘਰ ਦੀ ਭਾਸ਼ਾ/ਪਹਿਲੀ ਭਾਸ਼ਾ ਜਾਂ ਮਾਤ-ਭਾਸ਼ਾ ਦੀ ਪੜ੍ਹਾਈ

3.1.3 ਦੂਜੀ ਭਾਸ਼ਾ ਦੀ ਪੜ੍ਹਾਈ

3.1.4 ਪੜ੍ਹਣ ਅਤੇ ਲਿਖਣ ਸਿੱਖਣਾਂ

3.2 ਗਣਿਤ ਸ਼ਾਸ਼ਤਰ

3.2.1 ਸਕੂਲ ਦੇ ਗਣਿਤ ਸ਼ਾਸਤਰ ਲਈ ਦ੍ਰਿਸ਼ਟੀ

3.2.2 ਪਾਠਕ੍ਰਮ

3.2.3 ਕੰਪਿਊਟਰ ਵਿਗਿਆਨ

3.3 ਵਿਗਿਆਨ

3.3.1 ਭਿੰਨ ਭਿੰਨ ਪੱਧਰਾਂ ਲਈ ਪਾਠਕ੍ਰਮ

3.3.2 ਦ੍ਰਿਸ਼ਟੀਕੋਣ

3.4 ਸਮਾਜਕ ਵਿਗਿਆਨ

3.4.1 ਸੁਝਾਈ ਗਈ ਗਿਆਨ ਸ਼ਾਸਤਰਕ ਰੂਪਰੇਖਾ

3.4.2 ਪਾਠਕ੍ਰਮ ਦੀ ਯੋਜਨਾਂ

3.4.3 ਪੜ੍ਹਾਈ ਅਤੇ ਸਾਧਨਾਂ ਲਈ ਪਹੁੰਚਾਂ

3.5 ਕਲਾ ਦੀ ਸਿੱਖਿਆ

3.6 ਸਿਹਤ ਅਤੇ ਸਰੀਰਕ ਸਿੱਖਿਆ

3.7 ਕੰਮਧੰਦਾ ਅਤੇ ਪੜ੍ਹਾਈ

3.7.1. ਧੰਦਾਗਤ ਸਿੱਖਿਆ ਅਤੇ ਸਿਖਲਾਈ

3.8 ਸ਼ਾਂਤੀ ਲਈ ਸਿੱਖਿਆ

3.8.1 ਜੁਗਤਾਂ

3.9 ਵਸੇਬਾ ਅਤੇ ਸਿੱਖਿਆ

3.10 ਅਧਿਅਨ ਅਤੇ ਮੁਲਾਂਕਣ ਦੀਆਂ ਸਕੀਮਾਂ

3.10.1 ਆਰੰਭਕ ਬਚਪਨ ਦੀ ਸਿੱਖਿਆ

3.10.2 ਪ੍ਰਾਥਮਕ ਸਿੱਖਿਆ

3.10.3 ਸੈਕੰਡਰੀ ਸਕੂਲ

3.10.4 ਉੱਚ ਸੈਕੰਡਰੀ ਸਕੂਲ

3.10.5 ਖੁੱਲ੍ਹੇ-ਓਪਨ ਸਕੂਲ ਅਤੇ ਬ੍ਰਿਜ-ਪੁਲ ਸਕੂਲ

3.11 ਮੁੱਲਨਿਰਧਾਰਣ ਅਤੇ ਮੁਲਾਂਕਣ

3.11.1 ਮੁੱਲਨਿਰਧਾਰਨ ਦਾ ਉਦੇਸ਼

3.11.2 ਸਿੱਖਿਅਕਾਂ ਦਾ ਮੁੱਲ ਨਿਰਧਾਰਣ

3.11.3 ਪਰਖ ਦੇ ਦੌਰਾਨ ਮੁੱਲ ਨਿਰਧਾਰਣ

3.11.4 ਪਾਠਕ੍ਰਮ ਦੇ ਉਹ ਖੇਤਰ ਜੋ ਅੰਕਾਂ ਵਾਸਤੇ ਪਰਖੇ ਨਹੀਂ ਕੀਤੇ ਜਾ ਸਕਦੇ

3.11.5 ਰੂਪਰੇਖਾ ਅਤੇ ਮੁੱਲ ਨਿਧਾਰਣ ਕਰਨਾਂ

3.11.6 ਸਵੈ-ਮੁਲਾਂਕਣ ਅਤੇ ਪੁਨਰ ਸੂਚਨਾਂ

3.11.7 ਤਾਜ਼ੀ ਸੋਚ ਮੰਗਦੇ ਖੇਤਰ

3.11.8 ਭਿੰਨ ਸਟੇਜਾਂ ਉੱਪਰ ਮੁਲਾਂਕਣ

## ਅਧਿਆਏ 4: ਸਕੂਲ ਅਤੇ ਜਮਾਤ ਦਾ ਮਹੌਲ

4.1 ਭੌਤਿਕ ਮਹੌਲ

4.2 ਮਦਦਗਾਰ ਮਹੌਲ ਨੂੰ ਪ੍ਰਫੁੱਲਤ ਕਰਨਾ

4.3 ਸਾਰੇ ਬੱਚਿਆਂ ਦੀ ਭਾਗਦਾਰੀ

4.3.1 ਬੱਚਿਆਂ ਦੇ ਹੱਕ

4.3.2 ਸ਼ਮੂਲੀਅਤ ਦੀ ਨੀਤੀ

4.4 ਅਨੁਸਾਸ਼ਣ ਅਤੇ ਭਾਗਦਾਰੀ ਦਾ ਪ੍ਰਬੰਧ

4.5 ਮਾਂ-ਬਾਪ ਅਤੇ ਭਾਈਚਾਰੇ ਲਈ ਸਥਾਨ

4.6 ਪਾਠਕ੍ਰਮ ਦੇ ਸਥਾਨ ਅਤੇ ਸਿੱਖਣ ਦੇ ਸਰੋਤ

4.6.1 ਪਾਠ ਅਤੇ ਪੁਸਤਕਾਂ

4.6.2 ਲਾਇਬਰੇਰੀਆਂ

4.6.3 ਸਿੱਖਿਆ ਟੈਕਨਾਲੋਜੀ

4.6.4 ਸੰਦ ਅਤੇ ਪ੍ਰਯੋਗਸ਼ਾਲਾਵਾਂ

4.6.5 ਹੋਰ ਸਾਈਟਾਂ ਅਤੇ ਸਥਾਨ

4.6.6 ਬਹੁਲਤਾ ਅਤੇ ਬਦਲ ਪੇਸ਼ ਕਰਦੀ ਸਮੱਗਰੀ ਦੀ ਲੋੜ

4.6.7 ਸਾਧਨਾਂ ਦਾ ਪ੍ਰਬੰਧ ਅਤੇ ਇਕੱਤਰ ਕਰਨਾਂ

4.7 ਸਮਾਂ

4.8 ਅਧਿਆਪਕ ਦੀ ਖੁਦਮੁਖਤਾਰੀ ਅਤੇ ਪੇਸ਼ਾਵਰ ਆਜ਼ਾਦੀ

4.8.1 ਚਿੰਤਨ ਅਤੇ ਯੋਜਨਾਂ ਲਈ ਸਮਾਂ

## ਅਧਿਆਏ 5: ਪ੍ਰਬੰਧਕੀ ਸੁਧਾਰ

5.1 ਗੁਣਵੱਤਾ ਲਈ ਸੋਚ

5.1.1 ਅਕਾਦਮਕ ਯੋਜਨਾਂ ਅਤੇ ਗੁਣਵੱਤਾ ਦੀ ਨਿਗਰਾਨੀ

5.1.2 ਸਕੂਲਾਂ ਵਿੱਚ ਅਕਾਦਮਕ ਅਗਵਾਈ ਅਤੇ ਸਕੂਲਾਂ ਦੀ ਨਿਗਰਾਨੀ

5.1.3 ਪੰਚਾਇਤਾਂ ਅਤੇ ਸਿੱਖਿਆ

5.2 ਪਾਠਕ੍ਰਮ ਦੇ ਪੁਨਰ-ਨਿਰਮਾਣ ਦੇ ਲਈ ਅਧਿਆਪਕ ਸਿੱਖਿਆ

5.2.1 ਅਧਿਆਪਕ ਸਿੱਖਿਆ ਦੀਆਂ ਵਰਤਮਾਨ ਚਿੰਤਾਵਾਂ

5.2.2 ਅਧਿਆਪਕ ਸਿੱਖਿਆ ਲਈ ਦ੍ਰਿਸ਼ਟੀ

5.2.3 ਅਧਿਆਪਕ ਸਿੱਖਿਆ ਪ੍ਰੋਗਰਾਮ ਵਿੱਚ ਵਡੇ ਫੇਰ ਬਦਲ

5.2.4 ਸੇਵਾ-ਵਿੱਚ ਵਿੱਦਿਆ ਅਤੇ ਅਧਿਆਪਕਾਂ ਦੀ ਸਿਖਲਾਈ

5.2.5 ਸੇਵਾ-ਵਿੱਚ ਵਿੱਦਿਆ ਲਈ ਵਿਉਂਤਾਂ ਅਤੇ ਨਵੀਆਂ ਪਹਿਲਾਂ

5.3 ਇਮਤਿਹਾਨਾਂ ਦਾ ਸੁਧਾਰ

5.3.1. ਪਰਚੇ ਬਨਾਉਣੇ, ਜਾਂਚ ਕਰਨੀ ਅਤੇ ਨਤੀਜੇ ਤਿਆਰ ਕਰਨੇ

5.3.2 ਜਾਂਚ ਵਿੱਚ ਲਚਕ

5.3.3 ਦੂਜੇ ਪੱਧਰਾਂ ਦੇ ਬੋਰਡ ਇਮਤਿਹਾਨ

5.3.4 ਦਾਖਲੇ ਵਾਲੇ ਇਮਤਿਹਾਨ

5.4 ਕੰਮ ਕੇਂਦਰਤ ਸਿੱਖਿਆ

5.4.1 ਕੰਮ-ਧੰਦੇ ਦੀ ਵਿੱਦਿਆ ਅਤੇ ਸਿਖਲਾਈ

5.5 ਵਿਚਾਰ ਅਤੇ ਅਮਲ ਦੀਆਂ ਨਵੀਂਆਂ ਪਹਿਲਾਂ

5.5.1 ਬਹੁਲਤਾ ਅਤੇ ਪਾਠ-ਪੁਸਤਕਾਂ

5.6 ਨਵੀਆਂ ਭਾਈਵਾਲੀਆਂ

5..6.1 ਗੈਰ-ਸਰਕਾਰੀ ਅਦਾਰਿਆਂ ਦੀ ਭੂਮਿਕਾ, ਸਭਿਅਕ ਸਮਾਜ ਦੇ ਸਮੂਹ ਅਤੇ ਅਧਿਆਪਕਾਂ ਦੇ ਅਦਾਰੇ

**ਅੰਤਿਕਾ**

**ਪੂਰਕਾ-1**
**ਪੂਰਕਾ-2**
**ਅਨੁਕ੍ਰਮਣਿਕਾ**

# ਭਾਰਤ ਦਾ ਸਵਿਧਾਨ

## ਪਰਸਤਾਵਨਾ

**ਅਸੀਂ, ਭਾਰਤ ਦੇ ਲੋਕ** ਭਾਰਤ ਨੂੰ ਇੱਕ **ਸੰਪੂਰਣ ਸਵੈ-ਅਧਿਕਾਰੀ, ਸਮਾਜਵਾਦੀ, ਧਰਮ-ਨਿਰਪੇਖ, ਲੋਕਤੰਤਰਕ ਗਣਰਾਜ** ਬਨਾਉਣ ਦਾ ਵਿਧੀਬੱਧ ਸੰਕਲਪ ਲੈਂਦੇ ਹਾਂ ਅਤੇ ਇਹਦੇ ਸਾਰੇ ਨਾਗਰਿਕਾਂ ਨੂੰ ਹੱਕ ਦਿੰਦੇ ਹਾਂ:

ਸਮਾਜਕ, ਆਰਥਕ ਅਤੇ ਰਾਜਨੀਤਕ **ਨਿਆਂ** ਦਾ;

ਵਿਚਾਰ, ਅਭਿਵਿਅਕਤੀ, ਵਿਸ਼ਵਾਸ਼, ਧਰਮ ਅਤੇ ਪੂਜਾ ਦੀ **ਸੁਤੰਤਰਤਾ** ਦਾ;

ਸਨਮਾਨ ਅਤੇ ਅਵਸਰ ਦੀ **ਬਰਾਬਰੀ** ਦਾ;

ਅਤੇ ਸਭਨਾਂ ਵਿੱਚ **ਭਰਾਤਰੀ ਭਾਵ** ਪ੍ਰਫੁੱਲਤ ਕਰਨ, ਹਰ ਬੰਦੇ ਦੀ ਸ਼ਾਨ ਅਤੇ **ਦੇਸ਼** ਦੀ ਏਕਤਾ ਤੇ ਅਖੰਡਤਾ ਵਹਿਦਾ ਕਰਨ ਦੇ ਲਈ;

**ਸਾਡੀ ਕੰਸਟੀਚੂਐਂਟ ਅਸੰਬਲੀ** ਵਿੱਚ ਨਵੰਬਰ 1949 ਦੇ ਛੱਬੀਵੇਂ ਦਿਨ **ਅਪਣਾਉਂਦੇ ਹਾਂ, ਕਨੂੰਨੀਂ ਢੰਗ ਨਾਲ ਪਾਸ ਕਰਦੇ ਹਾਂ ਅਤੇ ਸਾਨੂੰ ਸਾਰਿਆਂ ਨੂੰ ਇਹ ਸਵਿਧਾਨ ਸੌਂਪਦੇ ਹਾਂ।**

“ਜਦ ਮੈਂ ਛੋਟਾ ਸਾਂ ਨਾ ਤਾਂ ਮੈਨੂੰ ਵਾਧੂ ਘਾਟੂ ਚੀਜ਼ਾਂ ਤੋਂ ਮੇਰੇ ਖਿਡੌਣੇ ਬਨਾਉਣ ਦੀ ਖੁੱਲ੍ਹ ਹੁੰਦੀ ਸੀ, ਤੇ ਮੈਂ ਮੇਰੀ ਕਲਪਨਾਂ ਨਾਲ ਮੇਰੀਆਂ ਅਪਣੀਆਂ ਖੇਡ੍ਹਾਂ ਬਣਾ ਲੈਂਦਾ ਹੁੰਦਾ ਸਾਂ। ਮੇਰੀ ਖੁਸ਼ੀ ਵਿੱਚ ਮੇਰੇ ਹਮ-ਖਿਡਾਰੀਆਂ ਦਾ ਪੂਰਾ ਹਿੱਸਾ ਹੁੰਦਾ ਸੀ; ਅਸਲ ਵਿੱਚ ਮੇਰੀਆਂ ਖੇਡ੍ਹਾਂ ਦਾ ਆਨੰਦ ਉਨ੍ਹਾਂ ਦੇ ਹਿੱਸਾ ਲੈਂਣ ਉੱਪਰ ਨਿਰਭਰ ਕਰਦਾ ਹੁੰਦਾ ਸੀ। ਇੱਕ ਦਿਨ ਸਾਡੇ ਬਚਪਨ ਦੇ ਇਸ ਸੁਵਰਗ ਵਿੱਚ ਵੱਢੇ ਬੰਦਿਆਂ ਦੇ ਮੰਡੀ ਵਾਲੇ ਸੰਸਾਰ ਵਿੱਚੋਂ ਇੱਕ ਲਾਲਚ ਆਣ ਵੜਿਆ। ਅੰਗਰੇਜ਼ੀ ਦੁਕਾਨ ਤੋਂ ਖਰੀਦਿਆ ਹੋਇਆ ਇੱਕ ਖਿਡੌਣਾ ਸਾਡੇ ਇੱਕ ਸਾਥੀ ਨੂੰ ਦੇ ਦਿੱਤਾ ਗਿਆ ਸੀ; ਕਿੱਡਾ ਵਡਾ ਤੇ ਜੀਂਦੀ ਜਾਨ ਵਰਗਾ ਲਗਦਾ ਸੀ ਇਹ ਵਧੀਆ ਖਿਡੌਣਾ। ਉਹਨੂੰ ਖਿਡੌਣੇ ਦਾ ਘੁਮੰਡ ਹੋ ਗਿਆ ਤੇ ਖੇਡ੍ਹ-ਖੁਡ੍ਹ ਉਸ ਤੋਂ ਵਿਸਰ ਗਈ; ਉਹਨੇ ਉਸ ਮਹਿੰਗੀ ਵਸਤ ਨੂੰ ਸਾਡੇ ਤੋਂ ਬਚਾਕੇ ਬੜੇ ਧਿਆਨ ਨਾਲ ਰੱਖ ਦਿੱਤਾ। ਅਪਣੀ ਉਸ ਅਣਮੋਲ ਮਾਲਕੀਤ ਦੀ ਸਿਫਤ ਕਰਦਿਆਂ ਅਪਣੇ ਹਮ-ਖਿਡਾਰੀਆਂ ਦੇ ਖਿਡੌਣੇ ਸਸਤੇ ਹੋਣ ਕਰਕੇ ਉਹਨਾਂ ਤੋਂ ਵਡਾ ਮਹਿਸੂਸ ਕਰਨ ਲੱਗਾ। ਮੈਨੂੰ ਜਕੀਨ ਹੈ ਕਿ ਜੇ ਉਹ ਇਤਹਾਸ ਦੀ ਆਧੁਨਿਕ ਭਾਸ਼ਾ ਵਰਤਦਾ ਤਾਂ ਉਹਨੇ ਕਹਿਣਾਂ ਸੀ ਉਹ ਸਾਡੇ ਤੋਂ ਓਨਾਂ ਕੁ ਜ਼ਿਆਦਾ ਸਭਿਅਕ ਸੀ ਜਿੰਨਾਂ ਕੁ ਉਸਦਾ ਹਾਸੋਹੀਣਾਂ ਵਧੀਆ ਖਿਡੌਣਾ ਸੀ। ਅਪਣੀ ਉਸ ਭਾਵਕਤਾ ਵਿੱਚ ਉਹ ਇੱਕ ਗੱਲ ਸਮਝ ਨਾਂ ਸਕਿਆ – ਇੱਕ ਤੱਥ ਜਿਹੜਾ ਉਸ ਪਲ ਉਸ ਨੂੰ ਨਿਗੂਣਾ ਜਾਪਿਆ – ਕਿ ਇਸ ਲਾਲਚ ਨੇ ਉਸ ਦੇ ਖਿਡੌਣੇ ਤੋਂ ਵੀ ਕਿਤੇ ਵਢਮੁੱਲੀ ਵਸਤ ਨੂੰ ਧੁੰਦਲਾ ਦਿੱਤਾ ਸੀ, ਉਹ ਵਸਤ ਸੀ ਇੱਕ ਸਹੀ ਬੱਚੇ ਦੇ ਖਾਬ। ਖਿਡੌਣਾ ਤਾਂ ਮਹਿਜ਼ ਉਸ ਦੇ ਧਨ ਦੌਲਤ ਦਾ ਪ੍ਰਗਟਾਵਾ ਸੀ, ਨਾਕਿ ਉਸ ਬੱਚੇ ਦੀ ਸਿਰਣਾਤਮਕ ਰੂਹ, ਨਾਕਿ ਬੱਚੇ ਦੀ ਖੇਡ੍ਹ ਵਿਚਲੀ ਭਰਪੂਰ ਖੁਸ਼ੀ, ਨਾਕਿ ਉਸ ਦਾ ਉਹਨਾਂ ਸਭਨਾਂ ਨੂੰ ਖੁੱਲ੍ਹਾ ਸੱਦਾ ਸੀ ਜੋ ਉਸਦੇ ਖੇਡ੍ਹ-ਸੰਸਾਰ ਵਿੱਚ ਸਾਥੀ ਸਨ”।

‘ਸਭਿਅਤਾ ਅਤੇ ਉਨਤੀ’, ਵਿੱਚੋਂ

ਲੇਖਕ ਰਵਿੰਦਰ ਨਾਥ ਟੈਗੋਰ

1.1 ਭੂਮਿਕਾ

1.2 ਪਿਛੋਕੜ

1.3 ਰਾਸ਼ਟਰੀ ਪਾਠਕ੍ਰਮ ਦਾ ਢਾਂਚਾ

1.4 ਮਾਰਗ ਦਰਸ਼ਨ ਦੇ ਨੇਮ

1.5 ਗੁਣਵੱਤਾ ਦੀਆਂ ਪਰਤਾਂ

1.6 ਸਿੱਖਿਆ ਦਾ ਸਮਾਜਕ ਸੰਧਰਭ

1.7 ਸਿੱਖਿਆ ਦੇ ਨਿਛਾਨੇ

# ਅੀਧਆਏ 1: ਪਰਿਪੇਖ

## 1.1 ਭੂਮਿਕਾ

ਭਾਰਤ ਇੱਕ ਰੰਗਬਰੰਗੇ ਤੇ ਅਮੀਰ ਇਤਹਾਸ ਵਾਲਾ ਆਜ਼ਾਦ ਦੇਸ਼ ਹੈ। ਇਸ ਵਿੱਚ ਹੈਰਨੀਜਨਕ ਸਭਿਆਚਾਰਕ ਵਖਰੇਵੇਂ ਹਨ, ਲੋਕਤੰਤਰੀ ਕਦਰਾਂ ਕੀਮਤਾਂ ਹਨ ਅਤੇ ਸਰਬ-ਭਲਾਈ ਲਈ ਪ੍ਰਤਿਬੱਧਤਾ ਹੈ। 'ਰਸ਼ਟਰੀ ਸਿੱਖਿਆ ਨੀਤੀ' ਨੂੰ 1986 ਵਿੱਚ ਪਾਰਲੀਆਮੈਂਟ ਦੀ ਮਨਜੂਰੀ ਮਿਲ ਜਾਣ ਦੇ ਨਾਲ ਹੀ ਪਾਠਕ੍ਰਮ ਦਾ ਮੁੜਨਿਰਮਾਣ ਕਰਨ ਦੇ ਜਤਨ 'ਰਾਸ਼ਟਰੀ ਸਿੱਖਿਆ ਪ੍ਰਬੰਧ' ਸਿਰਜਣ ਉੱਪਰ ਕੇਂਦਰਤ ਰਹੇ ਹਨ।

ਦੇਸ਼ ਦੇ ਬੱਚਿਆਂ ਨੂੰ ਸਿੱਖਿਆ ਦੇਣ ਵਰਗੇ ਕਠਣ ਕੰਮ ਦੇ ਅਕਾਰ ਅਤੇ ਮਹੱਤਵ ਨੂੰ ਦੇਖਦਿਆਂ ਇਹ ਜਰੂਰੀ ਹੈ ਕਿ ਅਸੀਂ ਸਮੇਂ ਸਮੇਂ ਮਿਲ ਬੈਠਣ ਦੇ ਮੌਕੇ ਪੈਦਾ ਕਰੀਏ

> ਤੇ ਅਪਣੇ ਆਪ ਨੂੰ ਇਹ ਸੁਆਲ ਪੁੱਛੀਏ, "ਇਸ ਕੰਮ ਨਾਲ ਜੁੜੇ ਹੋਣ ਵੇਲੇ ਅਸੀਂ ਕਰ ਕੀ ਰਹੇ ਹਾਂ? ਕੀ ਵਕਤ ਨਹੀਂ ਆ ਗਿਆ ਕਿ ਸਿੱਖਿਆ ਦੇ ਨਾਮ ਉੱਪਰ ਜੋ ਅਸੀਂ ਬੱਚਿਆਂ ਨੂੰ ਦੇ ਰਹੇ ਹਾਂ ਉਸ ਵਿੱਚ ਨਵੀਨੀਂ ਲਿਆਈਏ?"

ਜੇ ਅਸੀਂ ਇਸ ਗੱਲ ਵੱਲ ਧਿਆਨ ਦੇਈਏ ਕਿ ਅਜ਼ਾਦੀ ਤੋਂ ਹੁਣ ਤੱਕ ਸਾਡੇ ਸਿੱਖਿਆ ਪ੍ਰਬੰਧ ਨੇ ਕੀ ਕੁਝ ਸੰਭਵ ਕੀਤਾ ਹੈ ਤਾਂ ਸ਼ਾਇਦ ਸਾਡੇ ਕੋਲ ਸੰਤੁਸ਼ਟ ਹੋਣ ਲਈ ਕਾਫੀ ਕੁਝ ਹੈ। ਅੱਜ ਸਾਡੇ ਦੇਸ਼ ਕੋਲ 55 ਲੱਖ ਤੱਕ ਅਧਿਆਪਕ ਲੱਗੇ ਹੋਏ ਹਨ, ਜੋ ਤਕਰੀਬਨ 10 ਲੱਖ ਸਕੂਲਾਂ ਵਿੱਚ ਕੋਈ 2025 ਲੱਖ ਬੱਚਿਆਂ ਨੂੰ ਪੜ੍ਹਾਉਂਦੇ ਹਨ; 82% ਵਸੇਬਿਆਂ ਪਾਸ ਇੱਕ ਕਿਲੋਮੀਟਰ ਦੇ ਘੇਰੇ ਦੇ ਵਿੱਚ ਵਿੱਚ ਪਰਾਇਮਰੀ ਸਕੂਲ ਹੈ; ਤੇ 3 ਕਿਲੋਮੀਟਰ ਦੇ ਘੇਰੇ ਦੇ ਵਿੱਚ ਵਿੱਚ 75% ਵਸੇਬਿਆਂ ਪਾਸ ਉੱਚ ਪਰਾਇਮਰੀ ਸਕੂਲ ਹੈ। ਘੱਟ ਤੋਂ ਘੱਟ ਸਾਡੇ 50% ਬੱਚੇ ਜੋ ਸਕੂਲ ਛੱਡਣ ਵਾਲੇ ਇਮਤਿਹਾਨਾਂ ਵਿੱਚ ਬੈਠਦੇ ਹਨ ਤੇ ਸੈਕੰਡਰੀ ਸਕੂਲ ਪਾਸ ਕਰ ਲੈਂਦੇ ਹਨ।

ਪਰ ਇਹਨਾਂ ਝੁਕਾਵਾਂ ਦੇ ਬਾਵਜੂਦ 37% ਭਾਰਤੀ ਅਨਪੜ੍ਹ ਹਨ। ਕੋਈ 53% ਬੱਚੇ ਮਢਲੀ ਸਿੱਖਿਆ ਦੀ ਪੱਧਰ ਉੱਪਰ ਹੀ ਸਕੂਲ ਛੱਡ ਦਿੰਦੇ ਹਨ। ਸਾਡੇ ਸਕੂਲਾਂ ਵਿੱਚੋਂ ਤਕਰੀਬਨ 75% ਪੇਂਡੂ ਸਕੂਲ ਬਹੁਦਰਜਾ ਸਕੂਲ ਹਨ। ਤੇ ਹੋਰ ਇਹ ਕਿ ਸਾਡੇ ਸਿੱਖਿਆ ਅਮਲ ਦੇ ਕਈ ਪੱਖਾਂ ਬਾਰੇ ਕਾਫੀ ਡੂੰਘੀ ਬੇਚਨੀ ਵੀ ਪਾਈ ਜਾਂਦੀ ਹੈ। ਜਿਵੇਂ ਕਿ:

(ੳ) ਸਾਰਾ ਸਕੂਲ ਪ੍ਰਬੰਧ ਬੜਾ ਲਚਕ ਰਹਿਤ ਹੋ ਚੁੱਕਾ ਹੈ ਤੇ ਇਸ ਵਿੱਚ ਕਿਸੇ ਤਬਦੀਲੀ ਦੀ ਕੋਈ ਗੁੰਜਾਇਸ਼ ਨਹੀਂ ਰਹੀ;

(ਅ) ਸਿੱਖਣ ਇੱਕ ਐਹੋ ਜਿਹਾ ਇੱਕਲਾਪੇਦਾਰ ਕੰਮ ਬਣ ਗਿਆ ਹੈ ਕਿ ਇਹ ਬੱਚਿਆਂ ਨੂੰ ਕਿਸੇ ਸਾਰਥਕ ਢੰਗ ਨਾਲ ਜੀਵਨ ਨਾਲ ਜੁੜਨ ਲਈ ਉਤਸਾਹਿਤ ਨਹੀਂ ਕਰਦਾ;

(ੲ) ਸਕੂਲ ਵਿਚਾਰ ਦਾ ਇੱਕ ਅਜਿਹਾ ਰਾਜ ਸਥਾਪਿਤ ਕਰਦਾ ਹੈ, ਜੋ ਸਿਰਜਨਾਤਮਕ ਸੋਚ ਅਤੇ ਗੂੜ੍ਹੀ ਦ੍ਰਿਸ਼ਟੀ ਦਾ ਉਤਸਾਹ ਤੋੜਦਾ ਹੈ;

(ਸ) ਸਕੂਲਾਂ ਵਿੱਚ ਸਿੱਖਣ ਦੇ ਨਾਮ ਉੱਪਰ ਜੋ ਪੇਸ਼ ਅਤੇ ਸੰਚਾਰਤ ਕੀਤਾ ਜਾਂਦਾ ਹੈ, ਉਹ ਨਵੇਂ ਗਿਆਨ ਨੂੰ ਸਿਰਜਣ ਵਾਲੀ ਮਨੁੱਖੀ ਸਮਰੱਥਾ ਦੀਆਂ ਪਰਤਾਂ ਤੋਂ ਪਾਸੇ ਦੀ ਲੰਘ ਜਾਂਦਾ ਹੈ;

(ਹ) ਬੱਚੇ ਦੇ 'ਭਵਿੱਖ' ਨੇ ਉਸ ਦੇ 'ਵਰਤਮਾਨ' ਦੀ ਸਾਰੀ ਜਗਾਹ ਹਥਿਆ ਲਈ ਹੈ। ਇਹ ਬੱਚੇ ਦੀ ਅਪਣੀ ਭਲਾਈ ਅਤੇ ਸਮਾਜ ਤੇ ਦੇਸ਼ ਦੇ ਲਈ ਬੜਾ ਘਾਤਕ ਹੈ।

ਸਿੱਖਿਆ ਦਾ ਮੂਲ ਮੰਤਵ – ਜੀਵਨ ਨੂੰ ਸਮਝਣ ਅਤੇ ਅਪਣੀਆਂ ਸੁੱਤੀਆਂ ਸੰਭਵਨਾਵਾਂ ਨੂੰ ਉਜਗਰ ਕਰਨ ਵਿੱਚ ਬੱਚਿਆਂ ਦੀ ਮਦਦ ਕਰਨਾ; ਕਿਸੇ ਮਕਸਦ ਦੀ ਪ੍ਰੀਭਾਸ਼ਾ ਕਰਨੀ ਤੇ ਉਸ ਲਈ ਜੁੱਟ ਜਾਣਾਂ ਅਤੇ ਦੂਸਰਿਆਂ ਦੇ ਇਸ ਹੱਕ ਨੂੰ ਸਵੀਕਾਰ ਕਰਨਾ – ਅੱਜ ਵੀ ਨਿਰਸੰਦੇਹ ਅਤੇ ਲੋੜੀਂਦਾ ਹੈ। ਜੇ ਸਾਨੂੰ ਕਿਸੇ ਵੀ ਚੀਜ਼ ਨੂੰ ਦੁਹਰਾਉਂਣ ਦੀ ਲੋੜ ਹੈ ਤਾਂ ਉਹ ਹੈ ਮਨੁੱਖਾਂ ਦੀ ਆਪਸੀ ਨਿਰਭਰਤਾ। ਜਿਵੇਂ ਟੈਗੋਰ ਕਹਿੰਦਾ ਹੈ, ਸਾਨੂੰ ਸਾਡੀ ਸਭ ਤੋਂ ਜ਼ਿਆਦਾ ਖੁਸ਼ੀ ਓਦੋਂ ਮਿਲਦੀ ਹੈ ਜਦ ਅਸੀਂ ਅਪਣੇ ਆਪ ਨੂੰ ਦੂਸਰਿਆਂ ਰਾਹੀਂ ਪਾਉਂਦੇ ਹਾਂ।

ਇਉਂ ਹੀ ਜਰੂਰਤ ਹੈ 'ਬਰਾਬਰੀ' ਦੇ ਸੰਕਲਪ ਪ੍ਰਤੀ ਅਪਣੀ ਪ੍ਰਤਿਬੱਧਤਾ ਨੂੰ ਮੁੜ ਪੱਕਾ ਕਰਨ ਦੀ। ਬਰਾਬਰੀ ਉਸ ਸਭਿਆਚਾਰਕ ਅਤੇ ਸਮਾਜਕ ਵੱਖਰਤਾ ਦੇ ਉਸ ਭੂ-ਵਿਸਥਾਰ ਦੇ ਅੰਤਰਗਤ ਹੋਵੇ ਜਿੱਥੋਂ ਬੱਚੇ ਸਕੂਲ ਦੇ ਫਾਟਕਾਂ ਵਿੱਚ ਪ੍ਰਵੇਸ਼ ਕਰਦੇ ਹਨ। ਇੱਕ ਮੁਕਾਬਲੇਦਾਰ ਆਰਥਕ ਪ੍ਰਬੰਧ ਵਿੱਚ ਨਿੱਜੀ ਅਭਿਲਾਸ਼ਾਵਾਂ ਸਿੱਖਿਆ ਨੂੰ ਮਾਲੀ ਸਫਲਤਾ ਦਾ ਸਾਧਨ ਹੋਣ ਤੱਕ ਘਟਾਅ ਦਿੰਦੀਆਂ ਹਨ। ਉਹ ਸੋਚ ਜੋ ਬੰਦਿਆਂ ਨੂੰ ਕੇਵਲ ਮੁਕਾਬਲੇ ਵਾਲੇ ਰਿਸ਼ਤਿਆਂ ਵਿੱਚ ਧਰ ਦਿੰਦੀ ਹੈ, ਬੱਚਿਆਂ ਉੱਪਰ ਬੇਤਰਕਾ ਬੋਝ ਲੱਦਦੀ ਹੈ ਅਤੇ ਇਉਂ ਕਦਰਾਂ ਕੀਮਤਾਂ ਦਾ ਨਾਸ ਕਰਦੀ ਹੈ। ਇਹ ਇੱਕ ਦੂਜੇ ਪਾਸੋਂ ਸਿਖ ਸਕਣ ਨੂੰ ਵਾਧੂ ਦੀ ਫਜੂਲ ਵਸਤੂ ਬਣਾ ਦਿੰਦੀ ਹੈ। ਸਿੱਖਿਆ ਅਜਿਹੀਆਂ ਕੀਮਤਾਂ ਦਾ ਵਾਧਾ ਕਰਨ ਦੇ ਸਮਰੱਥ ਹੋਣੀ ਚਾਹੀਦੀ ਹੈ ਜੋ ਬਹੁ-ਸਭਿਆਚਾਰਕ ਸਮਾਜ ਵਿੱਚ ਸ਼ਾਂਤੀ, ਮਨੁੱਖੀਪਨ ਅਤੇ ਸਹਿਨਸ਼ੀਲਤਾ ਦਾ ਵਿਕਾਸ ਕਰਵੌਂਦੀਆਂ ਹੋਣ।

ਇਹ ਦਸਤਾਵੇਜ ਇੱਕ ਰੂਪ-ਰੇਖਾ ਮੁਹੱਈਆ ਕਰਾਉਣ ਦੇ ਜਤਨ ਵਿੱਚ ਹੈ, ਜਿਸ ਦੇ ਅੰਤਰਗਤ ਅਧਿਆਪਕ ਅਤੇ ਸਕੂਲ ਉਹਨਾਂ ਅਨੁਭਵਾਂ ਦੀ ਯੋਜਨਾਂ ਬਣਾ ਸਕਦੇ ਹਨ ਜੋ ਉਹ ਸੋਚਦੇ ਹਨ ਕਿ ਬੱਚਿਆਂ ਨੂੰ ਪ੍ਰਾਪਤ ਹੋਣੇ ਚਾਹੀਦੇ ਹਨ। ਸਿੱਖਿਆ ਦੇ ਮੰਤਵ ਹਾਂਸਲ ਕਰ ਸਕਣ ਲਈ ਪਾਠਕ੍ਰਮ ਨੂੰ ਇੱਕ ਅਜਿਹੀ ਸੰਰਚਨਾ ਤਰ੍ਹਾਂ ਸੰਕਲਪਿਤ ਕੀਤਾ ਜਾਵੇ ਜੋ ਲੋੜੀਂਦੇ ਅਨੁਭਵਾਂ ਨੂੰ ਉਚਾਰ ਸਕੇ। ਇਸ ਦੇ ਲਈ ਸਿੱਖਿਆ ਨੂੰ ਕੁਝ ਮੂਲ ਪ੍ਰਸ਼ਨਾਂ ਦਾ ਸਾਹਮਣਾਂ ਕਰਨਾ ਚਾਹੀਦਾ ਹੈ ਜਿਵੇਂ ਕਿ:

(ੳ) ਸਕੂਲਾਂ ਨੂੰ ਸਿੱਖਿਆ ਸਬੰਧੀ ਕਿਹੋ ਜਿਹੇ ਮੰਤਵ ਪ੍ਰਾਪਤ ਕਰਨੇ ਚਾਹੀਦੇ ਹਨ?

(ਅ) ਸਿੱਖਿਆ ਸਬੰਧਿਤ ਕਿਹੋ ਜਿਹੇ ਅਨੁਭਵ ਸੰਭਵ ਕਰਵਾਏ ਜਾਣ ਜੋ ਹਥਲੇ ਮੰਤਵਾਂ ਨੂੰ ਹਾਂਸਲ ਕਰ ਸਕਣ?

(ੲ) ਇਹਨਾਂ ਸਿੱਖਿਆ ਸਬੰਧੀ ਅਨੁਭਵਾਂ ਨੂੰ ਕਿਸ ਅਸਰਦਾਰ ਢੰਗ ਨਾਲ ਸੰਗਠਿਤ ਕੀਤਾ ਜਾਵੇ?

(ਸ) ਅਸੀਂ ਇਹ ਕਿਵੇਂ ਸੁਨਿਸ਼ਚਤ ਕਰ ਸਕਦੇ ਹਾਂ ਕਿ ਸਿੱਖਿਆ ਦੇ ਉਹ ਮੰਤਵ ਸੱਚ-ਮੁੱਚ ਹੀ ਹਾਂਸਲ ਹੋ ਰਹੇ ਹਨ?

‘ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ’ 2000 ਦਾ ਰੀਵਿਊ ਪਾਠਕ੍ਰਮ ਦੇ ਬੱਚਿਆਂ ਉੱਪਰ ਬੋਝ ਦੀ ਸਿਮੱਸਿਆ ਨੂੰ ਧਿਆਨ ਵਿੱਚ ਰੱਖਕੇ ਅਰੰਭ ਕਰਵਾਇਆ ਗਿਆ ਸੀ। ਨੱਬਿਆਂ ਦੇ ਆਰੰਭ ਵਿੱਚ MHRD ਦੀ ਨਿਯੁਕਤ ਕੀਤੀ ਇੱਕ ਕਮੇਟੀ ਨੇ ਇਸ ਸਮੱਸਿਆ ਦਾ ਵਿਸ਼ਲੇਸ਼ਣ ਕਰਦਿਆਂ ਇਸ ਦੀਆਂ ਜੜ੍ਹਾਂ ਸਿੱਖਿਆ ਪ੍ਰਬੰਧ ਵਿਚਲੀ ਗਿਆਨ ਨੂੰ ਸੂਚਨਾਂ ਦੇ ਰੂਪ ਵਿੱਚ ਦੇਖਣ ਦੀ ਪਰਵਿਰਤੀ ਵਿੱਚ ਜਾ ਲੱਭੀਆਂ ਸਨ।

‘ਬੋਝ ਬਿਨ ਸਿੱਖਣਾ’ ਨਾਮੀਂ ਅਪਣੀ ਰਿਪੋਟ ਵਿੱਚ ਕਮੇਟੀ ਨੇ ਧਿਆਨ ਦਵਾਇਆ ਸੀ ਕਿ ਸਿੱਖਣ ਓਨੀਂ ਦੇਰ ਖੇੜੇ ਭਰਿਆ ਅਨੁਭਵ ਨਹੀਂ ਬਣ ਸਕਦਾ, ਜਿੰਨੀਂ ਦੇਰ ਅਸੀਂ ਬੱਚੇ ਨੂੰ ਕੇਵਲ ਗਿਆਨ ਲੈਂਣ ਵਾਲਾ ਮੰਨਣ ਵਾਲੇ ਅਪਣੇ ਵਿਚਾਰ ਨਾਂ ਬਦਲੀਏ, ਤੇ ਪਾਠ-ਪੁਸਤਕਾਂ ਨੂੰ ਇਮਤਿਹਾਨ ਦਾ ਆਧਾਰ ਮੰਨਣ ਵਾਲੀ ਰੀਤ ਤੋਂ ਅੱਗੇ ਨਾ ਤੁਰੀਏ।

ਹਰ ਚੀਜ਼ ਦੀ ਹੀ ਸਿੱਖਿਆ ਦੇਣ ਵਾਲੀ ਮਨਵ੍ਰਿਤੀ ਬੱਚਿਆਂ ਦੇ ਸਿਰਜਣਾਤਮਕ ਸਹਿਜ ਅਤੇ ਉਨ੍ਹਾਂ ਦੀ ਅਨੁਭਵ ਵਿੱਚੋਂ ਗਿਆਨ ਸਿਰਜਣ ਦੀ ਸਮਰਥਾ ਉੱਪਰ ਸਾਡਾ ਭਰੋਸਾ ਨਾ ਹੋਣ ਵਿੱਚੋਂ ਉੱਠਦੀ ਹੈ। ਪਾਠ-ਪੁਸਤਕਾਂ ਦਾ ਆਕਾਰ ਸਾਲਾਂ ਬੱਧੀ ਵਧਦਾ ਗਿਆ ਹੈ। ਇੱਥੋਂ ਤੱਕ ਕਿ ਨਵੇਂ ਵਿੱਸ਼ੇ ਸ਼ਾਮਿਲ ਕਰਨ ਦਾ ਦਬਾਅ ਵਧੀ ਜਾਣ ਦੇ ਨਾਲ ਗਿਆਨ ਨੂੰ ਸੰਗਠਿਤ ਕਰਨ ਅਤੇ ਇਸ ਨੂੰ ਇੱਕ ਸੰਪੂਰਣਤਾ ਤਰ੍ਹਾਂ ਦੇਖਣ ਦੇ ਜਤਨ ਵੀ ਕਮਜੋਰ ਹੁੰਦੇ ਗਏ ਹਨ। ਢਿੱਲੜ ਜਿਹੀਆਂ ਪਾਠ-ਪੁਸਤਕਾਂ ਅਤੇ ਜਿਸ ਸਿਲੇਬਸ ਨੂੰ ਉਹ ਸਮੇਟਦੀਆਂ ਹਨ, ਸਿਸਟਮ ਦੀ ਉਸ ਅਸਫਲਤਾ ਵੱਲ ਸੰਕੇਤ ਕਰਦੀਆਂ ਹਨ ਜੋ ਬੱਚਿਆਂ ਨੂੰ ਬੱਚਾ-ਕੇਂਦਰਤ ਢੰਗ ਨਾਲ ਸੰਬੋਧਿਤ ਨਹੀਂ ਹੋ ਸਕਦਾ।

ਜੋ ਸੱਜਣ ਐਂਸਾਈਕਲੋਪੀਡੀਆ ਦੇ ਆਕਾਰ ਦੀਆਂ ਪਾਠ-ਪੁਸਤਕਾਂ ਲਿਖਦੇ ਹਨ, ਉਹ ਇੱਕ ਪ੍ਰਚਲਤ ਧਾਰਣਾ ਵਿੱਚ ਫਸੇ ਹੁੰਦੇ ਹਨ ਕਿ ਗਿਆਨ ਦਾ ਧਮਾਕਾ ਪੈ ਚੁੱਕਾ ਹੈ। ਇਸ ਕਰਕੇ ਦੂਜੇ ਦੇਸ਼ਾਂ ਦੇ ਨਾਲ ਬਰਾਬਰੀ ਕਰਨ ਦੇ ਲਈ ਬਹੁਤ ਸਾਰਾ ਗਿਆਨ ਬਾਲਾਂ ਦੇ ਗਲੇ ਵਿੱਚ ਟੂਸ ਦਿੱਤਾ ਜਾਵੇ। ‘ਬੋਝ ਬਿਨ ਸਿੱਖਣਾ’ ਨੇ ਸਿਲੇਬਸ ਅਤੇ ਪਾਠ-ਪੁਸਤਕਾਂ ਦੀ ਬਣਤਰ ਬਾਰੇ, ਅਤੇ ਉਸ ਸਮਾਜਕ ਮਹੌਲ ਨੂੰ ਬਦਲਣ ਬਾਰੇ ਇੱਕ ਬੜੀ ਵਡੀ ਸਫਾਰਸ਼ ਕੀਤੀ ਹੈ। ਇਹ ਸਾਰਾ ਕੁਝ ਬੱਚਿਆਂ ਉੱਪਰ ਹਲਮਾਵਰ ਢੰਗ ਨਾਲ ਮੁਕਾਬਲਾ ਕਰਨ ਯੋਗ ਅਤੇ ਅਧੂਰਾਪਨ ਦਿਖਾਉਣ ਲਈ ਬੋਝ ਪਾਉਂਦਾ ਹੈ।

ਸਿੱਖਿਆ ਨੂੰ ਬੱਚੇ ਦੇ ਸਿਰਜਣਾਤਮਕ ਸੁਭਾਅ ਤੋਂ ਇੱਕ ਸਾਧਨ ਦੇ ਰੂਪ ਵਿੱਚ ਕੰਮ ਵਿੱਚ ਲੈਂਣ ਲਈ ਇਸ ਰਿਪੋਟ ਨੇ ਕਿਹਾ ਹੈ। ਸਕੂਲ ਦੇ ਪਾਠਕ੍ਰਮ ਨੂੰ ਸੰਗਠਿਤ ਕਰਨ ਦੇ ਮਸਲੇ ਬਾਰੇ, ਅਤੇ ਇਮਤਿਹਾਨ ਪ੍ਰਬੰਧ ਜੋ ਬੱਚਿਆਂ ਨੂੰ ਸੂਚਨਾਂ ਯਾਦ ਕਰਕੇ ਉਗਲੱਛ ਦੇਣ ਦੇ ਲਈ ਮਜਬੂਰ ਕਰਦਾ ਹੈ, ਉਸ ਬਾਰੇ ਵੀ ਇੱਕ ਮੂਲ ਤਬਦੀਲੀ ਦੀ ਸਿਫਾਰਸ਼ ਕੀਤੀ ਹੈ। ਅਜਿਹਾ ਸਿੱਖਣ ਜੋ ਬੜੇ ਮਸ਼ੀਨੀਂ ਢੰਗ ਨਾਲ ਇਮਤਿਹਾਨ ਲਏ ਜਾਣ ਖਾਤਰ

ਹੋਵੇ, ਨਿਆਣੇ ਹੋਣ ਦੀ ਖੁਸ਼ੀ ਖੋਹ ਲੈਂਦਾ ਹੈ। ਇਹ ਸਕੂਲੀ ਗਿਆਨ ਦਾ ਹਰ ਰੋਜ਼ ਦੇ ਅਨੁਭਵ ਨਾਲੋਂ ਨਾਤਾ ਤੋੜ ਦਿੰਦਾ ਹੈ। ਇਸ ਸੰਰਚਨਾਤਮਕ ਸਮੱਸਿਆ ਨਾਲ ਨਜਿੱਠਣ ਲਈ ਹਥਲਾ ਦਸਤਾਵੇਜ਼ 'ਬੋਝ ਬਿਨ ਸਿੱਖਣਾ' ਤੋਂ ਮਦਦ ਵੀ ਲੈਂਦਾ ਹੈ ਅਤੇ ਉਸ ਵਿਚਲੀਆਂ ਦ੍ਰਿਸ਼ਟੀਆਂ ਦਾ ਵਿਸਥਾਰ ਵੀ ਕਰਦਾ ਹੈ।

ਨਿਰਧਾਰਤ ਹੁਕਮ ਦੇਣ ਦੀ ਥਾਂ ਇਹ ਦਸਤਾਵੇਜ਼ ਸਿਲੇਬਸ, ਪਾਠ-ਪੁਸਤਕਾਂ ਅਤੇ ਇਮਤਿਹਾਨਾਂ ਦੇ ਸੁਧਾਰਾਂ ਨੂੰ ਉਲੀਕਣ ਵਿੱਚ ਲੱਗੇ ਅਧਿਆਪਕਾਂ, ਅਧਿਕਾਰੀਆਂ ਅਤੇ ਹੋਰ ਅਜੈਂਸੀਆਂ ਨੂੰ ਤਾਰਕਿਕ ਚੋਣਾਂ ਕਰਨ ਅਤੇ ਫੈਸਲੇ ਲੈਣ ਦੇ ਯੋਗ ਬਨਾਉਂਣ ਦੀ ਕੋਸ਼ਿਸ਼ ਕਰਦਾ ਹੈ। ਇਹ ਉਹਨਾਂ ਦੀ ਸਥਾਨ ਸਾਰਥਿਕ ਨਵੇਂ ਅੰਦਾਜ਼ ਦੇ ਪ੍ਰੋਗਰਾਮ ਬਨਾਉਣ ਅਤੇ ਲਾਗੂ ਕਰਨ ਵਿੱਚ ਵੀ ਮਦਦ ਕਰੇਗਾ। ਪਾਠਕ੍ਰਮ ਦੇ ਨਵੀਨੀਂਕਰਣ ਦੀਆਂ ਚਨੌਤੀਆਂ ਨੂੰ ਵਰਤਮਾਨ ਦੇ ਸਮਾਜਕ ਯਥਾਰਥ ਨਾਲ ਸੰਧਰਭਤ ਕਰਕੇ, ਇਹ ਦਸਤਾਵੇਜ਼ ਕੁਝ ਉਹਨਾਂ ਖਾਸ ਸਮੱਸਿਆਵਾਂ ਵੱਲ ਧਿਆਨ ਦਵਾਉਂਦਾ ਹੈ, ਜੋ ਬੜੇ ਕਲਪਨਾਂਸ਼ੀਲ ਹੁੰਗਾਰੇ ਦੀ ਮੰਗ ਕਰਦੀਆਂ ਹਨ।

ਸਾਡੀ ਉਮੀਦ ਹੈ ਕਿ ਇਹ ਸੁਧਾਰ ਦੀਆਂ ਚੱਲ ਰਹੀਆਂ ਉਹਨਾਂ ਪਰਕ੍ਰਿਆਵਾਂ ਨੂੰ ਹੋਰ ਮਜਬੂਤ ਕਰੇਗਾ, ਜਿਨ੍ਹਾਂ ਵਿੱਚ ਫੈਸਲੇ ਲੈਂਣ ਦੀ ਅਧਿਆਪਕ ਅਤੇ ਚੁਣੀਆਂ ਹੋਈਆਂ ਸਥਾਨਕ ਸਮਤੀਆਂ ਨੂੰ ਖੁੱਲ੍ਹ ਆਦਿ ਸ਼ਾਮਿਲ ਹਨ। ਨਾਲ ਹੀ ਇਹ ਪਾਠ-ਪੁਸਤਕਾਂ ਦੀ ਬਹੁਲਤਾ ਅਤੇ ਇਮਤਿਹਾਨ ਪ੍ਰਬੰਧ ਦੀ ਤੁਰੰਤ ਸੋਧ ਵਰਗੇ ਕਈ ਨਵੇਂ ਤੇ ਧਿਆਨਯੋਗ ਖੇਤਰਾਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ।

## 1.2 ਪਿਛੋਕੜ

ਮਹਾਤਮਾਂ ਗਾਂਧੀ ਨੇ ਸਿੱਖਿਆ ਨੂੰ ਸਮਾਜ ਨੂੰ ਜਕੜਣ ਵਾਲੇ ਅਨਿਆਂ, ਹਿੰਸਾ ਅਤੇ ਨਾਂਬਰਾਬਰੀ ਪ੍ਰਤੀ ਦੇਸ਼ ਦੀ ਆਤਮਾਂ ਜਗਾਉਂਣ ਦੇ ਸਾਧਨ ਤਰ੍ਹਾਂ ਚਿਤਵਿਆ ਸੀ। 'ਨਈ ਤਾਲੀਮ' ਨੇ ਆਤਮ ਨਿਰਭਰਤਾ ਅਤੇ ਮਨੁੱਖ ਦੇ ਸਨਮਾਨ ਪੁਰ ਜੋਰ ਦਿੱਤਾ, ਜੋ ਸਮਾਜ ਦੇ ਅੰਦਰ ਤੇ ਬਾਹਰ ਅਹਿੰਸਾ ਉੱਪਰ ਟਿਕੇ ਸਮਾਜੀ ਰਿਸ਼ਤਿਆਂ ਦਾ ਆਧਾਰ ਬਣਨੇ ਸਨ।

ਗਾਂਧੀ ਜੀ ਨੇ ਸਿਫਾਰਸ਼ ਕੀਤੀ ਸੀ ਕਿ ਇਸ ਕੰਮ ਵਿੱਚ ਨਜ਼ਦੀਕੀ ਮਹੌਲ ਦੀ ਵਰਤੋਂ ਕੀਤੀ ਜਾਵੇ। ਸਮਾਜ ਦੇ ਬਦਲਾਉ ਦੀ ਦ੍ਰਿਸ਼ਟੀ ਵਿੱਚ ਬੱਚੇ ਦਾ ਸਮਾਜੀਕਰਣ ਕਰਨ ਲਈ ਮਾਂ ਬੋਲੀ ਅਤੇ ਕੰਮਕਾਰ ਨੂੰ ਵਰਤਿਆ ਜਾਵੇ। ਗਾਂਧੀ ਜੀ ਨੇ ਇੱਕ ਅਜਿਹੇ ਭਾਰਤ ਦਾ ਸੁਪਨਾਂ ਲਿਆ ਜਿਸ ਵਿੱਚ ਹਰ ਮਨੁੱਖ ਅਪਣੇ ਹੁਨਰ ਅਤੇ ਸੰਭਾਵਨਾਵਾਂ ਨੂੰ ਖੋਜੇ ਤੇ ਪਰਵਾਨ ਚੜ੍ਹਾਵੇ। ਦੂਜਿਆਂ ਨਾਲ ਰਲਕੇ ਵਿਸ਼ਵ ਦੇ ਮੁੜਨਿਰਮਾਣ ਹਿੱਤ ਕੰਮ ਕਰੇ – ਵਿਸ਼ਵ ਜੋ ਗਰੱਸਿਆ ਪਿਆ ਹੈ ਦੇਸ਼ਾਂ ਵਿਚਕਾਰ, ਸਮਾਜ ਦੇ ਅੰਦਰ, ਮਨੁੱਖਤਾ ਅਤੇ ਕੁਦਰਤ ਵਿਚਕਾਰ ਝਗੜਿਆਂ ਵਿੱਚ।

ਸੁਤੰਤਰਤਾ ਮਿਲਣ ਤੋਂ ਬਾਅਦ ਸਿੱਖਿਆ ਬਾਰੇ ਜੋ ਖਾਦਸ਼ੇ ਆਜ਼ਾਦੀ ਲਈ ਜਦੋਜਹਿਦ ਦੇ ਦੌਰਾਨ ਉਠਾਏ ਗਏ ਸਨ, ਉਹਨਾਂ ਉੱਪਰ 'ਸੈਕੰਡਰੀ ਸਿੱਖਿਆ ਕਮਿਸ਼ਨ' (1953) ਅਤੇ 'ਸਿੱਖਿਆ ਕਮਿਸ਼ਨ' (1964-66) ਵਰਗੇ ਰਾਸ਼ਟਰੀ ਕਮਿਸ਼ਨਾਂ ਨੇ ਪੁਨਰ ਵਿਚਾਰ ਕੀਤੀ। ਇਹਨਾਂ ਦੋਨਾਂ ਕਮਿਸ਼ਨਾਂ ਨੇ ਮਹਤਾਮਾਂ ਗਾਂਧੀ ਦੇ ਸਿੱਖਿਆ ਸਬੰਧੀ ਫਲਸਫੇ ਵਿੱਚੋਂ ਉੱਘੜਦੇ ਮੂਲ ਵਿਸ਼ਿਆਂ ਦਾ ਬਦਲੇ ਹੋਏ ਸਮਾਜਕ-ਰਾਜਨੀਤਕ ਸੰਧਰਭ ਦੇ ਅੰਤਰਗਤ ਰਾਸ਼ਟਰੀ ਨਿਰਮਾਣ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਵਿਸਥਾਰ ਪੇਸ਼ ਕੀਤਾ।

ਭਾਰਤੀ ਸਵਿਧਾਨ ਦੇ ਅੰਤਰਗਤ 1976 ਤੱਕ ਸਿੱਖਿਆ ਦੇ ਖੇਤਰ ਵਿੱਚ ਰਾਜ ਸਰਕਾਰਾਂ ਨੂੰ ਇਹ ਖੁੱਲ੍ਹ ਸੀ ਕਿ ਉਹ ਅਪਣੇ ਰਾਜ ਦੀਆਂ ਹੱਦਾਂ ਅੰਦਰ ਸਕੂਲੀ ਸਿੱਖਿਆ ਨਾਲ ਸਬੰਧਿਤ ਸਾਰੇ ਮਸਲਿਆਂ ਬਾਰੇ, ਪਾਠਕ੍ਰਮ ਬਾਰੇ ਵੀ ਅਪਣੇ ਫੈਸਲੇ ਖੁਦ ਲੈਂਣ। ਕੇਂਦਰ ਕੇਵਲ ਨੀਤੀ ਸਬੰਧੀ ਮਸਲਿਆਂ ਬਾਰੇ ਰਾਜਾਂ ਨੂੰ ਸੁਲਾਹ ਮਸ਼ਵਰਾ ਹੀ ਦੇ ਸਕਦਾ ਸੀ। ਇਹ ਉਹੀ ਹਾਲਾਤ ਸਨ ਜਿੰਨ੍ਹਾਂ ਦੇ ਚਲਦਿਆਂ 1968 ਵਾਲੀ 'ਰਾਸ਼ਟਰੀ ਸਿੱਖਿਆ ਨੀਤੀ' ਵਰਗੀਆਂ ਮੁਢੱਲੀਆਂ ਕੋਸ਼ਿਸ਼ਾਂ ਸਾਹਮਣੇ ਆਈਆਂ, ਅਤੇ 1975 ਵਿੱਚ NCERT ਰਾਹੀਂ ਪਾਠਕ੍ਰਮ ਦਾ ਢਾਂਚਾ ਤਿਆਰ ਕੀਤਾ ਗਿਆ। ਸਿੱਖਿਆ ਨੂੰ 'ਕਰੰਟ ਲਿਸਟ' ਵਿੱਚ ਰੱਖਣ ਲਈ 1976 ਵਿੱਚ ਸਵਿਧਾਨ ਦਾ ਸੰਸ਼ੋਧਨ ਕੀਤਾ ਗਿਆ ਅਤੇ ਸਭ ਤੋਂ ਪਹਿਲੀ ਵਾਰ 1986 ਵਿੱਚ ਸਾਰੇ ਦੇ ਸਾਰੇ ਦੇਸ਼ ਨੂੰ ਇੱਕ-ਸਮਾਨ 'ਸਿੱਖਿਆ ਦੀ ਰਾਸ਼ਟਰੀ ਨੀਤੀ' ਪ੍ਰਾਪਤ ਹੋਈ।

'ਸਿੱਖਿਆ ਦੀ ਰਾਸ਼ਟਰੀ ਨੀਤੀ' (1986) ਨੇ ਸਮੁੱਚੇ ਦੇਸ਼ ਭਰ ਵਿੱਚ ਸਕੂਲ ਪਾਠਕ੍ਰਮ ਲਈ ਇੱਕ ਸਾਂਝਾ ਬੀਜਰੂਪ ਹੋਣ ਦੀ ਸਫਾਰਿਸ਼ ਕੀਤੀ। ਇਸ ਨੀਤੀ ਨੇ NCERT ਨੂੰ 'ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ' ਵਿਕਸਤ ਕਰਨ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ, ਅਤੇ ਕਿਹਾ ਕਿ ਉਹ ਤਿਆਰ ਹੋਏ ਢਾਂਚੇ ਦਾ ਕੁਝ ਸਮੇਂ ਦੇ ਅੰਤਰ ਤੋਂ ਬਾਅਦ ਰੀਵਿਊ ਕਰਦੀ ਰਵ੍ਹੇ।

NCERT ਨੇ ਅਪਣੇ ਇਸ ਪਾਠਕ੍ਰਮ ਨਾਲ ਸਬੰਧਿਤ ਕੰਮ ਨੂੰ ਚਾਲੂ ਰੱਖਦਿਆਂ 1975 ਤੋਂ ਬਾਅਦ ਕਈ ਅਧਿਅਨ ਕਰਵਾਏ, ਸੁਲਾਹ ਮਸ਼ਵਰੇ ਕੀਤੇ, ਅਤੇ ਅਪਣੀਆਂ ਗਤੀਵਿਧੀਆਂ ਦੇ ਹਿੱਸੇ ਵਜੋਂ 1984 ਵਿੱਚ 'ਪਾਠਕ੍ਰਮ ਦੀ ਰੂਪਰੇਖਾ' ਦਾ ਇੱਕ ਖਾਕਾ ਤਿਆਰ ਕੀਤਾ। ਇਸ ਜਤਨ ਦਾ ਉਦੇਸ਼ ਸਾਰੇ ਦੇ ਸਾਰੇ ਦੇਸ਼ ਵਿਚਲੀ ਸਕੂਲੀ ਸਿੱਖਿਆ ਨੂੰ ਗੁਣਵੱਤਾ ਦੇ ਪੱਧਰ 'ਤੇ ਤੁਲਨਾਯੋਗ ਬਣਾ ਦੇਣ ਦਾ ਸਾਧਨ ਬਨਾਉਣਾ ਸੀ। ਨਾਲ ਹੀ ਦੇਸ਼ ਦੇ ਬਹੁਲਤਾਵਾਦੀ ਸੁਭਾਅ ਨਾਲ ਕੋਈ ਸਮਝੌਤਾ ਕੀਤੇ ਬਿਨਾਂ ਇਸ ਨੂੰ ਦੇਸ ਦੀ ਏਕਤਾ ਅਤੇ ਅਖੰਡਤਾ ਨੂੰ ਪੱਕਾ ਕਰਨ ਦਾ ਸਾਧਨ ਬਨਾਉਣਾ ਸੀ।

ਐਹੋ ਜਿਹੇ ਅਨੁਭਵ ਦੇ ਅਧਾਰ ਉੱਪਰ ਇਸ ਕੌਂਸਲ ਦਾ ਕੰਮ 1988 ਵਿੱਚ 'ਸਕੂਲ ਸਿੱਖਿਆ ਲਈ ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ' ਦੇ ਰੂਪ ਵਿੱਚ ਪਰਵਾਨ ਚੜ੍ਹਿਆ। ਪਰ ਜਦ ਇਸ ਰੂਪ-ਰੇਖਾ ਨੂੰ ਕਈ ਅਧਿਅਨਾਂ ਅਤੇ ਪਾਠ-ਪੁਸਤਕਾਂ ਦੇ ਰੂਪ ਵਿੱਚ ਤੇਜੀ ਨਾਲ ਬਦਲਦੇ ਵਿਕਾਸਸ਼ੀਲ ਸੰਧਰਭ ਦੇ ਪਰਸੰਗ ਵਿੱਚ ਉਚਾਰਿਆ ਗਿਆ ਤਾਂ ਸਿੱਟਾ ਇਹ ਹੋਇਆ ਕਿ ਇਸ ਨਾਲ 'ਪਾਠਕ੍ਰਮ ਦਾ ਬੋਝ' ਹੋਰ ਵਧ ਗਿਆ। ਇਸ ਨਾਲ ਸਕੂਲ ਦੀ ਸਿੱਖਿਆ ਨਿਆਣੇ ਬਾਲਾਂ ਦੇ ਮਨਾਂ ਅਤੇ ਜਿਸਮਾਂ ਉੱਪਰ ਬੋਝ ਹੋਰ ਵਧਣ ਦਾ ਕਾਰਣ ਆ ਬਣੀ। ਉਹ ਵੀ ਬੱਚਿਆਂ ਦੇ ਬਾਲਪਣ ਅਤੇ ਨੀਮ-ਜਵਾਨੀ ਵਾਲੇ ਰਚਨਾਤਮਕ ਸਾਲਾਂ ਦੇ ਦੌਰਾਨ। ਪ੍ਰੋਫੈਸਰ ਯਸ਼ ਪਾਲ ਦੀ ਪ੍ਰਧਾਨਗੀ ਦੇ ਅਧੀਨ ਬਣੀ ਕਮੇਟੀ ਨੇ ਅਪਣੀ 'ਬੋਝ ਬਿਨ ਸਿੱਖਣਾ' 1993 ਨਾਮੀਂ ਰਿਪੋਟ ਵਿੱਚ ਇਹ ਪੱਖ ਬੜੀ ਇੱਕਸਾਰਤਾ ਨਾਲ ਪੇਸ਼ ਕੀਤਾ ਹੈ।

## 1.3 ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ

'ਸਿੱਖਿਆ ਦੀ ਰਾਸ਼ਟਰੀ ਨੀਤੀ'' 1986 ਦੀਆਂ ਸਫਾਰਸ਼ਾਂ ਤਾਂ ਸਨ ਕਿ ਉਹਨਾਂ ਯੋਗਤਾਵਾਂ ਦੀ ਪਛਾਣ ਕੀਤੀ ਜਾਵੇ ਅਤੇ ਉਹ ਕਦਰਾਂ ਕੀਮਤਾਂ ਲੱਭੀਆਂ ਜਾਣ, ਜਿਨ੍ਹਾਂ ਨੂੰ ਭਿੰਨ ਭਿੰਨ ਪੜਾਵਾਂ ਉੱਪਰ ਹੋਰ ਪੁਖਤਾ ਕੀਤਾ ਜਾ ਸਕੇ। ਪਰ ਸਕੂਲੀ ਸਿੱਖਿਆ ਵਿੱਚ ਹੋਇਆ ਕੁਝ ਹੋਰ ਹੀ। ਸਿੱਖਿਆ ਉਹਨਾਂ ਇਮਤਿਹਾਨਾਂ ਵਿੱਚ ਦਾਅ ਉੱਤੇ ਲੱਗ ਗਈ ਜੋ ਸੂਚਨਾਂ ਨਾਲ ਲੱਦੀਆਂ ਹੋਈ ਪਾਠ-ਪੁਸਤਕਾਂ ਦੇ ਉੱਪਰ ਟਿਕੇ ਹੋਏ ਸਨ। 'ਪਾਠਕ੍ਰਮ ਦੀ ਰੂਪ-ਰੇਖਾ 2000' ਦੇ ਰੀਵਿਊ ਦੇ ਬਾਵਜੂਦ ਪਾਠਕ੍ਰਮ ਦਾ ਬੋਝ ਅਤੇ ਇਮਤਿਹਾਨਾਂ ਦੇ ਜੁਲਮ ਵਰਗੇ ਵਿਵਾਦ ਗ੍ਰਸਤ ਮੁੱਦਿਆਂ ਦਾ ਕੋਈ ਸਮਾਧਾਨ ਨਾ ਨਿੱਕਲ ਸਕਿਆ।

ਇਸੇ ਹੀ ਰੀਵਿਊ ਦਾ ਇਹ ਹਥਲਾ ਜਤਨ ਇਸ ਖੇਤਰ ਵਿੱਚ ਹਾਂਵਾਦੀ ਅਤੇ ਨਾਂਹਵਾਦੀ ਦੋਨੋਂ ਪਰਕਾਰ ਦੀਆਂ ਪ੍ਰਾਪਤੀਆਂ ਤੋਂ ਸੁਚੇਤ ਰਹਿਕੇ, ਸਦੀ ਬਦਲਣ ਦੀ ਇਸ ਸੰਧਿਆ ਵੇਲੇ, ਸਕੂਲੀ ਸਿੱਖਿਆ ਦੀਆਂ ਭਵਿੱਖ ਦੀਆਂ ਜਰੂਰਤਾਂ ਨੂੰ ਸੰਬੋਧਿਤ ਹੈ। ਇਸ ਜਤਨ ਵਿੱਚ ਕਿੰਨੀਆਂ ਸਾਰੀਆਂ ਅੰਤਰ-ਸਬੰਧਿਤ ਪਰਤਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਜਿਵੇਂ ਕਿ ਸਿੱਖਿਆ ਦੇ ਨਿਛਾਨੇ, ਬੱਚਿਆਂ ਦਾ ਸਮਾਜਕ ਮਹੌਲ, ਗਿਆਨ ਦਾ ਸੁਭਾਅ, ਇਸ ਦੇ ਵਿਆਪਕ ਅਰਥਾਂ ਵਿੱਚ ਮਨੁੱਖੀ ਪ੍ਰਗਤੀ ਦਾ ਸੁਭਾਅ ਅਤੇ ਮਨੁੱਖ ਦੇ ਸਿੱਖਣ ਦੀ ਪ੍ਰਕਿਰਿਆ।

ਪ੍ਰੀਭਾਸ਼ਕ ਸ਼ਬਦ 'ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ' ਦੇ ਅਕਸਰ ਗਲਤ ਅਰਥ ਲਗਾ ਲਏ ਜਾਂਦੇ ਹਨ। ਇਹ ਸਮਝਿਆ ਜਾਂਦਾ ਹੈ ਪਈ ਇਹ ਕੋਈ ਇੱਕਸਾਰਤਾ ਦਾ ਸੰਦ ਪ੍ਰਸਤਾਵਿਤ ਕੀਤਾ ਜਾ ਰਿਹਾ ਹੋਵੇ। ਜਿਸ ਤਰ੍ਹਾਂ 'ਸਿਖਿਆ ਦੀ ਰਾਸ਼ਟਰੀ ਨੀਤੀ' 1986 ਅਤੇ 'ਕਾਰਜ ਪ੍ਰੋਗਰਾਮ' 1992 ਵਿੱਚ ਸਪਸ਼ਟ ਕੀਤਾ ਗਿਆ ਸੀ, ਇਰਾਦਾ ਇਸ ਦੇ ਬਿਲਕੱਲ ਉਲਟ ਹੈ।

'ਸਿਖਿਆ ਦੀ ਰਾਸ਼ਟਰੀ ਨੀਤੀ' 1986 ਨੇ ਰਾਸ਼ਟਰੀ ਪਾਠਕ੍ਰਮ ਦੇ ਲਈ ਇੱਕ ਰੂਪਰੇਖਾ ਪ੍ਰਸਤਾਵਿਤ ਕੀਤੀ ਗਈ ਸੀ। ਇਸ ਨਾਲ ਸਿੱਖਿਆ ਦਾ ਇੱਕ ਅਜਿਹਾ ਰਾਸ਼ਟਰੀ ਪ੍ਰਬੰਧ ਤਿਆਰ ਹੋ ਜਾਣਾਂ ਸੀ ਜੋ ਭਾਰਤ ਦੀ ਭੂਗੋਲਿਕ ਵੱਖਰਤਾ ਅਤੇ ਸਭਿਆਚਾਰਕ ਪਾਸਾਰਾਂ ਪ੍ਰਤੀ ਅਗਰੱਸਰ ਹੁੰਦਾ। ਇਸ ਨਾਲ ਅਕਾਦਮਿਕ ਹਲਕਿਆਂ ਦੇ ਨਾਲ ਨਾਲ ਕਦਰਾਂ-ਕੀਮਤਾਂ ਦਾ ਇੱਕ ਮੂਲ ਸਰੂਪ ਵੀ ਸਾਂਭਿਆ ਰਹਿ ਸਕਦਾ ਹੈ:

> " 'ਸਿਖਿਆ ਦੀ ਰਾਸ਼ਟਰੀ ਨੀਤੀ' ਅਤੇ 'ਕਾਰਜ ਪ੍ਰੋਗਰਾਮ' ਨੇ ਸੰਪੂਰਣ ਦਾਖਲਾ ਅਤੇ ਬੱਚੇ ਦੀ 14 ਸਾਲਾਂ ਦੀ ਉਮਰ ਤੱਕ ਮੁਕੰਮਲ ਹਾਜ਼ਰੀ ਸੰਭਵ ਕਰਨ ਦੀ ਖਾਤਰ, ਸਕੂਲੀ ਸਿੱਖਿਆ ਦੀ ਗੁਣਵੱਤਾ ਵਿੱਚ ਚੰਗਾ ਚੋਖਾ ਸੁਧਾਰ ਲਿਆਉਂਣ ਲਈ ਇੱਕ ਬੱਚਾ-ਕੇਂਦਰਤ ਪਹੁੰਚ ਦੀ ਧਾਰਣਾ ਬਣਾਈ "। ('ਕਾਰਜ ਪ੍ਰੋਗਰਾਮ' ਪੰ: 77)।

'ਸਿਖਿਆ ਦੀ ਰਾਸ਼ਟਰੀ ਨੀਤੀ' ਦੀ ਸਾਰਥਿਕਤਾ, ਨਰਮੀਂ ਅਤੇ ਗੁਣਵੱਤਾ ਵਾਲੀ ਮੂਲ ਦ੍ਰਿਸ਼ਟੀ ਨੂੰ ਹੋਰ ਵਿਸਥਾਰ ਦੇਕੇ 'ਕਾਰਜ ਪ੍ਰੋਗਰਾਮ' ਨੇ ਇਸ ਨੂੰ ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ ਦੇ ਢਾਂਚੇ ਦੀ ਇੱਕ ਵਿਸ਼ੇਸ਼ਤਾ ਤਰ੍ਹਾਂ ਪੇਸ਼ ਕੀਤਾ। ਇਉਂ ਇਹਨਾਂ ਦੋਨਾਂ ਦਸਤਾਵੇਜ਼ਾਂ ਨੇ ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ ਨੂੰ ਸਿੱਖਿਆ ਪ੍ਰਬੰਧ ਨੂੰ ਆਧੁਨਿਕ ਬਨਾਉਂਣ ਦੇ ਸਾਧਨ ਦੇ ਰੂਪ ਵਿੱਚ ਉਲੀਕਿਆ।

## 1.4 ਮਾਰਗ ਦਰਸ਼ਨ ਦੇ ਨੇਮ

ਲੋੜ ਹੈ ਕਿ ਅਸੀਂ ਯੋਜਨਾਂਬੱਧ ਤਰੀਕੇ ਨਾਲ ਕੁਝ ਪ੍ਰਬੰਧਿਕੀ ਮੁੱਦਿਆਂ ਵੱਲ ਧਿਆਂਨ ਦੇਈਏ, ਤਾਂ ਜੋ ਸਾਨੂੰ ਉਹਨਾਂ ਮੁੱਲਵਾਨ ਵਿਚਾਰਾਂ ਨੂੰ ਲਾਗੂ ਕਰਨ ਵਿੱਚ ਮਦਦ ਮਿਲ ਸਕੇ ਜੋ ਭੂਤਕਾਲ ਵਿੱਚ ਪਹਿਲਾਂ ਹੀ ਉਚਾਰੇ ਜਾ ਚੁੱਕੇ ਹਨ। ਉਹਨਾਂ ਵਿੱਚੋਂ ਸਰਵ-ਉੱਚ ਵਿਚਾਰ ਇਹ ਹਨ:

- ਗਿਆਨ ਨੂੰ ਸਕੂਲ ਤੋਂ ਬਾਹਰਲੀ ਜ਼ਿੰਦਗੀ ਨਾਲ ਜੋੜਨਾਂ,
- ਸਿੱਖਣ ਨੂੰ ਘੋਟਾ ਲਾਉਣ ਵਾਲੇ ਤਰੀਕਿਆਂ ਤੋਂ ਲਾਂਭੇ ਕਰ ਦੇਣਾਂ,
- ਪਾਠਕ੍ਰਮ ਨੂੰ ਇਸ ਪ੍ਰਕਾਰ ਅਮੀਰ ਬਨਾਉਣਾਂ ਕਿ ਬੱਚਿਆਂ ਦਾ ਬਹੁਪੱਖੀ ਵਿਕਾਸ ਸੰਭਵ ਹੋ ਸਕੇ, ਨਾ ਕਿ ਉਹ ਪਾਠ-ਪੁਸਤਕਾਂ ਦੇ ਕੀੜੇ ਹੋ ਕੇ ਰਹਿ ਜਾਣ, ਅਤੇ
- ਇਮਤਿਹਾਨਾਂ ਨੂੰ ਹੋਰ ਲਚਕੀਲਾ ਬਣਾਕੇ ਉਹਨਾਂ ਦਾ ਜਮਾਤ ਵਿਚਲੇ ਜੀਵਨ ਨਾਲ ਸਮਤੋਲ ਬੈਠਾਅ ਦੇਣਾਂ।
- ਗਣਤੰਤਰੀ ਦੇਸ਼ ਦੇ ਸਿਆਸੀ ਢਾਂਚੇ ਦੇ ਅਪਣੇ ਮੁੱਲਾਂ ਪ੍ਰਤੀ ਬੜਾ ਗਹੁ ਦੇਣ ਵਾਲੀ ਇੱਕ ਨਿੱਡਰ ਪਛਾਣ ਦਾ ਪਾਲਣ ਪੋਸਣ ਕਰਨਾ।

ਇਸ ਵਰਤਮਾਨ ਸੰਧਰਭ ਵਿੱਚ ਕਈ ਭਾਂਤ ਦੀ ਨਵੀਂ ਤਰੱਕੀ ਦੇ ਮੁੱਦੇ ਸਾਹਮਣੇ ਆਏ ਹਨ, ਜਿੰਨ੍ਹਾਂ ਪ੍ਰਤੀ ਸਾਡੇ ਪਾਠਕ੍ਰਮ ਨੇ ਉੱਤਰਦਾਈ ਹੋਣਾਂ ਹੈ। ਇਹਨਾਂ ਵਿੱਚੋਂ ਸਭ ਤੋਂ ਜ਼ਿਆਦਾ ਮਹੱਤਵ ਪੂਰਣ ਹੈ ਸਭ ਬੱਚਿਆਂ ਨੂੰ ਸਕੂਲੇ ਲਿਆ ਸਕਣਾਂ ਤੇ ਉਹਨਾਂ ਨੂੰ ਸਕੂਲ ਛੱਡਣ ਨਾ ਦੇਣਾਂ। ਇਹ ਕਿਸੇ ਐਹੋ ਜਿਹੇ ਪ੍ਰੋਗਰਾਮ ਰਾਹੀਂ ਸੰਭਵ ਕੀਤਾ ਜਾਵੇ ਜੋ ਹਰ ਬੱਚੇ ਦੀਆਂ ਕੀਮਤਾਂ ਦਾ ਸਤਿਕਾਰ ਕਰੇ, ਜੋ ਸਾਰੇ ਬੱਚਿਆਂ ਨੂੰ ਸਿੱਖਣ ਦੇ ਦੌਰਾਨ ਹੌਂਸਲੇ ਦੇ ਯੋਗ ਬਣਾਵੇ ਅਤੇ ਮਾਣ ਦਾ ਅਨੁਭਵ ਕਰਾਵੇ। ਪਾਠਕ੍ਰਮ ਦੇ ਨਕਸ਼ੇ ਵਿੱਚੋਂ 'ਵਿਸ਼ਵ-ਵਿਆਪਕ ਮੁਢਲੀ ਸਿੱਖਿਆ' ਪ੍ਰਤੀ ਪ੍ਰਤੀਬੱਧਤਾ ਜਰੂਰ ਨਜ਼ਰ ਪਵੇ। ਨਾ ਸਿਰਫ ਸਭਿਆਚਾਰਕ ਵੱਖਰਤਾ ਨੂੰ ਹੀ ਪ੍ਰਤੀਨਿੱਧਤਾ ਦਿੱਤੀ ਜਾਵੇ, ਸਗੋਂ ਵੱਖ ਵੱਖ ਸਮਾਜਕ ਅਤੇ ਆਰਥਕ ਪਿਛੋਕੜਾਂ ਤੋਂ ਆਏ ਬੱਚਿਆਂ ਦਾ ਵੀ ਖਿਆਲ ਰੱਖਿਆ ਜਾਵੇ। ਉਨ੍ਹਾਂ ਦੇ ਸਰੀਰਿਕ, ਮਾਨਸਿਕ ਅਤੇ ਬੌਧਿਕ ਗੁਣਾਂ ਵਿੱਚ ਭਿੰਨਤਾ ਹੋਣ ਦੇ ਬਾਵਜੂਦ ਸਕੂਲ ਵਿੱਚ ਪੜ੍ਹ ਵੀ ਸਕਣ ਅਤੇ ਸਫਲਤਾ ਵੀ ਹਾਂਸਲ ਕਰ ਸਕਣ।

ਇਸੇ ਸੰਧਰਭ ਵਿੱਚ ਸਿੱਖਿਆ ਵਿੱਚ ਲਿੰਗ, ਜਾਤ, ਭਾਸ਼ਾ, ਸਭਿਆਚਾਰ, ਧਰਮ ਜਾਂ ਹੋਰ ਅਸਮਰੱਥਾਵਾਂ ਦੇ ਕਾਰਣ ਜੋ ਅਸੁਵਿਧਾਵਾਂ ਸਾਹਮਣੇ ਆਉਂਦੀਆਂ ਹਨ, ਉਹਨਾਂ ਨੂੰ ਬੜੇ ਸਿੱਧੇ ਢੰਗ ਨਾਲ ਸੁਲਝਾਉਣ ਦੀ ਜਰੂਰਤ ਹੈ। ਇਹ ਨਾ ਕੇਵਲ ਨੀਤੀਆਂ ਅਤੇ ਸਕੀਮਾਂ ਦੀ ਪੱਧਰ ਉੱਪਰ ਹੀ ਵਾਪਰੇ, ਸਗੋਂ ਇੱਕ ਹੀ ਨਿਸਚਿਤ ਵਿਉਂਤ ਨਾਲ ਅਤੇ ਸਿਖਲਾਈ ਦੇ ਚੁਣਵੇਂ ਕੰਮ ਨਿਸਚਿਤ ਕਰਕੇ ਅਧਿਆਪਨ ਦੇ ਅਮਲ ਦੀ ਪੱਧਰ ਉੱਪਰ ਵੀ ਵਾਪਰੇ। ਇਹ ਸਭ ਬਚਪਨ ਦੇ ਕਾਫੀ ਮੁਢਲੇ ਸਮੇਂ ਤੋਂ ਅਰੰਭ ਹੋ ਜਾਣਾਂ ਚਾਹੀਦਾ ਹੈ।

> ਸਿੱਖਿਆ ਦਾ ਰਾਸ਼ਟਰੀ ਪ੍ਰਬੰਧ' ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ ਉੱਪਰ ਆਧਾਰਿਤ ਹੋਵੇਗਾ, ਜਿਸ ਵਿੱਚ ਇੱਕ ਮੂਲ ਬੀਜ਼ਰੂਪ ਹੈ ਅਤੇ ਨਾਲ ਹੀ ਹੋਰ ਅਜਿਹੇ ਅੰਸ਼ ਹਨ ਜੋ ਲਚਕਦਾਰ ਹਨ। ਇਸ ਮੂਲ ਬੀਜ਼ਰੂਪ ਵਿੱਚ ਭਾਰਤ ਦੀ ਆਜ਼ਾਦੀ ਦੀ ਲਹਿਰ ਦਾ ਇਤਹਾਸ ਹੋਵੇਗਾ, ਅਤੇ ਰਾਸ਼ਟਰੀ ਪਹਿਚਾਨ ਨੂੰ ਵਿਕਾਸਣ ਵਾਲੀਆਂ ਸਵਿਧਾਨਕ ਜ਼ਿੰਮੇਂਵਾਰੀਆਂ ਅਤੇ ਹੋਰ ਲੋੜੀਂਦੇ ਵਿਸ਼ੇ ਹੋਣਗੇ। ਇਹ ਤੱਤ ਵਿਸ਼ੈ-ਖੇਤਰਾਂ ਦੇ ਆਰ ਪਾਰ ਰਹਿੰਣਗੇ। ਇਹਨਾਂ ਨੂੰ ਭਾਰਤ ਦੀ ਸਭਿਆਚਾਰਕ ਪਰੰਪਰਾ, ਸਮਾਨਤਾ, ਗਣਤੰਤਰ ਅਤੇ ਧਰਮ-ਨਿਰਪੇਖਤਾ, ਲਿੰਗਕ ਬਰਾਬਰੀ, ਵਾਤਾਵਰਣ ਦੀ ਸੁਰੱਖਿਆ, ਸਮਾਜਕ ਦਿਵਾਰਾਂ ਦਾ ਨਿਸਤਾਰਾ, ਛੋਟੇ ਪਰਿਵਾਰ ਦੇ ਮਿਆਰ ਦੀ ਪਾਲਣਾ ਵਿਗਿਆਨਕ ਸੁਭਾਅ ਲਈ ਮਨ ਬਨਾਉਣ ਵਰਗੇ ਮੁੱਲਾਂ ਨੂੰ ਅੱਗੇ ਵਧਾਉਣ ਲਈ ਉਲੀਕੇ ਜਾਣਾ ਹੈ। ਸਾਰੇ ਵਿੱਦਿਅਕ ਪ੍ਰੋਗਰਾਮ ਧਰਮ-ਨਿਰਪੇਖ ਕਦਰਾਂ ਕੀਮਤਾਂ ਦੀ ਪੱਕੀ ਤਰ੍ਹਾਂ ਪਾਲਣਾਂ ਕਰਦਿਆਂ ਚਲਾਏ ਜਾਣਗੇ।

ਭਾਰਤ ਹਮੇਸ਼ਾਂ ਦੇਸ਼ਾਂ ਵਿਚਕਾਰ ਸ਼ਾਂਤੀ ਅਤੇ ਭਾਈਚਾਰਾ ਵਧਾਉਣ ਦੀ ਕੋਸ਼ਿਸ਼ ਕਰਦਾ ਆਇਆ ਹੈ, ਅਤੇ ਇਸ ਨੇ ਸਮੁੱਚੇ ਸੰਸਾਰ ਨੂੰ ਇੱਕ ਪਰਵਾਰ ਤਰ੍ਹਾਂ ਜਾਣਿਆਂ ਹੈ। ਇਸ ਪੁਰਾਤਨ ਪਰੰਪਰਾ ਉੱਪਰ ਖਰੇ ਉੱਤਰਦਿਆਂ, ਸਿੱਖਿਆ ਨੂੰ ਇਸ ਵਿਸ਼ਵ ਦ੍ਰਿਸ਼ਟੀ ਨੂੰ ਮਜਬੂਤ ਕਰਨਾਂ ਪਵੇਗਾ, ਜਿਸ ਨਾਲ ਨੌਂਜਵਾਨ ਪੀੜ੍ਹੀਆਂ ਨੂੰ ਅੰਤਰਰਾਸ਼ਟਰੀ ਸਹਿਯੋਗ ਅਤੇ ਸ਼ਾਂਤੀਮਈ ਸਦਭਾਵਨਾਂ ਲਈ ਪ੍ਰੇਰਿਆ ਜਾ ਸਕੇ। ਇਸ ਪੱਖ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਬਰਾਬਰੀ ਨੂੰ ਉਤਸਾਹਿਤ ਕਰਨ ਲਈ ਇਹ ਜਰੂਰੀ ਹੋਵੇਗਾ ਕਿ ਹਰ ਕਿਸੇ ਲਈ ਬਰਾਬਰੀ ਦੇ ਮੌਕੇ ਵੀ ਪਰਦਾਨ ਕੀਤੇ ਜਾਣ, ਤੇ ਇਹ ਕੇਵਲ ਪੁਹੰਚ ਤੱਕ ਹੀ ਨਾ ਸੀਮਤ ਰਵ੍ਹੇ, ਸਗੋਂ ਸਫਲਤਾ ਦੇ ਮੌਕਿਆਂ ਦੇ ਰੂਪ ਵਿੱਚ ਵੀ ਸੰਭਵ ਹੋਵੇ। ਜਾਣਕਾਰੀ ਤੋਂ ਇਲਾਵਾ ਪਾਠਕ੍ਰਮ ਦੇ ਇਸ ਮੂਲਬੀਜ਼ ਦੇ ਰਾਹੀਂ ਸਭ ਵਿੱਚ ਇੱਕ ਸਹਿਜ ਸੁਭਾਅ ਵਾਲਾ ਗੁਣ ਵੀ ਸਿਰਜਿਆ ਜਾਵੇਗਾ। ਮੰਤਵ ਇਹ ਹੈ ਕਿ ਸਮਾਜਕ ਵਾਤਾਵਰਣ ਅਤੇ ਜਨਮ ਸਬੰਧਿਤ ਸੰਜੋਗ ਰਾਹੀਂ ਪਰਸਾਰਤ ਹੋ ਰਹੇ ਸੰਸਕਾਰਾਂ ਅਤੇ ਈਰਖਾਵਾਂ ਨੂੰ ਖਤਮ ਕੀਤਾ ਜਾ ਸਕੇ।

ਰਾਸ਼ਟਰੀ ਸਿੱਖਿਆ ਨੀਤੀ 1986

'ਵਿਸ਼ਵ-ਵਿਆਪਕ ਮੁਢਲੀ ਸਿੱਖਿਆ' ਪਾਠਕ੍ਰਮ ਦੇ ਘੇਰੇ ਨੂੰ ਵਿਸ਼ਾਲ ਕਰਨ ਦੀ ਜਰੂਰਤ ਵੱਲ ਸਾਡਾ ਧਿਆਨ ਦਵਾਉਂਦੀ ਹੈ, ਕਿ ਇਸ ਵਿੱਚ ਸਾਡੇ ਅਮੀਰ ਵਿਰਸੇ ਤੋਂ ਪ੍ਰਾਪਤ ਗਿਆਨ ਦੀਆਂ ਪਰੰਪਰਾਵਾਂ, ਕੰਮ-ਧੰਦੇ ਅਤੇ ਦਸਤਕਾਰੀਆਂ ਵੀ ਸ਼ਾਮਿਲ ਕੀਤੀਆਂ ਜਾਣ। ਅਰਥ-ਵਿਵਸਥਾ ਦੇ ਗਲੋਬਲੀਕਰਣ ਦੇ ਸੰਧਰਭ ਵਿੱਚ ਇਹਨਾਂ ਪਰੰਮਪਰਾਵਾਂ ਵਿੱਚੋਂ ਕਈਆਂ ਨੂੰ ਮੰਡੀ ਦੀਆਂ ਤਾਕਤਾਂ ਅਤੇ ਗਿਆਨ ਦੇ ਪਦਾਰਥੀਕਰਣ ਰਾਹੀਂ ਬੜੀ ਗੰਭੀਰ ਢਾਅ ਲੱਗ ਰਹੀ ਹੈ। ਤਦ ਹੀ ਬੱਚਿਆਂ ਦਾ ਆਤਮ-ਸਨਮਾਨ, ਸਦਾਚਾਰ ਅਤੇ ਸਿਰਜਣਾਤਮਕਤਾ ਦੇ ਪਰਫੁੱਲਤ ਹੋਣ ਨੂੰ ਪਹਿਲ ਦਿੱਤੀ ਜਾਣੀ ਜਰੂਰੀ ਹੈ। ਇਉਂ ਬੜੀ ਤੇਜੀ ਨਾਲ ਬਦਲਦੇ ਵਿਸ਼ਵ ਦੇ ਸੰਧਰਭ ਵਿੱਚ ਅਤੇ ਮੁਕਾਬਲੇ ਭਰੇ ਗਲੋਬਲੀ ਸੰਧਰਭ ਵਿੱਚ ਇਹ ਜਰੂਰੀ ਹੋਗਿਆ ਹੈ ਕਿ ਬੱਚਿਆਂ ਦੀ ਅਪਣੀ ਦੇਸੀ ਸੂਝ ਅਤੇ ਕਲਪਨਾਂ ਦਾ ਸਤਿਕਾਰ ਕੀਤਾ ਜਾਵੇ।

'ਬਰਾਬਰ ਦਾ ਵਿਹਾਰ' ਨਾਮੀਂ ਰਸਮੀ ਵਿਧੀ ਕੁੜੀਆਂ ਨੂੰ ਬਰਾਬਰ ਦੀ ਪਹੁੰਚ ਮਲਿਣ ਅਤੇ ਪ੍ਰਤਿਨਿਧਤਾ ਦੁਆ ਸਕਣ ਦੇ ਪੱਖੋਂ

ਅਧੂਰੀ ਹੈ। ਅੱਜ ਲੋੜ ਹੈ ਇੱਕ ਮੌਲਿਕ ਵਿਧੀ ਅਪਣਾਏ ਜਾਣ ਦੀ, ਜੋ 'ਸਿੱਟੇ ਦੀ ਬਰਾਬਰਤਾ' ਪ੍ਰਤੀ ਸੰਬੋਧਤ ਹੋਵੇ, ਜਿਸ ਵਿੱਚ ਅਨੇਕਤਾ, ਭਿੰਨਤਾ ਅਤੇ ਮੰਦਭਾਗਤਾ ਦਾ ਖਿਆਲ ਰੱਖਿਆ ਗਿਆ ਹੋਵੇ।

ਬਰਾਬਰੀ ਵਾਲੀ ਸਿੱਖਿਆ ਦਾ ਇੱਕ ਨਾਜ਼ਕ ਪਹਿਲੂ ਹੈ ਸਾਰੇ ਸਿਖਿਅਕਾਂ ਨੂੰ ਅਪਣੇ ਹੱਕਾਂ ਪ੍ਰਤੀ ਜਾਗਰੂਕ ਕਰਨਾ ਅਤੇ ਨਾਲ ਦੀ ਨਾਲ ਸਮਾਜ ਅਤੇ ਸਿਆਸੀ ਪ੍ਰਬੰਧ ਵਾਸਤੇ ਕੁਝ ਹਿੱਸਾ ਪਾਉਣਾਂ। ਲੋੜ ਹੈ ਕਿ ਅਸੀਂ ਇਹ ਪਛਾਣ ਲਈਏ ਕਿ ਹੱਕ ਅਤੇ ਚੋਣਾਂ ਓਨੀਂ ਦੇਰ ਵਰਤੀਆਂ ਨਹੀਂ ਜਾ ਸਕਦੀਆਂ, ਜਿੰਨੀਂ ਦੇਰ ਮਨੁੱਖ ਦੀਆਂ ਕੇਂਦਰੀ ਯੋਗਤਾਵਾਂ ਦੀ ਪੂਰਤੀ ਨਹੀਂ ਹੋ ਜਾਂਦੀ। ਇਉਂ, ਹਾਸ਼ੀਏ 'ਤੇ ਪਏ ਸਿਖਿਅਕਾਂ, ਅਤੇ ਖਾਸ ਕਰਕੇ ਕੁੜੀਆਂ ਦੇ ਲਈ ਇਹ ਸੰਭਵ ਕਰਨ ਦੇ ਵਾਸਤੇ ਕਿ ਉਹ ਅਪਣੇ ਅਪਣੇ ਹੱਕ ਮੰਗਣ ਲੱਗਣ ਤੇ ਨਾਲ ਦੀ ਨਾਲ ਸਮੁੱਚੇ ਜੀਵਨ ਨੂੰ ਰੂਪ ਦੇਣ ਵਾਸਤੇ ਕ੍ਰਿਆਤਮਕ ਹਿੱਸਾ ਪਾਉਣ।

ਸਿੱਖਿਆ ਤੋਂ ਉਮੀਦ ਹੈ ਕਿ ਸਿਖਿਅਕਾਂ ਵਿੱਚ ਨਾਬਰਾਬਰੀ ਵਾਲੇ ਪਾਲਣ ਪੋਸਣ ਅਤੇ ਮੰਦਭਾਗ ਦੇ ਬੋਝ ਹੇਠੋਂ ਉੱਠ ਨਿੱਕਲਣ ਦੀ ਸਮਰਥਾ ਦਾ ਨਿਰਮਾਣ ਕਰੇ। ਉਹਨਾਂ ਵਿੱਚ ਅਜਿਹੀਆਂ ਯੋਗਤਾਵਾਂ ਭਰ ਦੇਵੇ ਜੋ ਉਹਨਾਂ ਨੂੰ ਖੁਦਮੁਖਤਾਰ ਅਤੇ ਬਰਾਬਰ ਦੇ ਸ਼ਹਿਰੀ ਹੋਣ ਦੇ ਯੋਗ ਬਣਾ ਦੇਣ।

ਵਿਕੇਂਦਰੀਕਰਣ ਅਤੇ ਪੰਚਾਇਤ ਰਾਜੀ ਸੰਸਥਾਵਾਂ ਦੇ ਦਖਲ ਪੁਰ ਜ਼ੋਰ ਦਿੱਤੇ ਜਾਣ ਨੂੰ ਪ੍ਰਬੰਧ ਸਬੰਧਤ ਸੁਧਾਰਾਂ ਵੱਲ ਪੁੱਟੇ ਵਿਸ਼ਾਲ ਕਦਮਾਂ ਦੀ ਤਰ੍ਹਾਂ ਦੇਖਿਆ ਜਾਣਾ ਹੈ। ਪੰਚਾਇਤਰਾਜ ਸੰਸਥਾਵਾਂ ਪ੍ਰਬੰਧ ਨੂੰ ਘੱਟ ਅਫਸਰਸਾਹੀ ਵਲਾ ਬਨਾਉਣ ਦਾ ਮੌਕਾ ਪੇਸ਼ ਕਰਦੀਆਂ ਹਨ; ਅਧਿਆਪਕਾਂ ਨੂੰ ਜ਼ਿਆਦਾ ਉੱਤਰਦੇਹ ਬਣਾਉਦੇ ਹਨ; ਅਤੇ ਸਕੂਲ ਜ਼ਿਆਦਾ ਖੁਦਮੁਖਤਿਆਰ ਅਤੇ ਬੱਚਿਆਂ ਦੀਆਂ ਜ਼ਰੂਰਤਾਂ ਪ੍ਰਤੀ ਧਿਆਨਸ਼ੀਲ ਬਣ ਸਕਦੇ ਹਨ। ਇਹ ਕਦਮ ਕਈ ਹੋਰ ਪ੍ਰਸ਼ਨ ਉਭਾਰਨਗੇ ਅਤੇ ਸਥਾਨਕ ਸਥੂਲ ਸਥਿੱਤੀਆਂ, ਜੀਵਨ ਅਤੇ ਵਾਤਾਵਰਨ ਨਾਲ ਵਾਹ ਪਵਾਉਣਗੇ।

ਅਪਣੇ ਹੀ ਮਹੌਲ ਵਿੱਚ ਵਧਦਿਆਂ ਫੁੱਲਦਿਆਂ ਬੱਚੇ ਢੇਰ ਸਾਰੀਆਂ ਯੋਗਤਾਵਾਂ ਗ੍ਰਹਿਣ ਕਰ ਲੈਂਦੇ ਹਨ। ਉਹ ਅਪਣੇ ਚੌਗਿਰਦੇ ਦੇ ਜੀਵਨ ਅਤੇ ਸੰਸਾਰ ਨੂੰ ਵੀ ਜਾਂਚਦੇ ਹਨ। ਜੇ ਉਹਨਾਂ ਦੇ ਪ੍ਰਸ਼ਨ ਅਤੇ ਪੁੱਛਣਾਂ ਪਾਠ-ਕਮਰੇ ਅੰਦਰ ਲਿਆ ਟਿਕਾਈਆਂ ਜਾਣ ਤਾਂ ਪਾਠਕ੍ਰਮ ਹੋਰ ਅਮੀਰ ਅਤੇ ਰਚਨਾਤਮਕ ਹੋ ਜਾਵੇਗਾ। ਇਹ ਸੁਧਾਰ ਕਈ ਇੱਕ ਦੂਰ ਦੂਰ ਤੱਕ ਸਵੀਕਾਰਤ ਪਾਠਕ੍ਰਮ ਦੇ ਨੇਮਾਂ ਦੇ ਅਮਲ ਵਾਸਤੇ ਵੀ ਸਹਾਇਕ ਹੋ ਸਕਦੇ ਹਨ, ਜਿਵੇਂ ਕਿ "ਜਾਣੇ ਤੋਂ ਅਣਜਾਣੇ", "ਮੂਰਤ ਤੋਂ ਅਮੂਰਤ" ਅਤੇ "ਸਥਾਨਕ ਤੋਂ ਗਲੋਬਲੀ" ਤੱਕ ਦੀ ਯਾਤਰਾ ਆਦਿ।

ਇਸ ਮੰਤਵ ਲਈ ਅਧਿਆਪਕ ਸਿਖਲਾਈ ਸਮੇਤ ਸਕੂਲੀ ਸਿੱਖਿਆ ਦੀਆਂ ਸਾਰੀਆਂ ਪਰਤਾਂ ਵਿੱਚ ਆਲੋਚਨਾਤਮਕ ਬਾਲ ਸਿਖਲਾਈ ਨੂੰ ਅਮਲ ਵਿੱਚ ਲਿਆਉਣਾ ਪਵੇਗਾ। ਇਹ ਹੈ ਜਗਾਹ ਜਿੱਥੇ ਉਪਜਾਊ ਕੰਮਕਾਜ਼ ਢੇਰ ਸਾਰੇ ਖੇਤਰਾਂ ਵਿੱਚ ਬਾਲ ਸਿੱਖਿਆ ਦਾ ਬੜਾ ਅਸਰਦਾਰ ਮਾਧਿਅਮ ਬਣ ਸਕਦਾ ਹੈ, ਜਿਵੇਂ ਕਿ:

(ੳ) ਜਮਾਤ ਅੰਦਰਲੇ ਗਿਆਨ ਨੂੰ ਬੱਚਿਆਂ ਦੇ ਜੀਵਨ ਅਨੁਭਵਾਂ ਨਾਲ ਜੋੜਨ ਦੇ ਖੇਤਰ ਵਿੱਚ;

(ਅ) ਸਮਾਜ ਦੇ ਹਾਸ਼ੀਆਗ੍ਰਸਤ ਵਰਗਾਂ ਦੇ ਕੰਮਕਾਜ਼ ਸਬੰਧਤ ਕੌਸ਼ਲ ਰੱਖਣ ਵਾਲੇ ਬੱਚਿਆਂ ਨੂੰ ਖਾਂਦੇ ਪੀਂਦੇ ਵਰਗਾਂ ਦੇ ਹਾਣੀਆਂ ਵਿੱਚ ਅੱਗੇ ਨਿੱਕਲਣ ਅਤੇ ਇੱਜ਼ਤ ਹਾਂਸਲ ਕਰਨ ਲਈ ਆਗਿਆ ਦੇਣ ਦੇ ਖੇਤਰ ਵਿੱਚ; ਅਤੇ

(ੲ) ਸੰਧਰਭਤ ਅਨੁਭਵਾਂ ਉੱਪਰ ਤਾਰਕਿਕ ਢੰਗ ਦੀ ਉਸਾਰੀ ਕਰਕੇ ਇਕੱਠੇ ਹੋ ਰਹੇ ਮਨੁੱਖੀ ਅਨੁਭਵ, ਗਿਆਨ ਅਤੇ ਸਿਧਾਤਾਂ ਦੀ ਵਧ ਰਹੀ ਪਰਸੰਸਾ ਸੰਭਵ ਕਰਾਉਣ ਦੇ ਖੇਤਰ ਵਿੱਚ।

ਬੱਚਿਆਂ ਨੂੰ ਵਾਤਾਵਰਣ ਪ੍ਰਤੀ ਸੰਵੇਦਨਾਂਸ਼ੀਲ ਬਨਾਉਣਾਂ ਅਤੇ ਇਸ ਦੀ ਰੱਖਿਆ ਕਰਨ ਦੀ ਲੋੜ ਪਾਠਕ੍ਰਮ ਦੇ ਲਈ ਇੱਕ ਹੋਰ ਮਸਲਾ ਹੈ। ਟੈਕਨਾਲੋਜੀ ਦੀਆਂ ਸਾਹਮਣੇ ਆਈਆਂ ਨਵੀਆਂ ਸੰਭਾਵਨਾਵਾਂ ਨੇ ਅਤੇ ਪਿਛਲੀ ਸਦੀ ਵਿੱਚ ਨਜ਼ਰ ਪਈਆਂ ਜੀਵਨ ਸ਼ੈਲੀਆਂ ਨੇ ਵਾਤਾਵਰਣ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਇਸ ਨਾਲ ਲਾਭਵਾਨਾਂ ਅਤੇ ਲਾਭਹੀਨਾਂ ਵਿੱਚ ਇੱਕ ਬੜਾ ਭਾਰੀ ਅਸੰਤੁਲਨ ਪੈਦਾ ਹੋ ਗਿਆ ਹੈ। ਹੁਣ ਇਹ ਪਹਿਲਾਂ ਨਾਲੋਂ ਕਿਤੇ ਜਰੂਰੀ ਹੋ ਗਿਆ ਹੈ ਕਿ ਵਾਤਾਵਰਣ ਦੀ ਸੰਭਾਲ ਅਤੇ ਇਸ ਦੇ ਵਿਕਾਸ ਕਰਨ ਵੱਲ ਧਿਆਨ ਦਿੱਤਾ ਜਾਵੇ।

ਸਿੱਖਿਆ ਮਨੁੱਖੀ ਜੀਵਨ ਲਈ ਲੋੜੀਂਦਾ ਪਰੀਪੇਖ ਪਰਦਾਨ ਕਰ ਸਕਦੀ ਹੈ, ਤਾਂ ਜੋ ਵਾਤਾਵਰਨ ਵਿੱਚ ਆਏ ਸੰਕਟ ਨਾਲ ਦੋ-ਚਾਰ ਹੋ ਸਕਣਾ, ਸਾਡਾ ਬਚੇ ਰਹਿੰਣਾਂ, ਵਾਧਾ ਅਤੇ ਉਨਤੀ ਆਦਿ ਸੰਭਵ ਹੋ ਸਕਦੇ ਹਨ। 'ਸਿੱਖਿਆ ਦੀ ਰਾਸ਼ਟਰੀ ਨੀਤੀ' 1986 ਵਿੱਚ ਇਸ ਗੱਲ ਦੀ ਜਰੂਰਤ ਉੱਪਰ ਬਲ ਦਿੱਤਾ ਗਿਆ ਸੀ ਕਿ

ਵਾਤਾਵਰਣ ਨਾਲ ਸਬੰਧਿਤ ਚਿੰਤਾਵਾਂ ਪ੍ਰਤੀ ਜਾਗਰੂਕਤਾ ਤਿਆਰ ਕੀਤੀ ਜਾਵੇ ਤੇ ਸਮਾਜ ਦੇ ਸਾਰੇ ਖੰਡਾਂ ਨੂੰ ਦਿੱਤੀ ਜਾਣ ਵਾਲੀ ਸਿੱਖਿਆ ਦੀ ਪ੍ਰਕਿਰਿਆ ਦੇ ਹਰ ਪੱਧਰ ਦੇ ਨਾਲ ਵਾਤਾਵਰਣ ਦਾ ਤਾਲ ਮੇਲ ਜੋੜ ਦਿੱਤਾ ਜਾਵੇ।

ਮਨੁੱਖ ਦੀ ਇੱਕ ਮੁਢਲੀ ਲੋੜ ਹੈ ਅਪਣੇ ਸਵੈ ਦੇ ਨਾਲ, ਅਪਣੇ ਕੁਦਰਤੀ ਅਤੇ ਸਮਾਜਕ ਵਾਤਾਵਰਣ ਨਾਲ ਮਿੱਤਰ ਭਾਵਨਾਂ ਨਾਲ ਵਸਣਾ। ਕਿਸੇ ਬੰਦੇ ਦੇ ਨਿੱਜ ਦਾ ਯੋਗ ਵਾਧਾ ਓਸੇ ਮਹੌਲ ਵਿੱਚ ਹੀ ਹੋ ਸਕਦਾ ਹੈ ਜੋ ਸ਼ਾਂਤੀ ਭਰਿਆ ਹੋਵੇ। ਇੱਕ ਖਲਬਲੀ ਭਰਿਆ ਕੁਦਰਤੀ ਅਤੇ ਮਾਨਸਕ-ਸਮਾਜਕ ਵਾਤਾਵਰਣ ਅਕਸਰ ਸਬੰਧਾਂ ਵਿੱਚ ਤਨਾਓ ਵਧਾਅ ਦਿੰਦਾ ਹੈ। ਇਸ ਨਾਲ ਅਸਹਿਨਸ਼ੀਲਤਾ ਤੇ ਵਿਰੋਧ ਹੀ ਵਧਦੇ ਹਨ। ਅਸੀਂ ਸਥਾਨਕ, ਰਾਸ਼ਟਰੀ, ਪ੍ਰਾਂਤਕ ਅਤੇ ਗਲੋਬਲ – ਹਰ ਪੱਧਰ ਉੱਪਰ – ਅਣਡਿੱਠੀ ਅਹਿੰਸਾ ਦੇ ਯੁੱਗ ਵਿੱਚ ਵਸਦੇ ਹਾਂ।

ਸਿੱਖਿਆ ਅਕਸਰ ਜਵਾਨ ਮਨ-ਸਿਮਰਤੀਆਂ ਨੂੰ ਕੱਟੜਪੰਥੀ ਬਣਨ ਅਤੇ ਹਿੰਸਾ ਦੇ ਸਭਿਆਚਾਰ ਵਿੱਚ ਫਸਣ ਵਿੱਚ ਇੱਕ ਢਿੱਲੜ ਜਿਹਾ ਤੇ ਏਥੋਂ ਤੱਕ ਕਿ ਕਈ ਵਾਰੀ ਧੋਖੇ ਭਰਿਆ ਰੋਲ ਨਿਭਾਉਂਦੀ ਹੈ। ਇਸ ਨਾਲ ਮਨੁੱਖੀ ਭਾਵਾਂ ਦੇ ਮੂਲ-ਭੂਤਕ ਮਹੱਤਵ ਤੋਂ ਅਤੇ ਭਿੰਨ ਭਿੰਨ ਸਭਿਅਤਾਵਾਂ ਦੇ ਖੋਜੇ ਹੋਏ ਮਹਾਨ ਸੱਚਾਂ ਤੋਂ ਇੰਨਕਾਰ ਹੋ ਜਾਂਦਾ ਹੈ। ਸ਼ਾਂਤੀ ਦਾ ਸਭਿਆਚਾਰ ਉਸਾਰਨਾਂ ਸਿੱਖਿਆ ਦਾ ਇੱਕ ਨਿਰਵਿਰੋਧ ਲਕਸ਼ ਹੈ।

ਸਿੱਖਿਆ ਦੇ ਅਰਥਸੰਗਤ ਬਣਨ ਲਈ ਇਸ ਨੂੰ ਬੰਦਿਆਂ ਨੂੰ ਇਸ ਢੰਗ ਨਾਲ ਸੁਸ਼ਕਤ ਕਰਨਾਂ ਚਾਹੀਦਾ ਹੈ ਕਿ ਉਹ ਸ਼ਾਂਤਮਈ ਜੀਵਨ ਜੀਣ ਦੇ ਢੰਗ ਦੀ ਚੋਂਣ ਕਰਨ ਦੇ ਯੋਗ ਹੋ ਸਕਣ। ਕਿਸੇ ਝਗੜੇ ਦੇ ਮੂਕ ਦਰਸ਼ਕ ਬਣਨ ਦੀ ਥਾਂ ਉਸ ਦੇ ਨਿਪਟਾਰਕ ਬਣ ਸਕਣ। ਸ਼ਾਂਤੀ ਵਿੱਚ ਇੱਕ ਸੰਭਾਵਨਾਂ ਸਮਾਈ ਹੋਈ ਹੈ ਕਿ ਇਹ ਸਕੂਲੀ ਪਾਠਕ੍ਰਮ ਵਾਸਤੇ ਇੱਕ ਸੁਮੇਲ ਕਰਵਾਊ ਪਰੀਪੇਖ ਦੇ ਸਕਦੀ ਹੈ। ਇਹ ਦੇਸ਼-ਕੌਮ ਦੇ ਮਰ੍ਹਮ ਲਾਉਣ ਅਤੇ ਨਵੀਂ ਰੂਹ ਫੂਕ ਦੇਣ ਦਾ ਇੱਕ ਆਯਾਮ ਬਣ ਸਕਦੀ ਹੈ।

ਇੱਕ ਦੇਸ਼ ਵਜੋਂ ਅਸੀਂ ਇੱਕ ਬੜੇ ਹੀ ਜੀਵੰਤ ਲੋਕਤੰਤਰੀ ਰਾਜ ਨੂੰ ਨਿਰੰਤਰ ਰੱਖਣ ਵਿੱਚ ਸਫਲ ਰਹੇ ਹਾਂ। ਏਥੇ ‘ਸੈਕੰਡਰੀ ਸਿੱਖਿਆ ਕਮਿਸ਼ਨ’ 1952 ਦੀ ਉਚਾਰੀ ਲੋਕਤੰਤਰ ਦੀ ਦ੍ਰਿਸ਼ਟੀ ਯਾਦ ਕਰਨੀ ਉਚਿਤ ਲੱਗਦੀ ਹੈ:

> “ਇੱਕ ਲੋਕਤੰਤਰ ਦੀ ਨਾਗਰਕਤਾ ਵਿੱਚ ਕਈ ਬੌਧਿਕ, ਸਮਾਜਕ ਅਤੇ ਆਚਰਣਕ ਖੂਬੀਆਂ ਹੁੰਦੀਆਂ ਹਨ … ਇੱਕ ਲੋਕਤਾਂਤਰਕ ਨਾਗਰਕ ਵਿੱਚ ਏਨੀਂ ਸਮਝ ਅਤੇ ਬੌਧਿਕ ਪਰਪੱਕਤਾ ਹੋਣੀ ਚਾਹੀਦੀ ਹੈ ਕਿ ਉਹ ਝੂਠ ਵਿੱਚੋਂ ਸੱਚ ਨੂੰ ਛਾਂਣ ਸਕਦਾ ਹੋਵੇ, ਪਰਾਪੇਗੰਡੇ ਵਿੱਚੋਂ ਤੱਥ ਪਛਾਣ ਸਕਦਾ ਹੋਵੇ, ਤੇ ਕੱਟੜਵਾਦ ਅਤੇ ਪੱਖਪਾਤ ਨੂੰ ਨਿਕਾਰ ਸਕਦਾ ਹੋਵੇ … ਨਾਂ ਤਾਂ ਪੁਰਾਣੇ ਨੂੰ ਪੁਰਾਣਾ

ਹੋਣ ਕਰਕੇ ਨਿਕਾਰ ਦੇਵੇ ਤੇ ਨਾਂ ਹੀ ਨਵੇਂ ਨੂੰ ਕੇਵਲ ਨਵਾਂ ਹੋਣ ਕਰਕੇ ਅਪਣਾ ਲਵੇ; ਸਗੋਂ ਬਿਨਾਂ ਕਿਸੇ ਮਨੋਭਾਵ ਦੇ ਦੋਹਾਂ ਦੀ ਪਰਖ ਕਰੇ। ਬੜੇ ਧੜੱਲੇ ਨਾਲ ਉਸ ਨੂੰ ਰੱਦ ਕਰੇ ਜੋ ਨਿਆਂ ਅਤੇ ਤਰੱਕੀ ਦੀਆਂ ਸ਼ਕਤੀਆਂ ਦੇ ਰਾਹ ਵਿੱਚ ਰੋੜਾ ਬਣਦਾ ਹੋਵੇ... ”।

ਲੋਕਤੰਤਰ ਨੂੰ ਜੀਵਨ ਜਾਚ ਵਜੋਂ ਹੋਰ ਵੀ ਪ੍ਰਬਲ ਬਨਾਉਣ, ਨਾਕਿ ਕੇਵਲ ਰਾਜਭਾਗ ਚਲਾਉਂਣ ਦੇ ਇੱਕ ਢੰਗ ਤਰ੍ਹਾਂ ਲੈਣ ਲਈ ਸਾਡੇ ਸਵਿਧਾਨ ਵਿੱਚ ਪ੍ਰਗਟ ਕੀਤੀਆਂ ਗਈਆਂ ਕਦਰਾਂ ਕੀਮਤਾਂ ਬੇਹੱਦ ਮਹੱਤਤਾ ਧਾਰਣ ਕਰ ਚੁੱਕੀਆਂ ਹਨ ਜਿਵੇਂ ਕਿ:

- ਭਾਰਤ ਦਾ ਸਵਿਧਾਨ ਸਾਰੇ ਨਾਗਰਕਾਂ ਨੂੰ ਪ੍ਰਤਿਸ਼ਠਾ ਅਤੇ ਮੌਕਿਆਂ ਦੀ ਬਰਾਬਰੀ ਦੀ ਗਰੰਟੀ ਦਿੰਦਾ ਹੈ। ਬੱਚਿਆਂ ਦੇ ਇੱਕ ਵਡੇ ਭਾਗ ਨੂੰ ਲਗਾਤਾਰ ਸਿੱਖਿਆ ਤੋਂ ਵਾਂਝੇ ਰੱਖਣ ਨੇ, ਅਤੇ ਸਰਕਾਰੀ ਤੇ ਪ੍ਰਾਈਵੇਟ ਸਕੂਲ ਪ੍ਰਬੰਧਾਂ ਦੀਆਂ ਪਾਈਆਂ ਹੋਈਆਂ ਅਸਮਾਨਤਾਵਾਂ ਨੇ ਸਮਾਨਤਾ ਲਿਆ ਸਕਣ ਨੂੰ ਹੀ ਵੰਗਾਰਕੇ ਰੱਖ ਦਿੱਤਾ ਹੈ। ਸਿੱਖਿਆ ਦਾ ਕਾਰਜ ਤਾਂ ਸਮਾਜਕ ਰੂਪਾਂਤਰਣ ਦਾ ਹਥਿਆਰ ਬਣਨ ਅਤੇ ਸਮਾਨਤਾ ਵਾਲਾ ਸਮਾਜਕ ਪ੍ਰਬੰਧ ਕਾਇਮ ਕਰਨਾਂ ਹੋਣਾਂ ਚਾਹੀਦਾ ਹੈ।
- ਸਾਰੇ ਨਾਗਰਕਾਂ ਲਈ ਨਿਆਂ - ਸਮਾਜਕ, ਆਰਥਕ ਅਤੇ ਰਾਜਨੀਤਕ - ਲੋਕਤੰਤਰ ਦੇ ਮਜ਼ਬੂਤ ਕਰਨ ਦਾ ਅਨਿੱਖੜਵਾਂ ਹਿੱਸਾ ਹੈ।
- ਵਿਚਾਰ ਅਤੇ ਕਾਰਜ ਦੀ ਸੁਤੰਤਰਤਾ ਸਾਡੇ ਸਵਿਧਾਨ ਵਿੱਚ ਦਰਜ਼ ਹੋਇਆ ਮੁੱਢਲਾ ਮੁੱਲ ਹੈ। ਲੋਕਤੰਤਰ ਨੂੰ ਲੋੜ ਹੁੰਦੀ ਹੈ ਤੇ ਇਹ ਅਜਿਹੀ ਭਾਂਤ ਦੇ ਸ਼ਹਿਰੀ ਸਿਰਜਦਾ ਹੈ ਜੋ ਖੁਦਮੁਖਤਾਰ ਢੰਗ ਨਾਲ ਚੁਣੇ ਹੋਏ ਲਕਸ਼ ਦੀ ਪ੍ਰਾਪਤੀ ਲਈ ਜੁੱਟੇ ਰਹਿੰਦੇ ਹਨ ਤੇ ਦੂਸਰਿਆਂ ਦੇ ਇਸ ਹੱਕ ਦਾ ਸਤਿਕਾਰ ਵੀ ਕਰਦੇ ਹੋਣ।
- ਇੱਕ ਨਾਗਰਕ ਲਈ ਜਰੂਰੀ ਹੈ ਕਿ ਉਹ ਬਰਾਬਰੀ, ਨਿਆਂ ਅਤੇ ਸੁਤੰਤਰਤਾ ਵਰਗੇ ਨਿਯਮਾਂ ਨੂੰ ਗ੍ਰਹਿਣ ਕਰੇ ਤਾਂ ਜੋ ਹਰ ਕਿਸੇ ਵਿੱਚ ਭ੍ਰਾਤਰੀਭਾਵ ਪਰਫੁੱਲਤ ਕੀਤਾ ਜਾ ਸਕੇ।
- ਭਾਰਤ ਇੱਕ ਧਰਮ ਨਿਰਪੇਖ ਲੋਕਤੰਤਰ ਹੈ, ਜਿਸ ਦਾ ਅਰਥ ਹੈ ਕਿ ਏਥੇ ਸਾਰੇ ਵਿਸ਼ਵਾਸ਼ਾਂ ਦਾ ਸਤਿਕਾਰ ਕੀਤਾ ਜਾਂਦਾ ਹੈ। ਪਰ ਇਸ ਦੇ ਨਾਲ ਹੀ ਭਾਰਤੀ ਰਾਜ ਦੀ ਕਿਸੇ ਵਿਸ਼ੇਸ਼ ਧਰਮ-ਵਿਸ਼ਵਾਸ਼ ਲਈ ਕੋਈ ਤਰਜੀਹ ਨਹੀਂ ਹੈ। ਅੱਜ ਦੀ ਮਹਿਸੂਸ ਕੀਤੀ ਗਈ ਲੋੜ ਇਹ ਹੈ ਕਿ ਬੱਚਿਆਂ ਵਿੱਚ ਸਾਰੇ ਲੋਕਾਂ ਦਾ ਉਹਨਾਂ ਦੇ ਧਾਰਮਿਕ ਵਿਸ਼ਵਾਸਾਂ ਦੇ ਬਾਵਜੂਦ ਸਤਿਕਾਰ ਕਰਨ ਨੂੰ ਉਤਸਾਹਤ ਕੀਤਾ ਜਾਵੇ।

ਭਾਰਤ ਇੱਕ ਬਹੁਸਭਿਆਚਾਰਕ ਸਮਾਜ ਹੈ ਜਿਸ ਵਿੱਚ ਅਣਗਿਣਤ ਇਲਾਕਾਈ ਅਤੇ ਸਥਾਨਕ ਸਭਿਆਚਾਰ ਜੁੜੇ ਹੋਏ ਹਨ। ਲੋਕਾਂ ਦੇ ਧਾਰਮਕ ਵਿਸ਼ਵਾਸ਼, ਜੀਵਨ ਜਚਾਂ ਅਤੇ ਉਹਨਾਂ ਦੀ ਸਮਾਜਕ ਰਿਸ਼ਤਿਆਂ ਦੀ ਸਮਝ ਵੀ ਇੱਕ ਦੂਜੇ ਤੋਂ ਕਾਫੀ ਭਿੰਨ ਹੈ। ਸਾਰੇ ਵਰਗਾਂ ਦੇ ਲਈ ਮਿਲਕੇ ਵਸਣ ਅਤੇ ਪ੍ਰਫੁੱਲਤ ਹੋਣ ਦੇ ਸਮਾਨ ਅਧਿਕਾਰ ਹਨ।

ਸਿੱਖਿਆ ਪ੍ਰਬੰਧ ਲਈ ਜਰੂਰੀ ਹੈ ਕਿ ਇਹ ਸਾਡੇ ਸਮਾਜ ਵਿੱਚ ਵਿਆਪਕ ਸਭਿਆਚਾਰਕ ਬਹੁਲਤਾ ਪ੍ਰਤੀ ਜੁਆਬਦੇਹ ਹੋਵੇ। ਸਾਡੀ ਸਭਿਆਚਾਰਕ ਪਰੰਪਰਾ ਅਤੇ ਰਾਸ਼ਟਰੀ ਪਹਿਚਾਣ ਨੂੰ ਮਜ਼ਬੂਤ ਬਨਾਉਣ ਲਈ ਪਾਠਕ੍ਰਮ ਤੋਂ ਉਮੀਦ ਬਣਦੀ ਹੈ ਕਿ ਇਹ ਨਵੀਂ ਪੀੜ੍ਹੀ ਦੀ ਬਦਲਦੇ ਹੋਏ ਸਮਾਜਕ ਸੰਧਰਭਾਂ ਵਿੱਚ ਨਵੀਆਂ ਪਹਿਲਾਂ ਕਰੇ। ਉੱਭਰ ਰਹੀਆਂ ਰੁਚੀਆਂ ਦੇ ਹਵਾਲੇ ਨਾਲ ਭੂਤਕਾਲ ਨੂੰ ਮੁੜ-ਵਿਚਾਰਨ ਅਤੇ ਮੁੜ-ਮੁਲਾਂਕਣ ਕਰਨ ਵਿੱਚ ਮਦਦ ਕਰੇ।

ਮਨੁੱਖੀ ਉਤਪਤੀ ਦੀ ਸੂਝ ਇਹ ਸਾਫ ਕਰ ਦਿੰਦੀ ਹੈ ਕਿ ਸਾਡੇ ਦੇਸ਼ ਵਿੱਚ ਨਿਖੇੜਤਾ ਦੀ ਹੋਂਦ ਸਾਡੇ ਦੇਸ਼ ਦੀ ਉਸ ਵਿਸ਼ੇਸ ਰੂਹ ਦਾ ਪਰਮਾਣ ਹੈ, ਜਿਸ ਨੇ ਇਸ ਨੂੰ ਪ੍ਰਫੁੱਲਤ ਹੋਣ ਦਿੱਤਾ। ਇਸ ਧਰਤੀ ਪੁਰ ਵਿਆਪਕ ਬਹੁਲਤਾ ਸਾਡਾ ਇੱਕ ਵਿਸ਼ੇਸ਼ ਗੁਣ ਹੋਕੇ ਨਿਰੰਤਰ ਬਣੀ ਰਹਿੰਣੀ ਚਾਹੀਦੀ ਹੈ। ਇਸ ਨੂੰ ਕੇਵਲ ਸਾਡੀ ਸਹਿਣਸ਼ੀਲਤਾ ਦਾ ਸਿੱਟਾ ਹੀ ਨਹੀਂ ਸਮਝ ਲਿਆ ਜਾਣਾ ਚਾਹੀਦਾ। ਇਸ ਸੰਧਰਭ ਵਿੱਚ ਪਹਿਲੀ ਸ਼ਰਤ ਹੈ ਅਜਿਹੀ ਨਾਗਰਿਕ ਜੰਨਤਾ ਦਾ ਸਿਰਜਣ ਕਰਨਾ ਜੋ ਅਪਣੇ ਹੱਕਾਂ ਅਤੇ ਫ਼ਰਜ਼ਾਂ ਪ੍ਰਤੀ ਜਾਗਰੂਕ ਹੋਵੇ, ਸਾਡੇ ਸਵਿਧਾਨ ਵਿੱਚ ਦਰਜ਼ ਨੇਮਾਂ ਪ੍ਰਤੀ ਨਿਛਠਾ ਰੱਖੇ।

## 1.5 ਗੁਣਵੱਤਾ ਦੀ ਪਰਤ

ਜਦ ਸਿਸਟਮ ਹਰ ਬੱਚੇ ਤੱਕ ਪੁਹੰਚਣ ਦੀ ਕੋਸ਼ਿਸ਼ ਕਰਦਾ ਹੈ ਤਾਂ ਗਰਣਵੱਤਾ ਦੀ ਸਮੱਸਿਆ ਚਨੌਤੀਆਂ ਦਾ ਇੱਕ ਨਵਾਂ ਪਾਸਾਰ ਪੇਸ਼ ਕਰਦੀ ਹੈ। ਇਹ ਸੋਚ ਕਿ ਗੁਣਵੱਤਾ ਪਦਵੀ ਦੇ ਨਾਲ ਚੱਲਦੀ ਹੈ, ਸਪੱਸ਼ਟ ਰੂਪ ਵਿੱਚ ਭਾਰਤ ਦੇ ਰਲਕੇ ਚੱਲਣ ਵਾਲੇ ਲੋਕਤੰਤਰ ਦੇ ਤਸਵਰ ਨਾਲ ਮੇਚ ਨਹੀਂ ਖਾਂਦੀ, ਜਿਸ ਦੀ ਭਾਰਤ ਰਾਜਨੀਤਕ ਖੇਤਰ ਵਿੱਚ ਪਾਲਣਾਂ ਕਰਦਾ ਹੈ ਤੇ ਅਮਲ ਵਿੱਚ ਵੀ ਲਿਆਉਂਦਾ ਹੈ। ਸਿੱਖਿਆ ਦੇ ਖੇਤਰ ਵਿੱਚ ਇਸ ਦਾ ਅਮਲ ਮੰਗ ਕਰਦਾ ਹੈ ਕਿ ਭਿੰਨ ਭਿੰਨ ਇਲਾਕਿਆਂ ਅਤੇ ਸਮਾਜ ਦੇ ਅਲੱਗ ਅਲੱਗ ਖੰਡਾਂ ਦੇ ਬੱਚਿਆਂ ਨੂੰ ਪ੍ਰਾਪਤ ਹੋਣ ਵਾਲੀ ਸਿੱਖਿਆ ਦੀ ਗੁਣਵੱਤਾ ਤੁਲਨਾਤਮਕ ਹੋਵੇ।

ਸੁਵਰਗਵਾਸੀ ਜੇ. ਪੀ. ਨਾਇਕ ਨੇ ਭਾਰਤੀ ਸਿੱਖਿਆ ਵਿਚਲੀ ਬਰਾਬਰੀ, ਗੁਣਵੱਤਾ ਅਤੇ ਮਾਤਰਾ ਦਾ ਵਰਨਣ ਕਰਦਿਆਂ ਇਸ ਨੂੰ 'ਫਰੇਬੀ ਤ੍ਰੈਕੋਣ' ਕਿਹਾ ਸੀ। ਇਸ ਰੁਪਾਤਮਕ ਤ੍ਰੈਕੋਣ ਨਾਲ ਨਜਿੱਠਣ ਲਈ ਗੁਣਵੱਤਾ ਬਾਰੇ ਹੁਣ ਤੱਕ ਪ੍ਰਾਪਤ ਨਾਲੋਂ ਕਿਤੇ ਜਿਆਦਾ ਡੂੰਘੀ ਸਿਧਾਂਤਕ ਸੂਝ ਦੀ ਲੋੜ ਹੈ।

> "ਲੋਕਤੰਤਰ ਇਸ ਵਿਸ਼ਵਾਸ ਉੱਪਰ ਅਧਾਰਤ ਹੈ ਕਿ ਹਰੇਕ ਬੰਦਾ ਇੱਕ ਪ੍ਰਾਣੀ ਮਾਤਰ ਹੈ ਅਤੇ ਉਸਦਾ ਸਨਮਾਨ ਤੇ ਸਥਾਨ ਹੈ ... ਇਸ ਕਰਕੇ ਲੋਕਤਾਂਤਰਕ ਸਿੱਖਿਆ ਦਾ ਟੀਚਾ ਹੈ ਹਰ ਬੰਦੇ ਦੇ ਨਿੱਜ ਨੂੰ ਸਰਬਪੱਖੀ ਅਤੇ ਮੁਕੰਮਲ ਰੂਪ ਵਿੱਚ ਉੱਨਤ ਕਰਨਾਂ ... ਕਹੋ ਕਿ ਅਜਿਹੀ ਸਿੱਖਿਆ ਜੋ ਵਿਦਿਆਰਥੀਆਂ ਵਿੱਚ ਕਿਸੇ ਭਾਈਚਾਰੇ ਵਿੱਚ ਵਸਣ ਲਈ ਬਹੁ-ਦਿਸ਼ਾਵੀ ਜੀਵਨ ਕਲਾ ਨੂੰ ਆਰੰਭ ਕਰਵਾ ਸਕੇ। ਪਰੰਤੂ ਇਹ ਤਾਂ ਸਵੈਸਿੱਧ ਹੈ ਕਿ ਕੋਈ ਵੀ ਬੰਦਾ ਇਕੱਲਿਆਂ ਉੱਨਤ ਨਹੀਂ ਹੋ ਸਕਦਾ ... ਉਹ ਸਿੱਖਿਆ ਕਿਸੇ ਕੰਮ ਦੀ ਨਹੀਂ ਜੋ ਅਜਿਹੇ ਗੁਣਾਂ ਨੂੰ ਉਤਸਾਹਤ ਨਹੀਂ ਕਰਦੀ ਜੋ ਬੰਦੇ ਵਾਸਤੇ ਹੋਰ ਮਨੁੱਖਾਂ ਨਾਲ ਦਇਆਮਈ, ਮੈਤਰੀਭਾਵ ਨਾਲ ਅਤੇ ਸੁਚੇਤਤਾ ਨਾਲ ਰਹਿੰਣ ਸਕਣ ਲਈ ਜਰੂਰੀ ਹਨ"।
>
> (ਸੈਕੰਡਰੀ ਸਿੱਖਿਆ ਕਮਿਸ਼ਨ 1952-53, ਪੰ: 20)

ਯੂਨੈਸਕੋ ਦੀ ਹਾਲ ਹੀ ਵਿੱਚ ਪ੍ਰਕਾਸ਼ਤ ਹੋਈ 'ਗਲੋਬਲ ਸਤਰਕਤਾ ਰਿਪੋਟ' ਵਿੱਚ ਪ੍ਰਬੰਧਕੀ ਮਿਆਰਾਂ ਨੂੰ ਗੁਣਵੱਤਾ ਬਾਰੇ ਬਹਿਸ ਦੇ ਵਾਜ਼ਿਬ ਸੰਧਰਭ ਦੀ ਤਰ੍ਹਾਂ ਚਰਚਾ ਹੋਈ ਹੈ। ਇਸ ਬਿੰਦੂ ਤੋਂ ਦੇਖਿਆਂ ਬੱਚੇ ਦੇ ਪ੍ਰਦਰਸ਼ਣ ਨੂੰ ਪ੍ਰਬੰਧਕੀ ਗੁਣਵੱਤਾ ਦੇ ਪੈਮਾਨੇ ਦੀ ਤਰ੍ਹਾਂ ਵਰਤਿਆ ਜਾਣਾ ਬਣਦਾ ਹੈ।

ਸਿੱਖਿਆ ਦਾ ਪ੍ਰਬੰਧ ਪ੍ਰਾਈਵੇਟ ਖੇਤਰ ਅਤੇ ਸਰਕਾਰੀ ਖੇਤਰ ਵਿੱਚ ਖਿੰਡਿਆ ਪਿਆ ਹੈ। ਪ੍ਰਾਈਵੇਟ ਖੇਤਰ ਤੇਜੀ ਨਾਲ ਫੈਲ ਰਿਹਾ ਹੈ ਅਤੇ ਬੜਾ ਵਡਾ ਸਰਕਾਰੀ ਖੇਤਰ ਸਾਧਨਾਂ ਦੀ ਕਮੀਂ ਅਤੇ ਅਸੰਤੁਲਤ ਵਿਸਥਾਰ ਵਿੱਚ ਬਿੱਖਰਿਆ ਪਿਆ ਹੈ। ਗੁਣਵੱਤਾ ਦੀ ਸਿਮੱਸਿਆ ਬੜੇ ਪਚੀਦਾ ਅਤੇ ਵਿਹਾਰਕ ਪ੍ਰਸ਼ਨ ਖੜ੍ਹੇ ਕਰਦੀ ਹੈ। ਇੱਕ ਖਿਆਲ ਫੈਲ ਗਿਆ ਹੈ ਕਿ ਪ੍ਰਾਈਵੇਟ ਸਕੂਲਾਂ ਪਾਸ ਉੱਚੀ ਗੁਣਵੱਤਾ ਹੈ। ਇਮਤਿਹਾਨ ਦੇ ਨਤੀਜੇ ਹੀ ਇੱਕੋ ਇੱਕ ਕਸਵੱਟੀ ਬਚਦੇ ਹਨ ਜਿਸ ਨਾਲ ਗੁਣਵੱਤਾ ਦੀ ਪਰਖ ਹੋ ਸਕੇ। ਇਸ ਤਰ੍ਹਾਂ ਦੀ ਧਾਰਣਾਂ ਸਦਭਾਗੀ ਪ੍ਰਾਈਵੇਟ ਸਕੂਲਾਂ ਵਿੱਚਲੇ ਮਹੌਲ ਸਬੰਧਿਤ ਸੀਮਾਵਾਂ ਨੂੰ ਨਜ਼ਰ ਅੰਦਾਜ਼ ਕਰ ਦਿੰਦੀ ਹੈ।

ਇਹ ਤੱਥ ਕਿ ਪ੍ਰਾਈਵੇਟ ਸਕੂਲ ਅਕਸਰ ਬੱਚੇ ਦੀ ਮਾਂ ਬੋਲੀ ਵੱਲ ਧਿਆਨ ਨਹੀਂ ਦਿੰਦੇ, ਸਾਨੂੰ ਉਹਨਾਂ ਮੌਕਿਆਂ ਬਾਰੇ ਚੌਕੰਨੇ ਹੋਣ ਦੀ ਚਿਤਾਵਨੀਂ ਦਿੰਦਾ ਹੈ, ਜੋ ਉਹ ਬੱਚੇ ਨੂੰ ਕਿਸੇ ਅਰਥਦਾਰ ਤਰੀਕੇ ਨਾਲ ਗਿਆਨ ਨਿਰਮਾਣ ਕਰਨ ਵਿੱਚ ਮਦਦ ਕਰਦੇ ਹੋਣ। ਹੋਰ ਇਹ ਕਿ ਦਾਖਲੇ ਦੀ ਪ੍ਰਕਿਰਿਆ ਰਾਹੀਂ ਹੀ ਜਮਾਤ ਵਿੱਚੋਂ ਗਰੀਬ ਬੱਚਿਆਂ ਨੂੰ ਬਾਹਰ ਰੱਖਣ ਦਾ ਅਰਥ ਬਣਦਾ ਹੈ ਸਿੱਖਣ ਦੇ ਉਹਨਾਂ ਮੌਕਿਆਂ ਦਾ ਨੁਕਸਾਨ ਹੋਣਾਂ ਜੋ ਕਿਸੇ ਜਮਾਤ ਵਿੱਚ ਭਿੰਨ ਭਿੰਨ ਸਮਾਜਕ-ਆਰਥਕ ਅਤੇ ਸਭਿਆਚਾਰਕ ਪਿਛੋਕੜਾਂ ਦੇ ਬੱਚਿਆਂ ਕਰਕੇ ਬਣਦੇ ਹਨ।

ਭੌਤਕ ਸਹੂਲਤਾਂ ਨੂੰ ਅਪਣੇ ਆਪ ਵਿੱਚ ਹੀ ਤਾਂ ਗੁਣਵੱਤਾ ਦੇ ਸੂਚਕ ਨਹੀਂ ਪ੍ਰਵਾਨਿਆਂ ਜਾ ਸਕਦਾ ਨਾ। ਫਿਰ ਵੀ ਭੌਤਕ ਸਹੂਲਤਾਂ ਦੀ ਅਤਿ ਦਰਜੇ ਦੀ ਘਾਟ, ਜਿਸ ਵਿੱਚ ਕਾਰ-ਵਿਹਾਰ ਚਲਾਉਣ ਵਿੱਚ ਕੰਮ ਆਉਂਦਾ ਮੋਟਾ ਮੋਟਾ ਸਮਾਨ ਗਿਣਿਆਂ ਜਾ ਸਕਦਾ ਹੈ। ਇਸ ਦੇ ਕਾਰਣ ਵੀ ਰਾਜ ਸਰਕਾਰਾਂ ਅਤੇ ਸਥਾਨਕ ਸਮਤੀਆਂ ਰਾਹੀਂ ਚਲਾਏ ਜਾਂਦੇ ਸਕੂਲਾਂ ਵਿੱਚ ਗੁਣਵੱਤਾ ਉੱਪਰ ਕੋਈ ਬਹੁਤਾ ਗੰਭੀਰ ਦਬਾਅ ਨਹੀਂ ਬਣਨ ਦਿੰਦੇ। ਅਜਿਹੇ ਅਧਿਆਪਕਾਂ ਦਾ ਹੋਣਾਂ ਜੋ ਸੁਸਿਖਸ਼ਤ ਅਤੇ ਉਤਸਾਹਤ ਹੋਣ ਤੇ ਜੋ ਅਧਿਆਪਨ ਨੂੰ ਜੀਵਨ ਦੀ ਪ੍ਰਾਪਤੀ ਸਮਝਣ, ਸਕੂਲਾਂ ਦੇ ਸਾਰੇ ਖੰਡਾਂ ਉੱਪਰ ਗੁਣਵੱਤਾ ਦੀ ਮੂਲ ਸ਼ਰਤ ਤਰ੍ਹਾਂ ਲਾਗੂ ਹੁੰਦਾ ਹੈ।

ਅਧਿਆਪਕਾਂ ਦੀ ਨਿਯੁਕਤੀ, ਸਿਖਲਾਈ ਅਤੇ ਸੇਵਾ ਦੇ ਹਾਲਾਤਾਂ ਬਰੇ 'ਰਾਸ਼ਟਰੀ ਸਿੱਖਿਆ ਨੀਤੀ' ਅਤੇ ਉਸ ਤੋਂ ਪਹਿਲਾਂ 'ਚਟੋਪਾਧਿਆ ਕਮਿਸ਼ਨ 1984' ਦੇ ਰਾਹੀਂ ਦਿੱਤੇ ਹੋਏ ਸੁਝਾਵਾਂ ਅਤੇ ਪ੍ਰਾਪਤ ਟਿੱਪਣੀਆਂ ਨੂੰ ਪੇਤਲਾ ਕਰਨ ਦੇ ਜੋ ਸੁਝਾਅ ਹਾਲ ਹੀ ਵਿੱਚ ਦੇਖਣ ਵਿੱਚ ਆਏ ਹਨ, ਉਹ ਬਹੁਤ ਚਿੰਤਾ ਜਨਕ ਹਨ। ਸਿੱਖਿਆ ਦਾ ਕੋਈ ਵੀ ਪ੍ਰਬੰਧ ਅਪਣੇ ਅਧਿਆਪਕਾਂ ਦੀ ਗੁਣਵੱਤਾ ਤੋਂ ਉੱਪਰ ਨਹੀਂ ਉੱਠ ਸਕਦਾ। ਅਧਿਆਪਕਾਂ ਦੀ ਗੁਣਵੱਤਾ ਵਡੀ ਮਾਤਰਾ ਵਿੱਚ ਚੋਣ ਕਰਨ ਵਿੱਚ ਵਰਤੇ ਗਏ ਤਰੀਕਿਆਂ, ਸਿਖਲਾਈ ਦੇਂਣ ਦੇ ਢੰਗਾਂ, ਅਤੇ ਜੁਆਬਦੇਈ ਪੱਕਾ ਕਰਨ ਲਈ ਵਰਤੀਆਂ ਗਈਆਂ ਜੁਗਤਾਂ ਉੱਪਰ ਨਿਭਰ ਕਰਦੀ ਹੈ।

ਗੁਣਵੱਤਾ ਦੀ ਪਰਤ ਉੱਪਰ ਉਹਨਾਂ ਅਨੁਭਵਾਂ ਦੇ ਪੱਖ ਤੋਂ ਵੀ ਵਿਚਾਰ ਕਰਨ ਦੀ ਜਰੂਰਤ ਹੈ, ਜੋ ਬੱਚੇ ਲਈ ਗਿਆਨ ਅਤੇ ਹੋਰ ਕੁਸ਼ਲਤਾਵਾਂ ਦੇ ਅਰਥਾਂ ਵਿੱਚ ਉਲੀਕੇ ਗਏ ਹੁੰਦੇ ਹਨ। ਗਿਆਨ ਦੇ ਸੁਭਾਅ ਬਾਰੇ ਪੂਰਵ-ਅਨੁਮਾਨ ਅਤੇ ਬੱਚੇ ਦਾ ਅਪਣਾ ਸੁਭਾਅ ਸਕੂਲ ਦੀ ਪ੍ਰਕਿਰਤੀ ਨੂੰ ਢਾਲਦੇ ਹਨ। ਸਿਲੇਬਸ ਅਤੇ ਪਾਠ-ਪੁਸਤਕਾਂ ਤਿਆਰ ਕਰਨ ਵਾਲਿਆਂ ਦੀਆਂ ਵਿਧੀਆਂ ਉੱਪਰ, ਅਤੇ ਅਧਿਆਪਕਾਂ ਉੱਪਰ ਵੀ ਅਸਰ ਪਾਉਂਦੇ ਹਨ। ਪਾਠ-ਪੁਸਤਕਾਂ ਅਤੇ ਹੋਰ ਸਮੱਗਰੀ ਵਿੱਚ ਗਿਆਨ ਦੀ ਪੇਸ਼ਕਾਰੀ ਨੂੰ ਉਹਨਾਂ ਵਡੀਆਂ ਚਨੌਤੀਆਂ ਦੇ ਪਰਿਪੇਖ ਵਿੱਚ ਦੇਖਣ ਦੀ ਜਰੂਰਤ ਹੈ ਜੋ ਮਨੁੱਖਤਾ ਅਤੇ ਸਾਰੇ ਰਾਸ਼ਟਰ ਦੇ ਦਰਪੇਸ਼ ਹਨ।

ਸਕੂਲੀ ਪਾਠਕ੍ਰਮ ਵਿਚਲਾ ਕੋਈ ਵੀ ਵਿਸ਼ੈ ਇਹਨਾਂ ਵਢੇਰੇ ਖਾਦਸ਼ਿਆਂ ਤੋਂ ਅਣਭਿੱਜ ਨਹੀਂ ਰਹਿ ਸਕਦਾ। ਇਸ ਕਰਕੇ ਹਰ ਵਿਸ਼ੈ-ਖੇਤਰ ਵਿੱਚ ਸ਼ਾਮਿਲ ਕੀਤੇ ਜਾਣ ਵਾਲੇ ਗਿਆਨ ਦੀ ਚੋਣ ਲਈ ਅਜਿਹੇ ਮੰਥਨ ਦੀ ਜਰੂਰਤ ਹੈ ਜੋ ਸਮਾਜਕ, ਆਰਥਕ ਅਤੇ ਸਭਿਆਚਾਰਕ ਪਰਸਥਿਤੀਆਂ ਅਤੇ ਵਿਦਿਅਕ ਟੀਚਿਆਂ ਦੇ ਸਮਰੂਪ ਹੋਵੇ। ਸਿੱਖਿਆ ਦੇ ਖੇਤਰ ਵਿੱਚ ਸਭ ਤੋਂ ਵਡੀ ਰਾਸ਼ਟਰੀ ਵੰਗਾਰ ਹੈ ਸਾਡੇ ਸਿਖਿਅਕ ਲੋਕਤੰਤਰ ਨੂੰ ਅਤੇ ਸਾਡੇ ਸਵਿਧਾਨ ਵਿੱਚ ਅੰਕਤ ਕੀਮਤਾਂ ਨੂੰ ਹੋਰ ਪ੍ਰਭਾਵੀ ਬਨਾਉਣਾਂ। ਇਸ ਵੰਗਾਰ ਦਾ ਸਾਹਮਣਾਂ ਕਰਨ ਦਾ ਅਰਥ ਹੈ ਕਿ ਅਸੀਂ ਪਾਠਕ੍ਰਮ ਦੇ ਸੁਧਾਰ ਲਈ ਗੁਣਵੱਤਾ ਅਤੇ ਸਮਾਜਕ ਨਿਆਂ ਨੂੰ ਕੇਂਦਰੀ ਵਿਸ਼ੇ ਬਣਾਈਏ।

ਨਾਗਰਕਤਾ ਦੀ ਸਿਖਲਾਈ ਸਾਡੀ ਅਦਾਰਾਗਤ ਸਿੱਖਿਆ ਦਾ ਮਹੱਤਵ ਪੂਰਣ ਅੰਗ ਰਹਿੰਦੀ ਆਈ ਹੈ। ਅੱਜ ਇਸ ਨੂੰ ਵਿਸ਼ਵ ਵਿਆਪੀ ਮਨੁੱਖੀ ਅਧਿਕਾਰਾਂ ਦੇ ਪਰਵਚਨਾਂ ਅਤੇ ਅਲੋਚਨਾਤਮਕ ਸਿੱਖਿਆ ਸ਼ਾਸਤਰ ਦੇ ਪਰਸੰਗ ਵਿੱਚ ਬੜੀ ਸਮਰਥਾ ਨਾਲ ਮੁੜਸੰਕਲਪਤ ਕਰਨ ਦੀ ਜਰੂਰਤ ਹੈ। ਸ਼ਾਂਤੀ ਅਤੇ ਮੈਤਰੀਭਾਵ ਅਧਾਰਤ ਸਹਿਵਾਸ ਨਾਲ ਜੁੜੀਆਂ ਕਦਰਾਂ ਕੀਮਤਾਂ ਬਾਰੇ ਇੱਕ ਬੜੀ ਸਪੱਸ਼ਟ ਧਾਰਨਾਂ ਬਨਾਉਣ ਦੀ ਲੋੜ ਹੈ। ਸਿੱਖਿਆ ਵਿਚਲੀ ਗੁਣਵੱਤਾ ਮੰਗ ਕਰਦੀ ਹੈ ਜੀਵਨ ਦੀਆਂ ਸਾਰੀਆਂ ਤਰਬਾਂ ਪ੍ਰਤੀ ਗੁਣਵੱਤਾ ਲਈ ਸਤਰਕਤਾ। ਇਹੀ ਕਾਰਣ ਹੈ ਸ਼ਾਂਤੀ ਪ੍ਰਤੀ ਤੱਤਪਰਤਾ, ਵਾਤਾਵਰਣ ਦੀ ਸੁਰੱਖਿਆ ਅਤੇ ਸਮਾਜਕ ਬਦਲਾਵ ਲਈ ਪ੍ਰਤੀਬੱਧਤਾ ਨੂੰ ਗੁਣਵੱਤਾ ਦੇ ਬੀਜ਼ਮੂਲ ਤਰ੍ਹਾਂ ਪਛਾਣਿਆਂ ਜਾਵੇ, ਤੇ ਇਹ ਕੀਮਤ ਦੇ ਖਾਲੀ ਆਧਾਰ ਵਾਕ ਹੀ ਨਾ ਰਹਿ ਜਾਣ।

## 1.6 ਸਿੱਖਿਆ ਦਾ ਸਮਾਜਕ ਸੰਧਰਭ

ਸਿੱਖਿਆ ਪ੍ਰਬੰਧ ਜਿਸ ਸਮਾਜ ਦਾ ਅੰਗ ਹੁੰਦਾ ਹੈ ਉਸ ਤੋਂ ਅਲੱਗ ਰਹਿ ਕੇ ਕਾਰਜ ਨਹੀਂ ਕਰ ਸਕਦਾ। ਪਰ ਭਾਰਤੀ ਸਮਾਜ ਦੀਆਂ ਲਿਖਾਇਕ ਖੂਬੀਆਂ ਵਿੱਚੋਂ ਕੁਝ ਇੱਕ ਹਨ: ਜਾਤੀਗਤ ਊਚ-ਨੀਚਤਾ, ਆਰਥਕ ਪਦਵੀ ਅਤੇ ਲਿੰਗਕ ਰਿਸ਼ਤੇ। ਅਜਿਹੀ ਸਭਿਆਚਾਰਕ ਵੱਖਰਤਾ ਦੇ ਨਾਲ ਨਾਲ ਅਸੰਤੁਲਤ ਆਰਥਕ ਵਿਕਾਸ ਆਦਿ ਸਭ ਰਲਕੇ ਬੱਚਿਆਂ ਦੀ ਸਕੂਲ ਤੱਕ ਪਹੁੰਚ ਅਤੇ ਉਨ੍ਹਾਂ ਦੇ ਸਕੂਲ ਵਿੱਚ ਭਾਗ ਲੈਂਣ ਉੱਪਰ ਡੂੰਘਾ ਅਸਰ ਪਾਉਂਦੇ ਹਨ। ਇਹ ਸਭ ਕੁਝ ਉਹਨਾਂ ਸਮਾਜਕ ਅਤੇ ਆਰਥਕ ਵੰਡਾਂ ਵਿੱਚੋਂ ਸਾਫ ਨਜ਼ਰ ਪੈ ਜਾਂਦਾ ਹੈ ਜੋ ਸਕੂਲ ਵਿੱਚ ਦਾਖਲਾ ਲੈਂਣ ਅਤੇ ਪਾਸ ਕਰ ਲੈਂਣ ਦੀ ਮਾਤਰਾ ਵਿੱਚੋਂ ਦਿਖਾਈ ਦਿੰਦੇ ਹਨ। ਤਦ ਹੀ ਦਲਿਤ ਅਤੇ ਆਦਿਵਾਸੀ ਸਮਾਜਾਂ ਦੀਆਂ ਪੇਂਡੂ ਅਤੇ ਸ਼ਹਿਰੀ ਕੁੜੀਆਂ, ਧਾਰਮਕ ਅਤੇ ਹੋਰ ਘੱਟ ਗਿਣਤੀ ਵਾਲੇ ਭਾਈਚਾਰਿਆਂ ਦੇ ਕਈ ਪਛੜੇ ਖੰਡ ਸਿੱਖਿਆ ਦੇ ਪੱਖੋਂ ਬਹੁਤ ਹੀ ਅਸੁਰੱਖਿਅਤ ਹਨ।

ਸ਼ਹਿਰੀ ਥਾਵਾਂ ਅਤੇ ਕਈ ਪਿੰਡਾਂ ਵਿੱਚ ਸਕੂਲ ਪ੍ਰਬੰਧ ਬੁਰੀ ਤਰ੍ਹਾਂ ਬਿਖਰਿਆ ਪਿਆ ਹੈ ਤੇ ਬੱਚਿਆਂ ਨੂੰ ਭੈੜੀ ਤਰ੍ਹਾਂ ਵੱਖਰੇ ਵਿਦਿਅਕ ਅਨੁਭਵ ਪ੍ਰਦਾਨ ਕਰਦਾ ਹੈ। ਨਾਂਬਰਾਬਰੀ ਵਾਲੇ ਲਿੰਗਕ ਰਿਸ਼ਤੇ ਦਬਦਬਾਅ ਨੂੰ ਹੋਰ

ਗਹਿਰਾ ਹੀ ਨਹੀਂ ਕਰਦੇ, ਸਗੋਂ ਮੁੰਡਿਆਂ ਅਤੇ ਕੁੜੀਆਂ ਵਿੱਚ ਚਿੰਤਾਵਾਂ ਨੂੰ ਜਨਮ ਵੀ ਦਿੰਦੇ ਹਨ। ਇਹਦੇ ਨਾਲ ਕੇਵਲ ਸੁਤੰਤਰਤਾ ਦੀ ਹੀ ਹਾਨੀਂ ਨਹੀਂ ਹੁੰਦੀ, ਉਹਨਾਂ ਦੀਆਂ ਯੋਗਤਾਵਾਂ ਦੇ ਭਰਵੇਂ ਰੂਪ ਵਿੱਚ ਵਿਕਸਤ ਹੋਣ ਪੁਰ ਵੀ ਅਸਰ ਪੈਂਦਾ ਹੈ। ਇਹ *ਹਰ ਕਿਸੇ* ਦੇ ਹੱਕ ਵਿੱਚ ਹੈ ਕਿ ਵਰਤਮਾਨ ਲਿੰਗਕ ਨਾਬਰਾਬਰੀ ਤੋਂ ਮਨੁੱਖ ਮਾਤਰ ਨੂੰ ਆਜ਼ਾਦ ਕੀਤਾ ਜਾਵੇ।

ਸਕੂਲ ਵੰਡ ਸਮਾਜੀ ਵਰਗ ਵੰਡ ਉੱਪਰ ਟਿਕੀ ਹੋਈ ਹੈ। ਇੱਕ ਵਰਗ ਉਹਨਾਂ ਮਹਿੰਗੇ ਅਤੇ 'ਪਬਲਿਕ' (ਪਰਾਈਵੇਟ) ਸਕੂਲਾਂ ਦਾ ਹੈ। ਇਸ ਵਿੱਚ ਸ਼ਹਿਰਾਂ ਦੇ ਅਮੀਰ ਲੋਕ ਅਪਣੇ ਬੱਚੇ ਪੜ੍ਹਨ ਲਈ ਭੇਜਦੇ ਹਨ। ਦੂਜਾ ਵਰਗ ਉਹਨਾਂ ਸਕੂਲਾਂ ਦਾ ਹੈ ਜੋ ਪਰਤੱਖ ਰੂਪ ਵਿੱਚ 'ਮੁਫਤ' ਅਤੇ ਸਥਾਨਕ ਸਮਤੀਆਂ ਰਾਹੀਂ ਚਲਾਏ ਜਾਂਦੇ ਹਨ। ਇਹ ਉਹ ਪ੍ਰਾਇਮਰੀ ਸਕੂਲ ਹਨ, ਜਿੰਨ੍ਹਾਂ ਵਿੱਚ ਬਹੁਤਾ ਕਰਕੇ ਆਰਥਕ ਕਮੀਆਂ ਪੇਸ਼ੀਆਂ ਦੇ ਮਾਰੇ ਹੋਏ ਭਾਈਚਾਰਿਆਂ ਦੇ ਬੱਚੇ ਬਹੁਤਾਤ ਵਿੱਚ ਪੜ੍ਹਦੇ ਹਨ।

ਅੱਜ-ਕੱਲ੍ਹ ਪੇਂਡੂ ਇਲਾਕਿਆਂ ਵਿੱਚ ਇੱਕ ਹੋਰ ਬੜਾ ਦਿਲਚਸਪ ਪੱਖ ਸਾਹਮਣੇ ਆਇਆ ਹੈ, ਤੇ ਉਹ ਹੈ ਬਹੁਜਮਾਤੀ (ਮੁਲਟੀਗ੍ਰੇਡ) ਸਕੂਲਾਂ ਦਾ ਖੁੱਲ੍ਹਣਾ। 'ਅਧਿਆਪਕ ਅਤੇ ਵਿਦਿਆਰਥੀ ਦੇ ਅਨੁਪਤ' ਵਾਲੇ ਵਿਚਾਰ ਨੂੰ ਮਕਾਨਕੀ ਢੰਗ ਨਾਲ ਲਾਗੂ ਕਰਦਿਆਂ ਹਰ 1 ਕਿਲੋਮੀਟਰ ਦੇ ਫਾਸਲੇ ਉੱਪਰ ਹਰ ਵਸੇਬੇ ਲਈ ਸਕੂਲ ਖੋਹਲਣ ਦੇ ਫੈਸਲੇ ਦੇ ਅੰਤਰਗਤ ਇਹ ਸਕੂਲ ਖੁੱਲ੍ਹਦੇ ਹਨ। ਨਾ ਤਾਂ ਇਹਨਾਂ ਵਿੱਚ ਲੋੜੀਂਦੇ ਪਾਠਕ੍ਰਮ ਦੇ ਸੰਕਲਪਾਂ ਦੀ ਵਰਤੋਂ ਹੁੰਦੀ ਹੈ, ਨਾਹੀ ਪਾਠ-ਸਮੱਗਰੀ ਜਾਂ ਸਿੱਖਿਆ ਸ਼ਾਸਤਰ ਵਰਗੀ ਕੋਈ ਮਦਦ ਇਹਨਾਂ ਸਕੂਲਾਂ ਨੂੰ ਮਿਲ ਰਹੀ ਹੈ।

ਇਸ ਭਾਂਤ ਦੇ ਵਿਕਾਸ ਕਾਰਣ ਨਾ ਚਹੁੰਦਿਆਂ ਹੋਇਆਂ ਵੀ ਮੌਕੇ ਦੀ ਬਰਾਬਰੀ ਅਤੇ ਸਮਾਜਕ ਨਿਆਂ ਵਰਗੀਆਂ ਕੀਮਤਾਂ ਨੂੰ ਢਾਹ ਲੱਗਦੀ ਹੈ। ਜੇ ਇਸ ਪੱਖ ਨੂੰ 'ਮੁਫਤ' ਸਿੱਖਿਆ ਅੱਗੇ 'ਰੋਕਾਂ ਦਾ ਹਟਾਇਆ ਜਾਣਾਂ' ਦੇ ਅਰਥਾਂ ਵਿੱਚ ਸਮਝਿਆ ਜਾਣਾਂ ਹੈ, ਤਾਂ ਫਿਰ ਸਾਨੂੰ 'ਵਿਸ਼ਵ-ਵਿਆਪਕ ਮੁਢਲੀ ਸਿਖਿਆ' ਦੀ ਮਦਦ ਕਰਨ ਵਾਲੀ ਅਤੇ ਇਸ ਨੂੰ ਸਫਲ ਬਨਾਉਣ ਵਾਲੀ ਸਰਕਾਰੀ ਨੀਤੀ ਦੇ ਹੋਰਨਾਂ ਖੇਤਰਾਂ ਦੇ ਮਹੱਤਵ ਨੂੰ ਵੀ ਧਿਆਨ ਵਿੱਚ ਰੱਖਣਾ ਪਵੇਗਾ।

ਗਲੋਬਲੀਕਰਣ ਅਤੇ ਮੰਡੀ ਅਧਾਰਤ ਰਿਸ਼ਤਿਆਂ ਦੇ ਜੀਵਨ ਦੇ ਹਰ ਖੇਤਰ ਵਿੱਚ ਫੈਲ ਜਾਣ ਦੇ ਸਿੱਖਿਆ ਲਈ ਵੀ ਬੜੇ ਗਹਿਰੇ ਅਰਥ ਬਣਦੇ ਹਨ। ਇੱਕ ਪਾਸੇ ਤਾਂ ਅਸੀਂ ਸਿੱਖਿਆ ਦੇ ਵਪਾਰੀਕਰਣ ਵਿੱਚ ਨਿਰੰਤਰ ਵਾਧਾ ਹੁੰਦਾ ਦੇਖ ਰਹੇ ਹਾਂ, ਦੂਜੇ ਪਾਸੇ ਸਿੱਖਿਆ ਦੇ ਲਈ ਲੋੜੋਂ ਘੱਟ ਧਨ-ਰਾਸ਼ੀ ਲਾਈ ਜਾ ਰਹੀ ਹੈ। ਸਰਕਾਰੀ ਰੁਝਾਂਨ

ਵੀ 'ਬਦਲ' ਵਾਲੇ ਸਕੂਲਾਂ ਪ੍ਰਤੀ ਨਜ਼ਰ ਪੈਂਦਾ ਹੈ। ਇਹ ਸਭ ਸੂਚਕ ਹਨ ਸਰਕਾਰ ਤੋਂ ਹਟਕੇ ਪਰਵਾਰਾਂ ਅਤੇ ਭਾਈਚਾਰਿਆਂ ਉੱਪਰ ਸਿੱਖਿਆ ਦੀ ਜ਼ਿੰਮੇਂਵਾਰੀ ਆ ਜਾਣ ਦੇ।

ਸਾਨੂੰ ਸਕੂਲ ਦੇ ਵਸਤੂਕਰਣ ਪ੍ਰਤੀ ਅਤੇ ਸਕੂਲਾਂ ਉੱਪਰ ਤੇ ਸਕੂਲੀ ਗੁਣਵੱਤਾ ਉੱਪਰ ਮੰਡੀਕਰਣ ਦੇ ਸੰਕਲਪਾਂ ਦੇ ਲਾਗੂ ਹੋਣ ਪ੍ਰਤੀ ਚੁਕੰਨੇ ਹੋਣ ਦੀ ਲੋੜ ਹੈ। ਵਧ ਰਹੇ ਮੁਕਾਬਲੇ ਵਾਲੇ ਜਿਸ ਮਹੌਲ ਵਿੱਚ ਸਕੂਲ ਘਸੀਟੇ ਜਾ ਰਹੇ ਹਨ, ਅਤੇ ਮਾਪਿਆਂ ਦੀਆਂ ਉਮੀਦਾਂ ਸਭ ਬੱਚਿਆਂ ਉੱਪਰ ਬੇਹੱਦ ਬੋਝ ਅਤੇ ਚਿੰਤਾ ਲੱਦ ਰਹੀਆਂ ਹਨ, ਨਿਆਣੇ ਬਾਲਾਂ ਲਈ ਵੀ ਉਸ ਬੋਝ ਤੋਂ ਕੋਈ ਛੁਟਕਾਰਾ ਨਹੀਂ ਹੈ। ਇਸ ਨਾਲ ਉਹਨਾਂ ਦੇ ਨਿੱਜੀ ਵਿਕਾਸ ਉੱਪਰ ਅਤੇ ਉਹਨਾਂ ਵਿੱਚ ਸਿੱਖਣ ਦੀ ਖੁਸ਼ੀ ਦੇ ਉਤਸਾਹਤ ਹੋਣ ਉੱਪਰ ਬੜਾ ਬੁਰਾ ਅਸਰ ਪੈ ਰਿਹਾ ਹੈ।

ਸਵਿਧਾਨ ਦੀ 73ਵੀਂ ਅਤੇ 74ਵੀਂ ਸੋਧ ਨੇ ਸਥਾਨਕ ਭਾਈਚਾਰਿਆਂ ਨੂੰ ਅਪਣੇ ਬੱਚਿਆਂ ਦੀ ਸਿੱਖਿਆ ਨਾਲ ਸਬੰਧਤ ਫੈਸਲਿਆਂ ਵਿੱਚ ਹਿੱਸਾ ਲੈਣ ਲਈ ਵਿਧਾਨਕ ਸਥਾਨ ਦੇ ਦਿੱਤਾ ਹੈ। ਇਹ ਬੜੀ ਮਹੱਤਵ ਪੂਰਣ ਤਬਦੀਲੀ ਹੈ। ਪਰ ਮਾਪਿਆਂ ਦੀਆਂ ਸਿੱਖਿਆ ਨਾਲ ਜੁੜੀਆਂ ਉਮੀਦਾਂ ਘੋਰ ਗਰੀਬੀ ਅਤੇ ਅਸਮਾਨ ਸਮਾਜੀ ਰਿਸ਼ਤਿਆਂ ਦੇ ਭਾਰ ਹੇਠ, ਤੇ ਮਿਆਰੀ ਸਿੱਖਿਆ ਦੇ ਸਾਧਨਾਂ ਦੀ ਥੁੜ ਕਾਰਣ ਝੁਠਲਾਈਆਂ ਜਾ ਰਹੀਆਂ ਹਨ। ਸ਼ਹਿਰਾਂ ਵਿੱਚ ਰਹਿੰਦੇ ਗਰੀਬਾਂ ਵਿਚਕਾਰ ਜਨਸੰਖਿਆ ਦੇ ਵਿਸਫੋਟ ਪ੍ਰਤੀ ਚਿੰਤਾ ਯੋਜਨਾਵਾਂ ਵਿੱਚ ਹਾਲੇ ਵੀ ਨਜ਼ਰ ਨਹੀਂ ਪੈਂਦੀ। ਗਰੀਬ ਵਰਗ ਦੀਆਂ ਸਿੱਖਿਆ ਉੱਪਰ ਲੱਗੀਆਂ ਉਮੀਦਾਂ ਨੂੰ ਪਾਠਕ੍ਰਮ ਦੀ ਰੂਪਰੇਖਾ ਦੇ ਸਰੋਕਾਰਾਂ ਤੋਂ ਬਾਹਰ ਨਹੀਂ ਧਰਿਆ ਜਾ ਸਕਦਾ।

ਇਉਂ ਭਾਰਤੀ ਸਿੱਖਿਆ ਦਾ ਸਮਾਜਕ ਸੰਧਰਭ ਕੁਝ ਇੱਕ ਵੰਗਾਰਾਂ ਪੇਸ਼ ਕਰਦਾ ਹੈ, ਜਿਨ੍ਹਾਂ ਦਾ ਪਾਠਕ੍ਰਮ ਦੀ ਰੂਪਰੇਖਾ ਨੂੰ ਉਲੀਕਣ ਲੱਗਿਆਂ ਅਤੇ ਲਾਗੂ ਕਰਨ ਵਿੱਚ ਸਾਹਮਣਾਂ ਕੀਤਾ ਜਾਣਾਂ ਬੜਾ ਜਰੂਰੀ ਹੈ। ਮਾਰਗ ਦਰਸ਼ਨ ਦੇ ਨੇਮਾਂ ਉੱਪਰ ਹੋਈ ਚਰਚਾ ਵਿੱਚ ਇਹਨਾਂ ਚਨੌਤੀਆਂ ਵੱਲ ਧਿਆਨ ਦੁਆਇਆ ਗਿਆ ਹੈ, ਅਤੇ ਨਾਲ ਹੀ ਕੁਝ ਕੁ ਉਹ ਤਰੀਕੇ ਵੀ ਸੁਝਾਏ ਗਏ ਹਨ, ਜਿੰਨ੍ਹਾਂ ਨਾਲ ਇਹਨਾਂ ਚਨੌਤੀਆਂ ਨਾਲ ਨਜਿੱਠਿਆ ਵੀ ਜਾ ਸਕੇ।

ਗਿਆਨ ਦੇ ਸੰਕਲਪ ਨੂੰ ਇਸ ਤਰ੍ਹਾਂ ਖੋਹਲਣਾਂ ਕਿ ਇਸ ਵਿੱਚ ਗਿਆਨ ਅਤੇ ਅਨੁਭਵ ਦੇ ਨਵੇਂ ਖੇਤਰਾਂ ਨੂੰ ਸ਼ਾਮਿਲ ਕੀਤਾ ਜਾ ਸਕੇ, ਸਿੱਖਣ ਕਾਰਜ਼ਾਂ ਦੀ ਚੋਣ ਵਿੱਚ ਸ਼ਮੂਲੀਅਤ, ਅਧਿਆਪਨ ਦੇ ਅਜਿਹੇ ਅਮਲ ਜੋ ਭਾਗ ਲੈਣ ਵਿੱਚ ਵਾਧਾ ਕਰਨ, ਸਵੈ-ਅਭਿਮਾਨ ਅਤੇ ਆਲੋਚਨਾਤਮਕ ਸੁਚੇਤਨ ਦਾ ਨਿਰਮਾਣ, ਅਤੇ ਪਾਠਕ੍ਰਮ ਸਬੰਧੀ ਫੈਸਲਿਆਂ ਬਾਰੇ ਦੱਸਣ ਤੇ ਹਿੱਸਾ ਪਾਉਂਣ ਲਈ ਭਾਈਚਾਰੇ ਨਾਲ ਗੱਲਬਾਤ ਵਿੱਚ ਖੁੱਲ੍ਹਾਪਨ ਵਿਖਾਉਣ ਆਦਿ ਕੁਝ ਨਵੇਂ ਵਿਚਾਰ ਹਨ, ਜੋ ਇਸ ਦਸਤਾਵੇਜ਼ ਦੇ ਭਿੰਨ ਭਿੰਨ ਖੰਡਾਂ ਵਿੱਚ ਵਿਚਾਰੇ ਗਏ ਹਨ।

## 1.7 ਸਿੱਖਿਆ ਦੇ ਨਿਸ਼ਾਨੇ

ਸਿੱਖਿਆ ਦੇ ਨਿਸ਼ਾਨੇ ਚੁਣੇ ਹੋਏ ਆਦਰਸ਼ਾਂ ਅਤੇ ਪ੍ਰਵਾਨਤ ਨੇਮਾਂ ਦਾ ਸਿੱਖਿਆ ਦੀਆਂ ਪ੍ਰੀਕਿਰਿਆਵਾਂ ਨਾਲ ਤਾਲ-ਮੇਲ ਬੈਠਾਉਣ ਲਈ ਵਿਆਪਕ ਮਾਰਗ ਦਰਸ਼ਣ ਦਾ ਕੰਮ ਕਰਦੇ ਹਨ। ਸਿੱਖਿਆ ਦੇ ਨਿਸ਼ਾਨੇ ਨਾਲ ਦੀ ਨਾਲ ਹੀ ਸਮਾਜ ਦੀਆਂ ਅਜੋਕੀਆਂ ਉਮੀਦਾਂ ਅਤੇ ਦੀਰਘ ਕਾਲੀਨ ਕੀਮਤਾਂ ਉੱਪਰ, ਤੱਤਕਾਲੀਨ ਚਿੰਤਾਵਾਂ ਤੇ ਉਦਾਰ ਮਨੁੱਖੀ ਆਦਰਸ਼ਾਂ ਉੱਪਰ ਰੋਸ਼ਨੀ ਪਾਉਂਦੇ ਹਨ। ਕਿਸੇ ਵੀ ਨਿਸਚਿਤ ਸਮੇਂ ਤੇ ਸਥਾਨ ਉੱਤੇ ਸਿੱਖਿਆ ਦੇ ਨਿਸ਼ਾਨਿਆਂ ਨੂੰ ਵਿਆਪਕ ਅਤੇ ਦੀਰਘ ਕਾਲੀਨ ਮਨੁੱਖੀ ਉਮੀਦਾਂ ਅਤੇ ਕੀਮਤਾਂ ਦੇ ਸਮਕਾਲੀਨ ਅਤੇ ਸੰਧਰਭਤ ਉਚਾਰ ਕਿਹਾ ਜਾ ਸਕਦਾ ਹੈ।

ਸਿੱਖਿਆ ਦੇ ਨਿਸ਼ਾਨੇ ਸਕੂਲਾਂ ਅਤੇ ਹੋਰ ਸਿੱਖਿਅਕ ਆਦਾਰਿਆਂ ਵਿੱਚ ਚੱਲ ਰਹੇ ਭਿੰਨ ਭਿੰਨ ਕਾਰਜਾਂ ਨੂੰ ਸਿਰਜਣਾਤਮਕ ਪੈਟਰਨਾਂ ਵਿੱਚ ਪਰਿਵਰਤਤ ਕਰ ਦਿੰਦੇ ਹਨ। ਉਨ੍ਹਾਂ ਨੂੰ ਇੱਕ ਬੜਾ ਨਿਆਰਾ 'ਸਿੱਖਿਅਕ' ਸੁਭਾਅ ਪਰਦਾਨ ਕਰਦੇ ਹਨ। ਸਿੱਖਿਆ ਦਾ ਇੱਕ ਲਕਸ਼ ਕਿਸੇ ਅਧਿਆਪਕ ਨੂੰ ਅਪਣੀ ਜਮਾਤ ਵਿਚਲੇ ਕਾਰਜ ਨੂੰ ਮਸ਼ੀਨੀਂ ਬਣਾਏ ਬਿਨਾਂ ਭਵਿੱਖ ਵਿੱਚ ਸੰਭਵ ਕਿਸੇ ਸਿੱਟੇ ਨਾਲ ਜੋੜਨ ਵਿੱਚ ਮਦਦ ਕਰਦਾ ਹੈ। ਇਸ ਤਰ੍ਹਾਂ ਅਧਿਆਪਨ ਨੂੰ ਤੱਤਕਾਲੀਨ ਉਦੇਸ਼ਾਂ ਨਾਲੋਂ ਤੋੜੇ ਬਿਨਾਂ ਇਸ ਦਾ ਨਿਰਦੇਸ਼ਨ ਕਰਦਾ ਹੈ।

ਇਉਂ ਨਿਸ਼ਾਨਾਂ ਪਹਿਲਾਂ ਹੀ ਜਾਣ ਲਈ ਗਈ ਇੱਕ ਪ੍ਰਾਪਤੀ ਹੁੰਦਾ ਹੈ। ਇਹ ਕਿਸੇ ਅਨੁਮਾਨਕਾਰ ਦਾ ਮਹਿਜ਼ ਕੋਈ ਵਿਚਾਰ ਨਹੀਂ ਹੁੰਦਾ; ਸਗੋਂ ਇਹ ਤਾਂ ਉਸ ਲਕਸ਼ ਤੱਕ ਪਹੁੰਚਣ ਲਈ ਉਠਾਏ ਜਾਣ ਵਾਲੇ ਕਦਮਾਂ ਨੂੰ ਪ੍ਰਭਾਵਤ ਕਰਦਾ ਹੈ। ਹਰ ਨਿਸ਼ਾਨੇਂ ਨੂੰ ਦੂਰ-ਦ੍ਰਿਸ਼ਟੀ ਵੀ ਪਰਦਾਨ ਕਰਨੀਂ ਚਾਹੀਦੀ ਹੈ। ਅਜਿਹਾ ਤਿੰਨ ਤਰੀਕਿਆਂ ਨਾਲ ਹੋ ਸਕਦਾ ਹੈ ਜਿਵੇਂ:

- ਪਹਿਲਾ, ਇਸ ਵਿੱਚ ਪ੍ਰਚਲਤ ਸਥਿੱਤੀਆਂ ਨੂੰ ਨਜ਼ਰ ਵਿੱਚ ਰੱਖਕੇ ਨਿਸ਼ਾਨੇਂ ਤੱਕ ਪਹੁੰਚਣ ਲਈ ਸਾਧਨਾਂ, ਅਤੇ ਰਸਤੇ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦਾ ਧਿਆਨ ਪੂਰਵਕ ਜਾਇਜ਼ਾ ਲਾਉਂਣਾ ਸ਼ਾਮਿਲ ਹੈ। ਇਸ ਵਿੱਚ ਬੱਚਿਆਂ ਦੇ ਧਿਆਨ ਨਾਲ ਕੀਤੇ ਅਧਿਐਨ ਦੀ, ਅਤੇ ਉਹਨਾਂ ਦੀ ਉਮਰ ਦੇ ਅਲੱਗ ਅਲੱਗ ਪੜਾਵਾਂ ਉੱਪਰ ਉਹ ਕੀ ਸਿੱਖਣ ਦੇ ਯੋਗ ਹਨ, ਇਸ ਸਮਝ ਦੀ ਵੀ ਜਰੂਰਤ ਪੈ ਸਕਦੀ ਹੈ।
- ਦੂਜਾ, ਇਹ ਦੂਰ-ਦ੍ਰਿਸ਼ਟੀ ਪੂਰੀ ਤਰ੍ਹਾਂ ਕਾਰਗਾਰ ਕ੍ਰਮ ਜਾਂ ਤਰਤੀਬ ਦਾ ਸੁਝਾਓ ਦਿੰਦੀ ਹੈ।
- ਤੀਜਾ, ਕੁਝ ਇੱਕ ਬਦਲਾਂ ਵਿੱਚੋਂ ਚੋਣ ਨੂੰ ਸੰਭਵ ਬਣਾਉਂਦੀ ਹੈ। ਇਸ ਲਈ ਕਿਸੇ ਆਸ਼ੇ ਦੇ ਆਧਾਰ ਉੱਤੇ ਕਾਰਜ ਕਰਨਾ ਸਾਨੂੰ ਅਕਲਮੰਦੀ ਨਾਲ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਸਕੂਲ, ਜਮਾਤ-ਕਮਰਾ, ਅਤੇ ਹੋਰ ਸਬੰਧਿਤ ਸਥਲ ਉਹ ਪਾਸਾਰ ਹਨ, ਜਿੱਥੇ ਮੂਲ ਸਿੱਖਿਅਕ ਕਾਰਜ ਵਾਪਰਦਾ ਹੈ।

ਇਹ ਹੀ ਉਹ ਥਾਵਾਂ ਹਨ ਜਿੱਥੇ ਸਿੱਖਿਅਕਾਂ ਦੇ ਉਹ ਅਨੁਭਵ ਵਾਪਰਦੇ ਹਨ, ਜਿਨ੍ਹਾਂ ਰਾਹੀਂ ਪਾਠਕ੍ਰਮ ਦੇ ਉਮੀਦੇ ਗਏ ਟੀਚਿਆਂ ਨੂੰ ਹਾਂਸਲ ਕੀਤਾ ਜਾ ਸਕਦਾ ਹੈ। ਸਿੱਖਿਅਕਾਂ ਦੀ, ਸਿੱਖਿਆ ਦੇ ਨਿਛਾਨਿਆਂ ਦੀ, ਗਿਆਨ ਦੇ ਸੁਭਾਅ ਦੀ ਠੀਕ ਠਾਕ ਸਮਝ, ਸਕੂਲ ਦੇ ਇੱਕ ਸਮਾਜਕ ਸਥਾਨ ਹੋਣ ਦੀ ਭਰਵੀਂ ਸਮਝ ਪਾਠ-ਕਮਰੇ ਵਿਚਲੇ ਅਮਲ ਨੂੰ ਅਗਵਾਈ ਦੇਣ ਵਾਲੇ ਨਿਯਮਾਂ ਤੱਕ ਪਹੁੰਚਣ ਵਿੱਚ ਮਦਦ ਕਰ ਸਕਦੀ ਹੈ।

ਉਹ ਮਾਰਗ ਦਰਸ਼ਕ ਨੇਮ ਜਿਨ੍ਹਾਂ ਦੀ ਉੱਪਰ ਚਰਚਾ ਕੀਤੀ ਗਈ ਹੈ, ਇੱਕ ਸਮਾਜਕ ਮੁੱਲਾਂ ਦਾ ਅਜਿਹਾ ਖੇਤਰਫਲ ਪਰਦਾਨ ਕਰਦੇ ਹਨ, ਜਿਨ੍ਹਾਂ ਦੇ ਅੰਤਰਗਤ ਅਸੀਂ ਸਿੱਖਿਆ ਦੇ ਨਿਛਾਨਿਆਂ ਨੂੰ ਰੱਖ ਸਕਦੇ ਹਾਂ। ਪਹਿਲਾ ਹੈ ਲੋਕਤੰਤਰਕ ਕੀਮਤਾਂ ਜਿਵੇਂ ਕਿ ਬਰਾਬਰੀ, ਨਿਆਂ, ਆਜ਼ਾਦੀ, ਦੂਸਰਿਆਂ ਦੇ ਭਲੇ ਲਈ ਤਤਪਰਤਾ, ਧਰਮ ਨਿਰਪੇਖਤਾ, ਮਨੁੱਖੀ ਸਨਮਾਨ ਅਤੇ ਅਧਿਕਾਰਾਂ ਪ੍ਰਤੀ ਨਿਸ਼ਠਾ। ਸਿੱਖਿਆ ਲਈ ਚਾਹੀਦਾ ਹੈ ਕਿ ਇਸ ਵਿੱਚ ਤਰਕ ਅਤੇ ਸਮਝ ਉੱਪਰ ਟਿਕੀਆਂ ਇਹਨਾਂ ਕੀਮਤਾਂ ਪ੍ਰਤੀ ਨਿਸ਼ਠਾ ਦਾ ਵਿਕਾਸ ਕਰਨ ਦੀ ਕੋਸ਼ਿਸ਼ ਕਰੇ। ਪਾਠਕ੍ਰਮ ਲਈ ਇਹ ਜਰੂਰੀ ਬਣਦਾ ਹੈ ਕਿ ਸਕੂਲ ਵਿੱਚ ਸੰਵਾਦ ਅਤੇ ਉਚਾਰ ਦਾ ਲੋੜੀਂਦਾ ਅਨੁਭਵ ਅਤੇ ਸਥਾਨ ਪੇਸ਼ ਕਰ ਸਕੇ, ਤਾਂ ਜੋ ਬੱਚਿਆਂ ਵਿੱਚ ਅਜਿਹੀ ਨਿਸ਼ਠਾ ਦਾ ਨਿਰਮਾਣ ਕੀਤਾ ਜਾ ਸਕੇ।

- ਸੋਚ ਅਤੇ ਕਾਰਜ ਦੀ ਸੁਤੰਤਰਤਾ ਧਿਆਨ ਨਾਲ ਸੋਚਣ ਸਮਝਣ ਦੀ ਸੱਮਰਥਾ ਵੱਲ, ਅਤੇ ਮੁੱਲ-ਗੁਣਾਂ ਦੇ ਆਧਾਰ ਉੱਪਰ ਨਿੱਜੀ ਤੌਰਤੇ ਜਾਂ ਸਾਮੂਹਿਕ ਢੰਗ ਨਾਲ ਫੈਸਲੇ ਲੈਂਣ ਦੀ ਸਮਰਥਾ ਵੱਲ ਇਸ਼ਾਰਾ ਕਰਦੀ ਹੈ।
- ਦੂਸਰਿਆਂ ਦੇ ਭਲੇ ਅਤੇ ਭਾਵਨਾਵਾਂ ਪ੍ਰਤੀ ਇੱਕ ਸੰਵੇਦਨਸ਼ੀਲਤਾ, ਤੇ ਇਸ ਦੇ ਨਾਲ ਗਿਆਨ ਅਤੇ ਵਿਸ਼ਵ ਦੀ ਸਮਝ ਕੀਮਤਾਂ ਲਈ ਤਾਰਕਿਕ ਨਿਸ਼ਠਾ ਦਾ ਆਧਾਰ ਬਣਨੇ ਚਾਹੀਦੇ ਹਨ।
- ਸਿੱਖਣ ਲਈ ਸਿੱਖਣਾ ਅਤੇ ਭੁੱਲ ਭੁਲਾਕੇ ਮੁੜ ਸਿੱਖਣ ਲਈ ਰਜਾਮੰਦੀ ਹੋਣੀ ਉਹ ਮਹੱਤਵ ਪੂਰਣ ਸਾਧਨ ਹਨ ਜੋ ਨਰਮੀਂ ਭਰੇ ਅਤੇ ਸਿਰਜਣਾਤਕ ਤਰੀਕੇ ਨਾਲ ਨਵੀਆਂ ਪ੍ਰਸਥਿਤੀਆਂ ਨੂੰ ਸੰਬੋਧਨ ਹੋਣ ਦੇ ਕੰਮ ਆਉਂਦੇ ਹਨ। ਪਾਠਕ੍ਰਮ ਲਈ ਗਿਆਨ ਨਿਰਮਾਣ ਦੀਆਂ ਪ੍ਰਕਿਰਿਆਵਾਂ ਉੱਪਰ ਬਲ ਦੇਣਾਂ ਜਰੂਰੀ ਬਣਦਾ ਹੈ।

ਜ਼ਿੰਦਗੀ ਵਿੱਚ ਚੋਣ ਦੀਆਂ ਸੰਭਾਵਨਾਵਾਂ ਅਤੇ ਲੋਕਤਾਂਤਰਿਕ ਪ੍ਰਕਿਰਿਆਵਾਂ ਵਿੱਚ ਭਾਗ ਲੈਣਾਂ ਭਿੰਨ ਭਿੰਨ ਢੰਗਾਂ ਨਾਲ ਸਮਾਜ ਵਿੱਚ ਹਿੱਸਾ ਪਾ ਸਕਣ ਦੀ ਸਮਰਥਾ ਉੱਪਰ ਟਿਕੇ ਹੋਏ ਹਨ। ਏਸੇ ਕਰਕੇ ਸਿੱਖਿਆ ਲਈ ਇਹ ਜਰੂਰੀ ਹੈ ਕਿ ਇਹ ਕੋਈ ਕੰਮ-ਧੰਦਾ ਕਰ ਸਕਣ, ਆਰਥਕ ਪ੍ਰਕਿਰਿਆਵਾਂ ਵਿੱਚ ਹਿੱਸਾ ਲੈਂਣ ਅਤੇ ਸਮਾਜੀ

ਬਦਲਾਓ ਵਿੱਚ ਸ਼ਾਮਿਲ ਹੋ ਸਕਣ ਦੀ ਸ਼ਕਤੀ ਪੈਦਾ ਕਰ ਸਕੇ। ਇਸੇ ਲਈ ਸਿੱਖਿਆ ਦਾ ਧੰਦੇ ਨਾਲ ਸੁਮੇਲ ਸਥਾਪਤ ਕਰਨਾ ਅਨਿਵਾਰੀ ਹੋ ਜਾਂਦਾ ਹੈ।

ਸਾਡੇ ਲਈ ਇਹ ਜਰੂਰੀ ਹੈ ਕਿ ਸਡੇ ਧੰਦੇ ਨਾਲ ਸਬੰਧਿਤ ਅਨੁਭਵ ਕਾਫੀ ਮਾਤਰਾ ਵਿੱਚ ਹੋਂਣ, ਕੌਸ਼ਲ ਅਤੇ ਪ੍ਰਤੀਕਰਮਾਂ ਦੇ ਪੱਖ ਤੋਂ ਵਿਸ਼ਾਲ ਆਧਾਰ ਵਾਲੇ ਹੋਣ, ਸਮਾਜਕ-ਆਰਥਕ ਪ੍ਰਕਿਰਿਆਵਾਂ ਨੂੰ ਹੋਰ ਤੇਜ ਕਰ ਸਕਦੇ ਹੋਣ, ਅਤੇ ਦੂਜਿਆਂ ਨਾਲ ਮਿਲਵਰਤਨ ਦੀ ਭਾਵਨਾਂ ਨਾਲ ਕੰਮ ਕਰ ਸਕਣ ਦੀ ਮਾਨਸਿਕ ਦ੍ਰਿਸ਼ਟੀ ਤਿਆਰ ਕਰ ਸਕਦੇ ਹੋਣ। ਕੇਵਲ ਕੰਮ-ਧੰਦਾ ਹੀ ਹੈ ਜੋ ਸਮਾਜਕ ਸੁਭਾਅ ਸਿਰਜ ਸਕਦਾ ਹੈ।

ਓਏ, ਮੇਰਾ ਪੁੱਤਰ ਸਕੂਲ ਚੱਲਿਆ ਜੇ! ... ਸੁੱਖ ਨਾਲ ਮੈਨੂੰ ਨਾ ਇਹ ਟਰਾਲੀ ਹਵਾਈ ਅੱਡੇ ਤੋਂ ਮਿਲ ਗਈ ਸੀ!

(ਆਭਾਰ: ਆਰ. ਕੇ. ਲਸ਼ਮਣ, ਟਾਈਮਜ਼ ਆਵ ਇੰਡੀਆ)

ਖੂਬਸੂਰਤੀ ਅਤੇ ਕਲਾ ਰੂਪਾਂ ਦੀ ਸਲਹੁਤਾ ਕਰ ਸਕਣੀ ਮਨੁੱਖੀ ਜੀਵਨ ਦਾ ਇੱਕ ਅਨਿੱਖੜਵਾਂ ਅੰਗ ਹਨ। ਕਲਾ, ਸਾਹਿੱਤ ਅਤੇ ਗਿਆਨ ਦੇ ਹੋਰ ਖੰਡਾਂ ਵਿਚਲੀ ਸਿਰਜਣਾਤਮਕਤਾ ਬੜੀ ਨੇੜੇ ਤੋਂ ਜੁੜੀ ਹੋਈ ਹੈ। ਇਹ ਜਰੂਰੀ ਹੈ ਕਿ ਸਿੱਖਿਆ ਬੱਚੇ ਦੇ ਸਿਰਜਣਾਤਮਕ ਪ੍ਰਟਾਵੇ ਅਤੇ ਸੁਹਜਾਤਮਕ ਪ੍ਰਸ਼ੰਸਾ ਦੀ ਯੋਗਤਾ ਨੂੰ ਹੋਰ ਪਰਫੁੱਲਤ ਕਰਨ ਦੇ ਸਾਧਨ ਅਤੇ ਅਵਸਰ ਪਰਦਾਨ ਕਰੇ।

ਸੁਹਜਾਤਮਕ ਪ੍ਰਸ਼ੰਸਾ ਅਤੇ ਸਿਰਣਾਤਮਕਤਾ ਦੀ ਸਿੱਖਿਆ ਦਾ ਅੱਜ ਦੇ ਮਹੌਲ ਵਿੱਚ ਮਹੱਤਵ ਹੋਰ ਵੀ ਵਧ ਗਿਆ ਹੈ, ਕਿਉਂਕਿ ਸੁਹਜਾਤਮਕ ਭੋਲਾਪਨ ਅਜਿਹੇ ਮੱਤਾਂ ਅਤੇ ਸੁਆਦਾਂ ਦੀ ਇਜਾਜ਼ਤ ਦਿੰਦਾ ਹੈ, ਜਿਨ੍ਹਾਂ ਨੂੰ ਮੰਡੀ ਦੀਆਂ ਤਾਕਤਾਂ ਉਤਪਨ ਵੀ ਕਰ ਸਕਦੀਆਂ ਹਨ ਤੇ ਚਲਾਕੀ ਨਾਲ ਪ੍ਰਭਾਵਤ ਵੀ ਕਰ ਸਕਦੀਆਂ ਹਨ। ਜਤਨ ਇਹ ਹੋਣਾਂ ਚਾਹੀਦਾ ਹੈ ਕਿ ਸਿੱਖਿਅਕ ਖੂਬਸੂਰਤੀ ਦੇ ਅਨੇਕ ਰੂਪਾਂ ਦੀ ਸ਼ਲਾਘਾ ਕਰਨ ਦੇ ਯੋਗ ਹੋ ਸਕੇ।

ਹਾਂ ਪਰ, ਸਾਨੂੰ ਇਸ ਗੱਲ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਕਿ ਖੂਬਸੂਰਤੀ ਅਤੇ ਮਨਪਰਚਾਵੇ ਦੇ ਅਜਿਹੇ ਰੂੜ੍ਹੀਵਾਦੀ ਰੂਪਾਂ ਨੂੰ ਹੋਰ ਵਧਾਅ ਨਾ ਬੈਠੀਏ ਜੋ ਔਰਤਾਂ ਅਤੇ ਹੀਂਣਤਾਵਾਂ ਤੋਂ ਪ੍ਰਭਾਵਤ ਬੰਦਿਆਂ ਦਾ ਨਿਰਾਦਰ ਨਾ ਕਰਨ।

2.1 ਸੁਚੇਤ ਸਿੱਖਿਅਕ ਦੀ ਪਹਿਲਤਾ

2.2 ਸੰਧਰਭ ਵਿੱਚ ਸਿੱਖਿਅਕ

2.3 ਪ੍ਰਗਤੀ ਅਤੇ ਸਿੱਖਣ

2.4 ਪਾਠਕ੍ਰਮ ਅਤੇ ਅਭਿਆਸ ਲਈ ਅਰਥ

2.5 ਗਿਆਨ ਅਤੇ ਸਮਝ

2.6 ਗਿਆਨ ਦਾ ਪੁਨਰਸਿਰਜਣ

2.7 ਬੱਚਿਆਂ ਦਾ ਗਿਆਨ ਅਤੇ ਸਥਾਨਕ ਗਿਆਨ

2.8 ਸਮਾਜਕ ਗਿਆਨ ਅਤੇ ਭਾਈਚਾਰਾ

2.9 ਕੁਝ ਵਿਕਾਸ-ਮੂਲਕ ਮੁੱਦੇ

# ਅਧਿਆਏ 2: ਸਿੱਖਣ ਅਤੇ ਗਿਆਨ

ਇਹ ਅਧਿਆਏ ਬੱਚੇ ਨੂੰ ਇੱਕ ਸੁਭਾਵਕ ਸਿੱਖਿਅਕ ਦੀ ਤਰ੍ਹਾਂ ਸਥਾਪਤ ਕਰਦਾ ਹੈ। ਗਿਆਨ ਨੂੰ ਬੱਚੇ ਦੇ ਅਪਣੇ ਜਤਨਾਂ ਦੇ ਫਲ ਸਰੂਪ ਉਤਪਨ ਹੁੰਦਾ ਪਰਵਾਨ ਕਰਨ ਦੀ ਜਰੂਰਤ ਦੀ ਗੱਲ ਕਰਦਾ ਹੈ। ਸਕੂਲ ਤੋਂ ਬਾਹਰ ਸਾਡੇ ਰੋਜ਼ਾਨਾਂ ਜੀਵਨ ਵਿੱਚ ਅਸੀਂ ਬੱਚਿਆਂ ਦੀ ਜਗਿਆਸਾ, ਖੋਜ਼ਾਤਮਕਤਾ ਅਤੇ ਨਿਰੰਤਰ ਪ੍ਰਸ਼ਨ ਪੁੱਛਦੇ ਰਹਿੰਣ ਦਾ ਆਨੰਦ ਲੈਂਦੇ ਹਾਂ। ਬੱਚੇ ਅਪਣੇ ਚੌਗਿਰਦੇ ਵਾਲੇ ਸੰਸਾਰ ਨਾਲ ਸੁਚੇਤ ਢੰਗ ਨਾਲ ਜੁੜਦੇ ਹਨ, ਭਾਲਦੇ ਹਨ, ਸੰਬੋਧਤ ਹੁੰਦੇ ਹਨ, ਖੋਜ਼ ਕਰਦੇ, ਚੀਜ਼ਾਂ ਤਿਆਰ ਕਰਦੇ ਹਨ ਅਤੇ ਅਰਥ ਸਾਜਦੇ ਹਨ।

ਬਚਪਨ ਵਾਧੇ ਅਤੇ ਤਬਦੀਲੀ ਦਾ ਸਮਾਂ ਹੈ, ਜਿਸ ਵਿੱਚ ਅਪਣੀਆਂ ਸਰੀਰਕ ਅਤੇ ਮਾਨਸਕ ਯੋਗਤਾਵਾਂ ਦੀ

ਭਰਪੂਰ ਮਾਤਰਾ ਵਿੱਚ ਉਨਤ ਕਰਨਾ ਸ਼ਾਮਲ ਹੈ। ਇਸ ਵਿੱਚ ਵਡਿਆਂ ਦੇ ਸਮਾਜ ਵਿੱਚ ਸਮਾਜੀਕਰਣ ਵੀ ਸ਼ਾਮਲ ਹੈ, ਦੂਜਿਆਂ ਦੇ ਸਬੰਧ ਵਿੱਚ ਵਿਸ਼ਵ ਅਤੇ ਨਿੱਜ ਦਾ ਗਿਆਨ ਗ੍ਰਹਿਣ ਕਰਨਾਂ ਤੇ ਸਿਰਜਣਾਂ ਵੀ ਹੈ, ਤਾਂ ਜੋ ਸਮਝਣ, ਕਾਰਜ ਕਰਨ ਅਤੇ ਰੂਪਾਂਤਰਣ ਕਰਨ ਆਦਿ ਸੰਭਵ ਹੋ ਸਕਣ।

ਹਰ ਨਵੀਂ ਪੀੜ੍ਹੀ ਸਮਾਜ ਵਿੱਚੋਂ ਸਭਿਆਚਾਰ ਅਤੇ ਗਿਆਨ ਦਾ ਭੰਡਾਰ ਵਿਰਸੇ ਵਿੱਚ ਪ੍ਰਾਪਤ ਕਰਦੀ ਹੈ, ਕਿਸੇ ਨਿੱਜ ਦੇ ਅਪਣੇ ਕਾਰਜਾਂ ਅਤੇ ਸੂਝ ਦੇ ਤਾਣੇ-ਬਾਣੇ ਦੇ ਨਾਲ ਮੇਲ-ਜੋੜ ਸਥਾਪਤ ਕਰਦੀ ਹੈ, ਅਤੇ ਹੋਰ ਤਾਜ਼ਾ ਸਿਰਜਣ ਵਿੱਚ ਇਸ ਦੀ ਭਰਵੀਂ ਉਪਯੋਗਤਾ ਦਾ ਅਹਿਸਾਸ ਕਰਦੀ ਹੈ।

## 2.1 ਸੁਚੇਤ ਸਿੱਖਿਅਕ ਦੀ ਪਹਿਲਤਾ

ਸਮਾਜ ਵਿੱਚ ਰਸਮੀਂ ਸਿੱਖਿਆ ਸਿੱਖਿਅਕਾਂ ਦੇ ਸੁਭਾਅ ਦੀ ਅਪਣੀ ਹੀ ਉਸ ਯੋਗਤਾ ਉੱਪਰ ਉੱਸਰਦੀ ਹੈ, ਜੋ ਗਿਆਨ ਅਰਚਨ ਕਰਨ ਅਤੇ ਇਸ ਦੇ ਨਿਮਾਣ ਵਿੱਚ ਮਦਦ ਕਰਦੀ ਹੈ; ਅਪਣੇ ਆਲੇ ਦੁਆਲੇ ਦੇ ਭੌਤਕ ਅਤੇ ਸਮਾਜਕ ਮਹੌਲ ਨਾਲ ਜੁੜਨ ਦੀ ਅਕਲ ਅਤੇ ਸੂਝ ਦਾ ਵਿਕਾਸ ਕਰਵਾਉਂਦੀ ਹੈ; ਅਤੇ ਕਾਰਜ ਨੂੰ ਹੱਥ ਪਾਉਣਾ ਸੰਭਵ ਕਰਦੀ ਹੈ। ਏਨਾਂ ਵਾਪਰ ਜਾਣ ਲਈ ਇਹ ਜਰੂਰੀ ਹੈ ਕਿ ਬੰਦੇ ਨੂੰ ਜਤਨ ਕਰਨ, ਹੇਰ-ਫੇਰ ਕਰਨ, ਅਤੇ ਗਲਤੀ ਕਰਕੇ ਸੁਧਾਰਨ ਦੇ ਮੌਕੇ ਮਿਲਣ। ਜਿੰਨਾਂ ਇਹ ਭਾਸ਼ਾ ਸਿੱਖਣ ਲਈ ਸੱਚ ਹੈ, ਓਨਾਂ ਹੀ ਸੱਚ ਹੈ ਕਿਸੇ ਦਸਤਕਾਰਕ ਕੌਸ਼ਲ ਅਤੇ ਵਿਸ਼ੈ ਦੇ ਲਈ।

ਸਕੂਲ ਅਦਾਰੇ ਹੋਣ ਕਰਕੇ ਸਾਰੇ ਸਿੱਖਿਅਕਾਂ ਨੂੰ ਅਪਣੇ ਬਾਰੇ, ਦੂਜਿਆਂ ਬਾਰੇ, ਸਮਾਜ ਬਾਰੇ ਸਿੱਖਣ ਦੇ, ਅਤੇ ਅਪਣੀ ਵਿਰਾਸਤ ਦਾ ਲੇਖਾ-ਜੋਖਾ ਕਰਨ ਦੇ ਨਵੇਂ ਮੌਕੇ ਪਰਦਾਨ ਕਰਦਾ ਹੈ। ਸਕੂਲ ਹਰ ਬੱਚੇ ਲਈ ਜਰੀਹਾ ਹੈ ਅਪਣੇ ਜਨਮ ਲੈਣ ਵਾਲੇ ਪਰਵਾਰ ਅਤੇ ਭਾਈਚਾਰੇ ਦੇ ਕਾਰਣ ਪ੍ਰਾਪਤ ਹੋਣ ਵਾਲੀ ਮਦਦ ਤੋਂ ਬਾਹਰ ਅਪਣੇ ਮੂਲ ਨਾਲ ਜੁੜਣ ਦਾ। ਅਦਾਰਾ ਅਧਾਰਤ ਸਿੱਖਣ ਦੀਆਂ ਕੁਝ ਪ੍ਰਕਿਰਿਆਵਾਂ ਸੰਭਵ ਕਰਵਾਉਂਦਾ ਹੈ ਸਕੂਲ। ਇਹ ਪ੍ਰਕਿਰਿਆਵਾਂ ਸੂਝ ਗ੍ਰਹਿਣ ਕਰਨ ਅਤੇ ਵਿਸ਼ਵ ਨਾਲ ਜੁੜ ਸਕਣ ਦੀਆਂ ਨਵੀਆਂ ਸੰਭਾਵਨਾਵਾਂ ਦਾ ਦਰ ਖੋਹਲ ਸਕਦੀਆਂ ਹਨ।

ਪਾਠਕ੍ਰਮ ਵਿੱਚ ਸਾਡਾ ਤੱਤਕਾਲੀਨ ਮੁੱਦਾ ਹੈ ਇਸ ਨੂੰ ਸਰਬਭਾਗੀ ਬਨਾਉਣਾਂ, ਬੱਚਿਆਂ ਲਈ ਅਰਥਦਾਰ ਅਨੁਭਵ ਜੁਟਾਉਣਾਂ ਅਤੇ ਪਾਠ-ਪੁਸਤਕ ਦੇ ਸਭਿਆਚਾਰ ਤੋਂ ਜਰਾ ਕੁ ਪਾਸੇ ਹਟਣ ਲਈ ਜਤਨ ਕਰਨਾਂ। ਪਰ ਇਸ ਵਿੱਚ ਜਰੂਰਤ ਹੈ ਬੱਚਿਆਂ ਬਾਰੇ ਅਤੇ ਸਿੱਖਣ ਪ੍ਰਕਿਰਿਆ ਬਾਰੇ ਸਾਡੀ ਸੋਚ ਵਿੱਚ ਤਬਦੀਲੀ ਲਿਆਉਂਣ ਦੀ। ਏਸੇ ਕਰਕੇ ਹੀ ਇਸ ਵਿਸਥਾਰ ਵਿੱਚ 'ਬੱਚਾ ਕੇਂਦਰਤ' ਸਿੱਖਿਆ ਦੇ ਮੂਲ ਪਰਕਰਣਾਂ ਅਤੇ ਅਸਰਾਂ ਬਾਰੇ ਗੱਲ ਕਰਨ ਦੀ ਜਰੂਰਤ ਪਈ ਹੈ।

'ਬੱਚਾ ਕੇਂਦਰਤ' ਸਿੱਖਣ-ਸ਼ਾਸਤਰ ਦਾ ਅਰਥ ਹੈ ਬੱਚਿਆਂ ਦੇ ਅਨੁਭਵਾਂ ਨੂੰ, ਉਹਨਾਂ ਦੇ ਸਵਰਾਂ ਨੂੰ ਅਤੇ ਉਹਨਾਂ ਦੀ ਸ਼ਮੂਲੀਅਤ ਨੂੰ ਪ੍ਰਥਮਤਾ ਦੇਣੀ। ਅਜਿਹਾ ਸਿੱਖਣ-ਸ਼ਾਸਤਰ ਮੰਗ ਕਰਦਾ ਹੈ ਕਿ ਅਸੀਂ ਸਿਖਲਾਈ ਨੂੰ ਇਸ ਤਰ੍ਹਾਂ ਯੋਜਨਾਂਬੱਧ ਕਰੀਏ ਕਿ ਇਹ ਬੱਚਿਆਂ ਦੇ ਮਾਨਸਕ ਵਾਧੇ ਅਤੇ ਉਹਨਾਂ ਦੀਆਂ ਰੁਚੀਆਂ ਦੇ ਅਨੁਰੂਪ ਹੋਵੇ। ਇਸ ਕਰਕੇ ਸਿਖਲਾਈ ਦੀਆਂ ਯੋਜਨਾਵਾਂ ਉਨ੍ਹਾਂ ਭੌਤਕ, ਸਭਿਆਚਾਰਕ ਅਤੇ ਸਮਾਜਕ ਪਸੰਦਾਂ ਪ੍ਰਤੀ ਉੱਤਰਦਾਈ ਹੋਣ, ਜੋ ਗੁਣ-ਵਿਸ਼ੇਸ਼ਤਾਵਾਂ ਅਤੇ ਜਰੂਰਤਾਂ ਦੀ ਢੇਰ ਫੈਲਾਓਦਾਰ ਵੱਖਰਤਾ ਦੇ ਅੰਦਰ ਸਮਾਈਆਂ ਹੁੰਦੀਆਂ ਹਨ।

ਸਾਡੇ ਸਕੂਲੀ ਅਧਿਆਪਨ ਦੇ ਅਭਿਆਸ, ਸਿਖਲਾਈ ਕਾਰਜ ਅਤੇ ਉਹ ਪਾਠ ਜੋ ਅਸੀਂ ਸਿੱਖਿਅਕਾਂ ਲਈ ਤਿਆਰ ਕਰਦੇ ਹਾਂ, ਉਹ ਬੱਚਿਆਂ ਦੇ ਸਮਾਜੀਕਰਣ ਉੱਪਰ ਅਤੇ ਬੱਚਿਆਂ ਦੇ ਸਿੱਖਣ ਦੇ 'ਗ੍ਰਹਿਣਕਾਰੀ' ਗੁਣਾਂ ਉੱਪਰ ਕੇਂਦਰਤ ਕਰਨ ਵਿੱਚ ਰੁਚਤ ਹੁੰਦੇ ਹਨ। ਉਲਟਾ ਸਾਨੂੰ ਚਾਹੀਦਾ ਹੈ ਕਿ ਅਸੀਂ ਇਹ ਸਾਰਾ ਕੁਝ ਬੱਚਿਆਂ ਦੀਆਂ ਸੁਚੇਤ ਅਤੇ ਸਿਰਜਣਾਤਮਕ ਯੋਗਤਾਵਾਂ ਉੱਪਰ ਉਸਾਰੀਏ ਤੇ ਸਿੰਵੀਏ। ਉਹਨਾਂ ਦੀ ਅਰਥ ਸਾਜਣ ਦੀ ਜਮਾਂਦਰੂ ਰੁਚੀ ਉੱਪਰ ਟਿਕਾਈਏ, ਜੋ ਉਹ ਵਿਸ਼ਵ ਨਾਲ ਜੁੜਨ ਹਿੱਤ 'ਸਹੀ' ਤਰੀਕਿਆਂ ਨਾਲ ਇਸ ਉੱਪਰ ਕਾਰਜ ਕਰਦੇ ਹਨ ਤੇ ਸਿਰਜਦੇ ਵੀ ਹਨ। ਦੂਜੇ ਬੰਦਿਆਂ ਦੇ ਨਾਲ ਰਲਣ ਆਦਿ ਦੇ ਨਾਲ ਵੀ ਜੋੜੀਏ।

ਸਿੱਖਣ ਅਪਣੇ ਸੁਭਾਅ ਵਜੋਂ ਕਾਰਜ਼ਸ਼ੀਲ ਅਤੇ ਸਮਾਜਕ ਹੈ। ਬਹੁਤ ਕਰਕੇ 'ਚੰਗਾ ਵਿਦਿਆਰਥੀ' ਵਰਗੇ ਜੋ ਵਿਚਾਰ ਅੱਗੇ ਤੋਰ ਦਿੱਤੇ ਜਾਂਦੇ ਹਨ, ਉਹ ਕੇਵਲ ਅਧਿਆਪਕ ਪ੍ਰਤੀ ਵਫਾਦਾਰੀ, ਸਦਾਚਾਰਕ ਚਰਿੱਤਰ, ਅਤੇ ਅਧਿਆਪਕ ਦੇ ਸ਼ਬਦਾਂ ਨੂੰ 'ਸਰਬ ਪਰਵਾਨਤ' ਗਿਆਨ ਤਰ੍ਹਾਂ ਮੰਨ ਲੈਣ ਨੂੰ ਹੀ ਪੱਕਾ ਕਰਦੇ ਹਨ।

## 2.2 ਸੰਧਰਭ ਵਿੱਚ ਸਿੱਖਿਅਕ

ਬੱਚਿਆਂ ਦੇ ਸੁਰ ਅਤੇ ਉਹਨਾਂ ਦੇ ਅਨੁਭਵ ਬਹੁਤਾ ਕਰਕੇ ਜਮਾਤ ਵਿੱਚ ਸੁਣਾਈ ਹੀ ਨਹੀਂ ਦਿੰਦੇ। ਜੋ ਅਕਸਰ ਸੁਣਦਾ ਹੈ ਉਹ ਹੈ ਅਧਿਆਪਕ ਦੀ ਅਵਾਜ਼। ਜਦ ਬੱਚੇ ਬੋਲਦੇ ਹਨ ਤਾਂ ਜਾਂ ਤਾਂ ਅਧਿਆਪਕ ਦੇ ਸੁਆਲਾਂ ਦਾ

ਉੱਤਰ ਦੇ ਰਹੇ ਹੁੰਦੇ ਹਨ, ਤੇ ਜਾਂ ਉਸ ਦੇ ਸ਼ਬਦ ਦੁਹਰਾਅ ਰਹੇ ਹੁੰਦੇ ਹਨ। ਨਾਂ ਤਾਂ ਕਦੇ ਉਹ ਕੁਝ ਕਰਦੇ ਹਨ ਤੇ ਨਾਂ ਹੀ ਉਹਨਾਂ ਨੂੰ ਕਦੇ ਅਪਣਾ ਉਤਸਾਹ ਦਿਖਾਉਣ ਦਾ ਮੌਕਾ ਮਿਲਦਾ ਹੈ।

ਪਾਠਕ੍ਰਮ ਲਈ ਜਰੂਰੀ ਬਣਦਾ ਹੈ ਕਿ ਉਹ ਬੱਚਿਆਂ ਦੀ ਅਪਣੇ ਸੁਰ ਢੂੰਡ ਲੈਣ ਵਿੱਚ ਮਦਦ ਕਰੇ। ਜਗਿਆਸਾ ਨੂੰ ਹੋਰ ਉਤੇਜਤ ਕਰੇ - ਤਾਂ ਜੋ ਉਹਨਾਂ ਵਿੱਚ ਕੁਝ ਕਰਨ ਦੀ, ਪ੍ਰਸ਼ਨ ਪੁੱਛਣ ਦੀ ਅਤੇ ਜਾਂਚ-ਪੜਤਾਲ ਕਰਨ ਦੀ ਤੀਬਰਤਾ ਜਾਗੇ। ਉਹ ਅਪਣੇ ਅਨੁਭਵ ਸਾਂਝੇ ਕਰਨ ਲੱਗਣ, ਤੇ ਉਹਨਾਂ ਨੂੰ ਸਕੂਲੀ ਗਿਆਨ ਨਾਲ ਜੋੜ-ਮੇਲਣ ਲੱਗਣ, ਨਾਂ ਕਿ ਉਹ ਅਪਣੀ ਪਾਠ ਸਬੰਧਿਤ ਗਿਆਨ ਨੂੰ ਦੁਹਰਾਅ ਸਕਣ ਵਾਲੀ ਯੋਗਤਾ ਉੱਪਰ ਟਿਕੇ ਰਹਿਣ। ਪਾਠਕ੍ਰਮ ਦਾ ਇਸ ਦਿਸ਼ਾ ਵਿੱਚ ਪੁਨਰ-ਨਿਰਮਾਣ ਕਰਨਾਂ ਸਾਡੀ ਸਭ ਤੋਂ ਵਡੀ ਪ੍ਰਥਮਿਕਤਾ ਹੋਣੀ ਜਰੂਰੀ ਹੈ, ਜਿਸ ਸਦਕਾ ਅਧਿਆਪਕਾਂ ਦੇ ਤਿਆਰ ਹੋਣ ਦੀ ਸੂਚਨਾਂ, ਸਕੂਲਾਂ ਦੀਆਂ ਸਲਾਨਾਂ ਯੋਜਨਾਵਾਂ, ਪਾਠ-ਪੁਸਤਕਾਂ ਦੀ ਤਿਆਰੀ, ਸਿੱਖਣ ਸਮਗਰੀ ਅਤੇ ਅਧਿਆਪਨ ਯੋਜਨਾਵਾਂ, ਨਿਰੀਖਣ ਅਤੇ ਇਮਤਿਹਾਨਾਂ ਦੇ ਪੈਟਰਨ ਆਦਿ - ਸਭ ਕੁਝ ਪੁਨਰ ਨਿਮਰਤ ਹੋ ਸਕੇ।

### *ਸਰੀਰਕ ਔਖ ਦੇ ਆਮ ਸ੍ਰੋਤ*

- ਸਕੂਲ ਅੱਪੜਣ ਲਈ ਲੰਮੀਆਂ ਵਾਟਾਂ।
- ਭਾਰੇ ਸਕੂਲੀ ਬਸਤੇ।
- ਪੜ੍ਹਨ ਲਈ ਕਿਤਾਬਾਂ, ਲਿਖਣ ਲਈ ਕਾਪੀਆਂ ਅਤੇ ਹੋਰ ਮੁਢਲੇ ਮਸ਼ੀਨੀਂ ਸਾਜ ਸਮਾਨ ਦੀ ਘਾਟ।
- ਘਟੀਆ ਢੰਗ ਨਾਲ ਵਿਓਂਤਿਆ ਤੇ ਬਣਿਆ ਬੈਠਣ ਵਾਲਾ ਸਮਾਨ, ਜਿਸ ਨਾਲ ਬੱਚਿਆਂ ਦੀਆਂ ਢੂਈਆਂ ਨੂੰ ਸਾਹ ਨਹੀਂ ਮਿਲਦਾ ਤੇ ਉਨਾਂ ਦੀਆਂ ਲੱਤਾਂ ਤੇ ਗੋਡੇ ਵੀ ਮੁੜ ਜਾਂਦੇ ਹਨ।
- ਐਹੋ ਜਿਹੇ ਟਾਈਮ ਟੇਬਲ ਜੋ ਨਿਆਣੇ ਬੱਚਿਆਂ ਨੂੰ ਕਮਰ ਸਿੱਧੀ ਕਰ ਲੈਣ, ਫਿਰ ਲੈਣ ਤੇ ਖੇਡ੍ਹਣ ਦਾ ਵਕਤ ਤੱਕ ਨਹੀਂ ਦਿੰਦੇ। ਵਡੇ ਮੁੰਡਿਆਂ ਲਈ ਖੇਡ੍ਹਾਂ ਦਾ ਵਕਤ ਨਹੀਂ ਬਚਣ ਦਿੰਦੇ ਅਤੇ ਕੁੜੀਆਂ ਨੂੰ ਸਕੂਲ ਛੱਡ ਦੇਣ ਲਈ ਉਕਸਾਉਂਦੇ ਹਨ।
- ਖਾਸ ਕਰਕੇ ਕੁੜੀਆਂ ਲਈ ਪਿਛਾਬ ਅਤੇ ਹੋਰ ਸਫਾਈ ਦੀਆਂ ਸਹੂਲਤਾਂ ਦੀ ਘਾਟ।
- ਸਰੀਰਕ ਸਜ਼ਾ - ਮਾਰਨਾਂ, ਮੁਰਗੇ ਬਨਾਉਣ ਵਰਗੀਆਂ ਭੈੜੀਆਂ ਲੱਗਦੀਆਂ ਹੋਰ ਸਰੀਰਕ ਤਕਲੀਫਾਂ।

ਬੱਚੇ ਓਸੇ ਹੀ ਮਹੌਲ ਵਿੱਚ ਸਿੱਖ ਸਕਦੇ ਹਨ, ਜਿੱਥੇ ਉਨਾਂ ਨੂੰ ਲੱਗੇ ਕਿ ਉਨਾਂ ਦੀ ਕੋਈ ਪੁੱਛ ਦੱਸ ਹੈ। ਸਾਡੇ ਸਕੂਲ ਹਾਲੇ ਵੀ ਸਾਰੇ ਦੇ ਸਾਰੇ ਬੱਚਿਆਂ ਨੂੰ ਅਜਿਹਾ ਕੋਈ ਅਹਿਸਾਸ ਨਹੀਂ ਦੁਵਾਉਂਦੇ। ਆਨੰਦ ਅਤੇ ਸੰਤੁਸ਼ਟੀ ਨਾਲ ਨਾਤਾ ਬਣਨ ਦੀ ਥਾਂ ਸਿੱਖਣ ਦੇ ਡਰ, ਅਨੁਸ਼ਾਸਨ ਅਤੇ ਬੋਝ ਸਿੱਖਣ ਲਈ ਹਾਨੀਂਕਾਰਕ ਹਨ। ਲੋੜ ਹੈ ਕਿ ਸਾਡੇ ਬੱਚਿਆਂ ਨੂੰ ਇਹ ਲੱਗੇ ਕਿ ਉਹਨਾਂ ਵਿੱਚੋਂ ਹਰ ਕੋਈ, ਉਹਨਾਂ ਦੇ ਘਰ, ਭਾਈਚਾਰੇ, ਭਾਸ਼ਾਵਾਂ ਅਤੇ ਸਭਿਆਚਾਰ – ਸਭ ਅਨੁਭਵ ਦੇ ਲਈ ਕੀਮਤੀ ਸਮੱਗਰੀ ਹਨ, ਜਿੰਨਾਂ ਦਾ ਸਕੂਲ ਵਿੱਚ ਵਿਸ਼ਲੇਸ਼ਣ ਹੋਣਾ ਹੈ ਤੇ ਜਾਂਚ ਵੀ। ਉਹਨਾਂ ਦੀਆਂ ਭਿੰਨ ਭਿੰਨ ਯੋਗਤਾਵਾਂ ਸਵੀਕਾਰਤ ਹਨ। ਉਹਨਾਂ ਸਭਨਾਂ ਕੋਲ ਯੋਗਤਾ ਅਤੇ ਅਧਿਕਾਰ ਹੈ ਸਿੱਖਣ ਦਾ। ਗਿਆਨ ਅਤੇ ਕੌਸ਼ਲ ਹਾਂਸਲ ਕਰ ਲੈਣ ਦਾ। ਇਹ ਵੀ ਕਿ ਬਿਰਧ ਸਮਾਜ ਉਹਨਾਂ ਨੂੰ ਯੋਗ ਅਤੇ ਵਧੀਆ ਸਮਝਦਾ ਹੈ।

ਅਸੀਂ ਕਈ ਜਰੂਰਤਾਂ ਦੇ ਮਹੱਤਵ ਤੋਂ ਹੋਰ ਜ਼ਿਆਦਾ ਜਾਗਰੂਕ ਹੁੰਦੇ ਜਾ ਰਹੇ ਹਾਂ। ਸਾਡੇ ਸਕੂਲ ਫੈਲ ਰਹੇ ਹਨ ਤੇ ਸਮਾਜ ਦੇ ਸਭ ਵਰਗਾਂ ਦੇ ਬੱਚਿਆਂ ਦਾ ਦਾਖਲਾ ਵਧਦਾ ਜਾ ਰਿਹਾ ਹੈ। ਦੁਪਹਿਰ ਦਾ ਭੋਜਨ ਅਤੇ ਮਸ਼ੀਨੀਂ ਸਮਾਨ ਦੀ ਲੋੜ ਪੂਰਤੀ, ਸ਼ਮੂਲੀਅਤ ਵਾਲੀ ਸਿੱਖਿਆ ਦੇ ਲਈ ਅਧਿਆਪਨ ਦੇ ਮਸਲਿਆਂ ਵੱਲ ਧਿਆਨ ਆਦਿ ਅੱਜ-ਕੱਲ੍ਹ ਦੀਆਂ ਕੁਝ ਇੱਕ ਸਭ ਤੋਂ ਮਹੱਤਵ ਪੂਰਣ ਗਤੀਵਿਧੀਆਂ ਹਨ।

ਡੰਡੇ ਨਾਲ ਮਾਰਨ ਦੇ ਬਰਖਲਾਫ ਬੜੇ ਸਖਤ ਢੰਗ ਨਾਲ ਡਟ ਜਾਣ ਦੀ ਲੋੜ ਹੈ। ਸਕੂਲ ਦੀਆਂ ਦਿਵਾਰਾਂ ਭਾਈਚਾਰਿਆਂ ਵਾਸਤੇ ਹੋਰ ਮੋਕ਼ਲੀਆਂ ਹੋਣ ਦੀ ਲੋੜ ਹੈ। ਨਾਲ ਹੀ ਪਾਠਕ੍ਰਮ ਦੇ ਭਾਰ ਦੀਆਂ ਸਮੱਸਿਆਵਾਂ ਅਤੇ ਇਮਤਿਹਾਨ ਨਾਲ ਸਬੰਧਿਤ ਬੋਝ ਦੀਆਂ ਸਮੱਸਿਆਵਾਂ ਦੀ ਹਰ ਇੱਕ ਤਰਬ ਤੁਰੰਤ ਧਿਆਨ ਮੰਗਦੀ ਹੈ। ਸਰੀਰਕ ਅਤੇ ਭਾਵਕ ਸੁਰੱਖਿਆ ਸਾਰੀ ਸਿੱਖਿਆ ਦਾ ਆਧਾਰ ਪੱਥਰ ਹੈ – ਸਕੂਲ ਦੇ ਪਰਾਇਮਰੀ ਤੇ ਸੈਕੰਡਰੀ ਸਾਲਾਂ ਦਾ ਅਤੇ ਇੱਥੋਂ ਤੱਕ ਕਿ ਬਾਅਦ ਦੇ ਸਾਲਾਂ ਦਾ ਵੀ।

## 2.3 ਪ੍ਰਗਤੀ ਅਤੇ ਸਿੱਖਣ

ਬਾਲਪਨ ਤੋਂ ਕੱਚੀ ਜਵਾਨੀਂ ਤੱਕ ਦਾ ਵਕਤ ਇੱਕ ਨਿਰੰਤਰ ਵਾਧੇ ਅਤੇ ਤਬਦੀਲੀ ਭਰਿਆ ਵਕਤ ਹੈ। ਪੜ੍ਹਾਈ ਅਤੇ ਵਾਧੇ ਦੇ ਸਬੰਧ ਵਿੱਚ ਪਾਠਕ੍ਰਮ ਨੂੰ ਕੋਈ ਅਜਿਹੀ ਸੰਪੂਰਣਕਾਰੀ ਵਿਧੀ ਅਪਨਾਉਂਣੀ ਚਾਹੀਦੀ ਹੈ, ਜੋ ਸਰੀਰਕ ਅਤੇ ਮਾਨਸਕ ਵੰਡਾਂ ਵਿਚਕਾਰ ਅੰਤਰ ਸਬੰਧ ਵੀ ਦੇਖ ਸਕੇ ਤੇ ਉਨ੍ਹਾਂ ਵੰਡਾਂ ਤੋਂ ਉੱਚਾ ਵੀ ਉੱਠ ਸਕੇ। ਓਨਾਂ ਹੀ ਜਰੂਰੀ ਹੈ ਕਿ ਬੰਦੇ ਦੇ ਨਿੱਜੀ ਵਿਕਾਸ ਅਤੇ ਦੂਜਿਆਂ ਨਾਲ ਵਿਹਾਰ ਵਿੱਚ ਵੀ ਅੰਤਰ ਸਬੰਧ ਦੇਖਿਆ ਜਾਣਾ।

2.3.1 ਹਰ ਪਰਕਾਰ ਦੇ ਵਿਕਾਸ ਲਈ ਮੁੱਢਲੀ ਸ਼ਰਤ ਹੈ ਸਾਰੇ ਬੱਚਿਆਂ ਦਾ ਸਰੀਰਕ ਵਾਧਾ। ਇਸ ਦੇ ਵਾਸਤੇ ਲੋੜ ਹੈ ਭਰਪੂਰ ਮਾਤਰਾ ਵਿੱਚ ਪੌਸ਼ਟਕਤਾ ਦੀ, ਸਰੀਰਕ ਕਸਰਤ ਅਤੇ ਹਰ ਭਾਂਤ ਦੀਆਂ ਮਾਨਸਿਕ-ਸਰੀਰਕ ਲੋੜਾਂ ਦੀ ਪੂਰਤੀ ਦੀ। ਇਉਂ ਲੋੜ ਇਹ ਹੈ ਕਿ ਭਰਪੂਰ ਪੌਸ਼ਟਿਕਤਾ, ਸਰਰਿਕ ਕਸਰਤ ਅਤੇ ਅਜਿਹੀਆਂ ਹੋਰ ਮਾਨਸਿਕ-ਸਮਾਜਕ ਲੋੜਾਂ ਦੀ ਪੂਰਤੀ ਹੋਵੇ। ਸਾਰਿਆਂ ਬੱਚਿਆਂ ਦਾ ਰੋਕ ਟੋਕ ਰਹਿਤ ਖੇਲ੍ਹਣ, ਸੰਗਠਿੱਤ ਅਤੇ ਗੈਰ-ਸੰਗਠਿੱਤ ਖੇਡ੍ਹਾਂ ਅਤੇ ਯੋਗ ਵਿੱਚ ਭਾਗ ਲੈਣਾਂ, ਅਤੇ ਖੇਡ੍ਹਾਂ ਨਾਲ ਜੁੜੀਆਂ ਗਤੀ-ਵਿਧੀਆਂ ਵਿੱਚ ਭਾਗ ਲੈਣਾਂ। ਬੱਚਿਆਂ ਦੇ ਸਰੀਰਕ ਅਤੇ ਮਾਨਸਿਕ-ਸਰੀਰਕ ਵਾਧੇ ਲਈ ਇਹ ਅਤਿ ਅਵੱਸ਼ਕ ਹਨ।

ਖੇਡ੍ਹਾਂ, ਮਨਪਰਚਾਵੇ ਅਤੇ ਯੋਗ ਦੇ ਸਿੱਟੇ ਵਜੋਂ ਕਿੰਨ੍ਹੀ ਸਾਰੀ ਮਾਤਰਾ ਵਿੱਚ ਸਮਰੱਥਾਵਾਂ ਪੈਦਾ ਹੋਣਗੀਆਂ; ਖੇਡ੍ਹਾਂ ਅਤੇ ਯੋਗ ਸਰੀਰਕ ਬਲ ਵਧਾਉਣਗੇ, ਸੂਖਮ ਅਤੇ ਬੋਝਲ ਮੋਟਰ ਕੌਸ਼ਲਤਾਵਾਂ ਤੇ ਨਿਪੁੰਨਤਾਵਾਂ, ਅਤਮ-ਗਿਆਨ ਅਤੇ ਸੰਜਮ, ਅਤੇ ਟੀਮ ਵਾਲੀਆਂ ਖੇਡ੍ਹਾਂ ਵਿੱਚ ਸੰਚਾਲਨ ਸ਼ਕਤੀ ਆਦਿ ਵਿੱਚ ਵਧਾ ਹੋਵੇਗਾ।

ਖੇਡ੍ਹ ਦੇ ਮੈਦਾਨਾਂ, ਨੇਮਾਂ ਅਤੇ ਔਜ਼ਾਰਾਂ ਵਿੱਚ ਥੁਹੜਾ ਬਹੁਤ ਫੇਰ-ਬਦਲ ਸਾਰੀਆਂ ਗਤੀਵਿਧੀਆਂ ਨੂੰ ਇਸ ਭਾਂਤ ਸਰਲ ਬਣਾ ਸਕਦਾ ਹੈ ਕਿ ਸਕੂਲ ਦੇ ਸਾਰੇ ਬੱਚੇ ਖੇਡ੍ਹਾਂ ਵਿੱਚ ਹਿੱਸਾ ਲੈ ਸਕਦੇ ਹਨ। ਬੱਚੇ ਖੇਡ੍ਹਾਂ ਵਿੱਚ, ਖੇਲ੍ਹ ਕੁੱਦ, ਬਾਜੀਆਂ ਲਾਉਣਾਂ, ਯੋਗ ਅਤੇ ਨਾਚ ਵਰਗੀਆਂ ਪਰਦਰਸ਼ਨ ਦੀਆਂ ਕਾਲਾਵਾਂ ਵਿੱਚ ਮਹਾਰਤ ਦੇ ਬੜੇ ਉੱਚੇ ਸਥਾਨ ਹਾਂਸਲ ਕਰ ਸਕਦੇ ਹਨ।

ਜਦ ਬਲ ਮਨਪਰਚਾਵੇ ਤੋਂ ਬਦਲਕੇ ਪ੍ਰਾਪਤੀ ਉੱਪਰ ਆਣ ਟਿਕਦਾ ਹੈ, ਤਾਂ ਅਜਿਹੀ ਸਿਖਲਾਈ ਨਿਰੰਤਰਣ ਅਤੇ ਅਭਿਅਸ ਦੀ ਮੰਗ ਹੋਰ ਵਧਾ ਦਿੰਦੀ ਹੈ, ਜੋ ਇਸ ਪੱਧਰ ਉੱਪਰ ਤਨਾਵ ਪੈਦਾ ਕਰ ਸਕਦਾ ਹੈ। ਹਾਲਾਂ ਕਿ ਸਾਰੇ ਵਿਦਿਆਰਥੀਆਂ ਨੂੰ ਹੀ ਸਿਹਤ ਅਤੇ ਸਰੀਰਕ ਸਿੱਖਿਆ ਨਾਲ ਸਬੰਧਤ ਗਤੀਵਿਧੀਆਂ ਵਿੱਚ ਭਾਗ ਲੈਣਾ ਚਾਹੀਦਾ ਹੈ, ਪਰ ਜਿਹੜੇ ਬੱਚੇ ਖੇਡ੍ਹਾਂ ਵਿੱਚ ਅਪਣਾ ਨਾਮ ਕਮਾਉਣ ਦੀ ਚੋਣ ਕਰਨ ਉਹਨਾਂ ਨੂੰ ਲੋੜੀਂਦੇ ਮੌਕੇ ਦਿੱਤੇ ਜਾਣੇ ਚਾਹੀਦੇ ਹਨ।

ਸਰੀਰਕ ਵਾਧਾ ਨਿਆਣੇ ਬੱਚਿਆਂ ਵਿੱਚ ਵੀ ਮਾਨਸਕ ਵਿਕਾਸ ਲਈ ਓਨਾਂ ਹੀ ਸਹਾਇਕ ਹੁੰਦਾ ਹੈ। ਸੋਚ ਸਕਣ ਦੀ ਸਮਰਥਾ, ਦਲੀਲ ਦੇਣ ਤੇ ਸਵੈ ਤੇ ਜਗਤ ਦੀ ਸੋਝੀ ਰੱਖ ਸਕਣ ਦੀ ਸਮਰੱਥਾ, ਭਾਸ਼ਾ ਵਰਤਣ ਦੀ ਸਮਰੱਥਾ ਕਾਰਜ਼ ਕਰਨ ਅਤੇ ਸੰਪਰਕ – ਜਿਵੇਂ ਕਿ ਅਪਣੇ ਆਪ ਅਤੇ ਦੂਜਿਆਂ ਦੇ ਨਾਲ ਕੁਝ ਕਰਨਾਂ ਆਦਿ – ਦੇ ਨਾਲ ਬੜੇ ਨੇੜੇ ਤੋਂ ਜੁੜੀਆਂ ਹੋਈਆਂ ਹਨ।

2.3.2 ਗਿਆਨ ਵਿੱਚ ਸਮਿਲਤ ਹਨ ਆਪੇ ਦੀ ਅਤੇ ਜਗਤ ਦੀ ਸੋਝੀ ਹੋਣ ਦੀ ਸਮਰੱਥਾ। ਇਹ ਕਾਰਜ ਅਤੇ ਭਾਸ਼ਾ ਦੇ ਰਾਹੀਂ ਸੰਭਵ ਹੁੰਦਾ ਹੈ। ਅਰਥ ਭਰਪੂਰ ਸਿੱਖਣ ਇੱਕ ਉਤਪਕ ਪ੍ਰਕਿਰਿਆ ਹੈ, ਜੋ ਸਥੂਲ ਵਸਤੂਆਂ ਅਤੇ ਮਾਨਸਿਕ ਸਮੀਕਰਣਾਂ ਨੂੰ ਸਮੀਕਰਣਤ ਕਰਦੀ ਹੈ। ਉਨ੍ਹਾਂ ਨਾਲ ਛੇੜਚਾੜ ਵੀ ਕਰਦੀ ਹੈ, ਨਾਕਿ ਸੂਚਨਾਂ ਦੀ ਸੰਭਾਲ ਤੇ ਢੂੰਡ ਦੇਣ ਨੂੰ ਹੀ ਨਿਭਾਉਂਦੀ ਹੈ।

ਸੋਚਣ, ਭਾਸ਼ਾ (ਉਚਾਰਤ ਜਾਂ ਚਿਹਨਤ) ਅਤੇ ਕੁਝ ਵੀ ਕਰਨ ਇਉਂ ਭਲੀਭਾਂਤ ਇੱਕ ਦੂਜੇ ਨਾਲ ਜੁੜੇ ਹੋਏ ਹਨ। ਇਹ ਇੱਕ ਪ੍ਰਕਿਰਿਆ ਹੈ ਜੋ ਬਾਲਪਨ ਤੋਂ ਅਰੰਭ ਹੁੰਦੀ ਹੈ ਅਤੇ ਸੁਤੰਤਰ ਤੇ ਮਧਿਹਸਤ ਹੋਏ ਕਾਰਜਾਂ ਦੇ ਅਧਾਰ ’ਤੇ ਵਧਦੀ ਹੈ।

ਸ਼ੁਰੂ ਸ਼ੁਰੂ ਵਿੱਚ ਤਾਂ ਬੱਚੇ ਗਿਆਨ ਦੇ ਪੱਖੋਂ ਏਥੇ ਅਤੇ ਹੁਣ ਪ੍ਰਤੀ ਰੁਚਤ ਹੁੰਦੇ ਹਨ, ਦਲੀਲ ਦੇ ਸਕਦੇ ਹਨ ਅਤੇ ਸਥੂਲ ਅਨੁਭਵਾਂ ਉੱਪਰ ਤਾਰਕਿਕ ਬਿਰਤੀ ਨਾਲ ਸੋਚ ਸਕਦੇ ਹਨ। ਜਿਵੇਂ ਜਿਵੇਂ ਉਹਨਾਂ ਦੀਆਂ ਭਾਸ਼ਕ ਸਮਰੱਥਾਵਾਂ ਅਤੇ ਦੂਸਰਿਆਂ ਦੇ ਸੰਗ-ਸਾਥ ਕੰਮ ਕਰ ਸਕਣ ਦੀਆਂ ਯੋਗਤਾਵਾਂ ਵਧਦੀਆਂ ਜਾਂਦੀਆਂ ਹਨ, ਤਿਵੇਂ ਤਿਵੇਂ ਉਨ੍ਹਾਂ ਕਾਰਜਾਂ ਲਈ ਹੋਰ ਜਲਿਟ ਤਾਰਕਿਕਤਾ ਦੀਆਂ ਸੰਭਾਵਨਾਵਾਂ ਵਧਦੀਆਂ ਜਾਂਦੀਆਂ ਹਨ, ਜਿੰਨ੍ਹਾਂ ਵਿੱਚ ਅਮੂਰਤਤਾ, ਯੋਜਨਾਂ ਅਤੇ ਨਜ਼ਰੋਂ ਓਹਲੇ ਪਈਆਂ ਮੱਦਾਂ ਨਾਲ ਨਜਿੱਠਣਾ ਹੁੰਦਾ ਹੈ। ਪਰਿਕਲਪਨਾਂ ਨਾਲ ਕਾਰਜ ਕਰਨ ਅਤੇ ਸੰਭਾਵ ਦੇ ਜਗਤ ਦੇ ਅੰਤਰਗਤ ਤਰਕ ਉਸਾਰੀ ਦੀ ਸਮਰੱਥਾ ਵਿੱਚ ਸਰਬ ਵਿਆਪਕ ਢੰਗ ਦਾ ਵਾਧਾ ਹੁੰਦਾ ਹੈ।

ਪ੍ਰਾਈਵੇਟ ਅਤੇ ਸਰਕਾਰੀ ਦੋਨਾਂ ਭਾਂਤਾਂ ਦੇ ਸਕੂਲਾਂ ਦੀ ਇੱਕ ਲੜੀ ਹੀ ਹੈ ਜੋ ਭਿੰਨ ਭਿੰਨ ਸਮਾਜਕ-ਆਰਥਕ ਵਰਗਾਂ ਦੇ ਬੱਚਿਆਂ ਦਾ ਖਿਆਲ ਕਰਦੀ ਹੈ। ਕੋਠਾਰੀ ਕਮਿਸ਼ਨ ਦੇ ਅਨੁਸਾਰ: “ਭਾਰਤ ਵਿੱਚ ਜੋ ਸਥਿਤੀ ਹੈ ਉਸ ਵਿੱਚ ਸਿੱਖਿਆ ਪ੍ਰਬੰਧ ਦੀ ਇਹ ਜ਼ਿੰਮੇਂਵਾਰੀ ਬਣਦੀ ਹੈ ਕਿ ਉਹ ਭਿੰਨ ਭਿੰਨ ਸਮਾਜਕ ਸ਼੍ਰੇਣੀਆਂ ਅਤੇ ਵਰਗਾਂ ਨੂੰ ਨਜ਼ਦੀਕ ਲਿਆਵੇ ਅਤੇ ਸਮਾਨਤਾ ਵਾਲੇ ਅਨਿੱਖੜ ਸਮਾਜ ਦਾ ਨਿਰਮਾਣ ਕਰੇ। ਪਰ ਐਸ ਵੇਲੇ ਅਜਿਹਾ ਕਰਨ ਦੀ ਬਜਾਏ ਸਾਡਾ ਸਿੱਖਿਆ ਪ੍ਰਬੰਧ ਅਪਣੇ ਆਪ ਹੀ ਸਮਾਜਕ ਟੁੱਟ-ਭੱਜ ਨੂੰ ਵਧਾਉਂਦਾ ਤੇ ਸ਼੍ਰੇਣੀਗਤ ਨਿਖੇੜਿਆਂ ਨੂੰ ਹੋਰ ਵਡੇ ਕਰਦਾ ਲਗਦਾ ਹੈ … ਜੋ ਹੋਰ ਵੀ ਮੰਦਭਾਗਾ ਹੈ ਉਹ ਇਹ ਕਿ ਇਹ ਟੁੱਟ-ਭੱਜ ਇਸ ਤਰ੍ਹਾਂ ਫੈਲ ਰਹੀ ਹੈ ਕਿ ਸ਼੍ਰੇਣੀਆਂ

ਅਤੇ ਜਨਸਧਾਰਨ ਵਿੱਚ ਪਾੜਾ ਵਧਦਾ ਦਿਸਦਾ ਹੈ …” (1966:18)।

ਕੀ ਅਸੀਂ ਅਪਣੇ ਬੱਚਿਆਂ ਨੂੰ ਇਹ ਸਿਖਾਅ ਰਹੇ ਹਾਂ ਕਿ ਅਸੀਂ ਉਹਨਾਂ ਨੂੰ ਅਲੱਗ ਅਲੱਗ ਮੰਨਦੇ ਹਾਂ? ਜੇ ਉੱਤਰ ਝਿਜਕਦੀ ਹੋਈ ਵੀ 'ਹਾਂ' ਹੈ ਤਾਂ ਇਹ ਬੜਾ ਜਰੂਰੀ ਹੈ ਕਿ ਅਸੀਂ ਤੁਰੰਤ ਕਦਮ ਉਠਾਈਏ ਉਹਨਾਂ ਆਸ਼ਿਆਂ ਨੂੰ ਸਾਕਾਰ ਕਰਨ ਦੇ ਜੋ ਕੋਠਾਰੀ ਕਮਿਸ਼ਨ ਨੇ ਸਾਡੇ ਸਾਹਮਣੇ ਰੱਖੇ ਸਨ। ਉਹਨਾਂ ਸਰਬ ਸਾਂਝੇ ਸਕੂਲ ਪ੍ਰਬੰਧ ਦੀ ਸਫਾਰਸ਼ ਕੀਤੀ ਸੀ, ਸਕੂਲ ਜੋ ਆਸਪਾਸ ਦੇ ਸਾਰੇ ਬੱਚਿਆਂ ਦਾ ਹੋਵੇ, ਜੋ ਉਹਨਾਂ ਦੇ ਸਮਾਜਕ ਅਤੇ ਆਰਥਕ ਪਿਛੋਕੜਾਂ ਦੀ ਪਰਖ ਵਿੱਚ ਨਾ ਪਵੇ।

ਇੱਕ ਸਾਂਝੇ ਸਕੂਲ ਪ੍ਰਬੰਧ ਦੀ ਪ੍ਰੀਭਾਸ਼ਾ ਹੋ ਸਕਦੀ ਹੈ: ਸਿੱਖਿਆ ਦਾ ਇੱਕ ਅਜਿਹਾ ਰਾਸ਼ਟਰੀ ਪ੍ਰਬੰਧ ਜੋ ਭਾਰਤੀ ਸਵਿਧਾਨ ਵਿੱਚ ਦਰਜ਼ ਕਦਰਾਂ ਕੀਮਤਾਂ ਉੱਪਰ ਉੱਸਰਿਆ ਹੋਵੇ, ਅਤੇ ਜਿਸ ਵਿੱਚ ਇਹ ਸਮਰਥਾ ਹੋਵੇ ਕਿ ਉਹ ਬੱਚਿਆਂ ਵਿੱਚ ਜਾਤ, ਵੰਸ਼, ਲਿੰਗ, ਜਮਾਤ ਜਾਂ ਵਸੇਬੇ ਦੇ ਨਿਖੇੜਿਆਂ ਤੋਂ ਉੱਪਰ ਉੱਠਕੇ ਬੱਚਿਆਂ ਨੂੰ ਸਮਤੋਲਵੀਂ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰ ਸਕੇ। ਅਜਿਹੇ ਪ੍ਰਬੰਧ ਵਿੱਚ ਅੱਜ-ਕੱਲ੍ਹ ਪ੍ਰਚਲਤ ਹਰ ਭਾਂਤ ਦੇ (ਜਿਵੇਂ ਕਿ ਸਰਕਾਰੀ, ਸਥਾਨਕ ਪ੍ਰਬੰਧ ਵਾਲੇ ਜਾਂ ਨਿੱਜੀ) ਸਕੂਲਾਂ ਦੀ ਜ਼ਿੰਮੇਂਵਾਰੀ ਬਣਦੀ ਹੈ ਕਿ ਕੁਝ ਮੁਢਲੇ ਸੰਦ-ਸਾਧਨ ਪਰਦਾਨ ਕੀਤੇ ਜਾਣ, ਸਿੱਖਿਆ ਦੇ ਪ੍ਰਤੀਮਾਨਾਂ ਦੀ ਪਾਲਣਾ ਕੀਤੀ ਜਵੇ, ਅਤੇ ਸਕੂਲ ਦੇ ਅਹਾਤੇ ਵਿੱਚ ਵਸਣ ਵਾਲੇ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਦਿੱਤੀ ਜਾਵੇ।

ਸੰਕਲਪਕ ਵਿਕਾਸ ਇਉਂ ਇੱਕ ਅਰਥ ਦੀਆਂ ਹੋਰ ਨਵੀਆਂ ਤੈਹਾਂ ਗ੍ਰਹਿਣ ਕਰਨ, ਹੋਰ ਨਵੇਂ ਜੋੜ-ਮੇਲਾਂ ਦੇ ਡੂੰਘੇ ਹੋਣ ਤੇ ਅਮੀਰ ਹੋਣ ਦੇ ਨਿਰੰਤਰ ਵਿਕਾਸ ਦੀ ਪ੍ਰਕਿਰਿਆ ਹੈ। ਇਸ ਦੇ ਨਾਲ ਨਾਲ ਹੀ ਉਨ੍ਹਾਂ ਸਿੱਧਾਤਾਂ ਦਾ

ਵਿਕਾਸ ਹੁੰਦਾ ਹੈ ਜੋ ਬੱਚੇ ਕੁਦਰਤੀ ਅਤੇ ਸਮਾਜਕ ਜਗਤਾਂ ਬਾਰੇ, ਦੂਜਿਆਂ ਦੇ ਰਿਸ਼ਤੇ ਵਿੱਚ ਅਪਣੇ ਆਪ ਬਾਰੇ ਰੱਖਦੇ ਹਨ। ਇਹ ਸਿੱਧਾਂਤ ਬੱਚਿਆਂ ਨੂੰ ਇਹਨਾਂ ਗੱਲਾਂ ਦੀਆਂ ਸਪੱਸ਼ਟਤਾਵਾਂ ਪਰਦਾਨ ਕਰਦੇ ਹਨ ਕਿ ਚੀਜ਼ਾਂ ਜਿਸ ਤਰ੍ਹਾਂ ਦੀਆਂ ਹਨ ਓਵੇਂ ਕਿਉਂ ਹਨ, ਕਾਰਣਾਂ ਅਤੇ ਸਿੱਟਿਆਂ ਦੇ ਆਪਸੀ ਰਿਸ਼ਤੇ ਕਿਵੇਂ ਹਨ, ਫੈਸਲਿਆਂ ਅਤੇ ਕਾਰਜਾਂ ਦੇ ਆਧਾਰ ਕੀ ਹਨ ਆਦਿ।

ਰਵੱਈਏ, ਭਾਵ ਅਤੇ ਆਦਰਸ਼ ਅਸਲ ਵਿੱਚ ਮਾਨਸਿਕ ਵਿਕਾਸ ਦਾ ਭਾਗ ਹੀ ਹਨ। ਇਹ ਭਾਸ਼ਾ ਦੇ ਵਿਕਾਸ ਨਾਲ, ਮਾਨਸਕ ਚਿਤਰਣ ਨਾਲ, ਸੰਕਲਪਾਂ ਅਤੇ ਦਲੀਲਕਾਰੀ ਨਾਲ ਜੁੜੇ ਹੋਏ ਹਨ। ਬੱਚਿਆਂ ਦੀਆਂ ਜਿਉਂ ਜਿਉਂ ਮੈਟਾ-ਗਿਆਨ ਦੀਆਂ ਯੋਗਤਾਵਾਂ ਵਿਕਾਸ ਕਰਦੀਆਂ ਹਨ, ਉਹ ਅਪਣੇ ਵਿਸ਼ਵਾਸ਼ਾਂ ਤੋਂ ਹੋਰ ਵੀ ਜ਼ਿਆਦਾ ਜਾਣੂੰ ਹੁੰਦੇ ਜਾਂਦੇ ਹਨ ਤੇ ਅਪਣੇ ਸਿੱਖਣ ਨੂੰ ਸੰਚਾਲਤ ਕਰਨ ਦੇ ਹੋਰ ਯੋਗ ਹੁੰਦੇ ਜਾਂਦੇ ਹਨ।

- ਸਾਰੇ ਬੱਚੇ ਪੜ੍ਹਨ ਪ੍ਰਤੀ ਸੁਭਾਵਕ ਤੌਰਤੇ ਹੀ ਪ੍ਰੇਰਤ ਤੇ ਸਿੱਖਣ ਦੇ ਸਮਰੱਥ ਵੀ ਹੁੰਦੇ ਹਨ।
- ਅਰਥ ਸਾਜਣ ਅਤੇ ਅਮੂਰਤ ਸੋਚ ਵਿਚਾਰ ਦੇ ਲਈ ਮੰਥਨ ਅਤੇ ਕਾਰਜ ਲਈ ਯੋਗਤਾ ਦਾ ਵਿਕਾਸ ਕਰਨਾਂ ਸਿੱਖਿਆ ਦੇ ਸਭ ਤੋਂ ਮਹੱਤਵ ਪੂਰਣ ਪੱਖ ਹਨ।
- ਬੱਚੇ ਕਿੰਨ੍ਹੇ ਸਾਰੇ ਤਰੀਕਿਆਂ ਨਾਲ ਸਿੱਖਦੇ ਹਨ, ਜਿਵੇਂ ਕਿ ਅਨੁਭਵ ਰਾਹੀਂ, ਚੀਜ਼ਾਂ ਬਨਾਉਣ ਅਤੇ ਕਾਰਜ ਕਰਨ ਨਾਲ, ਪ੍ਰਯੋਗਾਂ ਨਾਲ, ਪੜ੍ਹਨ, ਬਹਿਸ ਕਰਨ, ਸੁਆਲ ਪੁੱਛਣ, ਸੁਣਨ, ਸੋਚਣ ਅਤੇ ਮਨਨ ਕਰਨ ਨਾਲ। ਏਦਾਂ ਹੀ ਭਾਸ਼ਣ ਦੇਣ ਜਾਂ ਲੇਖਣ ਰਾਹੀਂ ਤੇ ਅਪਣੇ ਆਪ ਨੂੰ ਪ੍ਰਗਟਾਉਣ ਨਾਲ, ਜੋ ਉਹ ਇਕੱਲੇ ਤੇ ਜਾਂ ਦੂਸਰਿਆਂ ਨਾਲ ਰਲਕੇ ਕਰਦੇ ਹਨ।
- ਬੱਚੇ ਨੂੰ ਓਦੋਂ ਕੁਝ ਪੜ੍ਹਾਉਣਾ ਜਦ ਉਹ ਹਾਲੇ ਮਨ-ਗਿਆਨ ਦੇ ਪੱਖੋਂ ਤਿਆਰ ਨਹੀਂ ਹੁੰਦਾ, ਅੱਗੇ ਆਉਣ ਵਾਲੇ ਸਿੱਖਣ ਦਾ ਕਾਫੀ ਕੁਝ ਹਥਿਆ ਲੈਂਦਾ ਹੈ।
- ਸਿੱਖਣ ਸਕੂਲ ਦੇ ਅੰਦਰ ਅਤੇ ਸਕੂਲ ਦੇ ਬਾਹਰ ਹਰ ਜਗਾਹ ਵਾਪਰਦਾ ਰਹਿੰਦਾ ਹੈ। ਸਿੱਖਣ ਨੂੰ ਹੋਰ ਵੀ ਬਲ ਮਿਲਦਾ ਹੈ ਜੇ ਇਹ ਦੋਨੋਂ ਮੈਦਾਨ ਇੱਕ ਦੂਜੇ ਨਾਲ ਸੰਪਰਕ ਕਰਦੇ ਰਹਿੰਣ ਤਾਂ। ਕਲਾ ਅਤੇ ਧੰਦਾਗਤ ਕੰਮ-ਕਾਜ ਸਰਬਾਂਗੀ ਸਿੱਖਿਆ ਦੇ ਮੌਕੇ ਪਰਦਾਨ ਕਰਦੇ ਹਨ, ਸਿੱਖਿਆ ਜੋ ਮੌਨ ਅਤੇ ਸੁਹਜਾਤਮਕ ਗੁਣਾਂ ਨਾਲ ਭਰਪੂਰ ਹੋਵੇ।
- ਭਾਸ਼ਕ ਤਰੀਕਿਆਂ ਨਾਲ ਸਿਖੀਆਂ ਗਈਆਂ ਚੀਜ਼ਾਂ ਵਾਸਤੇ ਐਹੋ ਜਿਹੇ ਅਨੁਭਵ ਅਨਿਵਾਰੀ ਹਨ, ਖਾਸ ਕਰਕੇ ਆਚਾਰ ਅਤੇ ਸਦਾਚਾਰ ਨਾਲ ਸਬੰਧਿਤ ਮਾਮਲਿਆਂ ਵਿੱਚ ਤੇ ਉਹ ਵੀ ਓਦੋਂ ਜਦ ਇਹਨਾਂ ਵਿਸ਼ਿਆਂ ਨੂੰ ਖੁਦਦੇ ਅਨੁਭਵ ਨਾਲ ਗ੍ਰਹਿਣ ਕਰਨ ਅਤੇ ਜੀਵਨ ਵਿੱਚ ਅਪਨਾਅ ਲੈਣ ਦੀ ਗੱਲ ਆਵੇ।

- ਸਿੱਖਿਆ ਮਦਦ ਨਾਲ ਅਤੇ ਮਦਦ ਬਿਨਾਂ ਵੀ ਸੰਭਵ ਹੋ ਸਕਦੀ ਹੈ। ਜਿੱਥੇ ਮਦਦ ਨਹੀਂ ਮਿਲਦੀ ਓਥੇ ਸਮਾਜਕ ਸੰਧਰਭ ਅਤੇ ਸੰਪਰਕ ਕੰਮ ਦੇ ਦਿੰਦੇ ਹਨ, ਖਾਸ ਕਰ ਉਹ ਸੰਧਰਭ ਜਿੱਥੇ ਸਿੱਖਿਅਕਾਂ ਤੋਂ ਜ਼ਿਆਦਾ ਸਿਆਣੇ ਬੰਦੇ ਉਹਨਾਂ ਨੂੰ ਭਰਵੇਂ ਮੌਕੇ ਮੁਹਈਆ ਕਰਾ ਦੇਣ, ਤੇ ਉਹਨਾਂ ਦੇ ਅਪਣੇ ਗਿਆਨ ਪੱਧਰ ਨੂੰ ਉੱਚਾ ਕਰਵਾ ਸਕਣ।

2.3.3 ਕੱਚੀ ਜਵਾਨੀਂ ਬੰਦੇ ਦੇ ਵਿਅਕਤਿਤਵ ਦੇ ਵਿਕਾਸ ਦਾ ਬੜਾ ਮਹੱਤਵ ਪੂਰਣ ਸਮਾਂ ਹੈ। ਆਪੇ ਦੀ ਸੂਝ ਨੂੰ ਗ੍ਰਹਿਣ ਕਰਨ ਦੀ ਪ੍ਰਕਿਰਿਆ ਮਾਨਸਕ ਤਬਦੀਲੀਆਂ ਨਾਲ ਅਤੇ ਵਡੇ ਹੋਕੇ ਜੁਆਨ ਹੋ ਜਾਣ ਦੀਆਂ ਮੰਗਾਂ ਦੇ ਨਾਲ ਜੁੜੀ ਹੋਈ ਹੈ। ਆਜ਼ਾਦੀ, ਨੇੜਤਾ ਅਤੇ ਹਾਣੀਆਂ ਉੱਪੁਰ ਨਿਭਰਤਾ ਵਰਗੇ ਵਿਸ਼ਿਆਂ ਨੂੰ ਜ਼ਿੰਮੇਂਵਾਰੀ ਨਾਲ ਨਜਿੱਠਣਾ ਆਦਿ ਵਿਸ਼ੇਸ਼ ਧਿਆਨ ਮੰਗਦੇ ਮੁੱਦੇ ਹਨ। ਇਹਨਾਂ ਨਾਲ ਬਰਮੇਚਣ ਲਈ ਲੋੜੀਂਦੀ ਮਦਦ ਵੀ ਹੋਣੀ ਚਾਹੀਦੀ ਹੈ। ਅਪਣੇ ਸਵੈ ਦੀ ਸਮਝ ਪ੍ਰਾਪਤ ਕਰ ਲੈਣੀ ਅਤੇ ਅਪਣੀ ਭੌਤਕ ਦੇਹੀ ਨੂੰ ਜਾਣ ਸਕਣਾਂ ਇੱਕ ਦੂਜੇ ਨਾਲ ਜੁੜੇ ਹੋਏ ਹਨ। ਬਾਹਰੀ ਜਗਤ ਦਾ ਭੌਤਕ ਸਥਾਨ ਅਤੇ ਬੰਦੇ ਦੀ ਇਸ ਤੱਕ ਖੁਦ ਦੀ ਪਹੁੰਚ ਅਤੇ ਆਜ਼ਾਦਾਨਾਂ ਹਿਲਜੁਲ ਸਵੈ ਦੇ ਨਿਰਮਾਣ ਵਿੱਚ ਕਾਫੀ ਦਖਲ ਦਿੰਦੀਆਂ ਹਨ।

ਕੁੜੀਆਂ ਦੇ ਸਬੰਧ ਵਿੱਚ ਤਾਂ ਇਹ ਮੁੱਦੇ ਹੋਰ ਵੀ ਮਹੱਤਵ ਪੂਰਣ ਬਣ ਜਾਂਦੇ ਹਨ, ਕਿਉਂਕਿ ਉਹਨਾਂ ਨੂੰ ਸਮਾਜਕ ਰੀਤਾਂ ਨੇ ਘਰ ਵਿੱਚ ਹੀ ਰੋਕ ਰੱਖਿਆ ਹੁੰਦਾ ਹੈ। ਇਹੀ ਸਮਾਜਕ ਰੀਤਾਂ ਮੁੰਡਿਆਂ ਵਿੱਚ ਇਸ ਦੇ ਉਲਟ ਭਾਂਤ ਦੇ ਸੰਸਕਾਰ ਉਤਪਨ ਕਰਦੀਆਂ ਹਨ, ਤੇ ਉਹਨਾਂ ਨੂੰ ਘਰੋਂ ਬਾਹਰਲੀਆਂ ਜਿਸਮਾਨੀਂ ਪ੍ਰਕਿਰਿਆਵਾਂ ਨਾਲ ਜੋੜ ਦਿੰਦੀਆਂ ਹਨ। ਇਹ ਸੰਸਕਾਰਕ ਰੂੜ੍ਹੀਆਂ ਦੇਹੀਆਂ ਦੇ ਹੋਰ ਵਿਸਥਾਰ ਲੈਣ ਵਾਲੀਆਂ ਕੱਚ ਜਵਾਨੀਂ ਦੀ ਉਮਰੇ ਵਾਪਰਦੀਆਂ ਤਬਦੀਲੀਆਂ ਵੇਲੇ ਹੋਰ ਪੱਕ ਜਾਂਦੀਆਂ ਹਨ।

ਸਰੀਰਕ ਤਬਦੀਲੀਆਂ ਇੱਕ ਕੱਚ-ਉਮਰੇ ਬੰਦੇ ਦੇ ਜੀਵਨ ਦੇ ਮਾਨਸਕ ਅਤੇ ਸਮਾਜਕ ਪੱਖਾਂ ਉੱਪਰ ਵੀ ਅਸਰ ਪਾਉਂਦੀਆਂ ਹਨ। ਬਹੁਤੇ ਕੱਚ-ਉਮਰੇ ਬੰਦੇ ਇਹਨਾਂ ਤਬਦੀਲੀਆਂ ਦੀ ਪੂਰੀ ਜਾਣਕਾਰੀ ਬਿਨਾਂ ਹੀ ਕੰਮ ਚਲਾਉਂਦੇ ਹਨ। ਇਹਦੇ ਨਾਲ ਉਹਨਾਂ ਲਈ ਸੰਕਟਦਾਰ ਸਥਿੱਤੀਆਂ ਪੈਦਾ ਹੋ ਸਕਦੀਆਂ ਹਨ। ਉਹ ਸੰਭੋਗ ਰਾਹੀਂ ਫੈਲਦੀਆਂ ਬਿਮਾਰੀਆਂ, ਸੰਭੋਗ ਦੀ ਦੁਰਵਰਤੋਂ, HIV/AIDS, ਨਸ਼ੀਲੀਆਂ ਦਵਾਈਆਂ ਅਤੇ ਅਜਿਹੇ ਹੋਰ ਖਤਰਿਆਂ ਦਾ ਸ਼ਿਕਾਰ ਹੋ ਸਕਦੇ ਹਨ।

ਕੱਚੀ ਉਮਰ ਜੀਵਨ ਦਾ ਉਹ ਵਕਤ ਹੈ ਜਦ ਗ੍ਰਹਿਣ ਕੀਤੇ ਹੋਏ ਨੇਮਾਂ ਅਤੇ ਵਿਚਾਰਾਂ ਉੱਪਰ ਪ੍ਰਸ਼ਨ ਉੱਠਦੇ ਹਨ, ਤੇ ਨਾਲ ਦੀ ਨਾਲ ਹੀ ਹਮਜੋਲੀਆਂ ਦੇ ਅਤੇ ਹੋਰ ਸਿਆਣਿਆਂ ਦੇ ਮਤਿ ਹੋਰ ਵੀ ਜ਼ਿਆਦਾ ਮਹੱਤਵ ਧਾਰਣ ਕਰ ਜਾਂਦੇ ਹਨ। ਇਸ ਵਕਤ ਦੌਰਾਨ ਬੱਚਿਆਂ ਨੂੰ ਸਮਾਜਕ ਅਤੇ ਭਾਵਕ ਮਦਦ ਦੀ ਲੋੜ ਪੈਂਦੀ ਹੈ। ਉਹਨਾਂ ਨੇ

ਅਪਣੇ ਆਪ ਨਾਲ ਇੱਕ ਖੁਸ਼ਗਵਾਰ ਰਿਸ਼ਤਾ ਸਥਾਪਤ ਕਰਨਾ ਹੁੰਦਾ ਹੈ। ਦੂਜਿਆਂ ਨਾਲ ਸੰਪਰਕ ਵਿੱਚ ਆਉਣ ਬਾਰੇ ਅਪਣੀ ਧਾਰਨਾ ਬਨਾਉਣੀ ਹੁੰਦੀ ਹੈ, ਖਾਸ ਕਰਕੇ ਵਿਰੋਧੀ ਲਿੰਗਕ ਮਨੁੱਖਾਂ ਨਾਲ। ਐਹੋ ਜਿਹੀ ਮਦਦ ਦੇ ਨਾ ਹੋਣ ਨਾਲ ਇਸ ਭਾਂਤ ਦੀਆਂ ਤਬਦੀਲੀਆਂ ਬਾਰੇ ਗੜਬੜ ਵੀ ਹੋ ਸਕਦੀ ਹੈ ਤੇ ਗਲਤੀਆਂ ਵੀ ਹੋ ਸਕਦੀਆਂ ਹਨ। ਸਿੱਟੇ ਵਜੋਂ ਘਰੋਂ ਬਾਹਰਲੀਆਂ ਸਾਰੀਆਂ ਗਤੀਵਿਧੀਆਂ ਅਤੇ ਖੇਡ੍ਹਾਂ ਤਿਆਗਣੀਆਂ ਪੈ ਸਕਦੀਆਂ ਹਨ।

2.3.4 ਇਹ ਬਹੁਤ ਜਰੂਰੀ ਹੈ ਕਿ ਜਮਾਤ ਵਿੱਚ ਅਜਿਹਾ ਸਰਬ ਸ਼ਮੂਲੀਅਤ ਵਾਲਾ ਮਹੌਲ ਪੈਦਾ ਕੀਤਾ ਜਾਵੇ, ਜੋ ਸਾਰੇ ਵਿਦਿਆਰਥੀਆਂ ਨੂੰ, ਖਾਸ ਕਰਕੇ ਅਪਾਹਜਾਂ ਨੂੰ ਵੀ ਸਮਾਅ ਸਕੇ। ਕਿਸੇ ਇੱਕ ਵਿਦਿਆਰਥੀ ਜਾਂ ਵਿਦਿਆਰਥੀਆਂ ਦੀ ਕਿਸੇ ਟੋਲੀ ਉੱਪਰ ਪੜ੍ਹਈ ਵਿੱਚ ਕਮਜੋਰ ਆਦਿ ਤਰ੍ਹਾਂ ਦੇ ਬਿੱਲੇ ਲਾ ਦੇਣ ਨਾਲ ਬੇਬੱਸਤਾ, ਘਟੀਆਪਨ ਦਾ ਅਹਿਸਾਸ ਅਤੇ ਕਲੰਕ ਆਦਿ ਦੀ ਭਾਵਨਾਂ ਉਤਪਨ ਹੁੰਦੀ ਹੈ। ਇਹਦੇ ਨਾਲ ਉਹਨਾਂ ਸਾਰੀਆਂ ਮੁਸ਼ਕਲਾਂ ਉੱਪਰ ਪਰਦਾ ਪੈ ਜਾਂਦਾ ਹੈ ਜੋ ਵਿਦਿਆਰਥੀ ਅਨੇਕ ਸਮਾਜਕ-ਆਰਥਕ ਪਿਛੋਕੜਾਂ ਵਿੱਚੋਂ ਆਏ ਹੋਣ ਕਰਕੇ ਝੱਲ ਸਕਦੇ ਹਨ। ਜਾਂ ਫਿਰ ਜਮਾਤ ਵਿੱਚ ਭਿੰਨ ਭਿੰਨ ਅਧਿਆਪਨ ਵਿਧੀਆਂ ਦੇ ਕਾਰਨ ਝੱਲ ਰਹੇ ਹੋ ਸਕਦੇ ਹਨ।

ਕਿਸੇ ਊਣਤਾ ਵਾਲੇ ਵਿਦਿਆਰਥੀ ਦਾ ਕਿਸੇ ਗਰੁੱਪ ਦਾ ਭਾਗੀ ਬਣਨ ਦਾ ਓਨਾਂ ਹੀ ਹੱਕ ਹੈ ਜਿੰਨਾਂ ਹੋਰ ਵਿਦਿਆਰਥੀਆਂ ਦਾ। ਵਿਦਿਆਰਥੀਆਂ ਵਿੱਚਲੇ ਫਰਕਾਂ ਨੂੰ ਸਿੱਖਿਆ ਵਿੱਚ ਮਦਦ ਦੇਣ ਵਾਲੇ ਸਾਧਨਾਂ ਤਰ੍ਹਾਂ ਲਿਆ ਜਾਣਾਂ ਚਾਹੀਦਾ ਹੈ, ਨਾ ਕਿ ਕਿਸੇ ਸਮੱਸਿਆ ਦੀ ਤਰ੍ਹਾਂ। ਸਿੱਖਿਆ ਵਿੱਚਲੀ ਸ਼ਮੂਲੀਅਤ ਸਮਾਜ ਵਿੱਚਲੀ ਸ਼ਮੂਲੀਅਤ ਦਾ ਇੱਕ ਅੰਗ ਹੈ।

ਇਸ ਕਰਕੇ ਸਕੂਲਾਂ ਦੀ ਇਹ ਜ਼ਿੰਮੇਂਵਾਰੀ ਬਣਦੀ ਹੈ ਕਿ ਉਹ ਅਜਿਹਾ ਲਚਕਦਾਰ ਪਾਠਕ੍ਰਮ ਪ੍ਰਦਾਨ ਕਰਨ ਜੋ ਸਾਰੇ ਹੀ ਵਿਦਿਆਰਥੀਆਂ ਦੇ ਕੰਮ ਆ ਸਕੇ। ਇਹ ਦਸਤਾਵੇਜ਼ ਉਸ ਪਾਠਕ੍ਰਮ ਦੀ ਯੋਜਨਾਕਾਰੀ ਦੇ ਲਈ ਸ਼ੁਰੂਆਤ ਹੋ ਸਕਦਾ ਹੈ ਜੋ ਅਲੱਗ ਅਲੱਗ ਵਿਦਿਆਰਥੀਆਂ, ਤੇ ਵਿਦਿਆਰਥੀ ਸਮੂਹਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਕਰ ਸਕੇ।

ਇੱਕ ਪਾਠਕ੍ਰਮ ਲਈ ਜਰੂਰੀ ਹੈ ਕਿ ਇਹਦੇ ਵਿੱਚ ਸਿੱਖਣ ਸਬੰਧੀ ਵੰਗਾਰਾਂ ਹੋਣ। ਸਫਲ ਹੋ ਸਕਣ ਦੇ ਮੌਕੇ ਵੀ ਦਿੱਤੇ ਹੋਣ। ਪਾਠਕ੍ਰਮ ਰਾਹੀਂ ਵਿਦਿਆਰਥੀ ਅਪਣੀਆਂ ਸੰਭਾਵਨਾਵਾਂ ਬੜੀ ਵਧੀਆ ਤਰ੍ਹਾਂ ਸਾਕਾਰ ਕਰ ਸਕਣ। ਜਮਾਤ ਵਿੱਚ ਅਧਿਆਪਨ ਅਤੇ ਸਿੱਖਣ ਦੀਆਂ ਬਹੁਤੀਆਂ ਪ੍ਰਕਿਰਿਆਵਾਂ ਇਸ ਢੰਗ ਨਾਲ ਸੰਯੋਜਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਕਿ ਉਹ ਵਿਦਿਆਰਥੀਆਂ ਦੀਆਂ ਵਿਭਿੰਨ ਲੋੜਾਂ ਪ੍ਰਤੀ ਉੱਤਰਦੇਹ ਹੋਣ।

ਸਿੱਖਿਆ ਪਰਦਾਨ ਕਰਨ ਲਈ ਅਧਿਆਪਕ ਅਜਿਹੀਆਂ ਸਾਕਾਰਾਤਮਕ ਜੁਗਤਾਂ ਅਪਣਾ ਸਕਦੇ ਹਨ, ਜੋ ਉਹਨਾਂ ਵਿਦਿਆਰਥੀਆਂ ਸਮੇਤ, ਜਿੰਨ੍ਹਾਂ ਬਾਰੇ ਅਪਾਹਜ ਹੋਣ ਦੀ ਧਾਰਨਾ ਬਣ ਗਈ ਹੁੰਦੀ ਹੈ, ਦੇ ਵਾਸਤੇ - ਸਭ ਦੇ ਵਾਸਤੇ ਹੋਣ। ਇਸ ਕਾਰਜ਼ ਦੀ ਪੂਰਤੀ ਨਾਲ ਕੰਮ ਕਰਦੇ ਅਧਿਆਪਕਾਂ ਅਤੇ ਸਕੂਲ ਤੋਂ ਬਾਹਰਲੀਆਂ ਸੰਸਥਾਵਾਂ ਤੋਂ ਸਹਿਯੋਗ ਲੈਕੇ ਹੋ ਸਕਦੀ ਹੈ।

## 2.4 ਪਾਠਕ੍ਰਮ ਅਤੇ ਅਭਿਆਸ ਦੇ ਲਈ ਸੰਕੇਤ

### 2.4.1 ਗਿਆਨ ਨਿਰਮਾਣ ਲਈ ਪੜ੍ਹਾਉਣਾਂ

ਇੱਕ ਉਸਾਰੂ ਪਰਿਪੇਖ ਦੇ ਅੰਤਰਗਤ ਸਿੱਖਣ ਗਿਆਨ ਉਸਾਰੀ ਦੀ ਇੱਕ ਪ੍ਰਕਿਰਿਆ ਹੈ। ਸਿੱਖਿਅਕ ਬੜੀ ਤੇਜੀ ਨਾਲ ਅਪਣੇ ਗਿਆਨ ਦੀ ਉਸਾਰੀ ਕਰਦੇ ਹਨ। ਉਹ ਦਿੱਤੇ ਗਏ ਕਾਰਜ਼ਾਂ ਅਤੇ ਸਮੱਗਰੀ ਦੀ ਵਰਤੋਂ ਕਰਕੇ ਅਪਣੇ ਅਨੁਭਵ ਦੇ ਆਧਾਰ ਪੁਰ ਪਹਿਲਾਂ ਪ੍ਰਾਪਤ ਵਿਚਾਰਾਂ ਦੇ ਨਾਲ ਨਵੇਂ ਵਿਚਾਰਾਂ ਨੂੰ ਜੋੜ ਲੈਂਦੇ ਹਨ। ਉਦਾਹਰਣ ਵਜੋਂ, ਢੋਂਢੁਆਈ ਦੇ ਪ੍ਰਬੰਧ ਬਾਰੇ ਕਿਸੇ ਪਾਠ ਨੂੰ ਤਸਵੀਰਾਂ ਜਾਂ ਕੋਈ ਹੋਰ ਦ੍ਰਿਸ਼ਟ-ਸਮੱਗਰੀ ਨੂੰ ਚਰਚਾ ਨਾਲ ਜੋੜਨ ਨਾਲ ਜਵਾਨ ਸਿੱਖਿਅਕਾਂ ਦੀ ਇੱਕ ਪੂਰੇ ਢੋਂਢੁਆਈ ਦੇ ਪ੍ਰਬੰਧ ਬਾਰੇ ਜਾਣਕਾਰੀ ਹਾਂਸਲ ਕਰ ਲੈਣ ਵਿੱਚ ਮਦਦ ਹੋ ਸਕਦੀ ਹੈ। ਹੋ ਸਕਦਾ ਹੈ ਕਿ ਮੁਢਲੀ ਉਸਾਰਣਾ (ਮਾਨਸਿਕ ਖਾਕਾ) ਸੜਕ ਸਬੰਧਤ ਢੋਂਢੁਆਈ ਦੇ ਪ੍ਰਬੰਧ ਉੱਪਰ ਟਿਕੀ ਹੋਵੇ, ਅਤੇ ਇੱਕ ਦੂਰ ਦੁਰਾਡੇ ਦੇ ਪਿੰਡ ਦਾ ਬੱਚਾ ਭਾਵੇਂ ਅਪਣਾ ਵਿਚਾਰ ਇੱਕ ਗੱਡੇ ਉੱਪਰ ਕੇਂਦਰਤ ਕਰ ਲਵੇ।

ਸਿੱਖਿਅਕ ਅਪਣੇ ਬਾਹਰਲੇ ਯਥਾਰਥ (ਢੋਂਢੁਆਈ ਦੇ ਪ੍ਰਬੰਧ) ਦੇ ਮਾਸਿਕ ਖਾਕੇ (ਬਿੰਬ) ਕੁਝ ਗਿਣਤੀ ਦੇ ਵਿਸ਼ੇਸ਼ ਕਾਰਜਾਂ ਅਤੇ ਅਨੁਭਵਾਂ ਦੇ ਰਾਹੀਂ ਉਸਾਰਦੇ ਹਨ। ਵਿਚਾਰਾਂ ਦਾ ਸੰਗਰਚਤ ਹੋਣਾਂ ਅਤੇ ਪੁਨਰ-ਸੰਗਰਚਤ ਹੋਣਾਂ, ਸਿੱਖਿਅਕਾਂ ਦੇ ਸਿੱਖਣ ਵਿੱਚ ਹੋਣ ਵਾਲੇ ਵਿਕਾਸ ਦਾ ਇੱਕ ਅਤਿ ਜਰੂਰੀ ਅੰਗ ਹੈ। ਉਦਾਹਰਣ ਦੇ ਲਈ, ਸੜਕ ਦੇ ਇਰਦ-ਗਿਰਦ ਉੱਸਰਿਆ ਢੋਂਢੁਆਈ ਦੇ ਪ੍ਰਬੰਧ ਵਾਲਾ ਮੁਢਲਾ ਵਿਚਾਰ ਦੂਸਰੇ ਢੋਂਢੁਆਈ ਦੇ ਪ੍ਰਬੰਧਾਂ ਜਿਵੇਂ ਸਮੁੰਦਰੀ ਅਤੇ ਹਵਾਈ ਪ੍ਰਬੰਧਾਂ ਨੂੰ ਸਮਾਅ ਲੈਣ ਲਈ ਦੁਬਾਰਾ ਉਸਾਰਨਾ ਹੋਵੇਗਾ। ਇਹਦੇ ਵਾਸਤੇ ਢੁਕਵੇਂ ਕਾਰਜਾਂ ਦੀ ਵਰਤੋਂ ਹੋਵੇਗੀ। ਢੋਂਢੁਆਈ ਦੇ ਪ੍ਰਬੰਧ ਅਤੇ ਮਨੁੱਖੀ ਜੀਵਨ/ਆਰਥਕਤਾ ਵਿਚਲੇ ਰਿਸ਼ਤਿਆਂ (ਕਾਰਣ-ਅਸਰ) ਦੇ ਮਾਨਸਿਕ ਖਾਕੇ ਉਸਾਰਨ ਦੇ ਲਈ ਸਿੱਖਿਅਕਾਂ ਨੂੰ ਆਹਰੇ ਲਾਇਆ ਜਾ ਸਕਦਾ ਹੈ।

ਹਾਂ ਪਰ, ਇਸ ਉਸਾਰਣ ਪ੍ਰਕਿਰਿਆ ਦਾ ਇੱਕ ਸਮਾਜਕ ਪਹਿਲੂ ਵੀ ਹੈ। ਕਹੋ ਕਿ ਕਿਸੇ ਜਟਿਲ ਕੰਮ ਲਈ ਲੋੜੀਂਦਾ ਗਿਆਨ ਕਿਸੇ ਜੁੱਟ ਨਾਲ ਸਬੰਧਿਤ ਸਥਿੱਤੀ ਵਿੱਚ ਪਿਆ ਹੋਵੇ। ਇਸ ਸੰਧਰਭ ਵਿੱਚ ਸਹਿਯੋਗ

ਅਧਾਰਤ ਸਿੱਖਿਆ ਅਰਥ ਦੇ ਮਿਥਣ ਵਿੱਚ, ਇੱਕ ਤੋਂ ਜ਼ਿਆਦਾ ਵਿਚਾਰ ਸਾਂਝੇ ਕਰਨ ਵਿੱਚ, ਬਾਹਰਲੇ ਯਥਾਰਥ ਦੇ ਅੰਦਰਲੇ ਖਾਕੇ ਨੂੰ ਬਦਲਣ ਵਿੱਚ ਹੱਥ ਵਟਾਉਂਦੀ ਹੈ। ਉਸਾਰਣ ਇਹ ਸੰਕੇਤ ਦਿੰਦਾ ਹੈ ਕਿ ਸਿੱਖਣ ਵੇਲੇ ਹਰ ਸਿੱਖਿਅਕ ਨਿੱਜੀ ਤੌਰਤੇ ਅਤੇ ਸਮਾਜਕ ਤੌਰਤੇ ਅਰਥ ਉਸਾਰਦਾ/ਦੀ ਹੈ। ਅਰਥ ਉਸਾਰਨ ਹੀ ਸਿੱਖਣ ਹੈ। ਇਉਂ ਉਸਾਰੀ ਵਾਲਾ ਪਰਿਪੇਖ ਹਰ ਕਿਸੇ ਦੇ ਸਿੱਖਣ ਵਿੱਚ ਵਾਧਾ ਕਰਨ ਦੀਆਂ ਜੁਗਤਾਂ ਪੇਸ਼ ਕਰਵਾਉਂਦਾ ਹੈ।

ਬੱਚਿਆਂ ਦੇ ਗਿਆਨ ਵਿੱਚ ਅਧਿਆਪਕਾਂ ਦਾ ਅਪਣਾ ਦਖਲ ਕਿਤੇ ਵਧ ਜਾਵੇਗਾ ਜੇ ਉਹ ਉਸ ਗਿਆਨ ਨਿਰਮਾਣ ਦੀ ਪ੍ਰਕਿਰਿਆ ਵਿੱਚ ਹੋਰ ਜ਼ਿਆਦਾ ਸਾਕਰਮਕ ਯੋਗਦਾਨ ਪਾਉਂਣ ਲੱਗ ਪੈਣ, ਜਿਸ ਵਿੱਚ ਬੱਚੇ ਜੁੱਟੇ ਹੋਏ ਹੁੰਦੇ ਹਨ। ਇੱਕ ਬੱਚੀ(ਾ) ਸਿੱਖਿਣ ਦੀ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਵੇਲੇ ਹੀ ਅਪਣੇ ਗਿਆਨ ਦਾ ਨਿਰਮਾਣ ਕਰਦੀ(ਾ) ਹੈ। ਬੱਚਿਆਂ ਨੂੰ ਪ੍ਰਸ਼ਨ ਪੁੱਛਣ ਦੀ ਇਜ਼ਾਜਤ ਦੇਣੀ, ਬੱਚਿਆਂ ਨੂੰ ਅਪਣੇ ਸ਼ਬਦਾਂ ਵਿੱਚ ਅਤੇ ਅਪਣੇ ਹੀ ਅਨੁਭਵ ਦੇ ਆਧਾਰ ਉੱਤੇ ਉੱਤਰ ਦੇਣ ਲਈ ਹੌਂਸਲਾ ਅਫਜ਼ਾਈ ਕਰਨੀਂ, ਨਾ ਕਿ ਰਟੇ-ਰਟਾਏ ਸਹਲਿ ਉੱਤਰਾਂ ਦੀ ਲਿੱਲ ਲਾਈ ਜਾਣੀ ਆਦਿ। ਅਜਿਹੇ ਕਈ ਸਾਰੇ ਮਹੱਤਵ ਪੂਰਣ ਕਦਮ ਹਨ ਜੋ ਬੱਚਿਆਂ ਦੀ ਸਮਝ ਦਾ ਵਿਕਾਸ ਸੰਭਵ ਕਰਨ ਲਈ ਮਦਦਗਾਰ ਹੋ ਸਕਦੇ ਹਨ।

'ਅਕਲਮੰਦ ਅੁਨਮਾਨ' ਨੂੰ ਇੱਕ ਪੜ੍ਹਾਈ ਦੇ ਸੰਦ ਤਰ੍ਹਾਂ ਪ੍ਰੋਤਸਾਹਨ ਦੇਣ ਦੀ ਕੋਸ਼ਿਸ਼ ਹੋਣੀ ਜਰੂਰੀ ਹੈ। ਬਹੁਤੀ ਵਾਰੀ ਬੱਚਿਆਂ ਦੇ ਮਨ ਵਿੱਚ ਵਿਚਾਰ ਉੱਠਦਾ ਹੈ, ਜੋ ਉਹਨਾਂ ਦੇ ਹਰ ਰੋਜ਼ ਵਾਲੇ ਅਨੁਭਵ ਪੁਰ ਅਧਾਰਤ ਹੁੰਦਾ ਹੈ, ਤੇ ਜਾਂ ਫਿਰ ਉਹਨਾਂ ਨੇ ਸੰਚਾਰ ਸਾਧਨਾਂ ਤੋਂ ਲਿਆ ਹੁੰਦਾ ਹੈ। ਪਰ ਉਹ ਇਸ ਪ੍ਰਸ਼ਨ ਨੂੰ ਅਧਿਆਪਕ ਨੂੰ ਚੰਗੇ ਲੱਗਦੇ ਲਹਿਜੇ ਵਿੱਚ ਪ੍ਰਗਟ ਕਰਨ ਸਕਣ ਦੇ ਲਈ ਤਿਆਰ ਨਹੀਂ ਹੁੰਦੇ। ਇਹ ਹੈ ਜਾਣ ਲਏ ਹੋਣ ਦਾ ਅਤੇ ਲੱਗ ਭੱਗ ਜਾਣ ਲਏ ਹੋਣ ਦਾ ਮਹੱਤਵ ਪੂਰਣ ਉਹ ਸਥੱਲ ਜਿੱਥੇ ਗਿਆਨ ਦਾ ਨਿਮਾਣ ਹੁੰਦਾ ਹੈ।

ਗਿਆਨ ਅਕਸਰ ਭਿੰਨ ਭਿੰਨ ਕੌਸ਼ਲਾਂ ਦਾ ਰੂਪ ਧਾਰਦਾ ਹੈ, ਤੇ ਸਕੂਲ ਤੋਂ ਬਾਹਰ, ਘਰ ਵਿੱਚ ਅਤੇ/ਜਾਂ ਭਾਈਚਾਰੇ ਵਿੱਚ ਜਾਕੇ ਹੋਰ ਪ੍ਰਫੁੱਲਤ ਹੁੰਦਾ ਹੈ। ਗਿਆਨ ਦੇ ਅਜਿਹੇ ਸਾਰੇ ਰੂਪਾਂ ਦਾ ਸਤਿਕਾਰ ਹੋਣਾਂ ਚਾਹੀਦਾ ਹੈ। ਇੱਕ ਸੰਵੇਦਨਾਂਸ਼ੀਲ ਅਤੇ ਜਾਣਕਾਰ ਅਧਿਆਪਕ ਇਸ ਤੋਂ ਵਾਕਫ ਹੁੰਦਾ ਹੈ, ਤੇ ਉਹ ਖਾਸ ਕੰਮ ਅਤੇ ਪ੍ਰਸ਼ਨ ਚੁਣਕੇ ਬੱਚਿਆਂ ਨੂੰ ਕਾਰੇ ਲਾਉਂਦਾ ਹੈ, ਤਾਂ ਜੋ ਉਹ ਵਿਕਾਸ ਕਰ ਸਕਣ ਦੀਆਂ ਅਪਣੀਆਂ ਸਾਰੀਆਂ ਸੰਭਵਨਾਂ ਨੂੰ ਹਾਂਸਲ ਕਰ ਸਕਣ।

### ਪ੍ਰਸ਼ਨ ਵਿਉਂਤ ਕਰਨੇਂ

**ਜੇ ਉੱਤਰ ‘5’ ਹੈ ਤਾਂ ਪ੍ਰਸ਼ਨ ਕੀ ਕੀ ਹੋ ਸਕਦੇ ਹਨ? ਕੁਝ ‘ਉੱਤਰ’ ਹਾਜ਼ਰ ਹਨ**

ਚਾਰ ਅਤੇ ਉਸ ਦੇ ਨਾਲ ਇੱਕ ਹੋਰ ਦਾ ਜੋੜ ਕੀ ਹੈ?

ਤੇਤੀਆਂ ਵਿੱਚੋਂ ਸਤਾਈਆਂ ਘਟਾਏ ਅਤੇ ਇੱਕ ਜੋੜਨ ਨਾਲ ਕੀ ਬਣਦਾ ਹੈ?

ਤੁਸੀਂ ਕਿੰਨੀਆਂ ਬਰਫ਼ੀਆਂ ਚਾਹੁੰਦੇ ਹੋ?

ਮੈਂ ਅਪਣੇ ਦਾਦੀ ਜੀ ਦੇ ਘਰ ਐਤਵਾਰ ਨੂੰ ਪਹੁੰਚਿਆ ਸਾਂ, ਤੇ ਵੀਰ ਵਾਰ ਨੂੰ ਚੱਲ ਪਿਆ ਸਾਂ। ਮੈਂ ਓਥੇ ਕਿੰਨੇਂ ਦਿਨ ਰਿਹਾ ਸਾਂ?

**ੳ, ਅ, ੲ** ਆਏ, ਫਿਰ ਉਹਨਾਂ ਵਿੱਚ **ਸ, ਹ, ਕ, ਖ** ਸ਼ਾਮਲ ਹੋ ਗਏ, ਫਿਰ **ੳ, ਕ** ਚਲੇ ਗਏ, ਫਿਰ **ਕ** ਆ ਗਿਆ ਤੇ **ਅ** ਚਲਾ ਗਿਆ। ਆਖਰ ਵਿੱਚ ਕਿੰਨੇਂ ਜਣੇ ਰਹਿ ਗਏ?

**ਜੇ ਭਲਾ ਉੱਤਰ ਹੋਵੇ ‘ਇਹ ਲਾਲ ਸੀ’ ਤਾਂ ਪ੍ਰਸ਼ਨ ਕੀ ਹੋਣਗੇ?**

ਫੁੱਲ ਦਾ ਰੰਗ ਕਿਹੜਾ ਸੀ?

ਤੂੰ ਉਸ ਬਕਸੇ ਵਿੱਚ ਖਤ ਕਿਉਂ ਪਾ ਦਿੱਤਾ?

ਉਹ ਲਾਲ ਬੱਤੀ ’ਤੇ ਅਚਾਨਕ ਕਿਉਂ ਰੁਕ ਗਈ?

ਸਾਕਰਮਕ ਦਖਲ ਵਿੱਚ ਸ਼ਾਮਲ ਹੁੰਦੇ ਹਨ ਜਾਂਚ, ਅਨੁਸੰਧਾਨ, ਪ੍ਰਸ਼ਨਕਾਰੀ, ਭਾਸ਼ਨਕਾਰੀ, ਲਾਗੂਕਰਣ ਅਤੇ ਮਨਨ ਜੋ ਸਿੱਧਾਂਤ ਉਸਾਰਨ ਅਤੇ ਵਿਚਾਰ/ਧਾਰਣਾਵਾਂ ਦੇ ਸਿਰਜਕ ਹੁੰਦੇ ਹਨ। ਸਕੂਲਾਂ ਲਈ ਇਹ ਜਰੂਰੀ ਹੈ ਕਿ ਉਹ ਪ੍ਰਸ਼ਨ ਪੁੱਛਣ, ਜਾਂਚ ਕਰਨ, ਭਾਸ਼ਨ ਦੇਣ, ਮਨਨ ਕਰਨ ਅਤੇ ਸੰਕਲਪਾਂ ’ਤੇ ਪੁਹੰਚਣ ਜਾਂ ਵਿਚਾਰ ਸਿਰਜਣ ਦੇ ਮੌਕੇ ਪਰਦਾਨ ਕਰਨ।

ਸਿੱਖਣ ਦੀ ਪਰਕਿਰਿਆ ਵਿੱਚ ਵੰਗਾਰ ਦਾ ਤੱਤ ਬੜਾ ਅਨਿਵਾਰੀ ਹੈ। ਖਾਸ ਕਰ ਸਾਕਰਮਕ ਸ਼ਾਮੂਲੀਅਤ ਦੇ ਲਈ, ਅਲੱਗ ਅਲੱਗ ਸੰਕਲਪ, ਕੌਸ਼ਲ ਅਤੇ ਧਾਰਨਾਵਾਂ ਸਿੱਖਣ ਲਈ। ਜੋ ਇੱਕ ਉਮਰ ਦੇ ਵਰਗ ਲਈ ਵੰਗਾਰ ਭਰਿਆ ਹੈ, ਉਹ ਦੂਜੀ ਉਮਰ ਦੇ ਵਰਗ ਲਈ ਸੌਖਾਲਾ ਅਤੇ ਨੀਰਸ ਹੋ ਜਾਂਦਾ ਹੈ। ਏਥੋਂ ਤੱਕ ਕਿ ਕਿਸੇ ਹੋਰ ਵਕਤ ਇਹ ਉਸ ਉਮਰ ਲਈ ਬਿੱਲਕੁੱਲ ਹੀ ਬੇਕਾਰ ਹੋ ਜਾਵੇ।

ਬੜੀ ਵੇਰੀਂ 'ਬਾਹਰਮੁਖਤਾ' ਦੇ ਨਾਮ ਉੱਤੇ ਅਧਿਆਪਕ ਨਰਮਾਈ ਅਤੇ ਸਿਰਜਣਾਤਮਕਤਾ ਨੂੰ ਕੁਰਬਾਨ ਕਰ ਦਿੰਦੇ ਹਨ। ਅਕਸਰ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਅਧਿਆਪਕ ਇੱਕੋ ਤਰ੍ਹਾਂ ਦੀ ਜਿਦ ਕਰਦੇ ਹਨ ਕਿ ਉਹਨਾਂ ਦੇ ਪ੍ਰਸ਼ਨਾਂ ਦੇ ਉੱਤਰ ਸਮਰੂਪ ਹੀ ਮਿਲਣ। ਜੋ ਤਰਕ ਦਿੱਤੀ ਜਾਂਦੀ ਹੈ, ਉਹ ਇਹ ਹੈ:

"ਇਹ ਉਹ ਉੱਤਰ ਨਹੀਂ ਦੇ ਸਕਦੇ ਜੋ ਪਾਠ-ਪੁਸਤਕਾਂ ਵਿੱਚ ਨਾ ਹੋਣ";

"ਅਸੀਂ ਸਟਾਫ-ਕਮਰੇ ਵਿੱਚ ਫੈਸਲਾ ਕੀਤਾ ਸੀ ਕਿ ਅਸੀਂ ਫਲਾਂਨੇ ਉੱਤਰ ਨੂੰ ਸਹੀ ਸਵੀਕਾਰ ਨਹੀਂ ਕਰਾਂਗੇ", ਜਾਂ

"ਕਿੰਨੇ ਪ੍ਰਕਾਰ ਦੇ ਉੱਤਰ ਹੁੰਦੇ ਹਨ, ਕੀ ਅਸੀਂ ਸਾਰੇ ਪ੍ਰਵਾਨ ਕਰ ਲਈਏ?"

ਅਜਿਹੀਆਂ ਦਲੀਲਾਂ ਸਿੱਖਣ ਦੇ ਅਰਥ ਦਾ ਮਜਾਕ ਬਣਾਉਂਦੀਆਂ ਹਨ। ਇਹ ਦਲੀਲਾਂ ਕੇਵਲ ਇੱਕ ਹੀ ਗੱਲ ਸਿੱਧ ਕਰਦੀਆਂ ਹਨ ਕਿ ਸਕੂਲ (ਅਧਿਆਪਕ) ਅਕਾਰਣ ਹੀ ਜਿਦ ਕਰ ਰਹੇ ਹੁੰਦੇ ਹਨ। ਲੋੜ ਹੈ ਕਿ ਅਸੀਂ ਅਪਣੇ ਆਪ ਤੋਂ ਪੁੱਛੀਏ ਕਿ ਅਸੀਂ ਬੱਚਿਆਂ ਨੂੰ ਦਿੱਤੇ ਹੋਏ ਸੁਆਲਾਂ ਦੇ ਉੱਤਰ ਦੇਣ ਲਈ ਹੀ ਕਿਉਂ ਕਹਿੰਦੇ ਹਾਂ। ਏਥੋਂ ਤੱਕ ਕਿ ਉੱਤਰਾਂ ਦੇ ਕਈ ਕਠਨਾਈ ਵਾਲੇ ਪ੍ਰਸ਼ਨ ਤਿਆਰ ਕਰ ਸਕਣਾਂ ਵੀ ਟੈਸਟ ਕਰਨ ਦਾ ਓਨਾਂ ਹੀ ਕਾਰਗਾਰ ਢੰਗ ਹੋ ਸਕਦਾ ਹੈ।

## 2.4.2 ਪਰਸਪਰ ਸੰਵਾਦ ਦਾ ਮਹੱਤਵ

ਸਿੱਖਣਾ ਆਪਸੀ ਗੱਲ-ਬਾਤ ਅਤੇ ਸੰਪਰਕ ਦੇ ਰਾਹੀਂ ਹੀ ਵਾਪਰਦਾ ਹੈ। ਇਹ ਸੰਵਾਦ ਆਸ ਪਾਸ ਦੇ ਵਾਤਾਵਰਣ ਨਾਲ ਹੋ ਸਕਦਾ ਹੈ। ਕੁਦਰਤ, ਚੀਜ਼ਾਂ ਅਤੇ ਲੋਕਾਂ ਨਾਲ ਹੋ ਸਕਦਾ ਹੈ। ਤੇ ਹੋ ਸਕਦਾ ਹੈ ਕਾਰਜਾਂ ਅਤੇ ਭਾਸ਼ਾ ਦੋਹਾਂ ਰਾਹੀਂ ਹੀ। ਅਪਣੇ ਆਪ ਹੀ ਸਰੀਰਕ ਕਾਰਜ ਜਿਵੇਂ ਕਿ ਘੁੰਮਣਾਂ, ਅਨੁਸੰਧਾਨ ਕਰਨਾਂ, ਕੰਮ ਕਰਨਾਂ; ਅਪਣੇ ਹਾਣ ਦੇ ਮਿੱਤਰਾਂ ਨਾਲ ਅਤੇ ਅਪਣੇ ਤੋਂ ਵਡੇ ਬੰਦਿਆਂ ਨਾਲ ਕੰਮ ਕਰਨਾਂ; ਭਾਸ਼ਾ ਵਰਤਣਾਂ – ਪੜ੍ਹਨ ਲਈ, ਪ੍ਰਗਟ ਕਰਨ ਲਈ, ਸੁਣਨ ਲਈ ਅਤੇ ਗੱਲ-ਬਾਤ ਕਰਨ ਲਈ – ਇਹ ਕੁਝ ਮੂਲ ਪ੍ਰਕਿਰਿਆਵਾਂ ਹਨ ਜਿਨ੍ਹਾਂ ਰਾਹੀਂ ਸਿੱਖਣ ਵਾਪਰਦਾ ਹੈ।

ਸਾਡੀ ਬਹੁਤੀ ਸਕੂਲੀ ਪੜ੍ਹਾਈ ਹਾਲੇ ਵੀ ਵਿਅਕਤੀ ਅਧਾਰਤ ਹੈ (ਨਾ ਕਿ ਇੱਕ ਇੱਕ ਬੰਦੇ ਨੂੰ ਧਿਆਨ ਦੇ ਸਕਣ ਵਾਲੀ!)। ਅਧਿਆਪਕ ਨੂੰ 'ਗਿਆਨ' ਸੰਚਾਰਨ ਵਾਲੇ ਦੀ ਤਰ੍ਹਾਂ ਦੇਖਿਆ ਜਾਂਦਾ ਹੈ – ਜਿਸ ਨੂੰ ਬੱਚੇ ਵਾਸਤੇ ਸੂਚਨਾਂ ਦੇ ਨਾਲ ਰਲਗਡ ਕਰ ਲਿਆ ਜਾਂਦਾ ਹੈ। ਅਧਿਆਪਕ ਨੂੰ ਸਮਝ ਲਿਆ ਜਾਂਦਾ ਹੈ ਕਿ ਉਹ ਬੱਚੇ ਦੇ ਅਨੁਭਵਾਂ ਨੂੰ ਸੰਚਾਲਤ ਕਰੇ ਅਤੇ ਉਸ ਦੀ ਪੜ੍ਹਨ ਵਿੱਚ ਮਦਦ ਕਰੇ। ਪਰ ਅਧਿਆਪਕਾਂ ਨਾਲ, ਹੋਰਨਾਂ ਹਾਣ ਦੇ ਦੋਸਤਾਂ ਨਾਲ, ਅਤੇ ਨਾਲ ਦੀ ਨਾਲ ਉਹਨਾਂ ਨਾਲ ਜੋ ਜਾਂ ਤਾਂ ਉਮਰ ਵਿੱਚ ਵਡੇ ਹਨ, ਤੇ ਜਾਂ ਨਿੱਕੇ ਹਨ। ਗੱਲਬਾਤੀ ਸੰਵਾਦ ਸਿੱਖਣ ਦੀਆਂ ਅਨੇਕ ਨਵੀਆਂ ਤੇ ਅਮੀਰ ਸੰਭਾਵਨਾਵਾਂ ਖੋਹਲ ਦਿੰਦਾ ਹੈ।

ਦੂਸਰਿਆਂ ਦੀ ਸੰਗਤ ਵਿੱਚ ਸਿੱਖਣਾ ਅਸਲ ਵਿੱਚ ਉਹਨਾਂ ਦੇ ਨਾਲ ਇੱਕ ਸੰਵਾਦੀ ਪ੍ਰਕਿਰਿਆ ਸਿਰਜਣਾ ਹੈ। ਇਸ ਨਾਲ ਹਥਲਾ ਕਾਰਜ ਵੀ ਸਿਖ ਲਿਆ ਜਾਂਦਾ ਹੈ। ਇਸ ਪ੍ਰਕਾਰ ਦੀ ਪੜ੍ਹਾਈ ਹੋਰ ਅਮੀਰ ਹੋ ਜਾਂਦੀ ਹੈ। ਇਹ ਓਦੋਂ ਹੋਰ ਵੀ ਤੀਬਰ ਹੋ ਜਾਂਦਾ ਹੈ, ਜਦ ਸਕੂਲ ਵੱਖ ਵੱਖ ਸਮਾਜਕ-ਆਰਥਕ ਪਿਛੋਕੜ ਦੇ ਬੱਚਿਆਂ ਨੂੰ ਦਾਖਲਾ ਦਿੰਦਾ ਹੈ।

ਆਰੰਭਕ ਪਰਾਇਮਰੀ ਸਕੂਲ ਦੇ ਸਾਲਾਂ ਵਿੱਚ ਸਮੂਹ ਕਾਰਜ (ਗਰੁੱਪ ਵਰਕ) ਦੇ ਖੇਤਰ ਵਿੱਚ ਇੱਕ ਸ਼ੁਰੂਆਤ ਕਰ ਲਈ ਗਈ ਹੁੰਦੀ ਹੈ। ਪ੍ਰੌਜੈਕਟ ਅਤੇ ਅਜਿਹੀਆਂ ਹੋਰ ਗਤੀਵਿਧੀਆਂ ਜੋ ਕਿ ਵਰਗਾਂ ਦੇ ਰੂਪ ਵਿੱਚ ਕੀਤੀਆਂ ਜਾ ਸਕਦੀਆਂ ਹਨ, ਉਹਨਾਂ ਨੂੰ ਪੜ੍ਹਾਈ ਦੇ ਮਧ ਅਤੇ ਉੱਚ ਦਰਜਿਆਂ ਦਾ ਵੀ ਹਿੱਸਾ ਬਣਾਇਆ ਜਾ ਸਕਦਾ ਹੈ। ਅਜਿਹੇ ਤਰੀਕੇ ਪ੍ਰਾਪਤ ਹਨ ਜਿਨ੍ਹਾਂ ਰਾਹੀਂ ਇਸ ਤਰ੍ਹਾਂ ਦੇ ਵਰਗ ਅਧਾਰਤ ਸਿੱਖਣ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ, ਤੇ ਮੁਲਾਂਕਣ ਵੀ ਕੀਤਾ ਜਾ ਸਕਦਾ ਹੈ। ਸਕੂਲ ਉਮਰ ਦੇ ਹਿਸਾਬ ਨਾਲ ਰਲਵੇਂ ਵਰਗਾਂ ਨੂੰ ਇਕੱਠੇ ਰਲਕੇ ਕਰਨ ਲਈ ਸਾਂਝੇ ਪ੍ਰੌਜੈਕਟ ਦੇਣ ਬਾਰੇ ਸੋਚ ਸਕਦੇ ਹਨ। ਅਜਿਹੇ ਸਾਂਝੇ ਵਰਗਾਂ ਵਿੱਚ ਬਹੁਤ ਕੁਝ ਸਿੱਖਣਯੋਗ ਹੈ ਜੋ ਇੱਕ ਦੂਜੇ ਤੋਂ ਸਿੱਖਿਆ ਜਾ ਸਕਦਾ ਹੈ, ਜਿਵੇਂ ਕਿ ਟੀਮ ਵਰਕ ਅਤੇ ਸਮਾਜਕ ਕੀਮਤਾਂ।

## ਉਸਾਰਣੀ ਸਿੱਖਿਆ ਸਥਿੱਤੀ

| ਪ੍ਰਕਿਰਿਆ | ਵਿਗਿਆਨ | ਭਾਸ਼ਾ |
|---|---|---|
| | ਸਥਿੱਤੀ<br>ਸਿਖਿਅਕ ਦੂਧਾਧਾਰੀ ਜੀਵਾਂ ਉੱਪਰ ਇੱਕ ਪਾਠ ਪੜ੍ਹਦੇ ਹਨ ਅਤੇ ਇਹਨਾਂ ਦੁੱਧ ਪਿਆਉਣ ਵਾਲੇ ਜਾਨਵਰਾਂ ਦੇ ਜੀਵਨ ਬਾਰੇ ਕਈ ਟਿਕਾਣਿਆਂ ਪੁਰ ਬਣੀ ਵੀਡੀਓ ਦੇਖਦੇ ਹਨ। ਅਜਿਹੀਆਂ ਘਟਨਾਵਾਂ ਜਾਂ ਕਾਰਜਾਂ ਵਿੱਚ ਸ਼ਾਮਲ ਹਨ ਦੂਧਾਧਾਰੀ ਜਾਨਵਰਾਂ ਦਾ ਜਮੀਨ ਜਾਂ ਪਾਣੀ ਵਿੱਚ ਝੁੰਡਾਂ ਵਿੱਚ ਫਿਰਨਾਂ, ਘਾਹ ਚੁਗਣਾ, ਸ਼ਿਕਾਰ ਉੱਪਰ ਹਮਲਾ ਕਰਨਾ, ਜਨਮ ਦੇਣਾ, ਖਤਰੇ ਦੇ ਸਮੇਂ ਇਕੱਠ ਕਰ ਲੈਣਾ ਅਤੇ ਕਈ ਹੋਰ ਘਟਨਾਵਾਂ। | ਸਥਿੱਤੀ<br>ਸਿੱਖਿਅਕ 'ਕਾਬਲੀ ਵਾਲਾ' ਨਾਮੀਂ ਕਹਾਣੀ ਪੜ੍ਹਦੇ ਹਨ। ਬਾਅਦ ਵਿੱਚ ਉਹਨਾਂ ਨੂੰ ਕਹਾਣੀ ਦੇ ਪਿਛੋਕੜ ਵਾਲੀ ਸਮੱਗਰੀ ਦਿੱਤੀ ਜਾਂਦੀ ਹੈ। ਕਈ ਦ੍ਰਿਸ਼ਾਂ ਦੇ ਚਿਤਰ ਅਤੇ ਕਹਾਣੀ ਦੇ ਕੁਝ ਵਰਨਣ ਵੀ ਦਿੱਤੇ ਜਾਂਦੇ ਹਨ। ਕੁਝ ਇੱਕ ਸਿੱਖਿਅਕ ਚਿਤਰਾਂ ਵਿੱਚ ਚਿਤਰੇ ਗਏ ਇੱਕ ਅੱਧ ਦ੍ਰਿਸ਼ ਦਾ ਅਭਿਨੈ ਵੀ ਕਰਦੇ ਹਨ। |

| | | |
|---|---|---|
| ਟਿੱਪਣੀ | ਸਿੱਖਿਅਕ ਦੂਧਾਧਾਰੀ ਜਾਨਵਰਾਂ ਦੇ ਵਰਤਾਉ ਜਾਂ ਮੁੱਖ ਕਾਰਜਾਂ ਜਾਂ ਘਟਨਾਵਾਂ ਦੇ ਬਾਰੇ ਨੋਟ ਤਿਆਰ ਕਰਦੇ ਹਨ। | ਸਿੱਖਿਅਕ ਅਭਿਨੈ ਕੀਤੇ ਗਏ ਦ੍ਰਿਸ਼ਾਂ ਨੂੰ ਦੇਖਦੇ ਹਨ। |
| ਸੰਧਰਭੀਕਰਣ | ਉਹ ਪਾਠ ਨੂੰ ਅਪਣੇ ਕੀਤੇ ਹੋਏ ਵਿਸ਼ਲੇਸ਼ਣ ਦੇ ਸੰਧਰਭ ਨਾਲ ਜੋੜਦੇ ਹਨ। | ਉਹ ਪਾਠ ਦੀ ਕਹਾਣੀ ਨੂੰ ਪਿਛੋਕੜ ਵਾਲੀ ਸਮਗਰੀ ਦੇ ਚਿਤਰਾਂ ਨਾਲ ਜੋੜਦੇ ਹਨ। |
| ਬੋਧਮੂਲਕ ਸ਼ਗਿਰਦੀ | ਅਧਿਆਪਕ ਦੂਧਾਧਾਰੀ ਜਾਨਵਰਾਂ ਦੀ ਉਦਾਹਰਣ ਵਰਤਕੇ ਸਪਸ਼ਟ ਕਰਦਾ ਹੈ ਕਿ ਇੱਕ ਸਿੱਖਿਅਕ ਅਜਿਹੀ ਸੂਚਨਾਂ ਦਾ ਕਿਵੇਂ ਵਿਸ਼ਲੇਸ਼ਣ ਕਰੇ ਅਤੇ ਵਿਆਖਿਆ ਕਰੇ। | ਅਭਿਨੈ ਕੀਤੇ ਗਏ ਇੱਕ ਦ੍ਰਿਸ਼ ਨੂੰ ਵਰਤਕੇ ਅਧਿਆਪਕ ਇੱਕ ਨਮੂੰਨਾ ਬਣਾਉਂਦਾ ਹੈ ਕਿ ਕਹਾਣੀ ਦੇ ਪੜ੍ਹੇ ਜਾਣ ਨੂੰ ਅਤੇ ਪਿਛੋਕੜ ਵਾਲੀ ਸਮੱਗਰੀ ਦੇ ਚਿਤਰਾਂ ਦਾ ਸੁਮੇਲ ਕਿਸ ਤਰ੍ਹਾਂ ਕਰਵਾਇਆ ਜਾਵੇ। |
| ਸਹਿਯੋਗ | ਸਿੱਖਿਅਕ ਕੰਮ ਕਰਨ ਲਈ ਟੋਲੀਆਂ ਬਣਾ ਲੈਂਦੇ ਹਨ ਅਤੇ ਅਧਿਆਪਕ ਉਹਨਾਂ ਨੂੰ ਅੱਗੇ ਵਧਣ ਲਈ ਸੁਝਾਉ/ਨਿਗਰਾਨੀ ਦਿੰਦਾ ਹੈ। | ਸਿੱਖਿਅਕ ਵਿਆਖਿਆਵਾਂ ਤਿਆਰ ਕਰਨ ਲਈ ਟੋਲੀਆਂ ਵਿੱਚ ਕੰਮ ਕਰਦੇ ਹਨ ਅਤੇ ਅਧਿਆਪਕ ਉਹਨਾਂ ਨੂੰ ਅੱਗੇ ਵਧਣ ਲਈ ਸੁਝਾਉ /ਨਿਗਰਾਨੀ ਦਿੰਦਾ ਹੈ। |
| ਵਿਆਖਿਆ ਦੀ ਉਸਾਰੀ | ਸਿੱਖਿਅਕ ਦੂਧਾਧਾਰੀਆਂ ਦੇ ਜਮੀਨ ਪੁਰ ਜਾਂ ਪਾਣੀ ਆਦਿ ਵਿਚਲੇ ਜੀਵਨ ਬਾਰੇ ਅਪਣੇ ਅਨੁਮਾਨਾਂ ਦੀ ਪੁਸ਼ਟੀ ਲਈ ਵਿਸ਼ਲੇਸ਼ਣ ਕਰਦੇ ਹਨ ਅਤੇ ਸਬੂਤ ਇਕੱਠੇ ਕਰਦੇ। | ਉਹ ਵਿਲੇਸ਼ਣ ਕਰਕੇ ਕਹਾਣੀ ਦੀਆਂ ਅਪਣੀਆਂ ਖੁਦ ਦੀਆਂ ਵਿਆਖਿ-ਆਵਾਂ ਤਿਆਰ ਕਰਦੇ ਹਨ। |
| ਵਿਭਿੰਨ ਵਿਆਖਿਆਵਾਂ | ਸਾਰੀ ਪ੍ਰਕਿਰਿਆ ਵਿੱਚ ਅਰੰਭ ਤੋਂ ਅੰਤ ਅਤੇ ਅੰਤ ਤੋਂ ਅਰੰਭ ਵੱਲ ਦੀ ਯਾਤਰਾ ਰਾਹੀਂ ਅਲੱਗ ਅਲੱਗ ਘਟਨਾਵਾਂ ਬਾਰੇ ਪ੍ਰਾਪਤ ਹਰ ਇੱਕ ਸੰਧਰਭਤ ਪਿਛੋਕੜ ਨੂੰ ਦੂਧਾਧਾਰੀਆਂ ਦੇ ਵਿਹਾਰ ਨਾਲ ਮੇਲਕੇ ਸਿਖਿਆਰਥੀ ਦੇਖਦੇ ਹਨ ਕਿ ਜੋ ਉਹ ਕਰ ਰਹੇ ਹਨ ਉਸ ਵਿੱਚ ਸਮਾਏ ਕੁਝ ਮੂਲ ਨੇਮ ਨਜ਼ਰ ਪੈਂਦੇ ਹਨ। | ਪਾਠ, ਪਿਛੋਕੜ ਵਾਲੇ ਚਿਤਰ ਅਤੇ ਉਹਨਾਂ ਦੇ ਅਪਣੇ ਚਿੰਤਨ ਦੀ ਵਰਤੋਂ ਕਰਕੇ ਸਿਖਿਆਰਥੀ ਦੇਖਦੇ ਹਨ ਕਿ ਕਿਵੇਂ ਉਹੀ ਪਾਤਰ ਅਤੇ ਉਹੀ ਵਿਸ਼ੇ ਕਿੰਨੇ ਸਾਰੇ ਤਰੀਕਿਆਂ ਨਾਲ ਪ੍ਰਗਟ ਹੁੰਦੇ ਹਨ। |

*ਅਧਿਆਪਕ ਦੀ ਜ਼ੁੰਮੇਂਵਾਰੀ: ਇਸ ਸੰਧਰਭ ਵਿੱਚ ਅਧਿਆਪਕ ਉਹ ਸਹਾਇਕ ਹੈ ਜੋ ਗਿਆਨ ਉਸਾਰਣ ਦੀ ਪ੍ਰਕਿਰਿਆ ਵਿੱਚ ਸਿੱਖਿਅਕਾਂ ਨੂੰ ਚਿੰਤਨ ਕਰਨ, ਵਿਸ਼ਲੇਸ਼ਣ ਕਰਨ ਅਤੇ ਵਿਆਖਿਆ ਕਰਨ ਲਈ ਉਸਾਹਿਤ ਕਰਦਾ ਹੈ।*

ਦੂਜਿਆਂ ਦੀ ਸੰਗਤ ਵਿੱਚ ਬੰਦੇ ਨੂੰ ਵਡੇ ਆਕਾਰ ਦੇ ਕਾਰਜ ਕਰ ਸਕਣ ਦੇ ਮੌਕੇ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਵਿੱਚ ਬੰਦਾ ਐਹੋ ਜਿਹੇ ਕੰਮਾਂ ਵਿੱਚ ਹਿੱਸਾ ਲੈਣ ਅਤੇ ਨਾਮ ਬਣਾ ਸਕਣ ਦਾ ਸੁਪਨਾਂ ਲੈ ਸਕਦਾ ਹੈ, ਜੋ ਉਹ ਇਕੱਲਿਆਂ ਕਦੇ ਸੋਚ ਵੀ ਨਹੀਂ ਸਕਦਾ ਤੇ ਨਾ ਹੀ ਜਾਣ ਸਕਦਾ ਹੁੰਦਾ ਹੈ। ਸਮੂਹ ਸਿੱਖਣ ਦੇ ਕਾਰਜ ਦੀ ਜ਼ਿੰਮੇਂਵਾਰੀ, ਅਤੇ ਹਥਲੇ ਕਾਰਜ ਵਿੱਚ ਯੋਗਦਾਨ ਪਾਉਣਾ ਆਦਿ ਸਭ ਗਿਆਨ ਹਾਂਸਲ ਕਰਨ ਦੇ ਹੀ ਨਹੀਂ, ਸਗੋਂ ਦਸਤਕਾਰਕ ਕੌਸ਼ਲ ਅਤੇ ਕਲਾਵਾਂ ਦੀ ਸਿਖਲਾਈ ਪ੍ਰਾਪਤ ਕਰ ਸਕਣ ਦੇ ਵੀ ਮਹੱਤਵ ਪੂਰਣ ਪੱਖ ਹਨ।

ਕਈਆਂ ਗ੍ਰੇਡਾਂ ਵਾਲੀਆਂ ਜਮਾਤਾਂ ਦੀ ਹਾਲਤ ਵਿੱਚ ਉੱਪਰੋਂ ਹੇਠਾਂ ਨੂੰ ਤੁਰਦੀ ਵਰਗ ਵੰਡ, ਜੋ ਭਿੰਨ ਭਿੰਨ ਗਰੇਡਾਂ ਦੇ ਵਿਚਕਾਰ ਦੀ ਲੰਘਦੀ ਜਾਵੇ, ਪੜ੍ਹਾਉਣ ਦੇ ਪੱਖ ਤੋਂ ਇੱਕ ਸੁਭਾਵਕ ਤੇ ਪਾਠਕ੍ਰਮ ਦੇ ਲਈ ਬੜੀ ਲਾਹੇਵੰਦ ਯੋਜਨਾਂ ਵੀ ਸਾਬਤ ਹੋ ਸਕਦੀ ਹੈ।

## 2.4.3 ਸਿਖਲਾਈ ਦੇ ਅਨੂਭਵਾਂ ਦਾ ਨਿਰਮਾਣ

ਸਿਖੇ ਜਾਣ ਵਾਲੇ ਕਾਰਜ ਦੀ ਗੁਣਵੱਤਾ ਉਸ ਦੀ ਅਪਣੀ ਸਿੱਖਣ-ਕੌਸ਼ਲਤਾ ਅਤੇ ਉਸ ਦੇ ਸਿੱਖਿਅਕ ਲਈ ਮਹੱਤਵ ਉੱਪਰ ਅਸਰ ਪਾਉਂਦੀ ਹੈ। ਉਹ ਕਾਰਜ ਜੋ ਜਾਂ ਤਾਂ ਬਹੁਤ ਆਸਾਨ ਤੇ ਜਾਂ ਬਹੁਤ ਮੁਸ਼ਕਲ ਹੁੰਦੇ ਹਨ, ਬੜੇ ਦੁਹਰਾਉ ਪੂਰਣ ਅਤੇ ਮਸ਼ੀਨੀਂ ਭਾਂਤ ਦੇ ਹੁੰਦੇ ਹਨ। ਉਹ ਬੱਚੇ ਨੂੰ ਸਵੈ-ਪ੍ਰਗਟਾਵੇ ਦੀ ਖੁੱਲ੍ਹ ਨਹੀਂ ਦਿੰਦੇ ਤੇ ਬੱਚੇ ਨੂੰ ਪੂਰੀ ਤਰ੍ਹਾਂ ਸੋਧ ਕਰਨ ਲਈ ਅਧਿਆਪਕ ਉੱਪਰ ਨਿਰਭਰ ਕਰ ਦਿੰਦੇ ਹਨ। ਉਹ ਬੱਚੇ ਨੂੰ ਅਕਰਮਕ ਭੂਮਿਕਾ ਅਦਾਅ ਕਰਨ ਉੱਤੇ ਮਜ਼ਬੂਰ ਕਰ ਦਿੰਦੇ ਹਨ।

ਸਿੱਟੇ ਵਜੋਂ ਸਿਖਿਆਰਥੀ ਸੋਚ ਸਕਣ ਅਤੇ ਦਲੀਲ ਦੇ ਸਕਣ ਦੀ ਅਪਣੀ ਸਮਰੱਥਾ ਉੱਪਰ ਧਿਆਨ ਦੇਣ ਦੀ ਬਜਾਏ, ਇਹ ਸਿੱਖਣਾ ਸ਼ੁਰੂ ਕਰ ਦਿੰਦੇ ਹਨ ਕਿ ਗਿਆਨ ਤਾਂ ਕੇਵਲ ਹੋਰਨਾਂ ਨੇਂ ਹੀ ਉਤਪਨ ਕਰਨਾਂ ਹੈ। ਉਹ ਤਾਂ ਕੇਵਲ ਹਾਂਸਲ ਕਰਨ ਲਈ ਹੀ ਹਨ। ਇਹ ਜ਼ਿੰਮੇਂਵਾਰੀ ਤਾਂ ਅਧਿਆਪਕ ਉੱਪਰ ਹੀ ਆਇਦ ਹੁੰਦੀ ਹੈ ਕਿ ਉਹ ਉਹਨਾਂ ਬੱਚਿਆਂ ਵਿੱਚ ਰੁਚੀ ਜਗਾਵੇ ਜਿਨ੍ਹਾਂ ਵਿੱਚ ਸਿੱਖਣ ਦਾ ਸੁਭਾਅ ਹਾਲੇ ਨਹੀਂ ਬਣਿਆਂ ਹੁੰਦਾ।

ਸਿੱਖਿਅਕ ਪਹਿਲਾਂ ਅਪਣੇ ਆਪ ਨੂੰ ਕਾਬੂ ਕੀਤੇ ਜਾਣ ਨੂੰ ਸਵੀਕਾਰ ਕਰਨਾਂ ਸਿਖ ਜਾਂਦੇ ਹਨ, ਤੇ ਫਿਰ ਕਾਬੂ ਕਰਨਾਂ ਸਿਖ ਸਕਣ ਦੀ ਖਾਹਸ਼ ਪਾਲ ਬੈਠਦੇ ਹਨ। ਅੰਤਮ ਤੌਰਤੇ ਇਹ ਸਭ ਕੁਝ ਮਾਨਸਕ ਸਵੈ-ਮੰਥਨ ਦੇ ਵਿਕਾਸ ਲਈ ਅਤੇ ਸੁਭਾਅ ਦੇ ਲਚਕੀਲੇਪਨ ਲਈ ਹਾਨੀਂ ਕਾਰਕ ਹੈ। ਪਰ ਇਹੀ ਗੁਣ ਲੋੜੀਂਦੇ ਵੀ ਹਨ, ਖਾਸ ਕਰਕੇ ਜੇ ਸਿੱਖਿਆ ਨੇ ਸਿੱਖਿਅਕ ਨੂੰ ਸਮਰੱਥ ਬਨਾਉਣਾਂ ਹੈ ਤਾਂ।

ਜਦ ਤੱਕ ਇਹ ਬੱਚੇ ਸਤਵੀਂ ਜਮਾਤ ਵਿੱਚ ਅੱਪੜਦੇ ਹਨ, ਤਾਂ ਉਹਨਾਂ ਵਿੱਚੋਂ ਬਹੁਤੇ ਬੱਚੇ ਜੋ ਅਜਿਹੇ ਸਿੱਖਣ ਵਾਲੇ ਵਾਤਾਵਰਣ ਵਿੱਚ ਵਡੇ ਹੋਏ ਹੁੰਦੇ ਹਨ, ਉਹ ਅਪਣੇ ਆਪ ਉੱਤੇ ਅਤੇ ਅਪਣੇ ਆਪ ਨੂੰ ਪ੍ਰਗਟਾਅ ਸਕਣ ਦੀ ਯੋਗਤਾ ਤੋਂ ਜਕੀਨ ਗੁਆ ਬੈਠੇ ਹੁੰਦੇ ਹਨ। ਉਹਨਾਂ ਦਾ ਸਕੂਲੀ ਅਨੁਭਵਾਂ ਦੇ ਕੁਝ ਅਰਥ ਬਣਾ ਸਕਣ ਤੋਂ ਵੀ ਵਿਸ਼ਵਾਸ ਉੱਠ ਜਾਂਦਾ ਹੈ। ਉਹ ਇਮਤਿਹਾਨ ਪਾਸ ਕਰ ਲੈਣ ਲਈ ਘੋਟਾ ਲਾਕੇ ਯਾਦ ਕਰਨ ਵਾਲੇ ਮਸ਼ੀਨੀਂ ਤਰੀਕੇ ਦੀ ਪਕੜ ਵਿੱਚ ਹਮੇਸ਼ਾਂ ਲਈ ਆ ਜਾਂਦੇ ਹਨ।

ਇਸ ਦੇ ਉਲਟ, ਉਹ ਕਾਰਜ ਜਿਨ੍ਹਾਂ ਵਿੱਚ ਵੰਗਾਰ ਹੁੰਦੀ ਹੈ ਅਤੇ ਜੋ ਸੁਤੰਤਰ ਸੋਚ ਦੀ ਇਜ਼ਾਜਤ ਦਿੰਦੇ ਹਨ, ਤੇ ਜਿਨ੍ਹਾਂ ਨੂੰ ਇੱਕ ਤੋਂ ਵੱਧ ਤਰੀਕਿਆਂ ਨਾਲ ਹੱਲ ਕੀਤਾ ਜਾ ਸਕਦਾ ਹੋਵੇ, ਉਹ ਸਿੱਖਿਅਕਾਂ ਵਿੱਚ ਸੁਤੰਤਰਤਾ, ਸਿਰਜਣਾਤਮਕਤਾ ਅਤੇ ਆਤਮ-ਨਿਰੰਤਰਣ ਵਧਾਉਣ ਲਈ ਸਾਰਥਕ ਹੁੰਦੇ ਹਨ। ਸੁਆਲੀਆ ਸਭਿਆਚਾਰ ਦੀ ਜਗਾਹ, ਜੋ ਚੁਟਕੀ ਵਜਾਉਣ ਵਿੱਚੋਂ ਉੱਤਰ ਉਮੀਦਦਾ ਹੈ, ਅਤੇ ਜਿਸ ਵਿੱਚ ਹਮੇਸ਼ਾਂ 'ਸਹੀ ਉੱਤਰਾਂ' ਲਈ ਹੀ ਥਾਂ ਹੁੰਦੀ ਹੈ, ਲੋੜ ਇਹ ਹੈ ਕਿ ਸਿੱਖਿਅਕਾਂ ਨੂੰ ਡੂੰਘੀ ਅਤੇ ਅਰਥਦਾਰ ਪੜ੍ਹਾਈ ਉੱਪਰ ਸਮਾਂ ਖਰਚਣ ਦੀ ਸਹਿਮਤੀ ਦਿੱਤੀ ਜਾਵੇ।

ਸਿੱਖਣ ਦੇ ਕਈ ਕਾਰਜ ਇਸ ਗੱਲ ਨੂੰ ਸੁਨਿਸ਼ਚਤ ਕਰਨ ਲਈ ਵਿਓਂਤੇ ਜਾਂਦੇ ਹਨ ਕਿ ਬੱਚਿਆਂ ਨੂੰ ਪਾਠ-ਪੁਸਤਕਾਂ ਦੀ ਥਾਂ ਹੋਰ ਸਥਲਾਂ ਤੋਂ ਗਿਆਨ ਹਾਂਸਲ ਕਰਨ ਦੀ ਖੁੱਲ੍ਹ ਹੋਵੇ, ਕਿ ਉਹ ਅਪਣੇ ਅਨੁਭਵਾਂ ਵਿੱਚੋਂ, ਘਰਦੇ ਲੋਕਾਂ ਅਤੇ ਭਾਈਚਾਰੇ ਦੇ ਲੋਕਾਂ ਦੇ ਅਨੁਭਵਾਂ ਤੋਂ, ਲਾਇਬਰੇਰੀਆਂ ਅਤੇ ਸਕੂਲ ਤੋਂ ਬਾਹਰ ਹੋਰ ਸਥਲਾਂ ਤੋਂ ਸਿਖ ਸਕਣ ਆਦਿ। ਇਹ ਸਭ ਇੱਕ ਫਲਸਫੇ ਦੀ ਨਿਛਾਂਨਦੇਹੀ ਕਰਦੇ ਹਨ ਕਿ ਜੇ ਸਿੱਖਣ ਵਾਪਰਨਾਂ ਹੈ, ਗਿਆਨ ਪ੍ਰਾਪਤ ਕੀਤਾ ਜਾਣਾ ਹੈ, ਸਿਖੇ ਹੋਏ ਦੀ ਪ੍ਰਮਾਣਕਤਾ ਹੋਣੀ ਹੈ, ਤਾਂ ਇਸ ਤਰ੍ਹਾਂ ਦੇ ਸਾਰੇ ਨਿਰਮਾਣ ਦੇ ਕਾਰਜ ਵਿੱਚ ਨਾਂ ਤਾਂ ਪਾਠ-ਪੁਸਤਕਾਂ ਦਾ ਅਤੇ ਨਾਂ ਹੀ ਅਧਿਆਪਕ ਦਾ ਕੋਈ ਵਿਸ਼ੇਸ਼ ਅਧਿਕਾਰ ਹੈ।

ਇਸ ਸੰਧਰਭ ਵਿੱਚ ਪੁਛਤਾਨੀ ਜਗਾਹਵਾਂ ਸਿੱਖਣ ਦੇ ਸਥਾਨਾਂ ਦੇ ਰੂਪ ਵਿੱਚ ਹੋਰ ਜ਼ਿਆਦਾ ਮਹੱਤਵ ਧਾਰਣ ਕਰ ਜਾਂਦੀਆਂ ਹਨ। ਕੇਵਲ ਇਤਹਾਸ ਦੇ ਅਧਿਆਪਕਾਂ ਨੂੰ ਹੀ ਨਹੀਂ, ਸਗੋਂ ਸਾਰੇ ਮਜਮੂੰਨਾਂ ਦੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਅਪਣੇ ਅਧਿਕਾਰ ਹੇਠ ਪੜ੍ਹ ਰਹੇ ਬੱਚਿਆਂ ਨੂੰ ਪੁਰਾਤੱਤਵ ਪੱਖ ਤੋਂ ਮਹੱਤਵ ਵਾਲੀਆਂ ਥਾਵਾਂ

ਦਾ ਸਤਿਕਾਰ ਕਰਨਾਂ ਸਿਖਾਉਣ। ਉਹਨਾਂ ਵਿੱਚ ਇਹਨਾਂ ਸਥਲਾਂ ਦੇ ਮਹੱਤਵ ਨੂੰ ਟੋਲਣ ਅਤੇ ਗ੍ਰਹਿਣ ਕਰਨ ਦੀ ਇੱਛਾ ਨੂੰ ਪ੍ਰਫੁਲਤ ਕਰਨ।

ਹਾਲ ਹੀ ਦੇ ਸਾਲਾਂ ਵਿੱਚ ਜਮਾਤਾਂ ਦੇ ਮਹੌਲ ਨੂੰ ਸੁਧਾਰਨ ਅਤੇ ਪਹਿਲੀ ਤੇ ਦੂਜੀ ਜਮਾਤ ਦੇ ਪਾਠਕ੍ਰਮ ਦੇ ਸੰਗਠਣ ਨੂੰ ਸੁਧਾਰਨ ਦੇ ਸਬੰਧ ਵਿੱਚ ਕਦਮ ਉਠਾਏ ਗਏ ਹਨ। ਹਾਲਾਂ ਕਿ ਇਹਨਾਂ ਦਾ ਰੀਵਿਊ ਕਰਨ ਅਤੇ ਇਹਨਾਂ ਵਿੱਚ ਹੋਰ ਰੂਹ ਫੂਕਣ ਦੀ ਗੁੰਜਾਇਸ਼ ਹੈ, ਨਾਲ ਹੀ ਇਸ ਗੱਲ ਦੀ ਵੀ ਜਰੂਰਤ ਹੈ ਕਿ ਵਡੀ ਉਮਰ ਦੇ ਬੱਚਿਆਂ ਦੇ ਅਨਭਵਾਂ ਦੀ ਵੀ ਰੂਪਰੇਖਾ ਉਲੀਕੀ ਜਾਵੇ, ਤਾਂ ਜੋ ਉਹ ਸੰਕਲਪਾਂ ਨੂੰ ਸਮਝ ਸਕਣ ਅਤੇ ਅਪਣੇ ਹੀ ਸਿਰਜੇ ਅਤੇ ਸਿੱਖੇ ਹੋਏ ਗਿਆਨ ਨੂੰ 'ਅਪਣਾ' ਕਹਿ ਸਕਣ।

ਹੁਣ ਸਾਡਾ ਤਾਤਵਿਕ ਗਿਆਨ ਤੋਂ ਰਤਾ ਕੁ ਧਿਆਨ ਲਾਂਭੇ ਹੋਣ ਲੱਗਾ ਹੈ, ਪਰ ਅਧਿਆਪਕਾਂ ਦੀ ਤਿਆਰੀ, ਜਮਾਤ ਦੇ ਅਭਿਆਸ ਦੀ ਯੋਜਨਾਂ, ਪਾਠ-ਪੁਸਤਕਾਂ ਦੀ ਬਣਵਾਈ ਅਤੇ ਮੁਲਾਂਕਣ ਆਦਿ ਦੀ ਫੈਸਲਾਕੁੰਨ ਸਹਾਇਤਾ ਕਰਨ ਦੀ ਲੋੜ ਹੈ। ਯੋਜਨਾਬੰਦੀ ਵਿੱਚ ਕੁਝ ਲਚਕ ਲਿਆਉਣ ਦੀ ਲੋੜ ਦਾ ਅਹਿਸਾਸ ਹੋਣਾਂ ਵੀ ਜਰੂਰੀ ਹੈ। ਪਾਠ-ਪੁਸਤਕਾਂ ਦੇ ਮੂਲ ਤੱਤਾਂ ਨੂੰ 'ਟੌਪਿਕ ਸਿਖਲਾਈ' ਦੀਆਂ ਜਰੂਰਤਾਂ ਦੇ ਅਨੁਕੂਲ ਢਾਲਣ ਦੀ ਲੋੜ ਹੈ, ਤਾਕਿ NPE-86 ਵਿੱਚ ਮਿਥੇ ਗਏ ਬੜੇ ਸੌੜੇ ਟੀਚਿਆਂ ਉੱਤੇ ਹੀ ਮਜ਼ਬੂਰ ਕਰਨ ਵਾਲੀ ਘੇਰਾਬੰਦੀ ਨੂੰ ਤੋੜਿਆ ਜਾਣਾ ਸੰਭਵ ਹੋ ਸਕੇ।

ਇਸ ਦੇ ਵਾਸਤੇ ਜਰੂਰੀ ਹੈ ਕਿ ਅਧਿਆਪਕਾਂ ਵਿੱਚ ਕੁਝ ਅਜਿਹਾ ਆਤਮ ਵਿਸ਼ਵਾਸ ਪੈਦਾ ਕੀਤਾ ਜਾ ਸਕੇ, ਜਿਸ ਨਾਲ ਉਹ ਅਪਣੇ ਹੀ ਤੌਰਤੇ ਸਾਰੀ ਪੜ੍ਹਾਈ ਨੂੰ ਬੱਚਿਆਂ ਦੀਆਂ ਜਰੂਰਤਾਂ ਨੂੰ ਸੰਬੋਧਨ ਕਰਨ ਦੇ ਲਈ ਤਿਆਰ ਕਰਨ ਲੱਗਣ। ਅਜੇ ਵੀ ਪੜ੍ਹਾਈ ਵਿਚਲੇ ਸੁਧਾਰਾਂ ਲਈ ਉਠਾਏ ਜਾ ਰਹੇ ਕਦਮ ਬੜੇ ਕੇਂਦਰ-ਸੰਚਾਲਤ ਹਨ। ਕਾਰਗਾਰ ਵਿਕੇਂਦਰੀਕਰਣ ਤਾਂ ਖਿੱਤਿਆਂ ਅਤੇ ਬਲਾਕ ਸਾਧਨ ਕੇਂਦਰਾਂ ਦੀ ਜ਼ਿਆਦਾ ਤਕੜੀ ਸ਼ਮੂਲੀਅਤ ਨਾਲ ਹੋ ਸਕਦਾ ਹੈ, ਸਥਾਨਕ ਸਾਧਨਾਂ ਦੇ ਸਰੋਤਾਂ ਦੀ ਪ੍ਰਾਪਤੀ ਨਾਲ ਹੋ ਸਕਦਾ ਹੈ, ਅਧਿਆਪਕਾਂ ਦੀ ਵਰਤੋਂ ਲਈ ਮੂਲ ਸਾਧਨ ਸਮਗਰੀ ਅਤੇ ਹਵਾਲੇ ਵਾਲੀ ਸਮਗਰੀ ਦੀ ਹੋਂਦ ਨਾਲ ਹੋ ਸਕਦਾ ਹੈ।

## 2.4.4 ਯੋਜਨਾਂ ਲਈ ਪੁਹੰਚਾਂ

ਸਾਡਾ ਸਿੱਖਣ ਸਬੰਧੀ ਅਭਿਆਸ ਹਾਲੇ ਵੀ ਸੀਮਤ 'ਪਾਠ ਯੋਜਨਾਵਾਂ' ਉੱਪਰ ਟਿਕਿਆ ਹੈ। ਇਸ ਅਭਿਆਸ ਨੇ ਕੁਝ ਕੁ ਮਾਪੇ ਜਾਣ ਵਾਲੇ 'ਵਿਹਾਰ' ਹਾਂਸਲ ਕਰਨੇ ਹੁੰਦੇ ਹਨ। ਇਸ ਮੱਤ ਅਨੁਸਾਰ ਸਾਰੇ ਅਮਲ ਵਿੱਚ ਬੱਚਾ ਉਸ ਪ੍ਰਾਣੀ ਦੇ ਬਰਾਬਰ ਹੈ ਜਿਸ ਨੂੰ ਸਿਖਲਾਈ ਦਿੱਤੀ ਜਾ ਸਕਦੀ ਹੈ। ਜਾਂ ਫਿਰ ਬੱਚਾ ਇੱਕ ਉਹ ਕੰਪਿਊਟਰ

ਹੈ ਜੋ ਪ੍ਰੋਗਰਮ ਕੀਤਾ ਜਾ ਸਕਦਾ ਹੈ। ਇਸੇ ਕਰਕੇ ‘ਸਿੱਟਿਆਂ’ ਉੱਪਰ ਕਾਫੀ ਜ਼ਿਆਦਾ ਬਲ ਦਿੱਤਾ ਜਾਂਦਾ ਹੈ। ਬੱਚੇ ਨੂੰ ‘ਉਕਸਾਕੇ’ ਤੇ ਸੂਚਨਾਂ ਦੀਆਂ ਬਾਈਟਾਂ ਨੂੰ ਹੀ ਗਿਆਨ ਮੰਨਕੇ ਅਸੀਂ ਬੱਚੇ ਨੂੰ ਦਿੱਤੀ ਜਾਂਦੇ ਹਾਂ, ਤਾਂ ਜੋ ਉਹ ਪਾਠ ਤੋਂ ਤੇ ਜਾਂ ਫਿਰ ਦਿੱਤੇ ਗਏ ਕਾਰਜਾਂ ਤੋਂ ਸਿੱਧਾ ਹੀ ਯਾਦ ਕਰ ਲਵੇ। ਆਖਰੀ ਉਸ ਦੀ ਪ੍ਰੀਖਿਆ ਲੈਣ ਵੇਲੇ ਦੇਖਦੇ ਅਸੀਂ ਇਹ ਹੀ ਹਾਂ ਕਿ ਬੱਚੇ ਨੇ ਉਸ ਨੂੰ ਦਿੱਤਾ ਗਿਆ ਗਿਆਨ ਯਾਦ ਰੱਖਿਆ ਹੈ ਕਿ ਨਹੀਂ।

ਅਜਿਹੇ ਮੱਤ ਦੇ ਉਲਟ ਸਾਨੂੰ ਬੱਚੇ ਨੂੰ ਹਰ ਪਲ ‘ਗਿਆਨ ਸਿਰਜਕ’ ਸਮਝਣਾਂ ਹੋਵੇਗਾ। ਇਹ ਕੇਵਲ ਦਿਮਾਗੀ ਵਿਸ਼ਿਆਂ ਜਿਵੇਂ ਕਿ ਗਣਿਤ, ਵਿਗਿਆਨ, ਭਾਸ਼ਾ ਅਤੇ ਸਮਾਜਕ ਵਿਗਿਆਨ ਬਾਰੇ ਹੀ ਸਹੀ ਨਹੀਂ ਹੈ, ਸਗੋਂ ਓਨਾਂ ਹੀ ਸਹੀ ਹੈ ਕੀਮਤਾਂ, ਕੌਸ਼ਲਾਂ ਅਤੇ ਰਵੱਈਆਂ ਬਾਰੇ। ਸਿੱਖਿਅਕ ਬਾਰੇ ਦਿੱਤਾ ਗਿਆ ਪਰਿਪੇਖ ‘ਸਪੱਸ਼ਟ’ ਹੀ ਕਹਿ ਦਿੱਤਾ ਜਾ ਸਕਦਾ ਹੈ। ਪਰ ਅਸਲ ਵਿੱਚ ਬਹੁਤ ਸਾਰੇ ਅਧਿਆਪਕਾਂ, ਪ੍ਰੀਖਿਅਕਾਂ, ਅਤੇ ਪਾਠ-ਪੁਸਤਕਾਂ ਦੇ ਲੇਖਕਾਂ ਨੂੰ ਹਾਲੇ ਵੀ ਇਸ ਗੱਲ ਦਾ ਇਤਬਾਰ ਨਹੀਂ ਹੈ ਕਿ ਆਖਰ ਇਹ ਯਥਾਰਥ ਵੀ ਬਣ ਸਕਦਾ ਹੈ।

- ਪ੍ਰੀਭਾਸ਼ਕ ਸ਼ਬਦ ‘ਕਾਰਜ’ ਹੁਣ ਜ਼ਿਆਦਾ ਤਰ ਅਰੰਭਕ ਸਕੂਲਾਂ ਦੇ ਅਧਿਆਪਕਾਂ ਨੇ ਅਪਣਾ ਲਿਆ ਹੈ, ਪਰ ਬਹੁਤਾ ਕਰਕੇ ਇਸ ਨੂੰ ‘ਹਰਬਰਟ’ ਦੇ ਢੰਗ ਦੀ ਪਾਠ ਯੋਜਨਾਂ ਦਾ ਹੀ ਰੂਪ ਦੇ ਦਿੱਤਾ ਗਿਆ ਹੈ, ਜੋ ਹਾਲੇ ਵੀ ਹਰ ਪਾਠ ਦੇ ਅੰਤ ਉੱਪਰ ‘ਸਿੱਟਾ’ ਨਿਕਲਣ ਦੇ ਆਸ਼ੇ ਦੇ ਹੀ ਚਲਾਏ ਚੱਲਦੇ ਹਨ। ਹੁਣ ਯੋਗਤਾਵਾਂ ਦੀ ਗੱਲ ਤਾਂ ਹੋਣ ਲੱਗ ਪਈ ਹੈ, ਪਰ ਇਹ ਯੋਗਤਾਵਾਂ ਹਾਲੇ ਵੀ ਪਾਠਾਂ ਵਿੱਚ ਹੀ ਖੁੱਭੀਆਂ ਪਈਆਂ ਹਨ – ਸਿੱਟਿਆਂ ਵਾਲੇ ਅੰਦਾਜ਼ ਵਿੱਚ ਹੀ।
- ਚਾਹੀਦਾ ਉਲਟਾ ਇਹ ਹੈ ਕਿ ਅਧਿਆਪਕ ਕਿਸੇ ਵਿਸ਼ੇ ਉੱਪਰ ਚਾਰ ਪੰਜ ਯੂਨਿਟਾਂ ਦੇ ਪਾਠਾਂ ਨੂੰ ਵਿਓਂਤ ਕਰ ਸਕਣ ਦੀ ਸਮਰੱਥਾ ਪੈਦਾ ਕਰਨ। ਸੂਝ ਦਾ ਅਤੇ ਮਾਨਸਕ ਸ਼ਕਤੀਆਂ ਦਾ ਵਿਕਾਸ ਕੇਵਲ ਬਾਰ ਬਾਰ ਅਤੇ ਅਲੱਗ ਅਲੱਗ ਸੰਧਰਭਾਂ ਵਿੱਚ ਵਰਤੋਂ ਦੇ ਮੌਕਿਆਂ ਨਾਲ ਅਤੇ ਭਿੰਨ ਭਿੰਨ ਤਰੀਕਿਆਂ ਨਾਲ ਵਰਤੋਂ ਕਰਨ ਨਾਲ ਹੀ ਸੰਭਵ ਹੈ। ਜਦ ਕਿ ਗਿਆਨ, ਸੂਝ ਅਤੇ ਕੌਸ਼ਲਾਂ ਦਾ ਵਿਕਾਸ ਕਿਸੇ ਯੂਨਿਟ ਦੇ ਦੋਨਾਂ ਸਿਰਿਆਂ ਤੋਂ ਹੀ ਕੀਤਾ ਜਾ ਸਕਦਾ ਹੈ, ਕਿਸੇ ਹੋਰ ਸਮੇਂ ਵੀ ਪਰਖਿਆ ਜਾ ਸਕਦਾ ਹੈ, ਪਰ ਮਾਨਸਕ ਸ਼ਕਤੀਆਂ ਦੇ ਚਲਣ ਦਾ ਅਨੁਮਾਨ ਲੰਮੇਂ ਹੋਣ ਦੀ ਮੰਗ ਕਰਦਾ ਹੈ।
- ਇਹ ਗਤੀਵਿਧੀਆਂ ਇਕੱਲੇ ਇਕੱਲ੍ਹੇ ਬੱਚੇ ਨੂੰ ਧਿਆਨ ਦੇ ਸਕਣ ਵਿੱਚ ਅਧਿਆਪਕ ਦੀ ਮਦਦ ਕਰ ਸਕਦੀਆਂ ਹਨ, ਜੋ ਅਪਣੀ ਕਾਰਜ਼ ਯੋਜਨਾਂ ਵਿੱਚ ਦਿਲਚਸਪੀ ਵਿਚਲੀਆਂ ਭਿੰਨਤਾਵਾਂ ਦੀ ਲੋੜ ਨੂੰ ਧਿਆਨ ਵਿੱਚ ਰੱਖਕੇ ਤਬਦੀਲੀਆਂ ਕਰ ਸਕਦਾ ਹੈ। ਅਸਲ ਵਿੱਚ ਅਧਿਆਪਕ ਅਪਣੇ ਜਮਾਤ ਦੇ ਕੰਮ ਵਿੱਚ ਅਪਣੇ ਹੀ ਬੱਚਿਆਂ ਤੋਂ ਬਿਨਾਂ ਹੋਰ ਵਡੇ ਬੱਚਿਆਂ ਦੀ ਮਦਦ ਵੀ ਲੈ ਸਕਦੇ

ਹਨ – ਅਜਿਹੀ ਵੰਨਸੁਵੰਨਤਾ ਜਮਾਤ ਦੀਆਂ ਪ੍ਰਕਿਰਿਆਵਾਂ ਵਿੱਚ ਅਥਾਹ ਅਮੀਰੀ ਲਿਆ ਸਕਦੀ ਹੈ। ਇਹਦੇ ਨਾਲ ਅਧਿਆਪਕ ਬੱਚਿਆਂ ਦੀਆਂ ਵਿਸ਼ੇਸ਼ ਲੋੜਾਂ ਨੂੰ ਧਿਆਨ ਦੇਣ ਵਿੱਚ ਮਦਦ ਕਰ ਸਕਦੇ ਹਨ, ਤੇ ਉਹਨਾਂ ਬੱਚਿਆਂ ਨੂੰ ਵੀ ਸੰਬੋਧਤ ਹੋਇਆ ਜਾ ਸਕਦਾ ਹੈ ਜੋ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹੋਣ। ਇਹ ਸਾਰਾ ਕੁਝ ਕਿਸੇ ਸਹਿਲ ਜਿਹੀ ਲਗਦੀ ਛੋਟ ਦੇਣ ਦੇ ਬਿਨਾਂ ਵੀ ਹੋ ਸਕਦਾ ਹੈ।

- ਹਾਲੇ ਵੀ ਅਧਿਆਪਕ ਹਰ ਸਿਖ ਰਹੇ ਬੱਚੇ ਨੂੰ ਕੋਈ ਬਹੁਤਾ ਧਿਆਨ ਨਹੀਂ ਦੇ ਸਕਦਾ ਲਗਦਾ। ਬੱਚੇ ਹੁਣ ਵੀ ਇੱਕ ਇਕੱਠ ਦੀ ਤਰ੍ਹਾਂ ਹੀ ਦੇਖੇ ਜਾ ਰਹੇ ਹਨ। ਤੇ ਉਨ੍ਹਾਂ ਨੂੰ ਜਾਂ ਤਾਂ 'ਸਟਾਰ' ਸਮਝਿਆ ਜਾਂਦਾ ਹੈ ਤੇ ਜਾਂ 'ਮੁਸੀਬਤ ਨਾਥ ਜੀ'। ਖਿਆਲ ਵੀ ਉਹਨਾਂ ਦਾ ਹੀ ਰੱਖਿਆ ਜਾਂਦਾ ਹੈ। ਸਾਰੇ ਬੱਚਿਆਂ ਨੂੰ ਸੁਝਾਏ ਗਏ ਧਿਆਨ ਤੋਂ ਲਾਭ ਹੋ ਸਕਦਾ ਹੈ।
- ਉਹ 'ਪਾਠ ਯੋਜਨਾਂ' ਜਾਂ 'ਯੂਨਟ ਯੋਜਨਾਂ' ਜੋ ਉਸ ਜਮਾਤ ਲਈ ਹੋਣ ਜਿਸ ਵਿੱਚ ਜਾਂ ਤਾਂ ਉਹ ਬੱਚੇ ਹੋਣ ਜਿਨ੍ਹਾਂ ਦੀਆਂ ਖਾਸ ਜਰੂਰਤਾਂ ਹੋਣ, ਤੇ ਜਾਂ ਫਿਰ ਉਹ ਬੱਚੇ ਹੋਣ ਜਿੰਨ੍ਹਾਂ ਦੀਆਂ ਸਿੱਖਣ ਨਾਲ ਸਬੰਧਿਤ ਕੋਈ ਖਾਸ ਮੁਸ਼ਕਲਾਂ ਹੋਣ। ਐਹੋ ਜਿਹੀਆਂ ਯੋਜਨਾਵਾਂ ਵਿੱਚ ਇਸ ਗੱਲ ਦਾ ਸੰਕੇਤ ਹੋਣਾ ਚਾਹੀਦਾ ਹੈ ਕਿ ਅਧਿਆਪਕ ਉਨ੍ਹਾਂ ਵਿੱਚ ਕਿਸ ਢੰਗ ਦੀ ਤਬਦੀਲੀ ਲਿਆ ਸਕਦੇ ਹਨ। ਸਿੱਖਣ ਦੀ ਅਸਫਲਤਾ ਨੂੰ ਅੱਜ-ਕੱਲ੍ਹ ਸਿਰਫ ਮਸ਼ੀਨੀਂ ਢੰਗ ਦੇ 'ਇਲਾਜ' ਨਾਲ ਹੱਲ ਕਰਨ ਦੀ ਕੋਸ਼ਿਸ਼ ਚੱਲ ਰਹੀ ਹੈ।
- ਹੁੰਦਾ ਏਨਾਂ ਹੀ ਹੈ ਕਿ ਬੱਚਿਆਂ ਨੂੰ ਓਹੋ ਦੇ ਓਹੋ ਪਾਠ ਮੁੜ ਓਸੇ ਤਰ੍ਹਾਂ ਹੀ ਦੁਹਰਾਅ ਦਿੱਤੇ ਜਾਂਦੇ ਹਨ। ਕਈ ਅਧਿਆਪਕ ਜਤਨਸ਼ੀਲ ਹਨ ਕਿ ਬੱਚਿਆਂ ਦੀ ਇਸ ਸਮੱਸਿਆ ਦਾ ਕੋਈ 'ਦਾਰੂ' ਢੂੰਡਿਆਂ ਮਿਲ ਸਕੇ। ਪਰ ਇਹ ਅਧਿਆਪਕ ਹਾਲੇ ਵੀ ਅਜਿਹੇ ਬੱਚਿਆਂ ਨੂੰ ਉਹਨਾਂ ਦੀ ਜਿੰਨਾਂ ਕੁ ਕਰ ਸਕਣ ਦੀ ਸਮਰੱਥਾ ਹੈ ਉਸ ਦੇ ਬਲ ਨਾਲ ਹੀ ਮਦਦ ਕਰਨ ਨੂੰ ਮੁਸ਼ਕਲ ਸਮਝਦੇ ਹਨ।

## ਅਨੁਭਵਾਂ ਦਾ ਸੰਚਾਲਨ

ਕੁਝ ਵਾਪਰ ਜਾਣ ਦਾ ਨਿਰੀਖਣ ਕਰਨਾਂ, ਕਹੋ ਕਿ ਕਿਸੇ ਅਸਲੀ ਹਾਲਾਤ ਵਿੱਚ ਪੌਦਿਆਂ ਵਿੱਚ ਬੀਜ਼ ਉਤਪਨ ਦੀ ਪ੍ਰਕਿਰਿਆ, ਜਾਂ ਦੁੱਧ ਦੀ ਪ੍ਰਕਿਰਿਆ ਦੇ ਅਲੱਗ ਅਲੱਗ ਪੜਾਵਾਂ ਜਿਵੇਂ ਇਕੱਤਰ ਹੋਣ, ਮੰਥਨ ਅਤੇ ਡੇਅਰੀ ਫਾਰਮ ਵਿੱਚ ਕਈ ਭਾਂਤ ਦੇ ਉਤਪਾਦਨਾਂ ਨੂੰ ਬੱਧੇ ਜਾਂਦੇ ਦੇਖਣਾਂ।

ਕਿਸੇ ਮਨ ਅਤੇ ਸਰੀਰ ਦੇ ਇਕੱਠੇ ਹਿੱਸਾ ਲੈਣ ਵਾਲੇ ਅਭਿਆਸ ਵਿੱਚ ਭਾਗ ਲੈਣਾਂ, ਜਿਵੇਂ ਕਿ ਕਿਸੇ ਨੁਕਤੇ ਉੱਪਰ ਕੋਈ ਨਾਟਕ ਤਿਆਰ ਕਰਕੇ ਪੇਸ਼ ਕਰਨਾਂ।

ਕਿਸੇ ਚੀਜ਼ ਬਾਰੇ ਗੱਲ-ਬਾਤ ਕਰਨਾਂ ਜਾਂ ਮੰਥਨ ਕਰਨਾਂ ਜੋ ਬੱਚੇ ਨੇ ਅਨੁਭਵ ਕੀਤੀ ਹੋਵੇ, ਕਹੋ ਕਿ ਲਿੰਗ ਆਧਾਰਤ ਭੇਦ-ਭਾਵ ਜੋ ਸਮਾਜ ਅਤੇ ਪਰਵਾਰ ਦੇ ਅਮਲ ਵਿੱਚ ਵਾਪਰ ਰਹੇ ਹੋਣ, ਜਾਂ ਅੰਕਾਂ ਦੀ ਕਿਸੇ ਦਿਮਾਗੀ ਖੇਡ੍ਹ ਵਿੱਚ ਹਿੱਸਾ ਲੈਣਾਂ।

ਕੁਝ ਬਨਾਉਣਾਂ, ਜਿਵੇਂ ਕਿ ਗਿਅਰ-ਵੀਲ, ਜਾਂ ਕੋਈ ਤਜ਼ਰਬਾ ਕਰਨਾਂ - ਪੁਲ਼ੀਆਂ ਦੀ ਵਰਤੋਂ ਨਾਲ ਕੋਈ ਭਾਰ ਉਠਾਅ ਦੇਣਾਂ।

ਉਸ ਅਨੁਭਵ ਤੋਂ ਬਾਅਦ ਅਧਿਆਪਕ ਕੋਈ ਬਹਿਸ, ਕੋਈ ਉਚਾਰ, ਲੇਖਣ, ਡਰੈਂਗ, ਜਾਂ ਕੋਈ ਨੁਮਾਇਸ਼ ਕਰਵਾ ਸਕਦੇ ਹਨ। ਉਹ ਬੱਚਿਆਂ ਦੇ ਰਲਕੇ ਪ੍ਰਸ਼ਨ ਪੁੱਛਣ ਅਤੇ ਉੱਤਰ ਦੇਣ ਬਾਰੇ ਵਿਚਾਰ ਕਰਵਾ ਸਕਦੀ ਹੈ।

ਉਹ ਅਨੁਭਵ ਨੂੰ ਹੋਰ ਵੀ ਗਹਿਰਾ ਬਣਾ ਦੇਣ ਲਈ ਪਾਠ-ਪੁਸਤਕ ਵਿਚਲੇ ਗਿਆਨ ਅਤੇ ਕਈ ਹੋਰ ਹਵਾਲਿਆਂ ਨਾਲ ਤਲਮੇਲ ਬਠਾਅ ਸਕਦੀ ਹੈ।

ਅਜਿਹੇ ਅਨੁਭਵ ਅਤੇ ਅਨੁਭਵ ਤੋਂ ਬਾਅਦ ਦੀਆਂ ਗਤੀਵਿਧੀਆਂ ਸਕੂਲੀਕਰਣ ਦੇ ਕਿਸੇ ਵੀ ਪੱਧਰ ਲਈ ਮੁੱਲਵਾਨ ਹਨ। ਕੇਵਲ ਇਹਨਾਂ ਦਾ ਸੁਭਾਅ, ਕਿਸਮ ਅਤੇ ਜਟਲਤਾ ਸਾਲੋਸਾਲ ਬਦਲ ਦੇਣੀ ਪਵੇਗੀ। ਅਨੁਭਵਾਂ ਦੇ ਸੰਚਾਲਨ ਦੀ ਕੁੰਜੀ ਤਾਂ ਭਾਸ਼ਾ ਹੀ ਹੈ। ਤਾਂ ਹੀ ਭਾਸ਼ਾ ਦੇ ਵਿਕਾਸ ਦੇ ਪੱਧਰ ਅਤੇ ਅਨੁਭਵ ਦੀਆਂ ਵਨਗੀਆਂ ਵਿਚਕਾਰ ਢੁਕਵਾਂ ਤਾਲ-ਮੇਲ ਜਰੂਰੀ ਹੈ।

- ਢੁਕਵੀਂ ਸਮੱਗਰੀ ਦੇ ਸਾਧਨਾਂ ਦੀ ਮਦਦ ਨਾਲ ਇੱਕ ਜਣੇ ਲਈ, ਛੋਟੀ ਟੋਲੀ ਲਈ, ਅਤੇ ਸਮੁੱਚੇ ਗਰੁੱਪ ਦੇ ਲਈ ਕੰਮ ਵਾਸਤੇ ਯੋਜਨਾ ਬਨਾਉਣੀ ਹੀ ਕੁੰਜੀ ਹੈ ਸਿਖਲਾਈ ਦੇ ਅਸਰਦਾਰ ਪ੍ਰਬੰਧ ਦੀ, ਤੇ ਉਹ ਵੀ ਇੱਕ ਬਹੁਦਰਜ਼ਾ, ਬਹੁ-ਪ੍ਰਤਿਭਾ ਅਤੇ ਉੱਤੋਂ ਹੇਠਾਂ ਨੂੰ ਵੰਡੇ ਹੋਏ ਸਕੂਲ ਦੇ ਵਾਸਤੇ। ਮੋਨੋਗ੍ਰੇਡ ਪਾਠ ਪੁਸਤਕਾਂ ਉੱਪਰ ਅਧਾਰਤ ਪਾਠ ਯੋਜਨਾਵਾਂ ਦੀ ਜਾਂਚ ਕਰਨ ਦੀ ਬਜਾਏ, ਅਧਿਆਪਕ ਲਈ ਜ਼ਰੂਰੀ ਹੈ ਕਿ ਉਹ ਪਹਿਲਾਂ ਵਿਸ਼ੈ ਅਧਾਰਿਤ ਨੁਕਤਿਆਂ ਦੀ ਯੋਜਨਾਂ ਤਿਆਰ ਕਰਨ। ਫਿਰ ਸਿੱਖਿਅਕਾਂ  ਦੇ ਦਰਜ਼ੇ ਲਈ ਤਿਆਰ ਕੀਤੇ ਗਏ ਅਭਿਆਸਾਂ ਸਬੰਧੀ ਮਦਦ ਕਰਨ ਦੀ ਕੋਸ਼ਿਸ਼ ਕਰਨ।
- ਅਧਿਆਪਕਾਂ ਦੇ ਪਾਠ-ਕਮਰਿਆਂ ਵਿਚਲੇ ਅਭਿਆਸ, ਵਰਤੀ ਜਾਂਦੀ ਸਮਗਰੀ ਅਤੇ ਮੁਲਾਂਕਣ ਕਰਨ ਦੀਆਂ ਤਕਨੀਕਾਂ ਦੇ ਵਿੱਚ ਆਪਸੀ ਤਾਲ ਮੇਲ ਹੋਣਾਂ ਬੜਾ ਜਰੂਰੀ ਹੈ।

## 2.4.5 ਅਲੋਚਨਾਤਮਕ ਸਿੱਖਿਆ ਸ਼ਾਸਤਰ

ਅਧਿਆਪਕ ਅਤੇ ਵਿਦਿਆਰਥੀ ਦਾ ਜਮਾਤ ਵਿੱਚ ਸੰਵਾਦੀ ਸਬੰਧ ਸਾਰੇ ਅਮਲ ਦਾ ਮੂਲ ਹੈ। ਇਹ ਰਿਸ਼ਤਾ ਤੈਅ ਕਰਦਾ ਹੈ ਕਿ ਕਿਸ ਦੇ ਗਿਆਨ ਨੇ ਸਕੂਲ ਨਾਲ ਸਬੰਧਿਤ ਗਿਆਨ ਦਾ ਸਰੋਤ ਬਣਨਾਂ ਹੈ ਅਤੇ ਕਿਨ੍ਹਾਂ ਦੀਆਂ ਆਵਾਜ਼ਾਂ ਨੇ ਇਸ ਦਾ ਸਰੂਪ ਘੜਨਾਂ ਹੈ।

ਵਿਦਿਆਰਥੀ ਕੇਵਲ ਉਹ ਜਵਾਨ ਲੋਕ ਨਹੀਂ ਹਨ ਜਿੰਨ੍ਹਾਂ ਦੀਆਂ ਜਰੂਰਤਾਂ ਲਈ ਵਡਿਆਂ ਨੇ ਹੱਲ ਘੜਨੇ ਹੁੰਦੇ ਹਨ। ਉਹ ਅਪਣੀਆਂ ਜਰੂਰਤਾਂ ਅਤੇ ਹਾਲਾਤਾਂ ਦੇ ਖੁਦ ਵਾਚਕ ਵੀ ਹਨ। ਉਹਨਾਂ ਨੂੰ ਅਪਣੀ ਸਿੱਖਿਆ ਅਤੇ ਭਵਿੱਖ ਵਿੱਚ ਆਉਣ ਵਾਲੇ ਮੌਕਿਆਂ ਤੇ ਜਰੂਰਤਾਂ ਦੇ ਨਿਪਟਾਰੇ ਨਾਲ ਸਬੰਧਿਤ ਸਾਰੀ ਬਹਿਸ ਵਿੱਚ ਭਾਗੀ ਹੋਣਾਂ ਚਾਹੀਦਾ ਹੈ। ਤਦ ਹੀ ਬੱਚਿਆਂ ਲਈ ਜਰੂਰੀ ਹੈ ਕਿ ਉਹਨਾਂ ਨੂੰ ਇਹ ਧਿਆਨ ਰਹੇ ਕਿ ਉਹਨਾਂ ਦੇ ਅਨੁਭਵ ਅਤੇ ਖਾਬ ਮਹੱਤਵ ਰੱਖਦੇ ਹਨ। ਉਹਨਾਂ ਨੂੰ ਸੋਚਣ ਅਤੇ ਦਲੀਲ ਦੇਣ ਲਈ ਲੋੜੀਂਦੀਆਂ ਅਪਣੀਆਂ ਮਾਨਸਕ ਸ਼ਕਤੀਆਂ ਦਾ ਵਿਕਾਸ ਕਰਨ ਲਈ ਹੌਂਸਲਾ ਦਿੱਤਾ ਜਾਣਾਂ ਚਾਹੀਦਾ ਹੈ, ਤਾਂ ਜੋ ਉਹ ਸੁਤੰਤਰ ਰੂਪ ਵਿੱਚ ਸੋਚ ਸਕਣ ਅਤੇ ਵਿਰੋਧ ਪ੍ਰਗਟ ਕਰ ਸਕਣ ਦੇ ਯੋਗ ਹੋ ਸਕਣ।

ਬੱਚੇ ਜੋ ਸਕੂਲੋਂ ਸਿੱਖਿਦੇ ਹਨ – ਉਹਨਾਂ ਦੀਆਂ ਸਮਰੱਥਾਵਾਂ, ਸਿੱਖਣ ਦੀਆਂ ਯੋਗਤਾਵਾਂ, ਅਤੇ ਗਿਆਨ ਦਾ ਆਧਾਰ ਆਦਿ, ਅਤੇ ਜੋ ਉਹ ਸਕੂਲ ਵਿੱਚ ਲੈ ਕੇ ਆਉਂਦੇ ਹਨ – ਸਭ ਕੁਝ ਸਿੱਖਣ ਦੀ ਪ੍ਰਕਿਰਿਆ ਨੂੰ ਬਲ ਦੇਣ ਲਈ ਜਰੂਰੀ ਹੈ। ਇਹ ਗਰੀਬ ਪਿਛੋਕੜ ਤੋਂ ਆਏ ਬੱਚਿਆਂ, ਖਾਸ ਕਰਕੇ ਕੁੜੀਆਂ ਲਈ ਹੋਰ ਵੀ ਜਰੂਰੀ

ਹੈ, ਕਿਉਂਕਿ ਉਹਨਾਂ ਦਾ ਗ੍ਰਹਿਣ ਕੀਤਾ ਹੋਇਆ ਗਿਆਨ ਅਤੇ ਉਹਨਾਂ ਦਾ ਯਥਾਰਥ ਤਾਂ ਸਕੂਲ ਵਿੱਚ ਕਿਤੇ ਪ੍ਰਤੀਨਿੱਧਤਾ ਪਰਾਪਤ ਕਰ ਹੀ ਨਹੀਂ ਸਕਦਾ।

ਅਲੋਚਨਾਤਮਕ ਸਿੱਖਿਆ ਸ਼ਾਸਤਰ ਇੱਕ ਮੌਕਾ ਪਰਦਾਨ ਕਰਦਾ ਹੈ ਰਾਜਨੀਤਕ, ਸਮਾਜਕ, ਆਰਥਕ ਅਤੇ ਆਚਾਰ ਨਾਲ ਸਬੰਧਤ ਮੁੱਦਿਆਂ ਬਾਰੇ ਆਲੋਚਨਾਤਮਕ ਢੰਗ ਨਾਲ ਸੋਚਣ ਦਾ। ਇਹ ਸਮਾਜਕ ਮੁੱਦਿਆਂ ਬਾਰੇ ਬਹੁਵਾਚੀ ਵਿਚਾਰਾਂ ਨੂੰ ਪਰਵਾਨਗੀ ਦਿੰਦਾ ਹੈ ਅਤੇ ਗੱਲਬਾਤ ਦੇ ਲੋਕਤਾਂਤਰਕ ਰੂਪਾਂ ਦੀ ਪਰੋੜ੍ਹਤਾ ਕਰਦਾ ਹੈ। ਇਹ ਉਹਨਾਂ ਕਿੰਨੇ ਸਾਰੇ ਸੰਧਰਭਾਂ ਦੇ ਕਾਰਣ ਜਰੂਰੀ ਹੈ ਜਿਨ੍ਹਾਂ ਦੇ ਅੰਤਰਗਤ ਸਾਡੇ ਸਕੂਲ ਕੰਮ ਕਰਦੇ ਹਨ। ਇੱਕ ਅਲੋਚਨਾਤਮਕ ਦ੍ਰਿਸ਼ਟੀ ਦੀ ਇਹ ਰੂਪਰੇਖਾ ਬੱਚਿਆਂ ਦੀ ਸਮਾਜਕ ਮੁੱਦਿਆਂ ਨੂੰ ਭਿੰਨ ਭਿੰਨ ਪਰੀਪੇਖਾਂ ਤੋਂ ਦੇਖਣ ਵਿੱਚ ਅਤੇ ਸਮਝਣ ਵਿੱਚ ਮਦਦ ਕਰਦੀ ਹੈ, ਤੇ ਇਹ ਸਾਰੇ ਮੁੱਦੇ ਉਹਨਾਂ ਦੇ ਜੀਵਨ ਨਾਲ ਜੁੜੇ ਹੋਣ ਦੀ ਵੀ ਸੋਝੀ ਦਿੰਦੀ ਹੈ।

ਉਦਾਹਰਣ ਲਈ, ਜੀਵਨ ਜਾਚ ਦੀ ਤਰ੍ਹਾਂ ਲੋਕਤੰਤਰ ਦੀ ਸਮਝ ਇੱਕ ਅਜਿਹੇ ਰਸਤੇ ਦੇ ਮਾਧਿਅਮ ਨਾਲ ਚਿਤਵੀ ਜਾ ਸਕਦੀ ਹੈ ਜਿਸ ਵਿੱਚ ਬੱਚੇ ਇਸ ਗੱਲ ਉੱਪਰ ਸੋਚਣ ਕਿ ਉਹ ਦੂਜਿਆਂ ਨੂੰ ਕਿਵੇਂ ਸਮਝਦੇ ਹਨ (ਦੋਸਤ, ਗੁਆਂਢੀ, ਲਿੰਗ ਭੇਦੀ, ਬਜੁਰਗ ਆਦਿ), ਉਹਨਾਂ ਦੀਆਂ ਚੋਣਾਂ ਕਿਸ ਤਰ੍ਹਾਂ ਦੀਆਂ ਹਨ (ਗਤੀਵਿਧੀਆਂ, ਖੇਡ੍ਹਾਂ, ਦੋਸਤੀਆਂ, ਕੈਰੀਅਰ ਆਦਿ) ਅਤੇ ਉਹ ਅਪਣੇ ਫੈਸਲੇ ਲੈਣ ਲਈ ਅਪਣੀਆਂ ਯੋਗਤਾਵਾਂ ਨੂੰ ਪ੍ਰਫੁੱਲਤ ਕਰਦੇ ਹਨ। ਇਸੇ ਤਰ੍ਹਾਂ ਹੀ ਬੱਚੇ ਮਨੁੱਖੀ ਅਧਿਕਾਰਾਂ, ਜਾਤੀ, ਧਰਮ ਅਤੇ ਲਿੰਗ ਨਾਲ ਜੁੜੇ ਮੁੱਦੇ ਵੀ ਅਲੋਚਨਾਤਮਕ ਦ੍ਰਿਸ਼ਟੀ ਨਾਲ ਵਿਚਾਰ ਸਕਦੇ ਹਨ ਕਿ ਕਿਵੇਂ ਇਹ ਮੁੱਦੇ ਉਹਨਾਂ ਦੇ ਰੋਜਾਨਾਂ ਅਨੁਭਵਾਂ ਨਾਲ ਜੁੜੇ ਹੋਏ ਹਨ।

ਇਵੇਂ ਹੀ ਇਹ ਵੀ ਵਿਚਾਰਿਆ ਜਾ ਸਕਦਾ ਹੈ ਕਿ ਭਿੰਨ ਭਿੰਨ ਪ੍ਰਕਾਰ ਦੀਆਂ ਅਸਮਾਨਤਾਵਾਂ ਕਿਵੇਂ ਦੂਣੀਆਂ ਤੀਣੀਆਂ ਹੋਕੇ ਹੋਰ ਵੀ ਜੜ੍ਹ ਫੜ੍ਹ ਲੈਂਦੀਆਂ ਹਨ। ਆਲੋਚਨਾਤਮਕ ਸਿੱਖਿਆਂ ਸ਼ਾਸਤਰ ਸਮੁੱਚੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਸਹਾਇਕ ਹੁੰਦਾ ਹੈ। ਇਹ ਬਹੁਵਾਚੀ ਮੱਤਾਂ ਦੀ ਹੌਂਸਲਾ ਅਫਸਾਈ ਕਰਵਾਕੇ ਅਤੇ ਉਹਨਾਂ ਨੂੰ ਇੱਕ ਪਛਾਣ ਪਰਦਾਨ ਕਰਕੇ ਸਮੁੱਚੀ ਭਾਗਦਾਰੀ ਵਾਲੇ ਫੈਸਲੇ ਲੈਣ ਵਿੱਚ ਸਹਾਇਕ ਹੁੰਦਾ ਹੈ।

***ਰੂੜ੍ਹੀਵਾਦੀ ਧਾਰਨਾਵਾਂ ਕਿਉਂ ਚਲਦੀਆਂ ਰਹਿੰਣ?***

ਬੜੇ ਪਛੜ ਚੁੱਕੇ ਵਰਗਾਂ ਦੇ ਬੱਚਿਆਂ ਨਾਲ ਸਬੰਧਤ ਇੱਕ ਬਹੁਤ ਹੀ ਗੰਭੀਰ ਮਸਲਾ ਹੈ ਰੂੜ੍ਹੀਵਾਦੀ ਧਾਰਨਾਵਾਂ ਦਾ। ਇਹ ਮਸਲਾ ਦਲਿਤਾਂ ਅਤੇ ਜਨਜਾਤੀ ਕਬੀਲਿਆਂ ਦਾ ਵੀ ਹੈ, ਕਿਉਂਕਿ ਪਰੰਪਰਾ ਤੋਂ ਹੀ ਉਹਨਾਂ ਨੂੰ ਨਾਂ ਤਾਂ ਸਕੂਲ ਜਾਣ ਦਾ ਮੌਕਾ ਮਿਲਿਆ ਤੇ ਨਾਂ ਹੀ ਉਹ ਪੜ੍ਹਣ-ਲਿਖਣ ਸਿਖ ਸਕੇ। ਇਹਿਹਾਸਕ ਤੌਰਤੇ ਕੁਝ ਸਿਖਿਅਕਾਂ ਨੂੰ ਇਵੇਂ ਜਾਣਿਆਂ ਗਿਆ ਹੈ ਕਿ ਉਹ ਪੜ੍ਹਾਏ ਹੀ ਨਹੀਂ ਜਾ ਸਕਦੇ, ਕੁਝ ਥਹੜੇ ਬਹੁਤ ਪੜ੍ਹਾਏ ਜਾ ਸਕਦੇ ਹਨ, ਕੁਝ ਪੜ੍ਹਣ ਵਿੱਚ ਕਾਫੀ ਢਿੱਲੇ ਹਨ, ਅਤੇ ਕਈ ਪੜ੍ਹਣ ਤੋਂ ਡਰ ਜਾਂਦੇ ਹਨ।

ਇਨ੍ਹਾਂ ਦੇ ਨਾਲ ਰਲਦੀਆਂ ਹੀ ਕੁਝ ਰੂੜ੍ਹੀਆਂ ਕੁੜੀਆਂ ਬਾਰੇ ਵੀ ਪ੍ਰਚਲਤ ਹਨ ਕਿ ਉਹਨਾਂ ਨੂੰ ਖੇਡ੍ਹਾਂ, ਗਣਿਤ ਅਤੇ ਵਿਗਿਆਨ ਵਿੱਚ ਦਿਲਚਸਪੀ ਨਹੀਂ। ਇੱਕ ਹੋਰ ਹੀ ਭਾਂਤ ਦੇ ਰੂੜ੍ਹੀਵਾਦੀ ਵਿਚਾਰ ਲਾਗੂ ਕਰ ਦਿੱਤੇ ਜਾਂਦੇ ਹਨ ਜਿਸਮਾਨੀਂ ਘਾਟਾਂ ਦਾ ਸ਼ਿਕਾਰ ਬੱਚਿਆਂ ਉੱਪਰ ਕਿ ਉਹਨਾਂ ਨੂੰ ਆਮ ਬੱਚਿਆਂ ਦੇ ਨਾਲ ਪੜ੍ਹਇਆ ਹੀ ਨਹੀਂ ਜਾ ਸਕਦਾ।

ਅਜਿਹੀਆਂ ਧਾਰਨਾਵਾਂ ਦੀਆਂ ਜੜ੍ਹਾਂ ਅਸਲ ਵਿੱਚ ਇਸ ਸੋਚ ਵਿੱਚ ਹਨ ਕਿ ਛੋਟਾਪਨ, ਨਾਂਬਰਾਬਰੀ ਵਗੈਰਾ ਤੇ ਲਿੰਗ, ਜਾਤ, ਸਰੀਰਕ ਅਤੇ ਬੌਧਿਕ ਕਮਜੋਰੀ ਜਮਾਂਦਰੂ ਹੁੰਦੀਆਂ ਹਨ। ਕਿਤੇ ਕੋਈ ਪਰਵਾਨ ਚੜ੍ਹੇ ਬੰਦਿਆਂ ਦੀ ਵੀ ਇੱਕਾ ਦੁੱਕਾ ਕਹਾਣੀ ਤਾਂ ਹੈ ਹੀ, ਪਰ ਸਿਖਿਅਕਾਂ ਦੀ ਕਿਤੇ ਜ਼ਿਆਦਾ ਵਡੀ ਗਿਣਤੀ ਇਸ ਨਾਬਰਾਬਰੀ ਨੂੰ ਗ੍ਰਹਿਣ ਕਰਨੋਂ ਅਸਮਰੱਥ ਹੈ। ਸਮਾਨਤਾ ਵਾਲੀਆਂ ਸਵਿਧਾਨਕ ਕੀਮਤਾਂ ਨੂੰ ਹਾਂਸਲ ਕਰ ਸਕਣਾ ਤਦ ਹੀ ਸੰਭਵ ਹੋ ਸਕਦਾ ਹੈ ਜੇ ਅਸੀਂ ਅਪਣੇ ਅਧਿਆਪਕਾਂ ਨੂੰ ਇਸ ਕੰਮ ਲਈ ਤਿਆਰ ਕਰ ਲਈਏ ਕਿ ਉਹ ਸਾਰੇ ਬੱਚਿਆਂ ਨਾਲ ਸਮਾਨ ਵਿਹਾਰ ਕਰਨ। ਸਾਡੀ ਇਹ ਵੀ ਜਰੂਰਤ ਹੈ ਕਿ ਅਸੀਂ ਅਧਿਆਪਕਾਂ ਵਿੱਚ ਅਜਿਹੀ ਸੋਝੀ ਉਜਾਗਰ ਕਰਨ ਲਈ ਸਿਖਲਾਈ ਦਈਏ ਕਿ ਉਹ ਉਸ ਸਭਿਆਚਾਰਕ ਵੱਖਰਤਾ ਨੂੰ ਪਛਾਣ ਸਕਣ ਜੋ ਬੱਚੇ ਅਪਣੇ ਨਾਲ ਸਕੂਲੇ ਲੈ ਕੇ ਆਉਂਦੇ ਹਨ।

ਹੁਣ ਸਾਡੇ ਬਹੁਤੇ ਸਾਰੇ ਸਕੂਲਾਂ ਵਿੱਚ ਬਹੁਤ ਵਡੀ ਗਿਣਤੀ ਪਹਿਲੀ ਪੀੜ੍ਹੀ ਦੇ ਸਕੂਲ ਜਾਣ ਵਾਲੇ ਬੱਚਿਆਂ ਦੀ ਹੈ। ਜਦ ਘਰ-ਪਰਵਾਰ ਬੱਚੇ ਦੀ ਉਪਚਾਰਕ ਸਿੱਖਿਆ ਵਿੱਚ ਕੋਈ ਮਦਦ ਕਰ ਸਕਣ ਦੇ ਯੋਗ ਨਾ ਹੋਵੇ ਤਾਂ ਸਿੱਖਿਆ ਸ਼ਾਸਤਰ ਲਈ ਇਹੀ ਭਲਾ ਹੈ ਕਿ ਕੁਝ ਮੁੜ-ਨਿਧਾਰਣ ਕਰ ਲਿਆ ਜਾਵੇ। ਉਦਾਹਰਣ ਵਜੋਂ, ਪਹਿਲੀ ਪੀੜ੍ਹੀ ਦੇ ਸਕੂਲ ਜਾਣ ਵਾਲੇ ਬੱਚੇ ਕੁਝ ਵੀ ਸਿੱਖਿਣ ਲਈ ਪੂਰੀ ਤਰ੍ਹਾਂ ਸਕੂਲ ਉੱਪਰ ਨਿਰਭਰ ਰਹਿੰਣਗੇ, ਜਿਵੇਂ ਕਿ ਪੜ੍ਹਨ ਤੇ ਲਿਖਣ ਦੇ ਗੁਣ, ਫਿਰ ਪੜ੍ਹਣ ਲਈ ਸੁਆਦ ਦਾ ਪੈਦਾ ਕਰਨਾਂ, ਤੇ ਸਕੂਲ ਦੀ ਭਾਸ਼ਾ ਤੇ ਸਭਿਆਚਾਰ ਤੋਂ ਜਾਣੂੰ ਹੋਣਾ, ਉਹ ਵੀ ਖਾਸ ਕਰਕੇ ਜਦ ਘਰ ਦੀ ਭਾਸ਼ਾ ਸਕੂਲ ਦੀ ਭਾਸ਼ਾ ਨਾਲੋਂ ਅਲੱਗ ਹੋਵੇ।

ਘਰ ਦਾ ਕੰਮ ਕਰਨ ਲਈ ਮਦਦ ਤਾਂ ਅਜਿਹੀ ਹਾਲਤ ਵਿੱਚ ਨਾਂ ਦੇ ਬਰਾਬਰ ਤੇ ਜਾਂ ਨਾਂ ਹੀ ਮਿਲੇ। ਬਹੁਤ ਸਾਰੇ ਅਜਿਹੇ ਬੱਚੇ ਘਰ

ਦੇ ਹਾਲਾਤਾਂ ਦੇ ਸ਼ਿਕਾਰ ਹੋ ਸਕਦੇ ਹਨ, ਜੋ ਉਹਨਾਂ ਨੂੰ ਪੂਰੀ ਤਰ੍ਹਾਂ ਹਾਜ਼ਰ ਨਾ ਹੋ ਸਕਣ ਲਈ ਬੇਵੱਸ ਕਰ ਦੇਣ। ਜਮਾਤ ਵਿੱਚ ਵੀ ਉਨ੍ਹਾਂ ਦਾ ਧਿਆਨ ਵੰਡਿਆ ਰਹਿ ਸਕਦਾ ਹੈ। ਇਹਨਾਂ ਬੱਚਿਆਂ ਨੂੰ ਐਹੋ ਜਿਹੀਆਂ ਰੁਕਾਵਟਾਂ ਤੋਂ ਨਿਜਾਤ ਦਿਵਾਉਣ ਲਈ ਸਮਾਜ ਦੇ ਹਰ ਵਰਗ ਦੀ ਮਦਦ ਜੁਟਾਉਣੀ ਜਰੂਰੀ ਹੈ। ਇਸ ਲਈ ਇਹਨਾਂ ਸਮੱਸਿਆ ਗ੍ਰਸਤ ਹਾਲਾਤਾਂ ਪ੍ਰਤੀ ਸੰਵੇਦਨਾਂਸ਼ੀਲ ਪਾਠਕ੍ਰਮ ਤਿਆਰ ਕਰਨ ਲਈ ਵੀ ਅਜਿਹੀ ਮਦਦ ਜਰੂਰੀ ਹੈ।

ਭਾਗ ਲੈਣ ਵਾਲੇ ਪੜ੍ਹਣ ਅਤੇ ਪੜ੍ਹਾਉਣ ਦਾ, ਜਾਣੀ ਕਿ ਭਾਵ ਅਤੇ ਅਨੁਭਵ ਦਾ ਜਮਾਤ ਵਿੱਚ ਬੜਾ ਨਿਸਚਿਤ ਅਤੇ ਮੁੱਲਵਾਨ ਸਥਾਨ ਹੋਣਾਂ ਜਰੂਰੀ ਹੈ। ਭਾਵੇਂ ਭਾਗ ਲੈਣਾਂ ਅਪਣੇ ਆਪ ਵਿੱਚ ਇੱਕ ਬੜੀ ਸਮਰੱਥ ਜੁਗਤ ਹੋ ਸਕਦੀ ਹੈ, ਪਰ ਜਦ ਇਸ ਨੂੰ ਇੱਕ ਭਾਂਤ ਦੇ ਕਰਮ-ਕਾਂਡ ਵਿੱਚ ਨਿਹਤ ਕਰ ਦਿੱਤਾ ਜਾਵੇ ਤਾਂ ਇਸ ਦਾ ਸਿੱਖਣ ਸ਼ਾਸਤਰ ਵਾਲਾ ਪੱਖ ਕਈ ਵਾਰ ਅਰਥ ਗੁਆ ਬੈਠਦਾ ਹੈ। ਤੇ ਜਾਂ ਫਿਰ ਇਹ ਕੇਵਲ ਅਧਿਆਪਕਾਂ ਦਾ ਪੱਖ ਪੂਰਣ ਦਾ ਸਾਧਨ ਬਣ ਕੇ ਰਹਿ ਜਾਦਾ ਹੈ। ਅਸਲ ਭਾਗਦਾਰੀ ਤਾਂ ਤਦ ਹੀ ਆਰੰਭ ਹੁੰਦੀ ਹੈ ਜਦ ਅਧਿਆਪਕ ਅਤੇ ਸਿੱਖਿਅਕ ਦੋਨੋਂ ਭਾਗ ਲੈਣ।

ਜਦ ਬੱਚੇ ਅਤੇ ਅਧਿਆਪਕ ਰਲਕੇ ਨਿੱਜੀ ਅਤੇ ਸਾਂਝੇ ਅਨੁਭਵਾਂ ਉੱਪਰ ਗਰਦਾਨੇ ਜਾਣ ਦੇ ਕਿਸੇ ਡਰ ਤੋਂ ਬਿਨਾਂ ਵਿਚਾਰ ਵਟਾਂਦਰਾ ਕਰਦੇ ਹਨ, ਤਾਂ ਇਸ ਨਾਲ ਉਹਨਾਂ ਨੂੰ ਉਹਨਾਂ ਦੇ ਅਪਣੇ ਸਮਾਜਕ ਯਥਾਰਥ ਵਿੱਚ ਨਾਂ ਸ਼ਾਮਲ ਦੂਸਰੇ ਲੋਕਾਂ ਬਾਰੇ ਜਾਨਣ ਦਾ ਮੌਕਾ ਮਿਲਦਾ ਹੈ। ਇਸ ਨਾਲ ਉਹਨਾਂ ਨੂੰ ਭਿੰਨਤਾਵਾਂ ਤੋਂ ਡਰਨ ਦੀ ਥਾਂ ਸਗੋਂ ਉਨ੍ਹਾਂ ਨੂੰ ਸਮਝਕੇ ਨਾਲ ਜੁੜਨ ਵਿੱਚ ਵੀ ਮਦਦ ਮਿਲਦੀ ਹੈ। ਜੇ ਬੱਚਿਆਂ ਦੇ ਅਨੁਭਵਾਂ ਨੂੰ ਜਮਾਤ ਵਿੱਚ ਲਿਆਉਣਾਂ ਹੈ, ਤਾਂ ਇਸ ਗੱਲ ਤੋਂ ਕਿਵੇਂ ਵੀ ਬਚਿਆ ਨਹੀਂ ਜਾ ਸਕਦਾ ਕਿ ਵਿਵਾਦ ਗ੍ਰਸਤ ਮੁੱਦਿਆਂ ਦਾ ਨਿਪਟਾਰਾ ਕੀਤਾ ਜਾਵੇ।

ਵਿਵਾਦ ਬੱਚਿਆਂ ਦੀ ਜ਼ਿੰਦਗੀ ਦਾ ਇੱਕ ਅਨਿੱਖੜਵਾਂ ਅੰਗ ਹੈ। ਬੱਚਿਆਂ ਨੂੰ ਲਗਾਤਾਰ ਵਿਵਾਦੀ ਹਾਲਾਤਾਂ ਦਾ ਸਾਹਮਣਾਂ ਕਰਨਾਂ ਪੈਂਦਾ ਹੈ, ਜੋ ਉਹਨਾਂ ਤੋਂ ਆਚਾਰਕ ਅੰਦਾਜ਼ਾ ਲਾਉਣ ਅਤੇ ਪ੍ਰਤੀਕਰਮ ਦੀ ਮੰਗ ਕਰਦੇ ਰਹਿੰਦੇ ਹਨ। ਭਾਵੇਂ ਇਹ ਉਹਨਾਂ ਦੇ ਨਿੱਜੀ ਅਨੁਭਵ ਹੋਣ ਜਿਨ੍ਹਾਂ ਵਿੱਚ ਉਹਨਾਂ ਦਾ ਸਵੈ ਸ਼ਾਮਲ ਹੋਵੇ, ਪਰਵਾਰ ਅਤੇ ਸਮਾਜ ਸ਼ਾਮਲ ਹੋਣ, ਤੇ ਭਾਵੇਂ ਇਹ ਸਮਕਾਲੀ ਦੁਨੀਆਂ ਵਿੱਚ ਹਿੰਸਕ ਵਿਵਾਦ ਦੇ ਫੈਲਾਓ ਦਾ ਮਸਲਾ ਹੋਵੇ। ਵਿਵਾਦ ਨੂੰ ਇੱਕ ਸਿੱਖਿਆ-ਸ਼ਾਸਤਰਕ ਜੁਗਤ ਦੀ ਤਰ੍ਹਾਂ ਵਰਤਣ ਦਾ ਕਾਰਣ ਬੱਚਿਆਂ ਨੂੰ ਵਿਵਾਦ ਨਾਲ ਨਜਿੱਠਣ

ਲਈ ਸਿਖਾਉਣਾ ਹੈ। ਉਹਨਾਂ ਨੂੰ ਇਸ ਦੇ ਸੁਭਾਅ ਤੋਂ ਜਾਣੂੰ ਕਰਾਉਣਾਂ ਤੇ ਉਹਨਾਂ ਦੀਆਂ ਜਿੰਦਗੀਆਂ ਵਿੱਚ ਇਸ ਦੇ ਦਖਲ ਤੋਂ ਉਹਨਾਂ ਨੂੰ ਸੁਚੇਤ ਕਰਨਾਂ ਹੈ।

ਪ੍ਰਾਪਤ ਹੋਏ ਗਿਆਨ ਦਾ ਅਲੋਚਨਾਤਮਕ ਲੇਖਾ-ਜੋਖਾ ਕਰਨ ਨੂੰ ਸਿੱਖਣ ਲਈ ਸਿੱਖਿਅਕਾਂ ਨੂੰ ਟਿੱਪਣੀ ਕਰਨ, ਤੁਲਨਾਂ ਕਰਨ ਅਤੇ ਅਪਣੇ ਹੀ ਵਾਤਾਵਰਣ ਦੇ ਬਾਰੇ ਸੋਚਣ ਵਾਸਤੇ ਉਤਸ਼ਾਹ ਵਧਾਉਣ ਦੀ ਲੋੜ ਹੈ। ਭਾਵੇਂ ਇਹ ਗਿਆਨ 'ਉਲਾਰੂ' ਪਾਠ-ਪੁਸਤਕਾਂ ਵਿੱਚ ਹੋਵੇ, ਤੇ ਜਾਂ ਉਹਨਾਂ ਦੇ ਅਪਣੇ ਵਾਤਾਵਰਣ ਦੇ ਸਹਿੱਤਕ ਸ੍ਰੋਤਾਂ ਵਿੱਚੋਂ ਹੋਵੇ।

ਔਰਤਾਂ ਅਤੇ ਦਲਿਤ ਅਧਿਆਪਕਾਂ ਨੇ ਗੀਤਾਂ ਨੂੰ ਬਹਿਸ ਦੇ ਸ਼ਕਤੀਸ਼ਾਲੀ ਮਾਧਿਅਮ ਤਰ੍ਹਾਂ ਵਰਤਿਆ ਹੈ। ਟਿੱਪਣੀ ਅਤੇ ਵਿਸ਼ਲੇਸ਼ਣ ਕਰਨ ਲਈ ਵਰਤਿਆ ਹੈ। ਗਿਆਨ ਦੇ ਭੰਡਾਰ ਭਿੰਨ ਭਿੰਨ ਮਾਧਿਅਮਾਂ ਵਿੱਚ ਹਨ। ਗਿਆਨ ਦੇ ਇਹ ਸਾਰੇ ਰੂਪਾਂ ਨੂੰ, ਜਿਵੇਂ ਕਿ ਟੈਲੀਵਿਜ਼ਨ, ਇਸ਼ਤਿਹਾਰ, ਗੀਤ, ਚਿਤਰ ਆਦਿ ਸਿੱਖਿਅਕਾਂ ਵਿੱਚ ਇੱਕ ਗਤੀਸ਼ੀਲ ਵਾਰਤਾਲਾਪ ਸਿਰਜਣ ਲਈ ਉਹਨਾਂ ਨੂੰ ਦਿਖਾਏ ਜਾਣੇ ਚਾਹੀਦੇ ਹਨ।

ਇੱਕ ਸਿੱਖਿਆ ਸ਼ਾਸਤਰ ਜੋ ਲਿੰਗ, ਜਮਾਤ, ਜਾਤ ਅਤੇ ਗਲੋਬਲੀ ਅਸਮਨਤਾਵਾਂ ਪ੍ਰਤੀ ਜਾਗਰੂਕ ਹੋਵੇ, ਉਹ ਕੇਵਲ ਅਲੱਗ ਅਲੱਗ ਨਿੱਜੀ ਅਤੇ ਸਮੂਹਕ ਅਨੁਭਵਾਂ ਦੀ ਤਰਫਦਾਰੀ ਨਹੀਂ ਕਰਦਾ, ਸਗੋਂ ਐਹੋ ਜਿਹੇ ਅਨੁਭਵਾਂ ਨੂੰ ਹੋਰ ਵਡੀਆਂ ਸੰਰਚਨਾਵਾਂ ਦੇ ਅੰਤਰਗਤ ਟਿਕਾਅ ਦਿੰਦਾ ਹੈ, ਅਤੇ ਪ੍ਰਸ਼ਨ ਉਠਾਉਂਦਾ ਹੈ ਕਿ ਕਿਸ ਨੂੰ ਕਿਸ ਲਈ ਬੋਲਣ ਦੀ ਇਜ਼ਾਜਤ ਮਿਲਦੀ ਹੈ? ਕਿਸ ਦੇ ਗਿਆਨ ਦਾ ਮੁੱਲ ਪੈਂਦਾ ਹੈ? ਅਜਿਹਾ ਕਰਨ ਲਈ ਭਿੰਨ ਭਿੰਨ ਸਿੱਖਿਅਕਾਂ ਵਾਸਤੇ ਭਿੰਨ ਭਿੰਨ ਜੁਗਤਾਂ ਦੀ ਜਰੂਰਤ ਪੈਂਦੀ ਹੈ। ਉਦਾਹਰਣ ਲਈ, ਜਮਾਤ ਵਿੱਚ ਬੋਲਣ ਵਾਸਤੇ ਕੁਝ ਬੱਚਿਆਂ ਦਾ ਹੌਂਸਲਾ ਵਧਾਉਣ ਦਾ ਕੰਮ ਕਰ ਜਾਂਦਾ ਹੈ, ਜਦ ਕਿ ਹੋਰਨਾਂ ਲਈ ਦੂਜਿਆਂ ਨੂੰ ਸੁਣਕੇ ਸਿਖਣਾ ਜ਼ਿਆਦਾ ਕਾਰਗਾਰ ਸਿੱਧ ਹੁੰਦਾ ਹੈ।

ਅਧਿਆਪਕਾਂ ਦੀ ਜ਼ੁੰਮੇਂਵਾਰੀ ਹੈ ਬੱਚਿਆਂ ਨੂੰ ਅਪਣੇ ਆਪ ਨੂੰ ਪ੍ਰਗਟਾਅ ਸਕਣ ਲਈ ਸੁਰੱਖਿਅਤ ਸਥਲ ਪਰਦਾਨ ਕਰਨਾਂ, ਤੇ ਨਾਲ ਦੀ ਨਾਲ ਸੰਵਾਦ ਦੇ ਕੁਝ ਰੂਪਾਂ ਦੀ ਉਸਾਰੀ ਕਰਵਾਉਣਾਂ। ਉਹਨਾਂ ਵਾਸਤੇ ਜਰੂਰੀ ਹੈ ਕਿ ਉਹ ਅਪਣੇ 'ਆਚਾਰਕ ਅਧਿਕਾਰ' ਵਾਲੇ ਪਰਛਾਵੇਂ ਵਿੱਚੋਂ ਬਾਹਰ ਆ ਜਾਣ; ਅਪਣੀ ਰਾਇ ਲਾਦੂ ਕਰਨ ਦੀ ਜਗਾਹ ਨਿਰਪੱਖ ਰਹਿਕੇ ਸੁਣਨ ਦੀ ਜਾਚ ਸਿੱਖਣ; ਅਤੇ ਬੱਚਿਆਂ ਨੂੰ ਇੱਕ ਦੂਜੇ ਨੂੰ ਸੁਣਨ ਵਿੱਚ ਮਦਦ ਕਰਨ। ਜਦ ਕਿ ਸਿੱਖਿਅਕ ਦੀ ਸੂਝ ਦੀਆਂ ਹੱਦਾਂ ਨੂੰ ਲਗਾਤਾਰ ਹੋਰ ਵਿਸ਼ਾਲ ਅਤੇ ਸੁਰੱਖਿਅਤ ਕਰਦੇ ਰਹਿੰਣਾ ਜਰੂਰੀ ਹੈ। ਇਸ ਗੱਲ ਦਾ ਧਿਆਨ ਜਰੂਰ ਰੱਖਿਆ ਜਾਵੇ, ਸਗੋਂ ਸੁਚੇਤਤਾ ਵਰਤੀ ਜਾਵੇ ਕਿ ਭਿੰਨਤਾਵਾਂ ਦਾ ਪ੍ਰਗਟਾਅ ਕਿਸ ਤਰ੍ਹਾਂ ਹੋ ਰਿਹਾ ਹੈ।

ਵਿਸ਼ਵਾਸ ਨਾਲ ਭਰਿਆ ਵਾਤਾਵਰਣ ਜਮਾਤ ਨੂੰ ਸੁਰੱਖਿਅਤ ਸਥਲ ਬਣਾ ਦਿੰਦਾ ਹੈ। ਇਸ ਵਿੱਚ ਬੱਚੇ ਅਪਣੇ ਅਨੁਭਵ ਸਾਂਝੇ ਕਰ ਸਕਦੇ ਹਨ। ਵਿਵਾਦਾਂ ਨੂੰ ਪਰਵਾਨ ਕੀਤਾ ਜਾ ਸਕਦਾ ਹੈ ਅਤੇ ਸੁਲਝੇ ਢੰਗ ਨਾਲ ਪ੍ਰਸ਼ਨ ਵੀ ਉਠਾਏ ਜਾ ਸਕਦੇ ਹਨ। ਭਾਵੇਂ ਸਰਸਰੀ ਹੀ ਹੋਣ, ਫਿਰ ਵੀ ਰਜਾਮੰਦੀ ਨਾਲ ਸਮਾਧਾਨ ਖੋਜੇ ਜਾ ਸਕਦੇ ਹਨ। ਵਿਸ਼ੇਸ਼ ਕਰਕੇ ਕੁੜੀਆਂ ਅਤੇ ਪਛੜੇ ਹੋਏ ਪਿਛੋਕੜ ਵਾਲੇ ਬੱਚਿਆਂ ਦੇ ਲਈ ਸਕੂਲ ਅਤੇ ਜਮਾਤ ਫੈਸਲਾ ਲੈਣ ਦੀ ਪ੍ਰਕਿਰਿਆ ਨੂੰ ਸਿੱਖਣ ਦੇ ਸਥਲ ਹੋਣੇ ਚਾਹੀਦੇ ਹਨ। ਜਿੱਥੇ ਉਹ ਅਪਣੇ ਫੈਸਲਿਆਂ ਉੱਪਰ ਪ੍ਰਸ਼ਨ ਵੀ ਉਠਾਅ ਸਕਣ ਅਤੇ ਤੀਖਣ ਚੋਣ ਕਰ ਸਕਣ ਦੀ ਜਾਚ ਸਿਖ ਸਕਣ।

## 2.5 ਗਿਆਨ ਅਤੇ ਸਮਝ

ਇਹ ਪ੍ਰਸ਼ਨ ਕਿ 'ਨਿਆਣੇ ਬਾਲਾਂ ਨੂੰ ਕੀ ਪੜ੍ਹਾਇਆ ਜਾਵੇ?' ਇੱਕ ਹੋਰ ਵੀ ਡੂੰਘੇ ਪ੍ਰਸ਼ਨ ਵਿੱਚੋਂ ਉਤਪਤਦਾ ਹੈ, ਤੇ ਉਹ ਹੈ ਕਿ ਸਿੱਖਿਆ ਵਿੱਚ 'ਕਿਹੜੇ ਉਦੇਸ਼ ਅੱਗੇ ਵਧਾਏ ਜਾ ਸਕਦੇ ਹਨ?' ਜਾਂ ਇਉਂ ਕਹੋ ਕਿ ਲੋੜ ਹੈ ਇੱਕ ਦ੍ਰਿਸ਼ਟੀ ਦੀ। ਦ੍ਰਿਸ਼ਟੀ ਸਮਰੱਥਾਵਾਂ ਅਤੇ ਕੀਮਤਾਂ ਦੀ ਜੋ ਹਰ ਵਿਅਕਤੀ ਕੋਲ ਹੋਣੀ ਜਰੂਰੀ ਹੈ। ਦ੍ਰਿਸ਼ਟੀ ਜੋ ਸਮਾਜ ਦੇ ਸਮਾਜਕ-ਆਰਥਕ ਅਤੇ ਰਾਜਨੀਤਿਕ ਸਰੂਪ ਬਾਰੇ ਹੋਵੇ। ਇਹ ਕੋਈ ਇੱਕ ਹੀ ਨਿਛਾਨਾਂ ਨਹੀਂ ਹੈ, ਸਗੋਂ ਨਿਸ਼ਾਨਿਆਂ ਦਾ ਇੱਕ ਸਮੂਹ ਹੈ। ਇਸ ਕਰਕੇ ਚੁਣੇ ਹੋਏ ਵਿਸ਼ੈ ਨੇ ਇਹਨਾਂ ਨਿਸ਼ਾਨਿਆਂ ਦੇ ਸਮੂਹ ਨਾਲ ਨਿਆਂ ਕਰਨਾਂ ਹੈ: ਤਦ ਹੀ ਇਸ ਨੂੰ ਬੜਾ ਵਿਸਤਰਿਤ ਅਤੇ ਸੰਤੁਲਤ ਹੋਣਾਂ ਪੈਂਦਾ ਹੈ।

ਪਾਠਕ੍ਰਮ ਨੂੰ ਅਜਿਹੇ ਅਨੁਭਵ ਪ੍ਰਦਾਨ ਕਰਨ ਦੀ ਜਰੂਰਤ ਹੈ ਜੋ ਇੱਕ ਗਿਆਨ ਦਾ ਆਧਾਰ ਉਸਾਰ ਦੇਵੇ। ਅਧਾਰ ਜੋ ਤਾਰਕਿਕ ਢੰਗ ਨਾਲ ਸੋਚਣ ਦੀਆਂ ਯੋਗਤਾਵਾਂ ਦੇ ਰਾਹੀਂ ਬਣੇ, ਜੋ ਦੁਨੀਆਂ ਨੂੰ ਅਲੱਗ ਅਲੱਗ ਨਿਰੰਤਰਣਾਂ-ਵਿਭਾਗਾਂ ਦੇ ਰੂਪ ਵਿੱਚ ਸਮਝ ਸਕਣ ਲਈ ਹੋਵੇ, ਸੁਹਜਾਤਮਕ ਰਸਾ-ਸੁਆਦਨ ਅਤੇ ਦੂਸਰਿਆਂ ਦੇ ਲਈ ਸੰਵੇਦਨਾਂ ਦੀ ਖਾਤਰ ਹੋਵੇ, ਤੇ ਜੋ ਆਰਥਕ ਪ੍ਰਕਿਰਿਆਵਾਂ ਵਿੱਚ ਹਿੱਸਾ ਲੈਣ ਲਈ ਹੋਵੇ। ਇਹ ਖੰਡ ਉਸ ਗਿਆਨ ਦੇ ਸੁਭਾਅ ਤੇ ਰੂਪਾਂ ਬਾਰੇ ਅਤੇ ਉਸ ਸੂਝ ਬਾਰੇ ਚਰਚਾ ਕਰਦਾ ਹੈ ਜੋ ਪਾਠਕ੍ਰਮ ਵਾਸਤੇ ਤੀਖਣ ਚੋਣਾਂ ਕਰਨ ਅਤੇ ਇਸ ਦੇ ਵਿਸ਼ੈ ਵਾਸਤੇ ਪਹੁੰਚਾਂ ਦੇ ਲਈ ਚਾਹੀਦੇ ਜਰੂਰੀ ਖੇਤਰਾਂ ਦਾ ਕੰਮ ਕਰਦੇ ਹਨ।

## ਗੱਲ ਕਰਦੀਆਂ ਤਸਵੀਰਾਂ

ਜਮਾਤਾ ਨੂੰ ਇੱਕ ਘਰੇਲੂ ਤਸਵੀਰ ਦਿਖਾਓ ਜਿਸ ਵਿੱਚ ਪਰਿਵਾਰ ਦੇ ਵੱਖ ਵੱਖ ਜੀਅ ਭਿੰਨ ਭਿੰਨ ਕੰਮ ਕਰਦੇ ਹੋਣ। ਫਰਕ ਇਹ ਹੈ ਕਿ ਬਾਪ ਖਾਣਾ ਪਕਾ ਰਿਹਾ ਹੈ, ਮਾਂ ਇੱਕ ਰੋਸ਼ਨੀ ਵਾਲਾ ਬਲਬ ਲਗਾ ਰਹੀ ਹੈ, ਧੀ ਸਾਈਕਲ ਉੱਪਰ ਸਕੂਲ ਤੋਂ ਵਾਪਸ ਮੁੜ ਰਹੀ ਹੈ, ਪੁੱਤਰ ਗਾਂ ਚੋ ਰਿਹਾ ਹੈ, ਦੂਜੀਆਂ ਭੈਣਾਂ ਅੰਬ ਦੇ ਰੁੱਖ ਉੱਪਰ ਚੜ੍ਹ ਰਹੀਆਂ ਹਨ ਅਤੇ ਦੂਜੇ ਭਰਾ ਫਰਸ਼ ’ਤੇ ਸੌਂ ਰਹੇ ਹਨ। ਦਾਦਾ ਜੀ ਇੱਕ ਬਟਣ ਲਾ ਰਹੇ ਹਨ ਅਤੇ ਦਾਦੀ ਹਿਸਾਬ ਕਰ ਰਹੀ ਹੈ।

ਬੱਚਿਆਂ ਨੂੰ ਇਸ ਤਸਵੀਰ ਬਾਰੇ ਗੱਲਾਂ ਕਰਨ ਲਈ ਕਹੋ।
ਉਹ ਕਿਹੜੇ ‘ਕੰਮ’ ਪਛਾਣ ਸਕਦੇ ਹਨ?
ਕੀ ਕੋਈ ਅਜਿਹਾ ਕੰਮ ਹੈ ਜੋ ਇਹ ਸੋਚਦੇ ਹਨ ਕਿ ਤਸਵੀਰ ਵਿਚਲੇ ਲੋਕ ਨਵਾਂ ਕਰ ਰਹੇ ਹੋਣ?
ਕਿਉਂ?
ਸਾਰੀ ਜਮਾਤ ਨੂੰ ਮਜ਼ਦੂਰੀ ਦੀ ਵਡਿਆਈ, ਬਰਾਬਰਤਾ ਅਤੇ ਲਿੰਗ ਦੇ ਬਾਰੇ ਬਹਿਸ ਕਰਨ ਲਾਉ।
ਹਰ ਜਣੇ ਦੇ ਆਤਮ ਨਿਰਭਰ ਅਤੇ ਮੁਕੰਮਲ ਹੋਣ ਦੇ ਮਹੱਤਵ ਉੱਪਰ ਚਰਚਾ ਕਰੋ।

ਏਸੇ ਤਰ੍ਹਾਂ ਦੀਆਂ ਹੋਰ ਬੋਲਦੀਆਂ ਤਸਵੀਰਾਂ ਰਾਹੀਂ ਚੰਗੇ ਅਤੇ ਮੰਦੇ ਕੰਮ, ਜਾਤੀ ਸਬੰਧੀ ਰੂੜ੍ਹੀਆਂ, ਮੁੱਲਵਾਨ ਧੰਦੇ ਦੇ ਸੁਭਾਅ ਵਰਗੇ ਵਿਸ਼ਿਆਂ ਉੱਪਰ ਵੀ ਗੱਲ ਹੋ ਸਕਦੀ ਹੈ।

ਗਿਆਨ ਨੂੰ ਉਸ ਅਨੁਭਵ ਦੀ ਤਰ੍ਹਾਂ ਚਿਤਵਿਆ ਜਾ ਸਕਦਾ ਹੈ ਜੋ ਭਾਸ਼ਾ ਰਾਹੀਂ ਵਿਚਾਰ ਦੇ ਪੈਟਰਾਂ (ਜਾਂ ਸੰਕਲਪਾਂ ਦੀਆਂ ਸੰਰਚਨਾਵਾਂ) ਵਿੱਚ ਸੰਗਠਤ ਹੁੰਦਾ ਹੈ। ਏਦਾਂ ਇਹ ਅਰਥ ਸਿਰਜਦਾ ਹੈ ਜੋ ਅੱਗੋਂ ਅਪਣੀ ਥਾਵੇਂ

ਉਸ ਦੁਨੀਆਂ ਦੀ ਸਮਝ ਪੈਣ ਵਿੱਚ ਮਦਦ ਕਰਦਾ ਹੈ, ਜਿਸ ਵਿੱਚ ਅਸੀਂ ਰਹਿੰਦੇ ਹਾਂ। ਇਸ ਨੂੰ ਕਾਰਜਕਤਾ ਦੇ ਪੈਟਰਨਾਂ ਜਾਂ ਵਿਚਾਰ ਦੇ ਭੌਤਕ ਕੌਸ਼ਲ ਦੇ ਰੂਪ ਵਿੱਚ ਵੀ ਚਿਤਵਿਆ ਜਾ ਸਕਦਾ ਹੈ, ਜੋ ਦੁਨੀਆਂ ਵਿੱਚ ਕਾਰਜ ਕਰਨ ਦੇ ਖੇਤਰ ਵਿੱਚ ਯੋਗਦਾਨ ਪੌਂਦੇ ਹਨ। ਚੀਜ਼ਾਂ ਸਿਰਜਣ ਅਤੇ ਬਣਨ ਵਿੱਚ ਵੀ ਦਖਲ ਦਿੰਦਾ ਹੈ।

ਸਮੇਂ ਦੇ ਚਲਨ ਦੇ ਨਾਲ ਮਨੁੱਖਾਂ ਨੇ ਕਈ *ਗਿਆਨ ਦੇ ਸਮੂਹਾਂ* ਦੀ ਦੌਲਤ ਕਮਾਈ ਹੈ। ਇਸ ਵਿੱਚ *ਸੋਚਣ ਦੇ, ਮਹਿਸੂਸ ਕਰਨ ਦੇ ਅਤੇ ਕਈ ਕੁਝ ਕਰਨ ਦੇ* ਤੇ ਨਾਲ ਹੀ ਗਿਆਨ ਦਾ ਹੋਰ ਨਿਰਮਾਣ ਕਰਨ ਦੇ ਤਰੀਕਿਆਂ ਦਾ ਭੰਡਾਰ ਹੈ। ਸਾਰੇ ਬੱਚਿਆਂ ਨੂੰ ਇਸ ਭੰਡਾਰ ਦਾ ਬਹੁਤਾ ਹਿੱਸਾ ਖੁਦ ਮੁੜ-ਸਿਰਜਣਾਂ ਪੈਂਦਾ ਹੈ, ਕਿਉਂਕਿ ਇਹ ਹੋਰ ਅੱਗੇ ਦੇ ਆਧਾਰ ਦੀ ਤਰ੍ਹਾਂ ਮਹੱਤਵ ਪੂਰਣ ਹੈ, ਤੇ ਇਸ ਜਗਤ ਵਿੱਚ ਸਾਰਥਕ ਢੰਗ ਨਾਲ ਕਾਰਜ ਕਰਨ ਲਈ ਵੀ। ਗਿਆਨ ਸਿਰਜਣ ਦੀ ਅਪਣੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਨੂੰ ਸਿਖ ਲੈਣਾਂ ਵੀ ਜਰੂਰੀ ਹੈ। ਮਨੁੱਖੀ ਕਾਰਜ ਜਾਂ ਕਹੋ ਕਿ ਕੰਮ-ਧੰਦੇ ਦੇ ਖੇਤਰ ਵਿੱਚ ਅਰਥ ਤਿਆਰ ਕਰਨਾਂ ਵੀ ਜਰੂਰੀ ਹੈ।

ਇਸ ਵਿਸ਼ਾਲ ਸੋਚ-ਭਾਵ ਨਾਲ ਚਿਤਵਣਾਂ ਸਾਨੂੰ ਇਹ ਸੇਧ ਦਿੰਦਾ ਹੈ ਕਿ ਗਿਆਨ ਨੂੰ ਪਰਖਣ ਵਾਸੇਤ ਇਸ ਨੂੰ ਇਕੱਲੇ 'ਉਤਪਾਦ' ਦੇ ਰੂਪ ਵਿੱਚ ਲੈਣ ਦਾ ਹੀ ਮਹੱਤਵ ਨਹੀਂ, ਸਗੋਂ ਇਸ ਦੀ ਤਹਿ ਦੇ ਹੇਠਾਂ ਸਮਾਏ ਹੋਏ ਨੇਮਾਂ ਦਾ ਵੀ ਮਹੱਤਵ ਹੈ। ਇਹ ਨੇਮ ਸਬੰਧਤ ਹਨ ਕੀ ਕੁਝ ਕਿਵੇਂ ਸਿਰਜਤ ਹੋਇਆ ਹੈ, ਉਹ ਕਿਸ ਤਰ੍ਹਾਂ ਸੰਗੱਠਿਤ ਹੈ। ਇਸ ਤੱਕ ਕਿਸ ਦੀ ਪਹੁੰਚ ਹੈ, ਅਤੇ ਇਹ ਕਾਹਦੇ ਲਈ ਵਰਤਿਆ ਜਾਂਦਾ ਹੈ ਆਦਿ ਨਾਲ। ਇਸ ਤੋਂ ਸੁਝਾਅ ਇਹੀ ਮਿਲਦਾ ਹੈ ਕਿ ਪਾਠਕ੍ਰਮ ਵਿੱਚ ਸਿੱਖਣ ਦੀ ਪ੍ਰਕਿਰਿਆ ਉੱਪਰ ਫੋਕਸ ਹੋਣਾਂ ਜਰੂਰੀ ਹੈ। ਸਿੱਖਿਅਕ ਦੇ ਮੁੜ-ਨਿਰਮਾਣ ਵਿੱਚ ਇਹ ਨੇਮ ਕਿਵੇਂ ਸ਼ਾਮਲ ਹੁੰਦੇ ਹਨ ਉੱਪਰ ਵੀ। ਨਾਲ ਦੀ ਨਾਲ ਜੋ ਵਿਸ਼ੈ ਸਿੱਖਿਆ ਜਾਂਦਾ ਹੈ ਉਸ ਉੱਪਰ ਵੀ।

ਜੇ ਗਿਆਨ ਨੂੰ ਇੱਕ ਤਿਆਰ ਹੋ ਚੁੱਕਾ 'ਉਤਪਾਦ' ਮੰਨ ਲਿਆ ਜਾਵੇ, ਤਾਂ ਫਿਰ ਗਿਆਨ ਅਜਿਹੀ ਸੂਚਨਾਂ ਦੇ ਰੂਪ ਵਿੱਚ ਸੰਗਠਿਤ ਹੋਣਾਂ ਚਾਹੀਦਾ ਹੈ, ਜਿਸ ਦਾ ਬੱਚੇ ਦੇ ਮਨ ਵਿੱਚ ਪ੍ਰਸਾਰ ਹੋਣਾਂ ਹੈ। ਤਾਂ ਫਿਰ ਸਿੱਖਿਆ ਦਾ ਸਬੰਧ ਇਸ ਮਨੁੱਖੀ ਗਿਆਨ ਦੇ 'ਸਟੋਰ ਹਾਊਸ' ਦੇ ਰੱਖ-ਰਖਾਵ ਅਤੇ ਇਸ ਦੇ ਪ੍ਰਸਾਰਣ ਨਾਲ ਹੀ ਹੋਵੇਗਾ। ਗਿਆਨ ਸਬੰਧਤ ਇਸ ਮੱਤ ਵਿੱਚ ਪੜ੍ਹਣ ਵਾਲਾ ਇੱਕ ਅਕਰਮਕ ਭੁਗਤਾ ਹੀ ਬਣ ਕੇ ਰਹਿ ਜਾਂਦਾ ਹੈ। ਜਦ ਕਿ ਪਹਿਲਾਂ ਦਿੱਤੇ ਮੱਤ ਵਿੱਚ ਜਗਤ ਦੇ ਨਾਲ ਇੱਕ ਗਤੀਸ਼ੀਲ ਸ਼ਮੂਲੀਅਤ ਹੈ, ਜੋ ਜਾਚਣ, ਭਾਂਪਣ, ਮੰਥਨ, ਕਾਰਜ ਕਰਨ ਅਤੇ ਸਾਂਝਾ ਕਰਨ ਦੇ ਰਸਤੇ ਵਾਪਰਦੀ ਹੈ।

ਪਾਠਕ੍ਰਮ ਸਮਰੱਥਾਵਾਂ ਦਾ ਵਿਕਾਸ ਕਰਨ ਦੀ ਇੱਕ ਯੋਜਨਾਂ ਹੈ, ਜੋ ਸਿੱਖਿਆ ਦੇ ਸਬੰਧ ਵਿੱਚ ਚੁਣੇ ਹੋਏ ਨਿਸ਼ਾਨਿਆਂ ਨੂੰ ਪ੍ਰਾਪਤ ਕਰ ਲੈਣ ਵਿੱਚ ਸਹਾਇਤਾ ਕਰਦੀ ਹੈ। ਮਨੁੱਖੀ ਸਮਰੱਥਾਵਾਂ ਦੀ ਲੜੀ ਬੜੀ ਵਿਸ਼ਾਲ ਹੈ।

ਅਸੀਂ ਸਿੱਖਿਆ ਦੇ ਰਾਹੀਂ ਇਸ ਸਾਰੀ ਲੜੀ ਦਾ ਵਿਕਾਸ ਨਹੀਂ ਕਰ ਸਕਦੇ। ਇਸ ਕਰਕੇ ਮੁੱਦਾ ਤਾਂ ਇਹ ਹੈ ਕਿ ਸਾਡਾ ਸਬੰਧ ਏਥੇ ਕੇਵਲ ਉਹਨਾਂ ਸਮਰੱਥਾਵਾਂ ਨਾਲ ਹੈ। ਇਨ੍ਹਾਂ ਦਾ ਸਾਡੇ ਨਿਸ਼ਾਨਿਆਂ ਨਾਲ ਜ਼ਿਆਦਾ ਮਹੱਤਵ ਪੂਰਣ ਸਬੰਧ ਹੈ ਤੇ ਉਹ ਇਸ ਲਈ ਬੜੀਆਂ ਜਰੂਰੀ ਵੀ ਹਨ। ਸਮਰੱਥਾਵਾਂ ਜੋ ਹੋਰ ਅਗਲੇ ਵਿਕਾਸ ਦਾ ਸੰਭਾਵ ਪੇਸ਼ ਕਰਦੀਆਂ ਹਨ, ਅਤੇ ਜਿੰਨ੍ਹਾਂ ਬਾਰੇ ਸਾਡੇ ਕੋਲ ਕੁਝ ਕੁ ਸਿੱਖਿਆ-ਸ਼ਾਸਤਰਕ ਗਿਆਨ ਵੀ ਹੈ।

### 2.5.1 ਬੁਨਿਆਦੀ ਸਮਰੱਥਾਵਾਂ

ਬੱਚਿਆਂ ਦੀਆਂ ਬੁਨਿਆਦੀ ਸਮਰੱਥਾਵਾਂ ਉਹ ਹਨ ਜੋ ਉਹਨਾਂ ਦੀ ਸੂਝ, ਕੀਮਤਾਂ ਅਤੇ ਕੌਸ਼ਲ ਦਾ ਵਿਸ਼ਾਲ ਆਧਾਰ ਬਣਦੀਆਂ ਹਨ।

ੳ. **ਭਾਸ਼ਾ** ਅਤੇ ਪ੍ਰਗਟਾਵੇ ਦੇ ਹੋਰ ਸਾਧਨ ਅਰਥ ਬਨਾਉਣ ਅਤੇ ਦੁਸਰਿਆਂ ਦੇ ਨਾਲ ਸਾਂਝ ਵਧਾਉਣ ਦੇ ਮੂਲ ਸਾਧਨ ਪ੍ਰਦਾਨ ਕਰਦੇ ਹਨ। ਇਹ ਉਹ ਸੰਭਾਵਨਾਵਾਂ ਪੈਦਾ ਕਰਦੇ ਹਨ ਜੋ ਸਮਝਣ ਅਤੇ ਗਿਆਨ ਦੇ ਵਿਕਾਸ ਦੀ, ਪ੍ਰਤੀਕਣ ਦੀ ਯੋਗਤਾ ਪ੍ਰਦਾਨ ਕਰਦੀਆਂ ਹਨ। ਏਵੇਂ ਹੀ ਕੋਡੀਕਰਣ, ਯਾਦ ਰੱਖਣ ਅਤੇ ਸਾਂਭ ਲੈਣ ਦੀਆਂ ਸੰਭਾਵਨਾਵਾਂ ਵੀ ਪੈਦਾ ਕਰਦੇ ਹਨ।

ਬੱਚੇ ਵਾਸਤੇ ਭਾਸ਼ਾ ਦਾ ਵਧਣਾਂ ਸਮਝ ਦਾ ਅਤੇ ਪਛਾਣ ਦਾ ਵਧਣਾਂ ਹੈ। ਦੂਜਿਆਂ ਨਾਲ ਜੁੜ ਸਕਣ ਦੀ ਯੋਗਤਾ ਦਾ ਵਿਕਾਸ ਵੀ ਹੈ। ਗੱਲ ਕੇਵਲ ਮੌਖਿਕ ਭਾਸ਼ਾ ਦੀ ਹੀ ਨਹੀਂ ਹੈ, ਲਿੱਪੀ ਦੀ ਤੇ ਭਾਸ਼ਾ ਦੀ ਨਹੀਂ ਹੈ, ਬਿਨਲਿੱਪੀ ਵਾਲੀਆਂ ਭਾਸ਼ਾਵਾਂ ਦੀ ਵੀ ਹੈ। ਚਿਹਨਕ ਭਾਸ਼ਾਵਾਂ ਦੀ ਹੈ। ਬ੍ਰੈਲੀ ਵਰਗੀਆਂ ਲਿੱਪੀਆਂ ਦੀ ਹੈ। ਅਦਾਕਾਰੀ ਵਰਗੀਆਂ ਕਲਾਵਾਂ ਦੀ ਹੈ, ਜੋ ਅਰਥ ਘੜਣ ਅਤੇ ਪ੍ਰਗਟਾਵੇ ਦੇ ਆਧਾਰ ਬਣਦੀਆਂ ਹਨ।

ਅ. **ਰਿਸ਼ਤਿਆਂ ਦਾ ਬਣਨਾਂ ਅਤੇ ਟਿਕਾਅ ਲੈਣਾਂ** – ਸਮਾਜਕ ਜਗਤ ਦੇ ਨਾਲ, ਕੁਦਰਤੀ ਜਗਤ ਦੇ ਨਾਲ ਅਤੇ ਅਪਣੇ ਆਪ ਦੇ ਨਾਲ। ਰਿਸ਼ਤੇ ਭਾਵਕ ਅਮੀਰਤਾ ਨਾਲ, ਸੰਵੇਦਨਾਂ ਅਤੇ ਕੀਮਤਾਂ ਦੇ ਨਾਲ। ਇਸ ਨਾਲ ਜ਼ਿੰਦਗੀ ਨੂੰ ਅਰਥ ਮਿਲਦਾ ਹੈ। ਭਾਵਕ ਤੱਤ ਅਤੇ ਮਤਲਬ ਪ੍ਰਦਾਨ ਹੁੰਦਾ ਹੈ। ਸਦਾਚਾਰ ਅਤੇ ਆਚਾਰ ਦਾ ਆਧਾਰ ਵੀ ਇਹ ਹੀ ਹੈ।

ੲ. **ਧੰਦੇ ਅਤੇ ਕਾਰਜ਼ ਲਈ ਸਮਰੱਥਾਵਾਂ** ਵਿੱਚ ਸ਼ਾਮਲ ਹਨ ਵਿਚਾਰ ਅਤੇ ਇੱਛਾ ਸ਼ਕਤੀ ਨਾਲ ਸਬੰਧ ਰੱਖਦੀਆਂ ਜਿਸਮਾਨੀਂ ਗਤੀਆਂ, ਜੋ ਕੌਸ਼ਲ ਅਤੇ ਸੂਝ-ਸਮਝ ਪੁਰ ਟਿਕਦੀਆਂ ਹਨ, ਅਤੇ ਜੋ ਕੋਈ ਮੰਤਵ ਹਾਂਸਲ ਕਰਨ ਜਾਂ

ਕੁਝ ਸਿਰਜਣ ਪ੍ਰਤੀ ਸੇਧੀਆਂ ਹੁੰਦੀਆਂ ਹਨ। ਇਸ ਵਿੱਚ ਕੁਝ ਛੇੜਛਾੜ ਕਰਨ, ਚੀਜ਼ਾਂ ਅਤੇ ਅਨੁਭਵਾਂ ਨੂੰ ਸੰਗਠਤ ਕਰਨ ਤੇ ਸੰਚਾਰ ਕਰਨ ਲਈ ਔਜਾਰ ਅਤੇ ਟੈਕਨਾਲੋਜੀ ਦੀ ਵਰਤੋਂ ਵੀ ਸ਼ਾਮਲ ਹੈ।

ਤਰਖਾਣੇ ਕੰਮ ਵਰਗੀ ਦਸਤਕਾਰੀ ਵਿੱਚ ਤਿਆਰ ਹੋਣ ਵਾਲੇ ਪਦਾਰਥ ਦੀ ਸੰਕਲਪਕਾਰੀ ਅਤੇ ਉਹਦਾ ਡਿਜ਼ਾਈਨ ਕਰਨ ਦੀ ਸਮਰੱਥਾ ਸ਼ਾਮਲ ਹੁੰਦੀ ਹੈ। ਇਸ ਦੀ ਸਮਾਜ ਵਿੱਚ ਕੀਮਤ (ਸਮਾਜਕ-ਸਭਿਆਚਾਰਕ, ਸੁਹਜਾਤਮਕ ਅਤੇ ਆਰਥਕ ਮਹੱਤਵ), ਪ੍ਰਾਪਤ ਸਮਾਨ ਦਾ ਗਿਆਨ ਹੁੰਦਾ ਹੈ। ਇਸ ਦੇ ਮੁੱਲ ਅਤੇ ਗੁਣਵੱਤਾ ਦੇ ਪੱਖੋਂ ਤਿਆਰ ਹੋਣ ਵਾਲੀ ਚੀਜ਼ ਦਾ ਢੁਕਵਾਂ ਹੋਣਾਂ ਹੁੰਦਾ ਹੈ। ਬਨਾਉਣ ਵਾਲੇ ਸਮਾਨ ਦੇ ਮਿਲਣ ਦੇ ਸਰੋਤ ਦਾ ਪਤਾ ਹੋਣਾਂ ਹੁੰਦਾ ਹੈ। ਅਰੰਭ ਤੋਂ ਲੈਕੇ ਅੰਤ ਤੱਕ ਉਸ ਚੀਜ਼ ਦੇ ਬਣਨ ਦੀ ਯੋਜਨਾਂ ਬਨਾਉਣੀ ਤੇ ਉਸ ਨੂੰ ਲਾਗੂ ਕਰਨਾਂ ਅਤੇ ਚੀਜ਼ ਦੀ ਦੱਖ ਦਾ ਖਿਆਲ ਰੱਖਣਾਂ ਹੁੰਦਾ ਹੈ। ਅਪਣੇ ਕੌਸ਼ਲ ਨੂੰ ਵਰਤਣਾਂ ਤੇ ਦੂਜਿਆਂ ਦੇ ਕੌਸ਼ਲ ਦਾ ਸਹਾਰਾ ਲੈ ਸਕਣਾਂ ਹੁੰਦਾ ਹੈ। ਲੋੜੀਦੇ ਸੰਦਾਂ ਦੀ ਸੰਭਾਲ ਕਰਨੀਂ, ਦਸਤਕਾਰੀ ਦੀ ਕੌਸ਼ਲ ਦਾ ਮਿਆਰ ਅਤੇ ਏਸੇ ਕੌਸ਼ਲ ਦੀ ਮਹਾਰਤ ਹੁੰਦੀ ਹੈ।

ਕਬੱਡੀ ਵਰਗੀ ਇੱਕ ਖੇਡ੍ਹ ਵਿੱਚ ਸਰੀਰਕ ਤਾਕਤ ਚਾਹੀਦੀ ਹੁੰਦੀ ਹੈ। ਖੇਡ੍ਹ ਦੇ ਨੇਮਾਂ ਦਾ ਗਿਆਨ ਚਾਹੀਦਾ ਹੈ। ਕੁਸ਼ਲਤਾ ਅਤੇ ਨਿਪੁੰਨਤਾ ਚਾਹੀਦੀ ਹੈ। ਟੀਮ ਵਾਸਤੇ ਯੋਜਨਾਂ ਬਨਾਉਣ ਅਤੇ ਉਸ ਨੂੰ ਸੰਚਾਲਤ ਕਰਨ ਦੀ ਯੋਗਤਾ ਚਾਹੀਦੀ ਹੈ। ਦੂਜੀ ਟੀਮ ਦੀ ਤਿਆਰੀ ਤੇ ਬਲ ਦਾ ਅਨੁਮਾਨ ਲਾਕੇ ਜਿੱਤ ਸਕਣ ਦੀ ਸਮਝ ਵੀ ਹੋਣੀ ਚਾਹੀਦੀ ਹੈ।

### 2.5.2 ਅਭਿਆਸ ਵਿੱਚ ਗਿਆਨ

ਮਨੁੱਖੀ ਕਾਰਜਾਂ ਦਾ ਅਤੇ ਮਹਾਰਤਾਂ ਦਾ ਇੱਕ ਬੜਾ ਭਾਰੀ ਖਿਲਾਰ ਹੈ ਜੋ ਸਮਾਜੀ ਜੀਵਨ ਅਤੇ ਸਭਿਆਚਾਰ ਨੂੰ ਸਹਾਰਾ ਦਿੰਦਾ ਹੈ। ਬੁਣਾਈ, ਤਰਖਾਣਾਂ ਕੰਮ ਅਤੇ ਘੜੇ ਬਨਾਉਣ ਵਰਗੀਆਂ ਦਸਤਕਾਰੀਆਂ, ਖੇਤੀਬਾੜੀ ਅਤੇ ਭੇਡਾਂ ਪਾਲਣ ਵਰਗੇ ਧੰਦੇ, ਤੇ ਇਸੇ ਤਰ੍ਹਾਂ ਹੀ ਮੰਚਨ ਅਤੇ ਦ੍ਰਿਸ਼ ਕਲਾਵਾਂ ਅਤੇ ਖੇਡ੍ਹਾਂ ਤੇ ਹੋਰ ਸਭ ਕੁਝ ਗਿਆਨ ਦੇ ਬੜੇ ਕੀਮਤੀ ਰੂਪ ਹਨ। ਗਿਆਨ ਦੇ ਇਹ ਰੂਪ ਕਾਰਜਕਾਰੀ ਰੂਪ ਹਨ। ਇਹ ਬਹੁਤਾ ਕਰਕੇ ਅਨੁਮਾਨ ਪੁਰ ਆਧਾਰਤ ਹੁੰਦੇ ਹਨ ਤੇ ਥੋਹੜੇ ਬਹੁਤ ਉਚਾਰੇ ਗਏ ਹੰਦੇ ਹਨ।

ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਗਤੀਵਿਧੀਆਂ ਉਹ ਹਨ ਜੋ ਕਾਫੀ ਵਿਕਸਤ ਯੋਗਤਾਵਾਂ ਉੱਪਰ ਅਧਾਰਤ ਹਨ। ਇਹਨਾਂ ਵਿੱਚ ਸ਼ਾਮਲ ਹਨ ਸੰਕਲਪਕਾਰੀ ਅਤੇ ਲਾਭਦਾਇਕ ਜਾਂ ਸੁਹਜਾਤਮਕ ਉਤਪਾਦਨਾਂ ਦੀ ਕਲਪਨਾ ਕਰ ਸਕਣ ਦੀ ਯੋਗਤਾ। ਸਾਜ-ਸਮਾਨ ਦੀ ਵਰਤੋਂ ਕਰਕੇ ਕਿਸੇ ਉਤਪਦ ਦੇ ਨਿਰੂਪਣ ਦੀ ਯੋਗਤਾ ਅਤੇ ਗਿਆਨ। ਬੰਦੇ ਨੂੰ ਅਪਣੀਆਂ ਹੀ ਯੋਗਤਾਵਾਂ ਦਾ ਗਿਆਨ। ਟੀਮ ਵਰਕ ਦਾ ਅਨੁਭਵ ਅਤੇ ਦਰਿੜਤਾ ਦੇ ਪ੍ਰਤੀ ਰਵੱਈਏ ਤੇ ਅਨੁਸਾਸ਼ਨ। ਭਾਵੇਂ ਇਹ ਕਿਸੇ ਪਦਾਰਥ ਦੇ ਨਿਰੂਪਣ ਦੀ ਗੱਲ ਹੋਵੇ, ਤੇ ਜਾਂ ਇਹ ਕੋਈ ਨਾਟਕ ਹੋਵੇ ਜੋ ਦਰਸ਼ਕਾਂ ਵਿੱਚ ਪੇਸ਼ ਕੀਤਾ ਜਾਣਾਂ ਹੋਵੇ, ਇਹ ਸਭ ਕਾਸੇ ਬਾਰੇ ਸੱਚ ਹੈ।

### ਮੌਖਿਕ ਅਤੇ ਦਸਤਕਾਰੀ ਦੀਆਂ ਪ੍ਰੰਪਰਾਵਾਂ

ਮੌਖਿਕ ਗਿਆਨ ਅਤੇ ਕੌਸ਼ਲ ਦੀਆਂ ਪ੍ਰੰਪਰਾਵਾਂ ਬੜੀ ਗੌਰਵਮਈ ਬੌਧਿਕ ਸੰਪਤੀ ਹਨ। ਇਹ ਵੱਖਰੀਆਂ ਵੱਖਰੀਆਂ ਅਤੇ ਸੂਖਮਤਾ ਭਰੀਆਂ ਵੀ ਹਨ। ਇਨ੍ਹਾਂ ਨੂੰ ਅਣਗਿਣਤ ਜਤਨਾਂ ਨੇ ਸਾਂਭਕੇ ਰੱਖਿਆ ਹੈ। ਜਿਵੇਂ ਔਰਤਾਂ, ਪਛੜੇ ਹੋਏ ਨਿੱਕੇ ਭਾਈਚਾਰੇ ਅਤੇ ਜਨਜਾਤੀਆਂ ਵਾਲੇ ਲੋਕ। ਇਹਨਾਂ ਪ੍ਰੰਪਰਕ ਕੌਸ਼ਲਾਂ ਨੂੰ ਸਾਡੇ ਪਾਠਕ੍ਰਮ ਵਿੱਚ ਸਥਾਨ ਦੇ ਕੇ ਅਸੀਂ ਸਾਡੇ ਬੱਚਿਆਂ ਲਈ ਸੂਝ ਦੀਆਂ ਬਾਰੀਆਂ ਖੋਹਲ ਸਕਦੇ ਹਾਂ। ਵਿਚਾਰਾਂ ਦੀਆਂ ਗਿਰੀਆਂ ਵੰਡ ਸਕਦੇ ਹਾਂ।

ਅਜਿਹੇ ਕੌਸ਼ਲ ਅਤੇ ਸਮਰੱਥਾਵਾਂ ਦੇ ਸਕਦੇ ਹਾਂ, ਜਿੰਨ੍ਹਾਂ ਰਾਹੀਂ ਕੰਮ ਕਰਕੇ ਐਹੋ ਜਿਹੇ ਰੂਪ ਅਤੇ ਕਾਢਾਂ ਸਾਹਮਣੇ ਆ ਸਕਦੀਆਂ ਹਨ, ਜੋ ਸਮਾਜ ਨੂੰ ਮਾਲਾਮਾਲ ਕਰ ਸਕਦੇ ਹਨ। ਉਹਨਾਂ ਦੀਆਂ

ਅਪਣੀਆਂ ਜਿੰਦਗੀਆਂ ਸੰਵਾਰ ਸਕਦੇ ਹਨ। ਸਕੂਲ ਸਿਖਿਅਤ ਗਿਆਨ ਤਾਂ ਦੇ ਸਕਦਾ ਹੈ, ਪਰ ਇਹ ਮੌਖਿਕ ਗਿਆਨ ਨੂੰ ਵੀ ਵਿਸਾਰ ਨਹੀਂ ਸਕਦਾ। ਹਰ ਪ੍ਰਕਾਰ ਦੀ ਸਥਾਨਕ ਵਿੱਦਿਆ ਨੂੰ ਸਹਾਰਾ ਦੇਣਾਂ ਵੀ ਓਨਾਂ ਹੀ ਮਹੱਤਵ ਪੂਰਣ ਹੈ।

ਇਹਨਾਂ ਗਤੀਵਿਧੀਆਂ ਨੂੰ ਕੌਸ਼ਲਾਂ ਤਰ੍ਹਾਂ ਬਿਆਨਣ ਲੱਗਿਆਂ ਧਿਆਨ ਉਹਨਾਂ ਨਿਪੁੰਨਤਾਵਾਂ ਵੱਲ ਜਾਂਦਾ ਹੈ ਜੋ ਇਸ ਵਿੱਚ ਸ਼ਾਮਲ ਹਨ। ਨਾਕਿ ਸਮਾਜਕ ਤੇ ਕੁਦਰਤੀ ਜਗਤ ਅਤੇ ਸਵੈ ਨੂੰ ਜਾਣ ਸਕਣ ਵਾਲੀ ਕਾਫੀ ਵਡੀ ਮਾਤਰਾ ਵਿੱਚ ਕੰਮ ਕਰਦੀ ਸਮਝ ਵੱਲ ਜੋ ਅਭਿਆਸ ਦੇ ਹਰ ਇੱਕ ਰੂਪ ਵਿੱਚ ਵਰਤਮਾਨ ਹੈ। ਪਰਵਾਨੇ ਹੋਏ ਅਕਾਦਮਕ ਡਿਸਿਪਲਨਾਂ ਦੀ ਤਰ੍ਹਾਂ ਹੀ ਇਹਨਾਂ ਦਸਤਕਾਰੀਆਂ ਅਤੇ ਵਪਾਰਾਂ ਦੇ ਵੀ ਅਪਣੇ ਹੀ ਵਿਸ਼ੇਸ਼ ਮਹਾਂਰਥੀ ਹਨ ਅਤੇ ਪਰੰਪਰਾਵਾਂ ਵੀ। ਇਹਨਾਂ ਵਿੱਚੋਂ ਹਰ ਦਸਤਕਾਰੀ, ਧੰਦੇ ਅਤੇ ਕਲਾ ਰੂਪ ਦੇ ਵਾਸਤੇ ਲੋੜੀਂਦਾ ਗਿਆਨ ਸਮੂਹਕ ਤੌਰਤੇ ਵਿਕਸਤ ਹੁੰਦਾ ਰਹਿੰਦਾ ਹੈ। ਅਨੁਭਵ ਤੇ ਮਨਨ ਰਾਹੀਂ ਹਰ ਅਗਲੀ ਪੀੜ੍ਹੀ ਦੇ ਅਭਿਆਸਕਾਰਾਂ ਤੱਕ ਅਪੜਾਅ ਦਿੱਤਾ ਜਾਂਦਾ ਹੈ। ਇਸ ਕਰਕੇ ਉਹਨਾਂ ਵਿੱਚੋਂ ਹਰ ਇੱਕ ਅਭਿਆਸਕਾਰੀ ਗਿਆਨ ਦਾ ਸ਼ਗਿਰਦ ਹੈ। ਅਜਿਹੇ ਪਿਤਰਕ ਗਿਆਨ ਰੂਪਾਂ ਦੀ ਭਾਰਤੀ ਪਰੰਪਰਾ ਕਾਫੀ ਵਿਸ਼ਾਲ, ਭਿੰਨਤਾ ਭਰੀ ਅਤੇ ਅਮੀਰ ਹੈ। ਕਾਰਜ਼ਕਾਰੀ ਕੌਸ਼ਲਾਂ ਦੇ ਰੂਪ ਵਿੱਚ ਇਹ ਸਾਡੀ ਆਰਥਕਤਾ ਦਾ ਅਣਮੋਲ ਹਿੱਸਾ ਹਨ।

ਇਹਨਾਂ ਅਭਿਆਸਕਾਰੀ ਵਿਸ਼ਿਆਂ ਦੀ ਗਿਆਨ ਸ਼ਾਸਤਰਕ ਸੰਰਚਨਾਂ ਦੀ ਥਾਹ ਪਾਉਣ ਲਈ ਹੋਰ ਵਿਚਾਰ ਅਤੇ ਖੋਜ਼ ਦੀ ਜਰੂਰਤ ਹੈ। ਇਸ ਗੱਲ ਦੀ ਸੋਝੀ ਲਾਉਣੀ ਕਿ ਉਹਨਾਂ ਨੇ ਕਿਸ ਤਰ੍ਹਾਂ ਅਭਿਆਸ ਕੀਤਾ ਅਤੇ ਸਿੱਖਿਆ, ਤੇ ਇਸ ਗਿਆਨ ਨੂੰ ਕਿਸ ਤਰ੍ਹਾਂ ਰੂਪਬੱਧ ਕੀਤਾ ਜਾਵੇ। ਇਹ ਸਾਰੇ ਸਮਾਜ ਸ਼ਾਸਤਰ ਲਈ ਮਹੱਤਵ ਰੱਖਦੇ ਪ੍ਰਸ਼ਨ ਹਨ, ਕਿਉਂਕਿ ਪਰੰਪਰਕ ਧੰਦੇ ਜਾਤ ਵਰਗਾਂ ਅਤੇ ਲਿੰਗ ਵਰਗਾਂ ਨਾਲ ਜੁੜੇ ਹੋਏ ਹਨ। ਇਹ ਜਾਣ ਲੈਣਾਂ ਜਰੂਰੀ ਹੈ ਕਿ ਇਹਨਾਂ ਦੀ ਪਾਠਕ੍ਰਮ ਲਈ ਮਹੱਤਤਾ ਹੈ ਅਤੇ ਉਹ ਵੀ ਕੇਵਲ ਇੱਕ ਕੰਮ-ਧੰਦੇ ਦੇ ਰੂਪ ਵਿੱਚ ਹੀ ਨਹੀਂ, ਸਗੋਂ ਗਿਆਨ ਦੇ ਰੂਪਾਂ ਅਤੇ ਸਿੱਖਿਆ ਦੇ ਮਾਧਿਅਮ ਦੇ ਰੂਪ ਵਿੱਚ ਵੀ ਹੈ। ਮਨੁੱਖੀ ਗਿਆਨ ਦਾ ਇਹ ਮਹੱਤਵ ਪੂਰਣ ਖੇਤਰ ਸਕੂਲੀ ਪਾਠਕ੍ਰਮ ਦਾ ਕਾਫੀ ਵਡਾ ਭਾਗ ਬਣਨਾਂ ਚਾਹੀਦਾ ਹੈ।

### 2.5.3 ਸਮਝ ਦੇ ਰੂਪ

ਗਿਆਨ ਦਾ ਵਰਗੀਕਰਣ ਕਈ ਭਾਂਤ ਦੇ ਸੰਕਲਪਾਂ ਅਤੇ ਅਰਥਾਂ ਦੇ ਆਧਾਰ ਉੱਪਰ ਹੋ ਸਕਦਾ ਹੈ, ਖਾਸ ਕਰਕੇ ਉਹ ਸੰਕਲਪ ਜੋ ਪ੍ਰਮਾਣਕਤਾ ਅਤੇ ਸਮਰਥਣ ਦੀਆਂ ਪ੍ਰਕਿਰਿਆਵਾਂ ਵਿੱਚ ਕਾਰਜ਼ਸ਼ੀਲ ਹਨ। ਦੋਨੋਂ ਸੰਕਲਪਾਂ ਦੀ

ਅਪਣੀ ਅਪਣੀ 'ਆਲੋਚਨਾਤਮਕ ਸੋਚ' ਹੈ। ਗਿਆਨ ਨੂੰ ਪ੍ਰਮਾਣਤ ਕਰਨ ਅਤੇ ਉਸ ਦਾ ਸਾਮਰਥਣ ਕਰਨ ਦਾ ਅਪਣਾ ਅਪਣਾ ਤਰੀਕਾ ਹੈ ਅਤੇ ਅਪਣੇ ਹੀ ਭਾਂਤ ਦੀ 'ਸਿਰਜਣਾਤਮਕਤਾ' ਵੀ।

***ਗਣਿਤ ਸ਼ਾਸਤਰ*** ਦੇ ਅਪਣੇ ਹੀ ਨਿੱਖੜਵੇਂ ਸੰਕਲਪ ਹਨ, ਜਿਵੇਂ ਕਿ 'ਪਰਾਈਮ ਨੰਬਰ', 'ਸਕਿਅਰ ਰੂਟ', 'ਫਰੈਕਸ਼ਨ', 'ਇੰਟਿਜਰ', 'ਫੰਕਸ਼ਨ' ਆਦਿ। ਇਸ ਦਾ ਅਪਣਾ ਹੀ ਪ੍ਰਾਮਾਣਤ ਕਰਨ ਦਾ ਇੱਕ ਤਰੀਕਾ ਵੀ ਹੈ, ਜਿਸ ਵਿੱਚ ਕਦਮ-ਦਰ-ਕਦਮ ਜੋ ਸਥਾਪਤ ਕੀਤਾ ਗਿਆ ਹੈ, ਉਸ ਦਾ ਪਰਦਰਸ਼ਨ ਕੀਤਾ ਜਾਂਦਾ ਹੈ। ਗਣਿਤ ਦੇ ਪ੍ਰਮਾਣਤ ਕਰਨ ਦੇ ਤਰੀਕੇ ਕਦੇ ਵੀ ਪ੍ਰਯੋਗਕ ਨਹੀਂ ਹੁੰਦੇ। ਨਾਂ ਹੀ ਕਦੇ ਉਹ ਵਿਸ਼ਵ ਦੇ ਵਾਚਣ ਜਾਂ ਕਿਸੇ ਪ੍ਰਯੋਗ ਉੱਪਰ ਅਧਾਰਤ ਹੁੰਦੇ ਹਨ। ਪਰ ਉਨ੍ਹਾਂ ਦਾ ਪਰਦਰਸ਼ਨ ਹੋ ਸਕਦਾ ਹੈ, ਜੋ ਇੱਕ ਨਿਸਚਿਤ ਕੀਤੇ ਗਏ ਮੂਲ ਨੇਮਾਂ ਅਤੇ ਪ੍ਰੀਭਾਸ਼ਾਵਾਂ ਦੇ ਇੱਕ ਪ੍ਰਬੰਧ ਦੇ ਅੰਦਰ ਕੰਮ ਕਰਦਾ ਹੈ।

***ਕੁਦਰਤੀ ਵਿਗਿਆਨਾਂ*** ਦੇ ਗਣਿਤ ਸ਼ਾਸਤਰ ਦੇ ਪ੍ਰਬੰਧਾਂ ਦੀ ਤਰ੍ਹਾਂ ਹੀ ਅਪਣੇ ਸੰਕਲਪ ਹਨ, ਜੋ ਅਕਸਰ ਸਿੱਧਾਂਤਾਂ ਦੇ ਮਾਧਿਅਮ ਰਾਹੀਂ ਅੰਤਰ-ਸਬੰਧੀ ਹੁੰਦੇ ਹਨ। ਏਥੇ ਜਾਨਣ ਹੁੰਦਾ ਹੈ ਭੌਤਕ-ਕੁਦਰਤੀ ਵਿਸ਼ਵ ਨੂੰ ਬਿਆਨਣ ਅਤੇ ਇਸ ਦੀ ਵਿਆਖਿਆ ਕਰਨ ਦਾ। ਸੰਕਲਪਾਂ ਵਿੱਚ ਸ਼ਾਮਲ ਹਨ: 'ਐਟਮ', 'ਮੈਗਨੈਟਿਕ ਫੀਲਡ', 'ਸੈੱਲ', 'ਨੀਓਰੋਨ' ਆਦਿ। ਇਨ੍ਹਾਂ ਵਿਗਿਆਨਾਂ ਵਿੱਚ ਵਿਗਿਆਨਕ ਪੜਤਾਲ ਵਿੱਚ ਆਉਂਦਾ ਹੈ ਵਾਚਣ ਅਤੇ ਪ੍ਰਯੋਗਣ। ਸਿੱਧਾਂਤ (ਹਾਈਪੋਥਿਸਿਸ) ਰਾਹੀਂ ਭਵਿਸ਼ਤ-ਪ੍ਰਡਿਕਟ ਕੀਤੇ ਅਨੁਮਾਨਾਂ ਦਾ ਪ੍ਰਮਾਣੀਕਰਣ ਹੁੰਦਾ ਹੈ। ਇਸ ਵਿੱਚ ਯੰਤਰਾਂ ਅਤੇ ਕੰਟਰੋਲ ਮਾਧਿਅਮਾਂ ਦੀ ਵਰਤੋਂ ਹੁੰਦੀ ਹੈ।

ਸਿੱਧਾਂਤ ਦੇ ਰੂਪ ਵਿੱਚ ਰੂਪਬੱਧਤ ਹੋਣਾਂ ਅਤੇ ਮਾਡਲ ਉਸਾਰਿਆ ਜਾਣ ਵਿੱਚ ਕਈ ਵਾਰ ਗਣਿਤ ਸ਼ਾਸਤਰ ਦੀ ਵਰਤੋਂ ਹੁੰਦੀ ਹੈ। ਪਰ ਸੱਚ ਦੀ ਪਰਖ ਗਣਤੀ ਪਰਪੱਕਤਾ (ਐਕੂਰੇਸੀ) ਉੱਪਰ ਨਹੀਂ, ਕੇਵਲ ਵਾਚਨਾਵਾਂ ਦੇ ਹਵਾਲੇ ਨਾਲ ਹੁੰਦੀ ਹੈ। ਜਤਨ ਇਸ ਗੱਲ ਦਾ ਹੁੰਦਾ ਹੈ ਕਿ ਅਜਿਹਾ ਬਿਰਤਾਂਤ ਸਾਹਮਣੇ ਲਿਆਂਦਾ ਜਾ ਸਕੇ ਜੋ ਕਿਸੇ ਨਾ ਕਿਸੇ ਤਰ੍ਹਾਂ ਯਥਾਰਥ ਦੇ 'ਸਮਰੂਪ' ਹੋਵੇ।

***ਸਮਾਜਕ ਵਿਗਿਆਨਾਂ*** ਅਤੇ ***ਮਾਨਵੀ ਸ਼ਾਸਤਰਾਂ*** ਦੇ ਵੀ ਅਪਣੇ ਸੰਕਲਪ ਹਨ। ਉਦਾਹਰਣ ਲਈ 'ਭਾਈਚਾਰਾ', 'ਆਧੁਨਿਕਤਾ', 'ਸਭਿਆਚਾਰ', 'ਪਛਾਣ', ਅਤੇ 'ਰਾਜ ਪ੍ਰਬੰਧ' ਆਦਿ। ਇਹਨਾਂ ਵਿਗਿਆਨਾਂ ਦਾ ਨਿਛਾਨਾਂ ਹੈ ਮਨੁੱਖੀ ਜੀਵਾਂ ਅਤੇ ਸਮਾਜ ਵਿਚਲੇ ਮਨੁੱਖੀ ਸਮੂਹਾਂ ਬਾਰੇ ਆਮਤਾਵਾਂ ਤਿਆਰ ਕਰਨਾ ਅਤੇ ਅਲੋਚਨਾਤਮਕ ਸਮਝ ਹਾਂਸਲ ਕਰਨਾ। ਇਹ ਵਿਗਿਆਨ ਸਮਾਜਕ ਜਗਤ ਨੂੰ ਵਾਚਣ, ਵਿਅਖਿਆ ਕਰਨ ਅਤੇ ਭਵਿਸ਼ਤਾਵਾਂ ਦੇਣ ਵਿੱਚ ਰੁਚਤ ਹਨ। ਸਮਾਜਕ ਵਿਗਿਆਨਾਂ ਦੇ ਅਨੁਮਾਨ (ਹਾਈਪੋਥਿਸਿਸ) ਸੰਗਠਣਾਂ ਵਿੱਚ ਵਸਦੇ ਮਨੁੱਖਾਂ ਬਾਰੇ, ਮਨੁੱਖੀ

ਵਿਹਾਰ ਬਾਰੇ ਹੁੰਦੇ ਹਨ। ਉਹਨਾਂ ਦਾ ਪ੍ਰਮਾਣੀਕਰਨ ਕਿਸੇ ਵਿਸ਼ੇਸ਼ ਸਮਾਜ ਬਾਰੇ ਪ੍ਰਾਪਤ ਵਾਚਨਾਵਾਂ ਉੱਪਰ ਨਿਰਭਰ ਕਰਦਾ ਹੈ।

ਜਿੱਥੋਂ ਤੱਕ ਗਿਆਨ ਦੀ ਪ੍ਰਕਿਰਿਆ ਦੇ ਰੂਪਮਾਨ ਹੋਣ ਦਾ ਸਬੰਧ ਹੈ, ਕੁਦਰਤੀ ਅਤੇ ਸਮਾਜਕ ਵਿਗਿਆਨ ਤਕਰੀਬਨ ਬਰਾਬਰ ਹਨ। ਫਿਰ ਵੀ ਦੋ ਭਿੰਨਤਾਵਾਂ ਹਨ ਜੋ ਪਾਠਕ੍ਰਮ ਦੀ ਰੂਪਰੇਖਾ ਤਿਆਰ ਕਰਨ ਦੇ ਸਬੰਧ ਵਿੱਚ ਅਹਿਮ ਹਨ। ਪਹਿਲੀ, ਸਮਾਜਕ ਵਿਗਿਆਨ ਮਨੁੱਖ ਦੇ ਵਿਹਾਰ ਦਾ ਅਧਿਐਨ ਕਰਦੇ ਹਨ, ਜਿਸ ਉੱਪਰ 'ਤਰਕ' ਰਾਜ ਕਰਦੀ ਹੈ; ਜਦ ਕਿ ਕੁਦਰਤ ਉੱਪਰ 'ਕਾਰਣ ਅਤੇ ਅਸਰ' ਦਾ ਰਾਜ ਹੈ। ਦੂਜੀ, ਸਮਾਜਕ ਵਿਗਿਆਨਾਂ ਦੀਆਂ ਲਭਤਾਂ ਅਕਸਰ ਸਦਾਚਾਰ ਅਤੇ ਚਾਹਤ-ਇੱਛਾ ਦੇ ਮੁੱਦੇ ਉਠਾਉਂਦੀਆਂ ਹਨ, ਪਰੰਤੂ ਭੌਤਕ ਪਰਪੰਚ ਨੂੰ ਸਦਾਚਾਰੀ ਨੁਕਤੇ ਤੋਂ ਤਦ ਹੀ ਵਾਚਿਆ ਜਾ ਸਕਦਾ ਹੈ ਜਦ ਉਹ ਮਨੁੱਖੀ ਕਾਰਜ਼ ਦਾ ਭਾਗ ਬਣ ਜਾਵੇ।

***ਇਤਹਾਸ*** ਸਮਾਜਕ ਵਿਗਿਆਨਾਂ ਤੋਂ ਵੱਖਰਾ ਹੈ। ਅਸਲ ਵਿੱਚ ਇਹ ਗਣਿਤ ਸ਼ਾਸਤਰ ਅਤੇ ਵਿਗਿਆਨ ਤੋਂ ਵੀ ਭਿੰਨ ਹੈ; ਕਿਉਂਕਿ ਇਤਹਾਸ ਉਸਾਰਨ ਦੀ ਇੱਕ ਕੋਸ਼ਿਸ਼ ਹੈ। ਬਚੀਆਂ ਰਹਿ ਗਈ ਉਗਾਹੀਆਂ ਦੇ ਬਲ ਉੱਪਰ ਇਹ ਮਨੁੱਖੀ ਕਾਰਜਾਂ ਅਤੇ ਗਤੀਵਿਧੀਆਂ ਦਾ ਇੱਕ ਬਿਰਤਾਂਤ ਉਸਾਰਦਾ ਹੈ। ਕਿਉਂਕਿ ਬਿਆਨਿਆ ਤਾਂ ਮਨੁੱਖੀ ਕਾਰਜਾਂ ਅਤੇ ਗਤੀਵਿਧੀਆਂ ਨੂੰ ਜਾਂਦਾ ਹੈ, ਇਸ ਲਈ ਇਸ ਬਿਰਤਾਂਤ ਦੇ ਬਹੁਤ ਕੁਝ ਨੂੰ ਮਨੁੱਖੀ ਪ੍ਰੇਰਣਾ ਦਾ ਸੰਕਲਪ ਅਰਥ ਦਿੰਦਾ ਹੈ, ਨਾਕਿ ਵਿਸ਼ੇਸ਼ ਢੰਗ ਨਾਲ ਤਿਆਰ ਕੀਤੇ ਗਏ ਸਿੱਧਾਂਤਕ ਸੰਕਲਪ। ਅਤੇ ਇਹ ਵੀ ਕਿ 'ਤੱਥਾਂ' ਦੀ ਸਥਾਪਤੀ ਅਪਣੇ ਆਪ ਵਿੱਚ ਇੱਕ ਅਜਿਹੀ ਪ੍ਰਕਿਰਿਆ ਹੈ ਜੋ ਬਿਰਤਾਂਤ ਦੀ ਉਸਾਰੀ ਤੋਂ ਅਲੱਗ ਨਹੀਂ ਕੀਤੀ ਜਾ ਸਕਦੀ।

***ਕਲਾ ਅਤੇ ਸੁਹਜ ਸ਼ਾਸਤਰ*** ਕਾਫੀ ਜਾਣੇ ਪਛਾਣੇ ਸ਼ਬਦ ਵਰਤਦੇ ਹਨ, ਜਿਵੇਂ ਕਿ 'ਲੈਅ', 'ਸੁਮੇਲ', 'ਪ੍ਰਗਟਾਵਾ' ਅਤੇ ਸੰਤੁਲਨ; ਹਾਲਾਂ ਕਿ ਇਨ੍ਹਾਂ ਸ਼ਬਦਾਂ ਨੂੰ ਨਵੇਂ ਅਰਥ ਅਤੇ ਪ੍ਰਯੋਗ ਲਈ ਨਵੀਂ ਪਹੁੰਚ ਦਿੰਦੇ ਹਨ। ਕਲਾ ਦੀਆਂ ਉਪਜਾਂ ਨੂੰ ਯਥਾਰਥ ਅਤੇ 'ਸੱਚ' ਦੇ ਹਵਾਲੇ ਨਾਲ ਨਹੀਂ ਵਿਚਾਰਿਆ ਜਾ ਸਕਦਾ। ਭਾਵੇਂ ਕਿ ਕਲਾ ਵਿੱਚ ਅੰਤਰਮੁਖੀ ਵਿਆਖਿਆ ਦੀ ਕਾਫੀ ਗੰਜਾਇਸ਼ ਹੈ, ਫਿਰ ਵੀ ਕਲਾਤਮਕ ਕਲਪਨਾ ਦਾ ਵਿਕਾਸ ਕਰਵਾਕੇ ਇਹ ਸਿਖਾਇਆ ਜਾ ਸਕਣਾਂ ਸੰਭਵ ਹੈ ਕਿ ਕੀ ਚੰਗਾ ਹੈ ਤੇ ਕੀ ਨਹੀਂ। ਕੁਝ ਇਸ ਤਰ੍ਹਾਂ ਦਾ ਅਲੋਚਨਾਤਮਕ ਨਿਰਣਾਂ ਲਿਆ ਜਾ ਸਕਦਾ ਹੈ।

***ਸਦਾਚਾਰ*** ਦਾ ਸਬੰਧ ਮਨੁੱਖੀ ਕਦਰਾਂ ਕੀਮਤਾਂ ਨਾਲ ਹੈ। ਉਹਨਾਂ ਨਿਯਮਾਂ, ਨੇਮਾਂ, ਮਿਆਰਾਂ ਅਤੇ ਆਦਰਸ਼ਾਂ ਨਾਲ ਵੀ ਹੈ ਜੋ ਉਹਨਾਂ ਕੀਮਤਾਂ ਨੂੰ ਪ੍ਰਗਟਾਵਾ ਦਿੰਦੇ ਹਨ। ਇਸ ਕਰਕੇ ਕਾਰਜ਼ ਅਤੇ ਚੋਣ ਦੇ ਸਬੰਧ ਵਿੱਚ ਸਦਾਚਾਰ

ਨੂੰ ਸੂਝ ਦੇ ਹੋਰ ਸਾਰੇ ਰੂਪਾਂ ਨਾਲੋਂ ਪਹਿਲ ਦੇਣੀ ਬਣਦੀ ਹੈ। ਸਦਾਚਾਰਕ ਸੂਝ ਵਿੱਚ ਸ਼ਾਮਲ ਹਨ ਫੈਸਲਿਆਂ ਦੇ ਕਾਰਣਾਂ ਦੀ ਸੂਝ। ਉਹ ਵੀ ਸ਼ਾਮਲ ਹੋਏ ਬੰਦਿਆਂ ਦੇ ਪ੍ਰਭਾਵ ਦੀ ਪਰਵਾਹ ਕੀਤੇ ਬਿਨਾਂ। ਇਹ ਵੀ ਕਿ ਅਜਿਹੇ ਕਾਰਣ ਹਰ ਕਿਸੇ ਲਈ ਹੀ ਕਾਰਣ ਹੋਣਗੇ। ਇਸ ਕਰਕੇ, ਕਾਰਣ, ਸਮਾਨਤਾ ਅਤੇ ਨਿੱਜੀ ਖੁਦਮੁਖਤਾਰੀ ਸਭ ਇੱਕ ਦੂਜੇ ਨਾਲ ਨੇੜਿਓਂ ਜੁੜੇ ਹੋਏ ਸੰਕਲਪ ਹਨ।

***ਫਿਲਾਸਫੀ*** – ਦਰਸ਼ਣ ਇੱਕ ਪਾਸੇ ਵਿਸ਼ਲੇਸ਼ਣਾਤਮਕ ਸਪੱਸ਼ਟਤਾ, ਮੁਲਾਂਕਣ ਅਤੇ ਸੰਜੋਗਵੀ ਸੰਚਾਲਨ ਨਾਲ ਜੁੜਿਆ ਹੋਇਆ ਹੈ। ਜ਼ਿੰਦਗੀ ਦੇ ਹਵਾਲੇ ਨਾਲ ਪਹਿਲਾਂ ਕਥੇ ਸੂਝ ਦੇ ਰੂਪਾਂ ਦੇ ਸੰਚਾਲਨ ਨਾਲ। ਦੂਜੇ ਪਾਸੇ ਇਹ ਸਮੁੱਚ ਨਾਲ, ਅੰਤਮ ਅਰਥ ਅਤੇ ਪਾਰ-ਅਨੁਭਵ ਨਾਲ।

ਮੂਲ ਸਮਰੱਥਾਵਾਂ, ਅਭਿਆਸ ਦਾ ਗਿਆਨ ਅਤੇ ਸੂਝ ਦੇ ਰੂਪ ਕੁਝ ਉਹ ਮੂਲ ਤਰੀਕੇ ਹਨ ਜਿਨ੍ਹਾਂ ਰਾਹੀਂ ਇਤਹਾਸ ਵਿੱਚ ਮਨੁੱਖੀ ਅਨੁਭਵ ਨੂੰ ਵਿਸਥਾਰਿਆ ਗਿਆ ਹੈ। ਮਨੁੱਖੀ ਕਾਰਜ਼ ਦੇ ਸਧਾਰਣ ਰੂਪਾਂ ਤੋਂ ਬਿਨਾਂ ਇਤਹਾਸ ਸਭ ਕਾਸ ਤੋਂ ਕੁਝ ਨਾ ਕੁਝ ਲੈਂਦਾ ਹੈ। ਉਦਾਰ ਧੰਦੇ, ਟੈਕਨਾਲੋਜੀ, ਕਾਰਖਾਨੇਂ ਅਤੇ ਵਪਾਰ ਆਦਿ ਸਭ ਦਾ ਇਤਹਾਸ ਹੈ। ਉਹ ਮਨੁੱਖੀ ਸਭਿਆਚਾਰ ਦਾ ਕੇਂਦਰ ਹਨ। ਕਮਲਪਨਾਂ ਅਤੇ ਆਲੋਚਨਾਤਮਕ ਸੋਚ ਬੜੇ ਹੀ ਸਹਿਜ ਢੰਗ ਨਾਲ ਸੂਝ ਅਤੇ ਦਲੀਲ ਨਾਲ ਜੁੜੇ ਹੋਏ ਹਨ, ਤੇ ਏਵੇਂ ਹੀ ਭਾਵ ਵੀ ਜੁੜੇ ਹਨ।

ਗਿਆਨ ਦੇ ਇਹਨਾਂ ਸਾਰੇ ਖੇਤਰਾਂ ਵਿੱਚੋਂ ਹਰ ਇੱਕ ਦੀ ਅਪਣੀ ਸ਼ਬਦਾਵਲੀ, ਸੰਕਲਪ, ਸਿੱਧਾਂਤ, ਵਰਨਣ ਅਤੇ ਵਿਧੀਆਂ ਹਨ। ਹਰ ਇੱਕ ਅਪਣਾਂ ਅਪਣਾਂ 'ਸ਼ੀਸ਼ਾ' ਪੇਸ਼ ਕਰਦਾ ਹੈ, ਜਿਸ ਨਾਲ ਜਗਤ ਦੇਖਿਆ ਜਾਣਾਂ ਹੈ, ਸਮਝਿਆ ਜਾਣਾਂ ਹੈ, ਇਹਦੇ ਨਾਲ ਜੁੜਨਾਂ ਹੈ, ਤੇ ਇਸ ਵਿੱਚ ਕਾਰਜ਼ ਵੀ ਕਰਨਾਂ ਹੈ। ਇਹ ਖੇਤਰ ਭੂਤਕਾਲ ਵਿੱਚ ਲੋਕਾਂ ਦੀਆਂ ਦਿੱਤੀਆਂ ਹੋਈਆਂ ਦੇਣਾਂ ਦੇ ਸਿਰ 'ਤੇ ਵਿਕਸਤ ਹੋਏ ਹਨ ਤੇ ਹੋਰ ਪ੍ਰਫੁੱਲਤ ਹੋ ਵੀ ਰਹੇ ਹਨ। ਅਪਣੀਆਂ ਸੰਰਚਨਾਵਾਂ ਅਤੇ ਅਪਣੇ ਬਲ-ਬਿੰਦੂਆਂ ਦੇ ਬਦਲ ਜਾਣ ਕਰਕੇ ਇਹ ਵੀ ਬਦਲ ਗਏ ਹਨ।

ਇਹਨਾਂ ਖੇਤਰਾਂ ਨੂੰ ਜਾਨਣ ਲੱਗਿਆਂ ਕਈ ਭਾਂਤਾਂ ਦੀਆਂ ਅਕਲਾਂ ਅਤੇ ਜਾਨਣ ਦੇ ਰੂਪ ਆਣ ਹਾਜ਼ਰ ਹੁੰਦੇ ਹਨ। ਜਿਵੇਂ ਕਿ ਸਪੱਸ਼ਟ ਦਲੀਲਸਾਜ਼ੀ ਅਤੇ ਉਚਾਰਣ ਦੇ 'ਰੂਪਵਾਦੀ ਆਯਾਮ', ਮੁਲਾਂਕਣ ਕਰਨ ਲਈ ਉਗਾਹੀ ਦੀ ਭਾਲ, 'ਪ੍ਰਯੋਗਾਤਮਕ', ਕੁਝ ਕਰਨ ਅਤੇ ਕਿਸੇ ਅਨੁਭਵ ਦੇ ਹੋਣ ਵਿੱਚੋਂ, ਸੰਚਾਲਤ ਕਰਨ, ਵਾਚਣ, ਅਤੇ ਕਿਰਿਆਤਮਕ ਅਮਲ ਦੇ ਸਹਿਜ ਰਾਹੀਂ ਹੋਇਆ ਮੌਨ ਜਾਨਣ। ਜਾਨਣ ਜੋ ਕਿਸੇ ਇੱਕ-ਸਵੈ ਜਾਂ ਦੂਜਿਆਂ ਦੇ ਨਾਲ ਸੰਪਰਕ-ਸੰਚਾਲਨ ਰਾਹੀਂ ਹੋਇਆ; ਜਿਸ ਨਾਲ ਕੁਝ ਕਰਨ ਜਾਂ ਕੁਝ ਸੰਭਵ ਹੋ ਗਿਆ, ਤੇ ਜਿਸ ਨਾਲ ਕਈ ਸਮੱਸਿਆਵਾਂ ਅਤੇ ਮੁੱਦਿਆਂ ਪ੍ਰਤੀ ਸੰਬੋਧਤ ਹੋਇਆ ਗਿਆ। ਇਹ ਵੀ ਤਦ ਹੋਇਆ ਜਦ ਕਾਰਜ ਦਾ

ਰਸਤਾ ਉਲੀਕਿਆ ਗਿਆ। ਸਿਰਜਣਾਤਮਕਤਾ ਅਤੇ ਕੁਸ਼ਲਤਾ ਗਿਆਨ ਅਤੇ ਜਾਨਣ ਦੇ ਅਜਿਹੇ ਸਾਰੇ ਰੂਪਾਂ ਦਾ ਅਨਿੱਖੜਵਾਂ ਅੰਗ ਹਨ।

**ਸਮਝ ਦੀਆਂ ਤੈਹਾਂ**

***ਬੋਧ:*** ਭਾਸ਼ਾ ਨੂੰ ਅਤੇ ਕਹੇ ਹੋਏ ਦੇ (ਭਾਸ਼ਕ) ਤੱਤਾਂ ਨੂੰ ਸਮਝਣਾਂ।

***ਹਵਾਲਾ***: ਇਹ ਸਮਝਣਾਂ ਕਿ ਕਾਹਦੇ ਬਾਰੇ ਕਿਹਾ ਜਾ ਰਿਹਾ ਹੈ, ਕਿਹੜੇ ਪ੍ਰੀਭਾਸ਼ਕ ਸ਼ਬਦਾਂ ਅਤੇ ਸੰਕਲਪਾਂ ਨੂੰ ਹਵਾਲਾ ਮਿਲ ਰਿਹਾ ਹੈ।

***ਗਿਅਨ***: ਇਹ ਸਮਝਣਾਂ ਕਿ ਉਗਾਹੀ ਕਿਸ ਦੀ ਬਣਦੀ ਹੈ, ਬਿਆਨ ਸੱਚਾ ਕਿਵੇਂ ਬਣਦਾ ਹੈ, ਸੱਚ ਦਾ ਨਿਰਣਾਂ ਲੈਣ ਲਈ ਉਗਾਹੀ ਪ੍ਰਾਪਤ ਕਿਵੇਂ ਕੀਤੀ ਜਾਂਦੀ ਹੈ।

***ਸਬੰਧਕ ਅਤੇ ਮਹੱਤਵ ਪੂਰਕ***: ਭਿੰਨ ਭਿੰਨ ਤੱਥਾਂ ਅਤੇ ਸੰਕਲਪਾਂ ਵਿਚਕਾਰ ਅੰਤਰ-ਸਬੰਧ ਸਥਾਪਤ ਕਰਕੇ ਸਮਝਣਾਂ ਤੇ ਉਨ੍ਹਾਂ ਨੂੰ 'ਜਾਣੀਆਂ ਚੀਜ਼ਾਂ' ਦੇ ਇੱਕ ਸੰਜੁਗਤ ਜਾਲ ਵਿੱਚ ਬੁਣ ਦੇਣਾਂ; ਚੀਜ਼ਾਂ ਦੇ ਵਿਚਲੇ ਰਿਸ਼ਤਿਆਂ ਨੂੰ ਅਤੇ ਇਨ੍ਹਾਂ ਰਿਸ਼ਤਿਆਂ ਦੇ ਮਹੱਤਵ ਨੂੰ ਉਨ੍ਹਾਂ ਚੀਜ਼ਾਂ ਦੇ ਸਬੰਧ ਵਿੱਚ ਜਾਨਣਾਂ।

ਮਨੁੱਖੀ ਸਭਿਆਚਾਰ ਅਤੇ ਗਿਆਨ ਦਾ ਇਹ ਭੰਡਾਰ ਅਤੇ ਜਾਨਣ ਤੇ ਕਈ ਕੁਝ ਕਰਨ ਦੇ ਤਰੀਕੇ ਆਦਿ ਸਭ ਮਨੁੱਖੀ ਸਮਾਜ ਦੀ ਵਿਰਾਸਤ ਦਾ ਇੱਕ ਬੜਾ ਕੀਮਤੀ ਹਿੱਸਾ ਹਨ। ਸਾਡੇ ਸਾਰੇ ਬੱਚਿਆਂ ਦਾ ਇਸ ਗਿਆਨ ਤੱਕ ਪਹੁੰਚ ਹੋਣ ਦਾ ਹੱਕ ਹੈ। ਸਿਖਕੇ ਅਪਣੀ ਆਮ ਸੂਝ ਸ਼ਕਤੀ ਨੂੰ ਮਾਲਾਮਾਲ ਕਰ ਲੈਣ ਦਾ ਹੱਕ ਹੈ, ਤਾਂ ਜੋ ਉਹ ਇਨ੍ਹਾਂ ਸ਼ੀਸ਼ਿਆਂ ਦੇ ਮਾਧਿਅਮ ਰਾਹੀਂ ਅਪਣੇ ਆਪ ਨੂੰ, ਕੁਦਰਤ ਦੇ ਜਗਤ ਨੂੰ ਅਤੇ ਲੋਕਾਈ ਨੂੰ ਖੋਜ਼ ਸਕਣ।

## 2.6 ਗਿਆਨ ਦਾ ਪੁਨਰ-ਸਿਰਜਣ

ਸੂਝ ਦੀਆਂ ਇਹੀ ਸਮਰੱਥਾਵਾਂ, ਅਭਿਆਸ ਅਤੇ ਕੌਸ਼ਲ ਹਨ, ਜਿੰਨ੍ਹਾਂ ਨੂੰ ਅਸੀਂ ਸਕੂਲ ਦੇ ਪਾਠਕ੍ਰਮ ਦੇ ਰਾਹੀਂ ਵਿਕਸਤ ਕਰਨਾਂ ਚਹੁੰਦੇ ਹਾਂ। ਇਹਨਾਂ ਵਿੱਚੋਂ ਕੁਝ ਤਾਂ 'ਵਿਸ਼ਿਆਂ' ਦੇ ਰੂਪ ਵਿੱਚ ਸਹਿਜੇ ਹੀ ਰੂਪਕਰਿਤ ਹੋਣ ਲਈ ਅਪਣੇ ਆਪ ਨੂੰ ਪੇਸ਼ ਕਰ ਦਿੰਦੇ ਹਨ, ਜਿਵੇਂ ਕਿ ਗਣਿਤ ਸ਼ਾਸਤਰ, ਇਤਹਾਸ, ਕੁਦਰਤੀ ਵਿਗਿਆਨ ਅਤੇ ਦ੍ਰਿਸ਼ ਕਲਾਵਾਂ। ਦੂਜੇ, ਜਿਸ ਤਰ੍ਹਾਂ ਕਿ ਸਦਾਚਾਰਕ ਸੂਝ ਨੂੰ ਵਿਸ਼ਿਆਂ ਅਤੇ ਕਾਰਜ਼ਾਂ ਵਿੱਚ ਗੁੰਦਣ ਦੀ ਲੋੜ ਹੈ, ਭਾਸ਼ਾ ਦੀਆਂ ਮੂਲ ਸਮਰੱਥਾਵਾਂ ਲਈ ਵੀ ਦੋਨਾਂ ਵਿਧੀਆਂ ਦੀ ਜਰੂਰਤ ਹੈ, ਜਦੋਂ ਕਿ ਸੁਹਜਾਤਮਕ ਸੂਝ ਅਸਾਨੀਂ ਨਾਲ ਦੋਨਾਂ ਪਹੁੰਚਾਂ ਦੇ ਅਨੁਕੂਲ ਬਣ ਜਾਂਦੀ ਹੈ। ਇਹਨਾਂ ਸਾਰੇ ਖੇਤਰਾਂ ਨੂੰ ਪ੍ਰਾਸਾਰਣ ਸਬੰਧਤ ਗਤੀਵਿਧੀਆਂ ਦੇ ਮੌਕਿਆਂ ਦੀ, ਥੀਮੈਟਿਕ ਅਤੇ ਅੰਤਰ-ਵਿਸ਼ੇਗਤ ਅਧਿਐਨ ਦੇ ਕੋਰਸਾਂ ਦੀ, ਵਿਸ਼ੈ-ਖੇਤਰਾਂ ਦੀਆਂ ਫੇਰੀਆਂ ਦੀ, ਲਾਇਬਰੇਰੀਆਂ ਅਤੇ ਪ੍ਰਯੋਗਸ਼ਾਲਾਵਾਂ ਆਦਿ ਦੀ ਜਰੂਰਤ ਹੈ।

ਗਿਆਨ ਪ੍ਰਤੀ ਇਹ ਪਹੁੰਚ 'ਤੱਥਾਂ' ਦੇ ਅਪਣੇ ਵਿੱਚ ਹੀ ਸਭ ਕੁਝ ਹੋਣ ਦੀ ਥਾਂ ਤੱਥਾਂ ਨੂੰ ਉਸ ਪ੍ਰਕਿਰਿਆ ਵਿੱਚ ਟਿਕਾਅ ਦੇਂਣ ਉੱਪਰ ਅਧਾਰਤ ਹੈ, ਜਿਸ ਪ੍ਰਕਿਰਿਆ ਦੇ ਕਾਰਣ ਇਹ ਤੱਥ ਜਾਨਣ ਵਿੱਚ ਆਉਂਦੇ ਹਨ। ਇਹਨਾਂ ਤੱਥਾਂ ਦੀ ਤਹਿ ਤੋਂ ਹੇਠਾਂ ਤੁਰ ਜਾਣ, ਉਹਨਾਂ ਵਿਚਕਾਰ ਡੂੰਘੇ ਰਿਸ਼ਤਿਆਂ ਤੱਕ ਪਹੁੰਚਣ ਉੱਪਰ ਵੀ ਹੈ, ਜੋ ਉਨ੍ਹਾਂ ਨੂੰ ਅਰਥ ਅਤੇ ਮਹੱਤਵ ਦਿੰਦੇ ਹਨ।

ਭਾਰਤ ਵਿੱਚ ਅਸੀਂ ਇੱਕ ਭਾਂਤ ਦੀ ਪਰੰਪਰਾ ਦੀ ਪਾਲਣਾਂ ਕਰਦਿਆਂ ਇੱਕ ਵਿਸ਼ੈ ਅਧਾਰਤ ਪਹੁੰਚ ਅਪਣਾਉਂਦੇ ਆਏ ਹਾਂ। ਪਾਠਕ੍ਰਮ ਨੂੰ ਸੰਗਠਤ ਕਰਨ ਲਈ ਕੇਵਲ ਸਥਾਪਤ ਮਜ਼ਮੂੰਨਾਂ ਵਿੱਚੋਂ ਹੀ ਮਸਾਲਾ ਲੈਂਦੇ ਰਹੇ ਹਾਂ। ਇਹ ਪਰੰਮਪਰਾ ਵਿਧੀ ਨੂੰ ਅਕਸਰ ਪਾਠ-ਪੁਸਤਕਾਂ ਵਿੱਚ 'ਸਿੱਕੇਬੱਧ' ਕੀਤਾ ਹੋਇਆ ਮੰਨਦੀ ਹੈ। ਇਹਦੇ ਨਾਲ ਹੀ ਗਿਆਨ ਤੱਕ ਪਹੁੰਚ ਸਕਣ ਵਾਲੇ ਇਮਤਿਹਾਨਾਂ ਦੇ ਨਾਲ ਜੁੜੇ ਕ੍ਰਿਆ-ਕਾਂਡ ਆ ਢੁੱਕਦੇ ਹਨ। ਵਿਸ਼ੈ-ਖੇਤਰਾਂ ਵਿੱਚਲੀ ਯੋਗਤਾ ਦਾ ਫੈਸਲਾ ਕਰਨ ਲਈ ਅੰਕ ਵੀ ਪਰਵੇਸ਼ ਪਾਉਂਦੇ ਹਨ। ਇਸ ਪਹੁੰਚ ਨਾਲ ਸਾਡੇ ਸਿੱਖਿਆ ਪ੍ਰਬੰਧ ਵਿੱਚ ਕਈ ਸਮੱਸਿਆਵਾਂ ਪੈਦਾ ਹੋਈਆਂ ਹਨ।

ਪਹਿਲੀ, ਜੋ ਖੇਰਤ ਪਾਠ-ਪੁਸਤਕਾਂ ਵਿੱਚ ਸੰਗਠਤ ਹੋਣ ਦੇ ਯੋਗ ਸਿੱਧ ਨਹੀਂ ਹੁੰਦੇ, ਅਤੇ ਜਿਨ੍ਹਾਂ ਨੂੰ ਅੰਕਾਂ ਵਾਲੇ ਇਮਤਿਹਾਨ ਦੇ ਵੀ ਮਾਫਕ ਨਹੀਂ ਸਮਝਿਆ ਜਾਂਦਾ, ਉਹ 'ਵਾਧੂ' ਗਰਦਾਨ ਦਿੱਤੇ ਜਾਂਦੇ ਹਨ। 'ਸਹ-ਪਾਠਕ੍ਰਮਕ' ਦੱਸੇ ਜਾਂਦੇ ਹਨ। ਪਾਠਕ੍ਰਮ ਦਾ ਅਨਿੱਖੜ ਹਿੱਸਾ ਹੋਣ ਦੀ ਥਾਂ ਲਾਂਭੇ ਕਰ ਦਿੱਤੇ ਜਾਂਦੇ ਹਨ। ਇਹਨਾਂ ਨੂੰ ਅਧਿਆਪਕਾਂ ਦੀ ਤਿਆਰੀ ਵਿੱਚ, ਸਕੂਲ ਦੇ ਸਮੇਂ ਵਿੱਚੋਂ ਕਦੇ ਹੀ ਉਹ ਵਕਤ ਨਸੀਬ ਹੁੰਦਾ, ਜੋ ਇਹਨਾਂ ਨੂੰ ਮਿਲਣਾਂ ਚਾਹੀਦਾ ਹੈ। ਦਸਤਕਾਰੀ ਅਤੇ ਖੇਡ੍ਹਾਂ ਵਰਗੇ ਗਿਆਨ ਖੇਤਰ ਵਿੱਚ ਕੌਸ਼ਲ, ਸੁਹਜ ਸ਼ਾਸਤਰ, ਸਿਰਜਣਾਤਮਕਤਾ, ਨਿਪੁੰਨਤਾ ਅਤੇ ਟੀਮ ਵਰਕ ਦੀ ਸਮਰੱਥਾ ਨੂੰ ਕਾਫੀ ਬਲ ਪਰਦਾਨ ਕਰ ਸਕਣ ਦੀ ਸੰਭਾਵਨਾਂ

ਹੈ। ਇਨ੍ਹਾਂ ਨੂੰ ਵੀ ਲਾਂਭੇ ਹੋ ਜਾਣਾਂ ਪੈਂਦਾ ਹੈ। ਕੰਮ-ਧੰਦੇ ਵਰਗੇ ਗਿਆਨ ਦੇ ਖੇਤਰ ਅਤੇ ਉਨ੍ਹਾਂ ਨਾਲ ਜੁੜੀਆਂ ਅਭਿਆਸ ਵਾਲੀਆਂ ਅਕਲਾਂ ਪੂਰੀ ਤਰ੍ਹਾਂ ਨਜ਼ਰੋਂ ਵਿੱਸਰ ਜਾਂਦੀਆਂ ਹਨ। ਸਾਡੇ ਕੋਲ ਹਾਲੇ ਵੀ ਕੋਈ ਅਜਿਹਾ ਪਾਠਕ੍ਰਮ ਦਾ ਭਲੀਭਾਂਤ ਕੰਮ ਕਰਦਾ ਸਿੱਧਾਂਤ ਨਹੀਂ ਹੈ ਜਿਸ ਨਾਲ ਗਿਆਨ, ਕੌਸ਼ਲ ਅਤੇ ਰਵੱਈਏ ਆਦਿ ਦੇ ਖੇਤਰਾਂ ਦੇ ਵਿਕਾਸ ਦੀ ਖਾਤਰ ਮਦਦ ਹੋ ਸਕੇ।

ਦੂਜੀ, ਵਿਸ਼ੈ-ਖੇਤਰ ਦਿਵਾਰਾਂ ਨਾਲ ਕੱਜੀਆਂ ਭਿੰਨਤਾਵਾਂ ਹੋਣ ਲੱਗਦੇ ਹਨ। ਸਿੱਟੇ ਵਜੋਂ ਗਿਆਨ ਵਿੱਚ ਤ੍ਰੇੜਾਂ ਵਾਪਰ ਗਈਆਂ ਲੱਗਦੀਆਂ ਹਨ, ਤੇ ਗਿਆਨ ਸੰਗਠਤ ਅਤੇ ਸੁਜੋੜ ਨਹੀਂ ਰਹਿੰਦਾ। ਇਉਂ ਗਿਆਨ ਬੱਚੇ ਦੇ ਜਗਤ ਨੂੰ ਦੇਖਣ ਦੇ ਤਰੀਕੇ ਦੀ ਥਾਂ ਵਿਸ਼ੈ ਦਾ ਅਰੰਭਕ ਬਿੰਦੂ ਬਣ ਬੈਠਦਾ ਹੈ। ਸਕੂਲ ਦੇ ਅੰਦਰਲੇ ਗਿਆਨ ਅਤੇ ਬਾਹਰਲੇ ਗਿਆਨ ਦੇ ਗਿਰਦ ਹੱਦਾਂ ਉੱਗ ਆਉਂਦੀਆਂ ਹਨ।

ਤੀਜੀ, ਜੋ ਪਹਿਲਾਂ ਹੀ ਜਾਣਿਆਂ ਹੋਇਆ ਹੈ, ਉਹ ਜੋਰ ਫੜ੍ਹ ਜਾਂਦਾ ਹੈ। ਬੱਚੇ ਦੀ ਅਪਣੇ ਆਪ ਗਿਆਨ ਸਿਰਜਣ ਦੀ ਸਮਰੱਥਾ ਤੇ ਜਾਨਣ ਦੇ ਨਵੇਂ ਤਰੀਕੇ ਲੱਭਣ ਦੀ ਯੋਗਤਾ ਮਾਤ ਪੈ ਜਾਂਦੀ ਹੈ। ਗਿਆਨ ਦੀ ਜਗਾਹ ਸੂਚਨਾਂ ਪਹਿਲ ਲੈ ਲੈਂਦੀ ਹੈ। ਨਤੀਜਾ ਹੁੰਦਾ ਹੈ ਕਿ ਬੜੀਆਂ ਭਾਰੀਆਂ ਭਾਰੀਆਂ ਪਾਠ-ਪੁਸਤਕਾਂ ਤਿਆਰ ਹੋਣ ਲੱਗਦੀਆਂ ਹਨ। 'ਪ੍ਰਸ਼ਨੋਤਰੀ' ਅਤੇ ਮਕਾਂਨਕੀ ਢੰਗ ਨਾਲ ਯਾਦ ਕਰਨ ਦੇ ਤਰੀਕੇ ਰਾਜ ਕਰਨ ਲਗਦੇ ਹਨ। ਸਮਝ ਸਕਣ ਅਤੇ ਸਮੱਸਿਆ ਨਿਵਾਰਣ ਮਨਫੀ ਹੋ ਜਾਂਦੇ ਹਨ। ਸੂਚਨਾਂ ਨੂੰ ਗਿਆਨ ਸਮਝ ਬੈਠਣ ਵਾਲੀ ਗਲਤੀ ਕਰਨ ਵਾਲਾ ਇਹ ਝੁਕਾਅ ਪਾਠਕ੍ਰਮ ਨੂੰ ਬਹੁਤ ਸਾਰੇ ਘੋਟਾ ਲਾਏ ਜਾਣ ਵਾਲੇ ਤੱਥਾਂ ਨਾਲ ਲੱਦਿਆ ਜਾਣ ਤੱਕ ਲੈ ਜਾਂਦਾ ਹੈ।

ਚੌਥੀ, 'ਨਵੇਂ ਵਿਸ਼ਿਆਂ' ਨੂੰ ਵੀ ਸ਼ਾਮਲ ਕਰਨ ਦਾ ਇੱਕ ਮੁੱਦਾ ਹੈ। ਸਮਾਜ ਦੇ ਤੱਤਕਾਲੀਨ ਮਸਲਿਆਂ ਨੂੰ ਸੰਬੋਧਨ ਕਰਨ ਵਾਲੇ ਵਿਸ਼ਿਆਂ ਦੀ ਜਰੂਰਤ ਹੈ। ਪਰ ਨਾਲ ਹੀ ਇੱਕ ਬੇਸਮਝੀ ਭਰਿਆ ਝੁਕਾਓ ਵੀ ਹੈ ਕਿ ਅਜਿਹੇ ਮਸਲਿਆਂ ਨੂੰ ਸੰਬੋਧਨ ਕਰਨ ਲਈ ਸਕੂਲੀ ਪਾਠਕ੍ਰਮ ਵਿੱਚ ਨਵੇਂ ਵਿਸ਼ਿਆਂ ਨੂੰ 'ਸਿਰਜਕ' ਸਬੰਧਤ ਪਾਠ-ਪੁਸਤਕਾਂ ਵੀ ਤਿਆਰ ਕਰਵਾਈਆਂ ਜਾਣ। ਉਹਨਾਂ ਦੇ ਮੁਲਾਂਕਣ ਵਾਸਤੇ ਵਿਧੀਆਂ ਵੀ ਤਿਆਰ ਕੀਤੀਆਂ ਜਾਣ। ਇਹਨਾਂ ਮਸਲਿਆਂ ਨੂੰ ਕਿਤੇ ਜ਼ਿਆਦਾ ਚੰਗੇ ਢੰਗ ਨਾਲ ਸੰਬੋਧਤ ਹੋਇਆ ਜਾ ਸਕਦਾ ਹੈ, ਜੇ ਇਨ੍ਹਾਂ ਨੂੰ ਪਾਠਕ੍ਰਮ ਵਿੱਚ ਪਹਿਲਾਂ ਹੀ ਹੈਗੇ ਵਿਸ਼ਿਆਂ ਦੇ ਅੰਤਰਗਤ ਰੱਖਿਆ ਜਾਵੇ ਅਤੇ ਚੱਲ ਰਹੀਆਂ ਗਤੀਵਿਧੀਆਂ ਨਾਲ ਹੀ ਲੈ ਲਿਆ ਜਾਵੇ। ਇਹ ਕਹਿੰਣ ਦੀ ਹੋਰ ਲੋੜ ਨਹੀਂ ਹੈ ਕਿ ਹੋਰ ਨਵੇਂ ਵਿਸ਼ੈ ਜੋੜ ਲੈਣ ਨਾਲ ਪਾਠਕ੍ਰਮ ਦਾ ਸਿਰਫ ਭਾਰ ਹੀ ਹੋਰ ਵਧਦਾ ਹੈ, ਤੇ ਗਿਆਨ ਵਿੱਚ ਬੇਲੋੜੀ ਰਖਣੇ ਵੰਡ ਹੋਰ ਵੀ ਵਧਦੀ ਹੈ।

ਅੰਤਲੀ, ਪਾਠਕ੍ਰਮ ਵਿੱਚ ਸ਼ਾਮਲ ਕਰਨ ਵਾਸਤੇ ਗਿਅਨ ਦੀ ਚੋਣ ਕਰਨ ਵਾਲੇ ਨੇਮ ਕੋਈ ਬਹੁਤ ਚੰਗੀ ਤਰ੍ਹਾਂ ਨਹੀਂ ਬਣੇ ਹੋਏ। ਇਸ ਵਿੱਚ ਵਿਕਾਸਮਈ ਢੁਕਣਯੋਗਤਾ ਪ੍ਰਤੀ ਦਿੱਤਾ ਜਾ ਰਿਹਾ ਧਿਆਨ ਅਧੂਰਾ ਹੈ। ਤਾਰਕਿਕ ਕ੍ਰਮ ਅਤੇ ਗਰੇਡਾਂ ਵਿਚਕਾਰ ਜੋੜ-ਕੜੀਆਂ ਦੀ ਘਾਟ ਹੈ। ਸਮੁੱਚਾ ਫਾਸਲਾ ਅਧੂਰਾ ਹੈ। ਪਹਿਲੇ ਸੰਕਲਪਾਂ ਤੱਕ ਵਾਪਸ ਪਰਤਣ ਲਈ ਸਾਧਨ ਜਾਂ ਤਾਂ ਹਨ ਹੀ ਨਹੀਂ, ਤੇ ਜਾਂ ਨਾਮ ਮਾਤਰ ਹਨ। ਹੋਰ ਇਹ ਕਿ ਉਹ ਸੰਕਲਪ ਜੋ ਦਿੱਤੇ ਵਿਸ਼ੈ-ਖੇਤਰਾਂ ਤੋਂ ਪਾਰ ਜਾਂਦੇ ਹਨ, ਜਿਵੇਂ ਕਿ ਸੈਕੰਡਰੀ ਸਕੂਲ ਦੇ ਗਣਿਤ ਸ਼ਾਸਤਰ ਅਤੇ ਭੌਤਕ ਵਿਗਿਆਨ ਵਿੱਚ, ਇੱਕ ਦੂਜੇ ਦੇ ਸਬੰਧ ਵਿੱਚ ਨਹੀਂ ਰੱਖੇ ਗਏ।

## 2.7 ਬੱਚਿਆਂ ਦਾ ਗਿਆਨ ਅਤੇ ਸਥਾਨਕ ਗਿਆਂਨ

ਬੱਚੇ ਦਾ ਭਾਈਚਾਰਾ ਅਤੇ ਸਥਾਨਕ ਵਾਤਾਵਰਣ ਉਹ ਮੁਢੱਲਾ ਸੰਧਰਭ ਸਾਜਦੇ ਹਨ ਜਿਸ ਦੇ ਅੰਤਰਗਤ ਜਾਨਣ ਵਾਪਰਦਾ ਹੈ ਅਤੇ ਜਿਸ ਵਿੱਚ ਗਿਆਨ ਮਹੱਤਵ ਹਾਂਸਲ ਕਰਦਾ ਹੈ। ਇਹ ਵਾਤਾਵਰਣ ਹੀ ਹੈ ਜਿਸ ਨਾਲ ਸੰਵਾਦ ਰਚਾਕੇ ਉਹ ਗਿਆਨ ਨਿਰਮਾਣ ਕਰਦਾ ਹੈ ਅਤੇ ਅਰਥ ਸਿੰਚਦਾ ਹੈ। ਹਾਲਾਂ ਕਿ ਇਹ ਖੇਤਰ ਆਮ ਕਰਕੇ ਪਾਠ-ਪੁਸਤਕਾਂ ਦੀ ਸੰਕਲਪਣਾ ਅਤੇ ਸਿੱਖਿਅਕ ਅਭਿਆਸ, ਦੋਨਾਂ ਵਿੱਚ ਹੀ ਅਣਗੌਲਿਆ ਰਿਹਾ ਹੈ, ਏਸੇ ਕਰਕੇ ਇਸ ਦਸਤਾਵੇਜ਼ ਵਿੱਚ ਅਸੀਂ ਸਿੱਖਿਆ ਦੇ ਸੰਕਲਪੀਕਰਣ ਉੱਪਰ ਬਲ ਦਿੰਦੇ ਹਾਂ। ਸਿੱਖਣ ਨੂੰ ਬੱਚੇ ਦੇ ਅਪਣੇ ਸੰਧਰਭ ਵਿੱਚ ਟਿਕਾਅ ਦੇਣ ਦੀ ਕਹਿੰਦੇ ਹਾਂ। ਸਕੂਲ ਅਤੇ ਇਸ ਦੇ ਕੁਦਰਤੀ ਤੇ ਸਮਾਜਕ ਵਾਤਾਵਰਣ ਵਿਚਲੀਆਂ ਹੱਦਾਂ ਨੂੰ ਮੋਕਲਾ ਕਰਨ ਲਈ ਕਹਿ ਰਹੇ ਹਾਂ।

ਇਸ ਦਾ ਕਾਰਣ ਏਨਾਂ ਹੀ ਨਹੀਂ ਹੈ ਕਿ ਸਥਾਨਕ ਵਾਤਾਵਰਣ ਅਤੇ ਬੱਚੇ ਦੇ ਅਪਣੇ ਅਨੁਭਵ, ਗਿਆਨ ਦੇ ਵਿਸ਼ਿਆਂ ਦੇ ਅਧਿਅਨ ਵਿੱਚ ਉਤਰਣ ਦਾ ਉਹ ਸਭ ਤੋਂ ਵਧੀਆ 'ਪ੍ਰਵੇਸ਼ ਬਿੰਦੂ' ਬਣਦੇ ਹਨ, ਸਗੋਂ ਇਹ ਇਸ ਲਈ ਕਿ *ਗਿਆਨ ਨੇ ਜਗਤ ਨਾਲ ਜੁੜਨਾਂ ਵੀ ਹੈ*। ਇਹ ਕਿਸੇ ਲਕਸ਼ ਦਾ ਸਾਧਨ ਨਹੀਂ ਹੈ, ਸਗੋਂ ਸਾਧਨ ਅਤੇ ਲਕਸ਼ ਦੋਨੋਂ ਹੈ। ਪਰ ਇਹ ਸਾਡੇ ਤੋਂ ਏਨੀਂ ਉਮੀਦ ਨਹੀਂ ਕਰਦਾ ਕਿ ਗਿਆਨ ਨੂੰ ਉਸ ਵਿੱਚ ਘਟਾਅ ਦਿੱਤਾ ਜਾਵੇ ਜੋ ਕਾਰਜਕਾਰੀ ਹੈ ਤੇ ਇੱਕ ਦੰਮ ਢੁਕਵਾਂ ਵੀ। ਹੋਣਾਂ ਇਹ ਹੈ ਕਿ ਗਿਆਨ ਨੂੰ ਜਗਤ ਨਾਲ ਜੋੜਕੇ ਇਸ ਦੀ ਗਤੀਸ਼ੀਲਤਾ ਦਾ ਅਹਿਸਾਸ ਕੀਤਾ ਜਾਵੇ।

ਜਿੰਨੀਂ ਦੇਰ ਸਿੱਖਿਅਕ ਅਪਣੀਆਂ ਨਿੱਜੀ ਧਾਰਨਾਵਾਂ ਨੂੰ ਪਾਠ-ਪੁਸਤਕਾਂ ਵਿੱਚ ਪੇਸ਼ ਹੋਏ ਸੰਕਲਪਾਂ ਵਿੱਚੋਂ ਟੋਲ ਨਹੀਂ ਲੈਂਦੇ, ਅਤੇ ਇਸ ਗਿਆਨ ਨੂੰ ਅਪਣੇ ਸਮਾਜ ਦੇ ਅਨੁਭਵਾਂ ਨਾਲ ਜੋੜ ਨਹੀਂ ਲੈਂਦੇ, ਗਿਆਨ ਕੇਵਲ ਸੂਚਨਾਂ ਦੀ ਪੱਧਰ ਤੱਕ ਘਟਕੇ ਰਹਿ ਜਾਂਦਾ ਹੈ। ਇਹ ਓਦੋਂ ਵਾਪਰਦਾ ਹੈ ਜਦ ਅਸੀਂ ਇਸ ਗੱਲ ਦੀ ਪਰਖ ਕਰਨਾਂ ਚਹੁੰਦੇ ਹਾਂ ਕਿ ਸਿੱਖਣ ਭਾਈਚਾਰਕ ਜੀਵਨ ਦੀ ਭਵਿਖਵਰਤੀ ਦ੍ਰਿਸ਼ਟੀ ਨਾਲ ਕਿਵੇਂ ਜੁੜਦਾ ਹੈ। ਏਥੇ ਇਹ

ਅਨਿਵਾਰੀ ਹੈ ਕਿ ਮੰਥਨ ਨੂੰ ਇਹ ਜਾਨਣ ਲਈ ਪ੍ਰੋਸਾਹਤ ਕੀਤਾ ਜਾਵੇ ਕਿ *ਕੁਝ ਜਾਣ ਲੈਂਣ ਦਾ ਕੀ ਅਰਥ ਬਣਦਾ ਹੈ* ਅਤੇ ਸਿਖ ਲਏ ਗਏ ਨੂੰ ਵਰਤਿਆ ਕਿਵੇਂ ਜਾਵੇ। ਇਹ ਵੀ ਜਰੂਰੀ ਹੈ ਕਿ ਸਿੱਖਿਅਕ ਨੂੰ ਅਪਣੀ ਖੁਦ ਦੀ ਸਿਖਲਾਈ ਦਾ ਪ੍ਰਤੀਕਿਰਿਆਸ਼ੀਲ ਭਾਗੀ ਸਵੀਕਾਰ ਕੀਤਾ ਜਾਵੇ।

### *ਗਿਆਨ ਦੀ ਚੋਣ*

ਗਿਆਨ ਦੇ ਅਧਿਕਾਰ-ਖੇਤਰ ਬੇਤਹਾਸ਼ਾ ਫੈਲ ਚੁੱਕੇ ਹਨ। ਇਉਂ ਇਸ ਵਿੱਚੋਂ ਇਹ ਚੁਣਨਾਂ ਜਰੂਰੀ ਹੈ ਕਿ ਪਾਠਕ੍ਰਮ ਵਿੱਚ ਕੀ ਰੱਖਿਆ ਜਾਵੇ ਅਤੇ ਕੀ ਨਾਂ।

***ਢੁਕਣਤਾ:*** ਗਿਅਨ ਦੀ ਚੋਣ ਬੜੀਆਂ ਕਾਰਜ਼ਕਾਰੀ ਜਿਹੀਆਂ ਚੋਣਾਂ ਸਹਮਣੇ ਲਿਆ ਸਕਦੀ ਹੈ, ਜੋ ਪਿਛਲੀ ਉਮਰ ਦੀ ਜ਼ਿੰਦਗੀ ਦੀਆਂ ਜਰੂਰਤਾਂ ਵਿੱਚ ਸਹਾਇਕ ਹੋਣ ਵਾਲੇ ਵਿਚਾਰਾਂ ਦੀ ਸੇਧੇ ਕੀਤੀਆਂ ਜਾ ਸਕਦੀ ਹਨ। ਹੋ ਸਕਦਾ ਹੈ ਕਿ ਇਹ ਵਾਰਤਮਾਨ ਵਿੱਚ ਬੱਚਿਆਂ ਦੇ ਗਿਆਨ ਨਿਰਮਾਣ ਦੇ ਨਾਲ ਪੂਰੀ ਤਰ੍ਹਾਂ ਅਣ-ਢੁਕਵੀਂ ਹੋਵੇ ਅਤੇ ਭਵਿੱਖ ਵਿੱਚ ਵੀ ਸਿੱਖਣ ਦੇ ਕਿਸੇ ਕੰਮ ਨਾ ਆ ਸਕੇ।

***ਦਿਲਚਸਪੀ:*** ਇਹ ਇੱਕ ਕਾਰਗਾਰ ਮਾਪ ਹੈ। ਪਰ ਇਸ ਨੂੰ ਬੜੇ ਸਿੱਧੇ ਜਿਹੇ ਵਿਚਾਰਾਂ ਵਿੱਚ ਘਟਾਇਆ ਨਹੀਂ ਜਾਣਾਂ ਚਾਹੀਦਾ: ਬੱਚਿਆਂ ਨੂੰ ਕੀ ਚੰਗਾ ਲੱਗਦਾ ਹੈ, ਜਿਵੇਂ ਕਿ ਕਾਰਟੂਨਾਂ ਦੀਆਂ ਸ਼ਕਲਾਂ, ਜਾਂ ਖੇਡ੍ਹਾਂ। ਸਗੋਂ ਇਸ ਮਾਪ ਨੂੰ ਬੱਚੇ ਨੂੰ ਲਗਾਅ ਸਕਣ ਅਤੇ ਉਸ ਦੀ ਦਿਲਚਸਪੀ ਬਣਾਈ ਰੱਖਣ, ਹਥਲੇ ਕੰਮ ਵਿੱਚ ਖੁਦ ਦੀ ਰੁਚੀ ਬਣਾਈ ਰੱਖਣ ਵਾਲੀ ਪ੍ਰਤੀਭਾ ਦੇ ਰੂਪ ਵਿੱਚ ਦੇਖਿਆ ਜਾਵੇ।

***ਅਰਥ ਭਰਪੂਰਤਾ:*** ਬੜਾ ਮਹੱਤਵਪੂਰਣ ਮਾਪ ਹੈ। ਕੇਵਲ ਤਦ ਹੀ ਗਿਆਨ ਦੇ ਕਿਸੇ ਰੂਪ ਦਾ ਪਾਠਕ੍ਰਮ ਵਿੱਚ ਸ਼ਾਮਲ ਕੀਤਾ

ਜਣਾ ਨਿਆਂਸੰਗਤ ਹੈ ਜੇ ਬੱਚਾ ਸਿਖੇ ਜਾ ਰਿਹੇ ਗਿਆਨ ਨੂੰ ਅਰਥ ਭਰਪੂਰ ਸਮਝੇ।

ਬੱਚੇ ਹਰ ਅਗਲੇ ਦਿਨ ਅਪਣੇ ਆਲੇ ਦੁਆਲੇ ਵਾਲੀ ਦੁਨੀਆਂ ਦੇ ਅਨੁਭਵ ਅਪਣੇ ਨਾਲ ਲੈਕੇ ਸਕੂਲ ਆਉਂਦੇ ਹਨ – ਉਹ ਰੁੱਖ ਜਿੰਨ੍ਹਾਂ ਉੱਤੇ ਉਹ ਚੜ੍ਹੇ ਸਨ, ਉਹ ਫਲ ਜੋ ਉਨ੍ਹਾਂ ਖਾਧੇ ਸਨ, ਤੇ ਉਹ ਪੰਛੀ ਜੋ ਉਨ੍ਹਾਂ ਨੂੰ ਚੰਗੇ ਲੱਗੇ ਆਦਿ। ਸਭ ਬੱਚੇ ਜਾਗਰੂਕ ਹੁੰਦੇ ਹਨ ਦਿਨ ਅਤੇ ਰਾਤ ਦੇ ਕੁਦਰਤੀ ਚੱਕਰ ਤੋਂ, ਉਸ ਮੌਸਮ ਤੇ ਪਾਣੀ ਤੋਂ, ਉਹਨਾਂ ਪੌਦਿਆਂ ਅਤੇ ਜਾਨਵਰਾਂ ਤੋਂ, ਜਿੰਨ੍ਹਾਂ ਨੇ ਉਨ੍ਹਾਂ ਨੂੰ ਘੇਰ ਰੱਖਿਆ ਹੁੰਦਾ ਹੈ।

ਜਦ ਬੱਚੇ ਪਹਿਲੀ ਜਮਾਤ ਵਿੱਚ ਦਾਖਲ ਹੁੰਦੇ ਹਨ ਤਾਂ ਉਹਨਾਂ ਦੀ ਭਾਸ਼ਾ ਦਾ ਆਧਾਰ ਕਾਫੀ ਭਰਵਾਂ ਹੁੰਦਾ ਹੈ। ਕਿਨ੍ਹੀਆਂ ਸਾਰੀਆਂ ਪ੍ਰਕਿਰਿਆਵਾਂ ਦੇ ਮੁੱਢਲੇ ਰੂਪ ਤਿਆਰ ਹੋਏ ਹੁੰਦੇ ਹਨ। ਫਿਰ ਵੀ ਅਸੀਂ ਕਦੇ ਹੀ ਉਸ ਗਿਆਨ ਦੀ ਪ੍ਰਵਾਹ ਕਰਦੇ, ਜੋ ਬੱਚੇ ਪਾਠ-ਕਮਰੇ ਵਿੱਚ ਅਪਣੇ ਨਾਲ ਕੀ ਲੈਕੇ ਆਉਂਦੇ ਹਨ। ਸਾਡੇ ਪਾਠਾਂ ਅਤੇ ਪੜ੍ਹਾਈ ਦੇ ਦੌਰਾਨ ਕਦੇ ਹੀ ਅਸੀਂ ਬੱਚਿਆਂ ਨੂੰ ਕਹਿੰਦੇ ਹਾਂ ਕਿ ਉਹ ਸਕੂਲ ਤੋਂ ਬਾਹਰ ਵਾਲੀ ਦੁਨੀਆਂ ਦੀ ਗੱਲ ਕਰਨ। ਉਲਟਾ ਅਸੀਂ ਬੱਚੇ ਨੂੰ ਛਪੇ ਹੋਏ ਸ਼ਬਦ ਦੀ ਦਿੱਤੀ ਹੋਈ ਸੁਵਿਧਾ ਵਿੱਚ ਜਾ ਉੱਤਰਦੇ ਹਾਂ। ਐਨੇ ਅਮੀਰ ਕੁਦਰਤੀ ਵਾਤਾਵਰਣ ਦੀਆਂ ਤਸਵੀਰਾਂ ਵਿੱਚ ਫਸ ਜਾਂਦੇ ਹਾਂ, ਜੋ ਸਾਰਾ ਕੁਝ ਕੁਦਰਤੀ ਸੰਸਾਰ ਦਾ ਬੜਾ ਗਰੀਬ ਉਤਾਰਾ ਮਾਤਰ ਹੈ।

ਹੋਰ ਵੀ ਮੁਸ਼ਕਲ ਦੀ ਗੱਲ ਇਹ ਹੈ ਕਿ ਅੱਜ-ਕੱਲ੍ਹ ਕੰਪਿਊਟਰ ਦੀ ਸਿਖਲਾਈ ਦੇ ਨਾਮ ਉੱਪਰ, ਸੱਚੀਂ ਮੁੱਚੀਂ ਦੇ ਸੰਸਾਰ ਨੂੰ ਐਨੀਮੇਟ ਕੀਤੀਆਂ ਕੁਝ ਸਕਰਿਪਟਾਂ ਦਿੱਤੀਆਂ ਜਾਂਦੀਆਂ ਹਨ। ਬੱਚਿਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਬਦਲੇ ਹੋਏ ਸੰਸਾਰ ਨੂੰ ਕੰਪਿਊਟਰ ਸਕਰੀਨ ਉੱਪਰ ਦੇਖਣ। ਜੀਵਤ ਅਤੇ ਨਿਰਜੀਵਾਂ ਉੱਪਰ ਅਪਣਾ ਪਾਠ ਅਰੰਭ ਕਰਨ ਤੋਂ ਪਹਿਲਾਂ, ਜੇ ਇੱਕ ਅਧਿਆਪਕਾ ਅਪਣੀ ਜਮਾਤ ਨੂੰ ਸਕੂਲ ਦੇ ਨਾਲ ਲਗਦੇ ਖੇਤ ਵਿੱਚਦੀ ਲੈ ਜਾਵੇ, ਅਤੇ ਵਾਪਸ ਪਰਤ ਕੇ ਹਰ ਬੱਚੇ ਨੂੰ ਦਸ ਜੀਵਤ ਅਤੇ ਦਸ ਨਿਰਜੀਵ ਚੀਜ਼ਾਂ ਬਾਰੇ ਕਹੇ ਤਾਂ ਨਤੀਜੇ ਬੜੇ ਹੈਰਾਨ ਕਰਨ ਵਾਲੇ ਹੋਣਗੇ।

ਉਦਾਹਰਣ ਲਈ, ਤਾਮਿਲ ਨਾਡੂ ਵਿੱਚ ਮਹਾਂਬਲੀਪੁਰਮ ਦੇ ਬੱਚੇ ਅਪਣੀ ਸੂਚੀ ਵਿੱਚ ਜਿਹੜੀਆਂ ਚੀਜ਼ਾਂ ਦਰਜ਼ ਕਰਨਗੇ ਉਹ ਸਮੁੰਦਰੀ ਘੋਗੇ, ਪੱਥਰ ਗੀਟੇ ਅਤੇ ਮੱਛੀਆਂ ਹੋਣਗੀਆਂ। ਛੱਤੀਸਗੜ੍ਹ ਵਿੱਚ ਡੰਡਾਕਰਨਿਆਂ ਜੰਗਲ ਦੇ ਨੇੜੇ ਦੇ ਬੱਚਿਆਂ ਦੀ ਸੂਚੀ ਵਿੱਚ ਆਲ੍ਹਣੇ, ਸ਼ਹਿਦ ਦੀਆਂ ਮੱਖੀਆਂ ਦੇ ਛੱਤੇ ਅਤੇ ਝਾਂਜਰਾਂ ਹੋਣਗੀਆਂ। ਪਰ ਹੁੰਦਾ ਇਸ ਦੇ ਬਿੱਲਕੁੱਲ ਉਲਟ ਹੈ। ਬੱਚਿਆਂ ਨੂੰ ਕਿਹਾ ਜਾਂਦਾ ਹੈ ਕਿ ਉਹ ਪਾਠ-ਪੁੱਸਤਕ ਵਿੱਚ ਦਿੱਤੀਆਂ

ਡਰਾਇੰਗਾਂ ਦੇਖਣ, ਤੇ ਜਾਂ ਸ਼ਬਦਾਂ ਦੀ ਇੱਕ ਸੂਚੀ ਦੇਖਕੇ ਜੀਂਦੀਆਂ ਵਸਤਾਂ ਦੇ ਨਾਲੋਂ ਨਿਰਜੀਵ ਵਸਤਾਂ ਨੂੰ ਅਲੱਗ ਕਰਕੇ ਦੇਣ।

ਏਸੇ ਤਰ੍ਹਾਂ ਹੀ ਪਾਣੀ ਦੇ ਖਰਾਬ ਹੋ ਜਾਣ ਦੇ ਨਾਲ ਸਬੰਧਤ ਪਾਠ ਦੇ ਦੌਰਾਨ ਬੱਚੇ ਪਾਣੀ ਦੇ ਸੋਮਿਆਂ ਅਤੇ ਪਾਣੀ ਦੇ ਜੀਵਾਂ ਨੂੰ ਅਪਣੇ ਸਥਾਨਕ ਖੇਤਰ ਵਿੱਚੋਂ ਹੀ ਪੜਤਾਲ ਕਰ ਸਕਦੇ ਹਨ, ਤੇ ਫਿਰ ਇਸ ਨੂੰ ਪਾਣੀ ਦੀ ਖਰਾਬੀ ਦੀਆਂ ਕਿਸਮਾਂ ਨਾਲ ਜੋੜ ਸਕਦੇ ਹਨ। ਇਹ ਅਭਿਆਸ ਇਸ ਮੁੱਦੇ ਨੂੰ ਵੀ ਉਠਾਅ ਸਕਦਾ ਹੈ ਕਿ ਕਿਵੇਂ ਸਾਫ ਪਾਣੀ ਦੀ ਘਾਟ ਸਿਹਤ ਦਾ ਨੁਕਸਾਨ ਕਰ ਸਕਦੀ ਹੈ। ਸਗੋਂ ਬੱਚਿਆਂ ਨੂੰ ਕਿਹਾ ਇਹ ਜਾਂਦਾ ਹੈ ਕਿ ਉਹ ਖਰਾਬ ਪਾਣੀ ਦੀਆਂ ਤਸਵੀਰਾਂ ਦੇਖਕੇ ਉਨ੍ਹਾਂ ਨੂੰ ਸਮਝਣ ਤੇ ਟਿੱਪਣੀ ਕਰਨ।

ਚੰਦ ਦੇ ਭਿੰਨ ਭਿੰਨ ਪੱਖਾਂ ਬਾਰੇ ਪੜ੍ਹਦਿਆਂ-ਪੜ੍ਹਾਉਂਦਿਆਂ ਕਿੰਨੇਂ ਕੁ ਅਧਿਆਪਕ ਬੱਚਿਆਂ ਨੂੰ ਰਾਤ ਨੂੰ ਚੰਦ ਦੇਖਕੇ ਆਉਣ ਤੇ ਫਿਰ ਗੱਲ ਕਰਨ ਲਈ ਕਹਿੰਦੇ ਹਨ? ਬੱਚਿਆਂ ਨੂੰ ਸਥਾਨਕ ਪੰਛੀਆਂ ਅਤੇ ਰੁੱਖਾਂ ਦੇ ਨਾਮ ਲੈਣ ਲਈ ਕਹਿੰਣ ਦੀ ਬਜਾਏ, ਸਾਡੀਆਂ ਪਾਠ-ਪੁੱਸਤਕਾਂ ਅਜਿਹੀਆਂ ਵਚਿੱਤਰ ਚੀਜ਼ਾਂ ਦੇ ਨਾਮ ਦਿੰਦੀਆਂ ਹਨ ਜੋ ਹਰ ਥਾਂ ਹਨ, ਪਰ ਉਨ੍ਹਾਂ ਦਾ ਕੋਈ ਟਿਕਾਣਾ ਨਹੀਂ।

ਅਠਵੀਂ ਜਮਾਤ ਦੇ ਬੱਚੇ ਹੀ ਲਉ। ਜੇ ਇਹ ਬੱਚੇ ਫੋਟੋਸੈਂਥਿਸਿਜ਼ ਨਾਲ ਸਬੰਧਤ ਅਧਿਆਏ ਨੂੰ ਹੀ ਅਪਣੇ ਆਸ-ਪਾਸ ਦੇ ਪੌਦਿਆਂ ਨਾਲ ਜੋੜ ਸਕਣ ਤਾਂ ਹੀ ਉਹ ਅਜਿਹੇ ਪ੍ਰਸ਼ਨ ਪੁੱਛਣ ਬਾਰੇ ਸੋਚ ਸਕਦੇ ਹਨ: 'ਰੰਗਦਾਰ ਪੱਤਿਆਂ ਵਾਲੇ ਕ੍ਰੋਟੋਨ ਅਪਣੇ ਹਰੇ ਪੱਤੇ ਨਾ ਹੋਣ ਦੇ ਬਿਨਾਂ ਵੀ ਅਪਣੀ ਖੁਰਾਕ ਕਿਸ ਤਰ੍ਹਾਂ ਤਿਆਰ ਕਰ ਲੈਂਦੇ ਹਨ?' ਕੇਵਲ ਜਦ ਆਸ-ਪਾਸ ਦਾ ਜੀਵਤ ਸੰਸਾਰ ਸਕੂਲ ਵਿੱਚ ਅਲੋਚਨਾਤਮਕ ਮਨਨ ਲਈ ਪ੍ਰਾਪਤ ਹੋਵੇ, ਤਦ ਹੀ ਬੱਚੇ ਵਾਤਾਵਰਣ ਦੇ ਮੁੱਦਿਆਂ ਬਾਰੇ ਜਾਗਰਤ ਹੋ ਸਕਦੇ ਹਨ ਅਤੇ ਇਸ ਬਾਰੇ ਅਪਣੀ ਰੁਚੀ ਵੀ ਪਾਲ ਸਕਦੇ ਹਨ।

## ਗਿਆਨ ਦੀ ਉਤਪਤੀ ਵਿੱਚ ਭਾਗ ਲੈਣਾਂ

ਅੰਤਰਲੀ ਭਿੰਨਤਾ ਹੋਣ ਦੇ ਕਾਰਣ ਵਾਤਾਵਰਣ ਦਾ ਹਰ ਇੱਕ ਪਰਤੱਖ ਰੂਪ ਨਿਆਰਾ ਹੋਣ ਨੂੰ ਕਰਦਾ ਹੈ। ਇਸ ਕਰਕੇ ਵਾਤਾਵਰਣ ਦੀ ਸਮਝ ਵਿਗਿਆਨ ਦੀ ਪ੍ਰਯੋਗੀਕਰਣ ਅਤੇ ਵਾਹਵਾ ਚੋਖੀ ਪੁਨਰਸਾਜਗੀ ਵਾਲੀ ਪਰੰਪਰਕ ਵਿਧੀ ਰਾਹੀਂ ਸੰਭਵ ਨਹੀਂ ਹੋ ਸਕਦੀ। ਅਸਲ ਵਿੱਚ ਅਜਿਹੇ ਜਟਲ ਪ੍ਰਬੰਧਾਂ ਦੀ ਸਮਝ

ਬੜੀਆਂ ਵਿਸਥਾਰੀ ਅਤੇ ਸਥਾਨ ਤੇ ਕਾਲ ਨਾਲ ਸਬੰਧਤ ਵਾਚਨਾਵਾਂ ਦੀ ਮੰਗ ਕਰਦੀ ਹੈ। ਧਿਆਨ ਨਾਲ ਲਏ ਗਏ ਪਰਮਾਣ ਅਤੇ ਨਮੂੰਨਿਆਂ ਦੇ ਸਪਸ਼ਟੀਕਰਣਾਂ ਦੀ ਮੰਗ ਕਰਦੀ ਹੈ। ਤਹਿ ਹੇਠ ਪਈਆਂ ਉਹਨਾਂ ਪ੍ਰਕਿਰਿਆਵਾਂ ਨੂੰ ਵਾਚਣ ਦੀ ਮੰਗ ਕਰਦੀ ਹੈ, ਜਿੰਨ੍ਹਾਂ ਕਰਕੇ ਕੁਝ ਪ੍ਰਬੰਧ ਇੱਕ ਦੂਜੇ ਦੇ ਮੁਕਾਬਲੇ ਵਿੱਚ ਤੇ ਕੁਝ ਖਾਸ ਤਰ੍ਹਾਂ ਅਲੱਗ ਹੁੰਦੇ ਹਨ।

ਪਾਣੀ ਦੇ ਤਲ ਵਰਗੇ ਭਾਰਤ ਦੇ ਵਾਤਾਵਰਣ ਦੇ ਕਈ ਪਹਿਲੂਆਂ ਬਾਰੇ ਕਿਤੇ ਹੀ ਕੋਈ ਦਸਤਾਵੇਜ਼ ਮਿਲਦਾ ਹੈ। ਵਿਦਿਆਰਥੀਆਂ ਦੇ ਪ੍ਰੌਜੈਕਟਾਂ ਰਹੀਂ ਅਜਿਹੇ ਦਸਤਾਵੇਜ਼ ਤਿਆਰ ਹੋਣੇ ਸੰਭਵ ਹਨ। ਅਜਿਹੇ ਪ੍ਰੌਜੈਕਟਾਂ ਦੇ ਸਿੱਟਿਆਂ ਨੂੰ ਕਿਤੇ ਜੰਨਤਕ ਪਹੁੰਚ ਵਾਲੀ ਵੈਬਸਾਈਟ ਉੱਪਰ ਰੱਖਿਆ ਜਾ ਸਕਦਾ ਹੈ। ਇਉਂ ਭਾਰਤ ਦੇ ਵਾਤਾਵਰਣ ਬਾਰੇ ਇੱਕ ਪਾਰਦਰਸ਼ੀ ਅਤੇ ਬੜਾ ਵਿਆਪਕ ਡੇਟਾਬੇਸ ਤਿਆਰ ਹੋ ਸਕਦਾ ਹੈ। ਕੇਵਲ ਮਾਹਰਾਂ ਨੂੰ ਹੀ ਨਹੀਂ, ਸਗੋਂ ਇੱਛਕ ਨਾਗਰਕਾਂ ਨੂੰ ਵੀ ਇਹਨਾਂ ਪ੍ਰੌਜੈਕਟਾਂ ਦੀ ਗੁਣਵੱਤਾ ਦਾ ਜਾਇਜ਼ਾ ਲੈਣ ਲਈ ਸੱਦਾ ਦੇ ਕੇ ਤੇ ਸਿੱਟਿਆਂ ਵਿੱਚ ਹੋਰ ਵਾਧਾ ਕਰਕੇ ਇੱਕ ਖੁਦ ਸੋਧ ਕਰਨ ਵਾਲਾ ਪ੍ਰਬੰਧ ਕਾਇਮ ਕੀਤਾ ਜਾ ਸਕਦਾ ਹੈ। ਇਹਦੇ ਨਾਲ ਭਾਰਤੀ ਵਾਤਾਵਰਣ ਦੇ ਵਿਸਥਾਰ ਬਾਰੇ ਸਾਡੀ ਸਮਝ ਵਿੱਚ ਬੜਾ ਜੀਵੰਤ ਵਾਧਾ ਹੋਵੇਗਾ। ਬੜੇ ਠੋਸ ਪ੍ਰਕਾਰ ਦੇ ਹਾਂਵਾਦੀ ਕਦਮ ਉਠਾਅ ਸਕਣੇ ਸੰਭਵ ਹੋ ਸਕਣਗੇ।

ਜੇ ਅਜਿਹੀ ਸੂਚਨਾ ਨੂੰ ਸਾਲਾਂ ਪ੍ਰਤੀ ਜੋੜ ਲਿਆ ਜਾਵੇ, ਹੋਰ ਇਲਾਕਿਆਂ ਨਾਲ ਸਾਂਝਾ ਕਰਕੇ ਅੰਕਤ ਕਰ ਲਿਆ ਜਾਵੇ, ਤੇ ਫਿਰ ਕਿਸੇ ਕੇਂਦਰ ਪੁਰ ਇਕੱਤਰ ਕਰ ਲਿਆ ਜਾਵੇ ਤਾਂ ਵਾਤਾਵਰਣ ਦੀਆਂ ਤਬਦੀਲੀਆ ਨੂੰ ਭਲੀ ਭਾਂਤ ਸਮਝਿਆ ਜਾ ਸਕਦਾ ਹੈ। ਇਹਨਾਂ ਤੁਲਨਾਵਾਂ ਰਾਹੀਂ ਜੋ ਵਾਪਰ ਰਿਹਾ ਹੈ ਉਸ ਬਾਰੇ ਭਲਾ ਚੰਗਾ ਪਰਿਪੇਖ ਤਿਆਰ ਹੋ ਸਕਦਾ ਹੈ। ਅਜਿਹੇ ਗਿਆਨ ਜਨਕ ਕਾਰਜ਼ਾਂ ਨੂੰ ਸਿੱਖਿਆ ਪ੍ਰਕਿਰਿਆ ਦਾ ਭਾਗ ਬਣਾ

ਲੈਣ ਨਾਲ ਸਿੱਖਣ ਦੇ ਅਨੁਭਵ ਦੀ ਗੁਣਵੱਤਾ ਵਿੱਚ ਵੀ ਬੜਾ ਪ੍ਰਭਾਵੀ ਵਾਧਾ ਹੋ ਸਕਦਾ ਹੈ।

ਇਉਂ ਸਥਾਨਕ ਵਾਤਾਵਰਨ ਸਿੱਖਣ ਦਾ ਇੱਕ ਕੁਦਰਤੀ ਸਾਧਨ ਹੈ। ਸ਼ਾਮਲ ਕਰਨ ਵਾਲੀ ਸਮੱਗਰੀ ਦੀ ਚੋਣ ਕਰਨ ਵੇਲੇ, ਅਤੇ ਜਮਾਤ ਵਿੱਚ ਬੱਚਿਆਂ ਦੇ ਸੰਵਾਦ ਵਾਸਤੇ ਸਥੂਲ ਉਦਾਹਰਣਾਂ ਦੀ ਯੋਜਨਾਂ ਬਨਾਉਣ ਵੇਲੇ ਇਸ ਨੂੰ ਪ੍ਰਧਾਨਤਾ ਮਿਲਣੀ ਜਰੂਰੀ ਹੈ। ਸਮਾਜਕ ਵਿਗਿਆਨਾਂ ਅਤੇ ਭਾਸ਼ਾ ਵਾਸਤੇ ਵਿਸ਼ੈ-ਵਸਤੂ ਦੀ ਚੋਣ ਕਰਨ ਲੱਗਿਆਂ ਸਵਿਧਾਨ ਵਿੱਚ ਅਪਣਾਏ ਗਏ ਆਦਰਸ਼ਾਂ ਅਤੇ ਕੀਮਤਾਂ ਨੂੰ ਧਿਆਨ ਵਿੱਚ ਰੱਖਣਾ ਜਰੂਰੀ ਹੈ। ਜਮਾਤ ਕਮਰੇ ਵਿਚਲੇ ਵਿਹਾਰ ਵਿੱਚ ਸਥਾਨਕ ਸੰਧਰਭ ਨੂੰ ਸ਼ਾਮਲ ਕਰਨ ਨਾਲ ਅਧਿਆਪਕ ਕੁਝ ਐਹੋ ਜਿਹੀਆਂ ਚੋਣਾਂ ਕਰ ਰਿਹਾ ਹੋਵੇਗਾ ਜੋ ਸਿਖਲਾਈ ਦੇ ਪੱਖ ਤੋਂ ਕਲਪਨਾਸ਼ੀਲ ਅਤੇ ਸਦਾਚਾਰਕ ਪੱਖੋਂ ਯੋਗ ਹੋਣਗੀਆਂ।

ਜਦ ਕੇਰਲਾ ਵਿੱਚ ਰਹਿੰਦੇ ਬੱਚੇ ਨੂੰ ਰਾਜਸਥਾਨ ਦੇ ਰੇਗਸਤਾਨੀਂ ਜੀਵਨ ਬਾਰੇ ਪੜ੍ਹਾਇਆ ਜਾਣਾਂ ਹੈ ਤਾਂ ਦਿੱਤੇ ਗਏ ਵਰਨਣ ਕਾਫੀ ਭਰਪੂਰ ਹੋਣ, ਤਾਕਿ ਓਥੋਂ ਦੇ ਕੁਦਰਤੀ ਸੰਸਾਰ ਨੂੰ ਇਹ ਬੱਚੇ ਮਹਿਸੂਸ ਕਰ ਸਕਣ, ਨਾਕਿ ਰੇਤੀਲੇ ਟਿੱਲਿਆਂ ਅਤੇ ਊਠਾਂ ਦਾ ਚਾਲੂ ਜਿਹਾ ਬਿਆਨ ਦੇ ਦਿੱਤਾ ਗਿਆ ਹੋਵੇ। ਕੇਰਲੀ ਬੱਚਿਆਂ ਨੂੰ ਹੈਰਾਨੀਂ ਹੋਣੀ ਚਾਹੀਦੀ ਹੈ ਕਿ ਐਨੀਂ ਗਰਮ ਜਗਾਹ ਵਿੱਚ ਲੋਕ ਘੱਟ ਕੱਪੜੇ ਪਾਉਣ ਦੀ ਥਾਂ ਸਗੋਂ ਜ਼ਿਆਦਾ ਕੱਪੜੇ ਪਾਉਂਦੇ ਹਨ। ਉਹ ਰਾਜਸਥਾਨੀਂ ਜੀਵਨ ਦੀ ਅਪਣੇ ਸਥਾਨਕ ਜੀਵਨ ਨਾਲ ਤੁਲਨਾਂ ਕਰ ਸਕਦੇ ਹੋਣ, ਅਤੇ ਪੁੱਛਣ ਕਿ ਕਿਹੜੀਆਂ ਚੀਜ਼ਾਂ ਇੱਕ ਹੀ ਢੰਗ ਨਾਲ ਵਾਪਰਨਗੀਆਂ ਅਤੇ ਕਿਹੜੀਆਂ ਅਲੱਗ ਅਲੱਗ ਵਾਪਰਨਗੀਆਂ।

ਸਥਾਨਕ ਵਾਤਾਵਰਨ ਕੋਈ ਭੌਤਕ ਅਤੇ ਕੁਦਰਤੀ ਵਿਸ਼ਵ ਦਾ ਹੀ ਬਣਿਆਂ ਨਹੀਂ ਹੁੰਦਾ, ਇਹ ਸਮਾਜਕ-ਸਭਿਆਚਾਰਕ ਵਿਸ਼ਵ ਵੀ ਹੁੰਦਾ ਹੈ। ਸਾਰੇ ਬੱਚਿਆ ਦੀ ਘਰ ਵਿੱਚ ਅਪਣੀ ਅਪਣੀ ਆਵਾਜ਼ ਹੁੰਦੀ ਹੈ, ਅਤੇ ਸਕੂਲ ਲਈ ਲਾਜਮੀਂ ਬਣਦਾ ਹੈ ਕਿ ਇਹ ਪੱਕਾ ਕਰ ਦਿੱਤਾ ਜਾਵੇ ਕਿ ਉਹਨਾਂ ਦੀਆਂ ਆਵਾਜ਼ਾਂ ਸਕੂਲ ਵਿੱਚ ਵੀ ਸੁਣੀਆਂ ਜਾਂਦੀਆਂ ਰਹਿੰਣ। ਭਾਈਚਾਰਿਆਂ ਦੇ ਅਪਣੇ ਕਾਫੀ ਅਮੀਰ ਸਭਿਆਚਾਰਕ ਸਾਧਨ ਵੀ ਹੁੰਦੇ ਹਨ: ਸਥਾਨਕ ਕਥਾਵਾਂ, ਗੀਤ, ਮਜਾਕ, ਬੁਝਾਰਤਾਂ ਅਤੇ ਕਲਾ ਆਦਿ। ਇਹ ਸਕੂਲਾਂ ਵਿੱਚ ਭਾਸ਼ਾ ਅਤੇ ਗਿਆਨ ਨੂੰ ਭਰਪੂਰ ਕਰ ਸਕਦੇ ਹਨ। ਉਹਨਾਂ ਦੇ ਬੜੇ ਵਿਸ਼ਾਲ ਮੌਖਿਕ ਇਤਿਹਾਸ ਵੀ ਹੁੰਦੇ ਹਨ।

## ਸਥਾਨਕ ਗਿਆਨ ਦੀਆਂ ਪਰੰਪਰਾਵਾਂ

ਭਾਰਤ ਦੇ ਵਾਤਾਵਰਣ ਸਬੰਧੀ ਅਨੇਕ ਭਾਰਤੀ ਭਾਈਚਾਰਿਆਂ ਅਤੇ ਬੰਦਿਆਂ ਦੇ ਅਪਣੇ ਵੀ ਬੜੇ ਵਿਸ਼ਾਲ ਗਿਆਨ ਦੇ ਭੰਡਾਰ ਹਨ, ਜੋ ਉਨ੍ਹਾਂ ਪੀੜ੍ਹੀ ਦਰ ਪੀੜ੍ਹੀ ਗ੍ਰਹਿਣ ਕੀਤੇ ਹਨ। ਇਸ ਗਿਆਨ ਨੂੰ ਉਨ੍ਹਾਂ ਨੇ ਪਰੰਪਰਕ ਗਿਆਨ ਦੇ ਰੂਪ ਵਿੱਚ ਅੱਗੇ ਤੋਰਿਆ ਹੈ, ਤੇ ਏਦਾਂ ਹੀ ਬੰਦਿਆਂ ਦੇ ਅਪਣੇ ਜੀਵਨ ਅਮਲ ਰਾਹੀਂ ਵੀ ਸਾਹਮਣੇ ਆਇਆ ਹੈ। ਐਹੋ ਜਿਹਾ ਗਿਆਨ ਪੌਦਿਆਂ ਦੇ ਨਾਮ ਧਰਨ ਅਤੇ ਉਨ੍ਹਾਂ ਨੂੰ ਸ਼੍ਰੇਣੀਬੱਧ ਕਰਨ ਨਾਲ, ਜਾਂ ਪਾਣੀ ਨੂੰ ਇੱਕਠਾ ਕਰਨ ਅਤੇ ਭੰਡਾਰ ਬਨਾਉਣ ਨਾਲ, ਤੇ ਜਾਂ ਚੱਲਦੀ ਰਹਿ ਸਕਦੀ ਖੇਤੀਬਾੜੀ ਆਦਿ ਬਾਰੇ ਹੋ ਸਕਦਾ ਹੈ।

ਕਈ ਵਾਰੀ ਕਿਸੇ ਵਿਸ਼ੈ ਬਾਰੇ ਇਹ ਗਿਆਨ ਸਕੂਲੀ ਗਿਆਨ ਨਾਲੋਂ ਅਲੱਗ ਹੋ ਸਕਦੇ ਹਨ। ਕਦੇ ਹੋ ਸਕਦਾ ਹੈ ਕਿ ਇਸ ਗਿਆਨ ਨੂੰ ਕੋਈ ਵੀ ਮਹੱਤਵ ਨਾ ਦਿੱਤਾ ਜਾਵੇ। ਅਜਿਹੀਆਂ ਸਥਿੱਤੀਆਂ ਵਿੱਚ ਸਥਾਨਕ ਪਰੰਪਰਾਵਾਂ ਬਾਰੇ ਪ੍ਰੌਜੈਕਟ ਵਿਕਸਤ ਕਰਨ ਲਈ ਅਧਿਆਪਕ ਬੱਚਿਆਂ ਦੀ ਮਦਦ ਕਰ ਸਕਦੇ ਹਨ।

ਸੰਭਵ ਹੈ ਕਿ ਇਸ ਵਿੱਚ ਇਹਨਾਂ ਗਿਆਨ ਪਰੰਪਰਾਵਾਂ ਦਾ ਸਕੂਲ ਵਾਲੀ ਪਹੁੰਚ ਵਿਧੀ ਨਾਲ ਮੁਕਾਬਲਾ ਹੀ ਕਰਨਾਂ ਪੈ ਜਾਵੇ। ਕਈ ਵਾਰੀ ਹੋ ਸਕਦਾ ਹੈ, ਜਿਵੇਂ ਕਿ ਪੌਦਿਆਂ ਦੇ ਵਰਗੀਕਰਣ ਕਰਨ ਵਿੱਚ, ਦੋਨੋਂ ਪਰੰਪਰਾਵਾਂ ਸਮਾਨੰਤਰ ਹੋਣ। ਦੋਨਾਂ ਦੇ ਕਿਸੇ ਤੱਥ ਨੂੰ ਮਹੱਤਵ ਪੂਰਣ ਮੰਨਣ ਦੇ ਆਧਾਰ ਅਪਣੇ ਅਪਣੇ ਹੋਣ। ਉਦਾਹਰਣ ਲਈ, ਕਿਤੇ ਹੋਰ ਰੋਗ ਦੀ ਪਛਾਣ ਅਤੇ ਵਰਗੀਕਰਣ ਵਿੱਚ ਇਹ ਗਿਆਨ ਪਰੰਪਰਕ ਗਿਆਨ ਪਧਤੀਆਂ ਨੂੰ ਨਾਕਾਰ ਵੀ ਦੇਵੇ। ਫਿਰ ਵੀ ਸਥਾਨਕ ਗਿਆਨਾਂ ਦੇ ਸਾਰੇ ਰੂਪ ਭਾਰਤੀ

ਸਵਿਧਾਨ ਦੇ ਨੇਮਾਂ ਅਤੇ ਕੀਮਤਾਂ ਦੇ ਅੰਤਰਗਤ ਹੀ ਵਿਚਾਰੇ ਜਾਣੇ ਚਾਹੀਦੇ ਹਨ।

## 2.8 ਸਕੂਲ ਦਾ ਗਿਆਨ ਅਤੇ ਭਾਈਚਾਰਾ

ਸਮਾਜਕ-ਸਭਿਆਚਾਰਕ ਜਗਤ ਦੇ ਅਨੁਭਵ ਵੀ ਪਾਠਕ੍ਰਮ ਦਾ ਹਿੱਸਾ ਬਣਨੇ ਜਰੂਰੀ ਹਨ। ਲੋਕਾਂ ਵਿਚਲੀ ਬਹੁਲਤਾ, ਉਹਨਾਂ ਦੀਆਂ ਜੀਵਨ ਜਾਚਾਂ ਨੂੰ ਮਿਲਿਆ ਹੋਇਆ ਪ੍ਰਗਟਾਵਾ ਅਤੇ ਉਹਨਾਂ ਦੇ ਜੀਵਨ ਨੂੰ ਮਿਲੀ ਹੋਈ ਪ੍ਰਤੀਨਿਧਤਾ ਦੀਆਂ ਉਦਾਹਰਣਾਂ ਬੱਚਿਆਂ ਨੂੰ ਪਾਠ-ਪੁਸਤਕਾਂ ਵਿੱਚੋਂ ਵੀ ਲੱਭ ਪੈਣੀਆਂ ਚਾਹੀਦੀਆਂ ਹਨ। ਇਹਨਾਂ ਚਿਤਰਣਾਂ ਵਿੱਚ ਇਸ ਗੱਲ ਦਾ ਧਿਆਨ ਰਹਿਣਾਂ ਜਰੂਰੀ ਹੈ ਕਿ ਕੋਈ ਵੀ ਭਾਈਚਾਰਾ ਨਾਂ ਤਾਂ ਲੋੜੋਂ ਵੱਧ ਸਾਦਾ, ਵਧਾਅ ਚੜ੍ਹਾਕੇ ਤੇ ਜਾਂ ਫਿਰ ਪਰਖ ਵਰਖ ਦੇ ਬਿਨਾਂ ਨਾ ਪੇਸ਼ ਕੀਤਾ ਜਾਵੇ।

ਬੱਚਿਆਂ ਲਈ ਇਹ ਵਧੀਆ ਰਹਿ ਸਕਦਾ ਹੈ ਕਿ ਉਹ ਅਪਣੇ ਸਮਾਜਕ ਵਿਗਿਆਨਾਂ ਦੇ ਅਧਿਅਨ ਦੇ ਇੱਕ ਹਿੱਸੇ ਵਜੋਂ ਸਥਾਨਕ ਸਮਾਜੀ ਵਰਗਾਂ ਦੇ ਚਿਤਰਣ ਤਿਆਰ ਕਰਨ। ਏਦਾਂ ਉਹ ਸਿੱਧੇ ਤੌਰਤੇ ਹੀ ਗ੍ਰਾਮ ਪੰਚਾਇਤ ਦੇ ਪ੍ਰਤੀਨਿਧਾਂ ਨਾਲ ਗੱਲਬਾਤ ਕਰ ਸਕਦੇ ਹਨ, ਖਾਸ ਕਰਕੇ ਜਦ ਉਹਨਾਂ ਨੂੰ ਸਕੂਲ ਵਿੱਚ 'ਵਿਕੇਂਦਰੀਕਰਣ ਕਿਸ ਹੱਦ ਤੱਕ ਸਥਾਨਕ ਨਾਗਰਕ ਮੁੱਦਿਆਂ ਵਿੱਚ ਸਹਾਈ ਹੋਇਆ ਹੈ' ਦੇ ਵਿਸ਼ੇ ਉੱਪਰ ਬੋਲਣ ਲਈ ਸੱਦਾ ਦਿੱਤਾ ਗਿਆ ਹੋਵੇ।

ਸਥਾਨਕ ਮੌਖਿਕ-ਇਤਿਹਾਸ ਨੂੰ ਵੀ ਪ੍ਰਾਂਤਕ ਇਤਿਹਾਸ ਅਤੇ ਰਾਸ਼ਟਰੀ ਇਤਿਹਾਸ ਦੇ ਨਾਲ ਕੜੀਬੱਧ ਕੀਤਾ ਜਾ ਸਕਦਾ ਹੈ। ਪਰ ਸਮਾਜਕ ਸੰਧਰਭ ਵੀ ਬੜੀ ਭਾਰੀ ਆਲੋਚਨਾਤਮਕ ਜਾਗਰੂਕਤਾ ਦੀ ਮੰਗ ਕਰਦਾ ਹੈ। ਪਾਠਕ੍ਰਮ ਦਾ ਵਿਕਾਸ ਕਰਨ ਵਾਲਿਆਂ ਅਤੇ ਅਧਿਆਪਕਾਂ ਲਈ ਇਹ ਜਾਗਰਣ ਹੋਰ ਵੀ ਜਰੂਰੀ ਹੋ ਜਾਂਦੀ ਹੈ। ਭਾਈਚਾਰੇ ਉੱਪਰ ਆਧਾਰਤ ਪਛਾਣਾਂ ਜਿਵੇਂ ਲਿੰਗ, ਜਾਤ, ਜਮਾਤ ਅਤੇ ਧਰਮ ਹਨ। ਇਹ ਮੁਢਲੀਆਂ ਪਛਾਣਾਂ ਹਨ, ਪਰ ਇਹ ਦਬਾਊ ਵੀ ਹੋ ਸਕਦੀਆਂ ਹਨ ਅਤੇ ਸਮਾਜਕ ਅਸਮਾਨਤਾਵਾਂ ਤੇ ਊਚਨੀਚਤਾ ਨੂੰ ਮੁੜਪੱਕਿਆਂ ਕਰ ਸਕਦੀਆਂ ਹਨ।

ਸਕੂਲੀ ਗਿਆਨ ਉਹ ਸ਼ੀਸੇ ਵੀ ਪਰਦਾਨ ਕਰ ਸਕਦਾ ਹੈ, ਜਿੰਨ੍ਹਾਂ ਦੇ ਰਾਹੀਂ ਦੇਖਕੇ ਬੱਚੇ ਅਪਣੇ ਸਮਾਜਕ ਯਥਾਰਥ ਪ੍ਰਤੀ ਆਲੋਚਨਾਤਮਕ ਸੂਝ ਦਾ ਵਿਕਾਸ ਕਰ ਸਕਦੇ ਹਨ। ਇਹ ਉਹਨਾਂ ਨੂੰ ਅਪਣੇ ਘਰਾਂ ਦੇ ਅੰਦਰਲੇ ਅਨੁਭਵਾਂ ਅਤੇ ਫਿਕਰਾਂ ਬਾਰੇ ਗੱਲਬਾਤ ਕਰਨ ਲਈ ਸਪੇਸ ਵੀ ਪਰਦਾਨ ਕਰ ਸਕਦਾ ਹੈ।

ਕਿਸੇ ਖਾਸ ਭਾਂਤ ਦੇ ਗਿਆਨ ਅਤੇ ਅਨੁਭਵਾਂ ਦੇ ਸਕੂਲੀ ਪਾਠਕ੍ਰਮ ਵਿੱਚ ਸ਼ਾਮਲ ਕਰਨ ਜਾਂ ਨਾਂ ਸ਼ਾਮਲ ਕਰਨ ਬਾਰੇ ਭਾਈਚਾਰਿਆਂ ਦੇ ਅਪਣੇ ਵੀ ਪ੍ਰਸ਼ਨ ਹੋ ਸਕਦੇ ਹਨ। ਇਸ ਕਰਕੇ ਭਾਈਚਾਰਿਆਂ ਦੇ ਖਾਦਸ਼ਿਆਂ ਨੂੰ ਸੁਣਨ ਲਈ ਤਿਆਰ ਰਹਿਣਾਂ ਸਕੂਲ ਲਈ ਜਰੂਰੀ ਹੋ ਜਾਂਦਾ ਹੈ। ਉਹਨਾਂ ਨੂੰ ਪਾਠਕ੍ਰਮ ਵਿੱਚ ਲਏ ਗਏ ਫੈਸਲਿਆਂ ਦੀ ਵਿਦਿਅਕ ਕੀਮਤ ਨੂੰ ਪਛਾਨਣ ਲਈ ਮਨਵਾਉਣਾ ਵੀ ਬਣਦਾ ਹੈ। ਇਹਦੇ ਵਾਸਤੇ ਜਰੂਰੀ ਹੈ ਕਿ ਅਧਿਆਪਕਾਂ ਨੂੰ ਪਤਾ ਹੋਣਾਂ ਚਾਹੀਦਾ ਹੈ ਕਿ ਕਿਹੜੀ ਚੀਜ਼ ਕਿਉਂ ਸ਼ਾਮਲ ਕੀਤੀ ਗਈ ਹੈ ਤੇ ਕਿਹੜੀ ਚੀਜ਼ ਕਿਉਂ ਸ਼ਾਮਲ ਨਹੀਂ ਕੀਤੀ ਗਈ।

ਇਹ ਜਰੂਰੀ ਹੈ ਕਿ ਅਧਿਆਪਕ ਕਈ ਸਾਰੇ ਮਾਮਲਿਆਂ ਬਾਰੇ ਮਾਪਿਆਂ ਦਾ ਇਤਬਾਰ ਜਿੱਤ ਸਕਣ। ਮਾਮਲੇ ਜਿਵੇਂ ਕਿ ਬੱਚਿਆਂ ਦੇ ਘਰ ਦੀ ਭਾਸ਼ਾ ਨੂੰ ਵਰਤਣ ਬਾਰੇ ਇਤਬਾਰ; ਸੰਭੋਗ ਅਤੇ ਸੰਤਾਨ ਉਤਪਤੀ ਨੂੰ ਪੜ੍ਹਾਉਣ ਬਾਰੇ; ਪਰਾਇਮਰੀ ਸਕੂਲਾਂ ਵਿੱਚ ਖੇਡ੍ਹਣ ਵਾਲੇ ਪੜ੍ਹਨ-ਪੜ੍ਹਾਉਣ ਦੇ ਤਰੀਕਿਆਂ ਬਾਰੇ; ਅਤੇ ਮੁੰਡਿਆਂ ਨੂੰ ਗੌਣ ਅਤੇ ਨੱਚਣ ਦੇ ਵਾਸਤੇ ਹੱਲਾਸ਼ੇਰੀ ਦੇਣ ਬਾਰੇ ਵਗੈਰਾ।

ਕਿਸੇ ਗੱਲ ਬਾਰੇ ਇਹ ਕਹਿਣਾਂ ਕਿ ਫੈਸਲਾ ਰਾਜ ਦੇ ਪੱਧਰ ਉੱਪਰ ਲਿਆ ਗਿਆ ਸੀ ਕੋਈ ਬਹੁਤ ਵਧੀਆ ਵਿਆਖਿਆ ਨਹੀਂ ਹੈ। ਜੇ ਅਸੀਂ ਸਾਰੇ ਵਰਗਾਂ ਦੇ ਬੱਚਿਆਂ ਤੋਂ ਸਾਡੇ ਧਰਮ ਨਿਪੇਖ ਸਿੱਖਿਆ ਪ੍ਰਬੰਧ ਵਿੱਚ ਹਿੱਸਾ ਲੈਣ ਦੀ ਉਮੀਦ ਕਰਦੇ ਹਾਂ, ਤਾਂ ਸਾਨੂੰ ਸਾਡੀਆਂ ਪਾਠਕ੍ਰਮ ਦੀਆਂ ਚੋਣਾਂ ਉਹਨਾਂ ਸਭਨਾਂ ਦੇ ਨਾਲ ਵਿਚਾਰਨੀਆਂ ਪੈਣਗੀਆਂ ਜੋ ਇਸ ਸਿੱਖਿਆ ਵਿੱਚ ਹਿੱਸੇਦਾਰ ਹਨ।

## 2.9 ਕੁਝ ਵਿਕਾਸ ਸਬੰਧਤ ਸੋਚ-ਵਿਚਾਰ

ਬੱਚਿਆਂ ਦੀਆਂ ਰੁਚੀਆਂ, ਸਰੀਰਕ ਕੌਸ਼ਲ, ਭਾਸ਼ਕ ਸਮਰੱਥਾ, ਅਤੇ ਅਮੂਰਤਤਾ ਤੇ ਆਮਤਾ ਵਾਸਤੇ ਯੋਗਤਾਵਾਂ ਸਕੂਲ ਦੇ ਅਰਸੇ ਦੇ ਦੌਰਾਨ ਹੀ ਵਿਕਾਸ ਕਰਦੀਆਂ ਹਨ, ਸਕੂਲ ਤੋਂ ਪਹਿਲੋਂ ਤੋਂ ਲੈਕੇ ਉੱਚ ਸੈਕੰਡਰੀ ਸਕੂਲ ਤੱਕ। ਇਹੀ ਸਮਾਂ ਹੈ ਬੜੇ ਡੂੰਘੇ ਵਾਧੇ ਅਤੇ ਵਿਕਾਸ ਦਾ, ਦਿਲਚਸਪੀਆਂ ਅਤੇ ਸਮਰੱਥਾਵਾਂ ਵਿੱਚ ਬੜੀਆਂ ਮੂਲ ਤਬਦੀਲੀਆਂ ਅਤੇ ਫੇਰ ਬਦਲ ਦਾ ਵੀ। ਇਸ ਕਰਕੇ, ਪਾਠਕ੍ਰਮ ਦੀ ਪਹੁੰਚ ਨਿਰਧਾਰਨ ਕਰਨੀਂ, ਅਤੇ ਖੇਤਰਾਂ ਦੀ ਚੋਣ ਅਤੇ ਉਸ ਦਾ ਸੰਗਠਨ ਇੱਕ ਮਹੱਤਵ ਪੂਰਣ ਪਰਤ ਹੈ।

ਗਿਆਨ ਦਾ ਸਿਰਜਣ ਜਾਂ ਪੁਨਰਸਿਰਜਣ ਮੰਗ ਕਰਦਾ ਹੈ ਅਨੁਭਵ ਦੇ ਆਧਾਰ ਦੀ, ਭਾਸ਼ਕ ਯੋਗਤਾਵਾਂ ਦੀ, ਅਤੇ ਹੋਰ ਮਨੁੱਖਾਂ ਤੇ ਕੁਦਰਤੀ ਦੁਨੀਆਂ ਦੇ ਨਾਲ ਸੰਵਾਦ ਦੀ ਵੀ ਮੰਗ ਕਰਦਾ ਹੈ। ਜੋ ਬੱਚੇ ਸਕੂਲ ਆਉਣਾਂ ਅਰੰਭ

ਕਰਦੇ ਹਨ, ਉਹ ਪਹਿਲਾਂ ਹੀ ਦੁਨੀਆਂ ਦੇ ਗਿਆਨ ਦਾ ਨਿਰਮਾਣ ਕਰਨਾਂ ਸ਼ੁਰੂ ਕਰ ਚੁੱਕੇ ਹੁੰਦੇ ਹਨ। ਬਾਅਦ ਵਿੱਚ ਹਰ ਚੀਜ਼ ਜੋ ਉਹ ਸਿੱਖਦੇ ਹਨ ਉਹ ਉਸ ਗਿਆਨ ਦੇ ਰਿਸ਼ਤੇ ਦੇ ਵਿੱਚ ਵਿੱਚ ਹੋਵੇਗੀ ਜੋ ਉਹ ਸਕੂਲ ਵਿੱਚ ਲੈਕੇ ਆਉਂਦੇ ਹਨ। ਇਹ ਗਿਆਨ ਅੰਤਰੀਵੀ ਹੈ। ਸਕੂਲ ਇਸ ਗਿਆਨ ਦੇ ਆਧਾਰ ਉੱਪਰ ਹੋਰ ਸੁਚੇਤ ਤਰੀਕੇ ਨਾਲ ਅਤੇ ਲਗਾਵ ਨਾਲ ਨਵਾਂ ਗਿਆਨ ਵਿਕਸਤ ਕਰਨ ਦੇ ਮੌਕੇ ਪਰਦਾਨ ਕਰਦਾ ਹੈ।

ਸਿੱਖਣ ਦੀ ਆਰੰਭਕ ਅਵਸਥਾ ਵੇਲੇ ਸਕੂਲ ਪਹਿਲੇ ਸਾਲਾਂ ਤੋਂ ਲੈਕੇ ਪਰਾਇਮਰੀ ਸਕੂਲ ਦੇ ਸਾਲਾਂ ਤੱਕ ਪਾਠਕ੍ਰਮ ਵਿੱਚ ਸਾਰੀਆਂ ਗਤੀਵਿਧੀਆਂ ਦੇ ਅੰਤਰਗਤ ਭਾਸ਼ਾ ਅਤੇ ਗਣਿਤ ਸ਼ਾਸਤਰ ਨੂੰ ਮਹੱਤਵ ਪੂਰਣ ਸਥਾਨ ਦਿੱਤਾ ਜਾਣਾ ਚਾਹੀਦਾ ਹੈ। ਵਿਸ਼ਿਆਂ ਦੀ ਵੰਡ ਕੋਈ ਬਹੁਤੀ ਮਹੱਤਵ ਪੂਰਣ ਨਹੀਂ। ਉੱਪਰ ਵਿਚਾਰੇ ਗਏ ਗਿਆਨ ਖੰਡ ਪੂਰੀ ਤਰ੍ਹਾਂ ਸੁਮਿਲਤ ਕੀਤੇ ਜਾ ਸਕਦੇ ਹਨ। ਵਿਸ਼ਿਆਂ ਨੂੰ ਬੱਚਿਆਂ ਸਾਹਮਣੇ ਪੇਸ਼ ਕਰਦਿਆਂ ਵਾਤਾਵਰਣ ਦੇ ਸਿੱਖਣ ਦੇ ਅਨੁਭਵਾਂ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ। ਇਸ ਵਿੱਚ ਕੁਦਰਤੀ ਅਤੇ ਸਮਾਜਕ ਵਾਤਾਵਰਣ ਨਾਲ ਭਰਪੂਰ ਸੰਵਾਦ, ਸਮਝ, ਅਪਣੇ ਹੱਥਾਂ ਨਾਲ ਕੰਮ ਕਰਨਾਂ, ਸਮਾਜਕ ਲੈਣ ਦੇਣ ਅਤੇ ਅਪਣੀਆਂ ਸੁਹਜਾਤਮਕ ਸਮਰੱਥਾਵਾਂ ਦਾ ਵਿਕਾਸ ਆਦਿ ਸ਼ਾਮਲ ਹੋਣੇ ਚਾਹੀਦੇ ਹਨ। ਸਮਾਜਕ ਆਲੇ ਦੁਆਲੇ ਦੇ ਇਹ ਆਰੰਭ ਦੇ ਸਮੁੱਚੇ ਅਨੁਭਵ ਬਾਅਦ ਵਿੱਚ ਜਾਕੇ ਮਿਡਲ ਸਕੂਲ ਦੇ ਸਾਲਾਂ ਵਿੱਚ ਵਿਗਿਆਨ ਅਤੇ ਸਮਾਜਕ ਵਿਗਿਆਨਾਂ ਦੇ ਰੂਪ ਵਿੱਚ ਵੰਡੇ ਜਾਂਦੇ ਹਨ।

ਉੱਪਰ ਕਥੇ ਗਏ ਗਿਆਨ ਰੂਪਾਂ ਨੂੰ ਧਿਆਨ ਵਿੱਚ ਰੱਖਦਿਆਂ ਉੱਚ-ਪਰਾਇਮਰੀ ਅਤੇ ਮਿਡਲ ਸਕੂਲ ਵਾਲਾ ਸਮਾਂ ਜ਼ਿਆਦਾ ਚੰਗੀ ਤਰ੍ਹਾਂ ਪ੍ਰੀਭਾਸ਼ਤ ਵਿਸ਼ਿਆਂ ਦੇ ਨਿੱਖਰਕੇ ਸਾਹਮਣੇ ਆਉਣ ਦਾ ਸਮਾਂ ਕਿਹਾ ਜਾ ਸਕਦਾ ਹੈ। ਇਸ ਸਤਹ ਉੱਪਰ ਵਿਸ਼ਿਆਂ ਦੇ ਆਰ-ਪਾਰ ਸਥਾਨ ਸਿਰਜੇ ਜਾ ਸਕਣੇ ਸੰਭਵ ਹੋ ਸਕਦੇ ਹਨ, ਜਿੰਨ੍ਹਾਂ ਵਿੱਚ ਬੱਚੇ ਸਮੱਗਰੀ ਇਕੱਠੀ ਕਰਨ ਦੀ ਪ੍ਰਕਿਰਿਆ ਵਿੱਚ ਲੱਗ ਸਕਣ, ਉਸ ਸਮੱਗਰੀ ਨੂੰ ਕੁਦਰਤੀ, ਸਮਾਜਕ, ਗਣਿਤ ਸ਼ਾਸਤਰਕ ਜਾਂ ਭਾਸ਼ਕ ਆਦਿ ਵਰਗ-ਸ਼੍ਰੈਣੀਆਂ ਵਿੱਚ ਵੰਡ ਸਕਣ। ਫਿਰ ਉਹਨਾਂ ਦਾ ਖਾਸ ਗਿਆਨ ਖੰਡਾਂ, ਜਿਵੇਂ ਕਿ ਸਦਾਚਾਰਕ ਸੂਝ ਅਤੇ ਆਲੋਚਨਾਤਮਕ ਸੋਚ ਦੇ ਪਰਸੰਗ ਵਿੱਚ ਵਿਸ਼ਲੇਸ਼ਣ ਕਰ ਸਕਣ। ਇਸੇ ਹੀ ਸਤਾਹ ਉੱਤੇ ਸਮਾਜਕ ਮੁੱਦਿਆਂ ਅਤੇ ਹੱਦਾਂ ਰਹਿਤ ਗਿਆਨ ਵਿੱਚ ਹੋਰ ਡੂੰਘਾ ਉਤਰਣ ਵਾਸਤੇ ਸਥਾਨ ਸਿਰਜ ਸਕਣਾ ਤਰਕ-ਸੰਗਤ ਸੋਚ ਦੇ ਵਿਕਸਤ ਹੋਣ ਲਈ ਬੜਾ ਮਦਦਗਾਰ ਸਿੱਧ ਹੋ ਸਕਦਾ ਹੈ।

ਜਦ ਤੱਕ ਬੱਚੇ ਸਿੱਖਿਆ ਦੀ ਸੈਕੰਡਰੀ ਸਤਹ ਉੱਪਰ ਪਹੁੰਚਦੇ ਹਨ ਉਹ ਕਾਫੀ ਸਾਰਾ ਗਿਆਨ ਆਧਾਰ, ਅਨੁਭਵ, ਭਾਸ਼ਾ ਯੋਗਤਾਵਾਂ, ਅਤੇ ਪ੍ਰੋੜ੍ਹਤਾ ਗ੍ਰਹਿਣ ਕਰ ਚੁੱਕੇ ਹੁੰਦੇ ਹਨ। ਇਸ ਨਾਲ ਉਹ ਗਿਆਨ ਦੇ ਭਿੰਨ ਭਿੰਨ ਰੂਪਾਂ, ਜਿਵੇਂ ਕਿ ਸੰਕਲਪ, ਗਿਆਨ ਦੇ ਵਿਸਥਾਰ ਦੀ ਸੰਰਚਨਾਂ, ਛਾਣਬੀਨ ਦੇ ਤਰੀਕੇ ਅਤੇ ਪ੍ਰਮਾਣਕਤਾ ਦੇ ਤਰੀਕੇ ਆਦਿ ਵਿੱਚ ਪੂਰੀ ਤਰ੍ਹਾਂ ਉੱਤਰ ਸਕਦੇ ਹਨ। ਇਸ ਕਰਕੇ ਵਿਸ਼ਿਆਂ ਨੂੰ ਉੱਪਰ ਦਿੱਤਿਆਂ ਮੁਢਲੇ ਰੂਪਾਂ

ਨੂੰ ਹੋਰ ਨਜ਼ਦੀਕ ਤੋਂ ਜੋੜਿਆ ਜਾ ਸਕਦਾ ਹੈ। ਅੱਜ-ਕੱਲ੍ਹ ਉੱਚ ਸਿੱਖਿਆ ਵਿੱਚ ਪ੍ਰਮਾਣਤ ਮਜ਼ਮੂੰਨਾਂ ਨਾਲ ਵੀ ਜੋੜਿਆ ਜਾ ਸਕਦਾ ਹੈ।

ਸਾਰੇ ਗਿਆਨ ਰੂਪਾਂ ਦੀ ਲੋੜ ਅਨੁਸਾਰ ਪ੍ਰਤੀਨਿੱਧਤਾ ਦੇ ਮੁੱਦੇ ਅਤੇ ਸਮਾਨਤਾਵਾਂ, ਵਿਸ਼ੇਸ਼ ਗੁਣ-ਔਗਣ ਅਤੇ ਉਹਨਾਂ ਵਿਚਕਾਰਲੀ ਹੱਦ ਤੋਂ ਵੱਧ ਵਿਸਤਰਿਤ ਤੇ ਸੰਭਵ ਅੰਤਰ-ਸਬੰਧ ਓਦੋਂ ਹੋਰ ਮਹੱਤਵ ਪੂਰਣ ਹੋ ਜਾਂਦੇ ਹਨ, ਜਦ ਵਿਸ਼ੈ-ਖੇਤਰ ਹੋਰ ਵੀ ਚੰਗੀ ਤਰ੍ਹਾਂ ਪ੍ਰੀਭਾਸ਼ਤ ਹੋ ਜਾਂਦੇ ਹਨ।

**ਗਿਆਨ ਮਾਰਗਾਂ ਨਾਲ ਸਬੰਧਤ ਪਾਠਕ੍ਰਮ ਦੇ ਵਾਸਤੇ ਕੁਝ ਨੇਮ:**

- ✓ ਵਸ਼ੈ-ਵਸਤੂ ਦੇ ਦਿੱਤੇ ਹੋਏ ਸ਼ੀਸ਼ਿਆਂ ਰਾਹੀਂ ਸਮਾਜਕ ਯਥਾਰਥ ਅਤੇ ਕੁਦਰਤੀ ਵਾਤਾਵਰਣ ਬਾਰੇ ਇੱਕ ਅਲੋਚਨਾਤਮਕ ਪਰੀਪੇਖ ਗ੍ਰਹਿਣ ਕਰਨਾਂ।

- ✓ ਸਥਾਨ ਵਿਸ਼ੇਸ਼ ਅਤੇ ਸੰਧਰਭਤ ਨਾਲ ਜੁੜਨਾਂ ਤਾਂ ਜੋ ਗਿਆਨ ਨੂੰ 'ਸਥਾਨਤ' ਕੀਤਾ ਜਾ ਸਕੇ, ਇਸ ਦੇ 'ਢੁਕਵੇਂਪਨ' ਅਤੇ 'ਅਰਥ ਭਰਪੂਰਤਾ' ਨੂੰ ਹਾਂਸਲ ਕੀਤਾ ਜਾ ਸਕੇ; ਸਕੂਲ ਤੋਂ ਬਾਹਰ ਦੇ ਅਪਣੇ ਅਨੁਭਵਾਂ ਨੂੰ ਮੁੜ ਪੱਕਾ ਕੀਤਾ ਜਾ ਸਕੇ; ਅਪਣੀ ਸਿੱਖਿਆ ਨੂੰ ਨਿੱਜੀ ਵਾਚਣ, ਸੰਪਰਕ ਅਤੇ ਵੰਡਣ-ਯੋਗਤਾ ਵਿੱਚੋਂ ਪ੍ਰਾਪਤ ਕੀਤਾ ਜਾ ਸਕੇ; ਇਕਾਈਆਂ ਧਰਨ, ਪ੍ਰਸ਼ਨ ਕਰਨ, ਤਰਕ ਦੇਣ ਅਤੇ ਦਲੀਲ ਦੇਣ ਨੂੰ ਅਪਣੇ ਅਨੁਭਵਾਂ ਦੇ ਸਬੰਧ ਵਿੱਚ ਤੱਕਿਆ ਜਾ ਸਕੇ।

- ✓ ਮਜ਼ਮੂੰਨਾਂ ਦੇ ਆਰ-ਪਾਰ ਕੜੀਆਂ ਪੈਦਾ ਕਰਨੀਆਂ ਜਿਸ ਨਾਲ ਗਿਆਨ ਵਿਚਲੀ ਅੰਤਰ-ਸਬੰਧਤਾ ਉਜਾਗਰ ਹੋ ਸਕੇ।

- ✓ ਅਧਿਐਨ ਦੀ 'ਗੁਣਕਾਰਤਾ' ਤੇ 'ਉਦਾਰਤਾ' ਨੂੰ ਮਹਿਸੂਸ ਕਰਨਾਂ ਅਤੇ ਸਚਾਈਆਂ ਦੇ ਚਲਾਏਮਾਨ ਸੁਭਾਅ ਨੂੰ ਸਮਝ ਲੈਣਾਂ।

- ✓ ਸਥਾਨਕ/ਦੇਸੀ ਗਿਆਨ ਅਤੇ ਅਭਿਆਸਾਂ ਨਾਲ ਸਥਾਨਕ ਖੇਤਰਾਂ ਵਿੱਚ ਜੁੜਨਾਂ, ਅਤੇ ਜਿੱਥੇ ਵੀ ਸੰਭਵ ਹੋਵੇ ਓਥੇ ਸਕੂਲੀ ਗਿਆਨ ਨਾਲ ਇਹਨਾਂ ਦਾ ਸਬੰਧ ਕਾਇਮ ਕਰਨਾਂ।

- ✓ ਪ੍ਰਸ਼ਨਾਂ ਦੀ ਸਲਹੁਤਾ ਕਰਨੀਂ ਅਤੇ ਹੋਰ ਪ੍ਰਸ਼ਨ ਪੈਦਾ ਹੋ ਸਕਣ ਲਈ ਸਥਲ ਤਿਆਰ ਕਰਨੇ।

- ✓ ਜਮਾਤ ਵਿਚਲੀ ਗੱਲਬਾਤ ਵਿੱਚ ਬਰਾਬਰੀ ਪ੍ਰਤੀ ਸੰਵੇਦਨਾਂ ਰੱਖਣੀ; ਭਿੰਨ ਭਿੰਨ ਵਰਗਾਂ (ਜਿਵੇਂ ਕਿ ਕੁੜੀਆਂ ਨੂੰ ਖੇਤਰ ਅਧਾਰਤ ਪ੍ਰੌਜੈਕਟ ਨਾ ਦਿੱਤੇ ਜਾਣੇ, ਅੱਖਾਂ ਤੋਂ ਹੀਣੇ ਬੰਦਿਆਂ ਨੂੰ ਗਣਿਤ ਸ਼ਾਸਤਰ ਸਿੱਖਣ ਤੋਂ ਵਾਂਝੇ ਕਰ ਦੇਣਾਂ ਆਦਿ) ਉੱਪਰ ਮਨਾਹੀ ਵਰਗੀਆਂ ਸਥਾਪਤ ਰੂੜ੍ਹੀਗਤ ਧਾਰਨਾਵਾਂ ਅਤੇ ਪੱਖਪਾਤ ਪ੍ਰਤੀ ਸੰਵੇਦਨਾਂ।

- ✓ ਕਲਪਨਾਂ ਦਾ ਵਿਕਾਸ ਕਰਨਾਂ ਅਤੇ ਕਲਪਨਾਂ ਤੇ ਫੈਨਟਸੀ ਨੂੰ ਜਾਗ੍ਰਤ ਰੱਖਣਾਂ।

3.1 ਭਾਸ਼ਾ

3.2 ਗਣਿਤ ਸ਼ਾਸ਼ਤਰ

3.3 ਕੁਦਰਤੀ ਵਿਗਿਆਨ

3.4 ਸਮਾਜਕ ਵਿਗਿਆਨ

3.5 ਕਲਾ ਦੀ ਸਿੱਖਿਆ

3.6 ਸਿਹਤ ਅਤੇ ਸਰੀਰਕ ਸਿੱਖਿਆ

3.7 ਕੰਮ-ਧੰਦਾ ਅਤੇ ਪੜ੍ਹਾਈ

3.8 ਸ਼ਾਂਤੀ ਲਈ ਸਿੱਖਿਆ

3.9 ਅਧਿਐਨ ਦੀਆਂ ਸਕੀਮਾਂ

3.10 ਮੁੱਲ ਨਿਰਧਾਰਣ ਅਤੇ ਮੁਲਾਂਕਣ

# ਅਧਿਆਏ 3: ਪਾਠਕ੍ਰਮ ਖੇਤਰ, ਸਕੂਲ ਪੱਧਰ ਅਤੇ ਮੁਲਾਂਕਣ

ਪਾਠਕ੍ਰਮ ਦੀ ਯੋਜਨਾਂ ਵਾਸਤੇ ਲੋੜੀਂਦੇ ਖਾਸ ਖੇਤਰ ਢੇਰ ਸਮੇਂ ਤੋਂ ਬੜੀ ਚੰਗੀ ਤਰ੍ਹਾਂ ਸਥਿੱਤ ਹੀ ਰਹੇ ਹਨ। ਪਾਠਕ੍ਰਮ ਤੋਂ ਸਮਾਜਕ ਉਮੀਦਾਂ ਅਤੇ ਵਿਆਪਕ ਮਜ਼ਮੂੰਨਾਂ ਦੀ ਅਕਾਦਮਕ ਪੜ੍ਹਾਈ ਵਿੱਚ ਭਾਰੀ ਤਬਦੀਲੀਆਂ ਵਾਪਰਣ ਦੇ ਬਾਵਜੂਦ ਇਹ ਹੋਇਆ ਹੈ। ਇਹ ਜਰੂਰੀ ਹੈ ਕਿ ਪਾਠਕ੍ਰਮ ਦਾ ਹਰ ਇੱਕ ਖੇਤਰ ਤਹਿ ਤੱਕ ਮੁੜ-ਵਾਚਿਆ ਜਾਵੇ, ਤਾਂ ਜੋ ਸਾਹਮਣੇ ਆ ਰਹੀਆਂ ਸਮਾਜਕ ਜਰੂਰਤਾਂ ਦੇ ਸੰਧਰਭ ਵਿੱਚ ਕੁਝ ਵਿਸ਼ੇਸ਼ ਪਹੁੰਚ-ਬਿੰਦੂ ਪਛਾਣ ਲਏ ਜਾਣ।

ਏਸੇ ਪੱਖ ਤੋਂ ਕਲਾਵਾਂ ਅਤੇ ਸਰੀਰਕ ਸਿੱਖਿਆ ਦਾ ਪੱਧਰ ਅਤੇ ਪਹੁੰਚ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਖਾਸ ਕਰਕੇ ਇਸ ਲਈ ਵੀ ਕਿ ਕੋਈ ਇੱਕ ਸਦੀ ਪਹਿਲਾਂ ਇਹਨਾਂ ਵਿਸ਼ਿਆਂ ਨੂੰ

'ਪਾਠਕ੍ਰਮ ਤੋਂ ਬਾਹਰ' ਨਾਮੀਂ ਇੱਕ ਅਜੀਬ ਦਲਦਲ ਵਿੱਚ ਧੱਕ ਦਿੱਤਾ ਗਿਆ ਸੀ।

ਵਧ ਰਹੇ ਬੱਚੇ ਦੀ ਸਿਰਜਣਾਤਮਕਤਾ ਦੇ ਸੁਹਜਾਤਮਕ ਸੰਵੇਦਨਾਂ ਅਤੇ ਅਨੁਭਵ ਦੋ ਮੂਲ ਸਥਲ ਹੋਣ ਕਰਕੇ, ਇਹ ਜਰੂਰੀ ਹੈ ਕਿ ਅਸੀਂ ਕਲਾਵਾਂ ਨੂੰ ਪਾਠਕ੍ਰਮ ਦੇ ਘੇਰੇ ਵਿੱਚ ਭਲੀ ਭਾਂਤ ਲੈ ਆਈਏ। ਸਿੱਖਣ ਦੇ ਹਰ ਖੇਤਰ ਵਿੱਚ ਇਨ੍ਹਾਂ ਨੂੰ ਉਜਾਗਰ ਕਰ ਦਈਏ, ਤਾ ਕਿ ਢੁਕਵੇਂ ਪੱਧਰਾਂ ਉੱਪਰ ਉਨ੍ਹਾਂ ਨੂੰ ਉਨ੍ਹਾਂ ਦੀਆਂ ਅਪਣੀਆਂ ਪਛਾਣਾਂ ਦਿੱਤੀਆਂ ਜਾ ਸਕਣ।

ਕੰਮ-ਧੰਦੇ, ਸ਼ਾਂਤੀ ਅਤੇ ਸਿਹਤ ਦੀ ਵੀ ਕੁਝ ਅਜਿਹੀ ਹੀ ਦਸ਼ਾ ਹੈ। ਇਹਨਾਂ ਤਿੰਨਾਂ ਦਾ ਹੀ ਆਰਥਕ, ਸਮਾਜਕ ਅਤੇ ਨਿੱਜੀ ਉਨਤੀ ਵਿੱਚ ਖਾਸ ਦਖਲ ਹੈ। ਸਕੂਲਾਂ ਦੇ ਲਈ ਇਹਨਾਂ ਦਾ ਬਹੁਤ ਵਡੀ ਭੂਮਿਕਾ ਨਿਭਾਉਣੀ ਬਣਦੀ ਹੈ। ਉਹ ਇਹ ਕਿ ਇਸ ਗੱਲ ਵੱਲ ਪੂਰਾ ਧਿਆਨ ਦੇਣਾ ਹੈ ਕਿ ਬੱਚਿਆਂ ਦਾ ਸਮਾਜੀਕਰਣ ਆਤਮ-ਨਿਰਭਰਤਾ, ਸਾਧਨ-ਭਰਪੂਰਤਾ, ਸ਼ਾਂਤੀ-ਪੱਖਤਾ ਆਦਿ ਕੀਮਤਾਂ ਅਤੇ ਸਿਹਤ ਦੇ ਸਭਿਆਚਾਰ ਰਾਹੀਂ ਹੁੰਦਾ ਹੈ।

## 3.1 ਭਾਸ਼ਾ

ਇਸ ਦਸਤਾਵੇਜ਼ ਵਿੱਚ ਭਾਸ਼ਾ ਦੋ/ਬਹੁਭਾਸ਼ਾਵਾਦ ਨੂੰ ਸਮਾਉਂਦੀ ਹੈ। ਜਦ ਅਸੀਂ ਪਰਵਾਰ ਦੀ ਭਾਸ਼ਾ(ਵਾਂ) ਜਾਂ ਮਾਤ ਭਾਸ਼ਾ(ਵਾਂ) ਦੀ ਗੱਲ ਕਰਦੇ ਹਾਂ ਤਾਂ ਇਸ ਵਿੱਚ ਸ਼ਾਮਲ ਹੁੰਦੀਆਂ ਹਨ ਘਰ, ਵਡੇ ਭਾਈਚਾਰਿਆਂ, ਮਹੱਲੇ ਅਤੇ ਗੁਆਂਢ ਦੀਆਂ ਭਾਸ਼ਾਵਾਂ। ਤੇ ਜਾਂ ਕਹੋ ਉਹ ਭਾਸ਼ਾ(ਵਾਂ) ਜੋ ਬੱਚੀ(ਾ) ਅਪਣੇ ਘਰੋਂ ਅਤੇ ਸਮਾਜਕ ਮਹੌਲ ਵਿੱਚੋਂ ਸੁਤੇ ਸਿੱਧ ਸਿਖ ਲੈਂਦੀ(ਾ) ਹੈ।

ਬੱਚੇ ਜਮਾਂਦਰੂ ਸਿਖਣ ਸਮਰਥਾ ਲੈਕੇ ਜਨਮ ਲੈਂਦੇ ਹਨ। ਅਸੀਂ ਅਪਣੇ ਮੁਢਲੇ ਅਨੁਭਵਾਂ ਤੋਂ ਜਾਣਦੇ ਹਾਂ ਕਿ ਬਹੁਤੇ ਬੱਚੇ, ਇਸ ਤੋਂ ਪਹਿਲਾਂ ਕਿ ਉਹ ਸਕੂਲ ਜਾਣ ਲੱਗਣ, ਭਾਸ਼ਾ ਦੇ ਨਾਮ ਨਾਲ ਜਾਣਿਆ ਜਾਂਦਾ ਬੜਾ ਪਚੀਦਾ ਅਤੇ ਨੇਮਬੱਧ ਪ੍ਰਬੰਧ ਗ੍ਰਿਹਣ ਕਰ ਚੁੱਕੇ ਹੁੰਦੇ ਹਨ ਅਤੇ ਮੁਕੰਲ ਭਾਸ਼ਾ ਸਮਰੱਥਾਵਾਂ ਹਾਂਸਲ ਕਰ ਲੈਂਦੇ ਹਨ। ਕਈ ਬੱਚੇ ਤਾਂ ਸਕੂਲ ਆਉਣ ਵੇਲੇ ਦੋ ਜਾਂ ਤਿੰਨ ਭਾਸ਼ਾਵਾਂ ਦੀ ਵਕਤੀ-ਸੁਣਤੀ ਸਮਰੱਥਾ ਲੈਕੇ ਆਉਂਦੇ ਹਨ। ਉਹ ਇਹਨਾਂ ਭਾਸ਼ਾਵਾਂ ਨੂੰ ਲੋੜੀਂਦੇ ਰੂਪ ਵਿੱਚ ਹੀ ਨਹੀਂ, ਸਗੋਂ ਭਲੀ ਭਾਂਤ ਬੋਲ ਵੀ ਲੈਂਦੇ ਹਨ। ਇੱਥੋਂ ਤੱਕ ਕਿ ਕੌਸ਼ਲ ਦੀ ਭਿੰਨਤਾ ਦੇ ਬਾਵਜੂਦ ਜੋ ਬੱਚੇ ਮੌਖਕ ਭਾਸ਼ਾਵਾਂ ਨਹੀਂ ਵਰਤਦੇ, ਉਹ ਪ੍ਰਗਟਾਵੇ ਅਤੇ ਸੰਚਾਰ ਦੇ ਲਈ ਚਿੰਨ੍ਹਾਂ ਅਤੇ ਪ੍ਰਤੀਕਾਂ ਦੇ ਰੂਪ ਵਿੱਚ ਭਾਸ਼ਾਵਾਂ ਦੇ ਓਨੇ ਹੀ ਜਟਿਲ ਬਦਲ ਵਿਕਸਤ ਕਰ ਲੈਂਦੇ ਹਨ।

ਭਾਸ਼ਾ ਯਾਦਾਂ ਅਤੇ ਪ੍ਰਤੀਕਾਂ ਦੀ ਇੱਕ ਬੈਂਕ ਵੀ ਪਰਦਾਨ ਕਰਦੀ ਹੈ, ਜੋ ਬੰਦਾ ਅਪਣੇ ਸਹਿ-ਬੁਲਾਰਿਆਂ ਪਾਸੋਂ ਵਿਰਾਸਤ ਵਿੱਚ ਲੈਂਦਾ ਹੈ, ਤੇ ਅਪਣੀ ਉਮਰ ਵਿੱਚ ਸਿਰਜਦਾ ਹੈ। ਇਹ ਉਹ ਮਾਧਿਅਮ ਵੀ ਹੈ ਜਿਸ ਰਾਹੀਂ ਬਹੁਤੇ ਗਿਆਨ ਦਾ ਨਿਰਮਾਣ ਹੁੰਦਾ ਹੈ। ਇਸ ਕਰਕੇ ਭਾਸ਼ਾ ਬੰਦੇ ਦੇ ਵਿਚਾਰਾਂ ਦੇ ਨਾਲ ਅਤੇ ਉਸ ਦੀ ਪਛਾਣ ਦੇ ਨਾਲ ਬੜੇ ਨਜ਼ਦੀਕ ਤੋਂ ਜੁੜੀ ਹੋਈ ਹੈ। ਭਾਸ਼ਾ ਅਸਲ ਵਿੱਚ ਪਛਾਣ ਦੇ ਨਾਲ ਤਾਂ ਇਉਂ ਬੱਝੀ ਹੋਈ ਹੈ ਕਿ ਕਿਸੇ ਬੱਚੇ ਦੀ ਮਾਂ-ਬੋਲੀ(ਆਂ) ਤੋਂ ਇਨਕਾਰੀ ਹੋਣਾਂ, ਜਾਂ ਮਿਟਾਉਣ ਦਾ ਜਤਨ ਕਰਨਾਂ, ਬੱਚੇ ਦੀ ਖ਼ੁਦੀ ਦਾ ਘਾਤ ਕਰਨਾਂ ਹੈ। ਭਾਸ਼ਾਵਾਂ ਦੀ ਪ੍ਰਭਾਵਸ਼ਾਲੀ ਸੂਝ ਅਤੇ ਵਰਤੋਂ ਬੱਚੇ ਨੂੰ ਵਿਚਾਰਾਂ, ਲੋਕਾਂ, ਚੀਜ਼ਾਂ ਦੇ ਵਿਚਕਾਰ ਅਤੇ ਉਸ ਦੇ ਅਪਣੇ ਆਸਪਾਸ ਦੇ ਜਗਤ ਨਾਲ ਕੜੀਆਂ ਸਥਾਪਤ ਕਰਨ ਦੇ ਯੋਗ ਬਣਾਉਂਦੀ ਹੈ।

ਬਹੁਭਾਸ਼ਾਵਾਦ ਜੋ ਬੱਚੇ ਦੀ ਪਛਾਣ ਦਾ ਸਿਰਜਕ ਹੈ ਅਤੇ ਭਾਰਤੀ ਭਾਸ਼ਾ ਦੇ ਭੂ-ਦ੍ਰਿਸ਼ ਦੀ ਪ੍ਰਮਾਣਕਤਾ ਦਾ ਮੂਲ ਤੱਤ ਵੀ ਹੈ, ਜਮਾਤ ਵਿਚਲੇ ਅਮਲ ਅਤੇ ਜੁਗਤ ਦੇ ਲਈ ਜਰੂਰੀ ਹੈ। ਇਸ ਨੂੰ ਹਰ ਸਿਰਜਕ ਬਿਰਤੀ ਵਾਲਾ ਭਾਸ਼ਾ ਅਧਿਆਪਕ ਇੱਕ ਸਾਧਨ ਦੇ ਰੂਪ ਵਿੱਚ ਵਰਤੇ।

ਇਸ ਨਾਲ ਪਹਿਲਾਂ ਹੀ ਪ੍ਰਾਪਤ ਸਾਧਨਾਂ ਦੀ ਬਹੁਤ ਵਧੀਆ ਵਰਤੋਂ ਹੀ ਨਹੀਂ ਹੁੰਦੀ, ਸਗੋਂ ਭਾਸ਼ਾ ਇੱਕ ਰਸਤਾ ਵੀ ਬਣਦਾ ਹੈ ਬੱਚੇ ਨੂੰ ਸੁਰੱਖਿਅਤ ਅਤੇ ਪ੍ਰਵਾਣਤ ਹੋਇਆ ਮਹਿਸੂਸ ਕਰਵਾਉਣ ਦਾ, ਅਤੇ ਇਸ ਦਾ ਵੀ ਕਿ ਕੋਈ ਵੀ ਅਪਣੇ ਭਾਸ਼ਕ ਪਿਛੋਕੜ ਦੇ ਕਾਰਣ ਪਿੱਛੇ ਨਹੀਂ ਰਹਿੰਣ ਦਿੱਤਾ ਜਾਣਾਂ।

ਜੇ ਅਸੀਂ ਸਕੂਲਾਂ ਵਿੱਚ ਭਾਸ਼ਾ ਦੀ ਸਿਖਲਾਈ ਲਈ ਕੋਈ ਸੁਚੱਜਾ ਪ੍ਰੋਗਰਾਮ ਆਰੰਭ ਕਰਨਾਂ ਚਾਹੀਏ ਤਾਂ ਬੱਚਿਆਂ ਦੇ ਜਮਾਂਦਰੂ ਭਾਸ਼ਕ ਸੰਭਾਵ ਨੂੰ ਪਛਾਣ ਲੈਣ ਦੀ ਲੋੜ ਹੈ। ਇਹ ਯਾਦ ਰੱਖਣਾਂ ਵੀ ਜਰੂਰੀ ਹੈ ਕਿ ਭਾਸ਼ਾਵਾਂ ਸਮਾਜਕ-ਸੰਸਕ੍ਰਿਤਕ ਪਸਾਰੇ ਵਿੱਚ ਉਸਰਦੀਆਂ ਹਨ ਅਤੇ ਸਾਡੇ ਨਿੱਤਾ ਪ੍ਰਤੀ ਬੋਲ-ਚਾਲ ਦੌਰਾਨ ਬਦਲਦੀਆਂ ਵੀ ਹਨ। ਆਦਰਸ਼ਕ ਹਾਲਤਾਂ ਵਿੱਚ ਸਿੱਖਿਆ ਵਿੱਚ ਭਾਸ਼ਾ ਇਹਨਾਂ ਸਾਧਨਾਂ ਦੇ ਅਧਾਰ ’ਤੇ ਉਸਰਦੀ ਹੈ, ਅਤੇ ਇਹ ਅਕਾਦਮਿਕ ਗਿਆਨ ਗ੍ਰਹਿਣ ਕਰਨ ਲਈ ਹੋਈ ਪੜ੍ਹਾਈ-ਲਿਖਾਈ (ਬ੍ਰੈਲੇ ਸਮੇਤ ਲਿੱਪੀਆਂ) ਦੇ ਵਿਕਾਸ ਦੌਰਾਨ ਪ੍ਰਫੁਲਤ ਵੀ ਹੁੰਦੀ ਹੈ।

ਭਾਸ਼ਕ ਉਂਣਤਾਵਾਂ ਵਾਲੇ ਬੱਚਿਆਂ ਨੂੰ ਪ੍ਰਮਾਣਤ ਚਿੰਨ੍ਹ ਭਾਸ਼ਾਵਾਂ ਸਿੱਖਣ ਲਾਉਣਾਂ ਚਾਹੀਦਾ ਹੈ ਤਾਂ ਜੋ ਇਸ ਨਾਲ ਉਨ੍ਹਾਂ ਦੀ ਚੱਲ ਰਹੀ ਪ੍ਰਗਤੀ ਅਤੇ ਵਾਧੇ ਨੂੰ ਹੋਰ ਬਲ ਮਿਲ ਸਕੇ। ਸਿੱਖਿਅਕਾਂ ਦੀਆਂ ਭਾਸ਼ਕ ਸਮਰੱਥਾਵਾਂ ਨੂੰ ਮਾਨਤਾ ਦੇਣ ਨਾਲ ਉਨ੍ਹਾਂ ਦਾ ਅਪਣੇ ਉੱਪਰ ਭਰੋਸਾ ਵਧਦਾ ਹੈ ਅਤੇ ਉਨ੍ਹਾਂ ਦੀਆਂ ਅਪਣੀਆਂ ਸੰਸਕ੍ਰਿਤਕ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ।

### 3.1.1 ਭਾਸ਼ਾ ਸਿੱਖਿਆ

ਭਾਰਤ ਦੀ ਭਾਸ਼ਕ ਵੱਖਰਤਾ ਬੜੀਆਂ ਜਟਲ ਵੰਗਾਰਾਂ ਖੜ੍ਹੀਆਂ ਕਰਦੀ ਹੈ, ਪਰ ਨਾਲ ਹੀ ਇਹ ਸਹੂਲਤਾਂ ਦੀ ਇੱਕ ਲੜੀ ਵੀ ਪੇਸ਼ ਕਰਦੀ ਹੈ। ਸਮੂਚੇ ਦੇਸ਼ ਭਰ ਦੇ ਲਈ ਇਨ੍ਹਾਂ ਭਾਸ਼ਾਵਾਂ ਦੀ ਇੱਕ ਬੜੀ ਭਾਰੀ ਗਿਣਤੀ ਵਢਮੁੱਲਾ ਸਭਿਆਚਾਰਕ ਸਾਧਨ-ਭੰਡਾਰ ਵੀ ਬਣਦੀ ਹੈ। ਭਾਰਤ ਇਸ ਲਈ ਹੀ ਅਨੋਖਾ ਨਹੀਂ ਹੈ ਕਿ ਏਥੇ ਬੜੀ ਵਡੀ ਗਿਣਤੀ ਵਿੱਚ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਸਗੋਂ ਇਸਦਾ ਨਿਰਾਲਾਪਨ ਇਸ ਤੱਥ ਉੱਪਰ ਵੀ ਆਧਾਰਤ ਹੈ ਕਿ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਚੋਖੀ ਗਿਣਤੀ ਅਤੇ ਭਾਂਤ ਦੇ ਭਾਸ਼ਾ ਪਰਵਾਰ ਵੀ ਪ੍ਰਤੀਨਿੱਧਤਾ ਪ੍ਰਾਪਤ ਕਰਦੇ ਹਨ।

ਦੁਨੀਆਂ ਭਰ ਵਿੱਚ ਹੋਰ ਕੋਈ ਵੀ ਅਜਿਹਾ ਮੁਲਖ ਨਹੀਂ ਹੈ, ਜਿਸ ਵਿੱਚ ਪੰਜ ਅਲੱਗ ਭਾਸ਼ਾ ਪਰਵਾਰਾਂ ਦੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹੋਣ। ਹਾਲਾਂ ਕਿ ਉਹ ਸੰਰਚਨਾਂ ਦੇ ਪੱਖੋਂ ਐਨੀਆਂ ਭਿੰਨ ਹਨ ਕਿ ਉਹਨਾਂ ਨੂੰ ਭਿੰਨ ਭਿੰਨ ਭਾਸ਼ਾ ਪਰਵਾਰਾਂ ਵਿੱਚ ਜਿਵੇਂ ਭਾਰਤੀ-ਆਰੀਆਈ, ਦ੍ਰਾਵਿੜ, ਔਸਟਰੋ-ਏਸ਼ੀਆਈ, ਤਿਬਤੋ-ਬਰਮਨ ਅਤੇ ਅੰਡੇਮਾਨੀਂ ਵਿੱਚ ਵਰਗੀਕ੍ਰਿਤ ਕਰਨਾਂ ਬਣਦਾ ਹੈ, ਫਿਰ ਵੀ ਇਹਨਾਂ ਭਾਸ਼ਾਵਾਂ ਦਾ ਇੱਕ ਦੂਜੇ ਨਾਲ ਨਿਰੰਤਰ ਸੰਵਾਦ ਸਥਾਪਤ ਹੈ। ਕਿੰਨ੍ਹੇ ਹੀ ਭਾਸ਼ਕ ਅਤੇ ਸਮਾਜ-ਭਾਸ਼ਕ ਤੱਤ ਹਨ ਜੋ ਇੰਨ੍ਹਾਂ ਭਾਸ਼ਾਵਾਂ ਵਿੱਚ ਸਾਂਝੇ ਹਨ।

ਇਹ ਭਾਸ਼ਾਵਾਂ ਇਸ ਤੱਥ ਦੀ ਗੁਵਾਹੀ ਹਨ ਕਿ ਸਦੀਆਂ ਤੋਂ ਐਨੀਆਂ ਸਾਰੀਆਂ ਭਾਸ਼ਾਵਾਂ ਅਤੇ ਸਭਿਆਚਾਰ ਭਾਰਤ ਵਿੱਚ ਰਲ ਮਿਲਕੇ ਵਸਦੇ ਅਤੇ ਮਾਲਾਮਾਲ ਕਰਦੇ ਤੇ ਹੁੰਦੇ ਆਏ ਹਨ। ਲੈਟਨ, ਅਰਬੀ, ਫ਼ਾਰਸੀ, ਤਾਮਿਲ ਅਤੇ ਸੰਸਕ੍ਰਿਤ ਵਰਗੀਆਂ ਪੁਰਾਤਨ ਭਾਸ਼ਾਵਾਂ ਹਾਲੇ ਵੀ ਅਪਣੀਆਂ ਵਿਭਗਤੀ-ਪ੍ਰਧਾਨ ਵਿਆਕਰਣਕ ਸੰਰਚਨਾਵਾਂ ਅਤੇ ਸੁਹਜਾਤਮਕ ਮੁੱਲਾਂ ਨਾਲ ਸਾਡੇ ਜੀਵਨਾਂ ਨੂੰ ਰੁਸ਼ਨਾਅ ਸਕਦੀਆਂ ਹਨ, ਕਿਉਂਕਿ ਬਹੁਤ ਸਾਰੀਆਂ ਅਜੋਕੀਆਂ ਭਾਸ਼ਾਵਾਂ ਇਹਨਾਂ ਤੋਂ ਸ਼ਬਦ ਲੈਂਦੀਆਂ ਰਹਿੰਦੀਆਂ ਹਨ।

ਬਹੁਤ ਸਾਰੀ ਖੋਜ਼ ਨੇ ਇਹ ਸਥਾਪਤ ਕਰ ਦਿੱਤਾ ਹੈ ਕਿ ਦੁਭਾਸ਼ਕ ਪ੍ਰਬਲਤਾ ਨਾਲ ਮਾਨਸਕ ਵਿਕਾਸ, ਸਮਾਜਕ ਸਹਿਨਸ਼ਲਿਤਾ,

> ਬਹੁਦਿਸ਼ਾਵੀ ਸੋਚ ਅਤੇ ਵਿਦਵਤਾ ਦੀਆਂ ਪ੍ਰਪਤੀਆਂ ਦੇ ਪੱਧਰ ਹੋਰ ਉੱਚੇ ਹੋਣ ਨੂੰ ਬਲ ਮਿਲਦਾ ਹੈ। ਸਮਾਜੀ ਜਾਂ ਰਾਸ਼ਟਰੀ ਬਹੁਭਾਸ਼ਾਵਾਦ ਇੱਕ ਅਜਿਹਾ ਸਾਧਨ ਹੈ ਜਿਸ ਦੀ ਲਾਹੇਦਾਰ ਅਰਥਾਂ ਵਿੱਚ ਤੁਲਨਾਂ ਕਿਸੇ ਵੀ ਕੁਦਰਤੀ ਸਾਧਨ ਨਾਲ ਕੀਤੀ ਜਾ ਸਕਦੀ ਹੈ।

ਅੱਜ ਅਸੀਂ ਇਹ ਭਲੀ ਭਾਂਤ ਜਾਣਦੇ ਹਾਂ ਕਿ ਦੋਭਾਸ਼ਕਵਾਦ ਜਾਂ ਬਹੁਭਾਸ਼ਕਵਾਦ ਕਈ ਵਿਸ਼ੇਸ਼ ਗਿਆਨਾਤਮਕ ਸੁਵਿਧਾਵਾਂ ਪ੍ਰਦਾਨ ਕਰਦੇ ਹਨ। ਕਈ ਅਧਿਅਨਾਂ ਰਾਹੀਂ ਇਹ ਸਿੱਧ ਹੋਗਿਆ ਹੈ ਕਿ ਦੋਭਾਸ਼ਕ ਨਿਪੁੰਤਾ ਗਿਆਨਮੂਲਕ ਪੱਧਰ, ਸਮਾਜਕ ਸਹਿਨਸ਼ੀਲਤਾ, ਭਿੰਨ-ਪਾਸਾਰੀ ਸੋਚ ਅਤੇ ਸਿੱਖਿਅਕ ਪ੍ਰਾਪਤੀਆਂ ਆਦਿ ਨੂੰ ਉੱਚਾ ਉਠਾਅ ਦਿੰਦੀ ਹੈ। ਸਾਮਾਜਕ ਜਾਂ ਰਾਸ਼ਟਰੀ ਬਹੁਭਾਸ਼ਕਵਾਦ ਇੱਕ ਅਜਿਹਾ ਸਾਧਨ ਹੈ ਜਿਸ ਦੀ ਕਿਸੇ ਵੀ ਰਾਸ਼ਟਰੀ ਸਾਧਨ ਨਾਲ ਤੁਲਨਾਂ ਕਰਦਿਆਂ ਵਾਧਾ ਹੀ ਰਹੇਗਾ।

ਬਹੁਚਰਚਤ ਤਿੰਨ-ਭਾਸ਼ਾਈ ਫਾਰਮੂਲਾ ਭਾਰਤ ਵਿਚਲੀ ਭਾਸ਼ਕ ਸਥਿਤੀ ਦੀਆਂ ਵੰਗਾਰਾਂ ਅਤੇ ਸਹੂਲਤਾਂ ਨੂੰ ਸੰਬੋਧਤ ਹੋਣ ਦੀ ਇੱਕ ਕੋਸ਼ਸ਼ ਹੈ। ਹੇਠਾਂ ਦਿੱਤੀਆਂ ਸੇਧਾਂ ਇਸ ਨਿਸ਼ਾਨੇ ਵਿੱਚ ਸਫਲ ਹੋਣ ਵਾਸਤੇ ਸਾਡੀ ਮਦਦ ਕਰ ਸਕਦੀਆਂ ਹਨ:

- ਭਾਸ਼ਾ ਸਿਖਲਾਈ ਦੇ ਬਹੁਭਾਸ਼ਕ ਹੋਣ ਦੀ ਲੋੜ ਹੈ। ਇਹ ਕੇਵਲ ਦਿੱਤੀਆਂ ਜਾਣਵਾਲੀਆਂ ਭਾਸ਼ਾਵਾਂ ਦੀ ਗਿਣਤੀ ਦੇ ਰੂਪ ਵਿੱਚ ਹੀ ਨਾ ਹੋਵੇ, ਸਗੋਂ ਉਹਨਾ ਜੁਗਤਾਂ ਦਾ ਰੂਪ ਵੀ ਲਵੇ ਜੋ ਬਹੁਭਾਸ਼ਕ ਜਮਾਤ ਨੂੰ ਇੱਕ ਸਾਧਨ ਦੀ ਤਰ੍ਹਾਂ ਵਰਤਣ।
- ਬੱਚਿਆਂ ਦੇ ਘਰ ਦੀ ਭਾਸ਼ਾ(ਵਾਂ), ਜਿਵੇਂ ਉੱਪਰ 3.1 ਵਿੱਚ ਪ੍ਰੀਭਾਸ਼ਤ ਕੀਤਾ ਗਿਆ ਹੈ, ਸਕੂਲਾਂ ਵਿੱਚ ਸਿੱਖਣ ਦਾ ਮਾਧਿਅਮ ਹੋਣੀ ਚਾਹੀਦੀ ਹੈ।
- ਜੇ ਕਿਸੇ ਸਕੂਲ ਵਿੱਚ ਉੱਚ-ਪੱਧਰ ਪੁਰ ਬੱਚੇ ਦੇ ਘਰ ਦੀ ਭਾਸ਼ਾ ਵਿੱਚ ਸਿੱਖਿਆ ਦੇਣ ਦਾ ਪ੍ਰਬੰਧ ਨਾ ਹੋਵੇ, ਤਦ ਵੀ ਮੁਢਲੀ ਸਿੱਖਿਆ ਤਾਂ ਘਰ ਦੀ ਭਾਸ਼ਾ ਵਿੱਚ ਹੀ ਕਰਵਾਈ ਜਾਵੇ। ਇਹ ਤਾਂ ਬਣਦਾ ਹੀ ਹੈ ਕਿ ਅਸੀਂ ਬੱਚੇ ਦੇ ਘਰ ਦੀ ਭਾਸ਼ਾ(ਵਾਂ) ਦਾ ਸਤਿਕਾਰ ਕਰੀਏ।
- ਸਾਡੇ ਸਵਿਧਾਨ ਦੀ ਧਾਰਾ 350ੳ ਅਨੁਸਾਰ 'ਹਰ ਰਾਜ ਅਤੇ ਉਸ ਦੇ ਅੰਦਰਲੀ ਹਰ ਸਥਾਨਕ ਇਕਾਈ ਦਾ ਇਹ ਜਤਨ ਰਹੇਗਾ ਕਿ ਰਾਜ ਦੇ ਅੰਦਰ ਘੱਟ ਗਿਣਤੀ ਦੇ ਨਾਗਰਕਾਂ ਦੇ ਬੱਚਿਆਂ ਦੇ ਲਈ ਮਾਤ-ਭਾਸ਼ਾ ਵਿੱਚ ਮੁਢਲੀ ਸਿੱਖਿਆ ਦੇ ਲਈ ਲੋੜੀਂਦੀਆਂ ਸਹੂਲਤਾਂ ਦਿੱਤੀਆਂ ਜਾ ਸਕਣ'।

- ਬੱਚੇ ਸ਼ੁਰੂ ਤੋਂ ਹੀ ਬਹੁਭਾਸ਼ੀ ਸਿੱਖਿਆ ਪ੍ਰਾਪਤ ਕਰਨ। ਤਿੰਨ-ਭਾਸ਼ਾਈ ਫਾਰਮੂਲੇ ਨੂੰ ਇਸ ਦੇ ਅਸਲੀ ਰੂਪ ਵਿੱਚ ਲਾਗੂ ਕਰਨ ਦੀ ਲੋੜ ਹੈ, ਜਿਸ ਨਾਲ ਇੱਕ ਬਹੁਭਾਸ਼ੀ ਦੇਸ਼ ਵਿੱਚ ਸੰਚਾਰ ਦੀਆਂ ਬਹੁਭਾਸ਼ਕ ਸਮਰਥਾਵਾਂ ਦਾ ਵਿਕਾਸ ਹੋ ਸਕੇ।
- ਗੈਰ-ਹਿੰਦੀ ਰਾਜਾਂ ਵਿੱਚ ਬੱਚੇ ਹਿੰਦੀ ਪੜ੍ਹਨ। ਹਿੰਦੀ ਬੋਲਣ ਵਾਲੇ ਰਾਜਾਂ ਵਿੱਚ ਬੱਚੇ ਇੱਕ ਅਜਿਹੀ ਭਾਸ਼ਾ ਪੜ੍ਹਨ ਜੋ ਉਸ ਇਲਾਕੇ ਵਿੱਚ ਨਾਂ ਬੋਲੀ ਜਾਂਦੀ ਹੋਵੇ। ਇਨ੍ਹਾਂ ਬੋਲੀਆਂ ਦੇ ਨਾਲ ਹੀ ਸੰਸਕ੍ਰਿਤ ਵੀ ਇੱਕ ਆਧੁਨਿਕ ਭਾਰਤੀ ਭਾਸ਼ਾ ਤਰ੍ਹਾਂ ਪੜ੍ਹੀ ਜਾ ਸਕਦੀ ਹੈ।
- ਅਗਲੇ ਪੱਧਰਾਂ ਵਿੱਚ ਇੱਕ ਕਲਾਸੀਕਲ ਭਾਸ਼ਾ ਲਾਗੂ ਕੀਤੀ ਜਾ ਸਕਦੀ ਹੈ।

### 3.1.2 ਘਰ ਦੀ ਭਾਸ਼ਾ/ਪਹਿਲੀ ਭਾਸ਼ਾ ਜਾਂ ਮਾਤ-ਭਾਸ਼ਾ ਦੀ ਪੜ੍ਹਾਈ

ਇਹ ਸਪੱਸ਼ਟ ਹੈ ਕਿ ਅਪਣੀਆਂ ਜਮਾਂਦਰੂ ਸਿੱਖਣ ਸ਼ਕਤੀਆਂ ਦੇ ਕਾਰਣ ਅਤੇ ਮਾਪਿਆਂ ਨਾਲ ਅਤੇ ਅਪਣੇ ਆਸਪਾਸ ਦੇ ਹੋਰ ਲੋਕਾਂ ਨਾਲ ਗੱਲਬਾਤ ਰਾਹੀਂ ਬੱਚੇ ਅਪਣੀ ਭਾਸ਼ਾ, ਜਾਂ ਬਹੁਤ ਵਾਰੀਂ ਕਈ ਭਾਸ਼ਾਵਾਂ ਵਿੱਚ ਪੂਰਣ ਰੂਪ ਵਿੱਚ ਵਿਕਸਤ ਹੋਈਆਂ ਸੰਚਾਰਕ ਯੋਗਤਾਵਾਂ ਦੇ ਨਾਲ ਸਕੂਲ ਅੱਪੜਦੇ ਹਨ। ਇਉਂ ਸਕੂਲ ਵਿੱਚ ਬੱਚੇ ਹਜਾਰਾਂ ਸ਼ਬਦ ਲੈਕੇ ਹੀ ਨਹੀਂ ਵੜਦੇ, ਸਗੋਂ ਉਹ ਆਵਾਜ਼, ਸ਼ਬਦ, ਵਾਕ ਅਤੇ ਪਰਵਚਨ ਦੇ ਪੱਧਰਾਂ ਪੁਰ ਲਾਗੂ ਹੁੰਦੇ ਸੰਰਚਨਾਂ ਦੇ ਕਾਫੀ ਜਟਿਲ ਨੇਮ ਵੀ ਸਿਖਕੇ ਅੱਪੜਦੇ ਹਨ।

ਬੱਚਾ ਸਿਰਫ ਸਮਝਣਾਂ ਅਤੇ ਬੋਲਣਾਂ ਹੀ ਸਿਖ ਨਹੀਂ ਗਿਆ ਹੁੰਦਾ, ਪ੍ਰੰਤੂ ਅਪਣੀ ਭਾਸ਼ਾ ਵਿੱਚ ਢੁਕਵਾਂ ਬੋਲਣ ਵੀ ਸਿਖ ਲੈਂਦਾ ਹੈ। ਬੱਚੇ ਨੂੰ ਬੰਦੇ, ਜਗਾਹ ਅਤੇ ਵਿਸ਼ੇ ਦੀਆਂ ਲੋੜਾਂ ਅਨੁਸਾਰ ਅਪਣੇ ਵਿਹਾਰ ਨੂੰ ਢਾਲ ਲੈਣਾਂ ਆ ਗਿਆ ਹੁੰਦਾ ਹੈ। ਅਸਲ ਵਿੱਚ ਬੱਚੇ ਕੋਲ ਉਹ ਮਾਨਸਕ ਯੋਗਤਾਵਾਂ ਹੁੰਦੀਆਂ ਹਨ ਜਿੰਨ੍ਹਾਂ ਨਾਲ ਆਵਾਜ਼ਾਂ ਦੇ ਘੜਮੱਸ ਵਿੱਚੋਂ ਇੱਕ ਅਤਿ ਜਟਿਲ ਭਾਸ਼ਕ ਪ੍ਰਬੰਧ ਅਮੂਰਤਣ ਵਿੱਚ ਸਫਲ ਹੋ ਜਾਂਦਾ ਹੈ।

ਇਸ ਲਈ ਪਹਿਲੀ ਭਾਸ਼ਾ ਦੀ ਪੜ੍ਹਾਈ ਦਾ ਟੀਚਾ ਹੈ ਜਮਾਤ ਦੇ ਕਮਰੇ ਵਿੱਚ ਇਹਨਾਂ ਸਹੂਲਤਾਂ ਦੀ ਉਸ ਤੇਜਧਾਰ ਔਜਾਰ ਤਰ੍ਹਾਂ ਨਿਰੰਤਰ ਵਰਤੋਂ ਕਰਕੇ, ਜੋ ਦੂਜਿਆਂ ਨੂੰ ਤਿੱਖਾ ਕਰ ਦਿੰਦਾ ਹੈ, ਸੰਚਾਰਕ ਅਤੇ ਗਿਆਨਕ ਯੋਗਤਾਵਾਂ ਨੂੰ ਹੋਰ ਵੀ ਤੀਖਣ ਕਰਨਾ। ਤੀਜੀ ਜਮਾਤ ਤੋਂ ਅੱਗੇ ਮੌਖਕਤਾ ਅਤੇ ਅੱਖਰਤਾ (ਲਿਟਰੇਸੀ) ਦੋਨੋਂ ਪੜ੍ਹਨ ਦੇ, ਉੱਚਸਤਰੀ ਸੰਚਾਰ ਕੌਸ਼ਲ ਵਿਕਸਤ ਕਰਨ ਦੇ, ਅਤੇ ਆਲੋਚਨਾਤਮਕ ਸੋਚ ਨੂੰ ਪ੍ਰਬਲ ਕਰਨ ਦੇ ਸਾਧਨ ਹੋਣਗੇ।

ਪਰਾਇਮਰੀ ਪੱਧਰ ਉੱਪਰ ਬੱਚੇ ਦੀ ਭਾਸ਼ਾ ਨੂੰ ਜਿਉਂ ਦਾ ਤਿਉਂ ਮੰਨ ਲਿਆ ਜਾਵੇ। ਇਸ ਵਿੱਚ ਕੋਈ ਵੀ ਸੋਧ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਚੌਥੀ ਜਮਾਤ ਵਿੱਚ ਜਾਕੇ ਜੇ ਬੱਚੇ ਨੂੰ ਭਰਪੂਰ ਅਤੇ ਰੌਚਿਕ ਜਾਣ-ਪਛਾਣ ਪ੍ਰਾਪਤ ਕਰਵਾਈ ਜਾਵੇ। ਠੇਠ-ਮਿਆਰੀ ਭਾਸ਼ਾ ਬੱਚਾ ਖੁਦ ਹੀ ਗ੍ਰਹਿਣ ਕਰ ਲਵੇਗਾ। ਲਿੱਪੀ ਦੇ ਸਹੀ ਨਿਯਮਾਂ ਨੂੰ ਜਾਣੂੰ ਕਰਵਾਇਆ ਜਾਵੇ। ਪਰ ਬੱਚੇ ਦੇ ਘਰ ਵਾਲੀ ਭਾਸ਼ਾ(ਵਾਂ)/ਮਾਤ-ਭਾਸ਼ਾ(ਵਾਂ) ਦਾ ਸਤਿਕਾਰ ਕਰਨ ਦਾ ਧਿਆਨ ਰੱਖਿਆ ਜਾਵੇ।

ਇਹ ਸਵੀਕਾਰ ਕੀਤਾ ਜਾਵੇ ਕਿ ਗਲਤੀਆਂ ਕਰਨਾਂ ਪੜ੍ਹਨ ਦੀ ਪ੍ਰਕਿਰਿਆ ਦਾ ਇੱਕ ਲਾਜਮੀਂ ਹਿੱਸਾ ਹੈ ਅਤੇ ਬੱਚੇ ਅਪਣੇ ਆਪ ਹੀ ਉਸ ਸਮੇਂ ਅਪਣੀਆਂ ਗਲਤੀਆਂ ਦੀ ਸੋਧ ਕਰਨ ਲੱਗ ਪੈਂਦੇ ਹਨ, ਜਦ ਉਹ ਅਜਿਹਾ ਕਰਨ ਲਈ ਤਿਆਰ ਹੋ ਗਏ ਹੋਣ। ਗਲਤੀਆਂ ਅਤੇ ਅਜਿਹੇ ਕਈ ਹੋਰ 'ਸਖਤ ਬਿੰਦੂਆਂ' ਉੱਪਰ ਧਿਆਨ ਕੇਂਦਰਤ ਕਰਨ ਦੀ ਥਾਂ, ਇਹ ਬਹੁਤ ਵਧੀਆ ਰਹੇਗਾ ਕਿ ਬੱਚਿਆਂ ਨੂੰ ਸਮਝ ਪੈ ਸਕਣ ਵਾਲੀਆਂ, ਦਿਲਚਸਪ, ਅਤੇ ਵੰਗਾਰ ਭਰੀਆਂ ਹੋਰ ਕਈ ਚੀਜ਼ਾਂ ਸਿਖਾਉਣ ਉੱਪਰ ਸਮਾਂ ਖਰਚਿਆ ਜਾਵੇ।

ਸੱਚ ਤਾਂ ਇਹ ਹੈ ਕਿ ਘਰ ਦੀਆਂ ਭਾਸ਼ਾਵਾਂ ਨੂੰ ਸਕੂਲ ਵਿੱਚ ਪੜ੍ਹਾਉਣ ਦੇ ਮਹੱਤਵ ਬਾਰੇ ਕੁਝ ਕਹਿੰਣਾਂ ਖਾਸਾ ਮੁਸ਼ਕਲ ਕੰਮ ਹੈ। ਅਸਲ ਵਿੱਚ ਭਾਵੇਂ ਬੱਚੇ ਇੱਕ-ਦੂਜੇ ਨਾਲ ਬੋਲ-ਚਾਲ ਦੀ ਮੁਹਾਰਤ ਨਾਲ ਲੈਸ ਹੋਕੇ ਆਉਂਦੇ ਹਨ, ਫਿਰ ਵੀ ਸਕੂਲ ਤੋਂ ਉੱਚ ਦਰਜੇ ਦੀਆਂ ਭਾਸ਼ਕ ਅਤੇ ਗਿਆਨਮੂਲਕ ਪ੍ਰਬੀਨੀਆਂ ਸਿੱਖਣ ਦੀ ਲੋੜ ਹੁੰਦੀ ਹੈ। ਭਾਸ਼ਾ ਦੀ ਆਰੰਭਕ ਮੁਹਾਰਤ ਅਜਿਹੀਆਂ ਸਥਿਤੀਆਂ ਦੇ ਬਰ ਆਉਣ ਲਈ ਕਾਫੀ ਹੁੰਦੀ ਹੈ ਜੋ ਗਿਆਨ ਦੇ ਪੱਖੋਂ ਕੋਈ ਬਹੁਤੀ ਮੰਗ ਨਾ ਕਰਦੀਆਂ ਹੋਣ। ਜਿਵੇਂ ਕਿ ਹਾਣੀਆਂ ਨਾਲ ਗੱਲ-ਬਾਤ। ਉੱਚ ਦਰਜੇ ਦੀ ਮੁਹਾਰਤ ਦੀ ਲੋੜ ਉਨ੍ਹਾਂ ਸਥਿਤੀਆਂ ਵਿੱਚ ਪੈਂਦੀ ਹੈ, ਜੋ ਸੰਧਰਭ ਦੇਣ ਦੇ ਪੱਖੋਂ ਕਮਜ਼ੋਰ ਹੋਣ ਪਰ ਗਿਆਨ ਦੇ ਪੱਖੋਂ ਭਾਰੀ ਮੰਗ ਕਰਨ। ਜਿਵੇਂ ਕਿਸੇ ਅਮੂਰਤ ਵਿਸ਼ੇ 'ਤੇ ਲੇਖ ਲਿਖਣਾਂ।

ਇਹ ਵੀ ਹੁਣ ਭਲੀ ਭਾਂਤ ਸਥਾਪਤ ਹੋ ਚੁੱਕਾ ਹੈ ਕਿ ਉੱਚ ਪੱਧਰੀ ਮਹਾਰਤਾਂ ਇੱਕ ਭਾਸ਼ਾ ਤੋਂ ਦੂਜੀ ਵਿੱਚ ਬੜੀ ਅਸਾਨੀ ਨਾਲ ਤਬਦੀਲ ਹੋ ਜਾਂਦੀਆਂ ਹਨ। ਇਸ ਤਰ੍ਹਾਂ ਇਹ ਜਰੂਰੀ ਹੋ ਗਿਆ ਹੈ ਕਿ ਅਸੀਂ ਸਕੂਲ ਵਿੱਚ ਭਾਰਤੀ ਭਾਸ਼ਾਵਾਂ ਦੀ ਪੜ੍ਹਾਈ ਨੂੰ ਨਿਰੰਤਰ ਮਜ਼ਬੂਤ ਕਰਨ ਲਈ ਹਰ ਸੰਭਵ ਜਤਨ ਕਰੀਏ।

ਸਾਹਿਤ ਬੱਚਿਆਂ ਦੀ ਸਿਰਜਣਾਤਮਕਤਾ ਲਈ ਪ੍ਰੇਰਣਾਂ ਵੀ ਹੋ ਸਕਦਾ ਹੈ। ਕੋਈ ਕਹਾਣੀ, ਕਵਿਤਾ ਜਾਂ ਗੀਤ ਸੁਣਨ ਤੋਂ ਬਾਅਦ ਬੱਚਿਆਂ ਨੂੰ ਪ੍ਰੇਰਿਆ ਜਾ ਸਕਦਾ ਹੈ ਕਿ ਉਹ ਕੁਝ ਅਪਣਾ ਵੀ ਲਿਖਣ। ਉਹਨਾ ਨੂੰ ਇਸ ਲਈ ਵੀ ਉਤਸਾਹਤ ਕੀਤਾ ਜਾ

ਸਕਦਾ ਹੈ ਕਿ ਉਹ ਸਿਰਜਣਾਤਮਕ ਪ੍ਰਗਟਾਵੇ ਦਿਆਂ ਭਿੰਨ ਭਿੰਨ ਰੂਪਾਂ ਨੂੰ ਜੋੜਨ।

ਭਾਸ਼ਾ ਦੀ ਪੜ੍ਹਾਈ ਭਾਸ਼ਾ ਸਿੱਖਣ ਵਾਲੇ ਕਮਰੇ ਤੱਕ ਸੀਮਤ ਨਹੀਂ ਹੈ। ਕਿਸੇ ਵਿਗਿਆਨ, ਸਮਾਜਕ ਵਿਗਿਆਨ ਜਾਂ ਗਣਿਤ ਸ਼ਾਸਤਰ ਦੀ ਜਮਾਤ ਅਸਲ ਵਿੱਚ ਤਾਂ ਇੱਕ ਭਾਸ਼ ਦੀ ਜਮਾਤ ਹੀ ਹੈ। ਮਜ਼ਮੂੰਨ ਸਿੱਖਣ ਦਾ ਅਰਥ ਹੈ ਪ੍ਰੀਭਾਸ਼ਕ ਸ਼ਬਦਾਵਲੀ ਸਿੱਖਣੀ, ਸੰਕਲਪਾਂ ਨੂੰ ਸਮਝਣਾਂ, ਬਹਿਸ ਕਰ ਸਕਣ ਦੇ ਕਾਬਲ ਹੋਣਾਂ ਅਤੇ ਉਨ੍ਹਾਂ ਬਾਰੇ ਅਲੋਚਨਾਤਮਕ ਢੰਗ ਨਾਲ ਲਿਖ ਸਕਣਾਂ। ਕਈ ਵਿਸ਼ਿਆਂ ਵਾਸਤੇ ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹਨ ਜਾਂ ਦੂਸਰੇ ਲੋਕਾਂ ਨਾਲ ਅਲੱਗ ਅਲੱਗ ਭਾਸ਼ਾਵਾਂ ਵਿੱਚ ਗੱਲ ਕਰਨ ਲਈ ਉਤਸਾਹਤ ਕੀਤਾ ਜਾਵੇ। ਜਾਂ ਫਿਰ ਉਹ ਲੋੜੀਂਦੇ ਮਸਾਲੇ ਨੂੰ ਅੰਗਰੇਜੀ ਵਿੱਚੋਂ ਇੰਟਰਨੈਟ ਰਾਹੀਂ ਲੈ ਲੈਣ। ਪਾਠਕ੍ਰਮ ਵਿੱਚ ਭਾਸ਼ਾਵਾਂ ਦੇ ਆਰ-ਪਾਰ ਅਜਿਹੀ ਨੀਤੀ ਸਕੂਲ ਵਿੱਚ ਇੱਕ ਸਹੀ ਬਹੁਭਾਸ਼ਾਵਾਦ ਪ੍ਰਫੁੱਲਤ ਕਰੇਗੀ।

ਏਵੇਂ ਹੀ ਭਾਸ਼ਾ ਦੀ ਜਮਾਤ ਕੁਝ ਨਿਆਰੇ ਮੌਕੇ ਵੀ ਪਰਦਾਨ ਕਰਦੀ ਹੈ। ਕਹਾਣੀਆਂ, ਕਵਿਤਾ, ਗੀਤ ਅਤੇ ਡਰਾਮੇਂ ਬੱਚਿਆਂ ਨੂੰ ਅਪਣੀ ਸਭਿਆਚਾਰਕ ਪਰੰਪਰਾ ਨਾਲ ਜੋੜਦੇ ਹਨ। ਉਹਨਾਂ ਨੂੰ ਅਪਣੇ ਅਨੁਭਵਾਂ ਨੂੰ ਸਮਝਣ ਦਾ ਅਤੇ ਦੂਜਿਆਂ ਪ੍ਰਤੀ ਸੰਵੇਦਨਾਂ ਵਿਕਸਤ ਕਰਨ ਦਾ ਮੌਕਾ ਦਿੰਦੇ ਹਨ। ਅਸੀਂ ਦੱਸਣਾ ਚਾਹਾਂਗੇ ਕਿ ਵਿਆਕਰਣ ਦੇ ਬੜੇ ਸਪਸ਼ਟ ਪਾਠਾਂ ਨਾਲੋਂ ਜੋ ਅਕਸਰ ਉਕਾਊ ਹੁੰਦੇ ਹਨ, ਅਜਿਹੇ ਕਾਰਜਾਂ ਵਿੱਚੋਂ ਬੱਚੇ ਬਿਨਾਂ ਕੋਸ਼ਿਸ਼ ਵਿਆਕਰਣ ਸਿਖ ਲੈਂਦੇ ਹਨ।

ਜਦ ਕਿ ਭਿੰਨ ਭਿੰਨ ਸਮਰੱਥਾ ਵਾਲੇ ਸਿਖਿਆਰਥੀ ਸਧਾਰਣ ਸਮਾਜਕ ਸੰਪਰਕ ਰਾਹੀਂ ਹੀ ਭਾਸ਼ਾ ਦੀਆਂ ਮੂਲ ਯੋਗਤਾਵਾਂ ਸਿਖ ਸਕਦੇ ਹਨ, ਫਿਰ ਵੀ ਉਹਨਾਂ ਨੂੰ ਵਿਸ਼ੇਸ਼ ਤੌਰਤੇ ਤਿਆਰ ਕੀਤੀ ਗਈ ਸਮੱਗਰੀ ਵੀ ਦਿੱਤੀ ਜਾ ਸਕਦੀ ਹੈ। ਇਸ ਨਾਲ ਉਹਨਾਂ ਦੇ ਵਿਕਾਸ ਅਤੇ ਉਨਤੀ ਨੂੰ ਹੋਰ ਤੇਜ ਕੀਤਾ ਜਾ ਸਕਦਾ ਹੈ। ਜਿੰਨ੍ਹਾਂ ਵਿਦਿਆਰਥੀਆਂ ਨੂੰ ਕੋਈ ਸਰੀਰਕ ਊਂਣ ਨਾ ਹੋਵੇ ਉਹਨਾਂ ਵਾਸਤੇ ਚਿੰਨ੍ਹ ਭਾਸ਼ਾ ਦੀ ਪੜ੍ਹਾਈ ਨੂੰ ਇੱਕ ਚੋਣ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ।

## 3.1.3 ਦੂਜੀ ਭਾਸ਼ਾ ਦੀ ਪੜ੍ਹਾਈ

ਭਾਰਤ ਵਰਗੇ ਬਹੁਭਾਸ਼ੀ ਦੇਸ਼ ਵਿੱਚ ਅੰਗਰੇਜੀ ਇੱਕ ਗਲੋਬਲੀ ਭਾਸ਼ਾ ਹੈ। ਅੰਗਰੇਜੀ ਦੀ ਪੜ੍ਹਈ ਦੀਆਂ ਸਥਿਤੀਆਂ ਦਾ ਇੱਕ ਲੰਮਾਂ ਵਿਸਥਾਰ ਹੈ। ਇਹ ਅਧਿਆਪਕ ਦੀ ਅੰਗਰੇਜੀ ਪੜ੍ਹਾ ਸਕਣ ਦੀ ਪ੍ਰਬੀਨੀ ਅਤੇ

ਸਕੂਲ ਤੋਂ ਬਾਹਰ ਅੰਗਰੇਜੀ ਬਾਰੇ ਵਿਦਿਆਰਥੀਆਂ ਨੂੰ ਮਿਲਦੀ ਵਾਕਫੀ ਵਰਗੇ ਦੋ ਜੁੜਵੇਂ ਤੱਥਾਂ ਉੱਪਰ ਟਿਕਿਆ ਹੈ।

ਅੰਗਰੇਜੀ ਦੇ ਲਾਗੂ ਕਰਨ ਦਾ ਪੱਧਰ ਹੁਣ ਅਕਾਦਮਕ ਜਾਂ ਸੰਭਵਨਾ ਦਾ ਮੁੱਦਾ ਨਾ ਰਹਿਕੇ ਲੋਕਾਂ ਦੀਆਂ ਅਭਿਲਾਸ਼ਾਵਾਂ ਦੇ ਪ੍ਰਤੀ ਇੱਕ ਸਿਆਸੀ ਪ੍ਰਤੀਉੱਤਰ ਬਣਕੇ ਰਹਿ ਗਿਆ ਹੈ। ਪਾਠਕ੍ਰਮ ਵਿੱਚ ਅੰਗਰੇਜੀ ਦੇ ਲਾਗੂ ਕਰਨ ਦੇ ਪੱਧਰ ਦਾ ਫੈਸਲਾ ਲੈਣ ਵੇਲੇ ਲੋਕਾਂ ਦੀਆਂ ਮਨੋ-ਭਾਵਨਾਵਾਂ ਦਾ ਸਤਿਕਾਰ ਤਾਂ ਕਰਨਾਂ ਹੋਵੇਗਾ ਹੀ। ਪਰ ਫਿਰ ਵੀ ਇੱਕ ਗੱਲ ਦੀ ਗੁੰਜ਼ਾਇਸ਼ ਰੱਖ ਲੈਣੀ ਜਰੂਰੀ ਹੈ ਕਿ ਅਸੀਂ ਇੱਕ ਅਸਫਲ ਹੋ ਚੁੱਕੇ ਪ੍ਰਬੰਧ ਨੂੰ ਹੋਰ ਹੇਠਾਂ ਦੀ ਤਰਫ ਲਪਕਾਅ ਨਾ ਬੈਠੀਏ।

ਦੂਜੀ ਭਾਸ਼ਾ ਦੇ ਪਾਠਕ੍ਰਮ ਦੇ ਟੀਚੇ ਦੋ-ਤਰਫੇ ਹਨ: 1) ਮੂਲ ਪ੍ਰਬੀਨੀ ਨੂੰ ਹਾਂਸਲ ਕਰਨਾਂ, ਜਿਸ ਤਰ੍ਹਾਂ ਕਿ ਸਹਿਜ ਸੁਭਾਅ ਭਾਸ਼ਾ ਗ੍ਰਹਿਣ ਕਰਨ ਨਾਲ ਹੁੰਦਾ ਹੈ; ਅਤੇ 2) ਭਾਸ਼ਾ ਦਾ ਵਿਕਾਸ ਇੱਕ ਅਮੂਰਤ ਵਿਚਾਰ ਅਤੇ ਗਿਆਨ ਹਾਂਸਲ ਕਰਨ ਦੇ ਸੰਦ ਦੇ ਰੂਪ ਵਿੱਚ ਹੋਣਾਂ, ਉਦਾਹਰਣ ਵਜੋਂ, ਜੋ ਪੜ੍ਹਾਈ-ਲਿਖਾਈ ਨਾਲ ਹੁੰਦਾ ਹੈ। ਇਸ ਨਾਲ ਪਾਠਕ੍ਰਮ ਦੇ ਆਰ-ਪਾਰ ਜਾਣ ਦੀ ਇੱਕ ਅਜਿਹੀ ਪਹੁੰਚ ਬਾਰੇ ਦਲੀਲ ਸਾਹਮਣੇ ਆਉਂਦੀ ਹੈ, ਜੋ ਅੰਗਰੇਜੀ ਤੇ ਦੂਸਰੇ ਮਜ਼ਮੂਨਾਂ, ਅਤੇ ਅੰਗਰੇਜੀ ਤੇ ਦੂਜੀਆਂ ਭਾਰਤੀ ਭਾਸ਼ਾਵਾਂ ਵਿਚਲੀਆਂ ਦਿਵਾਰਾਂ ਨੂੰ ਤੋੜ ਦਿੰਦੀ ਹੈ। ਆਰੰਭਕ ਸਤਰਾਂ ਪੁਰ ਅੰਗਰੇਜੀ ਬੱਚੇ ਨੂੰ ਜਗਤ ਦੀ ਸੋਝੀ ਦਿਵਾਉਣ ਵਾਲੇ ਕਾਰਜਾਂ ਨੂੰ ਸਿੱਖਣ ਵਾਸਤੇ ਕਈ ਭਾਸ਼ਾਵਾਂ ਵਿੱਚੋਂ ਇੱਕ ਹੋ ਸਕਦੀ ਹੈ। ਬਾਅਦ ਵਾਲੇ ਸਤਰਾਂ ਪੁਰ ਸਾਰਾ ਸਿੱਖਣ ਭਾਸ਼ਾ ਰਾਹੀਂ ਵਾਪਰਦਾ ਹੈ।

ਸਵਿਧਾਨਕ ਸੁਰੱਖਿਆ ਰਾਹੀਂ ਹਰ ਬੱਚੇ ਨੂੰ ਮਿਲੇ ਸਿੱਖਣ ਦੇ ਅੱਠ ਸਾਲਾਂ ਦੇ ਅੰਦਰ ਅੰਦਰ ਇਹ ਸੰਭਵ ਹੋਣਾਂ ਚਾਹੀਦਾ ਹੈ ਕਿ ਬੱਚਾ ਚਾਰ ਸਾਲ ਦੇ ਕਾਲ ਵਿੱਚ ਅੰਗਰੇਜੀ ਭਾਸ਼ਾ ਦੀ ਮੁਢਲੀ ਮਹਾਰਤ ਹਾਂਸਲ ਕਰ ਲਵੇ। ਸਕੂਲੀ ਸਿੱਖਿਆ ਦੇ ਆਰੰਭਕ ਪਲ ਤੋਂ ਹੀ ਇੱਕ ਬਹੁਭਾਸ਼ਕ ਪਹੁੰਚ ਉਹਨਾਂ ਸਾਰੇ ਦੁਸ਼ ਪ੍ਰਭਾਵਾਂ ਦਾ ਸਫਾਇਆ ਕਰ ਦੇਵੇਗੀ ਜੋ ਸਿੱਖਿਅਕ ਦੀਆਂ ਅਪਣੀਆਂ ਭਾਸ਼ਾਵਾਂ ਦੀ ਹਾਨੀ ਅਤੇ ਸਰਾਸਰ ਨਾ ਸਮਝ ਪੈਣ ਦੇ ਰੂਪ ਵਿੱਚ ਉਤਪਨ ਹੁੰਦੇ ਹਨ।

ਉੱਚ-ਪੱਧਰੀਆਂ ਭਾਸ਼ਕ ਮਹਾਰਤਾਂ ਭਾਸ਼ਾਵਾਂ ਦੇ ਆਰ-ਪਾਰ ਸਧਾਰਣੀਕਰਿਤ ਹੋ ਜਾਂਦੀਆਂ ਹਨ। ਉਦਾਹਰਣ ਵਜੋਂ, ਪੜ੍ਹਣ ਵੀ ਇੱਕ ਤਬਦੀਲ ਹੋ ਸਕਦੀ ਮਹਾਰਤ ਹੈ। ਇਸ ਦਾ ਇੱਕ ਭਾਸ਼ਾ ਵਿੱਚ ਸੁਧਾਰ ਕਰਨ ਨਾਲ ਦੂਜੀ

ਭਾਸ਼ਾ ਵਿੱਚ ਸੁਧਾਰ ਸੁਤੇ ਸਿੱਧ ਹੋ ਜਾਂਦਾ ਹੈ, ਜਦ ਕਿ ਪੜ੍ਹਣ ਦਾ ਇੱਕ ਭਾਸ਼ਾ ਵਿੱਚ ਫੇਲ੍ਹ ਹੋਣਾਂ ਦੂਜੀ ਭਾਸ਼ਾ ਵਿਚਲੇ ਪੜ੍ਹਣ ਉੱਪਰ ਬੁਰਾ ਅਸਰ ਛੱਡਦਾ ਹੈ।

ਅੰਗਰੇਜੀ ਇਕੱਲ੍ਹੀ ਕਿਤੇ ਵੀ ਨਹੀਂ ਖੜ੍ਹਦੀ। ਅੰਗਰੇਜੀ ਦੀ ਪੜ੍ਹਾਈ ਦਾ ਟੀਚਾ ਹੈ ਬਹੁਭਾਸ਼ੀ-ਜਨਾਂ ਦੀ ਸਿਰਜਣਾਂ ਕਰਨਾਂ ਜੋ ਸਾਡੀਆਂ ਭਾਸ਼ਾਵਾਂ ਨੂੰ ਸਮਰਿੱਧ ਕਰਨ। ਇਹ ਇੱਕ ਸਥਿਰ ਰਾਸ਼ਟਰੀ ਦ੍ਰਿਸ਼ਟੀ ਰਹੀ ਹੈ। ਅੰਗਰੇਜੀ ਲਈ ਲੋੜ ਹੈ ਭਿੰਨ ਭਿੰਨ ਰਾਜਾਂ ਵਿੱਚ ਦੂਜੀਆਂ ਭਾਰਤੀ ਭਾਸ਼ਾਵਾਂ ਦੇ ਨਾਲ ਹੀ ਅਪਣੇ ਲਈ ਜਗਾਹ ਟੋਲਣ ਦੀ। ਜਗਾਹ ਓਥੇ ਜਿੱਥੇ ਬੱਚਿਆਂ ਦੀਆਂ ਦੂਜੀਆਂ ਭਾਰਤੀ ਭਾਸ਼ਾਵਾਂ ਅੰਗਰੇਜੀ ਦੇ ਪੜ੍ਹਣ-ਲਿਖਣ ਨੂੰ ਮਜ਼ਬੂਤ ਕਰ ਸਕਣ; ਅਤੇ 'ਅੰਗਰੇਜੀ ਮਾਧਿਅਮ' ਸਕੂਲਾਂ ਵਿੱਚ ਜਿੱਥੇ ਦੂਜੀਆਂ ਭਾਰਤੀ ਭਾਸ਼ਾਵਾਂ ਦਾ ਬੋਲਬਾਲ ਦਿਖਾਕੇ ਅੰਗਰੇਜੀ ਦੀ ਵਾਧੂ ਦੀ ਖਿਆਲ ਕੀਤੀ ਜਾਂਦੀ ਸਰਦਾਰੀ ਨੂੰ ਠੱਲ੍ਹ ਪਾਉਣ ਦੀ ਲੋੜ ਹੈ।

'ਅੰਗਰੇਜੀ ਮਾਧਿਅਮ' ਸਕੂਲਾਂ ਦੀ ਠੀਕ-ਠਾਕ ਜਿਹੀ ਸਫਲਤਾ ਦਰਸਾਉਂਦੀ ਹੈ ਕਿ ਭਾਸ਼ਾ ਓਦੋਂ ਸਿਖੀ ਜਾਂਦੀ ਹੈ ਜਦ ਇਸ ਨੂੰ ਭਾਸ਼ਾ ਤਰ੍ਹਾਂ ਨਹੀਂ ਪੜ੍ਹਾਇਆ ਜਾਂਦਾ ਹੁੰਦਾ, ਸਗੋਂ ਅਰਥਦਾਰ ਸੰਧਰਭਾਂ ਵਿੱਚ ਉਤਰਣ ਦਿੱਤਾ ਜਾਂਦਾ ਹੈ। ਇਉਂ ਅੰਗਰੇਜੀ ਦੂਜੇ ਮਜ਼ਮੂਨਾਂ ਦੇ ਰਿਸ਼ਤੇ ਵਿੱਚ ਹੀ ਦੇਖੀ ਜਾਵੇ। ਪਾਠਕ੍ਰਮ ਦੇ ਆਰ-ਪਾਰ ਇੱਕ ਭਾਸ਼ਾ ਦੀ ਪਰਾਇਮਰੀ ਸਿੱਖਿਆ ਦੇ ਲਈ ਇੱਕ ਅਪਣੀ ਸਾਰਥਕਤਾ ਹੈ। ਇਹ ਪ੍ਰੀਪੇਖ 'ਅੰਗਰੇਜੀ ਇੱਕ ਮਜ਼ਮੂੰਨ' ਅਤੇ 'ਅੰਗਰੇਜੀ ਇੱਕ ਮਾਧਿਅਮ' ਦੇ ਵਿਚਕਾਰ ਇੱਕ ਪੁਲ਼ ਬਣੇਗਾ। ਇਸ ਤਰ੍ਹਾਂ ਸਾਨੂੰ ਇੱਕ ਸਾਂਝੇ ਸਕੂਲ ਪ੍ਰਬੰਧ ਦੀ ਤਰਫ ਅੱਗੇ ਵਧਣਾ ਚਾਹੀਦਾ ਹੈ ਜੋ 'ਇੱਕ ਭਾਸ਼ਾ ਪੜ੍ਹਾਉਣ' ਅਤੇ 'ਭਾਸ਼ਾ ਨੂੰ ਸਿੱਖਿਆ ਦੇ ਇੱਕ ਮਾਧਿਅਮ' ਵਿੱਚ ਨਿਖੇੜਾ ਨਹੀਂ ਕਰਦਾ।

ਜਾਣਕਾਰੀ ਭਰਪੂਰ ਸਮੱਗਰੀ ਨਾਲ ਉੱਸਰੇ ਆਦਾਨ-ਪ੍ਰਦਾਨ ਦੇ ਮਹੌਲ ਹੀ ਭਾਸ਼ਾ ਸਿਖਲਾਈ ਦੇ ਲਈ ਮੁਢਲੀ ਸ਼ਰਤ ਹੁੰਦੇ ਹਨ – ਭਾਸ਼ਾ ਪਹਿਲੀ ਹੋਵੇ ਤੇ ਭਾਵੇਂ ਦੂਜੀ। ਇਸ ਸਮੱਗਰੀ ਵਿੱਚ ਹਨ ਪਾਠ-ਪੁਸਤਕਾਂ, ਸਿੱਖਿਅਕ ਅਧਾਰਤ ਚੁਣਵੇਂ ਪਾਠ, ਜਮਾਤ ਦੀਆਂ ਲਾਇਬਰੇਰੀਆਂ, ਕਈ ਭਾਂਤ ਦੀਆਂ ਸਹਿਤਕ ਵਿਧਾਵਾਂ। ਛਪਾਈ ਦੇ ਲਈ ਨਿਆਣੇ ਸਿੱਖਿਅਕਾਂ ਦੇ ਲਈ ਵੱਢੀਆਂ ਕਿਤਾਬਾਂ ਉਦਾਹਰਣ ਹੋ ਸਕਦੀਆਂ ਹਨ; ਇੱਕ ਤੋਂ ਜ਼ਿਆਦਾ ਭਾਸ਼ਾ ਵਿੱਚ ਸਮਾਨੰਤਰ ਕਿਤਾਬਾਂ ਅਤੇ ਹੋਰ ਸਮੱਗਰੀ; ਸੰਚਾਰ ਸਾਧਨਾਂ (ਸਿੱਖਿਅਕ ਰਸਾਲੇ/ ਅਖਬਾਰਾਂ ਦੇ ਕਾਲਮ, ਰੇਡੀਓ/ ਕੈਸਟਾਂ); ਅਤੇ 'ਪ੍ਰਮਾਣਤ' ਸਮੱਗਰੀ ਆਦਿ। ਊਣਤਾ ਗ੍ਰਸਤ ਸਿੱਖਿਅਕਾਂ ਦੇ ਭਾਸ਼ਕ ਵਾਤਾਵਰਨ ਨੂੰ ਪ੍ਰਫੁਲਤ ਕਰਨ ਦੇ ਲਈ ਸਮੂਹਕ ਸਿੱਖਿਆ ਕੇਂਦਰ ਖੋਲ੍ਹਣ ਦੀ ਜਰੂਰਤ ਹੈ।

ਸਫਲ ਸਿੱਧ ਹੋ ਚੁੱਕੀਆਂ ਕਈ ਭਾਂਤ ਦੀਆਂ ਨਵੀਨੀਆਂ ਸਾਹਮਣੇ ਆ ਗਈਆਂ ਹਨ, ਜਿਨ੍ਹਾਂ ਦਾ ਆਮਕਰਣ ਅਤੇ ਹੌਂਸਲਾ ਅਫਜ਼ਾਈ ਕਰਨੀ ਹਾਲੇ ਬਾਕੀ ਹੈ। ਪਹੁੰਚ ਵਿਧੀਆਂ ਅਤੇ ਤਰੀਕੇ ਜਰੂਰੀ ਨਹੀਂ ਕਿ ਸੀਮਾਂ-ਬੱਧ ਹੀ

ਹੋਣ। ਗਿਆਨ ਮੂਲਕ ਦਰਸ਼ਣ ਦੇ ਤਹਿਤ (ਵਿਗੋਟਸਕੀਵਾਦੀ, ਚੋਮਸਕੀਵਾਦੀ ਅਤੇ ਪਿਆਜੇਵਾਦੀ ਨੇਮਾਂ ਦਾ ਸੁਮੇਲ ਕਰਕੇ) ਇਹ ਇੱਕ ਦੂਜੇ ਦੇ ਸਹਾਇਕ ਵੀ ਹੋ ਸਕਦੇ ਹਨ। ਇੱਕ ਵਾਰ ਮੂਲ ਯੋਗਤਾਵਾਂ ਦਾ ਨਿਰਮਾਣ ਹੋ ਜਾਵੇ ਤਾਂ ਉੱਚ-ਦਰਜੇ ਦੇ ਕੌਸ਼ਲਾਂ (ਸਹਿਤਕ ਪਰਸੰਸਾ ਅਤੇ ਭਾਸ਼ਾ ਦੇ ਲਿੰਗ ਨਿਰਧਾਰਣ ਵਿੱਚਲੇ ਦਖਲ ਸਮੇਤ) ਦਾ ਵਿਕਾਸ ਕੀਤਾ ਜਾ ਸਕਦਾ ਹੈ।

ਅਧਿਆਪਕ ਸਿੱਖਿਆ ਨਿਰੰਤਰ ਅਤੇ ਟਿਕਾਣੇ ਪੁਰ (ਰਸਮੀਂ ਗੈਰਰਸਮੀਂ ਵਸੀਲਿਆਂ ਦੇ ਸਹਰੇ) ਹੋਣ ਦੀ ਲੋੜ ਹੈ – ਪਰ ਹੋਵੇ ਤਿਆਰੀ ਅਧਾਰਤ ਵੀ। ਮਹਾਰਤ ਅਤੇ ਪੇਸ਼ੇ ਸਬੰਧੀ ਜਾਣਕਾਰੀ ਨੂੰ ਬਰਾਬਰ ਪ੍ਰਫੁੱਲਤ ਕੀਤਾ ਜਾਣਾਂ ਹੈ, ਅਤੇ ਜਦ ਵੀ ਲੋੜ ਪਵੇ ਇਹ ਵਿਕਾਸ ਅਧਿਆਪਕਾਂ ਦੀਆਂ ਅਪਣੀਆਂ ਭਾਸ਼ਾਵਾਂ ਵਿੱਚ ਹੋਵੇ। ਸਾਰੇ ਅਧਿਆਪਕ ਜੋ ਅੰਗਰੇਜੀ ਪੜ੍ਹਾਉਣ ਉਹਨਾਂ ਨੂੰ ਅੰਗਰੇਜੀ ਵਿੱਚ ਮੁੱਢਲੀ ਮਹਾਰਤ ਹਾਸਲ ਹੋਵੇ। ਸਭ ਅਧਿਆਪਕਾਂ ਨੂੰ ਅੰਗਰੇਜੀ ਪੜ੍ਹਾਉਣ ਦੀ ਉਹ ਕਲਾ ਆਉਂਦੀ ਹੋਵੇ ਜੋ ਕਿਸੇ ਸਤਰ ਦੀ ਪੜ੍ਹਾਈ ਦੇ ਤਰੀਕਿਆਂ ਲਈ ਜਰੂਰੀ ਹੁੰਦੀ ਹੈ। ਇਸ ਦਾ ਵੀ ਕੁਝ ਗਿਆਨ ਹੋਵੇ ਕਿ ਭਾਸ਼ਾ ਕਿਵੇਂ ਸਿੱਖੀ ਜਾਂਦੀ ਹੈ। ਅਜਿਹੀ ਬਹੁਭਾਂਤੀ ਸਮੱਗਰੀ ਪ੍ਰਾਪਤ ਹੋਵੇ ਜੋ ਪਾਠਕ੍ਰਮ ਨੂੰ ਸਾਧਨਾਂ ਦੇ ਪੱਖੋਂ ਅਮੀਰ ਬਣਾਵੇ ਤੇ ਅਰਥ ਪੁਰ ਕੇਂਦਰਤ ਹੋਵੇ।

ਭਾਸ਼ਾ ਮੁਲਾਂਕਣ ਦਾ ਕਿਸੇ ਸਿਲੇਬਸ ਦੇ ਪੱਖ ਤੋਂ "ਪ੍ਰਾਪਤੀ" ਨਾਲ ਜੁੜਿਆ ਹੋਣਾ ਜਰੂਰੀ ਨਹੀਂ, ਸਗੋਂ ਭਾਸ਼ਾ ਦੀ ਮਹਾਰਤ ਦੇ ਮਾਪਣ ਵੱਲ ਰੁਚਿਤ ਹੋਣਾਂ ਜਰੂਰੀ ਹੈ। ਮੁਲਾਂਕਣ ਨੇ ਭਾਸ਼ਾ ਸਿੱਖਣ ਦੇ ਲਈ ਇੱਕ ਸਹਾਇਕ ਤੱਤ ਬਣਨਾਂ ਹੈ ਨਾਕਿ ਇੱਕ ਰੁਕਾਵਟ। ਹਮੇਸ਼ ਹੋਣ ਵਾਲੀ ਜਾਂਚ ਲਈ ਕਾਗਜ਼ ਪੱਤਰੀ ਵਰਤਕੇ ਸਿੱਖਿਅਕ ਦੇ ਵਿਕਾਸ ਨੂੰ ਕਲਮਬੱਧ ਕੀਤਾ ਜਾ ਸਕਦਾ ਹੈ।

ਅੰਗਰੇਜੀ ਭਾਸ਼ਾ ਲਈ ਇੱਛਾ ਨਾਲ ਚੁਣੇ ਜਾਂਦੇ ਟੈਸਟ ਤਿਆਰ ਕਰਨ ਤੋਂ ਪਹਿਲਾਂ ਭਾਸ਼ਾ ਮਹਾਰਤ ਦੇ ਰਾਸ਼ਟਰੀ ਮਿਆਰ ਤਿਆਰ ਕਰ ਲਏ ਜਾਣ ਦੀ ਜਰੂਰਤ ਹੈ। ਇਸ ਨਾਲ ਸਰਟੀਫੀਕੇਟ ਦੇਣ ਵਿੱਚ ਲੋੜੀਦੇ ਮੁਲਾਂਕਣ ਦੇ ਮਾਣਕੀਕਰਣ ਅਤੇ ਪਾਠਕ੍ਰਮ ਵਿਚਲੀ ਸੁਤੰਤਰਤਾ ਵਿਚਕਾਰ ਤਾਲ ਮੇਲ ਸਥਾਪਤ ਹੋ ਸਕੇਗਾ। ਨਾਲ ਹੀ ਦਸਵੀਂ ਜਮਾਤ ਵਿੱਚ ਫੇਹਲ ਹੋਣ ਦਾ ਅੰਗਰੇਜੀ (ਗਣਿਤ ਸਮੇਤ) ਹੋਣ ਦੀ ਸਮੱਸਿਆ ਪੁਰ ਵੀ ਕਾਬੂ ਪਵੇਗਾ। ਵਿਦਿਆਰਥੀ ਨੂੰ 'ਅੰਗਰੇਜੀ ਬਿਨਾਂ' ਪਾਸ ਹੋ ਜਾਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਜੇ ਅੰਗਰੇਜੀ ਦੇ ਸਰਟੀਫੀਕੇਟ (ਤਦ ਹੀ ਪੜ੍ਹਾਈ) ਦੇ ਲਈ ਸਕੂਲੀ ਪਾਠਕ੍ਰਮ ਦੇ ਬਾਹਰ ਕੋਈ ਹੋਰ ਰਸਤਾ ਕੱਢ ਲਿਆ ਜਾ ਸਕੇ ਤਾਂ।

### 3.1.4 ਪੜ੍ਹਣ ਅਤੇ ਲਿਖਣ ਸਿੱਖਣਾਂ

ਭਾਵੇਂ ਅਸੀਂ ਭਿੰਨ ਭਿੰਨ ਭਾਸ਼ਾ ਕੌਸ਼ਲਾਂ ਵਾਸਤੇ ਇੱਕ ਸੁਮਿਲਤ ਪਹੁੰਚ ਦੀ ਪੁਰਜੋਰ ਵਕਾਲਤ ਕਰਦੇ ਹਾਂ, ਫਿਰ ਵੀ ਕਈ ਵਾਰੀ ਸਕੂਲ ਨੂੰ ਖਾਸ ਕਰਕੇ ਘਰ ਦੀਆਂ ਭਾਸ਼ਾਵਾਂ ਦੇ ਪੜ੍ਹਣ-ਲਿਖਣ ਵੱਲ ਵਿਸ਼ੇਸ਼ ਧਿਆਨ ਦੇਣਾਂ ਚਾਹੀਦਾ ਹੈ। ਦੂਜੀ ਅਤੇ ਤੀਜੀ ਭਾਸ਼ਾ, ਤੇ ਜਾਂ ਫਿਰ ਕਲਾਸੀਕਲ ਜਾਂ ਵਿਦੇਸ਼ੀ ਭਾਸ਼ਾ ਦੇ ਸਬੰਧ ਵਿੱਚ ਸੰਚਾਰ ਦੀ ਸੂਝ ਸਮੇਤ ਹੋਰ ਸਾਰੇ ਕੌਸ਼ਲ ਅਤਿ ਜਰੂਰੀ ਹੋ ਜਾਂਦੇ ਹਨ।

ਅਕਸਰ ਬੇਅਰਥ, ਸਿੱਧੜ ਅਤੇ ਜੋੜਲਗਾਊ ਤਰੀਕਿਆਂ ਦੀ ਥਾਂ ਲੱਗਦਾ ਹੈ ਬੱਚੇ ਅਜਿਹੇ ਭਰਪੂਰ ਸਧਾਨਾਂ ਤੋਂ ਕਿਤੇ ਚੰਗੇਰੀ ਤਰ੍ਹਾਂ ਸਿੱਖਦੇ ਹਨ ਜੋ ਉਹਨਾਂ ਨੂੰ ਸਮਝ ਲੱਗਦੇ ਹੋਣ। ਭਾਸ਼ਾ ਸਬੰਧਤ ਭਿੰਨ ਭਿੰਨ ਕੌਸ਼ਲਾਂ ਦੀ ਸਿਖਲਾਈ ਲਈ ਦਿੱਤੀ ਜਾਣ ਵਾਲੀ ਜਾਣਕਾਰੀ ਅਮੀਰ ਅਤੇ ਪੱਲੇ ਪੈਸਕਣ ਵਾਲੀ ਹੋਵੇ। ਸੰਚਾਰ ਸਬੰਧਿਤ ਕਿਨ੍ਹੀਆਂ ਸਾਰੀਆਂ ਜਗਾਹਵਾਂ ਪੁਰ, ਜਿਵੇਂ ਕਿ ਕਿਸੇ ਦਾ ਟੈਲੀਫੋਨ ਸੁਣਦਿਆਂ ਨੋਟਸ ਲੈਣੇ, ਕਾਫੀ ਸਾਰੀਆਂ ਕੌਸ਼ਲਤਾਵਾਂ ਨੂੰ ਵਾਰਤਣ ਦੀ ਲੋੜ ਪੈਂਦੀ ਹੈ।

ਸੱਚ ਮੁੱਚ ਅਸੀਂ ਚਹੁੰਦੇ ਹਾਂ ਕਿ ਬੱਚੇ ਪੜ੍ਹਣ-ਲਿਖਣ ਨੂੰ ਸਮਝਣ ਨਾਲ ਜੋੜਕੇ ਸਿੱਖਣ। ਭਾਸ਼ਾ - ਕੌਸ਼ਲਾਂ ਦੀ ਇੱਕ ਖਿਤੀ ਦੇ ਰੂਪ ਵਿੱਚ, ਵਿਚਾਰਾਂ ਦੀ ਕੋਡਕਾਰੀ ਅਤੇ ਅਸਤਿਤਵਾਂ ਦਾ ਲੱਛਣ ਹੋਣ ਕਰਕੇ - ਸਕੂਲੀ ਮਜ਼ਮੂਨਾਂ ਅਤੇ ਵਿਸ਼ਿਆਂ ਦੇ ਆਰ-ਪਾਰ ਲੰਘ ਜਾਂਦੀ ਹੈ। ਬੋਲਣ ਅਤੇ ਸੁਣਨ, ਪੜ੍ਹਨ ਅਤੇ ਲਿਖਣ ਆਦਿ ਸਭ ਆਮ ਯੋਗਤਾਵਾਂ ਹਨ। ਇਹਨਾਂ ਉੱਪਰ ਬੱਚਿਆਂ ਦੀ ਮਜ਼ਬੂਤ ਪਕੜ ਉਹਨਾਂ ਦੀ ਸਕੂਲ ਤੋਂ ਹੋਈ ਪਰਾਪਤੀ ਦਾ ਮੁੱਖ ਕਾਰਨ ਬਣਦੀ ਹੈ। ਕਈ ਹਾਲਾਤਾਂ ਵਿੱਚ ਇਹਨਾਂ ਸਾਰੀਆਂ ਯੋਗਤਾਵਾਂ ਨੂੰ ਇਕੱਠੇ ਵਰਤਣ ਦੀ ਲੋੜ ਪੈਂਦੀ ਹੈ। ਏਸੇ ਕਰਕੇ ਇਹ ਜਰੂਰੀ ਹੋ ਜਾਂਦਾ ਹੈ ਕਿ ਸਕੂਲ ਵਿੱਚ ਭਾਸ਼ਾ ਸਿੱਖਿਆ ਹਰ ਕਿਸੇ ਦਾ ਜ਼ਿੰਮਾਂ ਬਣੇ ਨਾਕਿ ਕੇਵਲ ਭਾਸ਼ਾ ਅਧਿਆਪਕ ਦੀ ਜ਼ਿੰਮੇਵਾਰੀ ਰਵ੍ਹੇ।

ਇਹ ਵੀ ਪਈ ਭਾਸ਼ਾ ਦੇ ਨਾਲ ਜੁੜੀਆਂ ਹੋਈਆਂ ਯੋਗਤਾਵਾਂ ਦੀ ਭੂਮਿਕਾ ਕੋਈ ਪ੍ਰਾਇਮਰੀ ਜਾਂ ਮੁਢਲੀਆਂ ਜਮਾਤਾਂ ਦੇ ਨਾਲ ਹੀ ਖਤਮ ਨਹੀਂ ਹੋ ਜਾਂਦੀ, ਸਗੋਂ ਇਹ ਸਿੱਧਾ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਜਮਾਤਾਂ ਤੱਕ ਜਾ ਪਹੰਚਦਾ ਹੈ, ਕਿਉਂਕਿ ਵਿਸ਼ੈ-ਖੇਤਰਾਂ ਵਿੱਚ ਨਵੀਆਂ ਲੋੜਾਂ ਉੱਠ ਖੜ੍ਹਦੀਆਂ ਹਨ। ਜੀਵਨ ਸਬੰਧਤ ਕੌਸ਼ਲਾਂ ਦਾ ਜਿਵੇਂ ਕਿ ਅਲੋਚਨਾਤਮਕ ਸੋਚ ਨਾਲ ਸਬੰਧਤ ਯੋਗਤਾਵਾਂ ਦਾ, ਆਪਸੀ ਗੱਲਬਾਤ ਕਰ ਸਕਣ ਦੀਆਂ ਯੋਗਤਾਵਾਂ ਦਾ, ਲੈਣ-ਦੇਣ/ਇਨਕਾਰ ਕਰਨ ਦੀਆਂ ਯੋਗਤਾਵਾਂ ਦਾ, ਫੈਸਲੇ ਕਰਨ/ਸਮੱਸਿਆ ਸੁਲਝਾਣ ਦੀਆਂ ਯੋਗਤਾਵਾਂ ਦਾ, ਤਗ ਸਕਣ ਅਤੇ ਨਿੱਜੀ ਪ੍ਰਬੰਧਣ ਆਦਿ ਦੀਆਂ ਯੋਗਤਾਵਾਂ ਦਾ ਵਾਧਾ ਰੋਜਾਨਾਂ ਜੀਵਨ ਦੀਆਂ ਵੰਗਾਰਾਂ ਅਤੇ ਮੰਗਾਂ ਦੇ ਵਾਸਤੇ ਬੜਾ ਮਹੱਤਵ ਰੱਖਦਾ ਹੈ।

ਪਰੰਪਰਕ ਢੰਗ ਨਾਲ ਸਿੱਖਿਆ ਹੋਇਆ ਅਧਿਆਪਕ ਬੋਲ-ਚਾਲ ਦੀ ਸਿਖਲਾਈ ਨੂੰ 'ਸਹੀ ਹੋਣ' ਦੇ ਨਾਲ ਜੋੜਦਾ ਹੈ, ਨਾਕਿ ਭਾਸ਼ਾ ਦੇ ਅਭਿਵਿਅਕਤੀ ਵਾਲੇ ਅਤੇ ਭਾਗਦਾਰੀ ਵਾਲੇ ਕਾਰਜਾਂ ਦੇ ਨਾਲ। ਇਹੀ ਕਾਰਣ ਹੈ ਕਿ ਜਮਾਤ ਵਿੱਚ ਗੱਲ ਕਰਨ ਨੂੰ ਸਾਡਾ ਪ੍ਰਬੰਧ ਬੁਰਾ ਮੰਨਦਾ ਹੈ ਅਤੇ ਅਧਿਆਪਕ ਦੀ ਵਡੀ ਮਾਤਰਾ ਵਿੱਚ ਸ਼ਕਤੀ ਬੱਚਿਆਂ ਨੂੰ ਚੁੱਪ ਕਰਾਉਣ ਅਤੇ ਸਹੀ ਲਿਖਣ ਵਿੱਚ ਬਰਬਾਰ ਹੋ ਜਾਂਦੀ ਹੈ। ਜੇ ਅਧਿਆਪਕ ਬੱਚੇ ਦੇ ਗੱਲ ਕਰਨ ਨੂੰ ਇੱਕ ਔਗਣ ਦੀ ਥਾਂ ਸਹੂਲਤ ਸਮਝ ਲੈਣ, ਤਾਂ ਕਾਬੂ ਕਰਨ ਅਤੇ ਵਿਰੋਧ ਕਰਨ ਵਾਲਾ ਮੰਦਭਾਗਾ ਚਲਣ ਇੱਕ ਅਭਿਵਿਅਕਤੀ ਅਤੇ ਹੁੰਗਾਰੇ ਦੇ ਦੌਰ ਵਿੱਚ ਬਦਲ ਸਕਦਾ ਹੈ।

ਗੱਲਬਾਤ ਨੂੰ ਸਾਧਨ ਦੇ ਵਜੋਂ ਵਰਤਣ ਦੇ ਬਾਰੇ ਕਾਫੀ ਸਾਰਾ ਗਿਆਨ ਉਪਲੱਬਧ ਹੈ। ਨੌਕਰੀ ਤੋਂ ਪਹਿਲੇ ਅਤੇ ਨੌਕਰੀ ਦੇ ਸਮੇਂ ਵਾਲੇ ਸਾਰੇ ਸਿਖਲਾਈ ਪ੍ਰੋਗਰਾਮਾਂ ਵਿੱਚ ਇਸ ਗਿਆਨ ਦੀ ਵਰਤੋਂ ਹੋਣੀ ਚਾਹੀਦੀ ਹੈ। ਪਾਠ-ਪੁਸਤਕਾਂ ਨੂੰ ਡਿਜ਼ਾਈਨ ਕਰਨ ਵਾਲੇ ਅਤੇ ਅਧਿਆਪਕਾਂ ਲਈ ਸੇਧ-ਪੁਸਤਕਾਂ ਲਿਖਣ ਵਾਲੇ ਯੋਜਨਾਂ ਬੱਧ ਢੰਗ ਨਾਲ ਅਧਿਆਪਕਾਂ ਨੂੰ ਸਹੀ ਸਹੀ ਅਗਵਾਈ ਦੇ ਸਕਦੇ ਹਨ। ਬੱਚਿਆਂ ਦੀ ਛੋਟੀ ਟੋਲੀ ਵਿੱਚ ਗੱਲ-ਬਾਤ ਦੇ ਅਧਾਰ 'ਤੇ ਇਸ ਵਿਸ਼ੇ ਨੂੰ ਹੋਰ ਅੱਗੇ ਤੋਰਿਆ ਜਾ ਸਕਦਾ ਹੈ। ਉਹਨਾਂ ਕਾਰਜਾਂ ਨੂੰ ਸਮਝਿਆ ਜਾ ਸਕਦਾ ਹੈ ਜੋ ਤੁਲਨਾਂ ਅਤੇ ਟਕਰਾਉ ਦੀ, ਅਚੰਭੇ ਅਤੇ ਯਾਦ ਰਹਿੰਣ ਦੀ, ਅੰਦਾਜੇ ਅਤੇ ਵੰਗਾਰ ਦੀ, ਨਿਆਂ ਅਤੇ ਮੁਲਾਂਕਣ ਦੀ ਸਮਰਥਾ ਦਾ ਵਿਕਾਸ ਕਰਦੀਆਂ ਹਨ।

ਸੁਣਨ ਦੇ ਖੇਤਰ ਵਿੱਚ ਵੀ ਅਜਿਹੇ ਕਾਰਜਾਂ ਸਬੰਧੀ ਯੋਜਨਾਂ ਬੜੇ ਦੂਰਗਾਮੀਂ ਸਿੱਟੇ ਦੇ ਸਕਦੀ ਹੈ, ਜਿੰਨ੍ਹਾਂ ਨੂੰ ਪਾਠ-ਪੁਸਤਕਾਂ ਅਤੇ ਅਧਿਆਪਕਾਂ ਦੀਆਂ ਸੇਧ-ਪੁਸਤਕਾਂ ਵਿੱਚ ਰੇਖਿਆ ਜਾਣਾ ਹੋਵੇ। ਇਸ ਨਾਲ ਯੋਗਤਾਵਾਂ ਦੇ ਪੁਨਰ ਗਠਤ ਕਰਨ ਅਤੇ ਗੁਣਵੱਤਾ ਦੇ ਖੇਤਰ ਵਿੱਚ ਵੀ ਸਫਲਤਾ ਮਿਲ ਸਕਦੀ ਹੈ। ਇਸ ਦਾ ਅਸਰ ਧਿਆਨ ਦੇਣ ਦੀ ਯੋਗਤਾ ਪੁਰ, ਦੂਜੇ ਬੰਦੇ ਦੇ ਨਜ਼ਰਈਏ ਦੀ ਸਲਹੁਤਾ ਕਰਨ ਪੁਰ, ਪ੍ਰਗਟ ਹੋ ਰਹੇ ਉਚਾਰ ਦੇ ਨਾਲ ਨਾਲ ਰਹਿ ਸਕਣ ਪੁਰ, ਅਤੇ ਕਹੇ ਜਾਣ ਵਾਲੇ ਦੇ ਬਾਰੇ ਲਚਕਦਾਰ ਮੱਤ ਤਿਆਰ ਕਰਨ ਦੀ ਰੁਚੀ ਪੁਰ ਪੈਂਦਾ ਹੈ। ਸੁਣਨਾਂ ਇਉਂ ਯੋਗਤਾਵਾਂ ਅਤੇ ਕੀਮਤਾਂ ਦਾ ਓਨਾਂ ਹੀ ਪਚੀਦਾ ਜਾਲ਼ ਬਣ ਬਹਿੰਦਾ ਹੈ ਜਿੰਨਾਂ ਗੱਲ-ਬਾਤ ਦਾ ਬਣਦਾ ਹੈ।

ਸਥਾਨਕ ਤੌਰਤੇ ਮਿਲਣ ਵਾਲੇ ਸਾਧਨਾਂ ਵਿੱਚ ਆਉਂਦੇ ਹਨ ਲੋਕ-ਵਿਰਸਾ ਅਤੇ ਬਾਤਾਂ ਪਾਉਣੀਆਂ, ਸਮੂਹਕ ਗਾਣ ਅਤੇ ਰੰਗਮੰਚ ਆਦਿ। ਬਾਤਾਂ ਪਾਉਣਾਂ ਮੁਢਲੀ ਸਿੱਖਿਆ ਲਈ ਹੀ ਨਹੀਂ, ਬਾਅਦ ਵਾਲੀ ਸਿੱਖਿਆ ਦੇ ਲਈ ਵੀ ਓਨਾਂ ਹੀ ਮਹੱਤਵਪੂਰਣ ਹੈ। ਜੁਬਾਨੀਂ ਸੁਣਾਈਆਂ ਗਈਆਂ ਕਹਾਣੀਆਂ ਇੱਕ ਭਾਂਤ ਦੇ ਬਿਰਤਾਂਤ ਤਾਂ ਹੁੰਦੀਆਂ ਹੀ ਹਨ, ਉਹ ਤਾਰਕਿਕ ਸੂਝ ਦੀ ਨੀਂਹ ਧਰਦੀਆਂ ਹਨ ਅਤੇ ਨਿੱਜ ਦੇ ਜੀਵਨ ਤੋਂ ਦੁਰੇਡੀਆਂ ਸਥਿੱਤੀਆਂ ਵਿੱਚ ਲਾਂਭੇ ਬੈਠਿਆਂ ਹਿੱਸਾ ਲੈ ਸਕਣ ਦੀ ਯੋਗਤਾ ਨੂੰ ਵੀ ਬਲ ਦਿੰਦੀਆਂ ਹਨ। ਕਲਪਨਾਂ ਅਤੇ ਰਹੱਸ ਦਾ ਬੱਚੇ ਦੇ ਵਾਧੇ ਵਿੱਚ ਬੜਾ ਮਹੱਤਵ ਪੂਰਣ ਦਖਲ ਹੈ।

ਭਾਸ਼ਾ ਸਿੱਖਣ ਦਾ ਇੱਕ ਖੰਡ ਹੋਣ ਦੇ ਨਾਤੇ ਸੁਣਨ ਨੂੰ ਸੰਗੀਤ – ਜਿਸ ਵਿੱਚ ਲੋਕ ਧੁਨਾਂ, ਸ਼ਾਸ਼ਤਰੀ ਸੰਗੀਤ ਅਤੇ ਪ੍ਰਚਲਤ ਰੂਪ ਆਉਂਦੇ ਹਨ – ਦੀ ਸਹਾਇਤਾ ਨਾਲ ਵੀ ਭਰਪੂਰ ਕੀਤਾ ਜਾਣਾਂ ਬਣਦਾ ਹੈ। ਲੋਕ-ਵਿਰਸੇ ਅਤੇ ਸੰਗੀਤ ਦਾ ਭਾਸ਼ਾ ਦੀ ਪਾਠ-ਪੁਸਤਕ ਵਿੱਚ ਦਰਜ਼ ਹੋਣਾਂ ਬਣਦਾ ਹੈ ਅਤੇ ਇਹਨਾਂ ਨਾਲ ਜੁੜੇ ਵਿਸ਼ੇਸ਼ ਕਾਰਜਾਂ ਦੀ ਮਦਦ ਨਾਲ ਪਰਵਚਨਾਂ ਦੀ ਤਰ੍ਹਾਂ ਵਿਕਸਤ ਕੀਤਾ ਜਾਣਾ ਵੀ ਲੋੜੀਦਾ ਹੈ।

ਜਦ ਕਿ ਪੜ੍ਹਣ ਨੂੰ ਭਾਸ਼ਾ ਸਿੱਖਣ ਦਾ ਇੱਕ ਖਾਸ ਮਹੱਤਵ ਵਾਲਾ ਅੰਗ ਪਰਵਾਨ ਕੀਤਾ ਜਾਂਦਾ ਹੈ, ਫਿਰ ਵੀ ਸਕੂਲੀ ਸਿਲੇਬਸਾਂ ਨੂੰ ਸੂਚਨਾਂ ਦੀ ਖਪਤ ਅਤੇ ਯਾਦ ਰੱਖ ਸਕਣ ਵਾਲੇ ਮਸਾਲੇ ਨਾਲ ਲੱਦ ਰੱਖਿਆ ਹੁੰਦਾ ਹੈ। ਏਥੋਂ ਤੱਕ ਕਿ ਪੜ੍ਹਣ ਦਾ ਅਨੰਦ ਹੀ ਲਾਂਭੇ ਕਰ ਦਿੱਤਾ ਜਾਂਦਾ ਹੈ। ਪੜ੍ਹਣ ਦਾ ਇੱਕ ਸਭਿਆਚਾਰ ਵਿਕਸਤ ਕਰਨ ਲਈ ਵਿਅਕਤੀਗਤ ਪੜ੍ਹੇ ਜਾਣ ਦੇ ਮੌਕਿਆਂ ਨੂੰ ਹਰ ਪੱਧਰ ਉੱਪਰ ਪੈਦਾ ਕਰਨ ਦੀ ਲੋੜ ਹੈ, ਅਤੇ ਇਹ ਵੀ ਕਿ ਅਧਿਆਪਕ ਖੁਦ ਅਜਿਹੇ ਸਭਿਆਚਾਰ ਦੇ ਮੈਂਬਰ ਹੋਣ ਦੀ ਉਦਾਹਰਣ ਖੜ੍ਹੀ ਕਰਨ। ਇਹਦੇ ਵਾਸਤੇ ਜਰੂਰਤ ਹੈ ਅਜਿਹੀ ਪੂਰਕ ਪੜ੍ਹਣ ਸਮੱਗਰੀ ਦੇ ਤਿਆਰ ਕੀਤੇ ਅਤੇ ਵੰਡੇ ਜਾਣ ਦੀ ਜੋ ਸਕੂਲ ਵਿਚਲੇ ਸਾਰੇ ਵਿਸ਼ਿਆਂ ਦੇ ਅਨੁਕੂਲ ਹੋਣ ਅਤੇ ਸਾਰੀਆਂ ਜਮਾਤਾਂ ਦੇ ਲਈ ਕੰਮ ਆ ਸਕਣ ਵਾਲੇ ਹੋਣ।

ਮੰਡੀ ਵਿੱਚ ਕਾਫੀ ਸਾਰੀ ਅਜਿਹੀ ਸਮੱਗਰੀ ਪਹਿਲਾਂ ਹੀ ਮਿਲਦੀ ਹੈ, ਭਵਾਂ ਕਿ ਗੁਣਵੱਤਾ ਦੇ ਪੱਖੋਂ ਕਾਫੀ ਭਿੰਨਤਾ ਹੈ, ਫਿਰ ਵੀ ਕਿਸੇ ਵਿਧੀਬੱਧ ਜੁਗਤ ਨਾਲ ਜਮਾਤ ਵਿਚਲੀ ਪੜ੍ਹਈ ਦਾ ਹੋਰ ਵਿਸਥਾਰ ਕਰ ਲੈਣ ਖਾਤਰ ਇਸ ਸਮੱਗਰੀ ਨੂੰ ਵਰਤਿਆ ਜਾ ਸਕਦਾ ਹੈ। ਅਧਿਆਪਕ ਸਿਖਲਾਈ ਪ੍ਰੋਗਰਾਮਾਂ ਦੇ ਦੌਰਾਨ ਅਜਿਹੀ ਸਮੱਗਰੀ ਅਧਿਆਪਕਾਂ ਦੇ ਧਿਆਨ ਵਿੱਚ ਲਿਆਂਦੀ ਜਾਣ ਦੀ ਲੋੜ ਹੈ, ਉਹਨਾਂ ਨੂੰ ਉਹ ਮਾਪਦੰਡ ਵੀ ਦਿੱਤੇ ਜਾਣ ਜਿਸ ਨਾਲ ਸਮੱਗਰੀ ਦੀ ਚੋਣ ਹੋ ਸਕੇ ਅਤੇ ਅਸਰਦਾਰ ਢੰਗ ਨਾਲ ਵਰਤੀ ਵੀ ਜਾ ਸਕੇ।

**ਬੱਚੇ ਪੜ੍ਹਨਾਂ ਕਿਉਂ ਨਹੀਂ ਸਿਖਦੇ?**

- ਅਧਿਆਪਕਾਂ ਵਿੱਚ ਪੜ੍ਹਾਅ ਸਕਣ ਦੀ ਮੁਢਲੀ ਕੌਸ਼ਲਤਾ ਦੀ (ਇਹ ਸਮਝਣ ਸਕਣਾਂ ਕਿ ਸਿਖਿਅਕ ਕਿੱਥੇ ਹੈ, ਸਮਝਾ ਸਕਣਾਂ, ਯੋਗ ਪ੍ਰਸ਼ਨ ਪੁੱਛਣਾਂ) ਅਤੇ ਜਮਾਤ ਨੂੰ ਸੰਭਾਲ ਸਕਣ ਦੀ ਯੋਗਤਾ ਦੀ ਘਾਟ ਹੈ। ਉਹਨਾਂ ਦੀ ਨਜ਼ਰ ਗਲਤੀਆਂ ਤੇ ਜਾਂ ਕਹੋ ਮੁਸ਼ਕਲ ਪੱਖਾਂ ਉੱਪਰ ਰਹਿੰਦੀ ਹੈ, ਨਾ ਕਿ ਕਲਪਨਾਂਸ਼ੀਲ ਯੋਗਦਾਨ ਪੁਰ ਅਤੇ ਉਚਾਰਣ ਉੱਪਰ।

- ਨੌਕਰੀ ਤੋਂ ਪਹਿਲੀ ਸਿਖਲਾਈ ਅਧਿਆਪਕ ਨੂੰ ਪੜ੍ਹਾਉਣ ਦੇ ਲਈ ਲੋੜੀਂਦੀ ਤਿਆਰੀ ਕਰਨ ਵਿੱਚ ਮਦਦ ਨਹੀਂ ਦਿੰਦੀ, ਅਤੇ ਸੇਵਾ-ਦੌਰਾਨ ਸਿਖਲਾਈ ਅਕਸਰ ਘਾਟਾ ਪੂਰਾ ਨਹੀਂ ਕਰਦੀ।
- ਪਾਠ-ਪੁਸਤਕਾਂ ਕੰਮ ਚਲਾਊ ਢੰਗ ਨਾਲ ਲਿਖੀਆਂ ਗਈਆਂ ਹੁੰਦੀਆਂ ਹਨ। ਪੜ੍ਹਨ ਦੇ ਲਈ ਹਦਾਇਤ ਦੇਣ ਲਈ ਵੀ ਕੋਈ ਇੱਕਸਾਰ ਜੁਗਤ ਨਹੀਂ ਅਪਣਾਈ ਹੁੰਦੀ।
- ਅਧਿਕਾਰ ਰਹਿਤ ਪਿਛੋਕੜਾਂ ਵਾਲੇ ਬੱਚੇ, ਖਾਸ ਕਰਕੇ ਪਹਿਲੀ ਪੀੜ੍ਹੀ ਦੇ ਸਿੱਖਿਅਕ, ਅਧਿਆਕ ਦੀ ਪ੍ਰਵਾਨਗੀ ਮਹਿਸੂਸ ਨਹੀਂ ਕਰਦੇ, ਅਤੇ ਪਾਠ-ਪੁਸਤਕਾਂ ਨਾਲ ਵੀ ਜੁੜ ਨਹੀਂ ਸਕਦੇ।

**ਪੜ੍ਹਨਾਂ ਆਰੰਭਣ ਲਈ ਇੱਕ ਕਾਰਗਾਰ ਵਿਧੀ**

- ਅੱਖਰ-ਅਵਾਜ਼ ਦੀ ਬਰਾਬਰਤਾ ਸਿਖਾਏ ਜਾਣ ਤੋਂ ਇਲਾਵਾ ਲੋੜ ਹੈ ਕਿ ਜਮਾਤ ਵਾਲਾ ਕਮਰਾ ਛਪੀਆਂ ਹੋਈਆਂ ਚੀਜ਼ਾਂ ਨਾਲ ਸੱਜਿਆ ਵਾਤਾਵਰਣ ਪੇਸ਼ ਕਰੇ। ਦੱਖ ਵਾਲੇ ਚਿੰਨ੍ਹ, ਚਾਰਟ, ਕਾਰਜ ਸਬੰਧਤ ਨੋਟਸ ਆਦਿ ਲੱਗੇ ਹੋਣ, ਜਿਸ ਨਾਲ ਲਿਖਤੀ ਪ੍ਰਤੀਕਾਂ ਦੀ ਪਛਾਣ ਹੋਣ ਦਾ ਪ੍ਰਭਾਵ ਉੱਘੜੇ।
- ਲੋੜ ਇਹ ਵੀ ਹੈ ਕਿ ਕਿਸੇ ਨਿਪੁੰਨ ਪਾਠਕ ਦੇ ਪੜ੍ਹਕੇ ਸੁਣਾਉਣ ਦੀ, ਜੋ ਢੁਕਵੇਂ ਇਸ਼ਾਰਿਆਂ ਨਾਲ ਦਰਸ਼ਾਅ ਸਕੇ।
- ਬੱਚਿਆਂ ਦੇ ਵਰਨਣ ਕੀਤੇ ਅਨੁਭਵਾਂ ਨੂੰ ਲਿਖਿਆ ਗਿਆ ਹੋਵੇ, ਤੇ ਫਿਰ ਉਹਨਾਂ ਤੋਂ ਉਹ ਬਿਆਨ ਪੜ੍ਹਵਾਏ ਜਾਣ।
- ਹੋਰ ਸਮੱਗਰੀ ਜਿਵੇਂ ਕਿ ਕਹਾਣੀਆਂ, ਕਵਿਤਾਵਾਂ ਵਗੈਰਾ ਦਾ ਵੀ ਪਾਠ ਕੀਤਾ ਜਾਵੇ।
- ਪਹਿਲੀ ਪੀਹੜੀ ਦੇ ਸਕੂਲ ਅੱਪੜਣ ਵਾਲਿਆਂ ਨੂੰ ਅਪਣੇ ਪਾਠ ਤਿਆਰ ਕਰਨ ਦੇ ਮੌਕੇ ਪਰਦਾਨ ਕੀਤੇ ਜਾਣ, ਤੇ ਉਹ ਆਪ ਚੁਣੇ ਪਾਠ ਅਪਣੀ ਜਮਾਤ ਵਿੱਚ ਪੇਸ਼ ਵੀ ਕਰ ਸਕਣ।

ਲਿਖਾਈ ਦਾ ਮਹੱਤਵ ਤਾਂ ਬੜਾ ਸਵਿਕਾਰੀ ਹੈ, ਪਰ ਚਾਹੀਦਾ ਇਹ ਹੈ ਕਿ ਪਾਠਕ੍ਰਮ ਵਿੱਚ ਇਸ ਦੀਆਂ ਨਵੀਨੀਆਂ ਦੇ ਵੱਲ ਧਿਆਨ ਦਿੱਤਾ ਜਾਵੇ। ਅਧਿਆਪਕ ਇਸ ਗੱਲ ਉੱਪਰ ਬਲ ਦਿੰਦੇ ਹਨ ਕਿ ਬੱਚੇ ਸਹੀ ਢੰਗ ਨਾਲ ਹੀ ਲਿਖਣ। ਕੀ ਉਹ ਅਪਣੇ ਵਿਚਾਰਾਂ ਅਤੇ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹਨ ਕਿ ਨਹੀਂ ਇਸ ਬਾਰੇ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਜਿਸ ਤਰ੍ਹਾਂ ਸ਼ੁਰੂ ਤੋਂ ਹੀ ਉਚਾਰਣ ਉੱਪਰ ਨੇਮ ਲਾਗੂ ਕਰ ਦਿੱਤੇ ਜਾਣ ਨਾਲ ਬੱਚੇ ਦੀ ਅਪਣੀ (ਉੱਪ)ਬੋਲੀ ਵਿੱਚ ਖੁੱਲ੍ਹਕੇ ਗੱਲਾਂ ਕਰ ਸਕਣ ਪੁਰ ਰੋਕ ਜਿਹੀ ਲੱਗ ਜਾਂਦੀ ਹੈ, ਠੀਕ ਉਸੇ ਤਰ੍ਹਾਂ ਹੀ ਸਹੀ ਢੰਗ ਨਾਲ ਲਿਖਣ ਦੀ ਮਕਾਨਕੀ ਮੰਗ ਲਿਖਣ ਦੀ ਸਹਾਇਤਾ ਨਾਲ ਅਪਣੇ ਵਿਚਾਰਾਂ ਨੂੰ ਪ੍ਰਗਟਾਉਂਣ ਦੀ ਚਾਹਤ ਪੁਰ ਵੀ ਰੋਕ ਲੱਗ ਜਾਂਦੀ ਹੈ। ਅਧਿਆਪਕਾਂ ਨੂੰ ਇਸ ਗੱਲ ਦੀ ਸਿਖਲਾਈ ਦਿੱਤੀ ਜਾਵੇ ਕਿ ਉਹ ਲਿਖਣ ਨੂੰ ਕਲਾ ਦੇ ਖੇਤਰ ਵਿੱਚ ਵਿਸ਼ਵਾਸ ਰੱਖਣਾ ਪ੍ਰਵਾਨ ਕਰਨਾਂ ਅਰੰਭ ਕਰ ਸਕਣ, ਨਾ ਕਿ ਕਿਸੇ ਦਫਤਰੀ ਯੋਗਤਾ ਦੀ ਤਰ੍ਹਾਂ ਸਮਝਣ।

ਅਰੰਭਕ ਸਾਲਾਂ ਵਿੱਚ ਲਿਖਤੀ ਸਮਰੱਥਾਵਾਂ ਨੂੰ ਇੱਕ ਪੂਰਣਤਾ ਦੇ ਰੂਪ ਵਿੱਚ ਵਿਕਸਿਤ ਕੀਤਾ ਜਾਵੇ ਤੇ ਇਸ ਨੂੰ ਗੱਲਬਾਤ ਕਰਨ, ਸੁਣਨ ਅਤੇ ਪੜ੍ਹਣ ਨਾਲ ਜੁੜੀਆਂ ਸਾਰੀਆਂ ਸੰਵੇਦਨਾਵਾਂ ਦੇ ਸੰਗਸਾਥ ਵੀ ਰੱਖਿਆ ਜਾਵੇ। ਮਧ ਅਤੇ ਉੱਚ ਪੱਧਰ ਦੇ ਸਕੂਲੀ ਸਤਰ ਪੁਰ ਨੋਟ ਤਿਆਰ ਕਰਨ ਨੂੰ ਇੱਕ ਯੋਗਤਾ ਦੇ ਰੂਪ ਵਿੱਚ ਵਿਕਾਸਤ ਕਰਨ ਦੀ ਤਰ੍ਹਾਂ ਧਿਆਨ ਦਿੱਤਾ ਜਾਵੇ। ਇਸ ਨਾਲ ਬਲੈਕ ਬੋਰਡ ਤੋਂ, ਪਾਠ-ਪੁਸਤਕਾਂ ਤੋਂ ਅਤੇ ਖੁਲਾਸਿਆਂ ਤੋਂ ਨਕਲ ਕਰਨ ਨੂੰ ਨਿਕਾਰਾ ਕਰਨ ਵਿੱਚ ਕਾਫੀ ਭਾਰੀ ਮਦਦ ਮਿਲੇਗੀ। ਇਹ ਵੀ ਜਰੂਰੀ ਹੈ ਕਿ ਪੱਤਰ ਲਿਖਣ ਅਤੇ ਲੇਖ ਲਿਖਣ ਵਰਗੇ ਨੇਮ ਬਣ ਚੁੱਕੇ ਕਾਰਜਾਂ ਨੂੰ ਵੀ ਤੋੜਿਆ ਜਾਵੇ, ਤਾਂ ਜੋ ਕਲਪਨਾਂ ਅਤੇ ਮੌਲਿਕਤਾ ਨੂੰ ਸਿੱਖਿਆ ਦੇ ਖੇਤਰ ਵਿੱਚ ਹੋਰ ਸਿਰ ਕੱਢਵਾਂ ਹਿੱਸਾ ਪਾ ਸਕਣ ਦੀ ਇਜ਼ਾਜਤ ਮਿਲ ਸਕੇ।

## 3.2 ਗਣਿਤ ਸ਼ਾਸ਼ਤਰ

ਬੱਚਿਆਂ ਦੀਆਂ ਗਣਿਤ ਸ਼ਾਸ਼ਤਰਕ ਯੋਗਤਾਵਾਂ ਦਾ ਵਿਕਾਸ ਕਰਵਾਉਣਾਂ ਗਣਿਤ ਸ਼ਾਸ਼ਤਰ ਦੀ ਸਿੱਖਿਆ ਦਾ ਮੂਲ ਉਦੇਸ਼ ਹੈ। ਸਕੂਲ ਦੇ ਗਣਿਤ ਸ਼ਾਸ਼ਤਰ ਦਾ ਤੰਗ ਉਦੇਸ਼ ਹੈ 'ਲਾਭਦਾਇਕ' ਸਮਰੱਥਾਵਾਂ ਦਾ ਵਿਕਾਸ ਕਰਨਾ, ਖਾਸ ਕਰਕੇ ਉਹਨਾਂ ਦਾ ਜੋ ਅੰਕਾਂ ਨਾਲ, ਅੰਕ ਪ੍ਰਕਿਰਿਆਵਾਂ ਨਾਲ, ਮਾਪ-ਤੋਲਾਂ ਨਾਲ, ਦਸ਼ਮਲਵਾਂ ਅਤੇ ਪ੍ਰਤੀਸ਼ਤਾਂ ਨਾਲ ਸਬੰਧਤ ਹਨ। ਹੋਰ ਵੀ ਉੱਚਾ ਉਦੇਸ਼ ਹੈ ਬੱਚੇ ਦੇ ਸਮੁੱਚੇ ਸਾਧਨਾਂ ਦਾ ਵਿਕਾਸ ਤਾਂ ਜੋ ਬੱਚਾ ਗਣਿਤ ਸ਼ਤਾਸਤਰਕ ਤਰੀਕੇ ਨਾਲ ਸੋਚ ਸਕੇ, ਮਾਨਤਾਵਾਂ-ਅਜ਼ੰਪਸ਼ਨਾਂ ਨੂੰ ਉਨ੍ਹਾਂ ਦੇ ਤਾਰਕਿਕ ਨਤੀਜਿਆਂ ਤੱਕ ਲਿਜਾਅ ਸਕੇ ਅਤੇ ਅਮੂਰਤਤਾ ਨੂੰ ਹੱਥ ਪਾ ਸਕੇ। ਇਸ ਵਿੱਚ ਚੀਜ਼ਾਂ ਨੂੰ ਇੱਕ ਖਾਸ ਅੰਦਾਜ਼ ਵਿੱਚ ਕਰ ਸਕਣ, ਸਮੱਸਿਆਵਾਂ ਨੂੰ ਰੂਪ ਦੇਣ ਅਤੇ ਹੱਲ ਕਰਨ ਦੀ ਸਮਰੱਥਾ ਅਤੇ ਰਵੱਈਆ ਸ਼ਾਮਲ ਹੈ।

ਇਹ ਸਭ ਕੁਝ ਅਜਿਹੇ ਪਾਠਕ੍ਰਮ ਦੀ ਮੰਗ ਕਰਦਾ ਹੈ ਜੋ ਉੱਚ-ਇਸ਼ਾਵੀ, ਸਮਤੋਲ ਅਤੇ ਬੜੇ ਉੱਚਕੋਟੀ ਦੇ ਗਣਿਤ ਸ਼ਾਸਤਰ ਦੀ ਪੜ੍ਹਾਈ ਕਰਾਉਣ ਵਾਲਾ ਹੋਵੇ। ਉੱਚ-ਇਸ਼ਾਵੀ ਇਹਨਾਂ ਅਰਥਾਂ ਵਿੱਚ ਹੋਵੇ ਕਿ ਉੱਤੇ ਦਿੱਤੇ ਗਏ ਉੱਚ ਉਦੇਸ਼ ਨੂੰ ਹਾਂਸਲ ਕਰਨ ਵਾਸਤੇ ਅਗਰੱਸਰ ਹੋਵੇ, ਨਾਕਿ ਤੰਗ ਉਦੇਸ਼ ਵਿੱਚ ਲਹਿ ਜਾਵੇ। ਇਹ ਸਮਤੋਲ ਇਸ ਅਰਥ ਵਿੱਚ ਹੋਵੇ ਕਿ ਭਿੰਨ ਭਿੰਨ ਭਾਂਤ ਦੀਆਂ ਵਿਧੀਆਂ ਅਤੇ ਕੌਸ਼ਲ ਜੋ ਟੁਕੜਿਆਂ ਵਿੱਚ ਪ੍ਰਾਪਤ ਹਨ (ਅੰਕ ਸ਼ਾਸਤਰ ਵਿੱਚ, ਅਲਜ਼ਬਰੇ ਵਿੱਚ, ਰੇਖਾ ਗਣਿਤ ਵਿੱਚ) ਅਜਿਹੀਆਂ ਸਮੱਸਿਆਵਾਂ ਨੂੰ ਸੰਬੋਧਤ ਹੋਣ ਲਈ ਸੁਮਿਲਤ ਹੋ ਜਾਣ ਜੋ ਹਾਈ ਸਕੂਲ ਵਿੱਚ ਵਿਗਿਆਨ ਅਤੇ ਸਮਾਜਕ ਵਿਗਿਆਨ ਵਰਗੇ ਖੇਤਰਾਂ ਤੋਂ ਆਉਂਦੀਆਂ ਹਨ। ਇਹ ਉੱਚਕੋਟੀ ਦਾ ਇਸ ਅਰਥ ਵਿੱਚ ਹੋਵੇ ਕਿ ਵਿਦਿਆਰਥੀਆਂ ਨੂੰ ਕਈ ਸਮੱਸਿਆਵਾਂ ਨੂੰ ਹੱਲ ਕਰਨ ਦੀ ਜਰੂਰਤ ਮਹਿਸੂਸ ਹੋਵੇ। ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਹ ਸਮੱਸਿਆਵਾਂ ਅਪਣਾਂ ਸਮਾਂ ਅਤੇ ਤਾਕਤ ਖਰਚ ਕਰਨ ਦੇ ਯੋਗ ਲੱਗਣ।

ਗਣਿਤ ਸ਼ਾਸਤਰ ਦੇ ਜੁੜਵੇਂ ਤੇ ਸਾਂਝੇ ਮੁੱਦੇ ਹਨ: ਗਣਿਤ ਸ਼ਾਸਤਰ ਦੀ ਪੜ੍ਹਾਈ ਹਰ ਵਿਦਿਆਰਥੀ ਦੇ ਮਨ ਨੂੰ ਕਿਸ ਚੀਜ਼ ਵਿੱਚ ਲਾ ਸਕੇ, ਅਤੇ ਇਹ ਵਿਦਿਆਰਥੀ ਦੇ ਸਾਧਨਾਂ ਨੂੰ ਹੋਰ ਮਜ਼ਬੂਤ ਕਿਵੇਂ ਕਰੇ?

ਕਿਉਂਕਿ ਗਣਿਤ ਸ਼ਾਸਤਰ ਸੈਕੰਡਰੀ ਸਕੂਲ ਤੱਕ ਜਰੂਰੀ ਵਿਸ਼ਾ ਹੈ, ਇਸ ਲਈ ਇਸ ਦੀ ਗੁਣਵੰਤ ਪੜ੍ਹਾਈ ਪ੍ਰਾਪਤ ਹੋਣ ਦਾ ਹਰ ਬੱਚੇ ਦਾ ਹੱਕ ਹੈ। ਸਿੱਖਿਆ ਦੇ ਵਿਸ਼ਵੀਕਰਣ ਦੇ ਪ੍ਰਸੰਗ ਵਿੱਚ ਪੁੱਛਿਆ ਜਾਣ ਵਾਲਾ ਪਹਿਲਾ ਪ੍ਰਸ਼ਨ ਹੈ ਕਿ ਅੱਠ ਸਾਲਾਂ ਦੀ ਸਕੂਲੀ ਪੜ੍ਹਾਈ ਵਿੱਚ ਗਣਿਤ ਸ਼ਾਸਤਰ ਬੱਚੇ ਨੂੰ ਅਜਿਹਾ ਕੀ ਦੇ ਸਕਦਾ ਹੈ, ਜੋ ਬੱਚੇ ਨੂੰ ਅਪਣੇ ਪੈਰਾਂ ਉੱਪਰ ਖੜ੍ਹਾ ਕਰ ਦੇਵੇ, ਨਾ ਕਿ ਕੇਵਲ ਉੱਚ-ਸੈਕੰਡਰੀ ਤੱਕ ਦੀ ਸਿੱਖਿਆ ਲਈ ਤਿਆਰ ਕਰੇ?

ਪਰਾਇਮਰੀ ਸਕੂਲ ਦੇ ਗਣਿਤ ਸ਼ਾਸਤਰ ਵਿੱਚ ਸਿਖਾਈਆਂ ਜਾਣ ਵਾਲੀਆਂ ਬਹੁਤੀਆਂ ਯੋਗਤਾਵਾਂ ਗੁਣਕਾਰੀ ਹਨ। ਪਰੰਤੂ ਉੱਪਰ ਦੱਸੇ ‘ਉੱਚ ਉਦੇਸ਼’ ਦੀ ਪੂਰਤੀ ਵਾਸਤੇ ਪਾਠਕ੍ਰਮ ਦੀ ਪੁਨਰ-ਵਿਓਂਤਕਾਰੀ ਦੀ ਲੋੜ ਹੈ, ਜਿਸ ਨਾਲ ਸਕੂਲ ਵਿੱਚ ਬੱਚੇ ਖਰਚੇ ਹੋਏ ਵਕਤ ਨੂੰ ਹੋਰ ਸੁਚੱਜੇ ਢੰਗ ਨਾਲ ਵਰਤ ਸਕਣ। ਉਹਨਾਂ ਸਮੱਸਿਆਵਾਂ ਦੇ ਹੱਲਾਂ ਅਤੇ ਵਿਸ਼ਲੇਸ਼ਾਤਮਕ ਯੋਗਤਾਵਾਂ ਦੇ ਪੱਖੋਂ ਜੋ ਇਹ ਪੁਨਰ-ਵਿਓਂਤਕਾਰੀ ਉਸਾਰਦੀ ਹੈ, ਬੱਚਿਆਂ ਨੂੰ ਜੀਵਨ ਵਿੱਚ ਆਉਣ ਵਾਲੀਆਂ ਵਡੇ ਆਕਾਰ ਵਾਲੀਆਂ ਸਮੱਸਿਆਵਾਂ ਦਾ ਸਾਹਮਣਾਂ ਕਰਨ ਲਈ ਉਹਨਾਂ ਨੂੰ ਹੋਰ ਚੰਗਾ ਤਿਆਰ ਕਰੇਗੀ।

ਇਹ ਵੀ ਕਿ 'ਉੱਚੇ ਅਤੇ ਤੰਗ' ਪਾਠਕ੍ਰਮ ਦੇ ਉਦੇਸ਼ਾਂ ਦੀ ਜਗਾਹ, ਅਜਿਹਾ ਕੁਝ ਅਪਣਾਇਆ ਜਾਵੇ ਜਿਸ ਵਿੱਚ ਜ਼ਿਆਦਾ ਅਜਿਹੇ ਵਿਸ਼ੇ ਹੋਣ ਜੋ ਧਰਤੀ ਦੇ ਕਾਫੀ ਨੇੜੇ ਹੋਣ, ਜ਼ਿਆਦਾ ਵਿਸ਼ਾਲ ਆਧਾਰ ਵਾਲੇ ਹੋਣ, ਤੇ ਭਿੰਨ ਭਿੰਨ ਸਿਖਿਅਕਾਂ ਦੀਆਂ ਜਰੂਰਤਾਂ ਵਾਸਤੇ ਵਧੀਆ ਸਿੱਧ ਹੋਣ।

**ਸ਼ਕੂਲ ਵਿੱਚ ਗਣਿਤ ਸ਼ਾਸਤਰ ਦੀ ਪੜ੍ਹਾਈ ਦੀਆਂ ਕੁਝ ਸਮੱਸਿਆਵਾਂ**

1. ਬੱਚਿਆਂ ਦੀ ਇੱਕ ਵਡੀ ਗਿਣਤੀ ਨੂੰ ਗਣਿਤ ਸ਼ਾਸਤਰ ਦੇ ਬਾਰੇ ਵਿੱਚ ਡਰ ਹੈ ਅਤੇ ਫੇਲ੍ਹ ਹੋਜਾਣ ਦਾ ਭੈਅ ਵੀ। ਤਦ ਹੀ ਉਹ ਮੁੱਢ ਵਿੱਚ ਹੀ ਗੋਡੇ ਟੇਕ ਦਿੰਦੇ ਹਨ ਅਤੇ ਗੰਭੀਰ ਗਣਿਤ ਦੀ ਸਿਖਲਾਈ ਤੋਂ ਕਿਨਾਰਾ ਕਰ ਲੈਂਦੇ ਹਨ।
2. ਪਾਠਕ੍ਰਮ ਇਸ ਨਾ-ਸ਼ਮੂਲੀਅਤ ਵਾਲੀ ਬਹੁਗਿਣਤੀ ਦੇ ਪੱਖੋਂ ਹੀ ਉਦਾਸ ਕਰਨ ਵਾਲਾ ਹੈ, ਜ਼ਿਆਦਾ ਤੀਖਣ ਵਿਦਿਆਰਥੀਆਂ ਦੇ ਸਾਹਮਣੇ ਵੀ ਕੋਈ ਵੰਗਾਰ ਪੈਦਾ ਨਹੀਂ ਕਰਦਾ।
3. ਸਮੱਸਿਆਵਾਂ, ਅਭਿਆਸ, ਅਤੇ ਮੁਲੰਕਣ ਦੀਆਂ ਵਿਧੀਆਂ ਮਕਾਨਕੀ ਹਨ, ਦੁਹਰਾਓ ਪੂਰਣ ਹਨ ਅਤੇ ਕੰਪਿਊਟੇਸ਼ਨ ਉੱਪਰ ਬਲ ਲੋੜ ਤੋਂ ਵੱਧ ਦਿੱਤਾ ਜਾਂਦਾ ਹੈ। 'ਸਪੇਸੀ' ਸੋਚ ਵਰਗੇ ਖੇਤਰ ਪਾਠਕ੍ਰਮ ਵਿੱਚ ਚੰਗੀ ਤਰ੍ਹਾਂ ਵਿਕਸਤ ਨਹੀਂ ਕੀਤੇ ਗਏ ਹੁੰਦੇ।
4. ਅਧਿਆਪਕਾਂ ਵਿੱਚ ਭਰੋਸੇ ਦੀ ਕਮੀਂ ਹੈ, ਤਿਆਰੀ ਦੀ ਘਾਟ ਹੈ ਤੇ ਮਦਦ ਦੀ ਕਮੀਂ।

## 3.2.1 ਸਕੂਲ ਦੇ ਗਣਿਤ ਸ਼ਾਸਤਰ ਲਈ ਦ੍ਰਿਸ਼ਟੀ

- ਬੱਚੇ ਗਣਿਤ ਸ਼ਾਸਤਰ ਆਨੰਦ ਲੈਣ ਲਈ ਸਿੱਖਣ, ਨਾ ਕਿ ਇਸ ਤੋਂ ਡਰਨ।
- ਬੱਚੇ ਉੱਚ ਕੋਟੀ ਦਾ ਗਣਿਤ ਸ਼ਾਸਤਰ ਸਿੱਖਣ: ਗਣਿਤ ਸ਼ਾਸਤਰ ਫਾਰਮੂਲਿਆਂ ਅਤੇ ਮਸ਼ੀਨੀਂ ਪ੍ਰਕਿਰਿਆਵਾਂ ਤੋਂ ਹੋਰ ਅਗਾਹਾਂ ਹੈ।

- ਬੱਚੇ ਗਣਿਤ ਸ਼ਾਸਤਰ ਨੂੰ ਇਉਂ ਦੇਖਣ ਕਿ ਇਸ ਬਾਰੇ ਗੱਲਬਾਤ ਹੋ ਸਕੇ, ਸੰਚਾਰ ਹੋ ਸਕੇ, ਆਪਸ ਵਿੱਚ ਵਿਚਾਰ ਚਰਚਾ ਹੋ ਸਕੇ, ਤੇ ਜਿਸ ਉੱਪਰ ਇਕੱਠਿਆਂ ਕੰਮ ਹੋ ਸਕਦਾ ਹੋਵੇ।
- ਬੱਚੇ ਅਰਥ ਪੂਰਣ ਸਮੱਸਿਆਵਾਂ ਖੜ੍ਹੀਆਂ ਕਰਨ ਤੇ ਉਨ੍ਹਾਂ ਨੂੰ ਹੱਲ ਵੀ ਕਰਨ।
- ਬੱਚੇ ਰਿਸ਼ਤੇਦਾਰੀਆਂ ਨੂੰ ਗ੍ਰਹਿਣ ਕਰਨ ਵਾਸਤੇ, ਸੰਰਚਨਾਵਾਂ ਨੂੰ ਦੇਖਣ ਵਾਸਤੇ, ਚੀਜ਼ਾਂ ਦੇ ਤਰਕ ਵਾਸਤੇ, ਬਿਆਨਾਂ ਵਿਚਲੇ ਸੱਚ ਜਾਂ ਝੂਠ ਪੁਰ ਦਲੀਲ ਦੇਣ ਦੇ ਵਾਸਤੇ ਅਮੂਰਤਤਾਵਾਂ ਦੀ ਵਰਤੋਂ ਕਰਨ।
- ਬੱਚੇ ਗਣਿਤ ਸ਼ਾਸਤਰ ਦੀ ਮੂਲ ਸੰਰਚਨਾ ਸਮਝਣ: ਅੰਕ-ਗਣਿਤ, ਅਲਜ਼ਬਰਾ, ਰੇਖਾ-ਗਣਿਤ ਅਤੇ ਟ੍ਰਿਗਨੋਮੈਟਰੀ ਸਕੂਲ ਗਣਿਤ ਸ਼ਾਸਤਰ ਦੇ ਮੂਲ ਵਿਸ਼ੇ ਖੇਤਰ ਹਨ ਅਤੇ ਸਾਰੇ ਹੀ ਅਮੂਰਤਤਾ, ਸੰਰਚਨਤਾ ਅਤੇ ਆਮਤਾ ਲਈ ਇੱਕ ਤਰੀਕਾ ਪੇਸ਼ ਕਰਦੇ ਹਨ।
- ਅਧਿਆਪਕ ਹਰ ਬੱਚੇ ਨੂੰ ਜਮਾਤ ਵਿੱਚ ਇਸ ਇਰਾਦੇ ਨਾਲ ਲੈਣ ਕਿ ਹਰ ਇੱਕ ਗਣਿਤ ਸ਼ਾਸਤਰ ਸਿਖ ਸਕਦਾ ਹੈ।

ਸਕੂਲ ਦੀਆਂ ਸਤਿਹਾਂ ਉੱਪਰ ਹੀ ਇੱਕ ਕ੍ਰਮਦਾਰ ਤਰੀਕੇ ਨਾਲ ਸਮੱਸਿਆ ਹੱਲ ਕਰਨ ਦੀਆਂ ਕਿਨ੍ਹੀਆਂ ਸਾਰੀਆਂ ਚਾਲਾਂ ਸਿਖਾਈਆਂ ਜਾ ਸਕਦੀਆਂ ਹਨ। ਜਿਵੇਂ ਕਿ ਅਮੂਰਤਤਾ, ਪਰਮਾਣ, ਅਨੁਰੂਪਤਾ, ਕੇਸ ਵਿਸਲੇਸ਼ਣ, ਸਾਦੀਆਂ ਸਥਿਤੀਆਂ ਲਈ ਘਟਾਓ, ਏਥੋਂ ਤੱਕ ਕਿ 'ਗੈੱਸ-ਐਂਡ-ਵੇਰੀਫਾਈ' ਤਰ੍ਹਾਂ ਦੇ ਅਭਿਆਸ ਵੀ ਕਈ ਸਮੱਸਿਆਵਾਂ ਦੇ ਹੱਲ ਕਰਨ ਵਿੱਚ ਪ੍ਰਭਾਵਸ਼ਾਲੀ ਹਨ। ਇਹ ਵੀ ਕਿ ਜਦ ਬੱਚੇ (ਸਮੇਂ ਦੇ ਨਾਲ) ਕਈ ਪ੍ਰਕਾਰ ਦੀਆਂ ਪਹੁੰਚਾਂ ਸਿਖਦੇ ਹਨ ਤਾਂ ਉਹਨਾਂ ਦੇ ਸੰਦਾਂ ਵਾਲੇ ਬਸਤੇ ਭਰਦੇ ਰਹਿੰਦੇ ਹਨ। ਨਾਲ ਨਾਲ ਉਹ ਇਹ ਵੀ ਸਿੱਖਦੇ ਜਾਂਦੇ ਹਨ ਕਿ ਕਿਹੜੀ ਪਹੁੰਚ ਕਦ ਅਤੇ ਕਿਸ ਸੰਧਰਭ ਵਿੱਚ ਸਭ ਤੋਂ ਵਧੀਆ ਹੈ।

ਬੱਚਿਆਂ ਨੂੰ ਪ੍ਰਣਾਲੀ ਜਾਂ 'ਰੂਲਜ਼ ਔਫ ਥੰਬ' ਦੇ ਵਰਤਣ ਦਾ ਵੀ ਪਤਾ ਲੱਗਣਾ ਚਾਹੀਦਾ ਹੈ, ਨਾ ਕਿ ਐਵੇਂ ਹੀ ਗਣਿਤ ਨੂੰ ਮੁਕੰਮਲ ਵਿਗਿਆਨ ਮੰਨ ਲਿਆ ਜਣਾ। ਮਾਤਰਾਵਾਂ ਦਾ ਅਨੁਮਾਨ ਅਤੇ ਹੱਲਾਂ ਦਾ ਅੰਦਾਜ਼ਾ ਵੀ ਇੱਕ ਪੂਰੀ ਤਰ੍ਹਾਂ ਲਾਜ਼ਮੀਂ ਕੌਸ਼ਲ ਹੈ। ਜਦ ਕੋਈ ਕਿਸਾਨ ਅਪਣੀ ਕਿਸੇ ਫਸਲ ਦੀ ਉਪਜ ਦਾ ਅਨੁਮਾਨ ਲਾਉਂਦਾ ਹੈ ਤਾਂ ਕਾਫੀ ਸਾਰੀ ਮਾਤਰਾ ਵਿੱਚ ਅਨੁਮਾਨ, ਅੰਦਾਜ਼ਾ, ਅਤੇ ਸਰਵਉੱਚਤਾ-ਔਪਟੇਮਾਈਜ਼ੇਸ਼ਨ ਵਰਤੀਆਂ ਜਾਂਦੀਆਂ ਹਨ। ਸਕੂਲ ਦਾ ਗਣਿਤ ਸ਼ਾਸਤਰ ਅਜਿਹੀਆਂ ਯੋਗਤਾਵਾਂ ਨੂੰ ਘੜਨ ਵਿੱਚ ਬੜਾ ਮਹੱਤਵ ਪੂਰਣ ਹਿੱਸਾ ਪਾ ਸਕਦਾ ਹੈ।

ਦ੍ਰਿਸ਼ਟਣ ਸਬੂਤ

3x5 = 5x3 ਕਿਉਂ ਹੈ?

ਪੰਜਾਂ ਦੇ ਤਿੰਨ ਟੋਲੇ ਤਿੰਨਾਂ ਦੇ ਪੰਜ ਟੋਲੇ

ਕਾਲਪਨਿਕ ਬਿੰਬ ਅਤੇ ਪ੍ਰਤੀਨਿਧਤਾ ਅਜਿਹੀਆਂ ਯੋਗਤਾਵਾਂ ਹਨ ਜਿੰਨ੍ਹਾਂ ਦਾ ਵਿਕਾਸ ਕਰਨ ਲਈ ਗਣਿਤ ਸ਼ਾਸਤਰ ਸਹਾਇਕ ਹੋ ਸਕਦਾ ਹੈ। ਮਾਤਰਾਵਾਂ, ਆਕਾਰ, ਅਤੇ ਰੂਪ ਵਰਤ ਕੇ ਹਾਲਾਤਾਂ ਦੇ ਮੌਡਲ ਬਨਾਉਣੇ, ਇਹ ਗਣਿਤ ਸ਼ਾਸਤਰ ਦੀ ਸਭ ਤੋਂ ਵਧੀਆ ਵਰਤੋਂ ਹੈ। ਗਣਿਤ ਸ਼ਾਸਤਰਕ ਸੰਕਲਪਾਂ ਦੀ ਕਾਫੀ ਤਰੀਕਿਆਂ ਨਾਲ ਪ੍ਰਤੀਨਿਧਤਾ ਕੀਤੀ ਜਾ ਸਕਦੀ ਹੈ, ਅਤੇ ਪ੍ਰਤੀਨਿਧਤਾਵਾਂ ਵੀ ਭਿੰਨ ਭਿੰਨ ਸੰਧਰਭਾਂ ਵਿੱਚ ਕਾਫੀ ਮੰਤਵ ਹੱਲ ਕਰ ਸਕਦੀਆਂ ਹਨ। ਇਹ ਸਭ ਕੁਝ ਗਣਿਤ ਸ਼ਾਸਤਰ ਦੀ ਸਮਰੱਥਾ ਦਾ ਕਿੱਸਾ ਕਰਦਾ ਹੈ।

ਉਦਾਹਰਣ ਲਈ, ਇੱਕ ਕਾਰਜ ਅਲਜ਼ਬਰਿਕ ਰੂਪ ਵਿੱਚ ਅਤੇ ਗ੍ਰਾਫ ਰੂਪ ਵਿੱਚ ਵੀ ਪ੍ਰਤੀਨਿਧਤ ਹੋ ਸਕਦਾ ਹੈ। ਕ/ਖ ਪ੍ਰਤੀਨਿਧਤਾ ਨੂੰ ਇੱਕ ਕਣ-ਫ੍ਰੇਕਸ਼ਨ ਦੇ ਕਿਸੇ ਸੰਪੂਰਣ ਦਾ ਇੱਕ ਟੁਕੜਾ ਹੋਣ ਨੂੰ ਸੂਚਤ ਕਰਨ ਲਈ ਵਰਤਿਆ ਜਾ ਸਕਦਾ ਹੈ। ਪਰ ਇਸ ਨੂੰ ਦੋਹਾਂ ਅੰਕਾਂ ਕ ਅਤੇ ਖ ਦੇ ਭਾਗਫਲ-ਕੋਸ਼ੈਂਟ ਨੂੰ ਸੂਚਤ ਕਰਨ ਵਾਸਤੇ ਵੀ ਵਰਤਿਆ ਜਾ ਸਕਦਾ ਹੈ। ਕਣਾਂ ਬਾਰੇ ਇਹ ਜਾਨਣਾਂ ਜੇ ਜ਼ਿਆਦਾ ਨਹੀਂ ਤਾਂ ਓਨਾਂ ਹੀ ਮਹੱਤਵ ਪੂਰਣ ਹੈ ਜਿੰਨਾਂ ਅੰਕ-ਗਣਿਤਕ ਕਣਾਂ ਬਾਰੇ।

ਗਣਿਤ ਸ਼ਾਸਤਰ ਅਤੇ ਪੜ੍ਹਾਈ ਦੇ ਹੋਰ ਵਿਸ਼ਿਆਂ ਦੇ ਵਿਚਕਾਰ ਸਬੰਧ ਜੋੜਣ ਦੀ ਵੀ ਜਰੂਰਤ ਹੈ। ਜਦ ਬੱਚੇ ਗ੍ਰਾਫ ਬਨਾਉਣੇ ਸਿਖਦੇ ਹੋਣ ਤਾਂ ਉਹਨਾਂ ਨੂੰ ਉਸਾਹਤ ਕੀਤਾ ਜਾਵੇ ਕਿ ਉਹ ਵਿਗਿਆਨਾਂ, ਭੂਵਿਗਿਆਨ ਸਮੇਤ, ਵਿੱਚ ਕਾਰਜਕਾਰੀ ਰਿਸ਼ਤਿਆਂ ਬਾਰੇ ਵੀ ਸੋਚਣ। ਸਾਡੇ ਬੱਚਿਆਂ ਨੂੰ ਇਹ ਤੱਥ ਭਲੀਭਾਂਤ ਜਾਣ ਲੈਣ ਦੀ ਲੋੜ ਹੈ ਕਿ ਗਣਿਤ ਸ਼ਾਸਤਰ ਵਿਗਿਆਨ ਦਾ ਇੱਕ ਬੜਾ ਪ੍ਰਭਾਵਸ਼ਾਲੀ ਸੰਦ ਹੈ।

ਗਣਿਤ ਸ਼ਾਸਤਰ ਵਿੱਚ ਕ੍ਰਮਬੱਧ ਦਲੀਲਕਾਰੀ ਦਾ ਮਹੱਤਵ ਵੀ ਬਹਤੀ ਵਡਿਆਈ ਦਾ ਮੁਹਤਾਜ਼ ਨਹੀਂ। ਇਹ ਗਣਿਤ ਸ਼ਾਸਤਰੀਆਂ ਦੇ ਬੜੇ ਮਨਭਾਉਂਦੇ ਵਿਚਾਰਾਂ ਜਿਵੇਂ ਸੁਹਜ ਅਤੇ ਖੁਬਸੂਰਤੀ ਦੇ ਨਾਲ ਬੜੇ ਨੇੜਿਉਂ ਜੁੜਿਆ

ਹੋਇਆ ਹੈ। ਪਰੂਫ-ਸਬੂਤ ਮਹੱਤਵ ਪੂਰਣ ਹੈ, ਪਰ ਡੀਡਕਟਿਵ ਪਰੂਫ ਤੋਂ ਵੀ ਵੱਧ ਬੱਚਿਆਂ ਨੂੰ ਇਹ ਸਿੱਖਣ ਦੀ ਵੀ ਲੋੜ ਹੈ ਕਿ ਕਦ ਜਾ ਕੇ ਤਸਵੀਰਾਂ ਅਤੇ ਉਸਾਰੀਆਂ ਸਬੂਤ-ਪਰੂਫ ਬਣਦੀਆਂ ਹਨ। ਸਬੂਤ ਉਹ ਪ੍ਰਕਿਰਿਆ ਹੈ ਜੋ ਕਿਸੇ ਸ਼ੱਕ ਕਰਨ ਵਾਲੇ ਨੂੰ ਜਕੀਨ ਦੁਵਾਉਂਦਾ ਹੈ।

ਸਕੂਲ ਦੇ ਗਣਿਤ ਸ਼ਾਸਤਰ ਨੂੰ ਸਬੂਤ ਨੂੰ ਦਲੀਲਕਾਰੀ ਦੇ ਇੱਕ ਸਿਲਸਿਲੇਵਾਰ ਤਰੀਕੇ ਦੀ ਤਰ੍ਹਾਂ ਉਤਸਾਹਤ ਕਰਨਾਂ ਚਾਹੀਦਾ ਹੈ। ਟੀਚਾ ਇਹ ਹੋਣਾਂ ਚਾਹੀਦਾ ਹੈ ਕਿ ਦਲੀਲਾਂ ਵਿਕਸਤ ਕੀਤੀਆਂ ਜਾਣ, ਦਲੀਲਾਂ ਦਾ ਮੁਲਾਂਕਣ ਹੋਵੇ, ਅਟਕਲਾਂ ਲਾਈਆਂ ਜਾਣ ਤੇ ਉਨ੍ਹਾਂ ਦੀ ਪਰਖ ਵੀ ਹੋਵੇ, ਅਤੇ ਇਹ ਵੀ ਸਮਝ ਲਿਆ ਜਾਵੇ ਕਿ ਦਲੀਲਕਾਰੀ ਦੇ ਅਲੱਗ ਅਲੱਗ ਤਰੀਕੇ ਹਨ।

ਗਣਿਤ ਸ਼ਾਸਤਰਕ ਸੰਚਾਰ ਸਪੱਸ਼ਟ ਹੁੰਦਾ ਹੈ ਅਤੇ ਇਸ ਵਿੱਚ ਭਾਸ਼ਾ ਦੀ ਵਰਤੋਂ ਬਿਨਾਂ ਕਿਸੇ ਧੁੰਦਲਕੇ ਦੇ ਹੁੰਦੀ ਹੈ। ਰੂਪਕਾਰੀ ਵਿੱਚ ਵਰਤੀ ਜਾਂਦੀ ਕਰੜਾਈ ਆਦਿ ਗਣਿਤ ਸ਼ਾਸਤਰਕ ਅਮਲ ਦੇ ਮਹੱਤਵ ਭਰੇ ਤੱਤ ਹਨ। ਗਣਿਤ ਸ਼ਾਸਤਰ ਵਿੱਚ ਖਾਸ ਬੋਲੀ (ਜਾਰਗੱਨ) ਦੀ ਵਰਤੋਂ ਜਾਣ ਬੁੱਝਕੇ ਤੇ ਸ਼ੈਲੀ ਨਿਰਮਾਣ ਕਰਨ ਲਈ ਕੀਤੀ ਜਾਂਦੀ ਹੈ।

ਗਣਿਤ ਸ਼ਾਸਤਰੀ ਵਿਚਾਰ (ਨੋਸ਼ਨ) ਦੇ ਢੁਕਵੇਂ ਹੋਣ ਉੱਤੇ ਚਰਚਾ ਕਰਦੇ ਹਨ, ਕਿਉਂਕਿ ਇੱਕ ਚੰਗੇ ਵਿਚਾਰ ਨੂੰ ਖਿਆਲ (ਥੌਟ) ਦੀ ਮਦਦ ਮੰਨਿਆਂ ਜਾਂਦਾ ਹੈ। ਜਿਉਂ ਜਿਉਂ ਬੱਚੇ ਵਡੇ ਹੁੰਦੇ ਹਨ ਉਹਨਾਂ ਨੂੰ ਅਜਿਹੀਆਂ ਮੰਨਤਾਂ ਅਤੇ ਉਨ੍ਹਾਂ ਦੀ ਵਰਤੋਂ ਵੱਲ ਧਿਆਨ ਦੇਣਾਂ ਸਿਖਾਇਆ ਜਾਣਾਂ ਚਾਹੀਦਾ ਹੈ। ਉਦਾਹਰਣ ਲਈ, ਇਸ ਦਾ ਅਰਥ ਇਹ ਬਣਦਾ ਹੈ ਕਿ ਸਮੀਕਰਣਾਂ ਨੂੰ ਸਥਾਪਤ ਕਰਨ ਨੂੰ ਓਨਾਂ ਹੀ ਸਥਾਨ ਮਿਲਣਾਂ ਚਾਹੀਦਾ ਹੈ ਜਿੰਨਾਂ ਉਨ੍ਹਾਂ ਦੇ ਹੱਲ ਕਰਨ-ਹੋਣ ਨੂੰ।

**ਸਮੱਸਿਆਵਾਂ ਉਠਾਉਣੀਆਂ**

- ✓ ਜੇ ਤੁਸੀਂ ਜਾਣਦੇ ਹੋ ਕਿ 235+367=602 ਹੈ ਤਾਂ 234+368 ਕਿੰਨਾਂ ਹੋਵੇਗਾ? ਤੁਹਾਨੂੰ ਉੱਤਰ ਕਿਵੇਂ ਪ੍ਰਾਪਤ ਹੋਇਆਂ?
- ✓ 5384 ਵਿੱਚ ਕਿਸੇ ਇੱਕ ਅੰਕ ਨੂੰ ਬਦਲੋ। ਇਉਂ ਮੂਲ ਅੰਕ ਕਿੰਨਾਂ ਵਧਿਆ ਜਾਂ ਘਟਿਆ, ਤੇ ਕਿੰਨਾਂ?

ਏਹੋ ਜਿਹੀਆਂ ਕਈ ਯੋਗਤਾਵਾਂ ਅਤੇ ਪ੍ਰਕਿਰਿਆਵਾਂ ਉੱਪਰ ਚਰਚਾ ਕਰਦਿਆਂ ਅਸੀਂ ਇਹਨਾਂ ਵਾਸਤੇ ਪਹੁੰਚਾਂ ਅਤੇ ਪ੍ਰਕਿਰਿਆਵਾਂ ਦੀ ਬਹੁਤਾਤ ਦੀ ਗੱਲ ਕੀਤੀ ਹੈ। ਇਹ ਸਾਰੀਆਂ ਪ੍ਰਕਿਰਿਆਵਾਂ ਸਕੂਲ ਦੇ ਗਣਿਤ ਸ਼ਾਸਤਰ ਨੂੰ ਕੇਵਲ ਪੜ੍ਹਾਈਆਂ ਗਈਆਂ ਐਲਗੋਰਿਦਮਾਂ ਦੇ ਉਪਯੋਗ (ਐਪਲੀਕੇਸ਼ਨ) ਦੇ ਜੁਲਮ ਤੋਂ ਬਚਾਉਣ ਵਾਸਤੇ ਅਤਿ ਅਵੱਸ਼ਕ ਹਨ।

### 3.2.2 ਪਾਠਕ੍ਰਮ

ਪਰਾਇਮਰੀ ਤੋਂ ਪਹਿਲੀ ਪੱਧਰ ਉੱਪਰ ਸਾਰਾ ਸਿੱਖਣ ਖੇਡ੍ਹਣ ਰਾਹੀਂ ਵਾਪਰਦਾ ਹੈ, ਨਾ ਕਿ ਉਪਦੇਸ਼ਾਤਮਕ ਸੰਚਾਰਾਂ ਦੇ ਰਾਹੀਂ। ਅੰਕਾਂ ਦੇ ਕਿਸੇ ਵਿਸ਼ੇਸ਼ ਕ੍ਰਮ ਨੂੰ ਘੋਟਾ ਲਾ ਲੈਣ ਦੀ ਬਜਾਏ ਬੱਚਿਆਂ ਵਾਸਤੇ ਉਨ੍ਹਾਂ ਨੂੰ ਸਿੱਖਣ ਅਤੇ ਸਮਝਣ ਦੀ ਜਰੂਰਤ ਹੈ। ਛੋਟੇ ਸੈੱਟਾਂ ਦੇ ਸੰਧਰਭ ਵਿੱਚ ਕਹੋ ਕਿ ਸ਼ਬਦਾਂ ਦੇ ਨਾਮ ਅਤੇ ਗਿਣਨ ਵਿਚਕਾਰ ਰਿਸ਼ਤਾ, ਤੇ ਏਦਾਂ ਹੀ ਗਿਣਨ ਅਤੇ ਮਾਤਰਾ ਵਿਚਲਾ ਰਿਸ਼ਤਾ ਜਨਣਾਂ। ਇੱਕ ਵਾਰ ਵਿੱਚ ਅਤੇ ਇੱਕ ਹੀ ਪਰਤ ਦੇ ਨਾਲ ਨਾਲ ਸਾਦੀਆਂ ਜਿਹੀਆਂ ਤੁਲਨਾਵਾਂ ਅਤੇ ਵਰਗੀਕਰਣ ਬਨਾਉਣੇ, ਅਤੇ ਆਕਾਰਾਂ ਦੇ ਸੰਤੁਲਨ (ਸਮਿੱਟਰੀ) ਦੀ ਪਛਾਣ ਕਰਨੀ ਆਦਿ ਇਸ ਪੱਧਰ ਉੱਤੇ ਸਿੱਖਣ ਵਾਲੇ ਕੌਸ਼ਲ ਹਨ।

ਭਾਸ਼ਾ ਨੂੰ ਅਪਣੇ ਵਿਚਾਰਾਂ ਅਤੇ ਭਾਵਾਂ ਦਾ ਪ੍ਰਗਟਾਵਾ ਕਰਨ ਲਈ ਖੁੱਲ੍ਹੇ ਢੰਗ ਨਾਲ ਵਰਤੋਂ ਕਰਨ ਵਾਸਤੇ ਬੱਚਿਆਂ ਨੂੰ ਉਤਸਾਹਤ ਕਰਨਾਂ ਚਾਹੀਦਾ ਹੈ। ਪਹਿਲਾਂ ਹੀ ਨਿਰਧਾਰਤ ਹੋਏ ਪਏ ਤਰੀਕਿਆਂ ਤੋਂ ਬਚਣਾਂ ਇਸ ਪੱਧਰ ਉੱਪਰ ਤਾਂ ਬਹੁਤ ਹੀ ਜਰੂਰੀ ਹੈ, ਤੇ ਬਾਅਦ ਵਿੱਚ ਵੀ।

ਪਰਾਇਮਰੀ ਪੱਧਰ ਉੱਪਰ ਬੱਚਿਆਂ ਵਿੱਚ ਗਣਿਤ ਸ਼ਾਸਤਰ ਬਾਰੇ ਹਾਂ-ਪੱਖੀ ਰਵੱਈਆ ਅਤੇ ਪਸੰਦ ਵਿਕਸਤ ਕਰਵਾ ਲੈਣਾਂ ਓਨਾਂ ਹੀ ਮਹੱਤਵ ਪੂਰਣ ਹੈ, ਜੇ ਜ਼ਿਆਦਾ ਨਹੀਂ ਤਾਂ, ਜਿੰਨਾ ਗਿਆਨ ਸਬੰਧਤ ਯੋਗਤਾਵਾਂ ਅਤੇ ਸੰਕਲਪ ਸਿਖ ਲੈਣੇ ਜਰੂਰੀ ਹਨ। ਗਣਿਤ ਸ਼ਾਸ਼ਤਰਕ ਖੇਡ੍ਹਾਂ, ਬੁਝਾਰਤਾਂ, ਕਹਾਣੀਆਂ ਆਦਿ ਹਾਂ-ਮੁਖੀ ਰਵਈਏ ਤਿਆਰ ਕਰਨ ਅਤੇ ਰੋਜ਼ਾਨਾਂ ਜੀਵਨ ਦੇ ਨਾਲ ਗਣਿਤ ਸ਼ਾਸ਼ਤਰ ਦਾ ਜੋੜ ਬੈਠਾਉਂਣ ਵਿੱਚ ਵੀ ਮਦਦ ਕਰਦੇ ਹਨ।

ਇਸ ਗੱਲ ਵੱਲ ਧਿਆਨ ਦੇਣਾਂ ਜਰੂਰੀ ਹੈ ਕਿ ਗਣਿਤ ਸ਼ਾਸਤਰ ਇਕੱਲ੍ਹਾ ਅੰਕ-ਸ਼ਾਸਤਰ ਹੀ ਨਹੀਂ ਹੈ। ਅੰਕਾਂ ਅਤੇ ਅੰਕ ਪ੍ਰਕਿਰਿਆਵਾਂ ਤੋਂ ਬਿਨਾਂ ਵਾਜ਼ਬ ਸਥਾਨ ਆਕਾਰਾਂ ਨੂੰ, ਸਾਪੇਸੀ ਸਮਝ ਨੂੰ, ਪੈਟਰਨ ਮਾਪਾਈ ਨੂੰ ਅਤੇ ਸਮੱਗਰੀ-ਡਾਟਾ ਦੀ ਸੰਭਾਲ ਨੂੰ ਵੀ ਦਿੱਤਾ ਜਾਣਾ ਜਰੂਰੀ ਹੈ। ਪਾਠਕ੍ਰਮ ਲਈ ਇਹ ਜਰੂਰੀ ਹੈ ਕਿ ਇਹ ਉਸ ਕ੍ਰਮਬੱਧ ਪ੍ਰਗਤੀ ਨੂੰ ਬੜੇ ਸਪੱਸ਼ਟ ਰੂਪ ਵਿੱਚ ਸ਼ਾਮਲ ਕਰੇ ਜੋ ਸਿਖਿਅਕਾਂ ਵਿੱਚ ਓਦੋਂ ਵਾਪਰਦੀ ਹੈ ਜਦ ਉਹ

ਸੰਕਲਪਾਂ ਨੂੰ ਗ੍ਰਹਿਣ ਕਰਨ ਵੇਲੇ ਸਥੂਲ ਤੋਂ ਅਸਥੂਲ ਵੱਲ ਨੂੰ ਤੁਰਦੇ ਹਨ। ਅੰਕ ਗਿਣਤੀ (ਕੰਪਿਊਟੇਸ਼ਨ) ਦੀ ਯੋਗਤਾ ਤੋਂ ਬਿਨਾਂ ਬਲ ਦੇਣ ਦੇ ਬਿੰਦੂ ਹਨ: ਪੈਟਰਨਾਂ ਦੀ ਪਛਾਣ ਕਰਨ, ਪ੍ਰਗਟਾਉਣ ਅਤੇ ਵਿਆਖਿਆ ਕਰਨ ਉੱਪਰ; ਸਮੱਸਿਆ ਦਾ ਹੱਲ ਲੱਭਣ ਲਈ ਅਨੁਮਾਨ ਲਾਉਣ ਅਤੇ ਅੰਦਾਜ਼ਾ ਲਾਉਣ ਉੱਪਰ; ਰਿਸ਼ਤੇ ਸਥਾਪਤ ਕਰਨ ਅਤੇ ਭਾਸ਼ਕ ਸੰਚਾਰ ਦੀ ਯੋਗਤਾ ਤੇ ਦਲੀਲਕਾਰੀ ਉੱਪਰ।

ਉੱਚ ਪਰਾਇਮਰੀ ਪੱਧਰ ਸਮੇਂ ਬੱਚਿਆਂ ਨੂੰ ਗਣਿਤ ਸ਼ਾਸਤਰ ਦੀ ਸਮਰੱਥਾ ਦਾ ਪਹਿਲਾ ਸੁਆਦ ਮਿਲਦਾ ਹੈ। ਬੜੇ ਤਾਕਤਵਰ ਅਤੇ ਅਮੂਰਤ ਸੰਕਲਪਾਂ ਦੀ ਵਰਤੋਂ ਰਾਹੀਂ ਪਹਿਲੀ ਸਿਖਲਾਈ ਅਤੇ ਅਨੁਭਵ ਦੀ ਤਹਿ ਜੰਮ ਜਾਂਦੀ ਹੈ। ਇਹ ਪਰਾਇਮਰੀ ਸਕੂਲ ਵਿੱਚ ਸਿਖੇ ਸੰਕਲਪਾਂ ਦੀ ਮੁੜ ਯਾਤਰਾ ਕਰ ਲੈਣ ਅਤੇ ਮੂਲ ਸੰਕਲਪਾਂ ਨੂੰ ਪੱਕਾ ਕਰ ਲੈਂਣ ਵਿੱਚ ਉਹਨਾਂ ਦੀ ਬੜੀ ਮਦਦ ਕਰਦਾ ਹੈ। ਵਿਸ਼ਵ ਵਿਆਪੀ ਗਣਿਤ ਸ਼ਾਸਤਰਕ ਸਿੱਖਿਆ ਹਾਂਸਲ ਕਰ ਲੈਣ ਦੇ ਪੱਖ ਤੋਂ ਇਹ ਹੋਰ ਵੀ ਅਨਿਵਾਰੀ ਹੈ।

ਵਿਦਿਆਰਥੀਆਂ ਨੂੰ ਅਲਜ਼ਬਰੇ ਦੇ ਸੰਕਲਪਾਂ (ਨੋਸ਼ਨਾਂ) ਤੋਂ ਜਾਣੂੰ ਕਰਵਾਇਆ ਜਾਂਦਾ ਹੈ। ਇਹਨਾਂ ਸੰਕਲਪਾਂ ਦੀ ਵਰਤੋਂ ਸਮੱਸਿਆ ਹੱਲ ਕਰਨ ਤੇ ਆਮਤਾ ਵਿੱਚ, ਸਪੇਸ ਅਤੇ ਆਕਾਰਾਂ ਦੇ ਸਿਲਸਿਲੇਵਾਰ ਅਧਿਅਨ ਵਿੱਚ, ਅਤੇ ਉਹਨਾਂ ਦੇ ਮਾਪਾਈ ਦੇ ਗਿਆਨ ਨੂੰ ਹੋਰ ਪੁਖਤਾ ਕਰਨ ਵਾਸਤੇ ਸਿਖਾਈ ਜਾਂਦੀ ਹੈ। ਸਮੱਗਰੀ ਸਾਂਭਣ, ਪ੍ਰਤੀਨਿਧਤਾ ਅਤੇ ਵਿਆਖਿਆ ਉਸ ਯੋਗਤਾ ਦਾ ਅਹਿੰਮ ਹਿੱਸਾ ਬਣਦੇ ਹਨ ਜੋ ਸੂਚਨਾਂ ਨਾਲ ਆਮ ਢੰਗ ਨਾਲ ਨਜਿੱਠਦੀ ਹੈ, ਤੇ ਜੋ ਇੱਕ ਅਨਿਵਾਰੀ 'ਜੀਵਨ ਕੌਸ਼ਲ' ਹੈ। ਇਸ ਪੱਧਰ ਉੱਪਰ ਸਿੱਖਿਆ ਵਿਦਿਆਰਥੀਆਂ ਨੂੰ ਸਪੇਸਗਤ ਦਲੀਲਕਾਰੀ ਅਤੇ ਦ੍ਰਿਸ਼ਟੀਗਤ ਕੌਸ਼ਲ ਨੂੰ ਪ੍ਰਫੁੱਲਤ ਕਰਨ ਦਾ ਮੌਕਾ ਪਰਦਾਨ ਕਰਦੀ ਹੈ।

ਸੈਕੰਡਰੀ ਪੱਧਰ ਉੱਪਰ ਵਿਦਿਆਰਥੀ ਇੱਕ ਡਿਸਿਪਲਨ ਦੇ ਰੂਪ ਵਿੱਚ ਗਣਿਤ ਸ਼ਾਸਤਰ ਦੀ ਸੰਰਚਨਾਂ ਨੂੰ ਭਾਂਪਣਾ ਅਰੰਭ ਕਰਦੇ ਹਨ। ਉਹ ਗਣਿਤ ਸ਼ਾਸਤਰਕ ਸੰਚਾਰ ਦੇ ਤੱਤਾਂ ਤੋਂ ਜਾਣੂੰ ਹੋ ਜਾਂਦੇ ਹਨ, ਜਿਵੇਂ ਕਿ ਧਿਆਨ ਨਾਲ ਪ੍ਰੀਭਾਸ਼ਤ ਕੀਤੇ ਪ੍ਰੀਭਾਸ਼ਕ ਸ਼ਬਦ ਅਤੇ ਸੰਕਲਪ, ਪ੍ਰਤੀਕਾਂ ਦੀ ਉਹਨਾਂ ਨੂੰ ਪ੍ਰੀਭਾਸ਼ਤ ਕਰਨ ਹਿੱਤ ਵਰਤੋਂ, ਸਪੱਸ਼ਟ ਰੂਪ ਵਿੱਚ ਬਿਆਨੀਆਂ ਹੋਈਆਂ ਪਰਾਪੋਜ਼ੀਸ਼ਨਾਂ ਅਤੇ ਉਨ੍ਹਾਂ ਪਰਾਪੋਜ਼ੀਸ਼ਨਾਂ ਨੂੰ ਸਹੀ ਕਰਨ ਵਾਲੇ ਸਬੂਤ (ਪਰੂਫ)। ਇਹ ਪੱਖ ਖਾਸ ਕਰਕੇ ਰੇਖਾਗਣਿਤ ਦੇ ਖੇਤਰ ਵਿੱਚ ਵਿਕਸਤ ਕੀਤੇ ਜਾਂਦੇ ਹਨ। ਵਿਦਿਆਰਥੀ ਅਲਜ਼ਬਰੇ ਪ੍ਰਤੀ ਅਪਣੀ ਜਾਣਕਾਰੀ ਵਿਕਸਤ ਕਰ ਲੈਂਦੇ ਹਨ, ਜੋ ਨਾਂ ਕੇਵਲ ਗਣਿਤ ਸ਼ਾਸਤਰ ਦੇ ਉਪਯੋਗ ਵਾਸਤੇ ਹੀ ਜਰੂਰੀ ਹੈ, ਸਗੋਂ ਗਣਿਤ ਸ਼ਾਸਤਰ ਵਿੱਚ ਪਰਮਾਣਕਤਾ ਲਈ ਅਤੇ ਸਬੂਤ ਪੇਸ਼ ਕਰਨ ਲਈ ਵੀ ਜਰੂਰੀ ਹੈ।

ਇਸ ਪੱਧਰ ਉੱਤੇ ਵਿਦਿਆਰਥੀ ਕਈ ਉਹ ਸੰਕਲਪ ਅਤੇ ਯੋਗਤਾਵਾਂ ਜੋੜ ਲੈਂਦੇ ਹਨ ਜੋ ਉਨ੍ਹਾਂ ਨੇ ਸਮੱਸਿਆ ਹੱਲ ਕਰਨ ਦੀ ਯੋਗਤਾ ਤਿਆਰ ਕਰਦਿਆਂ ਸਿਖੇ ਹੁੰਦੇ ਹਨ। ਇਸ ਪੱਧਰ ਉੱਤੇ ਪੜ੍ਹਾਈ ਗਈ ਗਣਿਤ ਸ਼ਾਸਤਰਕ ਮੌਡਲਕਾਰੀ, ਸਮੱਗਰੀ ਵਿਸ਼ਲੇਸ਼ਣ ਅਤੇ ਵਿਆਖਿਆ ਉੱਚ ਦਰਜੇ ਦੀ ਗਣਿਤ ਸ਼ਾਸਤਰਕ ਪੜ੍ਹਾਈ ਨੂੰ ਹੋਰ ਪੱਕਾ ਕਰ ਸਕਦੇ ਹਨ। ਨਿੱਜੀ ਜਾਂ ਸਮੂਹ ਦੀ ਕੀਤੀ ਰਿਸ਼ਤਿਆਂ ਅਤੇ ਪੈਟਰਨਾਂ ਦੀ ਭਾਲ, ਦ੍ਰਿਸ਼ਟਣ ਅਤੇ ਆਮਤਾ, ਅਟੇ-ਸਟੇ ਨੂੰ ਸਿੱਧ ਕਰਨ ਆਦਿ ਇਸ ਸਮੇਂ ਮਹੱਤਵ ਪੂਰਣ ਹਨ। ਕੰਪਿਊਟਰਾਂ ਅਤੇ ਗਣਿਤ ਸ਼ਾਸ਼ਤਰਕ ਪ੍ਰਯੋਗਸ਼ਾਲਾਵਾਂ ਵਰਗੇ ਢੁਕਵੇਂ ਸੰਦਾਂ ਦੀ ਵਰਤੋਂ ਨਾਲ ਇਨ੍ਹਾਂ ਨੂੰ ਉਤਸਾਹਤ ਕੀਤਾ ਜਾ ਸਕਦਾ ਹੈ।

ਉੱਚ ਸੈਕੰਡਰੀ ਪੱਧਰ ਉੱਪਰ ਗਣਿਤ ਸ਼ਾਸਤਰ ਦੇ ਪਾਠਕ੍ਰਮ ਦਾ ਉਦੇਸ਼ ਵਿਦਿਆਰਥੀ ਨੂੰ ਗਣਿਤ ਸ਼ਾਸਤਰ ਦੇ ਉਪਯੋਗ (ਐਪਲੀਕੇਸ਼ਨ) ਦੀ ਇੱਕ ਵਡੀ ਗਿਣਤੀ ਦੀ ਜਾਣਕਾਰੀ ਪਰਦਾਨ ਕਰਨਾਂ ਹੈ, ਅਤੇ ਉਹਨਾਂ ਸੰਦਾਂ ਦੀ ਵੀ ਜਾਣ ਪਛਾਣ ਕਰਵਾਉਣਾ ਹੈ ਜਿੰਨ੍ਹਾਂ ਨਾਲ ਇਹ ਐਪਲੀਕੇਸ਼ਨ ਸੰਭਵ ਕਰਵਾਈ ਜਾਂਦੀ ਹੈ। ਲੰਮਾਈ ਦੇ ਮੁਕਾਬਲੇ ਡੂੰਘਾਈ ਦੇ ਵਿਚਕਾਰ ਬੜੀਆਂ ਵਿਰੋਧੀ ਮੰਗਾਂ ਵਿੱਚੋਂ ਬੜੇ ਧਿਆਨ ਨਾਲ ਚੋਣ ਕਰਨੀ ਪੈਂਦੀ ਹੈ।

ਇੱਕ ਮਜ਼ਮੂੰਨ ਦੇ ਤੌਰਤੇ ਗਣਿਤ ਸ਼ਾਸਤਰ ਵਿੱਚ ਬੜੀ ਤੇਜੀ ਨਾਲ ਹੋ ਰਿਹਾ ਵਿਸਥਾਰ ਅਤੇ ਇਹਦੇ ਉਪਯੋਗਾਂ ਦੀ ਲੜੀ ਮੰਗ ਕਰਦੀ ਹੈ ਕਿ ਇਸ ਦੇ ਘੇਰੇ ਦੀ ਲੰਮਾਈ ਵਧਾਈ ਜਾਵੇ। ਪਰ ਅਜਿਹੇ ਵਾਧੇ ਨੂੰ ਸੰਚਾਲਤ ਕਰਨ ਲਈ ਇਹ ਜਰੂਰੀ ਹੈ ਕਿ ਉਹਨਾਂ ਵਿਸ਼ਿਆਂ ਨੂੰ ਚੁਣਨ ਵੱਲ ਧਿਆਨ ਦਿੱਤਾ ਜਾਵੇ ਜਿੰਨ੍ਹਾਂ ਦੀ ਗਣਿਤ ਸ਼ਾਸਤਰਕ ਪੱਖ ਤੋਂ ਮਹੱਤਤਾ ਜ਼ਿਆਦਾ ਹੋਵੇ। ਉਹ ਵਿਸ਼ੇ ਜਿੰਨ੍ਹਾਂ ਨੂੰ ਕੁਦਰਤੀ ਤੌਰਤੇ ਦੂਜਿਆਂ ਡਿਸਿਪਲਨਾਂ ਵਿੱਚ ਸ਼ਾਮਲ ਕਰ ਦੇਣ ਦੀ ਗੁੰਜਾਇਸ਼ ਹੋਵੇ ਉਨ੍ਹਾਂ ਨੂੰ ਗਣਿਤ ਸ਼ਾਸਤਰ ਦੇ ਪਾਠਕ੍ਰਮ ਵਿੱਚ ਨਾ ਸ਼ਾਮਲ ਕੀਤਾ ਜਾਵੇ। ਵਿਸ਼ਿਆਂ ਨਾਲ ਕੀਤੇ ਜਾ ਰਹੇ ਵਰਤਾਅ ਦਾ ਕੋਈ ਉਦੇਸ਼ ਹੋਣਾਂ ਜਰੂਰੀ ਹੈ, ਤੇ ਉਹ ਹੈ ਗਣਿਤ ਸ਼ਾਸਤਰਕ ਦ੍ਰਿਸ਼ਟੀਆਂ ਅਤੇ ਸੰਕਲਪਾਂ ਦਾ ਸੰਚਾਰ, ਜੀਹਦੇ ਨਾਲ ਵਿਦਿਆਰਥੀਆਂ ਵਿੱਚ ਦਿਲਚਸਪੀ ਜਾਗਰਤ ਹੁੰਦੀ ਹੈ ਤੇ ਉਹ ਇਹਦੇ ਨਾਲ ਜੁੜ ਸਕਦੇ ਹਨ।

### 3.2.3 ਕੰਪਿਊਟਰ ਵਿਗਿਆਨ

ਜਿਸ ਬੜੇ ਅਥਾਹ ਅਤੇ ਅਸਰਦਾਰ ਅੰਦਾਜ਼ ਵਿੱਚ ਕੰਪਿਊਟਰ ਅਤੇ ਕੰਪਿਊਟਿੰਗ ਟੈਕਨਾਲੋਜੀ ਨੇ ਆਧੁਨਿਕ ਸਮਾਜ ਨੂੰ ਸੰਵਾਰਨ ਵਿੱਚ ਹਿੱਸਾ ਪਾਇਆ ਹੈ, ਉਸ ਨੇ ਇਹ ਜਰੂਰਤ ਪੈਦਾ ਕਰ ਦਿੱਤੀ ਹੈ ਕਿ ਪੜ੍ਹੀ ਲਿਖੀ ਜੰਨਤਾ ਇਸ ਟੈਕਨਾਲੋਜੀ ਨੂੰ ਅਸਰਦਾਰ ਤਰੀਕੇ ਨਾਲ ਸਮਾਜ ਅਤੇ ਮਨੁੱਖਤਾ ਦੇ ਭਲੇ ਵਾਸਤੇ ਵਰਤਣਾ ਸਿਖੇ। ਇਸ ਕਰਕੇ ਇਸ ਗੱਲ ਦਾ ਅਹਿਸਾਸ ਬੜਾ ਜੋਰ ਫੜ੍ਹਦਾ ਜਾ ਰਿਹਾ ਹੈ ਕਿ ਅਜਿਹੇ ਗਿਆਨ ਦੇ ਖੇਤਰਾਂ ਵਾਸਤੇ ਸਕੂਲ ਦੇ ਪਾਠਕ੍ਰਮ ਵਿੱਚ ਸਥਾਨ ਹੋਣਾਂ ਚਾਹੀਦਾ ਹੈ।

ਏਥੇ ਇੱਕ ਨਿਖੇੜਾ ਜਰੂਰ ਕੀਤਾ ਜਾਣਾਂ ਚਾਹੀਦਾ ਹੈ। ਨਿਖੇੜਾ ਹੋਵੇ ਅਈ ਟੀ (ਇੰਨਫਰਮੇਸ਼ਨ ਟੈਕਨਾਲੋਜੀ) ਦੇ ਪਾਠਕ੍ਰਮ ਦਾ ਕੰਪਿਊਟਰ ਵਿਗਿਆਨ ਦੇ ਪਾਠਕ੍ਰਮ ਨਾਲੋਂ। ਆਈ ਟੀ ਵਿੱਚ ਸੂਚਨਾਂ ਅਤੇ ਕੰਪਿਊਟਰ ਨਾਲ ਦੇ ਸੰਦਾਂ ਦੀ ਵਰਤੋਂ ਸ਼ਾਮਲ ਹੈ ਅਤੇ ਕੰਪਿਊਟਰ ਵਿਗਿਆਨ ਦਾ ਸਬੰਧ ਇਹਨਾਂ ਸੰਦਾਂ ਦੀ ਬਣਾਈ ਅਤੇ ਉਨ੍ਹਾਂ ਨੂੰ ਕੰਮ ਉੱਪਰ ਲਾਉਣਾਂ ਸ਼ਾਮਲ ਹਨ। ਪਰ ਇਹਨਾਂ ਦੋਨਾਂ ਦਾ ਸਕੂਲੀ ਸਿੱਖਿਆ ਵਿੱਚ ਅਪਣਾਂ ਅਪਣਾਂ ਸਥਾਨ ਹੋ ਸਕਦਾ ਹੈ।

ਜਦ ਕਿ ਬਹੁਤ ਸਾਰੇ ਦੇਸ਼ ਅਪਣੇ ਸਕੂਲਾਂ ਵਿੱਚ ਕੰਮਪਿਊਟਰ ਵਿਗਿਆਨ ਤੇ ਜਾਂ ਇੰਨਫਰਮੇਸ਼ਨ ਟੈਕਨਾਲੋਜੀ (CS/IT) ਦੇ ਪਾਠਕ੍ਰਮ ਲਾਗੂ ਕਰ ਚੁੱਕੇ ਹਨ, ਸਾਨੂੰ ਉਹਨਾਂ ਵੰਗਾਰਾਂ ਤੋਂ ਜਾਣੂੰ ਹੋ ਜਾਣ ਦੀ ਜਰੂਰਤ ਹੈ ਜੋ ਭਾਰਤੀ ਵਿਦਿਆਰਥੀਆਂ ਦੇ ਸਾਹਮਣੇ ਹਨ। ਇਹਨਾਂ ਵਿੱਚੋਂ ਪਹਿਲਾ ਹੈ ਕੰਪਿਊਟਰ ਵਿਗਿਆਨ ਦੇ ਲਈ ਸਾਧਨਾਂ ਦੀ ਕਮੀਂ। ਕੰਪਿਊਟਰ ਦੀ ਵਰਤੋਂ ਦੀ ਤਾਂ ਗੱਲ ਹੀ ਛੱਡੋ ਕੰਪਿਊਟਿੰਗ ਸਾਧਨਾਂ ਦੇ ਹੋਣ ਤੋਂ ਬਿਨਾਂ ਕੰਪਿਊਟਰ ਵਿਗਿਆਨ ਦੀ ਪੜ੍ਹਾਈ ਬੇਤੁਕੀ ਗੱਲ ਹੈ।

ਸਾਰੇ ਬੱਚਿਆਂ ਨੂੰ ਕੰਪਿਊਟਰ ਸਾਧਨ ਪਰਦਾਨ ਕਰ ਸਕਣਾ ਅਤੇ ਇਸ ਨਾਲ ਜੁੜਨਾ ਸੰਭਵ ਕਰ ਸਕਣਾ ਇੱਕ ਬਹੁਤ ਭਾਰੀ ਟੈਕਨੀਕਲ ਅਤੇ ਆਰਥਕ ਵੰਗਾਰ ਹੈ। ਫਿਰ ਵੀ ਜੋ ਵਿਆਪਕ ਅਸਰ ਕੰਪਿਊਟਰ ਟੈਕਨਾਲੋਜੀ ਨੇ ਪਾਇਆ ਹੈ ਉਸ ਦੇ ਹੁੰਦਿਆਂ, ਲੋੜ ਹੈ ਕਿ ਇਸ ਦੇ ਸਾਜ ਸਮਾਨ ਨਾਲ ਸਬੰਧਤ ਵੰਗਾਰਾਂ ਨੂੰ ਗੰਭੀਰਤਾ ਪੂਰਵਕ ਲਿਆ ਜਾਵੇ। ਇਹਦੇ ਵਾਸਤੇ ਬੜੇ ਸੱਜਰੇ ਬਦਲ ਢੂੰਡੇ ਜਾਣ। ਹਾਰਡ ਵੇਅਰ, ਸੋਫਟ ਵੇਅਰ ਅਤੇ ਕੰਪਿਊਟਰ ਜੋੜਨ ਦੇ ਲਈ ਅਜਿਹੀ ਟੈਕਨਾਲੋਜੀ ਪ੍ਰਾਪਤ ਕਰ ਲਈ ਜਾਵੇ ਜੋ ਭਾਰਤ ਦੇ ਸ਼ਹਿਰੀ ਅਤੇ ਪੇਂਡੂ ਸਕੂਲਾਂ ਵਾਸਤੇ ਢੁਕਵੀਂ ਹੋਵੇ।

ਇਹ ਵੀ ਲੋੜ ਹੈ ਕਿ ਅਸੀਂ ਕੰਪਿਊਟਰ ਵਿਗਿਆਨ ਅਤੇ ਇੰਨਫਰਮੇਸ਼ਨ ਟੈਕਨਾਲੋਜੀ ਵਾਸਤੇ ਇੱਕ ਬੜੇ ਵਿਆਪਕ ਅਤੇ ਸੰਤੁਲਤ ਪਾਠਕ੍ਰਮ ਦੇ ਮੱਡਲ ਨੂੰ ਵਿਕਸਤ ਕੀਤੇ ਜਾਣ ਵਾਲੇ ਮੁੱਦੇ ਬਾਰੇ ਸੋਚੀਏ, ਜੋ ਸਿੱਖਿਆਕਾਰਾਂ, ਪ੍ਰਬੰਧਕਾਂ ਅਤੇ ਆਮ ਜੰਨਤਾ ਵਿਚਕਾਰ ਬਹਿਸ ਆਰੰਭ ਹੋਣ ਦਾ ਆਧਾਰ ਬਣੇ। ਕੁਝ ਇੱਕ ਮੂਲ ਤੱਤ ਤਾਂ ਸਾਂਝੇ ਹੀ ਹਨ ਜੋ ਕਾਫੀ ਸਾਰੇ ਭਾਰਤੀ ਸਕੂਲਾਂ ਦੇ ਕੰਪਿਊਟਰ ਵਿਗਿਆਨ ਅਤੇ ਆਈ ਟੀ ਦੇ ਪਾਠਕ੍ਰਮਾਂ ਵਿੱਚ ਵੀ ਲਾਗੂ ਕੀਤੇ ਜਾ ਸਕਦੇ ਹਨ। ਇਹਨਾਂ ਵਿੱਚ ਅਜਿਹੇ ਸੰਕਲਪ ਸ਼ਾਮਲ ਹਨ ਜਿਵੇਂ 'ਇਟਰੇਟਿਵ' ਪ੍ਰਕਿਰਿਆਵਾਂ ਅਤੇ ਐਲਗੋਰਿਦਮਾਂ, ਸਮੱਸਿਆ ਹੱਲ ਕਰਨ ਦੀਆਂ ਆਮ ਜੁਗਤਾਂ ਕੰਪਿਊਟਿੰਗ ਵਿੱਚੋਂ ਉੱਠਦੀਆਂ ਦੇ ਵਰਤੇ ਜਾਣ ਦੀਆਂ ਸੰਭਾਵਨਾਵਾਂ, ਆਧੁਨਿਕ ਜਗਤ ਵਿੱਚ ਕੰਪਿਊਟਰ ਨੇ ਪ੍ਰਾਪਤ ਕਰ ਲਿਆ ਸਥਾਨ ਅਤੇ ਉਹ ਸਮਾਜਕ ਮੁੱਦੇ ਜੋ ਇਸ ਨਾਲ ਉੱਠ ਖੜ੍ਹੇ ਹੁੰਦੇ ਹਨ।

## 3.3 ਵਿਗਿਆਨ

ਪੁਰਾਣੇ ਸਮਿਆਂ ਤੋਂ ਹੀ ਕੁਦਰਤ ਦੇ ਅਜਨਬੀਪਨ ਅਤੇ ਡਰ ਪਰਤੀ ਇੱਕ ਮਹੱਤਵ ਪੂਰਣ ਮਨੁੱਖੀ ਪ੍ਰਤੀਕਰਮ ਇਹ ਰਿਹਾ ਹੈ ਕਿ ਭੌਤਕ ਅਤੇ ਜੀਵਕ ਵਾਤਾਵਰਣ ਨੂੰ ਗਹੁ ਨਾਲ ਦੇਖਿਆ ਜਾਵੇ, ਕੁਝ ਅਰਥਦਾਰ ਸੰਰਚਨਾਵਾਂ ਅਤੇ ਰਿਸ਼ਤਿਆਂ ਨੂੰ ਲੱਭਿਆ ਜਾਵੇ, ਅਤੇ ਵਿਸ਼ਵ ਨੂੰ ਜਾਣ ਲੈਣ ਦੇ ਲਈ ਸੰਕਲਪਕ ਮਾੱਡਲ ਉਸਾਰੇ ਜਾਣ। ਏਸੇ ਮਨੁੱਖੀ ਜਤਨ ਸਦਕਾ ਆਧੁਨਿਕ ਵਿਗਿਆਨ ਸਾਹਮਣੇ ਆਇਆ ਹੈ।

ਮੋਟੇ ਤੌਰਤੇ ਕਿਹਾ ਜਾਵੇ ਤਾਂ ਵਿਗਿਆਨਕ ਵਿਧੀ ਵਿੱਚ ਕਈ ਅੰਤਰ ਸਬੰਧਤ ਕਦਮ ਸ਼ਾਂਮਲ ਹਨ, ਜਿਵੇਂ ਕਿ ਨਿਰੀਖਣ, ਸਮਾਨਤਾਵਾਂ ਅਤੇ ਪੈਟਰਨਾਂ ਦੀ ਭਾਲ, ਹਾਈਪੋਥਿਸਿਸ ਦਾ ਬਨਾਉਣਾ, ਗਿਣਨਾਤਮਕ ਅਤੇ ਗਣਿਤ ਸ਼ਾਸਤਰਕ ਮਾੱਡਲ ਬਨਾਉਣੇ, ਉਨ੍ਹਾਂ ਦੇ ਸਿੱਟੇ ਕੱਢਣੇ, ਸੀਮਤ ਕੀਤੇ ਹੋਏ ਪ੍ਰਯੋਗਾਂ ਰਾਹੀਂ ਸਿਧਾਤਾਂ ਦਾ ਪ੍ਰਮਾਣਤ ਹੋਣਾਂ ਜਾਂ ਗਲਤ ਸਿੱਧ ਹੋਣਾਂ, ਅਤੇ ਇਉਂ ਉਹਨਾਂ ਨੇਮਾਂ, ਸਿਧਾਤਾਂ ਅਤੇ ਨਿਯਮਾਂ ਉੱਪਰ ਪਹੁੰਚਣਾਂ ਜੋ ਭੌਤਕ ਜਗਤ ਉੱਪਰ ਰਾਜ ਕਰਦੇ ਹਨ।

ਵਿਗਿਆਨ ਦੇ ਨੇਮ ਕਦੇ ਵੀ ਸਥਾਪਤ ਅਤੇ ਅੰਤਮ ਸੱਚਾਂ ਦੀ ਤਰ੍ਹਾਂ ਨਹੀਂ ਜਾਣੇ ਜਾਂਦੇ। ਇਥੋਂ ਤੱਕ ਕਿ ਵਿਗਿਆਨ ਦੇ ਪੂਰਣ ਤਰ੍ਹਾਂ ਸਥਾਪਤ ਅਤੇ ਵਿਸ਼ਵਵਿਆਪੀ ਨੇਮ ਵੀ ਹਮੇਸ਼ਾ ਆਰਜੀ, ਹੋਰ ਨਵੇਂ ਨਿਰੀਖਣ, ਪ੍ਰਯੋਗ ਅਤੇ ਵਿਸ਼ਲੇਸ਼ਣ ਦੀ ਰੋਸ਼ਨੀਂ ਵਿੱਚ ਸੋਧੇ ਜਾਣ ਦੇ ਯੋਗ ਮੰਨੇ ਜਾਂਦੇ ਹਨ।

ਵਿਗਿਆਨ ਇੱਕ ਗਤੀਸ਼ੀਲ ਤੇ ਫੈਲ ਰਹੇ ਗਿਆਨ ਦਾ ਭੰਡਾਰ ਹੈ, ਜੋ ਹਰ ਵਕਤ ਅਨੁਭਵ ਦੇ ਨਵੇਂ ਖੇਤਰ ਮੱਲ ਲੈਂਦਾ ਹੈ। ਇੱਕ ਅਗਾਂਹਵਧੂ ਅਤੇ ਉਨਤੀ ਪਸੰਦ ਸਮਾਜ ਵਿੱਚ ਵਿਗਿਆਨ ਇੱਕ ਸੱਚਮੁੱਚ ਦਾ ਮੁਕਤ ਕਰਨ ਵਾਲਾ ਰੋਲ ਨਿਭਾਅ ਸਕਦਾ ਹੈ, ਤੇ ਲੋਕਾਂ ਨੂੰ ਗਰੀਬੀ, ਅਗਿਆਨਤਾ ਅਤੇ ਵਹਿਮਾਂ ਭਰਮਾਂ ਦੀ ਘੁੰਮਣ ਘੇਰੀ ਤੋਂ ਬਚ ਨਿਕਲਣ ਵਿੱਚ ਮਦਦ ਦੇ ਸਕਦਾ ਹੈ।

ਵਿਗਿਆਨ ਅਤੇ ਟੈਕਨਾਲੋਜੀ ਵਿੱਚ ਹੋਈ ਤਰੱਕੀ ਨੇ ਖੇਤੀ ਅਤੇ ਉਦਯੋਗ ਵਰਗੇ ਧੰਦੇ ਦੇ ਪਰੰਪਰਕ ਖੇਤਰਾਂ ਨੂੰ ਬਦਲਕੇ ਰੱਖ ਦਿੱਤਾ ਹੈ ਅਤੇ ਧੰਦੇ ਦੇ ਬਿੱਲਕੁੱਲ ਨਵੇਂ ਖੇਤਰ ਸਾਹਮਣੇ ਲੈ ਆਂਦੇ ਹਨ। ਲੋਕ ਇੱਕ ਬੜੀ ਤੇਜੀ ਨਾਲ ਬਦਲਦੇ ਵਿਸ਼ਵ ਦੇ ਦਰਪੇਸ਼ ਹਨ, ਜਿਸ ਵਿੱਚ ਸਭ ਤੋਂ ਮਹੱਤਵ ਪੂਰਣ ਯੋਗਤਾਵਾਂ ਹਨ ਲਚਕ, ਨਵੀਂ ਕਾਢ ਅਤੇ ਰਚਨਾਤਮਕਤਾ। ਵਿਗਿਆਨ ਦੀ ਸਿੱਖਿਆ ਦਾ ਰੂਪ ਨਿਰਮਾਣ ਕਰਦਿਆਂ ਇਹਨਾਂ ਭਿੰਨ ਭਿੰਨ ਚੁਨੌਤੀਆਂ ਵੱਲ ਧਿਆਨ ਦੇਣਾਂ ਹੋਵੇਗਾ।

### ਪ੍ਰਸ਼ਨ ਪੁੱਛਣੇ

"ਹਵਾ ਹਰ ਜਗਾਹ ਹੈ" ਇਹ ਵਰਨਣ ਹਰ ਸਕੂਲ ਜਾਂਦਾ ਬੱਚਾ ਸਿਖਦਾ ਹੈ। ਸਿਖਿਅਕਾਂ ਨੂੰ ਪਤਾ ਹੋਵੇ ਕਿ ਧਰਤੀ ਦਾ ਪੌਣਪਾਣੀ ਕਿੰਨ੍ਹੀਆਂ ਸਾਰੀਆਂ ਗੈਸਾਂ ਦਾ ਬਣਿਆਂ ਹੋਇਆ ਹੈ, ਅਤੇ ਇਹ ਕਿ ਚੰਦ ਦੀ ਤਹਿ ਉੱਪਰ ਕੋਈ ਹਵਾ ਨਹੀਂ। ਤਦ ਵੀ ਇਹ ਵਾਰਤਾਲਾਪ ਲਉ ਜੋ ਚੌਥੀ ਜਮਾਤ ਦੇ ਪਾਠ-ਕਮਰੇ ਵਿੱਚ ਵਾਪਰਿਆ:

ਅਧਿਆਪਕਾ: ਕੀ ਇਸ ਗਿਲਾਸ ਵਿੱਚ ਹਵਾ ਹੈ?

ਵਿਦਿਆਰਥੀ (ਸਾਰੇ ਇਕੱਠੇ ਹੀ): ਹਾਂ ਜੀ!

ਇਹ ਅਧਿਆਪਕਾ ਆਮ ਮਿਲਦੇ ਵਰਨਣ 'ਹਵਾ ਹਰ ਜਗਾਹ ਹੈ' ਤੋਂ ਬਹੁਤੀ ਸੰਤੁਸ਼ਟ ਨਹੀਂ ਸੀ। ਉਸ ਨੇ ਬੱਚਿਆਂ ਨੂੰ ਇੱਕ ਆਮ ਹਾਲਾਤ ਵਾਲੇ ਵਿਚਾਰ ਨੂੰ ਲਾਗੂ ਕਰਨ ਲਈ ਕਿਹਾ ਅਤੇ ਬਿਨਾਂ ਉਮੀਦ ਕੀਤੇ ਹੀ ਲੱਭਿਆ ਇਹ ਕਿ ਉਹ ਕੁਝ 'ਬਦਲੀਆਂ ਸੰਕਲਪਨਾਵਾਂ' ਬਣਾ ਚੁੱਕੇ ਸਨ।

ਅਧਿਆਪਕਾ: ਹੁਣ ਮੈਂ ਗਿਲਾਸ ਨੂੰ ਉਲਟਾ ਦਿੰਦੀ ਹਾਂ। ਕੀ ਹਾਲੇ ਵੀ ਹਵਾ ਹੈ?

(ਕੁਝ ਵਿਦਿਆਰਥੀ "ਹਾਂ" ਕਹਿੰਦੇ ਹਨ, ਦੂਜੇ "ਨਹੀਂ" ਕਹਿੰਦੇ ਹਨ, ਅਤੇ ਹਾਲੇ ਵੀ ਕਈਆਂ ਤੋਂ ਫੈਸਲਾ ਨਹੀਂ ਹੋਇਆ।)

ਵਿਦਿਆਰਥੀ 1: ਹਵਾ ਗਿਲਾਸ ਵਿੱਚੋਂ ਬਾਹਰ ਆ ਗਈ!

ਵਿਦਿਆਰਥੀ 2: ਗਿਲਾਸ ਵਿੱਚ ਹਵਾ ਨਹੀਂ ਸੀ।

ਦੂਜੀ ਜਮਾਤ ਵਿੱਚ ਅਧਿਆਪਕ ਨੇ ਇੱਕ ਜਗਦੀ ਹੋਈ ਮੋਮਬੱਤੀ ਦੇ ਉੱਤੇ ਗਿਲਾਸ ਰੱਖ ਦਿੱਤਾ ਤਾਂ ਬੱਤੀ ਬੁਝ ਗਈ ਸੀ।

ਵਿਦਿਆਰਥੀਆਂ ਨੇ ਇੱਕ ਕਾਰਜ ਕੀਤਾ ਸੀ, ਜੋ ਦੋ ਸਾਲ ਬਾਅਦ ਤੱਕ ਵੀ ਓਸੇ ਤਰ੍ਹਾਂ ਯਾਦ ਰਿਹਾ। ਪਰ ਉਹਨਾਂ ਵਿੱਚੋਂ ਕੁਝ ਜਣੇ ਇਸ ਦੇ ਗਲ੍ਹਤ ਸਿੱਟੇ ਨਾਲ ਲੈ ਤੁਰੇ ਸਨ। ਕੁਝ ਵਿਆਖਿਆਵਾਂ ਦੇ ਦੇਣ ਬਾਅਦ ਅਧਿਆਪਕਾ ਨੇ ਵਿਦਿਆਰਥੀਆਂ ਤੋਂ ਅੱਗੇ ਸੁਆਲ ਪੁੱਛਣੇ ਜਾਰੀ ਰੱਖੇ:

ਕੀ ਇਸ ਬੰਦ ਕੀਤੀ ਹੋਈ ਬਾਰੀ ਵਿੱਚ ਕੋਈ ਹਵਾ ਹੈ?

ਕੀ ਮਿੱਟੀ ਵਿੱਚ ਕੋਈ ਹਵਾ ਹੈ? ਪਾਣੀ ਵਿੱਚ?

ਸਾਡੇ ਸਰੀਰ ਦੇ ਅੰਦਰ? ਸਾਡੀਆਂ ਹੱਡੀਆਂ ਵਿੱਚ?

ਇਨ੍ਹਾਂ ਵਿੱਚੋਂ ਹਰ ਪ੍ਰਸ਼ਨ ਦੇ ਨਾਲ ਨਵੇਂ ਵਿਚਾਰ ਦਾਖਲ ਹੋ ਗਏ। ਇਸ ਦੇ ਨਾਲ ਇੱਕ ਮੌਕਾ ਪੈਦਾ ਹੋ ਗਿਆ ਜਿਸ ਦੇ ਨਾਲ ਕਿੰਨ੍ਹੀਆਂ ਸਾਰੀਆਂ ਗਲ੍ਹਤ ਧਾਰਨਾਵਾਂ ਵੀ ਸਾਫ ਹੋ ਗਈਆਂ। ਇਹ ਪਾਠ ਜਮਾਤ ਵਾਸਤੇ ਇੱਕ ਸਬਕ ਵੀ ਬਣ ਗਿਆ:

> ਕਿਸੇ ਵਰਨਣ ਨੂੰ ਆਲੋਚਨਾਮਕ ਹੋਏ ਬਿਨਾਂ ਨਾਂ ਸਵੀਕਾਰ ਕਰੋ। ਪ੍ਰਸ਼ਨ ਪੁੱਛੋ। ਤੁਸੀਂ ਭਾਵੇਂ ਸਾਰੇ ਪ੍ਰਸ਼ਨਾਂ ਦੇ ਉੱਤਰ ਨਾ ਵੀ ਦੇ ਸਕੋਂ ਫਿਰ ਵੀ ਸਿਖੋਗੇ ਬਹੁਤ ਕੁਝ।

**ਜੀਵ-ਵਿਗਿਆਨ ਦੇ ਵਿਦਿਆਰਥੀ ਕੀ ਜਾਣਦੇ ਹਨ?**

“ਇਹ ਵਿਦਿਆਰਥੀ ਵਿਗਿਆਨ ਨਹੀਂ ਸਮਝਦੇ। ਪਛੜੇ ਹੋਏ ਪਿਛੋਕੜ ਦੇ ਜਿਉਂ ਹੋਏ!” ਅਸੀਂ ਅਕਸਰ ਪੇਂਡੂ ਅਤੇ ਆਦਿਵਾਸੀ ਪਿਛੋਕੜ ਦੇ ਬੱਚਿਆਂ ਬਾਰੇ ਇਸ ਤਰ੍ਹਾਂ ਦੇ ਪ੍ਰਟਾਏ ਹੋਏ ਮਤਿ ਸੁਣਦੇ ਹਾਂ। ਫਿਰ ਵੀ ਧਿਆਨ ਦਿਓ ਕਿ ਇਹ ਬੱਚੇ ਹਰ ਦਿਨ ਦੇ ਅਨੁਭਵ ਤੋਂ ਕੀ ਜਾਣਦੇ ਹਨ:

> ਜਾਨਾਬਾਈ ਸਹਯਾਦਰੀ ਪਹਾੜਾਂ ਪੁਰ ਇੱਕ ਛੋਟੀ ਝੁੱਗੀ ਵਿੱਚ ਰਹਿੰਦੀ ਹੈ। ਉਹ ਝੋਨੇਂ ਦੇ ਮੌਸਮੀਂ ਧੰਦੇ ਵਿੱਚ ਅਪਣੇ ਮਾਪਿਆਂ ਦਾ ਹੱਥ ਵਟਾਉਂਦੀ ਹੈ। ਕਈ ਵਾਰੀ ਅਪਣੇ ਭਰਾ ਨਾਲ ਝਾੜੀਆਂ ਵਿੱਚ ਭੇਡਾਂ ਚਰਾਉਣ ਜਾਂਦੀ ਹੈ। ਉਸਨੇ ਅਪਣੀ ਵਡੀ ਭੈਂਣ ਨੂੰ ਪਾਲਣ ਵਿੱਚ ਮਦਦ ਕੀਤੀ ਹੈ। ਅੱਜ-ਕੱਲ੍ਹ ਉਹ ਹਰਰੋਜ਼ 8 ਕਿਲੋ ਮੀਟਰ ਪੈਦਲ ਤੁਰਕੇ ਸਭ ਤੋਂ ਨੇੜੇ ਦੇ ਸੈਕੰਡਰੀ ਸਕੂਲ ਵਿੱਚ ਪੜ੍ਹਨ ਜਾਂਦੀ ਹੈ।
>
> ਜਾਨਾਬਾਈ ਅਪਣੇ ਕੁਦਰਤੀ ਵਾਤਾਵਰਨ ਨਾਲ ਨਜ਼ਦੀਕ ਦਾ ਰਿਸ਼ਤਾ ਬਣਾਈ ਰੱਖਦੀ ਹੈ। ਉਸ ਨੇ ਵੱਖ ਵੱਖ ਪੌਦਿਆਂ ਨੂੰ ਭੋਜਨ, ਦਵਾਈ, ਬਾਲਣ, ਰੰਗਸਾਜੀ ਦੇ ਪਦਾਰਥਾਂ ਦੀ ਤਰ੍ਹਾਂ ਵਰਤਿਆ ਹੈ। ਉਸ ਨੇ ਕਈ ਪੌਦਿਆਂ ਦੇ ਹਿੱਸੇ ਘਰ ਦੀ ਵਰਤੋਂ ਵਾਸਤੇ, ਧਾਰਮਕ ਕਰਮ-ਕਾਂਡਾਂ ਲਈ ਅਤੇ ਤਿਉਹਾਰ ਮਨਾਉਣ ਲਈ ਜਣੇ ਹਨ। ਉਹਨੂੰ ਰੁੱਖਾਂ ਦੇ ਬਾਰੇ ਬੜੇ ਬਾਰੀਕ ਭੇਦ ਪਤਾ ਹਨ। ਉਹ ਮੌਸਮ ਵਿਚਲੀਆਂ ਤਬਦੀਲੀਆਂ ਨੂੰ ਪੱਤਿਆਂ ਅਤੇ

ਫੁੱਲਾਂ ਦੀਆਂ ਸ਼ਕਲਾਂ, ਆਕਾਰਾਂ, ਮਹਿਕਾਂ ਅਤੇ ਗੁੰਦਾਵਟ ਰਾਹੀਂ ਜਾਣ ਲੈਂਦੀ ਹੈ। ਉਹ ਅਪਣੇ ਆਸ-ਪਾਸ ਦੇ ਕੋਈ ਸੌ ਪੌਦਿਆਂ ਦੀਆਂ ਕਿਸਮਾਂ ਨੂੰ ਪਛਾਣ ਸਕਦੀ ਹੈ - ਕਈ ਵਾਰੀ ਅਪਣੀ ਜੀਵ-ਵਿਗਿਆਨ ਦੀ ਅਧਿਆਪਕਾ ਤੋਂ ਵੀ ਜ਼ਿਆਦਾ - ਓਸੇ ਅਧਿਆਪਕਾ ਤੋਂ ਜੋ ਜਾਨਾਬਾਈ ਦੇ ਬਾਰੇ ਸੋਚਦੀ ਹੈ ਕਿ ਉਹ ਇੱਕ ਗਰੀਬ ਵਿਦਿਆਰਥਣ ਹੈ।

ਕੀ ਅਸੀਂ ਮਦਦ ਕਰਕੇ ਜਾਨਾਬਾਈ ਦੀ ਬੜੀ ਅਮੀਰ ਜਾਣਕਾਰੀ ਨੂੰ ਜੀਵ-ਵਿਗਿਆਨ ਦੇ ਸੰਕਲਪਾਂ ਵਿੱਚ ਅਨੁਵਾਦ ਕਰਵਾ ਸਕਦੇ ਹਾਂ? ਕੀ ਅਸੀਂ ਉਸ ਨੂੰ ਇਹ ਭਰੋਸਾ ਦੁਆ ਸਕਦੇ ਹਾਂ ਕਿ ਜੀਵ-ਵਿਗਿਆਨ ਕਿਸੇ ਅਮੂਰਤ ਜਗਤ ਬਾਰੇ ਲੰਬੇ ਪਾਠਾਂ ਅਤੇ ਮੁਸ਼ਕਲ ਭਾਸ਼ਾ ਵਿੱਚ ਲਿਖੀ ਗਈ ਕੋਈ ਵਸਤੂ ਨਹੀਂ ਹੈ; ਇਹ ਉਸ ਖੇਤ ਬਾਰੇ ਹੈ ਜਿੱਥੇ ਉਹ ਕੰਮ ਕਾਰਦੀ ਹੈ, ਪਛੂਆਂ ਬਾਰੇ ਹੈ ਜਿਨ੍ਹਾਂ ਨੂੰ ਉਹ ਚਰਾਉਂਦੀ ਹੈ, ਅਤੇ ਜੰਗਲ ਬਾਰੇ ਹੈ ਜਿਸ ਵਿਚੋਂ ਉਹ ਹਰਰੋਜ਼ ਤੁਰਕੇ ਜਾਂਦੀ ਹੈ? ਤਦ ਹੀ ਉਹ ਅਸਲ ਵਿੱਚ ਵਿਗਿਆਨ ਸਿਖ ਸਕੇਗੀ।

ਭਰਪੂਰ ਵਿਗਿਆਨਕ ਸਿੱਖਿਆ ਬੱਚੇ ਪ੍ਰਤੀ ਸੁਹਿਰਦ ਹੈ, ਜੀਵਨ ਪ੍ਰਤੀ ਸੁਹਿਰਦ ਹੈ ਅਤੇ ਵਿਗਿਆਨ ਪ੍ਰਤੀ ਵੀ ਸੁਹਿਰਦ ਹੈ। ਇਹ ਸਧਾਰਣ ਉਲੇਖ ਇੱਕ ਵਿਗਿਆਨ ਦੇ ਪਾਠਕ੍ਰਮ ਦੇ ਅੱਗੇ ਦਿੱਤੇ ਮੂਲ ਮਾਪਦੰਡਾਂ ਨੂੰ ਪੇਸ਼ ਕਰਦਾ ਹੈ:

1. *ਬੌਧਿਕ ਪ੍ਰਮਾਣਕਤਾ* ਦੀ ਇਹ ਮੰਗ ਹੈ ਕਿ ਵਿਸ਼ਾ, ਪ੍ਰਕਿਰਿਆ, ਭਾਸ਼ਾ, ਅਤੇ ਪਾਠਕ੍ਰਮ ਦੀ ਪੜ੍ਹਾਈ ਦਾ ਅਮਲ ਉਮਰ ਦੇ ਨਾਲ ਤਾਲ-ਮੇਲ ਖਾਂਦੇ ਹੋਣ, ਅਤੇ ਉਹ ਬੱਚੇ ਦੀ ਗਿਆਨ ਮੂਲਕ ਪਹੁੰਚ ਦੇ ਵੀ ਅੰਦਰ ਅੰਦਰ ਹੋਣ।
2. *ਵਿਸ਼ੇ ਦੀ ਪ੍ਰਮਾਣਕਤਾ* ਮੰਗ ਕਰਦੀ ਹੈ ਕਿ ਪਾਠਕ੍ਰਮ ਉੱਚਕੋਟੀ ਦਾ ਹੋਵੇ ਅਤੇ ਸਹੀ ਵਿਗਿਆਨਕ ਵਿਸ਼ਾ ਦੇਵੇ। ਸਿੱਖਿਅਕ ਦੇ ਗਿਆਨ ਪੱਧਰ ਨੂੰ ਧਿਆਨ ਵਿੱਚ ਰੱਖਦਿਆਂ ਵਿਸ਼ੇ ਦਾ ਸਾਦਾਕਰਨ ਜਰੂਰੀ ਹੈ ਤਾਕਿ ਪਾਠਕ੍ਰਮ ਇਸ ਵਾਸਤੇ ਢਾਲਿਆ ਜਾ ਸਕੇ। ਪਰ ਇਹ ਵੀ ਧਿਆਨ ਰੱਖਿਆ ਜਾਵੇ ਕਿ ਇਉਂ ਪਾਠਕ੍ਰਮ ਬਿੱਲਕੁੱਲ ਹੀ ਹਾਸੋਹੀਣਾਂ ਨਾ ਬਣ ਜਾਵੇ ਅਤੇ ਕੁਝ ਅਜਿਹਾ ਦੇਣਾਂ ਸ਼ੁਰੂ ਕਰ ਦੇਵੇ ਜੋ ਮੂਲ ਰੂਪ ਵਿੱਚ ਦੋਸ਼ ਭਰਿਆ ਅਤੇ/ਜਾਂ ਬੇਅਰਥ ਹੋਵੇ।

3. *ਪ੍ਰਕਿਰਿਆ ਦੀ ਪ੍ਰਮਾਣਕਤਾ* ਮੰਗ ਕਰਦੀ ਹੈ ਕਿ ਪਾਠਕ੍ਰਮ ਸਿਖਿਅਕ ਨੂੰ ਅਜਿਹੇ ਤਰੀਕਿਆਂ ਅਤੇ ਪ੍ਰਕਿਰਿਆਵਾਂ ਨੂੰ ਗ੍ਰਹਿਣ ਕਰਨ ਵਿੱਚ ਲਾਵੇ ਜੋ ਵਿਗਿਆਨਕ ਗਿਆਨ ਦੀ ਉਤਪਤੀ ਕਰਦੇ ਹਨ, ਅਤੇ ਬੱਚੇ ਦੀ ਵਿਗਿਆਨ ਵਿੱਚ ਉਤਸੁਕਤਾ ਅਤੇ ਸਿਰਜਣਾਤਕਤਾ ਨੂੰ ਪ੍ਰਫੁਲਤ ਕਰਦੇ ਹਨ। ਪ੍ਰਕਿਰਿਆ ਦੀ ਪ੍ਰਮਾਣਕਤਾ ਇੱਕ ਮਹੱਤਵ ਪੂਰਣ ਮਾਪਦੰਡ ਹੈ, ਕਿਉਂਕਿ ਇਹ ਵਿਦਿਆਰਥੀ ਦੀ ਵਿਗਿਆਨ ਪੜ੍ਹਨ ਵਿੱਚ ਮਦਦ ਕਰਦੀ ਹੈ।
4. *ਇਤਹਾਸਕ ਪ੍ਰਮਾਣਕਤਾ* ਮੰਗ ਕਰਦੀ ਹੈ ਕਿ ਵਿਗਿਆਨ ਦੇ ਪਾਠਕ੍ਰਮ ਵਿੱਚ ਇਤਹਾਸਕ ਪਰਿਪੇਖ ਦਾ ਧਿਆਨ ਰਹੇ, ਤਾਕਿ ਸਿਖਿਅਕ ਨੂੰ ਇਸ ਗੱਲ ਦੀ ਸੋਝੀ ਮਿਲ ਸਕੇ ਕਿ ਵਿਗਿਆਨ ਦੇ ਸੰਕਲਪ ਵਕਤ ਨਾਲ ਕਿਵੇਂ ਉਤਪਨ ਹੋਏ। ਇਹ ਸਿਖਿਅਕ ਦੀ ਏਨਾ ਸਮਝਣ ਵਿੱਚ ਵੀ ਮਦਦ ਕਰਦਾ ਹੈ ਕਿ ਵਿਗਿਆਨ ਇੱਕ ਸਮਾਜਕ ਧੰਦਾ ਹੈ ਅਤੇ ਕਿਸ ਤਰ੍ਹਾਂ ਸਮਾਜਕ ਆਯਾਮ ਵਿਗਿਆਨ ਦੇ ਵਿਕਾਸ ਨੂੰ ਪ੍ਰਭਾਵਤ ਕਰਦੇ ਹਨ।
5. *ਵਾਤਾਵਰਣੀ ਪ੍ਰਮਾਣਕਤਾ* ਇਹ ਮੰਗ ਕਰਦੀ ਹੈ ਕਿ ਵਿਗਿਆਨ ਨੂੰ ਸਿਖਿਅਕ ਦੇ ਵਾਤਾਵਰਣ ਵਾਲੇ ਵਡੇ ਸੰਧਰਭ ਵਿੱਚ ਟਿਕਾਇਆ ਜਾਵੇ। ਇਸ ਵਾਤਾਵਰਣ ਦੇ ਸਥਾਨਕ ਅਤੇ ਗਲੋਬਲ ਪੱਖ ਉਸ ਨੂੰ ਲੋੜੀਂਦੇ ਗਿਆਨ ਅਤੇ ਕੌਸ਼ਲ ਦੇ ਨਾਲ ਤਿਆਰ ਕਰਕੇ ਧੰਦੇ ਦੇ ਸਾਰੇ ਜਗਤ ਵਿੱਚ ਉਤਾਰ ਦੇਣਗੇ।
6. *ਸਦਾਚਾਰਕ ਪ੍ਰਮਾਣਕਤਾ* ਇਹ ਮੰਗ ਕਰਦੀ ਹੈ ਕਿ ਪਾਠਕ੍ਰਮ ਇਮਾਨਦਾਰੀ, ਵਾਸਤਵਿਕਤਾ, ਮਿਲਵਰਤਨ, ਡਰ ਅਤੇ ਈਰਖਾ ਵਰਗੀਆਂ ਕੀਮਤਾਂ ਨੂੰ ਵਧਾਵੇ ਅਤੇ ਸਿਖਿਅਕ ਦੇ ਜੀਵਨ ਵਿੱਚ ਵਾਤਾਵਰਣ ਦੀ ਸੁਰੱਖਿਆ ਲਈ ਲਗਾਅ ਵਧਾਵੇ।

## 3.3.1 ਭਿੰਨ ਭਿੰਨ ਪੱਧਰਾਂ ਲਈ ਪਾਠਕ੍ਰਮ

ਉੱਪਰ ਦਿੱਤੇ ਮਾਪਦੰਡ ਦੇ ਘੇਰੇ ਵਿੱਚ ਰਹਿੰਦਿਆਂ ਹੀ ਉਦੇਸ਼, ਵਿਸ਼ਾ, ਪੜ੍ਹਾਈ ਅਤੇ ਪਾਠਕ੍ਰਮ ਦੀਆਂ ਭਿੰਨ ਭਿੰਨ ਪੱਧਰਾਂ ਦੇ ਮੁਲਾਂਕਣ ਇਸ ਤਰ੍ਹਾਂ ਹੋਣ:

ਪਰਾਇਮਰੀ ਪੱਧਰ ਪੁਰ ਬੱਚਾ ਅਪਣੇ ਜਗਤ ਵਿੱਚ ਖੁੱਭਿਆ, ਮੌਜ ਨਾਲ ਅਪਣੇ ਚੌਗਿਰਦੇ ਨੂੰ ਢੂੰਡਣ ਵਿੱਚ ਲੱਗਿਆ, ਇਸ ਨਾਲ ਸੁਖਾਵੇਂ ਸਬੰਧ ਸਥਾਪਤ ਕਰੇ। ਇਸ ਪੱਧਰ ਦੇ ਉਦੇਸ਼ ਹਨ ਬੱਚੇ ਦੀ ਵਿਸ਼ਵ (ਕੁਦਰਤੀ ਵਾਤਾਵਰਣ, ਵਸਤੂਆਂ ਅਤੇ ਲੋਕ) ਦੇ ਬਾਰੇ ਰੁਚੀ ਨੂੰ ਫੈਲਾਉ ਦੇਣਾ। ਅਪਣੇ ਹੱਥੀਂ ਕਰਕੇ ਦੇਖਣ ਵਾਲੀਆਂ ਗਤੀਵਿਧੀਆਂ ਵਿੱਚ ਬੱਚੇ ਨੂੰ ਲਾਉਣਾਂ। ਵਾਚਣ, ਵੰਡਕਰਨ, ਅਨੁਮਾਨ ਆਦਿ ਰਾਹੀਂ ਮੁਢਲੀਆਂ ਗਿਆਨ ਮੂਲਕ ਅਤੇ ਮਨੋ-ਮੋਟਰਕ ਕੌਸ਼ਲਾਂ ਦਾ ਵਾਧਾ ਕਰਨਾਂ। ਡਿਜ਼ਾਈਨ ਬਨਾਉਣ, ਢਾਂਚਾ ਖੜ੍ਹਾ ਕਰਨ, ਅੰਦਾਜ਼ਾ ਲਾਉਣ ਅਤੇ ਮਾਪ ਸਕਣ ਉੱਪਰ ਬਲ ਦੇਣਾਂ।

ਇਹ ਸਾਰੇ ਬਾਅਦ ਵਾਲੀਆਂ ਪੱਧਰਾਂ ਉੱਪਰ ਟੈਕਨਾਲੋਜੀ ਅਤੇ ਗਿਣਾਤਮਕ ਯੋਗਤਾਵਾਂ ਦੇ ਵਿਕਾਸ ਦੇ ਪੂਰਵਵਰਤੀ ਹੁੰਦੇ ਹਨ। ਏਵੇਂ ਹੀ ਵਿਗਿਆਨ ਵਾਸਤੇ ਅਤੇ ਵਿਗਿਆਨ ਦੇ ਰਾਹੀਂ ਬੋਲਣ, ਪੜ੍ਹਨ, ਅਤੇ ਲਿਖਣ ਵਰਗੀਆਂ ਭਾਸ਼ਾ ਨਾਲ ਸਬੰਧਤ ਮੂਲ ਯੋਗਤਾਵਾਂ ਦਾ ਵਿਕਾਸ ਕਰਨਾਂ।

ਇਹ ਵੀ ਕਿ ਵਿਗਿਆਨ ਅਤੇ ਸਮਾਜਕ ਵਿਗਿਆਨ ਨੂੰ 'ਵਾਤਾਵਰਣਕ ਅਧਿਅਨ' ਦੇ ਰੂਪ ਵਿੱਚ ਇਕੱਠਾ ਕਰ ਦਿੱਤਾ ਜਾਵੇ ਅਤੇ ਸਿਹਤ ਇਸ ਦਾ ਇੱਕ ਮਹੱਤਵ ਪੂਰਣ ਅੰਗ ਹੋਵੇ। ਸਾਰੇ ਦੀ ਸਾਰੀ ਪਰਾਇਮਰੀ ਪੱਧਰ ਦੇ ਦੌਰਾਨ ਸਮੇਂ ਸਮੇਂ ਕੋਈ ਟੈਸਟ ਨਾਂ ਹੋਣ, ਨਾਂ ਹੀ ਅੰਕ ਅਤੇ ਗਰੇਡ ਦਿੱਤੇ ਜਾਣ, ਅਤੇ ਨਾਂਹੀ ਕੋਈ ਬੱਚਾ ਫੈਲ੍ਹ-ਪਾਸ ਕੀਤਾ ਜਾਵੇ।

ਉੱਚ ਪਰਾਇਮਰੀ ਪੱਧਰ ਉੱਪਰ ਬੱਚੇ ਨੂੰ ਜਾਣੇ ਪਛਾਣੇ ਅਨੁਭਵਾਂ ਰਾਹੀਂ ਵਿਗਿਆਨ ਦੇ ਨੇਮ ਸਿੱਖਣ ਵਿੱਚ ਲੱਗੇ ਹੋਣਾਂ ਚਾਹੀਦਾ ਹੈ। ਹੱਥੀਂ ਕੰਮ ਕਰਕੇ ਸਾਦੀਆਂ ਤਕਨੀਕੀ ਇਕਾਈਆਂ ਅਤੇ ਮਾਪ ਤਿਆਰ ਕੀਤੇ ਜਾਣ; ਅਤੇ ਬੱਚਾ ਵਾਤਾਵਰਣ ਤੇ ਸਿਹਤ ਸਬੰਧੀ ਗਤੀਵਿਧੀਆਂ, ਸਰਵਿਆਂ ਵਗੈਰਾ ਰਾਹੀਂ ਹੋਰ ਜ਼ਿਆਦਾ ਸਿੱਖਣ ਦੀ ਕੋਸ਼ਿਸ਼ ਕਰਦਾ ਰਹੇ। ਵਿਗਿਆਨਕ ਸੰਕਲਪਾਂ ਨੂੰ ਕਾਰਜਾਂ ਅਤੇ ਪ੍ਰਯੋਗਾਂ ਦੀ ਮਦਦ ਨਾਲ ਹੀ ਸਮਝਿਆ ਜਾਵੇ।

ਇਸ ਪੱਧਰ ਪੁਰ ਵਿਗਿਆਨ ਦੇ ਤੱਤ-ਸਾਰ ਨੂੰ ਸੈਕੰਡਰੀ ਸਕੂਲ ਦੇ ਵਿਗਿਆਨ ਦਾ ਪਤਲਾ ਕੀਤਾ ਗਿਆ ਰੂਪ ਨਾਂ ਸਮਝਿਆ ਲਿਆ ਜਵੇ। ਸਮੂਹ ਕਾਰਜ, ਹਾਣੀਆਂ ਅਤੇ ਅਧਿਆਪਕਾਂ ਨਾਲ ਬਹਿਸਾਂ, ਸਰਵੇ, ਸਮਗਰੀ ਦਾ ਸੰਗਠਨ ਅਤੇ ਉਨ੍ਹਾਂ ਦਾ ਸਕੂਲਾਂ ਅਤੇ ਆਸੇ ਪਾਸੇ ਪਰਦਰਸ਼ਨੀਆਂ ਦੇ ਮਾਧਿਅਮ ਰਾਹੀਂ ਦਿਖਾਵਾ ਆਦਿ ਇਸ ਪੜ੍ਹਾਈ ਦੇ ਮਹੱਤਵ ਪੂਰਣ ਅੰਗ ਹੋਣ। ਪ੍ਰੀਖਿਆਵਾਂ ਦੀ ਇੱਕ ਨਿਸਚਿਤ ਲੜੀ (ਯੂਨਟ ਟੈਸਟ, ਟਰਮ ਅੰਤਲੇ ਟੈਸਟ) ਹੋਣੀ ਚਾਹੀਦੀ ਹੈ ਜੋ ਸਮੇਂ ਸਮੇਂ ਮੁਲਾਂਕਣ ਕਰਦੀ ਰਹੇ। ਸਿੱਧੇ ਗਰੇਡਾਂ ਵਾਲਾ ਤਰੀਕਾ ਅਪਣਾ ਲਿਆ ਜਾਵੇ। ਕੋਈ ਫੈਲ੍ਹ ਨਾ ਕੀਤਾ ਜਾਵੇ। ਹਰ ਬੱਚਾ ਜੋ ਅੱਠ ਸਾਲ ਸਕੂਲ ਆਉਂਦਾ ਹੈ, ਨੌਵੀਂ ਜਮਾਤ ਵਿੱਚ ਦਾਖਲਾ ਲੈ ਸਕਣ ਦੇ ਯੋਗ ਸਮਝਿਆ ਜਾਵੇ।

ਸੈਕੰਡਰੀ ਪੱਧਰ ਪੁਰ ਪਹੁੰਚਕੇ ਵਿਦਿਆਰਥੀਆਂ ਨੂੰ ਵਿਗਿਆਨ ਨੂੰ ਇੱਕ ਸਮੁੱਚੇ ਵਿਸ਼ੈ-ਖੇਤਰ ਦੇ ਰੂਪ ਵਿੱਚ ਜਾਨਣ ਵਿੱਚ ਲੱਗੇ ਹੋਣਾਂ ਚਾਹੀਦਾ ਹੈ। ਉੱਚ ਪਰਾਇਮਰੀ ਸਤਰ ਦੀ ਤੁਲਨਾਂ ਵਿੱਚ ਹੋਰ ਵਿਕਸਤ ਰੂਪ ਦੇ ਸੰਦਾਂ ਦਾ ਡਿਜ਼ਾਈਨ ਅਤੇ ਤਕਨੀਕੀ ਢਾਂਚੇ ਉਹ ਅਪਣੇ ਹੱਥੀਂ ਬਨਾਉਣ। ਏਸੇ ਤਰ੍ਹਾਂ ਹੀ ਉਹ ਵਾਤਾਵਰਣ ਅਤੇ ਸਿਹਤ ਨਾਲ ਜੁੜੇ ਹੋਏ ਮਸਲਿਆਂ ਦੇ ਵਿਸ਼ਲੇਸ਼ਣ ਦੀਆਂ ਗਤੀਵਿਧੀਆਂ ਉੱਪਰ ਹੱਥ ਅਜਮਾਉਣ। ਸਿਲਸਿਲੇਵਾਰ ਪ੍ਰਯੋਗੀਕਰਣ ਨੂੰ ਸਿਧਾਂਤਕ ਨੇਮਾਂ ਦੇ ਲਈ ਖੋਜ਼ ਕਰਨ/ਪ੍ਰਮਾਣ ਦੇਣ ਵਾਸਤੇ ਵਰਤਣਾਂ, ਅਤੇ

'ਵਿਗਿਆਨਕ ਅਤੇ ਟੈਕਨੀਕਲ ਪੜ੍ਹਾਈ' ਵਾਲਾ ਮਾੱਡਲ, ਜਿਸ ਵਿੱਚ ਸਥਾਨਕ ਪੱਖੋਂ ਮਹੱਤਵ ਰੱਖਣ ਵਾਲੇ ਪ੍ਰੋਜੈਕਟਾਂ ਉੱਪਰ ਕੰਮ ਕੀਤਾ ਜਾਂਦਾ ਹੈ ਆਦਿ ਇਸ ਪੱਧਰ ਵਾਲੇ ਪਾਠਕ੍ਰਮ ਦੇ ਕੁਝ ਜ਼ਿਆਦਾ ਜਰੂਰੀ ਹਿੱਸੇ ਹਨ।

ਉੱਚ ਸੈਕੰਡਰੀ ਵਾਲੀ ਸਤਰ ਦੇ ਸਮੇਂ ਵਿਗਿਆਨ ਨੂੰ ਅਲੱਗ ਅਲੱਗ ਵਿਸ਼ੈ-ਖੇਤਰਾਂ (ਡਿਸਿਪਲਨਾਂ) ਦੇ ਰੂਪ ਵਿੱਚ ਲਾਗੂ ਕੀਤਾ ਜਾਣਾਂ ਚਾਹੀਦਾ ਹੈ, ਅਤੇ ਇਸ ਸਮੇਂ ਪ੍ਰਯੋਗਾਂ/ਟੈਕਨਾਲੋਜੀ ਅਤੇ ਸਮੱਸਿਆਵਾਂ ਦੇ ਹੱਲ ਦੇਣ ਉੱਪਰ ਬਲ ਦਿੱਤਾ ਜਾਣਾਂ ਚਾਹੀਦਾ ਹੈ। NPE-1986 ਦੇ ਆਧਾਰ ਉੱਪਰ ਸਿੱਖਿਆ ਦੀਆਂ 'ਸਿੱਖਿਅਕ ਅਤੇ ਧੰਦਾਗਤ' ਦੋ ਪਰਚਲਤ ਲੀਹਾਂ ਹਨ, ਜਿਨ੍ਹਾਂ ਉੱਪਰ ਵਰਤਮਾਨ ਹਾਲਾਤ ਨੂੰ ਧਿਆਨ ਵਿੱਚ ਰੱਖਕੇ ਨਵੇਂ ਸਿਰਿਉਂ ਨਜ਼ਰ ਮਾਰਨੀਂ ਪਵੇਗੀ। ਵਿਦਿਆਰਥੀ ਨੂੰ ਇਹ ਛੋਟ ਦਿੱਤੀ ਜਾ ਸਕਦੀ ਹੈ ਕਿ ਉਹ ਅਪਣੇ ਮਨ ਭਾਉਂਦੇ ਵਿਸ਼ੇ ਅਪਣੀ ਮਰਜ਼ੀ ਅਨੁਸਾਰ ਚੁਣ ਲੈਣ, ਭਾਵੇਂ ਕਿ ਸਾਰੇ ਵਿਸ਼ੇ ਹਰ ਸਕੂਲ ਵਿੱਚ ਦੇ ਸਕਣਾਂ ਸੰਭਵ ਨਾਂ ਹੋ ਸਕੇ। ਸੈਕੰਡਰੀ ਅਤੇ ਉੱਚ ਸੈਕੰਡਰੀ ਸਿਲੇਬਸ ਦੇ ਵਿਚਕਾਰ ਵਰਤਮਾਨ ਢਲਾਣ ਨੂੰ ਦੂਰ ਕਰਨ ਲਈ ਪਾਠਕ੍ਰਮ ਦੇ ਬੋਝ ਨੂੰ ਹੋਰ ਤਾਰਕਿਕ ਬਨਾਉਣਾਂ ਜਰੂਰੀ ਹੈ।

### 3.3.2 ਦ੍ਰਿਸ਼ਟੀਕੋਣ

ਪੜ੍ਹਾਈ ਦੇ ਜਟਲ ਚਿਤਰ ਨੂੰ ਵੇਖਦਿਆਂ ਭਾਰਤ ਵਿੱਚ ਵਿਗਿਆਨ ਦੀ ਤਿੰਨ ਮੁੱਦੇ ਸਾਹਮਣੇ ਆਉਂਦੇ ਹਨ। ਪਹਿਲਾ, ਵਿਗਿਆਨ ਦੀ ਪੜ੍ਹਾਈ ਹਾਲੇ ਦੀ ਸਾਡੇ ਸਵਿਧਾਨ ਵਿੱਚ ਸੁਰੱਖਿਅਤ ਸਮਾਨਤਾ ਦੇ ਟੀਚੇ ਤੱਕ ਪਹੁੰਚਣ ਤੋਂ ਬਹੁਤ ਦੂਰ ਹੈ। ਦੂਜਾ, ਭਾਰਤ ਵਿੱਚ ਵਿਗਿਆਨ ਦੀ ਪੜ੍ਹਈ ਜ਼ਿਆਦਾ ਤੋਂ ਜ਼ਿਆਦਾ ਕੇਵਲ ਸੂਚਨਾਂ ਸਮਰੱਥਾ ਪੈਦਾ ਕਰਦੀ ਹੈ, ਤੇ ਇਹ ਖੋਜ਼ਾਤਮਕਤਾ ਅਤੇ ਸਿਰਜਣਾਤਮਕਤਾ ਨੂੰ ਉਤਸਾਹਤ ਨਹੀਂ ਕਰਦੀ। ਤੀਜਾ, ਭਾਰਤ ਵਿੱਚ ਜੇ ਸਾਰੀਆਂ ਦਾ ਨਹੀਂ ਤਾਂ ਵਿਗਿਆਨ ਦੀਆਂ ਬਹੁਤ ਸਾਰੀਆਂ ਆਧਾਰਗਤ ਸਮੱਸਿਆਵਾਂ ਦਾ ਜ਼ਿੰਮੇਂਵਾਰ ਬੁਰੀ ਤਰ੍ਹਾਂ ਜਕੜਕੇ ਬੈਠਾ ਹੋਇਆ ਇਮਤਿਹਾਨੀਂ ਪ੍ਰਬੰਧ ਹੈ।

ਵਿਗਿਆਨ ਦੇ ਪਾਠਕ੍ਰਮ ਨੂੰ ਸਮਾਜਕ ਤਬਦੀਲੀ ਦੇ ਇੱਕ ਹਥਿਆਰ ਦੀ ਤਰ੍ਹਾਂ ਵਰਤਿਆ ਜਾਣਾਂ ਜਰੂਰੀ ਹੈ, ਤਾਂ ਜੋ ਆਰਥਕਤਾ, ਸ਼੍ਰੇਣੀ, ਲਿੰਗ, ਧਰਮ ਅਤੇ ਇਲਾਕੇ ਦੇ ਹਵਾਲੇ ਨਾਲ ਖੜ੍ਹੇ ਹੋ ਗਏ ਪਾੜਿਆਂ ਨੂੰ ਘਟਾਇਆ ਜਾ ਸਕੇ। ਲੋੜ ਹੈ ਕਿ ਅਸੀਂ ਪਾਠ-ਪੁਸਤਕਾਂ ਨੂੰ ਸਮਾਨਤਾ ਦੇ ਇੱਕ ਮੂਲ ਸੰਦ ਦੀ ਤਰ੍ਹਾਂ ਵਰਤੀਏ, ਕਿਉਂਕਿ ਸਕੂਲ ਜਾਣ ਵਾਲੇ ਬੱਚਿਆਂ ਦੀ ਬਹੁਗਿਣਤੀ ਲਈ, ਅਤੇ ਉਹਨਾਂ ਦੇ ਅਧਿਆਪਕਾਂ ਲਈ ਵੀ, ਕੇਵਲ ਪਾਠ-ਪੁਸਤਕਾਂ ਹੀ ਸਿੱਖਿਆ ਦਾ ਸਾਧਨ ਹਨ ਅਤੇ ਜੋ ਖਰੀਦਿਆ ਵੀ ਜਾ ਸਕਦਾ ਹੈ।

ਦੇਸ਼ ਵਿੱਚ ਸਾਨੂੰ ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ ਰਾਹੀਂ ਵਿਆਪਕ ਸੇਧਾਂ ਦੇਕੇ ਪਾਠ-ਪੁਸਤਕਾਂ ਲਿਖਣ ਦੇ ਕਈ ਬਦਲਾਂ ਨੂੰ ਉਤਸਾਹਤ ਕਰਨਾਂ ਚਾਹੀਦਾ ਹੈ। ਇਹਨਾਂ ਪਾਠ-ਪੁਸਤਕਾਂ ਵਿੱਚ ਕਾਰਜ, ਨੀਝ ਨਾਲ ਦੇਖਣ ਅਤੇ ਪ੍ਰਯੋਗ ਕਰਨ ਨੂੰ ਸ਼ਾਮਲ ਕਰਨਾ ਲੋੜੀਦਾ ਹੈ। ਮਾਤਰ ਸੂਚਨਾਂ ਦੇ ਆਧਾਰ ਉੱਪਰ ਟਿਕੀ ਸਿੱਖਿਆ ਦੀ ਜਗਾਹ, ਵਿਗਿਆਨ ਨੂੰ ਬੱਚੇ ਦੇ ਚੌਗਿਰਦੇ ਨਾਲ ਜੋੜ ਕੇ, ਇਸ ਦੇ ਪ੍ਰਤੀ ਸਾਕ੍ਰਮਕ ਪਹੁੰਚ ਨੂੰ ਹੋਰ ਬਲ ਦਿੱਤਾ ਜਾਣਾ ਚਾਹੀਦਾ ਹੈ।

ਇਸ ਦੇ ਨਾਲ ਹੋਰ ਸਮੱਗਰੀ ਜਿਵੇਂ ਕਿ ‘ਵਰਕ ਬੁੱਕ’, ਪਾਠਕ੍ਰਮ ਦੇ ਸਹਾਇਕ, ਹਰ ਮਨ ਪਿਆਰੇ ਵਿਗਿਆਨ ਦੀਆਂ ਕਿਤਾਬਾਂ ਅਤੇ ਬੱਚਿਆਂ ਦੇ ਵਿਸ਼ਵਕੋਸ਼ ਆਦਿ ਉਨ੍ਹਾਂ ਵਿਚਾਰਾਂ ਅਤੇ ਸਮੱਗਰੀ ਤੱਕ ਬੱਚਿਆਂ ਦੀ ਪਹੁੰਚ ਵਧਾਅ ਸਕਦੇ ਹਨ। ਪਾਠ-ਪੁਸਤਕਾਂ ਦਾ ਭਾਰ ਵਧ ਜਾਣ ਦੇ ਖਤਰੇ ਕਰਕੇ ਅਜਿਹੀ ਸਮੱਗਰੀ ਵਿੱਚ ਸ਼ਾਮਲ ਨਹੀਂ ਕੀਤੀ ਹੁੰਦੀ, ਪਰ ਇਹ ਉਸ ਸਿਖਲਾਈ ਨੂੰ ਹੋਰ ਅਮੀਰ ਬਣਾ ਸਕਦੀ ਹੈ ਜੋ ਪ੍ਰੋਜੈਕਟ ਵਰਕ ਰਹੀਂ ਵਾਪਰਦੀ ਹੈ।

ਪ੍ਰਾਂਤਕ ਭਾਸ਼ਾਵਾਂ ਵਿੱਚ ਭਰਵੇਂ ਦ੍ਰਿਸ਼-ਰੂਪਾਂ ਨਾਲ ਸਜੀ ਸਮੱਗਰੀ ਦੀ ਭਾਰੀ ਘਾਟ ਹੈ। ਪਿੰਡਾਂ ਵਿੱਚ ਵਿਗਿਆਨ ‘ਕੇਂਦਰ’ ਵਿਕਸਤ ਕਰਨੇ, ਵਿਗਿਆਨ ਦੀਆਂ ਪ੍ਰਯੋਗੀ ‘ਕਿੱਟਾਂ’ ਅਤੇ ਪ੍ਰਯੋਗਸ਼ਾਲਾਵਾਂ ਤੱਕ ਪਹੁੰਚ ਸਥਾਪਤ ਕਰਨੀ – ਇਹ ਵੀ ਵਿਗਿਆਨ ਦੀ ਪੜ੍ਹਾਈ ਲਈ ਸਾਧਨਾਂ ਦੀ ਪੂਰਤੀ ਵਿੱਚ ਬਰਾਬਰੀ ਦਾ ਇੱਕ ਪੱਖ ਹੈ। ਸੂਚਨਾਂ ਅਤੇ ਸੰਚਾਰ ਟੈਕਨਾਲੋਜੀ ਸਮਾਜੀ ਪਾੜ ਵਿਚਕਾਰ ਇੱਕ ਪੁਲ ਸਥਾਪਤ ਕਰਨ ਦੇ ਮਹੱਤਵ ਪੂਰਣ ਸੰਦ ਹਨ। ਇਸ ਟੈਕਨਾਲੋਜੀ ਨੂੰ ਇਸ ਢੰਗ ਨਾਲ ਵਰਤਿਆ ਜਾਵੇ ਕਿ ਇਹ ਪ੍ਰਾਪਤੀ ਦੇ ਪੱਕੇ ਮੌਕਿਆਂ ਨੂੰ ਬਰਾਬਰ ਬਣਾ ਦੇਣ ਦਾ ਸੰਦ ਬਣ ਜਾਵੇ ਅਤੇ ਦੂਰ ਦੁਰਡੇ ਇਲਾਕਿਆਂ ਨੂੰ ਸੂਚਨਾਂ, ਸੰਚਾਰ ਅਤੇ ਕੰਪਿਊਟਿੰਗ ਦੇ ਸਾਧਨ ਮੁਹੱਈਆ ਕਰੇ।

ਸੂਚਨਾਂ ਅਤੇ ਸੰਚਾਰ ਟੈਕਨਾਲੋਜੀ ਨੂੰ ਜੇ ਬੱਚਿਆਂ ਅਤੇ ਅਧਿਆਪਕਾਂ ਨੂੰ ਵਿਸ਼ਵ-ਵਿਦਿਆਲਿਆਂ ਅਤੇ ਖੋਜ਼ ਆਦਾਰਿਆਂ ਵਿੱਚ ਕੰਮ ਕਰਦੇ ਵਿਗਿਆਨੀਆਂ ਨਾਲ ਜੋੜ ਸਕਿਆ ਜਾਵੇ ਤਾਂ ਇਹ ਵਿਗਿਆਨੀਆਂ ਅਤੇ ਉਹਨਾਂ ਦੇ ਕੰਮ ਤੋਂ ਵੀ ਪਰਦਾ ਉਤਾਰ ਦੇਵੇਗਾ।

ਭਾਰਤ ਵਿੱਚ ਵਰਤਮਾਨ ਹਾਲਾਤਾਂ ਵਿੱਚ ਵਿਗਿਆਨ ਦੀ ਪੜ੍ਹਾਈ ਦੇ ਖੇਤਰ ਵਿੱਚ ਕਿਸੇ ਗੁਣਾਤਮਕ ਤਬਦੀਲੀ ਦੇ ਵਾਸਤੇ ਇੱਕ ਪੈਰਾਡਾਈਮ ਸ਼ਿਫਟ ਵਾਪਰਨ ਦੀ ਲੋੜ ਹੈ। ਘੋਟਾ ਲਾਕੇ ਪੜ੍ਹਨ ਨੂੰ ਰੋਕ ਲੱਗਣੀ ਚਾਹੀਦੀ ਹੈ। ਜਾਂਚ-ਪੜਤਾਲ ਦੇ ਕੌਸ਼ਲਾਂ ਨੂੰ ਭਾਸ਼ਾ, ਡਿਜ਼ਾਈਨ ਅਤੇ ਗਿਣਾਤਮਕ ਯੋਗਤਾਵਾਂ ਦੀ ਮਦਦ ਨਾਲ ਹੋਰ ਮਜ਼ਬੂਤ ਕੀਤਾ ਜਾਵੇ। ਸਕੂਲ ਸਹ-ਪਾਠਕ੍ਰਮਾਂ ਅਤੇ ਵਾਧੂ-ਪਾਠਕ੍ਰਮਾਂ ਵਾਲੇ ਤੱਤਾਂ ਉੱਪਰ ਹੋਰ ਵੀ ਜ਼ਿਆਦਾ ਬਲ ਦੇਣ,

ਜਿਸ ਨਾਲ ਪੜਤਾਲ ਕਰਨ ਦੀ ਯੋਗਤਾ, ਕਾਢਾਤਮਕਤਾ ਅਤੇ ਸਿਰਜਣਾਤਮਕਤਾ ਨੂੰ ਹੋਰ ਬਲ ਮਿਲੇ, ਭਾਵੇਂ ਕਿ ਇਹ ਤੱਤ 'ਬਾਹਰਲੇ' ਰਹਿੰਣ ਅਤੇ ਇਮਤਿਹਾਨ ਸਿਸਟਮ ਦਾ ਅੰਗ ਨਾਂ ਵੀ ਬਣਨ।

ਬੜੀ ਵਡੀ ਸਫਲਤਾ ਨਾਲ ਵਾਪਰੀ ਬੱਚਿਆਂ ਦੀ ਵਿਗਿਆਨ ਕਾਂਗਰਸ ਦੀਆਂ ਲੀਹਾਂ ਉੱਪਰ ਇਹਨਾਂ ਸਾਰੇ ਕਾਰਜਾਂ ਵਿੱਚ ਬੜਾ ਭਾਰਾ ਵਿਸਥਾਰ ਵਾਪਰੇ। ਰਾਸ਼ਟਰੀ ਪੱਧਰ ਉੱਪਰ ਇੱਕ ਬੜੇ ਵਡੇ ਪੈਮਾਨੇ ਦਾ ਵਿਗਿਆਨ ਅਤੇ ਟੈਕਨਾਲੋਜੀ ਦਾ ਮੇਲਾ (ਇਲਾਕੇ, ਜਿਲ੍ਹੇ, ਰਾਜ ਪੱਧਰ 'ਤੇ ਪ੍ਰਾਂਤਕ ਮੇਲਿਆਂ ਸਮੇਤ) ਲਾਇਆ ਜਾਵੇ। ਸਕੂਲਾਂ ਅਤੇ ਅਧਿਆਪਕਾਂ ਨੂੰ ਮੇਲੇ ਵਿੱਚ ਭਾਗ ਲੈਣ ਲਈ ਉਤਸ਼ਾਹਤ ਕੀਤਾ ਜਾਵੇ। ਹੌਲੀ ਹੌਲੀ ਅਜਿਹੀ ਲਹਿਰ ਭਾਰਤ ਦੇ ਹਰ ਕੋਨੇ ਵਿੱਚੋਂ ਦੀ ਲੰਘਕੇ ਸਾਰੇ ਦੱਖਣੀ ਏਸ਼ੀਆ ਵਿੱਚ ਫੈਲ ਜਵੇ। ਬੱਚਿਆਂ ਅਤੇ ਉਹਨਾਂ ਦੇ ਅਧਿਆਪਕਾਂ ਵਿਚਕਾਰ ਵਿਗਿਆਨਕ ਸੁਭਾਅ ਅਤੇ ਸਿਰਜਣਾਂ ਦੀ ਹਨੇਰੀ ਝੁਲਾਅ ਦੇਵੇ।

ਇਮਤਿਹਾਨਾਂ ਵਿੱਚ ਸੁਧਾਰਾਂ ਨੂੰ ਇੱਕ ਰਾਸ਼ਟਰੀ ਮਿਸ਼ਨ ਦੇ ਰੂਪ ਵਿੱਚ ਅਰੰਭ ਕੀਤਾ ਜਾਵੇ। ਇਹ ਮਿਸ਼ਨ ਅਧਿਆਪਕਾਂ, ਸਿੱਖਿਅਕਾਂ ਅਤੇ ਵਿਗਿਆਨੀਆਂ ਨੂੰ ਇੱਕ ਪਲੈਟਫਾਰਮ ਉੱਪਰ ਲਿਆਵੇ। ਵਿਦਿਆਰਥੀਆਂ ਦੀ ਪ੍ਰੀਖਿਆ ਲੈਣ ਦੇ ਨਵੇਂ ਤਰੀਕੇ ਆਰੰਭ ਕੀਤੇ ਜਾਣ, ਜਿਸ ਨਾਲ ਇਮਤਿਹਾਨ ਨਾਲ ਸਬੰਧਤ ਖਤਰਨਾਕ ਬੋਝ ਘਟੇ। ਪਾਗਲਪਨ ਵਾਲੀ ਭੇਡਚਾਲ ਵਾਲੀ ਇਮਤਿਹਾਨਾਂ ਦੀ ਬਹੁਤਾਤ ਉੱਪਰ ਰੋਕ ਲੱਗੇ; ਅਤੇ ਬਹੁਪਰਤੀ ਯੋਗਤਾਵਾਂ ਦੀ ਪ੍ਰੀਖਿਆ ਕਰ ਸਕਣ ਵਾਲੇ ਤਰੀਕਿਆਂ ਉੱਪਰ ਖੋਜ਼ ਨੂੰ ਬਲ ਦੇਕੇ ਉਪਚਾਰਕ ਵਿਦਿਅਕ ਸਮਰੱਥਾ ਵਾਲੇ ਟੈਸਟਾਂ ਨੂੰ ਵਿਦਾ ਕਰ ਦਿੱਤਾ ਜਾਵੇ।

ਇਨ੍ਹਾਂ ਨੀਂਹ-ਸੂਚਕ ਸੁਧਾਰਾਂ ਤੋਂ ਕਿਤੇ ਵੱਧ ਜਰੂਰਤ ਹੈ ਅਧਿਆਪਕ ਦੇ ਨਿੱਜੀ ਬਲ ਨੂੰ ਵਧਾਉਣ ਦੀ। ਕੋਈ ਵੀ ਸੁਧਾਰ ਭਾਵੇਂ ਕਿੰਨਾਂ ਵੀ ਜੋਸ਼ੀਲਾ ਅਤੇ ਸੁਯੋਜਤ ਕਿਉਂ ਨਾ ਹੋਵੇ, ਓਨੀਂ ਦੇਰ ਸਫਲ ਨਹੀਂ ਹੋ ਸਕਦਾ ਜਿੰਨੀਂ ਦੇਰ ਅਧਿਆਪਕ ਸਸ਼ਕਤ ਮਹਿਸੂਸ ਨਾ ਕਰਨ ਅਤੇ ਉਸ ਨੂੰ ਅਮਲ ਵਿੱਚ ਲਿਆਉਣ ਲਈ ਤਿਆਰ ਨਾ ਹੋਣ। ਅਧਿਆਪਕ ਦੀ ਸਾਕਾਰਾਤਮਕ ਭਾਗਦਾਰੀ ਨਾਲ ਉੱਪਰ ਸੁਝਾਏ ਗਏ ਸੁਧਾਰ ਸਾਡੇ ਸਕੂਲਾਂ ਵਿੱਚ ਵਿਗਿਆਨ ਦੀ ਪੜ੍ਹਾਈ ਉੱਪਰ ਰੋੜ੍ਹਕੇ ਲੈਜਾਣ ਵਾਲਾ ਅਸਰ ਪਾਉਣਗੇ।

## 3.4 ਸਮਾਜਕ ਵਿਗਿਆਨ

ਸਮਾਜਕ ਵਿਗਿਆਨ ਸਮਾਜ ਪ੍ਰਤੀ ਸਾਰੇ ਦੀਆਂ ਸਾਰੀਆਂ ਭਿੰਨਤ ਜ਼ਿੰਮੇਂਵਾਰੀਆਂ ਨੂੰ ਅਪਣੇ ਘੇਰੇ ਵਿੱਚ ਲੈ ਲੈਂਦਾ ਹੈ। ਇਸ ਵਿੱਚ ਵਿਸ਼ੈ ਦੀ ਇੱਕ ਪੂਰੀ ਲੜੀ ਸ਼ਾਮਲ ਹੈ ਜੋ ਇਤਹਾਸ, ਭੁਗੋਲ, ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ ਅਤੇ ਸਮਾਜ ਵਿਗਿਆਨ ਵਰਗੇ ਅਨੁਸ਼ਾਸਣਾਂ ਉੱਪਰ ਟਿਕੀ ਹੋਈ ਹੈ। ਸਮਾਜ ਵਿਗਿਆਨਕ ਪਰਿਪੇਖ

ਅਤੇ ਗਿਆਨ ਮੂਲਕ ਆਧਾਰ ਇੱਕ ਨਿਆਂਪਰਕ ਅਤੇ ਸ਼ਾਂਤਮਈ ਸਮਾਜ ਵਾਸਤੇ ਜਰੂਰੀ ਹੈ। ਇਹਦੇ ਵਿਸ਼ੈ-ਵਸਤੂ ਦਾ ਟੀਚਾ ਵਿਦਿਆਰਥੀਆਂ ਦੀ ਜਾਗਰੂਕਤਾ ਨੂੰ ਵਿਕਸਤ ਕਰਨ ਦਾ ਹੋਵੇ। ਉਹ ਜਾਣੇ ਪਛਾਣੇ ਸਮਾਜਕ ਯਥਾਰਥ ਦੀ ਅਲੋਚਨਾਮਕ ਪੁਣ-ਛਾਣ ਦੇ ਯੋਗ ਹੋ ਸਕਣ।

ਸਮਾਜਕ ਵਿਗਿਆਨ ਵਿੱਚ ਨਵੇਂ ਪਰਸੰਗਾਂ ਅਤੇ ਪਰਤਾਂ ਦੇ ਜੋੜ ਲੈਣ ਦੀਆਂ ਬਹੁਤ ਸੰਭਾਵਨਾਵਾਂ ਹਨ, ਖਾਸ ਕਰਕੇ ਇਸ ਲਈ ਵੀ ਕਿ ਵਿਦਿਆਰਥੀਆਂ ਦੇ ਨਿੱਜੀ ਜੀਵਨ ਦੇ ਅਨੁਭਵ ਬਹੁਤੇਰੇ ਹਨ। ਸਮੱਗਰੀ ਦੀ ਚੋਣ ਕਰਕੇ ਇੱਕ ਅਰਥ ਭਰਪੂਰ ਪਾਠਕ੍ਰਮ ਵਿੱਚ ਤਰਤੀਬ ਦੇਣੀ, ਖਾਸ ਕਰਕੇ ਅਜਿਹਾ ਪਾਠਕ੍ਰਮ ਜੋ ਵਿਦਿਆਰਥੀਆਂ ਨੂੰ ਸਮਾਜ ਦੀ ਅਲੋਚਨਾਤਮਕ ਸੂਝ ਵਿਕਸਤ ਕਰਨ ਦੇ ਯੋਗ ਬਣਾ ਸਕੇ ਇੱਕ ਬੜਾ ਵੰਗਾਰ ਭਰਿਆ ਕਰਤਬ ਹੈ।

ਕਿਉਂਕਿ ਸਮਾਜਕ ਵਿਗਿਆਨ ਲਾਭ ਰਹਿਤ ਵਿਸ਼ੇ ਸਮਝੇ ਜਾਣੇ ਲੱਗੇ ਹਨ ਅਤੇ ਇਹਨਾਂ ਨੂੰ ਕੁਦਰਤੀ ਵਿਗਿਆਨਾਂ ਦੀ ਤੁਲਨਾਂ ਵਿੱਚ ਘੱਟ ਮਹੱਤਵ ਦਿੱਤਾ ਜਾਂਦਾ ਹੈ, ਤਦ ਹੀ ਇਸ ਗੱਲ ’ਤੇ ਜੋਰ ਦੇਣਾਂ ਜਰੂਰੀ ਬਣਦਾ ਹੈ ਕਿ ਇਹ ਵਿਗਿਆਨ ਉਹ ਸਾਰੀਆਂ ਸਮਾਜਕ, ਸਭਿਆਚਾਰਕ ਅਤੇ ਵਿਸ਼ਲੇਸ਼ਾਤਮਕ ਯੋਗਤਾਵਾਂ ਪਰਦਾਨ ਕਰਨ ਜੋ ਤੇਜ਼ ਤਰਾਰ ਸੰਸਾਰ ਵਿੱਚ ਟਿਕ ਸਕਣ ਲਈ, ਜੋ ਸਿਆਸੀ ਅਤੇ ਆਰਥਕ ਯਥਾਰਥਾਂ ਨਾਲ ਨਜਿੱਠਣ ਲਈ ਲੋੜੀਂਦੀਆਂ ਹਨ।

ਮੰਨ ਇਹ ਲਿਆ ਜਾਂਦਾ ਹੈ ਕਿ ਸਮਾਜਕ ਵਿਗਿਆਨ ਮਹਿਜ਼ ਸੂਚਨਾ ਦਾ ਪਰਸਾਰ ਕਰਦੇ ਹਨ ਅਤੇ ਪਾਠ ਕੇਂਦਰਤ ਹਨ। ਇਸ ਵਾਸਤੇ ਵਿਸ਼ੈ-ਵਸਤੂ ਦਾ ਸੰਕਲਪਕ ਸੂਝ ਨਾਲ ਸੰਬੋਧਤ ਹੋਣਾ ਬਣਦਾ ਹੈ, ਨਾ ਕਿ ਇਮਤਿਹਾਨਾਂ ਦੇ ਵਾਸਤੇ ਯਾਦ ਰੱਖਣ ਵਾਲੇ ਤੱਥਾਂ ਨੂੰ ਰੇਖਾਂਕਿਤ ਕਰਨ ਪ੍ਰਤੀ। *‘ਬੋਝ ਬਿਨ ਸਿੱਖਣਾ’* (1993) ਦੀਆਂ ਸਿਫਾਰਸ਼ਾਂ ਨੂੰ ਮੁੜ ਪੱਕਾ ਕਰਦਿਆਂ ਸੰਕਲਪਾਂ ਦੇ ਵਿਕਸਤ ਕਰਨ ਪੁਰ ਬਲ ਦਿੱਤਾ ਜਾਣਾਂ ਹੈ ਅਤੇ ਸਮਾਜਕ ਯਥਾਰਥਾਂ ਦਾ ਵਿਸ਼ਲੇਸ਼ਣ ਕਰ ਸਕਣ ਦੀ ਸਮਰੱਥਾ ਦਾ ਵਿਕਾਸਤ ਹੋਣ ਉੱਪਰ ਵੀ। ਬਿਨਾਂ ਸਮਝ ਦੇ ਸਿਰਫ ਸੂਚਨਾਂ ਦੇ ਟਿਕਾਅ ਰੱਖਣ ’ਤੇ ਨਹੀਂ।

ਇੱਕ ਧਾਰਣਾ ਵੀ ਉੱਭਰਦੀ ਆਈ ਹੈ ਕਿ ਸਮਾਜਕ ਵਿਗਿਆਨਾਂ ਵਿੱਚ ਵਿਸ਼ੇਸ਼ਤਾ ਰੱਖਣ ਵਾਲੇ ਵਿਦਿਆਰਥੀਆਂ ਦੇ ਲਈ ਕੈਰੀਅਰ ਦੇ ਕੋਈ ਬਹੁਤੇ ਮੌਕੇ ਨਹੀਂ ਹੁੰਦੇ। ਉਲਟਾ ਹੋ ਇਹ ਰਿਹਾ ਹੈ ਕਿ ਨੌਕਰੀ ਦੇ ਬਜ਼ਾਰ ਵਿੱਚ ਅਤੇ ਵਿਸ਼ਲੇਸ਼ਣਾਤਮਕ ਅਤੇ ਰਚਨਾਤਮਕ ਯੋਗਤਾਵਾਂ ਵਿਕਸਤ ਹੋਣ ਦੇ ਖੇਤਰ ਵਿੱਚ ਸਮਾਜਕ ਵਿਗਿਆਨ ਬੜੀ ਤੇਜੀ ਨਾਲ ਨੌਕਰੀ ਦੇ ਲਈ ਯੋਗਤਾ ਸਿੱਧ ਹੋ ਰਹੇ ਹਨ।

ਸਾਡੇ ਸਮਾਜ ਵਰਗੇ ਅਨੇਕਤਾਵਾਦੀ ਸਮਾਜ ਵਿੱਚ ਇਹ ਜਰੂਰੀ ਹੈ ਕਿ ਸਾਰੇ ਸਮਾਜਕ ਗਰੁੱਪ ਪਾਠ-ਪੁਸਤਕਾਂ ਨਾਲ ਜੁੜ ਸਕਣ। ਕੁਦਰਤੀ ਹੈ ਕਿ ਸਾਰੀ ਪੜ੍ਹਣ-ਸਿੱਖਣ ਦੀ ਪ੍ਰਕਿਰਿਆ ਦਾ ਵਿਸ਼ੈ-ਸਮਗਰੀ ਸਥਾਨਕ ਰਹੇ, ਜੋ ਆਦਰਸ਼ਕ ਤੌਰਤੇ ਸਥਾਨਕ ਸਾਧਨਾਂ ਤੋਂ ਲਏ ਗਏ ਹੋਣ। ਇਹ ਪਛਾਣ ਲੈਣਾਂ ਵੀ ਜਰੂਰੀ ਹੈ ਕਿ ਸਮਾਜਕ ਵਿਗਿਆਨਾਂ ਵਿੱਚ ਵੀ ਵਿਗਿਆਨਕ ਖੋਜ਼ ਓਸੇ ਹੀ ਹੱਦ ਤੱਕ ਸੰਭਵ ਹੈ ਜਿਸ ਹੱਦ ਤੱਕ ਕੁਰਦਤੀ ਅਤੇ ਭੌਤਿਕ ਵਿਗਿਆਨਾਂ ਵਿੱਚ। ਤੇ ਇਹ ਵੀ ਸੰਕੇਤ ਕਰ ਦੇਣਾਂ ਬਣਦਾ ਹੈ ਕਿ ਸਮਾਜ ਵਿਗਿਆਨਾਂ ਵਿੱਚ ਲਾਗੂ ਹੋਣ ਵਾਲੀਆਂ ਵਿਧੀਆਂ *ਅਲੱਗ* ਹਨ (ਪਰ ਕਿਸੇ ਵੀ ਰੂਪ ਵਿੱਚ ਕੁਦਰਤੀ ਅਤੇ ਭੌਤਿਕ ਵਿਗਿਆਨਾਂ ਵਿੱਚ ਵਰਤੀਆਂ ਜਾਣ ਵਾਲੀਆਂ ਤੋਂ ਘਟੀਆ ਨਹੀਂ)।

ਸਮਾਜਕ ਵਿਗਿਆਨਾਂ ਦੀ ਇੱਕ ਨੇਮਬੱਧਤਾ ਦੀ ਜ਼ਿੰਮੇਂਵਾਰੀ ਹੈ ਕਿ ਮਜ਼ਬੂਤ ਭਾਂਤ ਦੀਆਂ ਮਨੁੱਖੀ ਕਦਰਾਂ ਕੀਮਤਾਂ, ਜਿਵੇਂ ਕਿ ਸੁਤੰਤਰਤਾ, ਭਰੋਸਾ, ਆਪਸੀ ਆਦਰ ਅਤੇ ਵਿਭਿੰਨਤਾ ਦਾ ਸਤਿਕਾਰ ਆਦਿ ਨੂੰ ਰਚਿਆ ਜਾਵੇ। ਸਮਾਜ ਵਿਗਿਆਨ ਦੀ ਸਿੱਖਿਆ ਲਈ ਚਾਹੀਦਾ ਹੈ ਕਿ ਇਹ ਵਿਦਿਆਰਥੀਆਂ ਵਿੱਚ ਅਲੋਚਨਾਤਮਕ ਆਚਾਰ ਅਤੇ ਮਾਨਸਕ ਸ਼ਕਤੀ ਉਤਪਨ ਕਰੇ। ਇਹ ਸਿੱਖਿਆ ਉਹਨਾਂ ਨੂੰ ਇਹਨਾਂ ਕੀਮਤਾਂ ਨੂੰ ਧਮਕਾਉਣ ਵਾਲੀਆਂ ਤਾਕਤਾਂ ਪ੍ਰਤੀ ਸੁਚੇਤ ਵੀ ਕਰੇ।

ਉਹ ਅਨੁਸ਼ਾਸਨ ਜੋ ਸਮਾਜਕ ਵਿਗਿਆਨ ਵਿੱਚ ਜੁੜਦੇ ਹਨ, ਜਿਵੇਂ ਕਿ ਇਤਹਾਸ, ਭੁਗੋਲ, ਰਾਜਨੀਤੀ ਸ਼ਾਸਤਰ ਅਤੇ ਅਰਥ-ਸ਼ਾਸਤਰ ਆਦਿ ਦੀਆਂ ਅਪਣੀਆਂ ਅਪਣੀਆਂ ਵਿਧੀਆਂ ਹਨ, ਜੋ ਅਕਸਰ ਉਨ੍ਹਾਂ ਦੀਆਂ ਹੱਦਾਂ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੀਆਂ ਹਨ। ਨਾਲ ਹੀ ਅੰਤਰ-ਅਨੁਸ਼ਾਸਨੀ ਵਿਧੀਆਂ ਦੇ ਪ੍ਰਤੀ ਵੀ ਸੰਕੇਤ ਕਰਨ ਦੀ ਲੋੜ ਹੈ। ਇੱਕ ਮਦਦਗਾਰ ਪਾਠਕ੍ਰਮ ਤਿਅਰ ਕਰਨ ਦੇ ਲਈ ਅਜਿਹੇ ਪਰਸੰਗ ਵੀ ਅੰਕਤ ਕਰ ਲੈਣ ਦੀ ਲੋੜ ਹੈ ਜੋ ਅੰਤਰ-ਅਨਅਸ਼ਾਸਨੀ ਸੋਚ ਨੂੰ ਸਹਾਰਾ ਦੇਣ।

### 3.4.1 ਸੁਝਾਈ ਗਈ ਗਿਆਨ ਸ਼ਾਸਤਰਕ ਰੂਪਰੇਖਾ

ਉੱਪਰ ਦਿੱਤੇ ਗਏ ਵਿਚਾਰਾਂ ਦੀ ਰੋਸ਼ਨੀ ਵਿੱਚ ਅਤੇ ਜਿਨ੍ਹਾਂ ਮਸਲਿਆਂ ਨੂੰ ਸਮਾਜਕ ਵਿਗਿਆਨਾਂ ਦੀ ਪੜ੍ਹਾਈ ਵਿੱਚ ਸੰਬੋਧਨ ਕੀਤਾ ਜਾਣਾ ਹੈ ਇਹਨਾਂ ਵਿਗਿਆਨਾਂ ਦੀ ਪੜ੍ਹਾਈ ਦੇ ਰਾਸ਼ਟਰੀ ਫੋਕਸ ਗਰੁੱਪ ਨੇ ਉਨ੍ਹਾਂ ਨੂੰ ਧਿਆਨ ਵਿੱਚ ਰੱਖਿਆ ਹੈ। ਸਿਲੇਬਸਾਂ ਦੀ ਸੋਧ ਲਈ ਕੁਝ ਸੁਝਾਅ ਹੇਠ ਦਿੱਤੇ ਗਏ ਹਨ। (ਪਾਠ-ਪੁਸਤਕਾਂ ਨੂੰ ਹੋਰ ਅੱਗੇ ਖੋਜ਼ ਹੋ ਸਕਣ ਦੇ ਮੌਕਿਆਂ ਦੀ ਤਰ੍ਹਾਂ ਦੇਖਿਆ ਜਾਣਾ ਚਾਹੀਦਾ ਹੈ, ਅਤੇ ਵਿਦਿਆਰਥੀਆਂ ਨੂੰ ਪਾਠ-ਪੁਸਤਕਾਂ ਤੋਂ ਹੋਰ ਅਗਾਂਹ ਪੜ੍ਹਣ ਅਤੇ ਦੇਖਣ ਪਰਖਣ ਦੀ ਲੋੜ ਹੈ।)

ਜਿਸ ਤਰ੍ਹਾਂ ਕੋਠਾਰੀ ਕਮਿਸ਼ਨ ਨੇ ਦਰਸਾਇਆ ਸੀ, ਇਸ ਤੋਂ ਅੱਗੇ ਸਮਾਜਕ ਵਿਗਿਆਨ ਵਿਕਾਸ ਦੇ ਮੁੱਦਿਆਂ ਪੁਰ ਜੋਰ ਦੇਣ। ਇਹ ਮੁੱਦੇ ਮਹੱਤਵ ਤਾਂ ਰੱਖਦੇ ਹਨ ਪਰ ਇਹ ਬਰਾਬਰੀ, ਨਿਆਂ ਅਤੇ ਸਮਾਜ, ਅਤੇ ਰਾਜ ਦੇ ਅੰਦਰ ਇੱਜ਼ਤ ਵਰਗੇ ਮਸਲਿਆਂ ਦੀ ਨੇਮਬੱਧਤਾ ਵਾਲੀ ਪਰਤ ਨੂੰ ਸਮਝ ਲੈਣ ਦੇ ਲਈ ਕਾਫੀ ਨਹੀਂ ਹਨ। 'ਵਿਕਾਸ' ਦੇ ਬਾਰੇ ਮਨੁੱਖਾਂ ਦੀ ਦੇਣ ਨੂੰ ਅਕਸਰ ਵਧਾਕੇ ਪੇਸ਼ ਕੀਤਾ ਗਿਆ। ਏਸੇ ਸਬੰਧ ਵਿੱਚ ਇੱਕ ਗਿਆਨ ਮੂਲਕ ਬਦਲਾਵ ਸੁਝਾਇਆ ਗਿਆ ਹੈ ਜਿਸ ਨਾਲ ਵਭਿੰਨ ਤਰੀਕਿਆਂ ਰਾਹੀਂ ਭਾਰਤ ਨੂੰ ਇੱਕ ਰਾਸ਼ਟਰ ਤਰ੍ਹਾਂ ਚਿਤਵਿਆ ਜਾ ਸਕੇ। ਰਾਸ਼ਟਰੀ ਪਰਿਪੇਖ ਦੀ ਸਥਾਨ ਦੇ ਪ੍ਰਸੰਗ ਵਿੱਚ ਸਮਤੋਲ ਹੋਣ ਦੀ ਲੋੜ ਹੈ। ਪਰ ਨਾਲ ਹੀ ਇਹ ਵੀ ਓਨਾਂ ਹੀ ਜਰੂਰੀ ਹੈ ਕਿ ਭਾਰਤੀ ਇਤਹਾਸ ਨੂੰ ਅਲੱਗ ਰੱਖਕੇ ਪੜ੍ਹਾਏ ਜਾਣ ਦੀ ਥਾਂ ਦੁਨੀਆਂ ਦੇ ਦੂਜੇ ਖਿੱਤਿਆਂ ਦੇ ਸੰਧਰਭ ਵਿੱਚ ਪੜ੍ਹਇਆ ਜਾਵੇ।

ਸੁਝਾਇਆ ਇਹ ਗਿਆ ਹੈ ਕਿ ਸ਼ਬਦ 'ਨਾਗਰਕ ਸ਼ਾਸਤਰ' ਦੀ ਥਾਂ 'ਤੇ 'ਰਾਜਨੀਤੀ ਵਿਗਿਆਨ' ਦੀ ਵਰਤੋਂ ਕੀਤੀ ਜਾਵੇ। 'ਨਾਗਰਕ ਸ਼ਾਸਤਰ' (ਸਿਵਿਕਸ) ਸ਼ਬਦ ਭਾਰਤੀ ਸਕੂਲਾਂ ਦੇ ਪਾਠਕ੍ਰਮ ਵਿੱਚ ਗੁਲਾਮੀਂ ਦੇ ਦਿਨੀਂ ਓਦੋਂ ਸਾਹਮਣੇ ਆਇਆ ਸੀ ਜਦ 'ਰਾਜ' ਦੇ ਬਰਖਲਾਫ ਭਾਰਤੀਆਂ ਵਿੱਚ ਨਾਂਫਰਮਾਨੀਂ ਵਧਦੀ ਹਾ ਰਹੀ ਸੀ। ਆਗਿਆਕਾਰਤਾ ਅਤੇ ਵਫਾਦਾਰੀ 'ਸਿਵਿਕਸ' ਦੇ ਮੁੱਖ ਤੱਤ ਸਨ। ਰਾਜਨੀਤੀ ਵਿਗਿਆਨ ਹਰ ਸਭਿਅਕ ਸਮਾਜ ਨੂੰ ਇੱਕ ਅਜਿਹੇ ਵਿਰਾਟ ਪ੍ਰਬੰਧ ਦੀ ਤਰ੍ਹਾਂ ਜਾਚਦਾ ਹੈ ਜੋ ਸੰਜੀਦਾ, ਪ੍ਰਸ਼ਨਕਰਤਾ, ਪ੍ਰਭਾਵਸ਼ਾਲੀ ਅਤੇ ਬਦਲਾਵ ਪਸੰਦ ਨਾਗਰਿਕਾਂ ਨੂੰ ਸਾਜਦਾ ਹੈ।

ਇਹ ਸੁਝਾਇਆ ਗਿਆ ਹੈ ਕਿ 'ਨਾਗਰਕ ਸ਼ਾਸਤਰ' ਦੀ ਥਾਂ ਤੇ ਪੂਰੇ ਨਾਮ ਨੂੰ ਹੀ ਬਦਲਕੇ ਇਸ ਦਾ ਨਾਮ 'ਰਾਰਨੀਤੀ ਵਿਗਿਆਨ' ਰੱਖ ਦਿੱਤਾ ਜਾਵੇ। ਸ਼ਹਿਰੀਆਂ ਵਿੱਚ ਆਗਿਆਕਾਰਤਾ ਅਤੇ ਵਫਾਦਾਰੀ ਵਧਾਉਣ ਅਤੇ ਸ਼ਹਿਰੀ ਸਮਾਜ ਨੂੰ ਵਿਸ਼ਵ ਵਿਆਪੀ ਮੁੱਲ 'ਤਰੱਕੀ' ਰਾਹੀਂ ਉਸਾਰਨਾਂ ਪਰਤੰਤਰਕ ਨਾਗਰਕ ਸ਼ਾਸਤਰ ਦੇ ਨੇਮ ਸਨ। ਕਿਉਂਕਿ ਹੁਣ ਭਾਰਤ ਵਿੱਚ ਲੋਕਤੰਤਰ ਉਸ ਬਿੰਦੂ ਤੱਕ ਪ੍ਰਫੁਲਤ ਹੋ ਚੁੱਕਿਆ ਹੈ, ਜਿੱਥੇ ਅਜਿਹੀ ਸ਼ਕਤੀ ਉਤਪਨ ਕੀਤੀ ਜਾ ਰਹੀ ਹੈ, ਜਿਸਦੇ ਅਧਿਅਨ ਰਾਹੀਂ ਉਹ ਰਾਜਨੀਤਕ ਸੰਰਚਨਾਵਾਂ ਅਤੇ ਕਦਰਾਂ ਕੀਮਤਾਂ ਸਮਝੀਆਂ ਜਾ ਸਕਦੀਆਂ ਹਨ ਜੋ ਭਾਗਾਰਥੀ ਗਣਤੰਤਰ ਦੇ ਵਿਕਾਸ ਲਈ ਜਰੂਰੀ ਹੈ।

ਖਾਸ ਕਰਕੇ ਸਮਾਨਤਾ ਅਤੇ ਨਿਆਂ ਦੇ ਵਰਗੀਆਂ ਕੀਮਤਾਂ ਦੇ ਸੰਧਰਭ ਵਿੱਚ ਇਹ ਜਰੂਰੀ ਹੈ ਕਿ ਸਕੂਲ ਬੱਚਿਆਂ ਅਤੇ ਅਧਿਆਪਕਾਂ ਨੂੰ ਉਨ੍ਹਾਂ ਮੁੱਦਿਆਂ ਦਾ ਵਿਸ਼ਲੇਸ਼ਣ ਕਰਨ ਲਈ ਉਤਸਾਹਤ ਕਰਨ ਜੋ ਕਿਨਾਰਾਕਾਰੀ ਅਤੇ ਦਮਨ ਨਾਲ ਸਬੰਧ ਰੱਖਦੇ ਹਨ। ਕਿਉਂਜੋ ਰਾਜਨੀਤੀ ਵਿਗਿਆਨ ਤੱਤਕਾਲਕ ਸਮਾਜ ਦਾ ਅਧਿਅਨ ਕਰਨ ਦੇ ਬੜੇ ਗਤੀਸ਼ੀਲ ਸਾਧਨ ਪੇਸ਼ ਕਰਦਾ ਹੈ, ਇਸੇ ਕਰਕੇ ਇੱਕ ਪੜ੍ਹਾਈ ਦਾ ਅਜਿਹਾ ਖੇਤਰ ਵੀ ਵਿਕਸਤ ਕੀਤਾ

ਜਾ ਸਕਦਾ ਹੈ ਜਿਸ ਵਿੱਚ ਹੋਰ ਵੀ ਜ਼ਿਆਦਾ ਸੁਚੇਤ, ਵਾਕਫ, ਗ੍ਰਹਿਣਸ਼ੀਲ ਅਤੇ ਜ਼ਿੰਮੇਂਵਾਰ ਸ਼ਹਿਰੀ ਤਿਆਰ ਹੋ ਸਕਣ।

## ਪਾਣੀ ਅਤੇ ਵਾਤਾਵਰਣ

| | |
|---|---|
| ਪਾਣੀ ਕਿਥੋਂ ਆਉਂਦਾ ਹੈ?<br>ਸਮੁੰਦਰ, ਮਹਾਂਸਾਗਰ ਅਤੇ ਦਰਿਆ ਕਿਵੇਂ ਬਣਦੇ ਹਨ? | ਪਾਣੀ ਦੇ ਕੁਦਰਤੀ ਵਸੀਲੇ<br>ਦਰਿਆ, ਝੀਲਾਂ, ਸਮੁੰਦਰ, ਧਰਤੀ ਹੇਠਲਾ ਪਾਣੀ |
| ਸਾਡੇ ਪਾਣੀ ਦੇ ਸਥਾਨਕ ਸਾਧਨ ਕਿਹੜੇ ਹਨ? | ਪਾਣੀ ਦੇ ਸਾਧਨਾਂ ਦੀ ਨਕਸ਼ਾਕਾਰੀ<br>ਸਥਾਨਕ/ ਪ੍ਰਾਂਤਕ/ ਰਾਸ਼ਟਰੀ |
| ਖੂਹ ਕਿਉਂ ਸੁੱਕ ਜਾਂਦੇ ਹਨ? ਨਲਕੇ ਕਿਵੇਂ ਚਲਦੇ ਹਨ? | ਕੁਦਰਤੀ ਅਤੇ ਮਨੁੱਖ ਦੇ ਬਣਾਏ ਪਾਣੀ ਦੇ ਸਾਧਨਾਂ ਵਿੱਚ ਰਿਸ਼ਤਾ |
| ਕੀ ਵਡੇ ਬੰਨ੍ਹ ਛੋਟੇ ਬੰਨ੍ਹਾਂ ਨਾਲੋਂ ਜ਼ਿਆਦਾ ਲਾਭਦਾਇਕ ਹਨ? | ਪਾਣੀ ਦੀ ਸਤਾਹ ਨੂੰ ਸਮਝਣਾਂ। ਨਲਕੇ। ਸਿੰਚਾਈ ਦੇ ਤਰੀਕੇ। ਵਡੇ ਬੰਨ੍ਹਾਂ ਦਾ ਵਾਤਾਵਰਣ ਤੇ ਪ੍ਰਭਾਵ |
| ਰੇਗਸਤਾਨੀਂ ਇਲਾਕਿਆਂ ਵਿੱਚ ਲੋਕ ਪਾਣੀ ਕਿਵੇਂ ਬਚਾਕੇ ਰੱਖਦੇ ਹਨ? | ਭਿੰਨ ਪ੍ਰਸਥਿਤੀਆਂ ਵਿੱਚ ਪਾਣੀ<br>ਰੇਗਸਤਾਨੀਂ ਇਲਾਕਿਆਂ ਵਿੱਚ ਪਾਣੀ<br>ਪਹਾੜੀ ਇਲਾਕਿਆਂ ਵਿੱਚ ਪਾਣੀ ਦੇ ਸਾਧਨ |
| ਔੜਾਂ ਕਿਵੇਂ ਲੱਗਦੀਆਂ ਹਨ? | ਔੜਾਂ ਅਤੇ ਹੜ੍ਹ |

## ਪਾਣੀ ਦੇ ਸਮਾਜਕ ਪੱਖ

| | |
|---|---|
| ਪਿੰਡਾਂ ਦੇ ਖੂਹਾਂ ਉੱਤੇ ਕਿਸ ਦਾ ਅਧਿਕਾਰ ਹੈ? | ਜਾਤ ਅਤੇ ਜਮਾਤ |

| | |
|---|---|
| | ਪਾਣੀ ਦੇ ਸਾਧਨਾਂ ਉੱਪਰ ਸਫਾਈ ਅਤੇ ਪਰਦੂਸ਼ਣ ਦਾ ਪ੍ਰਬੰਧ |
| ਪਾਣੀ ਕੌਣ ਖਿੱਚਦਾ ਹੈ? | ਮਜ਼ਦੂਰੀ ਦੀ ਲਿੰਗ ਅਧਾਰਤ ਵੰਡ ਅਤੇ ਪਾਣੀ ਦੀ ਪਰਾਪਤੀ |
| ਕੀ ਸਾਡੇ ਕੋਲ ਕਾਫੀ ਪਾਣੀ ਹੈ? | ਪੀਣ ਅਤੇ ਸਿੰਚਾਈ ਵਾਲੇ ਪਾਣੀ ਉੱਪਰ ਸਥਾਨਕ ਅਤੇ ਪ੍ਰਾਂਤਕ ਝਗੜੇ। ਪਾਣੀ ਇੱਕ ਮੰਡੀ ਦੀਆਂ ਤਾਕਤਾਂ ਦੇ ਰੂਪ ਵਿੱਚ |
| ਸਾਫ ਪਾਣੀ ਕਿਉਂ ਜਰੂਰੀ ਹੈ? | ਸਿਹਤ<br>ਜਿਸਮ ਦੀ ਪਾਣੀ ਦੀ ਜਰੂਰਤ<br>ਢੋਏ ਜਾ ਸਕਦੇ ਸਾਫ ਪਾਣੀ ਉੱਪਰ ਅਧਿਕਾਰ<br>ਪਾਣੀ ਕਾਰਨ ਹੋਣ ਵਾਲੀਆਂ ਬਿਮਾਰੀਆਂ |

ਇਤਹਾਸਕ ਘਟਨਾਵਾਂ ਅਤੇ ਵਰਤਮਾਨ ਚਿੰਤਾਵਾਂ ਬਾਰੇ ਬਹਿਸ ਵਿੱਚ ਲਿੰਗ ਸਬੰਧਤ ਚਿੰਤਾਵਾਂ ਨੂੰ ਸੰਬੋਧਨ ਕਰਨ ਦੀ ਲੋੜ ਹੈ ਤੇ ਔਰਤ ਦੇ ਪਰਿਪੇਖ ਨੂੰ ਇਸ ਬਹਿਸ ਦੇ ਅਨਿੱਖੜਵੇ ਅੰਗ ਦੇ ਰੂਪ ਵਿੱਚ ਗ੍ਰਹਿਣ ਕੀਤਾ ਜਵੇ। ਇਸ ਵਿੱਚ ਇੱਕ ਮੂਲ ਗਿਆਨ ਮੂਲਕ ਬਦਲਾਅ ਦੀ ਜਰੂਰਤ ਹੈ, ਕਿਉਂਕਿ ਵਰਤਮਾਨ ਦੇ ਬਹੁਤੇ ਸਮਾਜਕ ਅਧਿਅਨ ਵਿੱਚ ਮਰਦ ਪ੍ਰਧਾਨ ਸੋਚ ਘਰ ਕਰੀ ਬੈਠੀ ਹੈ।

ਬੱਚਿਆਂ ਦੇ ਸਿਹਤ ਨਾਲ ਜੁੜੇ ਮਸਲਿਆਂ ਬਾਰੇ, ਕੱਚੀ ਜਵਾਨੀ ਦੀ ਉਮਰੇ ਵਾਪਰਦੀ ਤਬਦੀਲੀ ਅਤੇ ਵਾਧੇ ਨਾਲ ਜੁੜੇ ਸਮਾਜੀ ਪੱਖਾਂ ਬਾਰੇ, ਮਾਂ-ਬਾਪ, ਸੰਗੀ ਸਾਥੀ, ਵਿਰਧੀ ਲਿੰਗ ਵਾਲੇ ਲੋਕਾਂ ਅਤੇ ਵਡੇ ਬੰਦਿਆਂ ਦੀ ਸਮੁੱਚੀ ਦੁਨੀਆਂ ਦੇ ਰਿਸ਼ਤਿਆਂ ਨੂੰ ਸਾਰਥਕ ਢੰਗ ਨਾਲ ਲਿਆ ਜਾਣਾਂ ਚਾਹੀਦਾ ਹੈ। ਬੱਚਿਆਂ ਅਤੇ ਕੱਚ-ਉਮਰੇ/ਜਵਾਨਾਂ ਦੀ ਸਿਹਤ ਦੀਆਂ ਜਰੂਰਤਾਂ ਦੇ ਪ੍ਰਤੀ ਜ਼ਿੰਮੇਵਾਰ ਹੋਣਾਂ ਸਕੀਮਾਂ ਅਤੇ ਪ੍ਰੋਗਰਾਮਾਂ ਦੇ ਕਈ ਪੱਧਰਾਂ ਉੱਪਰ ਪਏ ਤੱਤ ਹਨ ਜੋ ਇਹਨਾਂ ਮੁੱਦਿਆਂ ਨਾਲ ਜੁੜੇ ਹਨ।

ਮਨੁੱਖੀ ਅਧਿਕਾਰਾਂ ਦੇ ਸੰਕਲਪ ਦਾ ਸੰਧਰਭ ਇੱਕ ਵਿਸ਼ਵੀ ਚੌਖਟਾ ਹੈ। ਇਹ ਚੰਗਾ ਹੋਵੇਗਾ ਕਿ ਬੱਚਿਆਂ ਵਿੱਚ ਉਹਨਾਂ ਦੀ ਉਮਰ ਦੇ ਅਨੁਕੂਲ ਵਿਸ਼ਵੀ ਕੀਮਤਾਂ ਨੂੰ ਲਾਗੂ ਕੀਤਾ ਜਾਵੇ। ਨਿਤਾਪ੍ਰਤੀ ਦੇ ਮੁੱਦਿਆਂ ਦੇ ਪਰਸੰਗ ਵਿੱਚ, ਜਿਵੇਂ ਪਾਣੀ ਮਿਲਣ ਦੀ ਸਮੱਸਿਆ ਦਾ ਹਵਾਲਾ ਉਠਾਇਆ ਜਾ ਸਕਦਾ ਹੈ, ਜਿਸ ਨਾਲ ਵਿਦਿਆਰਥੀ ਮਨੁੱਖੀ ਅਧਿਕਾਰਾਂ ਨਾਲ ਜੁੜੇ ਮਸਲਿਆਂ ਤੋਂ ਵਾਕਫ ਹੋ ਸਕਣ।

### 3.4.2 ਪਾਠਕ੍ਰਮ ਦੀ ਯੋਜਨਾਂ

ਪਰਾਇਮਰੀ ਜਮਾਤਾਂ ਦੇ ਲਈ ਕੁਦਰਤੀ ਅਤੇ ਸਮਾਜਕ ਵਾਤਾਵਰਣ ਨੂੰ ਭਾਸ਼ਾ ਅਤੇ ਗਣਿਤ ਸ਼ਾਸਤਰ ਦੇ ਅਣਟੁੱਟ ਅੰਗ ਦੀ ਤਰ੍ਹਾਂ ਪੜ੍ਹਾਇਆ ਜਾਵੇ। ਬੱਚਿਆਂ ਨੂੰ ਉਨ੍ਹਾਂ ਕਾਰਜਾਂ ਵਿੱਚ ਲਾਇਆ ਜਾਵੇ ਜਿੰਨ੍ਹਾਂ ਦੇ ਕੀਤਿਆਂ ਉਨ੍ਹਾਂ ਦੀ ਭੌਤਕ, ਬਨਾਸਪਤ, ਸਮਾਜਕ ਅਤੇ ਸਭਿਆਚਾਰਕ ਖੇਤਰਾਂ ਵਿੱਚ ਕੁਦਰਤੀ ਅਤੇ ਸਮਾਜਕ ਵਾਤਾਵਰਣ ਬਾਰੇ ਸੂਝ ਵਧੇ। ਵਰਤੀ ਗਈ ਭਾਸ਼ਾ ਲਿੰਗ ਪ੍ਰਤੀ ਸੁਚੇਤ ਹੋਵੇ। ਪੜ੍ਹਾਈ ਦੀਆਂ ਵਿਧੀਆਂ ਭਾਗਦਾਰੀ ਵਾਲੀਆਂ ਅਤੇ ਬਹਿਸ ਕਰਵਾਊ ਭਾਂਤ ਦੀਆਂ ਹੋਣ।

ਤੀਜੀ ਜਮਾਤ ਤੋਂ ਪੰਜਵੀਂ ਤੱਕ ਵਾਤਾਵਰਣ ਅਧਿਅਨ ਨਾਮ ਦਾ ਵਿਸ਼ੈ ਅਰੰਭ ਕੀਤਾ ਜਾਵੇ। ਕੁਦਰਤੀ ਵਾਤਾਵਰਣ ਦੇ ਅਧਿਅਨ ਦੇ ਵਿੱਚ ਇਸ ਦੀ ਸੰਭਾਲ ਅਤੇ ਇਸ ਦੀ ਬਰਬਾਦੀ ਨਾ ਹੋਣ ਦੇਣ ਤੋਂ ਬਚਾਅ ਲੈਂਣ ਦੀ ਤੀਬਰਤਾ ਉੱਪਰ ਬਲ ਦਿੱਤਾ ਜਾਵੇਗਾ। ਬੱਚਿਆਂ ਨੂੰ ਗਰੀਬੀ, ਬਾਲ ਮਜ਼ਦੂਰੀ, ਅਨਪੜ੍ਹਤਾ, ਜਾਤਪਾਤ ਅਤੇ ਪੇਂਡੂ ਤੇ ਸ਼ਹਿਰੀ ਇਲਾਕਿਆਂ ਵਿਚਲੀ ਸ਼੍ਰੇਣੀਗਤ ਨਾਂਬਰਾਬਰੀ ਪ੍ਰਤੀ ਸੰਵੇਦਤ ਕੀਤਾ ਜਾਵੇਗਾ। ਵਿਸ਼ੈ-ਵਸਤੂ ਬੱਚਿਆਂ ਦੇ ਨਿਤਾਪ੍ਰਤੀ ਦੇ ਅਨੁਭਵਾਂ ਅਤੇ ਜੀਵੰਤ ਸੰਸਾਰਾਂ ਨੂੰ ਦਰਸ਼ਾਵੇ।

ਉੱਚ-ਪਰਾਇਮਰੀ ਪੱਧਰ ਪੁਰ ਸਮਾਜਕ ਵਿਗਿਆਨ ਦਾ ਵਿਸ਼ੈ ਇਤਹਾਸ, ਭੂਗੋਲ, ਰਾਜਨੀਤੀ ਵਿਗਿਆਨ ਅਤੇ ਅਰਥ ਸ਼ਾਸਤਰ ਉੱਪਰ ਆਧਰਤ ਹੋਵੇਗਾ। ਇਤਹਾਸ ਵਿੱਚ ਭਾਰਤ ਦੇ ਭਿੰਨ ਭਿੰਨ ਹਿੱਸਿਆਂ ਵਿੱਚ ਹੋਈਆਂ ਤਬਦੀਲੀਆਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ, ਤੇ ਨਾਲ ਹੀ ਦੁਨੀਆਂ ਦੇ ਦੂਜੇ ਹਿੱਸਿਆਂ ਵਿੱਚ ਵਾਪਰੀਆਂ ਘਟਨਾਵਾਂ ਜਾਂ ਤਬਦੀਲੀਆਂ ਉੱਪਰ ਕੁਝ ਖੰਡ ਹੋਣਗੇ। ਭੂਗੋਲ ਵਾਤਾਵਰਣ ਸਬੰਧੀ, ਸਾਧਨਾਂ ਅਤੇ ਵਿਕਾਸ ਬਾਰੇ, ਪਰਾਂਤਕ ਅਤੇ ਗਲੋਬਲੀ ਪੱਧਰਾਂ ਉੱਪਰ ਵਿਕਾਸ ਬਾਰੇ ਇੱਕ ਸੰਤੁਲਤ ਦ੍ਰਿਸ਼ਟੀਕੋਣ ਵਿਕਸਤ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ। ਰਾਜਨੀਤੀ ਵਿਗਿਆਨ ਵਿੱਚ ਵਿਦਿਆਰਥੀਆਂ ਨੂੰ ਸਰਕਾਰਾਂ ਦੇ ਬਣਨ ਅਤੇ ਕੰਮਕਾਜ ਕਰਨ ਨੂੰ ਪੜ੍ਹਇਆ ਜਾਵੇਗਾ। ਇਲਾਕੇ, ਰਾਜ ਅਤੇ ਕੇਂਦਰ ਵਰਗੇ ਪੱਧਰਾਂ ਪੁਰ ਲੋਕਤੰਤਰੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਨੂੰ ਪੜ੍ਹਾਇਆ ਜਾਵੇਗਾ। ਅਰਥ ਸ਼ਾਸਤਰ ਦਾ ਭਾਗ ਬੱਚਿਆਂ ਦੀ ਪਰਵਾਰ, ਮੰਡੀ ਅਤੇ ਰਾਜ

ਵਰਗੀਆਂ ਆਰਥਕ ਸੰਸਥਾਵਾਂ ਨੂੰ ਸਮਝਣ ਵਿੱਚ ਮਦਦ ਕਰੇਗਾ। ਇੱਕ ਖੰਡ ਅੰਤਰ-ਅਨੁਸਾਸਨੀ ਪਹੁੰਚਾਂ ਨੂੰ ਸੰਕੇਤ ਕਰਨ ਦੇ ਵਾਸਤੇ ਵੀ ਹੋਵੇਗਾ।

ਸੈਕੰਡਰੀ ਪੱਧਰ ਦੇ ਸਮੇਂ ਸਮਾਜਕ ਵਿਗਿਆਨਾਂ ਵਿੱਚ ਇਤਹਾਸ, ਭੁਗੋਲ, ਰਾਜਨੀਤੀ ਵਿਗਿਆਨ ਅਤੇ ਅਰਥ ਸ਼ਾਸਤਰ ਸ਼ਾਮਲ ਹਨ। ਧਿਆਨ ਦੇ ਕੇਂਦਰ ਪੁਰ ਸਮਕਾਲੀ ਭਾਰਤ ਹੋਵੇਗਾ ਅਤੇ ਰਾਸ਼ਟਰ ਦੇ ਦਰਪੇਸ਼ ਸਮੱਸਿਆਵਾਂ ਦੀ ਡੂੰਗੀ ਸੂਝ ਪ੍ਰਾਪਤ ਕਰਨ ਦੇ ਲਈ ਸਿਖਿਅਕ ਨੂੰ ਸੇਧ ਦਿੱਤੀ ਜਾਵੇਗੀ। ਗਿਆਨ ਮੂਲਕ ਬਦਲਾਵ ਨੂੰ ਧਿਆਨ ਵਿੱਚ ਰੱਖਦਿਆਂ ਇਹਨਾਂ ਨੁਕਤਿਆਂ ਉੱਪਰ ਬਹੁਪੱਖੀ ਬਹਿਸ ਵਿੱਚ ਪਛੜੀਆਂ ਜਾਤਾਂ ਤੇ ਪਛੜੇ ਕਬੀਲਿਆਂ ਦੇ ਨਾਲ ਵੋਟ-ਅਧਿਕਾਰ ਰਹਿਤ ਲੋਕਾਂ ਦੀ ਵੀ ਗੱਲ ਹੋਵੇਗੀ। ਜਿੱਥੋਂ ਤੱਕ ਵੀ ਸੰਭਵ ਹੋ ਸਕੇ ਕੋਸ਼ਿਸ਼ ਇਹੀ ਕੀਤੀ ਜਾਵੇਗੀ ਕਿ ਵਿਸ਼ੈ-ਵਸਤੂ ਬੱਚਿਆਂ ਦੇ ਰੋਜ਼ਾਨਾਂ ਜੀਵਨ ਦੇ ਨਾਲ ਜੁੜ ਸਕੇ। ਇਤਹਾਸ ਵਿੱਚ ਭਾਰਤ ਦੀ ਸੁਤੰਤਰਤਾ ਦੀ ਲਹਿਰ ਅਤੇ ਆਧੁਨਿਕ ਇਤਹਾਸ ਦੇ ਹੋਰ ਪੱਖ ਪੜ੍ਹੇ ਜਾ ਸਕਦੇ ਹਨ। ਸੰਸਾਰ ਭਰ ਦੇ ਹੋਰ ਹਿੱਸਿਆਂ ਵਿੱਚ ਵਾਪਰੀ ਤਬਦੀਲੀ ਵੀ ਪੜ੍ਹੀ ਜਾ ਸਕਦੀ ਹੈ।

ਇਤਹਾਸ ਨੂੰ ਇਸ ਮਨਸ਼ਾ ਨਾਲ ਪੜ੍ਹਾਇਆ ਜਾਣਾ ਚਾਹੀਦਾ ਹੈ ਕਿ ਬੱਚਿਆਂ ਨੂੰ ਉਹਨਾਂ ਦੇ ਅਪਣੇ ਜਗਤ ਦੀ ਭਲੀ ਭਾਂਤ ਸਮਝ ਪੈ ਸਕੇ ਕਿ ਉਨ੍ਹਾਂ ਦੀਆਂ ਅਪਣੀਆਂ ਪਛਾਣਾਂ ਕਿਸ ਤਰ੍ਹਾਂ ਅਮੀਰ ਤੇ ਬਿੱਖਰੇ ਹੋਏ ਭੂਤਕਾਲ ਵਿੱਚੋਂ ਰੂਪਮਾਨਤ ਹੋਈਆਂ ਹਨ। ਇਤਹਾਸ ਹੁਣ ਉਨ੍ਹਾਂ ਨੂੰ ਉਨ੍ਹਾਂ ਦੀ ਦੁਨੀਆਂ ਵਿੱਚ ਬਦਲਾਵ ਅਤੇ ਨਿਰੰਤਰਤਾ ਦੀ ਪ੍ਰਕਿਰਿਆ ਨੂੰ ਖੋਜ਼ ਲੈਣ ਵਿੱਚ ਮਦਦ ਕਰੇ। ਉਹ ਤਾਕਤ ਦੀ ਅਜ਼ਮਾਇਸ਼ ਅਤੇ ਅਧਿਕਾਰ ਦੇ ਲਾਗੂ ਹੋਏ ਹੋਣ ਅਤੇ ਹੁੰਦੇ ਹੋਣ ਦੇ ਤਰੀਕਿਆਂ ਦੀ ਸਮਝ ਵੀ ਲਾਵੇ।

ਭੂਗੋਲ ਨਾਲ ਸਬੰਧਤ ਵਿਸ਼ਿਆਂ ਨੂੰ ਇਹ ਗੱਲ ਮਨ ਵਿੱਚ ਰੱਖਕੇ ਪੜ੍ਹਾਇਆ ਜਾਣਾਂ ਹੈ ਕਿ ਬੱਚੇ ਵਿੱਚ ਸਾਧਨਾਂ ਦੀ ਸੰਭਾਲ ਅਤੇ ਵਾਤਾਵਰਣ ਦੇ ਮੁੱਦਿਆਂ ਦੇ ਪ੍ਰਤੀ ਆਲੋਚਨਾਤਮਕ ਰਵੱਈਆ ਉਤਪਨ ਕੀਤਾ ਜਾ ਸਕੇ। ਰਾਜਨੀਤੀ ਵਿਗਿਆਨ ਵਿੱਚ ਪੜ੍ਹਾਈ ਦਾ ਕੇਂਦਰ ਭਾਰਤ ਦੇ ਸਵਿਧਾਨ ਦੇ ਦਾਰਸ਼ਨਿਕ ਪਹਿਲੂਆਂ ਉੱਪਰ ਵਿਚਾਰ ਚਰਚਾ, ਜਾਂ ਇਉਂ ਕਹੋ ਕਿ ਸਮਾਨਤਾ, ਆਜ਼ਾਦੀ, ਨਿਆਂ, ਖੁਦਮੁਖਤਾਰੀ, ਗਰਿਮਾਂ, ਬਹੁਵਚਨਤਾ, ਅਤੇ ਲੁੱਟ-ਖਸੁੱਟ ਤੋਂ ਆਜ਼ਾਦੀ ਉੱਪਰ ਡੂੰਗੀ ਚਰਚਾ ਹੋਣੀ ਹੈ। ਕਿਉਂਕਿ ਅਰਥਸ਼ਾਸਤਰ ਦਾ ਖੇਤਰ ਇਸ ਪੱਧਰ ਉੱਪਰ ਲਾਗੂ ਹੋਣਾਂ ਹੈ, ਧਿਆਨ ਇਹ ਰਹੇ ਕਿ ਚੁਣੇ ਗਏ ਵਿਸ਼ੇ ਜਨ-ਸਧਾਰਨ ਨਾਲ ਸਬੰਧਤ ਹੋਣ। ਉਦਾਹਰਣ ਲਈ, ਗਰੀਬੀ ਦੇ ਮੁੱਦੇ ਨੂੰ ਆਦਾਰਿਆਂ ਦੀ ਕਾਰਗੁਜਾਰੀ ਅਤੇ ਆਰਥਕ ਰਿਸ਼ਤਿਆਂ ਦੇ ਵਿੱਚਲੀ ਪਾਈ ਜਾਣ ਵਾਲੀ ਅਸਮਾਨਤਾ ਵਿੱਚੋਂ ਉਸਾਰਿਆ ਜਾ ਸਕਦਾ ਹੈ।

ਉੱਚ ਸੈਕੰਡਰੀ ਬੜਾ ਮਹੱਤਵ ਪੂਰਣ ਸਮਝਿਆ ਜਾਂਦਾ ਹੈ ਕਿਉਂਕਿ ਇਸ ਵਿੱਚ ਢੇਰ ਸਾਰੀਆਂ ਚੋਣਾਂ ਦੀਆਂ ਕਤਾਰਾਂ ਪ੍ਰਾਪਤ ਹੁੰਦੀਆਂ ਹਨ ਅਤੇ ਵਿਦਿਆਰਥੀਆਂ ਨੇ ਅਪਣੀਆਂ ਦਿਲਚਸਪੀਆਂ, ਜਰੂਰਤਾਂ, ਰੁਝਾਣਾਂ ਦੇ ਆਧਾਰ ਉੱਪਰ ਚੋਣ ਕਰ ਲੈਣੀ ਹੁੰਦੀ ਹੈ। ਕਈਆਂ ਵਿਦਿਆਰਥੀਆਂ ਦੇ ਲਈ ਇਹ ਉਹਨਾਂ ਦੀ ਪੜ੍ਹਾਈ ਦਾ ਅੰਤ ਹੁੰਦਾ ਹੈ ਤੇ ਉਹਨਾਂ ਧੰਦੇ ਵਿੱਚ ਲੱਗ ਜਾਣਾਂ ਹੁੰਦਾ ਹੈ; ਤੇ ਹੋਰਨਾਂ ਲਈ ਇਹ ਉੱਚ ਸਿੱਖਿਆ ਦਾ ਨੀਂਹ-ਪੱਥਰ ਬਣਦੀ ਹੈ। ਉਹ ਚਹੁੰਣ ਤਾਂ ਕੋਈ ਵਿਸ਼ੇਸ਼ ਅਕਾਦਮਕ ਕੋਰਸ ਚੁਣ ਸਕਦੇ ਹਨ, ਤੇ ਜਾਂ ਕੋਈ ਨੌਕਰੀ ਨਾਲ ਜੁੜਿਆ ਹੋਇਆ ਕੰਮ-ਧੰਦੇ ਵਾਲਾ ਕੋਰਸ ਚੁਣ ਸਕਦੇ ਹਨ। ਇਸ ਸਤਰ ਉੱਪਰ ਪਈ ਹੋਈ ਨੀਂਹ ਉਹਨਾਂ ਨੂੰ ਮੁਢਲੀ ਵਾਕਫੀ, ਕੌਸ਼ਲ ਅਤੇ ਰਵੱਈਏ ਮੁਹੱਈਆਂ ਕਰਵਾ ਦੇਵੇ, ਜਿਸ ਨਾਲ ਉਹ ਅਪਣੇ ਚੁਣੇ ਹੋਏ ਖੇਤਰਾਂ ਵਿੱਚ ਮਹੱਤਵ ਪੂਰਣ ਯੋਗਦਾਨ ਪਾ ਸਕਣ।

ਸਮਾਜਕ ਵਿਗਿਆਨਾਂ ਅਤੇ ਵਪਾਰ ਦੇ ਬਾਰੇ ਕਈ ਪਰਕਾਰ ਦੇ ਕੋਰਸ ਲਾਗੂ ਕੀਤੇ ਜਾਣੇ ਚਾਹੀਦੇ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਅਪਣੇ ਝੁਕਾਵਾਂ ਅਤੇ ਪਸੰਦਾਂ ਦੇ ਅਨੁਸਾਰ ਜ਼ਿਆਦਾ ਚੰਗੀ ਚੋਣ ਕਾਰਨ ਦਾ ਮੌਕਾ ਮਿਲ ਸਕੇ। ਜਰੂਰੀ ਨਹੀਂ ਕਿ ਮਜਮੂੰਨਾਂ ਅਤੇ ਕੋਰਸਾਂ ਨੂੰ ਧਾਰਾਵਾਂ ਵਿੱਚ ਵੰਡਿਆ ਗਿਆ ਹੋਵੇ, ਸਗੋਂ ਇਹ ਚੋਣ ਵਿਦਿਆਰਥੀਆਂ ਉੱਪਰ ਛੱਡ ਦਿੱਤੀ ਜਾਵੇ ਕਿ ਉਹ ਅਪਣੀਆਂ ਦਿਲਚਸਪੀਆਂ ਅਤੇ ਰੁਝਾਣਾਂ ਦੀ ਵਰਤੋਂ ਕਰਨ। ਇਸ ਪੱਧਰ ਉੱਪਰ ਸਮਾਜ ਵਿਗਿਆਨਾਂ ਵਿੱਚ ਸ਼ਾਮਲ ਵਿਸ਼ੇ ਹੋ ਸਕਦੇ ਹਨ: ਰਾਜਨੀਤੀ ਵਿਗਿਆਨ, ਭੁਗੋਲ, ਇਤਹਾਸ, ਪੁਰਾਤੱਤਵ ਵਿਗਿਆਨ, ਅਰਥ ਸ਼ਾਸਤਰ, ਸਮਾਜਕ ਵਿਗਿਆਨ ਅਤੇ ਮਨੋਵਿਗਿਆਨ।

ਉੱਚ ਸੈਕੰਡਰੀ ਪੱਧਰ ਉੱਪਰ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹਨਾਂ ਵਿਸ਼ਿਆਂ ਦੀ ਪੜ੍ਹਾਈ ਬੱਚਿਆਂ ਵਿੱਚ ਅਜਿਹਾ ਕੌਸ਼ਲ ਅਤੇ ਯੋਗਤਾਵਾਂ ਪੈਦਾ ਕਰ ਦੇਵੇ ਤਾਂ ਜੋ ਉਹ ਫੈਸਲਾ ਲੈ ਸਕਣ, ਵਿਰੋਧੀ ਦਾਹਵਿਆਂ ਅਤੇ ਉਗਾਹੀਆਂ ਦਾ ਵਿਸ਼ਲੇਸ਼ਣ ਕਰਨ, ਬਹਿਸ ਵਿੱਚ ਭਾਗ ਲੈਣ, ਬਹੁਤ ਸਾਰੇ ਸਾਧਨਾਂ ਦੀ ਵਰਤੋਂ ਕਰਕੇ ਸੁਤੰਤਰ ਰੂਪ ਵਿੱਚ ਪ੍ਰੋਜੈਕਟ ਵਰਕ ਕਰ ਸਕਣ ਆਦਿ ਦੇ ਯੋਗ ਹੋ ਸਕਣ।

### 3.4.3 ਪੜ੍ਹਾਈ ਅਤੇ ਸਾਧਨਾਂ ਲਈ ਪਹੁੰਚਾਂ

ਸਮਾਜਕ ਵਿਗਿਆਨਾਂ ਦੀ ਪੜ੍ਹਾਈ ਵਿੱਚ ਇਸ ਢੰਗ ਦੀ ਮੁੜ-ਜਾਗਰਤੀ ਦੀ ਜਰੂਰਤ ਹੈ ਕਿ ਇਹ ਸੰਵਾਦੀ ਹਾਲਾਤ ਵਿੱਚ ਗਿਆਨ ਅਤੇ ਕੌਸ਼ਲ ਗ੍ਰਹਿਣ ਕਰਨ ਵਿੱਚ ਮਦਦ ਕਰੇ। ਸਮਾਜਕ ਵਿਗਿਆਨ ਦੀ ਪੜ੍ਹਾਈ ਅਜਿਹੇ ਤਰੀਕੇ ਅਪਣਾਵੇ ਜੋ ਸਿਰਜਣਾਤਮਕਤਾ, ਸੁਹਜ ਸ਼ਾਸਤਰ, ਅਤੇ ਆਲੋਚਨਾਮਕ ਪਰਪੇਖਾਂ ਨੂੰ ਪ੍ਰਫੁੱਲਤ ਕਰਨ ਅਤੇ ਬੱਚਿਆਂ ਦੀ ਮਦਦ ਕਰਨ ਤਾਂ ਜੋ ਉਹ ਭੂਤਕਾਲ ਨੂੰ ਵਰਤਮਾਨ ਨਾਲ ਜੋੜ ਸਕਣ, ਸਮਾਜ ਵਿੱਚ ਵਾਪਰ ਰਹੀਆਂ ਤਬਦੀਲੀਆਂ ਨੂੰ ਸਮਝ ਸਕਣ। ਸਮੱਸਿਆ ਨਿਪਟਾਰਾ, ਨਾਟਕੀਕਰਣ ਅਤੇ ਪਾਤਰ ਦਾ ਨਿਭਾਅ

ਆਦਿ ਹੁਣ ਤੱਕ ਨਾ ਅਜ਼ਮਾਈਆਂ ਗਈਆਂ ਜੁਗਤਾਂ ਹਨ। ਇਨ੍ਹਾਂ ਨੂੰ ਵਰਤਿਆ ਜਾ ਸਕਦਾ ਹੈ। ਪੜ੍ਹਾਈ ਵਿੱਚ ਸੁਣਤੀ-ਦ੍ਰਿਸ਼ਟੀ ਸਮੱਗਰੀ ਦੀ ਵੱਧ ਤੋਂ ਵੱਧ ਵਰਤੋਂ ਹੋਣੀ ਚਾਹੀਦੀ ਹੈ, ਜਿਸ ਵਿੱਚ ਫੋਟੋਆਂ, ਚਾਰਟ ਅਤੇ ਨਕਸ਼ੇ ਅਤੇ ਪੁਰਾਤੱਤਵਕ ਸਮਗਰੀ ਦੀਆਂ ਨਕਲਾਂ ਨੂੰ ਅਤੇ ਸਭਿਆਚਾਰਕ ਸਮਗਰੀ ਨੂੰ ਵਰਤਿਆ ਜਾਵੇ।

ਸਿੱਖਣ ਦੀ ਪ੍ਰਕਿਰਿਆ ਨੂੰ ਭਾਗਆਰਥੀ ਬਨਾਉਣ ਲਈ ਇਹ ਜਰੂਰੀ ਹੈ ਕਿ ਸਿੱਧੀ ਸਿੱਧੀ ਸੂਚਨਾਂ ਦੇ ਪਰਚਾਰਣ ਦੀ ਜਗਾਹ ਬਹਿਸ ਅਤੇ ਵਿਚਾਰ ਚਰਚਾ ਦੀ ਮਦਦ ਲਈ ਜਾਵੇ। ਸਿੱਖਣ ਦੀ ਇਹ ਪਹੁੰਚ ਸਿਖਿਅਕਾਂ ਅਤੇ ਅਧਿਆਪਕਾਂ ਦੋਨਾਂ ਨੂੰ ਹੀ ਸਮਾਜਕ ਯਥਾਰਥਾਂ ਪ੍ਰਤੀ ਜਾਗਰੂਕ ਰੱਖਦੀ ਹੈ।

ਸੰਕਲਪਾਂ ਨੂੰ ਵਿਅਕਤੀਆਂ ਅਤੇ ਭਾਈਚਾਰਿਆਂ ਦੇ ਸੁਜਾਗਤ ਅਨੁਭਵਾਂ ਦੇ ਆਧਾਰ ਉੱਪਰ ਸਪੱਸ਼ਟ ਕੀਤਾ ਜਾਣਾਂ ਚਾਹੀਦਾ ਹੈ। ਅਕਸਰ ਇਹ ਦੇਖਣ ਵਿੱਚ ਆਇਆ ਹੈ ਕਿ ਸਭਿਆਚਾਰਕ, ਸਮਾਜਕ, ਅਤੇ ਜਮਾਤ ਵਾਲੇ ਫਰਕ ਅਪਣੇ ਨਜ਼ਰੱਈਏ, ਖੁੰਦਕਾਂ ਅਤੇ ਰਵੱਈਏ ਪਾਠ-ਕਮਰੇ ਦੇ ਸੰਧਰਭਾਂ ਵਿੱਚ ਵੀ ਘਸੋੜ ਦਿੱਤੇ ਜਾਂਦੇ ਹਨ। ਪੜ੍ਹਾਈ ਪ੍ਰਤੀ ਪਹੁੰਚ ਇਸ ਕਰਕੇ ਬੜੀ ਖੁੱਲ੍ਹੇ ਹਿਸਾਬ ਵਾਲੀ ਰੱਖਣ ਦੀ ਜਰੂਰਤ ਹੈ। ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਜਮਾਤ ਵਿੱਚ ਸਮਾਜਕ ਯਥਾਰਥ ਦੀਆਂ ਭਿੰਨ ਭਿੰਨ ਪਰਤਾਂ ਉੱਪਰ ਚਰਚਾ ਕਰਨ ਅਤੇ ਅਪਣੇ ਵਿੱਚ ਤੇ ਸਿਖਿਅਕਾਂ ਵਿੱਚ ਵੱਧ ਤੋਂ ਵੱਧ ਵਿਅਕਤੀਗਤ ਜਾਗਰਣ ਪੈਦਾ ਕਰਨ ਦੀ ਕੋਸ਼ਿਸ਼ ਕਰਨ।

## 3.5 ਕਲਾ ਦੀ ਸਿੱਖਿਆ

ਕਈ ਦਹਾਕਿਆਂ ਤੋਂ ਸਾਡੇ ਸਿੱਖਿਆ ਪ੍ਰਬੰਧ ਵਿੱਚ ਕਲਾਵਾਂ ਦੇ ਮਹੱਤਵ ਉੱਪਰ ਢੇਰ ਬਹਿਸ ਹੋਈ ਹੈ, ਵਾਰ ਵਾਰ ਇਸ ਬਾਰੇ ਚਰਚਾ ਛਿੜੀ ਹੈ, ਪਰ ਇਸ ਦਿਸ਼ਾ ਵਿੱਚ ਕੋਈ ਬਹੁਤੀ ਸਫਲਤਾ ਪਰਾਪਤ ਨਹੀਂ ਹੋ ਸਕੀ। ਜੇ ਅਸੀਂ ਅਪਣੀ ਨਿੱਖੜਵੀਂ ਸਭਿਆਚਾਰਕ ਪਛਾਣ ਨੂੰ ਇਸ ਦੀ ਸਾਰੀ ਵਚਿੱਤਰਤਾ ਦੇ ਬਾਵਜੂਦ ਅਤੇ ਅਮੀਰੀ ਦੇ ਵਰਤਮਾਨ ਸਰੂਪ ਵਿੱਚ ਬਣਾਈ ਰੱਖਣੀ ਹੈ ਤਾਂ ਸਾਡੇ ਵਿਦਿਆਰਥੀਆਂ ਦੀ ਉਪਚਾਰਕ ਸਕੂਲੀ ਪੜਾਈ ਦੇ ਨਾਲ ਕਲਾ ਦੀ ਪੜ੍ਹਈ ਨੂੰ ਤੁਰੰਤ ਹੀ ਸੁਮਿਲਤ ਕਰਨਾਂ ਬੜਾ ਜਰੂਰੀ ਹੈ।

ਕਲਾਵਾਂ ਦੇ ਧੰਦੇ ਨੂੰ ਉਤਸਾਹਤ ਕਰਨ ਦੀ ਬਜਾਏ ਸਾਡੇ ਸਿੱਖਿਆ ਦੇ ਢਾਂਚੇ ਨੇ ਜਵਾਨ ਵਿਦਿਆਰਥੀਆਂ ਅਤੇ ਸਿਰਜਕ ਮਨਾਂ ਦਾ ਸਗੋਂ ਮਨੋਬਲ ਗਿਰਾਇਆ ਹੀ ਹੈ ਕਿ ਉਹ ਕਲਾਵਾਂ ਨੂੰ ਅਪਨਾ ਨਾ ਲੈਣ। ਜੇ ਕੁਝ ਕੀਤਾ ਹੈ ਤਾਂ ਏਨਾਂ ਕਿ ਕਲਾਵਾਂ ਨੂੰ ਕੋਝੀਆਂ ‘ਲਾਭਦਾਇਕ ਮਨ ਪ੍ਰਚਾਵੇ-ਹੌਬੀਆਂ’ ਅਤੇ ‘ਵਿਹਲੇ ਸਮੇਂ ਦੇ ਕੰਮ’ ਬਣਨ ਦਿੱਤਾ ਹੈ। ਕਲਾਵਾਂ ਨੂੰ ਭਿੰਨ ਭਿੰਨ ਮੌਕਿਆ ਉੱਪਰ ਸਕੂਲ ਦੀ ਸੋਭਾ ਵਧਾਏ ਜਾਣ ਦਾ ਇੱਕ ਹਥੌੜਾ ਬਣਾ ਦਿੱਤਾ

ਗਿਆ ਹੈ। ਸੁਤੰਤਰਤਾ ਦਿਵਸ, ਸਥਾਪਤੀ ਦਿਵਸ, ਸਲਾਨਾਂ ਦਿਵਸ ਹਾਂ ਸਕੂਲ ਦੇ ਕੰਮ-ਕਾਜ ਦੀ ਇੰਸਪੈਕਸ਼ਨ ਹੋਣ ਵੇਲੇ ਕਲਾ ਨੇ ਸਜਾਵਟ ਦਾ ਕੰਮ ਕਰਨਾਂ ਹੁੰਦਾ ਹੈ। ਉਸ ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਕਲਾਵਾਂ ਨੂੰ ਬੱਚੇ ਦੀ ਬਹੁਤੀ ਪੜ੍ਹਾਈ ਵਿੱਚੋਂ ਵਗਾਹ ਮਾਰਿਆ ਜਾਂਦਾ ਹੈ ਤੇ ਵਿਦਿਆਰਥੀਆਂ ਨੂੰ ਉਹਨਾਂ ਮਜਮੂੰਨਾਂ ਦੇ ਤਰਫ ਧਕੇਲ ਦਿੱਤਾ ਜਾਂਦਾ ਹੈ ਜਿੰਨ੍ਹਾਂ ਨੂੰ ਧਿਆਂਨ ਦੇ ਪਾਤਰ ਗਿਣਿਆਂ ਜਾਂਦਾ ਹੈ। ਕਲਾਵਾਂ ਬਾਰੇ ਆਮ ਵਾਕਫੀ ਹੌਲੀ ਹੌਲੀ ਘਟਦੀ ਜਾ ਰਹੀ ਹੈ, ਤੇ ਇਹ ਦਸ਼ਾ ਵਿਦਿਆਰਥੀਆਂ ਦੀ ਹੀ ਨਹੀਂ, ਉਹਨਾਂ ਦੇ ਮਾਪਿਆਂ, ਅਧਿਆਪਕਾਂ ਅਤੇ ਏਥੋਂ ਤੱਕ ਕਿ ਨੀਤੀ ਬਨਾਉਣ ਵਾਲਿਆਂ ਵਿੱਚ ਵੀ ਘਰ ਕਰਦੀ ਜਾ ਰਹੀ ਹੈ।

ਸਕੂਲ ਅਤੇ ਸਕੂਲ ਦੇ ਪ੍ਰਬੰਧਕ ਬੜੀਆਂ ਸਤਹੀ ਤੇ ਸਸਤੀ ਭਾਂਤ ਦੀਆਂ ਕਾਲਾਵਾਂ ਨੂੰ ਅੱਗੇ ਲਿਆਉਂਦੇ ਹਨ। ਅਜਿਹੀਆਂ ਗਤੀਵਿਧੀਆਂ ਕਰਵਾਉਂਦੇ ਹਨ ਜੋ ਗੀਤਾਂ, ਨਾਚਾਂ ਅਤੇ ਡਰਾਮਿਆਂ ਵਰਗੀਆਂ ਮੌਜ ਮਸਤੀ ਭਰੀਆਂ ਹੋਣ, ਭਾਵੇਂ ਸੁਹਜਾਤਮਕ ਗੁਣ ਤੋਂ ਊਣੀਆਂ ਕਿਉਂ ਨਾਂ ਹੋਣ। ਅਸੀਂ ਕਲਾਵਾਂ ਦੇ ਮਹੱਤਵ ਨੂੰ ਹੋਰ ਜ਼ਿਆਦਾ ਅੱਖੋਂ ਓਹਲੇ ਨਹੀਂ ਕਰ ਸਕਦੇ। ਕਲਾਤਮਕ ਯੋਗਤਾਵਾਂ ਦੇ ਪ੍ਰਫੁੱਲਤ ਹੋਣ ਲਈ ਸਾਡੇ ਲਈ ਬੜਾ ਜਰੂਰੀ ਹੈ ਕਿ ਅਸੀਂ ਅਪਣਾ ਸਾਰਾ ਬਲ ਇਕੱਠਾ ਕਰਕੇ ਲਾ ਦਈਏ। ਸਾਡੀ ਬਹੁਭਾਂਤੀ ਅਤੇ ਐਨੀ ਵਿਸ਼ਾਲ ਸਭਿਆਚਾਰਕ ਵਿਰਾਸਤ ਦੇ ਧਾਰਨੀ ਸਾਡੇ ਵਿਦਿਆਰਥੀਆਂ ਵਿੱਚ ਸਭਿਆਚਾਰਕ ਅਤੇ ਕਲਾਤਮਕ ਜਾਗ੍ਰਤੀ ਆਉਣੀ ਜਰੂਰੀ ਹੈ।

ਭਾਰਤ ਵਿੱਚ ਕਲਾਵਾਂ ਇਸ ਦੇ ਧਰਮ-ਨਿਰਪੇਖ ਤਾਣੇਬਾਣੇ ਅਤੇ ਇਸ ਦੇ ਸਭਿਆਚਾਰਕ ਬਹੁਲਤਾ ਦੀ ਜੀਵੰਤ ਉਦਾਹਰਣ ਹਨ। ਇਹਨਾਂ ਵਿੱਚ ਕਈ ਪਰਕਾਰ ਦੇ ਲੋਕ ਅਤੇ ਸ਼ਾਸਤਰਕ ਰੂਪ ਹਨ, ਜਿਵੇਂ ਸੰਗੀਤ, ਨਾਚ, ਰੰਗਮੰਚ, ਪੁਤਲੀਨਾਚ, ਮਿੱਟੀਸਾਜੀ, ਦ੍ਰਿਸ਼ਟ ਕਲਾਵਾਂ, ਅਤੇ ਹੋਰ ਕੌਸ਼ਲਾਂ ਦੇ ਰੂਪ ਹਨ ਜੋ ਭਾਰਤ ਦੇ ਹਰ ਇਲਾਕੇ ਵਿੱਚ ਪਾਏ ਜਾਂਦੇ ਹਨ। ਇਹਨਾਂ ਵਿੱਚੋਂ ਕਿਸੇ ਕਲਾ ਦੀ ਸਿਖਲਾਈ ਸਾਡੇ ਜਵਾਨ ਸ਼ਹਿਰੀਆਂ ਦੀਆਂ ਜ਼ਿੰਦਗੀਆਂ ਨੂੰ ਕੇਵਲ ਸਕੂਲ ਦੇ ਸਾਲਾਂ ਵਿੱਚ ਹੀ ਨਹੀਂ, ਸਗੋਂ ਉਮਰ ਭਰ ਨੂੰ ਸੰਵਰ ਦੇਵੇਗੀ।

## ਰੰਗਮੰਚ ਅਤੇ ਸਿੱਖਿਆ

ਰੰਗਮੰਚ ਸਿੱਖਿਆ ਦਾ ਹਾਲੇ ਵੀ ਨਾ ਵਰਤ ਸਕਿਆ ਗਿਆ ਪਰ ਬੜਾ ਸ਼ਕਤੀਸ਼ਾਲੀ ਰੂਪ ਹੈ। ਦੂਸਰਿਆਂ ਦੇ ਨਾਤੇ ਵਿੱਚ ਸਵੈ ਦੀ ਪੜਤਾਲ, ਸਵੈ ਦੀ ਸਮਜਕਤਾ ਦਾ ਭਰਵਾਂ ਵਿਕਾਸ, ਅਤੇ ਅਲੋਚਨਾਤਮਕ ਦੂਰਤਾ - ਮਨੁੱਖਾਂ ਵਾਸਤੇ ਹੀ ਨਹੀਂ, ਕੁਦਰਤੀ, ਭੌਤਕ ਅਤੇ ਸਮਾਜਕ ਵਿਸ਼ਵ ਦੇ ਵੀ ਵਾਸਤੇ - ਰੰਗਮੰਚ ਇੱਕ ਲਾਸਾਨੀ ਮਾਧਿਅਮ ਹੈ।

ਪਾਠਾਂ ਦਾ ਨਾਟਕੀਕਰਣ ਤਾਂ ਰੰਗਮੰਚ ਦਾ ਛੋਟਾ ਜਿਹਾ ਹਿੱਸਾ ਹੈ। ਕਿਤੇ ਜ਼ਿਆਦਾ ਉੱਚਕੋਟੀ ਦੇ ਹੋਰ ਅਨੁਭਵ ਸੰਭਵ ਹਨ: ਰੋਲ ਦੇ ਨਿਭਾਅ ਰਾਹੀਂ, ਮੰਚਣ ਦੇ ਅਭਿਆਸਾਂ ਰਾਹੀਂ, ਜਿਸਮ ਅਤੇ ਆਵਾਜ਼ ਦੇ ਰੋਕ-ਸੰਜਮ ਰਾਹੀਂ, ਸਮੂਹਕ ਅਤੇ ਆਪਮੁਹਾਰੇ ਹੋਈਆਂ ਅਦਾਕਾਰੀਆਂ ਰਾਹੀਂ।

ਐਹੋ ਜਿਹੇ ਅਨੁਭਵ ਅਧਿਆਪਕਾਂ ਦੇ ਅਪਣੇ ਵਿਕਾਸ ਲਈ ਵੀ ਕੀਮਤੀ ਹਨ, ਅਤੇ ਅਧਿਆਪਕਾਂ ਦੇ ਹੱਥੀਂ ਬੱਚਿਆਂ ਨੂੰ ਦੇਣ ਵਾਸਤੇ ਵੀ।

ਦਰਸ਼ਨੀ ਅਤੇ ਅਦਾਕਾਰੀ ਵਾਲੀਆਂ ਕਲਾਵਾਂ ਨੂੰ ਸਿੱਖਣ ਦਾ ਅਤੇ ਪਾਠਕ੍ਰਮ ਦਾ ਮਹੱਤਵ ਪੂਰਣ ਅੰਗ ਬਨਾਉਣ ਦੀ ਲੋੜ ਹੈ। ਬੱਚਿਆਂ ਨੂੰ ਇਨ੍ਹਾਂ ਖੇਤਰਾਂ ਵਿੱਚ ਕੌਸ਼ਲ ਅਤੇ ਯੋਗਤਾ ਵਧਾਉਣੀ ਚਾਹੀਦੀ ਹੈ, ਪਰ ਕਿਸੇ ਦਿਲ ਲਗਾਊ ਕਿਨਾਰੇ ਦੀ ਤਰ੍ਹਾਂ ਨਹੀਂ। ਪਾਠਕ੍ਰਮ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਨੂੰ ਦੇਸ਼ ਦੀਆਂ ਅਮੀਰ ਅਤੇ ਭਿੰਨਤ ਪਰੰਪਰਾਵਾਂ ਤੋਂ ਜਾਣੂੰ ਕਰਵਾਉਣਾਂ ਚਾਹੀਦਾ ਹੈ। ਕਲਾਵਾਂ ਦੀ ਸਿਖਲਾਈ ਹਰ ਸਕੂਲ ਲਈ ਵਰਤਿਆ ਜਾ ਸਕਦਾ ਸੰਦ ਅਤੇ ਪੜ੍ਹਾਇਆ ਜਾ ਰਿਹਾ ਇੱਕ ਲਾਜਮੀਂ ਮਜ਼ਮੂੰਨ ਬਣ ਜਾਣਾਂ ਚਾਹੀਦਾ ਹੈ (ਦਸਵੀਂ ਜਮਾਤ ਤੱਕ) ਅਤੇ ਇਹਦੇ ਵਾਸਤੇ ਹਰ ਸਕੂਲ ਵਿੱਚ ਸਹੂਲਤਾਂ ਵੀ ਪਰਦਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਕਲਾ ਸ਼ਬਦ ਨਾਲ ਚਾਰ ਦੀਆਂ ਚਾਰੇ ਵਿਧਾਵਾਂ ਸੰਗੀਤ, ਨਾਚ, ਦਰਸ਼ਨੀ ਕਲਾ ਅਤੇ ਰੰਗਮੰਚ ਲਾਗੂ ਕੀਤੀਆਂ ਜਾਣ।

ਇਹ ਵੀ ਕਿ ਕਲਾਵਾਂ ਦੇ ਮਹੱਤਵ ਬਾਰੇ ਮਾਪਿਆਂ, ਰਖਿਅਕਾਂ, ਸਕੂਲ ਪ੍ਰਬੰਧਕਾਂ, ਸਿੱਖਿਆ ਅਧਿਕਾਰੀਆਂ ਵਿੱਚ ਜਾਣਕਾਰੀ ਵੀ ਹੋਰ ਵਧਾਉਣ ਦੀ ਲੋੜ ਹੈ। ਜ਼ਿਆਦਾ ਬਲ ਕਲਾਵਾਂ ਦੇ ਸਿੱਖਣ ਉੱਪਰ ਹੋਣਾਂ ਚਾਹੀਦਾ ਹੈ, ਨਾਂ ਕਿ ਪੜ੍ਹਾਉਣ ਉੱਪਰ। ਸਾਰੀ ਪਹੁੰਚ ਭਾਗੀਦਾਰੀ ਵਾਲੀ, ਵਾਰਤਾਲਾਪੀ ਅਤੇ ਅਨੁਭਵਕਾਰੀ ਹੋਣੀ ਚਾਹੀਦੀ ਹੈ, ਨਾ ਕਿ ਸੂਚਨਾਂਵਾਦੀ।

ਸਕੂਲ ਦੇ ਸਾਰੇ ਸਾਲਾਂ ਦੇ ਦੌਰਾਨ ਤੇ ਹਰ ਪੱਧਰ ਦੇ ਸਮੇਂ, ਕਲਾ ਦੇ ਰੂਪ ਅਤੇ ਮਾਧਿਅਮ ਦੋਨੋਂ ਹੀ ਬੱਚਿਆਂ ਨੂੰ ਖੇਡ੍ਹ ਅਤੇ ਨਿਰੰਤਰਣ ਵਾਲੇ ਸੁਭਾਅ ਨੂੰ ਵਿਕਸਤ ਕਰਨ ਦੀ ਇਜ਼ਾਜਤ ਦਿੰਦੇ ਹਨ। ਇਹੀ ਇਜ਼ਾਜਤ ਸਮਗਰੀ ਅਤੇ ਪ੍ਰਗਟਾਵੇ ਦੇ ਖੇਤਰ ਵਿੱਚ ਵੀ ਪ੍ਰਾਪਤ ਹੈ। ਸੰਗੀਤ, ਨਾਚ ਅਤੇ ਰੰਗਮੰਚ ਸਵੈ ਦੇ ਗਿਆਨਕ ਅਤੇ ਸਮਾਜਕ

ਦੋਹਾਂ ਧਰਾਤਲਾਂ ਉੱਪਰ ਵਿਕਾਸ ਵਿੱਚ ਹਿੱਸਾ ਪਾਉਂਦੇ ਹਨ। ਅਜਿਹੇ ਅਨੁਭਵਾਂ ਦੇ ਮਹੱਤਵ ਨੂੰ ਪਰਾਇਮਰੀ-ਪਹਿਲੇ ਅਤੇ ਪਰਾਇਮਰੀ ਸਕੂਲ ਦੇ ਸਾਲਾਂ ਵਿੱਚ ਹੋਰ ਵਧਾਕੇ ਕਹਿਣ ਦੀ ਗੁੰਜਾਇਸ਼ ਨਹੀਂ।

ਸਰਦੀ ਦੀ ਇੱਕ ਸੁਭਾ ਨੂੰ ਇੱਕ ਅਧਿਆਪਕਾ ਨੇ ਬੱਚਿਆਂ ਨੂੰ ਇੱਕ 'ਸੁਵੇਰ ਦਾ ਦ੍ਰਿਸ਼' ਵਹੁਣ ਲਈ ਕਿਹਾ। ਇੱਕ ਬੱਚੇ ਨੇ ਡਰੈਂਗ ਪੂਰੀ ਕਰਕੇ ਉਸ ਦੀ ਪਿਛਲ-ਭੂਮੀਂ ਨੂੰ ਇਉਂ ਕਾਲਾ ਕਰ ਦਿੱਤਾ ਕਿ ਸੂਰਜ ਤਕਰੀਬਨ ਛਿਪਾ ਦਿੱਤਾ। "ਮੈਂ ਸੁਵੇਰ ਦੇ ਦ੍ਰਿਸ਼ ਲਈ ਕਿਹਾ ਸੀ! ਇਹ ਸੂਰਜ ਤੇਜ਼ ਹੋਣਾਂ ਚਾਹੀਦਾ ਹੈ!" ਅਧਿਆਪਕਾ ਨੇ ਸੁਲਾਹ ਦਿੱਤੀ। ਉਹਨੇ ਬੱਚੇ ਦੀਆਂ ਬਾਰੀ ਉੱਪਰ ਟਿਕੀਆਂ ਤੇ ਵਿੰਨ੍ਹਦੀਆਂ ਅੱਖਾਂ ਨੂੰ ਨਹੀਂ ਦੇਖਿਆ ਸੀ: ਬਾਹਰ ਤਾਂ ਅੱਜ ਹਾਲੇ ਵੀ ਹਨੇਰਾ ਸੀ, ਤੇ ਉਹ ਸੂਰਜ ਸਰਦੀਲੇ, ਭਾਰੇ ਤੇ ਭੂਰੇ ਬੱਦਲਾਂ ਨਾਲ ਢਕਿਆਂ ਪਿਆ ਸੀ।

ਕੁਦਰਤ ਦੀ ਛਾਣ-ਬੀਨ ਅਤੇ ਅਪਣੀ ਤੇ ਦੂਸਰਿਆਂ ਦੀ ਸਮਝ ਨੂੰ ਹੋਰ ਡੂੰਘਾਈ ਦੇ ਸਕਦੇ ਕਲਾ ਰੂਪਾਂ ਦੇ ਅਨੁਭਵ ਦੇ ਆਧਾਰ ਪੁਰ ਭਾਸ਼ਾ ਸਿਖੀ ਤੇ ਸਮਝੀ ਜਾ ਸਕਦੀ ਹੈ। ਅਪਣੇ ਸੁਭਾਅ ਦੇ ਹੀ ਕਾਰਣ ਕਲਾ ਰੂਪ ਭਿੰਨ ਭਿੰਨ ਦਰਜੇ ਦੀਆਂ ਯੋਗਤਾਵਾਂ ਦੇ ਬੱਚਿਆਂ ਨੂੰ ਇੱਕ ਸਾਥ ਹਿੱਸਾ ਲੈਣ ਦੇ ਲਈ ਇਜਾਜ਼ਤ ਦੇ ਦਿੰਦੇ ਹਨ, ਤੇ ਉਹ ਵੀ ਬਿਨਾਂ ਇਨ੍ਹਾਂ ਫਰਕਾਂ ਨੂੰ ਵਧਾਇਆਂ।

ਹਰ ਸਕੂਲ ਵਿੱਚ ਕਲਾਵਾਂ ਅਤੇ ਪਰੰਪਰਾਵਾਂ ਦਾ ਸੁਮੇਲ ਕਰਵਾਉਣ ਵਾਲੇ ਸਾਰੇ ਸਾਧਨ ਹੋਣੇ ਚਾਹੀਦੇ ਹਨ। ਇਉਂ ਕਹੋ ਕਿ ਪਾਠਕ੍ਰਮ ਵਿੱਚ ਕਲਾ ਦੀਆਂ ਗਤੀਵਿਧੀਆਂ ਦੇ ਲਈ ਲੋੜੀਂਦਾ ਵਕਤ ਜਰੂਰ ਰਾਖਵਾਂ ਰੱਖਿਆ ਜਾਣ ਦੀ ਲੋੜ ਹੈ। ਨਾਚ, ਰੰਗਮੰਚ ਅਤੇ ਮਿੱਟੀ ਦੇ ਕੰਮ ਲਈ ਕੋਈ ਘੰਟੇ ਤੋਂ ਘੱਟ ਡੇਢ੍ਹ ਘੰਟੇ ਦਾ ਸਮਾਂ ਇੱਕ ਵਾਰਗੀ ਹੀ ਰੱਖ ਲਿਆ ਜਾਣਾਂ ਚਾਹੀਦਾ ਹੈ। ਸਾਰੇ ਚਲਨ ਵਿੱਚ ਬਲ ਇਸ ਗੱਲ ਉੱਪਰ ਹੋਣਾਂ ਚਾਹੀਦਾ ਹੈ ਕਿ 'ਵਧੀਆ ਕਲਾ" ਦੇ ਵਡਿਆਂ ਵਾਲੇ ਮਾਪ ਹੀ ਆਇਦ ਨਾਂ ਕੀਤੇ ਜਾਣ। ਬੱਚੇ ਦੇ ਅਪਣੇ ਪ੍ਰਗਟਾਅ ਅਤੇ ਸ਼ੈਲੀ ਨੂੰ ਮਦਦ ਮਿਲੇ, ਮੌਕਾ, ਸਮਗਰੀ, ਕੌਸ਼ਲ, ਤਕਨੀਕ ਸਭ ਦੇ ਹੀ ਪੱਖੋਂ ਮਦਦ। ਪਰ ਉਨ੍ਹਾਂ ਉੱਪਰ ਲੋੜੋਂ ਵਧੀਕ ਬਲ ਨਾਂ ਦਿੱਤਾ ਜਾਵੇ। ਕੁਝ ਸਾਲਾਂ ਦੇ ਬਾਅਦ ਅਧਿਆਪਕ ਬੱਚਿਆਂ ਦੀ ਮਦਦ ਕਰਨ ਕਿ ਉਹ ਅਪਣੇ ਖੁਦ ਦੇ ਕਲਾ ਪ੍ਰੋਜੈਕਟ ਉਲੀਕਣ ਅਤੇ ਉਨ੍ਹਾਂ ਉੱਪਰ ਕੰਮ ਵੀ ਕਰਨ ਲੱਗ ਸਕਣ, ਤੇ ਸਾਰਾ ਕੁਝ ਲਗਨ, ਧੰਹਮਲ, ਸੁਹਜਾਤਮਕ ਗੁਣ ਅਤੇ ਤੀਖਣਤਾ ਦੀ ਸੂਝ ਨਾਲ ਵਾਪਰੇ।

ਪਾਠਕ੍ਰਮ ਸੈਕੰਡਰੀ ਅਤੇ ਉੱਚ ਸੈਕੰਡਰੀ ਸਤਰਾਂ ਦੇ ਸਮੇਂ ਬੱਚਿਆਂ ਨੂੰ ਅਪਣੀ ਦਿਲਚਸਪੀ ਦੇ ਕੁਝ ਖੇਤਰਾਂ ਵਿੱਚ ਵਿਸ਼ੇਸ਼ਤਾ ਹਾਂਸਲ ਕਰਨ ਦੀ ਇਜਾਜ਼ਤ ਦੇਵੇ। ਕਿਸੇ ਕੌਸ਼ਲ ਦੀ ਸਿਖਲਾਈ ਅਤੇ ਅਭਿਆਸ ਦੇ ਨਾਲ ਨਾਲ ਇਸ ਪੱਧਰ ਉੱਪਰ ਬੱਚੇ ਕਲਾ ਦੇ ਸੁਹਜਾਤਮਕ ਅਨੁਭਵ ਦੇ ਸਿਧਾਂਤ ਬਾਰੇ ਵੀ ਕੁਝ ਕੁ ਸਿਖ ਸਕਦੇ ਹਨ, ਜੋ ਉਹਨਾਂ ਦੀ ਮਾਨਣ ਦੀ ਸ਼ਕਤੀ ਨੂੰ ਡੂੰਘਿਆਈ ਦੇਵੇਗਾ ਅਤੇ ਗਿਆਨ ਦੇ ਇਸ ਖੇਤਰ ਦੇ ਮਹੱਤਵ ਨੂੰ ਵੀ ਸਮਝਣ ਵਿੱਚ ਮਦਦ ਕਰੇਗਾ। ਕਲਾ ਦੇ 'ਨੀਮ' ਰੂਪਾਂ ਬਾਰੇ ਬਹਿਸਾਂ, ਵੱਖਰੇ ਕਿਸਮ ਦੀਆਂ ਕਲਾ-ਪਰੰਪਰਾਵਾਂ (ਸਭਿਆਚਾਰਕ ਵਖਰੇਵੇਂ) ਅਤੇ ਸਿਰਜਣਾਤਮਕਤਾ, ਆਦਿ ਉਹਨਾਂ ਨੂੰ 'ਸੁਆਦ' ਅਤੇ ਰੂਪਾਂ ਦੀ ਬਹੁਲਤਾ ਦਾ ਅਹਿਸਾਸ ਦੁਆਏਗੀ।

ਇਸ ਕਰਕੇ ਇਹ ਲੋੜ ਹੈ ਕਿ ਪਾਠਕ੍ਰਮ ਨਾਂ ਤਾਂ ਇੱਕ ਪਾਸੜ ਹੋਵੇ ਤੇ ਨਾ ਹੀ ਉੱਚੇ ਅਤੇ ਨੀਵੇਂ ਸਭਿਆਚਾਰਕ ਰੂਪਾਂ ਦੀਆਂ ਵੰਡਾਂ ਵਾਲੀ ਨਿਆਂਕਾਰੀ ਵਿੱਚ ਉਤਰ ਪਵੇ। ਨਾ ਹੀ ਸ਼ਾਸਤਰਕ ਅਤੇ ਲੋਕ ਕਲਾ ਨੂੰ ਭਿੰਨ ਪਰਕਾਰਾਂ ਦੀ ਤਰ੍ਹਾਂ ਲਵੇ। ਇਹ ਉਹਨਾਂ ਬੱਚਿਆਂ ਨੂੰ ਵੀ ਤਿਆਰ ਕਰੇਗਾ ਜੋ ਕਿਸੇ ਕਲਾ ਰੂਪ ਨੂੰ ਵਿਸ਼ੇਸ ਅਧਿਅਨ ਲਈ ਅਪਣੀ +2 ਪੱਧਰ ਉੱਪਰ ਲੈਣਾਂ ਚਹੁੰਣ, ਜਾਂ ਉਹਨਾਂ ਨੂੰ ਵੀ ਜੋ ਕਲਾਵਾਂ ਨੂੰ ਜੀਵਨ ਭਰ ਦੇ ਪੇਸ਼ੇ ਦੀ ਤਰ੍ਹਾਂ ਅਪਨਾਉਣਾਂ ਚਹੁੰਣ।

ਕਲਾ ਸਿੱਖਿਆ ਦੇ ਅਧਿਆਪਕਾਂ ਨੂੰ ਕਲਾ ਸਿੱਖਿਆ ਨਾਲ ਸਬੰਧਤ ਸਮਗਰੀ ਸਾਧਨਾਂ ਨੂੰ ਜ਼ਿਆਦਾ ਮਿਕਦਾਰ ਵਿੱਚ ਮੁਹੱਈਆ ਕਰਵਾਇਆ ਜਾਵੇ। ਅਧਿਆਪਕ ਸਿੱਖਿਆ ਅਤੇ ਨਵੀਨੀਕਰਣ (ਔਰੀਐਨਟੇਸ਼ਨ) ਵਿੱਚ ਅਜਿਹੇ ਅੰਸ਼ ਜਰੂਰ ਰੱਖੇ ਹੋਏ ਹੋਣ ਜੋ ਕਲਾਵਾਂ ਦੀ ਸਿੱਖਿਆ ਨੂੰ ਸੁਚੱਜਤਾ ਅਤੇ ਸਿਰਜਣਾਤਮਕ ਢੰਗ ਨਾਲ ਸ਼ਾਮਲ ਕਰਨ ਵਿੱਚ ਅਧਿਆਪਕਾਂ ਦੀ ਮਦਦ ਕਰ ਸਕਦੇ ਹੋਣ। ਇਸ ਤੋਂ ਬਿਨਾਂ 'ਬਾਲ ਭਵਨ' ਜੋ ਹੁਣ ਤੱਕ ਸ਼ਹਿਰੀ ਖੇਤਰ ਵਿੱਚ ਬੜਾ ਅਹਿੰਮ ਹਿੱਸਾ ਪਾ ਚੁੱਕਾ ਹੈ, ਹੁਣ ਹੋਰ ਫੈਲਕੇ ਜ਼ਿਲੇ ਦੇ ਪੱਧਰ ਅਤੇ ਤਹਿਸੀਲ-ਤਾਲੁਕ ਤੱਕ ਵੀ ਪਹੁੰਚੇ। ਇਸ ਦੇ ਨਾਲ ਕਲਾਵਾਂ ਅਤੇ ਦਸਤਕਾਰੀਆਂ ਦੇ ਖੇਤਰ ਵਿੱਚ ਹੋਰ ਜ਼ਿਆਦਾ ਉਨਤੀ ਦੀ ਸੰਭਾਵਨਾਂ ਪੈਦਾ ਹੋ ਸਕਦੀ ਹੈ ਤੇ ਬੱਚਿਆਂ ਨੂੰ ਦਸਤਕਾਰੀ ਵਿੱਚ ਵੀ ਮੌਕੇ ਪ੍ਰਾਪਤ ਹੋ ਸਕਦੇ ਹਨ।

### ਪਿਤਰਕ ਦਸਤਕਾਰੀ ਦੀਆਂ ਪਰੰਪਰਾਵਾਂ

ਦਸਤਕਾਰੀ ਇੱਕ ਉਤਪਾਦਕ ਪ੍ਰਕਿਰਿਆ ਹੈ ਤੇ ਇੱਕ ਹੈਰਾਨ ਕਰ ਦੇਣ ਵਾਲੀ ਮਿੱਟੀ ਵਿੱਚੋਂ ਉੱਗੀ ਟੈਕਨਾਲੋਜੀ ਹੈ ਜਿਸ ਦਾ

ਪੂਰਣਾ ਪੈ ਜਾਣਾਂ ਸੰਭਵ ਨਹੀਂ। ਇਸ ਦਾ ਕੱਚਾ ਮਾਲ ਸਾਰਾ ਘਰੇਲੂ ਸਰੋਤਾਂ ਪੁਰ ਨਿਰਭਰ ਹੈ ਅਤੇ ਵਾਤਾਵਰਣ ਦਾ ਹਮਜੋਲੀ ਵੀ। ਇੱਕ ਬੜੀ ਅਮੀਰ ਧਰੋਹਰ ਹੈ ਇਨ੍ਹਾਂ ਜੀਵੰਤ ਦਸਤਕਾਰਕ ਕੌਸ਼ਲਾਂ ਦੇ ਸਾਧਨਾਂ ਦੀ, ਤਕਨੀਕਾਂ, ਨਮੂੰਨਿਆਂ ਅਤੇ ਉਤਪਾਦਾਂ ਦੀ ਕਿ ਇਹ ਕਲਾ-ਕਾਰਜ ਦੇ ਬਾਰੇ ਪਾਠਕ੍ਰਮ ਖੇਤਰ ਦੇ ਕੇਂਦਰੀ ਸਾਧਨ ਬਣ ਸਕਦੇ ਹਨ।

ਦਸਤਕਾਰੀ ਹੱਥਾਂ ਨਾਲ ਕੰਮ ਕਰਦਿਆਂ, ਸਮਾਨ ਨਾਲ, ਤਕਨੀਕਾਂ ਆਦਿ ਨਾਲ ਪ੍ਰਕਿਰਿਆਵਾਂ ਨੂੰ ਸਮਝਣ ਵਿੱਚ ਮਦਦ ਕਰਦੀ ਹੈ ਤੇ ਸਾਧਨਸ਼ੀਲ ਹੋਣ, ਪਹਿਲ ਕਦਮੀਂ ਕਰਨ ਅਤੇ ਸਮੱਸਿਆ ਹੱਲ ਕਰਨ ਦੇ ਯੋਗ ਬਣਨ ਵਿੱਚ ਵੀ। ਅਜਿਹੇ ਅਨੁਭਵ ਬੱਚਿਆਂ ਲਈ ਬੇਜੋੜ ਮਹੱਤਵ ਰੱਖਦੇ ਹਨ। ਇਹ ਖੇਤਰ ਸ਼ਾਮੂਲੀ-ਸਿੱਖਿਆ ਦੇ ਲਈ ਬੜੀ ਢੁਕਵੀਂ ਅਤੇ ਅਰਥ ਭਰਪੂਰ ਸਥਲ ਹੈ।

ਦਸਤਕਾਰੀ ਨੂੰ ਸਿਰਜਣਾਤਮਕ ਅਤੇ ਸੁਹਜਾਤਮਕ ਕਾਰਜ ਦੀ ਤਰ੍ਹਾਂ ਅਤੇ ਇੱਕ ਧੰਦੇ ਦੀ ਤਰ੍ਹਾਂ ਸਿਖਾਇਆ ਜਾਣਾਂ ਚਾਹੀਦਾ ਹੈ। ਇਸ ਨੂੰ ਇਤਹਾਸ ਅਧਿਅਨ, ਸਮਾਜਕ ਅਤੇ ਵਾਤਾਵਰਣੀ ਅਧਿਅਨਾਂ, ਭੂਗੋਲ ਅਤੇ ਅਰਥ ਸ਼ਾਸਤਰ ਦੇ ਨਾਲ ਜੋੜਿਆ ਜਾ ਸਕਦਾ ਹੈ। ਲਿੰਗ, ਵਾਤਾਵਰਣ ਅਤੇ ਭਾਈਚਾਰੇ ਦੇ ਬਾਰੇ ਪਰਿਪੇਖ ਤਿਆਰ ਕਰਨ ਲਈ ਵੀ ਇੱਕ 'ਅਲੋਚਨਾਤਮਕ' ਦਸਤਕਾਰੀ ਦੀ ਸਿਖਲਾਈ ਦਾ ਹਿੱਸਾ ਹੋਣਾਂ ਚਾਹੀਦਾ ਹੈ।

- ਦਸਤਕਾਰੀਆਂ ਪਾਠਕ੍ਰਮ ਵਿੱਚ ਕਲਾ ਦੇ ਹਿੱਸੇ ਦੀ ਤਰ੍ਹਾਂ ਰੱਖੀਆਂ ਜਾ ਸਕਦੀਆਂ ਹਨ, ਜਿਸ ਵਿੱਚ ਬਲ ਸਿਰਜਣਾਤਮਕ ਅਤੇ ਸੁਹਜਾਤਮਕ ਪੱਖਾਂ ਉੱਪਰ ਹੋਵੇ।
- ਦਸਤਕਾਰੀ ਦੇ ਵਿਸ਼ੇ ਲਈ ਦਸਤਕਾਰ ਖੁਦ ਅਧਿਆਕ ਅਤੇ ਸਿੱਖਿਆਕਾਰ ਹੋਣ, ਅਤੇ ਉਹਨਾਂ ਨੂੰ ਸਕੂਲਾਂ ਵਿੱਚ

ਅੱਧ-ਵਕਤ ਦੇ ਹਿਸਾਭ ਨਾਲ ਪੜ੍ਹਾ ਸਕਣ ਦੇ ਤਰੀਕੇ ਢੂੰਡੇ ਜਾਣ।

- ਦਸਤਕਾਰੀ ਨੂੰ ਇੱਕ ਜੀਵੰਤ ਅਨੁਭਵ ਦੇ ਸਕਣ ਵਾਲੀ ਕਲਾ ਦੇ ਰੂਪ ਵਿੱਚ ਪੜ੍ਹਾਇਆ ਜਾਵੇ। ਇੱਕ ਸੁਧਾਰਵਾਦੀ ਖਾਨਾਂ ਪੂਰਤੀ ਦੇ ਲਈ ਨਹੀਂ।
- ਇਸ ਨੂੰ ਪ੍ਰੋਜੈਕਟਾਂ ਦੇ ਰੂਪ ਵਿੱਚ ਪੜ੍ਹਾਇਆ ਜਾਵੇ ਨਾ ਕਿ ਜਮਾਤ ਦੇ ਅਭਿਆਸਾਂ ਦੀ ਤਰ੍ਹਾਂ।
- ਭਿੰਨ ਭਿੰਨ ਦਸਤਕਾਰੀਆਂ ਲਈ ਭਿੰਨ ਭਿੰਨ ਪਾਠਕ੍ਰਮਾਂ ਦੀ ਯੋਜਨਾ ਬਣੇ; ਡਿਜ਼ਾਈਨ ਦੀਆਂ ਕਿਤਾਬਾਂ, ਨਮੂੰਨਿਆਂ ਦੇ ਕਤਾਬਚੇ, ਆਧਾਰ ਕਿਤਾਬਾਂ, ਸੰਦਾਂ ਦੀਆਂ ਗਾਈਡਾਂ ਅਤੇ ਦਸਤਕਾਰੀ ਦੇ ਨਕਸ਼ੇ ਵੀ ਅਜੋਜਤ ਹੋਣ।
- ਦਸਤਕਾਰੀਆਂ ਦੀਆਂ ਪ੍ਰਯੋਗਸ਼ਾਲਾਵਾਂ, ਕਾਫੀ ਸਾਰੇ ਸਮਾਨ ਅਤੇ ਸੰਦਾਂ ਨੂੰ ਵਿਕਸਤ ਕੀਤਾ ਜਾਵੇ।
- ਦਸਤਕਾਰੀ ਦੇ ਮੇਲੇ ਲਾਏ ਜਾਣ ਤਾਂ ਜੋ ਬੱਚਿਆਂ ਨੂੰ ਦਸਤਕਾਰਾਂ ਨਾਲ, ਉਹਨਾਂ ਦੀਆਂ ਪਰੰਪਰਾਵਾਂ ਨਾਲ ਮਿਲਣ ਦੇ ਮੌਕੇ ਮਿਲ ਸਕਣ, ਅਤੇ ਬੱਚਿਆਂ ਨੂੰ ਅਪਣੀਆਂ ਕੋਸ਼ਿਸ਼ਾਂ ਨੂੰ ਵੀ ਪ੍ਰਦਰਸ਼ਤ ਕਰਨ ਦਾ ਅਵਸਰ ਮਿਲ ਸਕੇ। ਇਹਦੇ ਲਈ ਯੋਜਨਾਂ ਬਣੇ।

## 3.6. ਸਿਹਤ ਅਤੇ ਸਰੀਰਕ ਸਿੱਖਿਆ

ਇਹ ਭਲੀ ਭਾਂਤ ਜਾਣਿਆਂ ਗਿਆ ਹੈ ਕਿ ਸਿਹਤ ਇੱਕ ਬਹੁਪਰਤੀ ਸੰਕਲਪ ਹੈ ਅਤੇ ਇਸ ਨੂੰ ਜੀਵ-ਵਿਗਿਆਨਕ, ਸਮਾਜਕ, ਆਰਥਕ, ਸਭਿਆਚਾਰਕ ਅਤੇ ਰਾਜਨੀਤਕ ਆਦਿ ਭਾਂਤਾਂ ਦੇ ਤੱਤ ਆਕਾਰ ਦਿੰਦੇ ਹਨ। ਮੁਢੱਲੀਆਂ ਜਰੂਰਤਾਂ ਜਿਵੇਂ ਕਿ ਭੋਜਨ, ਸੁਰੱਖਿਅਤ ਪਾਣੀ, ਘਰ, ਸਫਾਈ, ਸਿਹਤ ਸੇਵਾਵਾਂ ਆਦਿ ਤੱਕ ਪਹੁੰਚ ਕਿਸੇ ਵੀ ਜੰਨਤਾ ਦੀ ਸਿਹਤ ਦੀ ਦਸ਼ਾ ਦੇ ਸੂਚਕ ਹਨ। ਮੌਤ ਦਰ ਅਤੇ ਪੌਸ਼ਟਿਕਤਾ ਵੀ ਇਹਦੇ ਸੂਚਕ ਹਨ। ਸਿਹਤ ਬੱਚੇ ਦੇ ਮੁਕੰਮਲ ਵਿਕਾਸ ਲਈ ਇੱਕ ਅਤਿ ਜਰੂਰੀ ਰਾਸ਼ੀ ਹੈ। ਇਹ ਸਕੂਲ ਵਿਚਲੇ ਦਾਖਲੇ ਨੂੰ, ਸਕੂਲ ਵਿੱਚ ਚੱਲਦੇ ਰਹਿਣ ਨੂੰ ਅਤੇ ਸਕੂਲ ਪੂਰਾ ਕਰ ਲੈਣ ਨੂੰ ਬੜੇ ਗਹਿਰੇ ਢੰਗ ਨਾਲ ਪ੍ਰਭਾਵਤ ਕਰਦੀ ਹੈ।

ਪਾਠਕ੍ਰਮ ਦਾ ਇਹ ਖੇਤਰ ਸਿਹਤ ਦੀ ਇੱਕ ਮੁਕੰਮਲ ਪ੍ਰੀਭਾਸ਼ਾ ਪ੍ਰਾਪਤ ਕਰਦਾ ਹੈ, ਜਿਸ ਵਿੱਚ ਸਰੀਰਕ ਸਿੱਖਿਆ ਅਤੇ ਯੋਗ ਹਿੱਸੇਦਾਰ ਹਨ ਬੱਚੇ ਦੇ ਸਰੀਰਕ, ਸਮਾਜਕ, ਭਾਵਕ ਅਤੇ ਮਾਨਸਕ ਵਿਕਾਸ ਵਿੱਚ।

ਪਰਾਇਮਰੀ ਤੋਂ ਵੀ ਪਹਿਲਾਂ ਤੋਂ ਲੈਕੇ ਉੱਚ ਸੈਕੰਡਰੀ ਸਕੂਲ ਦੇ ਸਤਰ ਤੱਕ ਦੇਸ਼ ਦੇ ਬੱਚਿਆਂ ਦੇ ਦਰਪੇਸ਼ ਸਭ ਤੋਂ ਵਡੀਆਂ ਸਿਹਤ ਦੀਆਂ ਸਮੱਸਿਆਵਾਂ ਘੱਟ-ਪੌਸ਼ਟਕਤਾ ਅਤੇ ਸੰਚਾਰੀ ਬਿਮਾਰੀਆਂ ਹਨ। ਇਸ ਕਰਕੇ ਸਕੂਲ ਦੇ ਸਾਰੇ ਪੱਧਰਾਂ ਉੱਪਰ, ਖਾਸ ਕਰਕੇ ਅਸੁਰੱਖਿਅਤ ਸਮਾਜੀ ਵਰਗਾਂ ਦੇ ਬੱਚਿਆਂ ਅਤੇ ਕੁੜੀਆਂ ਵੱਲ ਖਾਸ ਧਿਆਨ ਦਿੰਦਿਆਂ ਇਸ ਪੱਖ ਨੂੰ ਸੰਬੋਧਨ ਕਰਨ ਦੀ ਜਰੂਰਤ ਹੈ। ਇਹ ਸਫਾਰਸ਼ ਕੀਤੀ ਜਾਂਦੀ ਹੈ ਕਿ ਦੁਪਹਿਰ ਦੇ ਭੋਜਨ ਦਾ ਪ੍ਰੋਗਰਾਮ ਅਤੇ ਡਾਕਟਰੀ ਜਾਂਚ ਨੂੰ ਪਾਠਕ੍ਰਮ ਦਾ ਅੰਗ ਬਣਾ ਦਿੱਤਾ ਜਾਵੇ ਅਤੇ ਸਿਹਤ ਸਬੰਧੀ ਐਹੋ ਜਿਹੀ ਸਿੱਖਿਆ ਦਿੱਤੀ ਜਾਵੇ ਜੋ ਵਿਕਾਸ ਦੀਆਂ ਵੱਖ ਵੱਖ ਸਟੇਜਾਂ ਉੱਪਰ ਵਿਸ਼ੇਸ਼ ਉਮਰ ਦੀਆਂ ਸਮੱਸਿਆਵਾਂ ਦਾ ਖਿਆਲ ਕਰੇ।

ਸਮੁੱਚੇ ਸਕੂਲ ਦਾ ਸਿਹਤ ਪ੍ਰੋਗਰਾਮ ਦਾ ਵਿਚਾਰ ਜੋ 1940 ਦੇ ਦਿਨੀਂ ਸੋਚਿਆ ਗਿਆ ਸੀ। ਉਸ ਵਿੱਚ ਛੇ ਵਡੇ ਹਿੱਸੇ ਸਨ: ਡਾਕਟਰੀ ਸੁਰੱਖਿਆ, ਸਿਹਤਮੰਦ ਸਕੂਲੀ ਵਾਤਾਵਰਣ, ਸਕੂਲ ਵਿੱਚ ਦੁਪਹਿਰ ਦਾ ਭੋਜਨ, ਸਿਹਤ ਅਤੇ ਸਰੀਰਕ ਸਿੱਖਿਆ। ਇਹ ਹਿੱਸੇ ਬੱਚੇ ਦੇ ਮੁਕੰਮਲ ਵਿਕਾਸ ਲਈ ਜਰੂਰੀ ਹਨ। ਤਦ ਹੀ ਉਨ੍ਹਾਂ ਨੂੰ ਪਾਠਕ੍ਰਮ ਦੇ ਅੰਗਾਂ ਦੀ ਤਰ੍ਹਾਂ ਸ਼ਾਮਲ ਕਰਨ ਦੀ ਲੋੜ ਹੈ।

ਪਾਠਕ੍ਰਮ ਵਿੱਚ ਸਭ ਤੋਂ ਤਾਜ਼ਾ ਵਾਧਾ ਹੈ ਯੋਗ। ਸਮੁੱਚੇ ਵਰਗ ਨੂੰ ਹੀ ਇੱਕੇ ਵਾਰ ਮੁਕੰਮਲ ਸਿਹਤ ਅਤੇ ਸਰੀਰਕ ਵਿੱਦਿਆ ਦੇ ਪਾਠਕ੍ਰਮ ਲਈ ਲਿਆ ਜਾਵੇ, ਨਾ ਕਿ ਉਸ ਟੁਕੜਾਦਾਰ ਪਹੁੰਚ ਦੀ ਤਰ੍ਹਾਂ ਜੋ ਅੱਜ-ਕੱਲ੍ਹ ਸਕੂਲਾਂ ਵਿੱਚ ਪਰਚਲਤ ਹੈ। ਪਾਠਕ੍ਰਮ ਦਾ ਮੂਲ  ਅੰਗ ਹੋਣ ਦੇ ਕਾਰਣ, ਖੇਡ੍ਹਾਂ ਅਤੇ ਯੋਗ ਨੂੰ ਦਿੱਤਾ ਹੋਇਆ ਸਮਾਂ ਘਟਾਅ ਨਾਂ ਦਿੱਤਾ ਜਾਵੇ, ਤੇ ਕਿਸੇ ਵੀ ਹਾਲਤ ਵਿੱਚ ਹਥਿਆ ਵੀ ਨਾਂ ਲਿਆ ਜਾਵੇ।

ਸਿਹਤ ਦਾ ਸੁਭਾਅ ਅੰਤਰ-ਅਨੁਸ਼ਾਸਨੀਂ ਹੋਣ ਕਰਕੇ, ਇਸ ਵਿੱਚ ਪਾਠਕ੍ਰਮ ਦੇ ਆਰ ਪਾਰ ਸਿੱਖਣ ਅਤੇ ਜੋੜ ਸਕਣ ਦੇ ਕਈ ਮੌਕੇ ਬਣੇ ਰਹਿੰਦੇ ਹਨ। ਕਈ ਗਤੀਵਿਧੀਆਂ, ਜਿਵੇਂ ਕਿ 'ਰਾਸ਼ਟਰੀ ਸੇਵਾ ਸਕੀਮ', 'ਭਾਰਤ ਸਕਾਊਟ ਅਤੇ ਗਾਈਡਜ਼' ਅਤੇ 'ਨੈਸ਼ਨਲ ਕੈਡਟ ਕੋਰਪਸ' ਕੁਝ ਅਜਿਹੇ ਖੇਤਰ ਹਨ। ਵਿਗਿਆਨ ਕੁਝ ਚੀਜ਼ਾਂ ਬਾਰੇ ਸਿੱਖਣ ਦੇ ਮੌਕੇ ਦਿੰਦੇ ਹਨ, ਜਿਵੇਂ ਸਰੀਰ-ਵਿਗਿਆਨ, ਸਿਹਤ ਅਤੇ ਬਿਮਾਰੀ, ਭਿੰਨ ਭਿੰਨ ਜੀਵਤ ਜੀਵਾਂ ਵਿਚਕਾਰ ਆਪਸੀ ਨਿਭਰਤਾ, ਅਤੇ ਸਰੀਰਕ ਵਿਨਾਸ਼। ਸਮਾਜਕ ਵਿਗਿਆਨ ਭਾਈਚਾਰੇ ਦੀ ਸਿਹਤ ਬਾਰੇ ਦ੍ਰਿਸ਼ਟੀ ਪਰਦਾਨ ਕਰ ਸਕਦੇ ਹਨ, ਅਤੇ ਛੂਤ ਦੀਆਂ ਬਿਮਾਰੀਆਂ ਦੇ ਫੈਲਾਓ, ਨਿਰੰਤਰਣ ਅਤੇ ਇਲਾਜ ਦੀ ਸਮਝ ਵੀ ਦੇ ਸਕਦੇ ਹਨ, ਅਤੇ ਏਸੇ ਤਰ੍ਹਾਂ ਹੀ ਉਨ੍ਹਾਂ ਦਾ ਸਮਾਜਕ-ਆਰਥਕ ਅਤੇ ਗਲੋਬਲੀ ਪਰਪੇਖ ਵੀ। ਇਹ

ਵਿਸ਼ਾ ਵਿਹਾਰਕ ਪੜ੍ਹਾਈ ਦੀ ਗੁੰਜਾਇਸ਼ ਰੱਖਦਾ ਹੈ ਅਤੇ ਪਾਠਕ੍ਰਮ ਨੂੰ ਪੂਰਾ ਕਰਨ ਲਈ ਕਈ ਪਰਵਰਤਨਕਾਰੀ ਪਹੁੰਚਾਂ ਅਪਣਾਈਆਂ ਜਾ ਸਕਦੀਆਂ ਹਨ।

ਵਿਕਾਸ ਦੀਆਂ ਸਮੁੱਚੀਆਂ ਜਰੂਰਤਾਂ ਦੇ ਲਈ ਇਸ ਮਜ਼ਮੂੰਨ ਦਾ ਮਹੱਤਵ ਨੀਤੀ ਦੇ ਪੱਧਰ ਉੱਪਰ ਹੋਰ ਪੱਕਾ ਕੀਤਾ ਜਾਣਾਂ ਚਾਹੀਦਾ ਹੈ, ਤੇ ਇਹ ਪ੍ਰਬੰਧਕਾਂ, ਦੂਜੇ ਮਜ਼ਮੂੰਨਾਂ ਦੇ ਅਧਿਆਪਕਾਂ, ਸਿਹਤ ਵਿਭਾਗ, ਮਾਪਿਆਂ ਅਤੇ ਬੱਚਿਆਂ ਨਾਲ ਹੋਵੇ। ਕੁਝ ਕਦਮ ਜੋ ਚੁੱਕੇ ਜਾਣੇ ਜਰੂਰੀ ਹਨ, ਉਨ੍ਹਾਂ ਵਿੱਚ ਸਿਹਤ ਅਤੇ ਸਰੀਰਕ ਸਿੱਖਿਆ ਨੂੰ ਮੂਲ ਅਤੇ ਜਰੂਰੀ ਕਰਾਰ ਦੇਣਾਂ, ਇਸ ਗੱਲ ਨੂੰ ਪੱਕਾ ਕਰਨਾਂ ਨਿ ਖੇਡ੍ਹਾਂ ਅਤੇ ਯੋਗ ਵਾਸਤੇ ਕੰਮ ਵਿੱਚ ਆਉਣ ਵਾਲੇ ਔਜਾਰ ਪ੍ਰਾਪਤ ਹੋਣ, ਅਤੇ ਡਾਕਟਰ ਅਤੇ ਹੋਰ ਡਾਕਟਰੀ ਵਾਲੇ ਲੋਕ ਸਕੂਲ ਦਾ ਵਕਤ ਪੁਰ ਦੌਰਾ ਕਰਦੇ ਰਹਿੰਣ। ਅਤੇ ਇਹ ਵੀ ਕਿ ਇਹ ਮਜਮੂੰਨ +2 ਦੀ ਪੱਧਰ ਉੱਪਰ ਇੱਕ ਚੁਣਵੇਂ ਵਿਸ਼ੇ ਦੀ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ।

‘ਜਰੂਰਤ ਆਧਾਰਤ ਪਹੁੰਚ’ ਸਰੀਰਕ, ਮਨੋ-ਸਮਾਜਕ ਅਤੇ ਮਾਨਸਕ ਪੱਖਾਂ ਦੀਆਂ ਪਰਤਾਂ ਨੂੰ ਰਾਹ ਦਿਖਾਅ ਸਕਦੀ ਹੈ, ਜਿਨ੍ਹਾਂ ਨੂੰ ਸਕੂਲ ਦਿਆਂ ਭਿੰਨ ਪੱਧਰਾਂ ਉੱਪਰ ਸ਼ਾਮਲ ਕਰਨਾਂ ਜਰੂਰੀ ਹੈ। ਸਾਰੀ ਪ੍ਰਕਿਰਿਆ ਦੀ ਮੁੱਢਲੀ ਜਾਣਕਾਰੀ ਦੀ ਲੋੜ ਹੈ, ਪਰ ਜ਼ਿਆਦਾ ਜਰੂਰੀ ਪਰਤਾਂ ਹਨ ਅਨੁਭਵ, ਸਿਹਤ ਵਿਭਾਗ, ਕੌਸ਼ਲ ਅਤੇ ਸਰੀਰ ਜੋ ਖੇਡ੍ਹ ਦੇ ਅਭਿਆਸ ਨਾਲ, ਹੋਰ ਪਰਕਾਰਾਂ ਦੇ ਅਭਿਆਸ, ਖੇਡ੍ਹਾਂ ਅਤੇ ਨਿੱਜੀ ਤੇ ਭਾਈਚਾਰੇ ਵਿੱਚ ਸਿਹਤ ਸਬੰਧੀ ਨੇਮਾਂ ਦਾ ਪਾਲਣ।

ਸਿਹਤ ਅਤੇ ਭਾਈਚਾਰਕ ਜੀਵਨ ਬਾਰੇ ਸਮੂਹਕ ਅਤੇ ਨਿੱਜੀ ਜ਼ਿੰਮੇਵਾਰੀਆਂ ਦੀ ਲੋੜ ਉੱਪਰ ਬਲ ਦੇਣਾਂ ਬਾਕੀ ਹੈ। ਕਈ ਸਾਰੇ ਰਾਸ਼ਟਰੀ ਪ੍ਰੋਗਰਾਮ ਜਿਵੇਂ ਕਿ ‘ਰੀਪ੍ਰੋਡਕਟਿਵ ਅਤੇ ਚਾਈਲਡ ਹੈਲਥ’, ‘HIV/AID’, ‘ਤਪਦਿਕ ਅਤੇ ਮਾਨਸਕ ਸਿਹਤ’ ਆਦਿ ਰੋਕਥਾਮ ਨੂੰ ਧਿਆਨ ਵਿੱਚ ਰੱਖਕੇ ਬੱਚਿਆਂ ਉੱਪਰ ਇੱਕ ਮਿਥੇ ਵਰਗ ਦੇ ਰੂਪ ਵਿੱਚ ਧਿਆਨ ਦਿੰਦੇ ਰਹੇ ਹਨ। ਬੱਚਿਆਂ ਬਾਰੇ ਇਹ ਮੰਗਾਂ ਪ੍ਰਾਪਤ ਪਾਠਕ੍ਰਮ ਦੀਆਂ ਗਤੀਵਿਧੀਆਂ ਵਿੱਚ ਹੀ ਜੋੜੀਆਂ ਜਾਣੀਆਂ ਚਾਹੀਦੀਆਂ ਹਨ, ਨਾ ਕਿ ਨਵੀਂਆਂ ਜੋੜ ਹੋਣ।

ਯੋਗ ਪਰਾਇਮਰੀ ਪੱਧਰ ਤੋਂ ਹੀ ਅਨਉਪਚਾਰਕ ਤਰੀਕੇ ਨਾਲ ਲਾਗੂ ਕੀਤਾ ਜਾ ਸਕਦਾ ਹੈ, ਪਰ ਉਪਚਾਰਕ ਤਰੀਕੇ ਦੇ ਆਸਣਾਂ ਅਤੇ ਧਿਆਨ ਦੀ ਜਾਣਕਾਰੀ ਛੇਵੀਂ ਜਮਾਤ ਤੋਂ ਹੀ ਹੋਵੇ। ਏਥੋਂ ਤੱਕ ਕਿ ਸਿਹਤ ਅਤੇ ਸਿਹਤ ਵਿਗਿਆਨ ਦੀ ਪੜ੍ਹਾਈ ਵੀ ਬੱਚੇ ਦੀ ਜਿੰਦਗੀ ਦੇ ਅਭਿਆਸ ਅਤੇ ਅਨੁਭਵ ਵਾਲੀ ਪਰਤ ਨੂੰ ਧਿਆਨ ਵਿੱਚ ਰੱਖਕੇ ਹੀ ਆਰੰਭ ਕੀਤੀ ਜਾਵੇ। ਸਥਾਨਕ ਖੇਤਰਾਂ ਵਿੱਚੋਂ ਖੇਡ੍ਹਾਂ ਨੂੰ ਸ਼ਾਮਲ ਕਰਨ ਉੱਪਰ ਜ਼ਿਆਦਾ ਬਲ

ਦਿੱਤਾ ਜਾ ਸਕਦਾ ਹੈ। ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਅਤੇ ਵਿਸ਼ਵ ਵਿੱਚ ਖੇਡੀਆਂ ਜਾਣ ਵਾਲੀਆਂ ਖੇਡ੍ਹਾਂ ਸਿੱਖੀਆਂ ਜਾ ਸਕਦੀਆਂ ਹਨ।

ਇਹ ਸੰਭਵ ਹੋਣਾਂ ਚਾਹੀਦਾ ਹੈ ਕਿ ਸਕੂਲ ਦੇ ਸਥਾਨ ਨੂੰ ਬਲਾਕ ਦੇ ਪੱਧਰ ਵਾਸਤੇ ਵਰਤਿਅ ਜਾ ਸਕੇ। ਸਕੂਲ ਆਰੰਭ ਹੋਣ ਤੋਂ ਪਹਿਲਾਂ ਅਤੇ ਬਾਅਦ ਵੀ ਵਿਸ਼ੇਸ ਪ੍ਰੋਗਰਾਮ ਕਰਵਾਏ ਜਾ ਸਕਣ ਤਾ ਕਿ ਖਾਸ ਯੋਗਤਾ ਰੱਖਣ ਵਾਲੇ ਬੱਚਿਆਂ ਦੀ ਮਦਦ ਹੋ ਸਕੇ ਕਿ ਉਹ ਖੇਡ੍ਹਾਂ ਵਿੱਚ ਅਪਣੀ ਮਹਾਰਤ ਹੋਰ ਵਧਾ ਸਕਣ ਲਈ ਸਿਖਲਾਈ ਵਾਸੇ ਛੁੱਟੀਆਂ ਵਿੱਚ ਵੀ ਆ ਸਕਣ। ਇਹ ਵੀ ਸੰਭਵ ਹੋਣਾਂ ਚਾਹੀਦਾ ਹੈ ਕਿ ਖੇਡ੍ਹਾਂ ਦੀਆਂ ਸਹੂਲਤਾਂ ਨੂੰ ਇਸ ਤਰ੍ਹਾਂ ਵਧਾਇਆ ਜਾਵੇ ਕਿ ਕਾਫੀ ਸਾਰੇ ਹੋਰ ਬੱਚੇ ਵੀ ਵਿਹਲੇ ਵਕਤ ਦੀਆਂ ਖੇਡ੍ਹਾਂ ਵਾਸਤੇ ਵੀ ਆ ਸਕਣ ਅਤੇ ਟੀਮ ਵਾਲੀਆਂ ਖੇਡ੍ਹਾਂ ਜਿਵੇਂ ਕਿ ਬਾਸਕਟ ਬਾਲ, ਥਰੋ ਬਾਲ, ਵੌਲੀ ਬਾਲ ਅਤੇ ਸਥਾਨਕ ਭਾਂਤ ਦੀਆਂ ਖੇਡ੍ਹਾਂ ਦੀਆਂ ਗਤੀਵਿਧੀਆਂ ਵਿੱਚ ਲੱਗ ਸਕਣ।

## 3.7 ਕੰਮਧੰਦਾ ਅਤੇ ਪੜ੍ਹਾਈ

ਸਾਦੇ ਸ਼ਬਦਾਂ ਵਿੱਚ ਕਹਿਣਾਂ ਹੋਵੇ ਤਾਂ ਕੰਮਧੰਦਾ ਉਹ ਹੈ ਜਿਸ ਵਿੱਚ ਮਜ਼ਦੂਰੀ ਸ਼ਾਮਲ ਹੋਵੇ। ਇਹ ਕੁਝ ਕਰਨਾਂ ਜਾਂ ਬਨਾਉਣਾਂ ਹੀ ਹੈ ਜਿਸ ਦੀ ਸਮਾਜ ਵਿੱਚ ਕੀਮਤ ਪੈਂਦੀ ਹੈ। ਇਸ ਦਾ ਅਰਥ ਹੈ ਅਪਣੀ ਮਜ਼ਦੂਰੀ ਜਾਂ ਯੋਗਤਾਵਾਂ ਨੂੰ ਕਿਸੇ ਹੋਰ ਲਈ ਪੈਸੇ ਦੀ ਖਾਤਰ ਤਿਆਰ ਕਰਨਾਂ। ਇਹਨਾਂ ਵਿੱਚੋਂ ਬਹੁਤ ਸਾਰੇ ਕਾਰਜ ਖਾਣਾਂ, ਰੋਜਾਨਾਂ ਵਰਤੋਂ ਦਾ ਸਮਾਨ ਅਤੇ ਦੂਜੇ ਲੋਕਾਂ ਦੀ ਜਿਸਮਾਨੀ ਅਤੇ ਮਾਨਸਕ ਤੰਦਰੁਸਤੀ ਦਾ ਖਿਆਲ ਰੱਖਣ ਨਾਲ ਜੁੜੇ ਹੋਏ ਹਨ। ਹੋਰ ਕਾਰਜ ਸਮਾਜ ਵਿੱਚ ਪ੍ਰਬੰਧ ਕਰਨ ਅਤੇ ਸੰਗਠਨ ਕਰਨ ਨਾਲ ਜੁੜੇ ਹੋਏ ਹਨ। ਇਹਨਾਂ ਦੋ ਮੂਲ ਪਰਤਾਂ (ਚੀਜ਼ਾਂ ਪੈਦਾ ਕਰਨ ਅਤੇ ਇੱਕਸਾਰ ਕਰਜ਼ਕਤਾ ਦੀ ਸਥਾਪਤੀ) ਤੋਂ ਬਿਨਾਂ ਕਿਸੇ ਵੀ ਸਮਾਜ ਵਿੱਚ ਕਿੰਨ੍ਹੀਆਂ ਸਾਰੀਆਂ ਹੋਰ ਗਤੀਵਿਧੀਆਂ ਵੀ ਮਨੁੱਖੀ ਭਲਾਈ ਵਾਸਤੇ ਯੋਗਦਾਨ ਪੌਂਦੀਆਂ ਹਨ ਅਤੇ ਉਸ ਰੂਪ ਵਿੱਚ ਕਾਰਜ ਦਾ ਰੂਪ ਧਾਰਣਕਰ ਲੈਂਦੀਆਂ ਹਨ। ਇਸ ਵਿੱਚ ਸ਼ਾਮਲ ਹੈ ਖੇਡ੍ਹਾਂ ਦੀ ਅਤੇ ਅਦਾਕਾਰੀ ਵਾਲੀਆਂ ਕਲਾਵਾਂ ਦੀ ਕਾਢ ਕੱਢਣੀ।

ਇਨ੍ਹਾਂ ਅਰਥਾਂ ਵਿੱਚ ਸਮਝਣ ਨਾਲ ਧੰਦੇ ਤੋਂ ਭਾਵ ਹੈ ਸਮਾਜ/ਭਾਈਚਾਰੇ ਦੇ ਦੂਸਰੇ ਮੈਂਬਰਾਂ ਦੇ ਪ੍ਰਤੀ ਪ੍ਰਤੀਬੱਧਤਾ, ਕਿਉਂਕਿ ਬੰਦਾ ਅਪਣੀ ਮਜ਼ਦੂਰੀ ਅਤੇ ਯੋਗਤਾ ਦੂਜਿਆਂ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਲਈ ਪਾਉਂਦਾ ਹੈ। ਦੂਜਾ, ਇਸ ਦਾ ਭਾਵ ਹੈ ਕਿ ਬੰਦਾ ਅਪਣੇ ਅਪਣੇ ਕੰਮਧੰਦੇ ਰਾਹੀਂ ਪਾਏ ਹੋਏ ਯੋਗਦਾਨ ਨੂੰ ਲੋਕਾਈ ਦੇ ਮਿਆਰਾਂ ਦੇ ਸਹਮਣੇ ਸਮਰਪਤ ਕਰ ਰਿਹਾ ਹੈ, ਤਾਂ ਜੋ ਦੂਜੇ ਉਸ ਨੂੰ ਪਰਖਕੇ ਉਸ ਦਾ ਮੁੱਲ ਪਾ ਸਕਣ। ਤੀਜਾ, ਕੰਮਧੰਦੇ ਤੋਂ ਭਾਵ ਹੈ ਕਿ ਸਮਾਜਕ ਜੀਵਨ ਦੀ ਕਾਰਗੁਜ਼ਾਰੀ ਦੇ ਲਈ ਸੇਵਾ ਪੇਸ਼ ਕਰਨੀਂ, ਜਿਵੇਂ ਕਿ ਜਾਂ ਤਾਂ ਇਹ ਕੁਝ

ਪੈਦਾ ਕਰਦਾ ਹੈ ਜਿਸ ਨਾਲ ਜੀਵਨ ਸੰਭਵ ਹੋ ਸਕੇ, ਤੇ ਜਾਂ ਇਹ ਆਮ ਢੰਗ ਨਾਲ ਚਲਦਾ ਰਹਿ ਸਕੇ। ਆਖਰੀ, ਕੰਮਧੰਦਾ ਮਨੁੱਖੀ ਜੀਵਨ ਨੂੰ ਅਮੀਰ ਬਣਾਉਂਦਾ ਹੈ, ਕਿਉਂਕਿ ਇਹ ਸਲਹੁਤਾ ਦੇ ਅਤੇ ਆਨੰਦ ਦੇ ਨਵੇਂ ਆਯਾਮ ਖੋਹਲ ਦਿੰਦਾ ਹੈ।

ਇੱਕ ਵਿਦਿਅਕ ਸਥਾਨ ਪੁਰ ਕਿਸੇ ਉਸਾਰੂ ਕੰਮ ਵਿਚਲੀ ਸ਼ਮੂਲਅਤ ਦਾ ਅਨੁਭਵ ਬੰਦੇ ਨੂੰ ਸਮਾਜਕ ਜੀਵਨ ਦੀ ਸਲਾਹਨਾਂ ਕਰਨ ਦੇ ਲਾਇਕ ਬਣਾ ਦਿੰਦਾ ਹੈ ਕਿ ਉਹ ਸਮਾਜ ਵਿੱਚ ਕਿਸ ਚੀਜ਼ ਦੀ ਕੀਮਤ ਹੈ ਅਤੇ ਕੀ ਸਰਾਹਿਆ ਜਾਂਦਾ ਹੈ, ਇਸ ਦੀ ਸੋਝੀ ਪਾ ਸਕੇ। ਕੰਮਧੰਦਾ ਰਿਸ਼ਤਿਆਂ ਨੂੰ ਵੀ ਮਜ਼ਬੂਤੀ ਬਖਸ਼ਦਾ ਹੈ, ਤੇ ਉਨ੍ਹਾਂ ਵਿੱਚ ਮਿਲਵਰਤਨ ਜੋੜ ਦਿੰਦਾ ਹੈ। ਕਿਉਂਕਿ ਕੰਮਧੰਦਾ ਕੁਝ ਪ੍ਰਾਪਤ ਕੀਤੇ ਜਾ ਸਕਦੇ ਲਕਸ਼ਾਂ ਦੀ ਪ੍ਰੀਭਾਸ਼ਾ ਕਰਦਾ ਹੈ ਅਤੇ ਉਨ੍ਹਾਂ ਦੀ ਆਪਸੀ ਨਿਭਰਤਾ ਦਾ ਤਾਣਾਂ-ਬਾਣਾਂ ਸਿਰਜਦਾ ਹੈ, ਇਸੇ ਲਈ ਇੱਕ ਨਿਰੰਤਰਣ ਵਿੱਚ ਰਹਿਕੇ ਕੰਮ ਕਰਨਾਂ ਲਾਜਮੀ ਬਣਾ ਦਿੰਦਾ ਹੈ। ਇਸ ਤਰ੍ਹਾਂ ਕੰਮਧੰਦਾ ਸਵੈ-ਸੰਜਮ ਦੀਆਂ ਸੰਭਾਵਨਾਵਾਂ ਪੈਦਾ ਕਰ ਦਿੰਦਾ ਹੈ, ਜੀਹਦੇ ਨਾਲ ਮਾਨਸਕ ਸ਼ਕਤੀਆਂ ਵਿੱਚ ਕੇਂਦਰਤਾ ਅਤੇ ਭਾਵਨਾਵਾਂ ਵਿੱਚ ਠਹਿਰਾਓ ਵਾਪਰਦਾ ਹੈ।

ਕੰਮਧੰਦੇ ਦੀ ਕੀਮਤ, ਖਾਸ ਕਰਕੇ ਉਸ ਦੀ ਜਿਸ ਵਿੱਚ ਬੜੀ ਪ੍ਰਬੀਨ ਭਾਂਤ ਦੀ ਸਮਾਪਤੀ ਦੀ ਲੋੜ ਹੁੰਦੀ ਹੈ, ਉਸ ਕੰਮ ਦੀ ਸਵੈ-ਨਿਰੰਤਰਣ ਨੂੰ ਸਿੱਖਣ ਲਈ ਘੱਟ ਕੀਮਤ ਲਗਦੀ ਹੈ। ਉਹ ਨਿਰੰਤਰਣ ਜੋ ਸਮਾਨ (ਕਹੋ ਕਿ ਬੰਦਾ ਮਿੱਟੀ ਦੇ ਨਾਲ ਕੰਮ ਕਰ ਰਿਹਾ ਹੈ) ਆਇਦ ਕਰਦਾ ਹੈ ਕਿਤੇ ਪ੍ਰਭਾਵਸ਼ਾਲੀ ਹੈ। ਉਸ ਨਿਰੰਤਰਣ ਨਾਲੋਂ ਵੀ ਕਿਤੇ ਜ਼ਿਆਦਾ ਜੋ ਇੱਕ ਬੰਦਾ ਦੂਜੇ ਬੰਦੇ ਉੱਪਰ ਲਾਗੂ ਕਰ ਸਕਦਾ ਹੈ।

ਕੰਮਧੰਦੇ ਵਿੱਚ ਸਮਗਰੀ ਜਾਂ ਦੂਜੇ ਬੰਦਿਆਂ ਨਾਲ ਸੰਪਰਕ (ਜਾਂ ਦੋਨੋਂ ਹੀ) ਸ਼ਾਮਲ ਹੈ। ਇਹਦੇ ਨਾਲ ਕੁਦਰਤੀ ਪਦਾਰਥ-ਤੱਤਾਂ ਦੇ ਬਾਰੇ ਅਤੇ ਲੋਕਾਂ ਨਾਲ ਰਿਸ਼ਤੇਦਾਰੀ ਬਾਰੇ ਕਾਰਜ਼ਕਾਰੀ ਗਿਆਨ ਹੋ ਸਕਣ ਦੀਆਂ ਸੰਭਾਵਨਾਵਾਂ ਸਿਰਜਤ ਹੁੰਦੀਆਂ ਹਨ। ਇਹ ਉਨ੍ਹਾਂ ਜਾਣੇ ਪਛਾਣੇ ਕੌਸ਼ਲਾਂ ਤੋਂ ਵਧੀਕ ਹੈ ਜੋ ਕਿਸੇ ਵਪਾਰ ਨੂੰ ਸਿੱਖਣ ਲਈ ਜਰੂਰੀ ਹਨ ਜਿਹੜੇ ਹੋ ਸਕਦਾ ਹੈ ਉਪਜੀਵਕਾ ਦੀ ਕਮਾਈ ਦਾ ਸਾਧਨ ਬਣ ਜਾਣ।

ਕੰਮਧੰਦੇ ਦੇ ਜੋ ਪੱਖ ਏਥੇ ਦਿੱਤੇ ਗਏ ਹਨ ਉਹ ਕੰਮ ਦੀ ਅਰਥ ਸਿਰਜਣ ਅਤੇ ਗਿਆਨ ਨਿਮਾਨਣ ਦੀ ਪਰਤ ਨੂੰ ਉਜਾਗਰ ਕਰਦੇ ਹਨ। ਇਹ ਪੜ੍ਹਾਈ ਵਾਲਾ ਕਾਰਜ ਹੀ ਹੈ ਜੋ ਕੰਮਧੰਦਾ ਪਾਠਕ੍ਰਮ ਵਿੱਚ ਅਦਾਅ ਕਰ ਸਕਦਾ ਹੈ। ਕੰਮਧੰਦੇ ਦੇ ਇਸ ਸੁਭਾਅ ਤੋਂ ਲਾਭ ਤਦ ਹੀ ਲਏ ਜਾ ਸਕਦੇ ਹਨ ਜੇ ਇਸ ਨੂੰ ਸਕੂਲੀ ਪਾਠਕ੍ਰਮ ਦਾ ਅਨਿੱਖੜਵਾਂ ਹਿੱਸਾ ਬਣਾ ਲਿਆ ਜਾਵੇ।

ਭਾਰਤ ਵਿੱਚ ਬਹੁਤੇ ਪਰਵਾਰਾਂ ਵਿੱਚ ਤਾਂ ਇਹ ਪਹਿਲਾਂ ਹੀ ਸੁਭਾਵਕ ਹੈ ਕਿ ਪਰਵਾਰਕ ਧੰਦੇ ਅਤੇ ਵਾਪਾਰ ਵਿੱਚ ਹਿੱਸਾ ਪਾਇਆ ਜਾਵੇ। ਪਰ ਹੁਣ ਬੱਚਿਆਂ ਦੇ ਵਕਤ ਉੱਪਰ ਸਕੂਲ ਦੇ ਬੋਝ ਕਾਰਣ ਅਤੇ ਸੂਚਨਾਂ ਯਾਦ ਰੱਖਣ ਦੇ ਬੇਤਹਾਸ਼ਾ ਮੁਕਾਬਲੇ ਦੇ ਕਾਰਨ ਇਹ ਸਾਰਾ ਢਾਂਚਾ ਬਦਲ ਰਿਹਾ ਹੈ। ਵੈਸੇ ਤਾਂ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਭਾਈਚਾਰਾ ਸਕੂਲ ਦੇ ਸਮੇਂ ਤੋਂ ਬਾਅਦ ਬੜੀ ਅਸਾਨੀ ਨਾਲ ਹੀ ਘਰ-ਪਰਵਾਰ ਦੇ ਕੰਮ ਵਿੱਚ ਹੱਥ ਵਟਾ ਸਕਦਾ ਹੁੰਦਾ ਸੀ। ਇੱਕ ਭਲੀ ਪਰਕਾਰ ਚੱਲ ਰਿਹਾ ਸਕੂਲ ਪਰਾਇਮਰੀ ਸਕੂਲ ਦੇ ਸਾਲਾਂ ਵਿੱਚ ਵੀ ਬੜੇ ਸਾਰੇ ਮੌਕੇ ਪਰਦਾਨ ਕਰ ਸਕਦਾ ਹੈ, ਹਾਲਾਂ ਕਿ ਇਸ ਦਾ ਇਹ ਵੀ ਅਰਥ ਨਹੀਂ ਕਿ ਕੰਮ ਵਿੱਚ ਹਿੱਸਾ ਲੈਣਾਂ ਕੇਵਲ ਸਕੂਲ ਦੀ ਚਾਰ ਦਿਵਾਰੀ ਦੇ ਅੰਦਰ ਹੀ ਸੰਭਵ ਹੈ।

ਸਕੂਲੀ ਪਾਠਕ੍ਰਮ ਦੇ ਨਾਲ ਕੰਮਧੰਦੇ ਦਾ ਤਾਲਮੇਲ ਬੈਠਾਉਣ ਦੇ ਲਈ ਪੜ੍ਹਾਉਣ ਕਲਾ ਦੀ ਢੇਰ ਸਾਰੀ ਸਮਝ ਦੀ ਲੋੜ ਹੈ, ਖਾਸ ਕਰਕੇ ਇਹ ਕਿ ਕਿਸ ਤਰ੍ਹਾਂ ਇਸ ਨੂੰ ਸਿੱਖਣ ਅਤੇ ਮੁਲਾਂਕਣ ਦੇ ਨਾਲ ਜੋੜਿਆ ਜਾਵੇ। ਹਾਲੇ ਸਕੂਲ ਕੰਮਧੰਦੇ ਨੂੰ ਪਾਠਕ੍ਰਮ ਦੇ ਹਿੱਸੇ ਵਜੋਂ ਅਪਣਾਅ ਸਕਣ ਲਈ ਤਿਆਰ ਨਹੀਂ ਹਨ, ਨਾਂ ਹੀ ਹਾਲੇ ਕੋਈ ਸਾਜ-ਸਮਾਨ ਦਾ ਠੀਕ ਪ੍ਰਬੰਧ ਹੈ। ਕੋਈ ਵਰਕਸਾਪ ਤਾਂ ਹੈ ਹੀ ਨਹੀਂ। ਏਥੋਂ ਤੱਕ ਕਿ ਮਿੱਟੀ ਨਾਲ ਕੰਮ ਕਰਨ ਲਈ ਵੀ ਕਿਸੇ ਪੱਧਰੀ ਜਗਾਹ ਦੀ ਲੋੜ ਹੈ। ਹੱਥੀਂ ਕੀਤੇ ਜਾਣ ਵਾਲੇ ਅਭਿਆਸ ਉੱਪਰ ਨਿਰਭਰ ਕੰਮ ਕਦੇ ਲੋੜੀਂਦੀ ਤਿਆਰੀ ਤੋਂ ਬਿਨਾਂ ਆਰੰਭ ਨਹੀਂ ਹੁੰਦਾ।

ਸਾਨੂੰ ਇਹ ਵੀ ਯਾਦ ਰੱਖਣਾਂ ਚਾਹੀਦਾ ਹੈ ਕਿ ਸਭ ਤੋਂ ਜ਼ਿਆਦਾ ਘਟੀਆ ਅਤੇ ਜਬਰਦਸਤੀ ਨਾਲ ਅਤੇ ਮਜ਼ਬੂਰ ਕਰਕੇ ਲਈ ਹੋਈ ਮਜਦੂਰੀ ਵੀ ਕੰਮ ਹੀ ਹੈ। ਸਾਡੇ ਕੋਲ ਕੋਈ ਵੀ ਅਜਿਹਾ ਤਰੀਕਾ ਨਹੀਂ ਹੈ ਜਿਸ ਨਾਲ ਜਦ ਕੰਮ-ਧੰਦਾ ਪਾਠਕ੍ਰਮ ਦਾ ਹਿੱਸਾ ਬਣ ਜਾਵੇ ਤਾਂ ਨਾਂ ਚਹੁੰਣ ਵਾਲੇ ਬੱਚਿਆਂ ਉੱਪਰ ਇਹ ਥੋਪਿਆ ਨਾਂ ਜਾਵੇ, ਤਾਜੋ ਉਹਨਾਂ ਦੀ ਸਿੱਖਣ ਦੀ ਭਾਵਨਾਂ ਮੰਦੀ ਨਾਂ ਪੈ ਜਾਵੇ। ਤੇ ਇਹ ਵੀ ਕਿ ਉਹੀ ਨੀਰਸ ਕਿਸਮ ਦਾ ਕੰਮ ਕਿਸੇ ਉਤਪਾਦਨ ਦੇ ਕਾਰਣ ਹਰ ਰੋਜ਼ ਦੁਹਰਾਇਆ ਜਾਵੇ, ਅਤੇ ਜਾਂ ਫਿਰ ਇਹ ਸਾਰਾ ਕੁਝ ਜਾਤ ਅਤੇ ਲਿੰਗ ਦੇ ਨਾਲ ਜੁੜੀ ਮਜਦੂਰੀ ਦੀ ਵੰਡ ਦਾ ਸ਼ਿਕਾਰ ਨਾ ਹੋ ਜਾਵੇ।

ਹੋਰ ਇਹ ਕਿ ਕੋਈ ਅਧਿਆਪਕ ਅਪਣੇ ਤੋਂ ਬਿਨਾਂ ਹੀ ਬੱਚਿਆਂ ਨੂੰ ਕੰਮ ਉੱਪਰ ਲਾ ਦੇਵੇ ਤਾਂ ਐਹੋ ਜਿਹੇ ਕੰਮ ਵਿੱਚੋਂ ਨਿੱਕਲੇਗਾ ਕੁਝ ਵੀ ਨਹੀਂ, ਪਾਠਕ੍ਰਮ ਦੇ ਨਾਲ ਕੰਮਧੰਦੇ ਨੂੰ ਜੋੜ ਦੇਣ ਵਾਲੇ ਉਦੇਸ ਦਾ ਕੁਝ ਵੀ ਨਹੀਂ ਬਣੇਗਾ। ਕੰਮਧੰਦੇ ਨੂੰ ਸਕੂਲ ਵਿੱਚ ਲਾਗੂ ਕਰਨਾਂ ਬੱਚਿਆਂ ਦੀ ਲੁੱਟ ਘਸੁੱਟ ਦਾ ਸਮਰਥਨ ਨਹੀਂ ਬਣਕੇ ਰਹਿ ਜਾਣਾਂ ਚਾਹੀਦਾ।

ਅਕਾਦਮਕ ਮਹੌਲ ਵਿੱਚ ਹੱਥੀਂ ਲਿਆ ਹੋਇਆ ਕੰਮ ਸਿਰਜਣਾਤਮਕਤਾ ਦੇ ਨਵੇਂ ਰੂਪਾਂ ਅਤੇ ਸਮਝ ਨੂੰ ਉਤਪਨ ਕਰ ਦੇਣ ਦੀ ਬੜੀਆਂ ਅਥਾਹ ਸੰਭਾਵਨਾਂ ਦਾ ਧਾਰਨੀ ਹੈ। ਇਹ ਕੰਮ ਦੇ ਅਪਣੇ ਸੁਭਾਅ ਨੂੰ ਵੀ ਰੂਪਾਂਤਰਤ ਕਰ ਸਕਦਾ ਹੈ। ਕੰਮਧੰਦਾ ਹਰ ਹਾਲਤ ਵਿੱਚ ਇੱਕ ਅੰਤਰ-ਅਨੁਸਾਸ਼ਨੀਂ ਕਾਰਜ ਹੈ। ਪਰ ਅਕਾਦਮਕ ਕਾਰਗੁਜ਼ਾਰੀ ਅਕਸਰ ਅਪਣੀਆਂ ਅਨੁਸਾਸ਼ਨੀਂ ਹੱਦਾਂ ਦੇ ਵਿੱਚ ਕੈਦ ਹੋ ਕੇ ਰਹਿ ਜਾਂਦੀ ਹੈ। ਜਦ ਸਿੱਖਣ ਅਤੇ ਕੰਮਕਾਰ ਸੰਗ ਸੰਗ ਵਾਪਰਦੇ ਹਨ ਤੇ ਇਉਂ ਇੱਕਸਾਰਤਾ ਪ੍ਰਾਪਤ ਕਰ ਜਾਂਦੇ ਹਨ, ਤਾਂ ਅਕਾਦਮਕ ਪਹਿਲ ਕਦਮੀਆਂ ਵਿੱਚ ਸਿਰਣਾਤਮਕਤਾ ਦੇ ਵਧ ਜਾਣ ਦੇ ਮੌਕੇ ਹੋਰ ਉੱਘੜ ਪੈਂਦੇ ਹਨ।

ਇਹੀ ਕੰਮ ਕਰਨ ਦੇ ਅੰਦਾਜ਼ ਅਤੇ ਸੰਦਾਂ ਨਾਲ ਹੁੰਦਾ ਹੈ। ਇੱਕ ਪ੍ਰਕਾਰ ਦਾ ਸਹਿਯੋਗ ਵਿੱਚ ਵਾਧਾ ਹੋਣ ਲੱਗਦਾ ਹੈ। ਉਦਾਹਰਣ ਦੇ ਲਈ, ਇਹੀ ਢੰਗ ਹੈ ਜਿਸ ਨਾਲ ਕਦੇ ਨਲਕੇ ਉਲੀਕੇ ਗਏ ਸਨ। ਪੁਰਾਣੇ ਦਿਨੀਂ ਸਾਡੇ ਉੱਚੇ ਉਡਣ ਵਾਲੇ ਗੁਬਾਰੇ ਘੋਰ ਠੰਡੇ 'ਸਟਰਾਟੋਸਫੀਅਰ' ਵਿੱਚ ਦੀ ਲੰਘਦਿਆਂ ਫਟ ਜਾਇਆ ਕਰਦੇ ਸਨ। ਇਹ ਓਦੋਂ ਤੱਕ ਚਲਦਾ ਰਿਹਾ ਕਿ ਜਦ ਇੱਕ ਵਿਗਿਆਨਕ ਅੱਖ ਵਾਲੇ ਕਾਮੇਂ ਨੇ ਇਹ ਸੁਝਾਓ ਦਿੱਤਾ ਕਿ ਉਸ ਗੁਬਾਰੇ ਦੇ ਕੱਪੜੇ ਵਿੱਚ ਕਾਰਬਨ ਦਾ ਧੂੜਾ ਰਲਾਅ ਦਿੱਤਾ ਜਾਵੇ ਤਾਂ ਜੋ ਉਹ ਸੂਰਜ ਦੀ ਗਰਮੀਂ ਨੂੰ ਸੂਤ ਕੇ ਗਰਮ ਰਹਿ ਸਕੇ।

ਅਸਲ ਵਿੱਚ ਸਾਰੇ ਹੀ ਮਹਾਨ ਅਵਿਸ਼ਕਾਰਕ ਉਹ ਠਠੇਰੇ ਸਨ ਜੋ ਆਮ ਫਹਿਮ ਵਿਗਿਆਨ ਤੋਂ ਅਭਿੱਜ ਨਹੀਂ ਸਨ। ਐਡੀਸਨ, ਫੋਰਡ ਅਤੇ ਫਾਰਾਦੇ ਇਸ ਪੰਗਤੀ ਨਾਲ ਸਬੰਧਤ ਸਨ, ਅਤੇ ਉਹਨਾਂ ਤਰ੍ਹਾਂ ਦੇ ਹੀ ਉਹ ਸਨ ਜਿਨ੍ਹਾਂ ਨੇ ਪਹਿਲੀਆਂ ਐਨਕਾਂ ਤੇ ਜਾਂ ਟੈਲੀਸਕੋਪ ਬਣਾਏ ਸਨ। ਇਸ ਵਿੱਚ ਭੋਰਾ ਵੀ ਛੱਕ ਨਹੀਂ ਹੈ ਕਿ ਸਾਡੇ ਘੁੰਮਿਅਰਾਂ, ਦਸਤਕਾਰਾਂ, ਜੁਲਾਹਿਆਂ, ਕਾਸ਼ਤਕਾਰਾਂ ਅਤੇ ਸਾਡੇ ਵੈਦਾਂ ਦਾ ਪਰੰਪਰਕ ਗਿਆਨ ਉਹਨਾਂ ਦੀਆਂ ਕੀਤੀਆਂ ਹੋਈਆਂ ਪਹਿਲਾਂ ਉੱਪਰ ਹੀ ਅਧਾਰਤ ਸੀ। ਉਹੀ ਬੰਦਾ ਇੱਕ ਵਾਰਗੀ ਹੀ ਜਿਸਮਾਨੀ ਕੰਮ ਅਤੇ ਅਕਾਦਮਕ ਸੋਚ ਵਿੱਚ ਮਘਨ ਸੀ। ਸਾਨੂੰ ਅਜਿਹਾ ਸਭਿਆਚਾਰ ਅਪਣੀ ਸਿੱਖਿਆ ਵਿੱਚ ਮੁੜ ਝੁਲਾਅ ਦੇਣ ਦੀ ਲੋੜ ਹੈ।

ਸਕੂਲੀ ਪਾਠਕ੍ਰਮ ਦੇ ਅੰਦਰ ਕੰਮਕਾਰ ਦੇ ਆਦਾਰਾਕਰਣ ਨੂੰ ਸੰਭਵ ਕਰਨ ਲਈ ਸਾਨੂੰ ਬੜੀ ਸਿਰਜਣਾਤਮਕ ਅਤੇ ਤਕੜੀ ਸੋਚ ਦੀ ਲੋੜ ਹੈ, ਸੋਚ ਜੋ ਅਪਣੇ ਰੂੜ੍ਹੀਵਾਦੀ ਹਾਲਾਤ ਤੋਂ ਬਾਹਰ ਆ ਸਕੇ, ਜਿਸ ਵਿੱਚ 'ਸਮਾਜਕ ਤੌਰਤੇ ਲਾਭਕਾਰੀ ਅਤੇ ਉਤਪਾਦਨੀ ਕੰਮ' ਕਰਨ ਵਾਲੀਆਂ ਜਮਾਤਾਂ ਤੋਂ ਕਿਨਾਰਾ ਕਰੇ, ਕਿਉਂਕਿ ਇਸ ਤੋਂ ਬੱਚੇ ਅਤੇ ਅਧਿਆਪਕ ਸਾਰੇ ਹੀ ਹੱਕੀ ਕਾਰਣਾਂ ਕਰਕੇ ਦੁਖੀ ਹਨ। ਇਸ ਗੱਲ ਦੀ ਪੜਤਾਲ ਹੋਣੀ ਚਾਹੀਦੀ ਹੈ ਕਿ ਪਛੜੇ ਹੋਏ ਬੱਚਿਆਂ ਦੇ ਹੱਥੀਂ ਕੰਮਕਾਰ ਦੇ ਐਨੇ ਅਮੀਰ ਗਿਆਨ ਆਧਾਰ ਅਤੇ ਕੌਸ਼ਲਾਂ ਨੂੰ ਕਿਸ ਤਰ੍ਹਾਂ ਉਹਨਾਂ ਦੇ ਗੌਰਵ ਦਾ ਸਾਧਨ ਬਣਾਇਆ ਜਾ ਸਕੇ ਅਤੇ ਦੂਜੇ ਬੱਚਿਆਂ ਦੇ ਸਿੱਖਣ ਦਾ ਸਾਧਨ ਵੀ। ਇਹ ਮਹੱਤਵ ਪੂਰਣ

ਹੈ, ਖਾਸ ਕਰਕੇ ਇਸ ਸੰਧਰਭ ਵਿੱਚ ਕਿ ਮਧ-ਉੱਚ ਸ਼੍ਰੇਣੀ ਦੇ ਬੱਚਿਆਂ ਵਿੱਚ ਅਪਣੀਆਂ ਸਭਿਆਚਾਰਕ ਜੜ੍ਹਾਂ ਤੋਂ ਬੇਮੁਖਤਾ ਵਧਦੀ ਜਾ ਰਹੀ ਹੈ ਅਤੇ ਇਸ ਪ੍ਰਕਿਰਿਆ ਨੂੰ ਹੋਰ ਵੀ ਉਕਸੌਣ ਵਿੱਚ ਸਾਡਾ ਸਿੱਖਿਆ ਪ੍ਰਬੰਧ ਕੇਂਦਰੀ ਹਿੱਸਾ ਪਾ ਰਿਹਾ ਹੈ।

ਸਮਾਜ ਦੇ ਬੜੇ ਵਡੇ ਉਤਪਕ ਖੰਡਾਂ ਦੇ ਐਨੇ ਵਿਸਤਰਿਤ ਗਿਆਨ ਆਧਾਰ ਨੂੰ ਸਾਡੇ ਸਿੱਖਿਆ ਪ੍ਰਬੰਧ ਨੂੰ ਰੂਪਾਂਤਰਤ ਕਰ ਲੈਣ ਦੇ ਮਾਧਿਅਮ ਦੇ ਰੂਪ ਵਿੱਚ ਵਰਤ ਸਕਣ ਦੀ ਓਨੀ ਹੀ ਭਾਰੀ ਸੰਭਾਵਨਾਂ ਹੈ। ਜੇ ਕੰਮਕਾਰ ਨੂੰ ਇੱਕ 'ਜਾਇਜ਼' ਗਿਆਨ ਦੇ ਅਰਥਾਂ ਵਿੱਚ ਪਛਾਣ ਲਿਆ ਜਾਵੇ ਤਾਂ ਇਹ ਔਰਤਾਂ ਅਤੇ ਨਿਮਨ ਵਰਗਾਂ ਦੇ ਨਾ ਸਿੱਖਿਆ ਪ੍ਰਬੰਧ ਨੂੰ ਰੋਕ ਲਾ ਸਕਦਾ ਹੈ। ਅਪਣੀ ਥਾਂ ਅਜਿਹਾ ਕਾਰਜ ਬੱਚੇ ਨੂੰ ਉਸ ਦੀਆਂ ਲੋੜਾਂ ਦੇ ਨਾਲ ਜੋੜ ਸਕਦਾ ਹੈ। ਕੰਮਕਾਰ ਨੂੰ ਵਰਤਣ ਵਾਲਾ ਪੜ੍ਹਾਈ ਦਾ ਇਹ ਅਨੁਭਵ ਇੱਕ ਅਸਰਦਾਰ ਅਤੇ ਆਲੋਚਨਾਤਮਕ ਸੰਦ ਬਣ ਜਾਣਾਂ ਹੈ, ਜੋ ਬੱਚੇ ਦੀਆਂ ਬਚਪਨ ਅਤੇ ਕੱਚ-ਜਵਾਨੀ ਵਾਲੀਆਂ ਕਈ ਪੱਧਰਾਂ ਉੱਪਰ ਉਸ ਦੇ ਵਿਕਾਸ ਦਾ ਮਾਧਿਅਮ ਬਣੇ। ਇਉਂ 'ਕੰਮਕਾਰ ਕੇਂਦਰਤ ਸਿੱਖਿਆ' ਧੰਦੇ ਦੀ ਸਿੱਖਿਆ ਨਾਲੋਂ ਅਲੱਗ ਹੈ।

ਸਕੂਲ ਪਾਠਕ੍ਰਮ ਨੂੰ ਪਰਾਇਮਰੀ-ਪਹਿਲੀ ਸਟਜ ਤੋਂ ਉੱਚ ਸੈਕੰਡਰੀ ਸਟੇਜ ਤੱਕ ਮੁੜਉਸਾਰਿਆ ਜਾਣਾਂ ਚਾਹੀਦਾ ਹੈ। ਇਸ ਨਾਲ ਗਿਆਨ ਗ੍ਰਹਿਨਣ ਵਿੱਚ ਕੰਮਕਾਰ ਦੀ ਪੜ੍ਹਾਈ ਨਾਲ ਸਬੰਧਤ ਮੁੱਲਾਂ ਦਾ ਵਿਕਾਸ ਕਰਨ ਵਾਸਤੇ ਅਤੇ ਬਹੁਪੱਖੀ-ਕੌਸ਼ਲ ਤਿਆਰ ਕਰਨ ਖਾਤਰ ਅਥਾਹ ਸ਼ਕਤੀ ਨੂੰ ਸੰਜੋਇਆ ਜਾ ਸਕੇ। ਜਿਵੇਂ ਜਿਵੇਂ ਬੱਚਾ ਹੋਰ ਵਡਾ ਹੁੰਦਾ ਹੈ ਇਹ ਕੰਮ-ਕੇਂਦਰਤ ਪੜ੍ਹਾਈ ਦੀ ਜਟਲਤਾ ਨੂੰ ਵਧਾਉਣਾਂ ਜਾਰੀ ਰੱਖਿਆ ਜਾ ਸਕਦਾ ਹੈ, ਪਰ ਲੋੜੀਂਦੀ ਲਚਕਤਾ ਅਤੇ ਸੰਧਰਭਕਤਾ ਦੀਆਂ ਮੰਗਾਂ ਦੇ ਅਨੁਸਾਰ ਇਸ ਦੀ ਭਰਪੂਰਤਾ ਨੂੰ ਬਰਕਰਾਰ ਰੱਖਇਆ ਜਾ ਸਕਦਾ ਹੈ।

ਕੁਝ ਇੱਕ ਕੰਮ ਸਬੰਧਤ ਵਿਆਪਕ ਯੋਗਤਾਵਾਂ (ਮੁਢਲੀਆਂ, ਆਪਸੀ ਅਤੇ ਪ੍ਰਬੰਧਕੀ) ਸਿੱਖਿਆ ਦੀਆਂ ਸਾਰੀਆਂ ਸਟੇਜਾਂ ਉੱਤੇ ਵਧਾਈਆਂ ਜਾ ਸਕਦੀਆਂ ਹਨ। ਇਹਨਾਂ ਵਿੱਚ ਆਲੋਚਨਾਤਮਕ ਸੋਚ, ਸਿਖਲਾਈ ਦੀ ਤਬਦੀਲੀ, ਸਿਰਜਣਾਤਮਕਤਾ, ਸੰਚਾਰਕ ਕੌਸ਼ਲ, ਸੁਹਜ ਸ਼ਾਸਤਰ, ਕੰਮਕਾਰ ਲਈ ਉਤਸੁਕਤਾ, ਸਮੂਹਕ ਕਾਰਜਕਾਰਤਾ ਦੇ ਲਈ ਕੰਮ ਦਾ ਸਦਾਚਾਰ ਅਤੇ ਠੇਕੇਦਾਰੀ-ਬਨਾਮ-ਸਮਾਜਕ ਜ਼ਿੰਮੇਵਾਰੀ ਆਦਿ ਸ਼ਾਮਲ ਹਨ। ਇਹਦੇ ਵਾਸਤੇ ਮੁਲਾਂਕਣ ਦੇ ਪੈਰਾਮੀਟਰਾਂ ਨੂੰ ਵੀ ਨਵੇਂ ਸਿਰਿਉਂ ਉਲੀਕਣ ਦੀ ਲੋੜ ਹੋਵੇਗੀ। ਬਿਨਾਂ ਕਿਸੇ ਕਾਰਗਾਰ ਕੰਮ-ਕੇਂਦਰਤ ਸਿੱਖਿਆ ਦੇ ਯੂਨੀਵਰਸਲ ਪ੍ਰੋਗਰਾਮ ਅਤੇ ਯੂਨੀਵਰਸਲ ਐਲੀਮੈਂਟਰੀ ਸਿੱਖਿਆ (ਅਤੇ ਬਾਅਦ ਵਿੱਚ ਖੇਤਰਾਂ ਵਿੱਚੋਂ ਯੂਨੀਵਰਸਲ ਸੈਕੰਡਰੀ ਸਿੱਖਿਆ ਵੀ) ਲੱਗਦਾ ਨਹੀਂ ਕਦੇ ਸਫਲ ਹੋ ਸਕੇਗੀ।

### 3.7.1. ਧੰਦਾਗਤ ਸਿੱਖਿਆ ਅਤੇ ਸਿਖਲਾਈ

ਅਸੀਂ ਸਿਫਾਰਸ਼ ਕਰਦੇ ਹਾਂ ਕਿ ਅਸੀਂ ਇੱਕ ਨਵੇਂ ਧੰਦਾਗਤ ਸਿੱਖਿਆ ਅਤੇ ਟ੍ਰੇਨਿੰਗ ਦੇ ਪ੍ਰੋਗਰਾਮ ਵਿੱਚ ਕਦਮ, ਕਦਮ ਅੱਗੇ ਵਧੀਏ। ਇਹ ਪ੍ਰੋਗਰਾਮ ਇੱਕ 10 ਤੋਂ 12 ਸਾਲਾਂ ਦੇ ਪਲੈਟਫਾਰਮ ਉੱਪਰ ਖੜ੍ਹਾ ਹੈ। ਇਹ ਸਕੂਲ ਵਿੱਚ ਕੰਮ-ਕੇਂਦਰਤ ਸਿੱਖਿਆ ਦਾ ਅਜਿਹਾ ਪ੍ਰੋਗਰਾਮ ਹੈ ਜੋ ਸੰਰਚਨਾਂ ਦੇ ਪੱਖ ਤੋਂ ਸਕੂਲ ਤੋਂ ਬਾਹਰ ਸਥਿਤ ਹੈ। ਲੋੜ ਇਹ ਹੈ ਕਿ ਇਸ ਪ੍ਰੋਗਰਾਮ ਨੂੰ ਦੀ ਕਲਪਨਾਂ ਅਤੇ ਲਾਗੂ ਹੋਣਾਂ ਇੱਕ ਮਿਸ਼ਨ ਦੇ ਅੰਦਾਜ਼ ਵਿੱਚ ਹੋਣ। ਇਸ ਵਿੱਚ ਵੱਖਰੇ ਵੱਖਰੇ ਕੇਂਦਰ ਅਤੇ ਅਦਾਰੇ ਸਥਾਪਤ ਹੋਣ, ਜਿੰਨ੍ਹਾਂ ਨੂੰ ਉਨ੍ਹਾਂ ਪਰਚਲਤ ਅਦਾਰਿਆਂ ਨਾਲ ਜੋੜਿਆ ਜਾਵੇ ਜਿੰਨ੍ਹਾਂ ਦਾ ਘੇਰਾ ਵਧਾਅ ਦਿੱਤਾ ਜਾਵੇ। ਇਹ ਅਦਾਰੇ ਹਨ: ਪੌਲੀਟਿਕਨਿਕ, ਆਈ ਟੀ ਆਈ, ਕ੍ਰਿਸ਼ੀ ਵਿਗਿਆਨ ਕੇਂਦਰ, ਪਰਾਇਮਰੀ ਸਿਹਤ ਕੇਂਦਰ ਅਤੇ ਇੰਜਨੀਅਰਿੰਗ, ਖੇਤੀਵਿਗਿਆਨਕ ਅਤੇ ਮੈਡੀਕਲ ਕਾਲਜ ਅਤੇ ਸਹਿਕਾਰੀ ਸੰਸਥਾਵਾਂ ਆਦਿ।

ਇਹ ਅਦਾਰੇ ਉਹਨਾਂ ਬੱਚਿਆਂ ਲਈ ਉਲੀਕੇ ਜਾਣ ਜਿਹੜੇ ਕੁਝ ਹੋਰ ਕੌਸ਼ਲ ਗ੍ਰਹਿਣ ਕਰਨਾਂ ਚਹੁੰਣ ਤੇ ਜਾਂ ਧੰਦਿਆਂ ਰਾਹੀਂ ਉਪਜੀਵਕਾਵਾਂ ਕਮਾਉਣੀਆਂ ਚਹੁੰਣ। ਇਹਨਾਂ ਅਦਾਰਿਆਂ ਨੇ ਇੱਕ ‘ਸਤਿਕਾਰਤ’ ਚੋਣ ਹੋਣਾ ਹੈ, ਨਾ ਕਿ ਕੋਈ ‘ਆਖਰੀ ਠੀਹੇਠੱਪੇ’ ਅਤੇ ਅੰਤਮ ਦਾਅ। ਸਕੂਲਾਂ ਦੀ ਤਰ੍ਹਾਂ ਹੀ ਇਹ ਅਦਾਰੇ ਵੀ ਰਲਵੇਂ ਹੀ ਹੋਣਗੇ ਅਤੇ ਵੱਖਰੀ-ਸਮਰਥਾ ਵਾਲੇ ਤੇ ਹੋਰਨਾਂ ਨੂੰ ਯੋਗਤਾ ਵਧਾਉਣ ਵਿੱਚ ਮਦਦ ਕਰਨਗੇ। ਉਪਜੀਵਕਾ ਦਾ ਮਨੋਵਿਗਿਆਨ ਅਤੇ ਸਲਾਹਕਾਰੀ-ਕੌਂਸਲਿੰਗ ਦਾ ਇੱਕ ਪਰੋਗਰਾਮ ਵੀ ਹੋਵੇ ਜੋ ਵਿਕਾਸ ਦੇ ਸੰਦ ਤਰ੍ਹਾਂ ਸੈਕੰਡਰੀ ਅਤੇ ਉੱਚ ਸੈਕੰਡਰੀ ਦੀ ਸਟੇਜ ਉੱਪਰ ਕੰਮ ਕਰੇ। ਇਹ ਉਹਨਾਂ ਬੱਚਿਆਂ ਨੂੰ ਲਾਭ ਪਹੁੰਚਾ ਸਕੇ ਜੋ ਇਸ ਨੂੰ ਉਪਜੀਵਕਾ ਤਰ੍ਹਾਂ ਅਪਨਾਉਣਾਂ ਚਹੁੰਣ।

ਸੁਝਾਇਆ ਗਿਆ ਧੰਦੇ ਦੀ ਸਿੱਖਿਆ ਅਤੇ ਟ੍ਰੇਨਿੰਗ ਦਾ ਪ੍ਰੋਗਰਾਮ ਲਚਕੀਲਾ ਹੈ। ਇਸ ਵਿੱਚ ਕਈ ‘ਮੌਡੂਲਰ’ ਸਰਟੀਫੀਕੇਟ ਜਾਂ ਡਿਪਲੋਮਾਂ ਕੋਰਸ ਹੋ ਸਕਦੇ ਹਨ, ਜੋ ਵੱਖ ਵੱਖ ਲੰਬਾਈ (ਸਮੇਤ ਘੱਟ ਲੰਬਾਈ ਵਾਲੇ) ਦੇ, ਉਪਜੀਵਕਾ ਵਾਸਤੇ ਅਤੇ ਪੇਸ਼ੇ ਦੇ ਲਈ ਹੋਣ। ਇਹ ਕੋਰਸ ਉਤਪਾਦਨ ਦੇ ਢਾਂਚਿਆਂ, ਸੇਵਾ ਅਤੇ ਸਾਧਨਾਂ ਤੱਕ ਦੀ ਪਹੁੰਚ ਨੂੰ ਧਿਆਨ ਵਿੱਚ ਰੱਖਕੇ ਅਤੇ ਵੱਖ ਵੱਖ ਭੁਗੋਲਕ ਖੇਤਰਾਂ ਵਿੱਚ ਯੋਜਨਾਂਬੱਧ ਕੀਤੇ ਜਾ ਸਕਦੇ ਹਨ। ਇਨ੍ਹਾਂ ਪ੍ਰੋਗਰਾਮਾਂ ਵਿੱਚ ਇੱਕ ਤੋਂ ਜ਼ਿਆਦਾ ਦਾਖਲੇ ਦੇ ਅਤੇ ਨਿਕਾਸ ਦੇ ਸਥਾਨ ਹੋਣਗੇ, ਅਤੇ ਹਰ ਸੰਭਵ ਢੰਗ ਨਾਲ ਹੋਰ ਅਕਾਦਮਕ ਅਤੇ ਧੰਦਾਗਤ ਪ੍ਰੋਗਰਾਮਾਂ ਨਾਲ ਜੁੜ ਸਕਣਗੇ। ਧੰਦਾਗਤ ਸਿੱਖਿਆ ਅਤੇ ਟ੍ਰੇਨਿੰਗ ਦੇ ਕੇਂਦਰ ਬਲਾਕ ਅਤੇ ਜ਼ਿਲੇ ਦੇ ਪੱਧਰ ਉੱਪਰ ਅਤੇ ਵਡੇ ਸ਼ਹਿਰੀ ਕੇਂਦਰਾਂ ਪੁਰ ਸ਼ਥਾਪਤ ਕੀਤੇ ਜਾਣ। ਇਹਨਾਂ ਵਿੱਚ ਦਾਖਲਾ ਲੈਣਾਂ ਚਹੁੰਣ ਵਾਲਿਆਂ ਲਈ ਚੰਗੀ ਮਾਤਰਾ ਵਿੱਚ ਚੋਣ ਸੰਭਵ ਹੋਵੇ ਤੇ ਚੋਣਾਂ ਤੱਕ ਪਹੁੰਚ ਵੀ।

ਇਨ੍ਹਾਂ ਪ੍ਰੋਗਰਾਮਾਂ ਦਾ ਪਾਠਕ੍ਰਮ ਲਚਕੀਲਾ ਅਤੇ ਸਮਕਾਲੀ ਹੋਵੇ ਜੇ ਇਨ੍ਹਾਂ ਪ੍ਰੋਗਰਾਮਾਂ ਨੇ ਕੌਸ਼ਲ ਸਿੱਖਿਣ ਦਾ ਕੋਈ ਵਾਰਾ ਖਾਂਦਾ ਸਾਧਨ ਬਣਨਾਂ ਹੈ, ਨਾ ਕਿ ਐਵੇਂ ਮਰੀਅਲ ਜਿਹਾ ਤੇ ਬੇਸਿਰਪੈਰਾ ਕੁਝ, ਜਿਸ ਦਾ ਧੰਦਿਆਂ ਅਤੇ ਪੇਸ਼ਿਆਂ ਨਾਲ ਕੋਈ ਵਾਸਤਾ ਹੀ ਨਾ ਹੋਵੇ। ਇਨ੍ਹਾਂ ਦੇ ਸੈਂਟਰ ਇੰਚਾਰਜ਼ਾਂ ਕੋਲ ਲੋੜੀਂਦੇ ਸਾਧਨ ਅਤੇ ਸਾਜਸਮਾਨ ਅਤੇ ਅਕਾਦਮਕ ਆਜ਼ਾਦੀ ਵੀ ਹੋਵੇ ਤਾਂ ਜੋ ਉਹ ਖੇਤੀਬਾੜੀ ਦੇ ਗੁਆਂਢ ਤੇ ਜਾਂ ਜੰਗਲ ਦੇ ਨੇੜੇ ਕਿਸੇ ਉਤਪਾਦਨ ਕੇਂਦਰ ਨਿਸਚਿਤ ਕਰ ਸਕਣ ਜਿਸ ਨਾਲ ਉਹ ਪ੍ਰਾਪਤ ਕੁਦਰਤੀ ਅਤੇ ਮਨੁੱਖੀ ਸਾਧਨਾਂ ਦੀ ਵਰਤੋਂ ਕਰ ਸਕਣ। ਇਸ ਮੰਨਤਵ ਲਈ ਪ੍ਰਾਈਵੇਟ ਅਤੇ ਸਰਕਾਰੀ ਕਾਰਖਾਨਿਆਂ ਦੇ ਵਾਸਤੇ ਇਹ ਅਨਿਵਾਰੀ ਹੋਵੇ, ਖਾਸ ਕਰਕੇ ਛੋਟੇ ਕਾਰਖਾਨਿਆਂ ਅਤੇ ਉਤਪਾਦਕਾਂ ਲਈ ਕਿ ਉਹ ਕੌਸ਼ਲ ਵਿਕਸਤ ਕਰਨ ਦੇ ਮੌਕੇ ਮੁਹੱਈਆ ਕਰਾਉਣ, ਧੰਦਾਕਾਰੀ ਅਤੇ ਵੇਚ-ਵੱਟਤ ਨੂੰ ਸਿੱਖਣ ਦੇ ਵਾਸਤੇ ਰਵੱਈਏ ਅਤੇ ਕੌਸ਼ਲਾਂ ਬਾਰੇ ਮਦਦ ਕਰਨ। ਉਹ ਉਤਪਾਦਨ ਕੇਂਦਰਾਂ ਅਤੇ ਟ੍ਰੇਨਿੰਗ ਸਥਲਾਂ ਦੇ ਰੱਖ-ਰਖਾਵ ਵਿੱਚ ਵੀ ਸਹਾਇਤਾ ਕਰਨ।

'ਐਸ ਐਸ ਏ' ਦੇ ਕਾਲ ਦੇ ਦੌਰਾਨ, 2010 ਤੱਕ ਜਦ 'ਯੂ ਈ ਈ' ਨੇ ਪ੍ਰਾਪਤ ਹੋ ਜਾਣਾਂ ਹੈ, ਯੋਗਤਾ ਪੰਜਵੀਂ ਜਮਾਤ ਹੋਵੇ, ਪਰ ਇਸ ਤੋਂ ਬਾਅਦ ਅੱਠਵੀਂ ਜਮਾਤ (ਸਰਟੀਫੀਕੇਟ) ਕੀਤੀ ਜਾਵੇ, ਅਤੇ ਅੰਤ ਵਿੱਚ ਦਸਵੀਂ ਜਮਾਤ ਸਰਟੀਫੀਕੇਟ। ਕਿਸੇ ਵੀ ਹਾਲਤ ਵਿੱਚ 16 ਸਾਲਾਂ ਤੋਂ ਘੱਟ ਉਮਰ ਨੂੰ ਇਨ੍ਹਾਂ ਪ੍ਰੋਗਰਮਾਂ ਵਿੱਚ ਦਾਖਲਾ ਲੈਣ ਦੇ ਯੋਗ ਨਾ ਮੰਨਿਆਂ ਜਾਵੇ।

ਧੰਦੇ ਦੀ ਸਿੱਖਿਆ ਅਤੇ ਟ੍ਰੇਨਿੰਗ ਦੇ ਪ੍ਰੋਗਰਾਮਾਂ ਦੇ ਕੇਂਦਰ ਹਰ ਉਮਰ ਦੇ ਬੱਚਿਆਂ ਲਈ ਕੌਸ਼ਲ ਅਤੇ ਸ਼ੌਕ ਪੈਦਾ ਕਰਨ ਦੇ ਕੇਂਦਰਾਂ ਤਰ੍ਹਾਂ ਕੰਮ ਕਰ ਸਕਦੇ ਹਨ। ਪਰਾਇਮਰੀ ਸਕੂਲਾਂ ਤੋਂ ਲੈਕੇ ਕਿਸੇ ਵੀ ਉਮਰ ਦੇ ਬੱਚੇ ਸਕੂਲ ਦੇ ਦੌਰਾਨ ਜਾਂ ਸਕੂਲ ਦੇ ਸਮੇਂ ਤੋਂ ਬਾਅਦ ਇਨ੍ਹਾਂ ਕੇਂਦਰਾਂ ਵਿੱਚ ਪਹੁੰਚ ਸਕਦੇ ਹੋਣ। ਯੋਗ ਤਰੀਕੇ ਲੱਭੇ ਜਾਣ ਜਿੰਨ੍ਹਾਂ ਰਾਹੀਂ ਸਥਾਨਕ ਤੌਰਤੇ ਪ੍ਰਾਪਤ ਕੁਸ਼ਲ ਬੰਦਿਆਂ ਨੂੰ, ਜਿਵੇਂ ਕਿ ਦਸਤਕਾਰ, ਮਕੈਨਕ, ਲੁਹਾਰ, ਬਾਂਸਕਾਰ ਆਦਿ ਨੂੰ ਲੱਭਿਆ ਜਾਵੇ, ਤਾ ਜੋ ਉਹ ਸੱਦੇ ਹੋਏ ਪਤਵੰਤਿਆਂ ਦੇ ਰੂਪ ਵਿੱਚ ਪੜ੍ਹਾਅ ਸਕਣ। ਇੱਕ ਸਿਰਜਣਾਤਮਕ ਅਤੇ ਵਿਕੇਂਦਰਤ ਤਰੀਕਾ ਲੱਭਿਆ ਜਾਣ ਦੀ ਲੋੜ ਹੈ ਜਿਸ ਅਨੁਸਾਰ ਇਹਨਾਂ ਸਥਾਨਕ ਖੇਤਰਾਂ ਦੇ ਯੋਗ-ਸਲਾਹਕਾਰਾਂ ਨੂੰ ਮਾਨਤਾ ਦਿੱਤੀ ਜਾ ਸਕੇ।

## 3.8 ਸ਼ਾਂਤੀ ਲਈ ਸਿੱਖਿਆ

ਅਸੀਂ ਕਦੇ ਨਾ ਦੇਖੀ ਸੁਣੀ ਹਿੰਸਾ ਦੇ ਦੌਰ ਵਿੱਚੋਂ ਲੰਘ ਰਹੇ ਹਾਂ, ਤੇ ਸਾਨੂੰ ਲਗਾਤਾਰ ਅਸਹਿਣਸ਼ੀਲਤਾਵਾਂ, ਕੱਟੜਵਾਦਾਂ, ਝਗੜਿਆਂ ਅਤੇ ਕਲੇਸ਼ਾਂ ਆਦਿ ਤੋਂ ਧਮਕੀਆਂ ਮਿਲਦੀਆਂ ਰਹਿੰਦੀਆਂ ਹਨ। ਹਿੰਸਾ ਦੇ ਵਿਸ਼ਵ,

ਰਾਸ਼ਟਰੀ ਅਤੇ ਸਥਾਨਕ ਝੁਕਾਵਾਂ ਅਤੇ ਇਸ ਦੇ ਸੁਆਦ ਨੂੰ ਦੇਖਦਿਆਂ, ਰਾਸ਼ਟਰੀ ਸਕੂਲ ਪਾਠਕ੍ਰਮ ਵਿੱਚ ਸ਼ਾਤੀ ਦੀ ਪੜ੍ਹਾਈ ਦਾ ਸਥਾਨ ਤਾਂ ਚੰਗੀ ਤਰ੍ਹਾਂ ਸਪੱਸ਼ਟ ਹੈ। ਸਿੱਖਿਆ ਇੱਕ ਬੜੀ ਮਹੱਤਵ ਪੂਰਣ ਪਰਤ ਹੈ ਜੋ ਦੀਰਘ-ਕਾਲੀ ਸ਼ਾਂਤੀ, ਸਹਿਨਸ਼ੀਲਤਾ, ਨਿਆਂ, ਅੰਤਰ-ਸਭਿਆਚਾਰਕ ਸਮਝ ਅਤੇ ਨਾਗਰਿਕ ਜ਼ਿੰਮੇਵਾਰੀ ਆਦਿ ਦੀ ਪ੍ਰਕਿਰਿਆ ਉਸਾਰਨ ਲਈ ਜਰੂਰੀ ਹੈ। ਪਰ ਜਿਸ ਭਾਂਤ ਦੀ ਸਿੱਖਿਆ ਸਕੂਲਾਂ ਵਿੱਚ ਦਿੱਤੀ ਜਾ ਰਹੀ ਹੈ ਉਹ ਅਕਸਰ ਹੀ ਅਸਲ ਅਤੇ ਪ੍ਰਤੀਕਕ ਹਿੰਸਾ ਨੂੰ ਜਨਮ ਦਿੰਦੀ ਹੈ।

ਇਨ੍ਹਾਂ ਹਾਲਾਤਾਂ ਵਿੱਚ ਸਿੱਖਿਆ ਅਤੇ ਸਕੂਲ ਪਾਠਕ੍ਰਮ ਦੀ ਸੇਧ ਮੁੜ ਨਿਧਾਰਤ ਕਰਨ ਦੀ ਲੋੜ ਹੋਰ ਵੀ ਜੋਰ ਫੜ੍ਹ ਜਾਂਦੀ ਹੈ। ਕਦਰਾਂ ਕੀਮਤਾਂ ਦੇ ਵਿਸ਼ੇ ਨੂੰ ਧਿਆਨ ਵਿੱਚ ਰੱਖਦਿਆਂ ਇਹ ਪਾਠਕ੍ਰਮ ਦੇ ਹੋਰ ਵੀ ਕਈ ਸਾਰੇ ਖੇਤਰਾਂ ਦੇ ਆਰਪਾਰ ਪਹੁੰਚ ਜਾਂਦੀ ਹੈ, ਤੇ ਉਨ੍ਹਾਂ ਵਿੱਚ ਪ੍ਰਗਟਾਈਆਂ ਗਈਆਂ ਕੀਮਤਾਂ ਨਾਲ ਵੀ ਖੜ੍ਹਦੀ ਹੈ ਅਤੇ ਉਨ੍ਹਾਂ ਦੀ ਪੂਰਕ ਵੀ ਬਣਦੀ ਹੈ। ਇਸ ਕਰਕੇ ਇਹ ਸਾਰੇ ਪਾਠਕ੍ਰਮ ਦਾ ਮੁੱਦਾ ਹੈ ਅਤੇ ਸਾਰੇ ਅਧਿਆਪਕਾਂ ਦੀ ਚਿੰਨਤਾ ਵੀ।

ਸ਼ਾਂਤੀ ਲਈ ਪੜ੍ਹਾਈ ਸਦਾਚਾਰਕ ਵਿਕਾਸ ਨੂੰ ਪ੍ਰਫੁੱਲਤ ਕਰਨ ਦਾ ਉਪਰਾਲਾ ਹੈ, ਜਿਸ ਵਿੱਚ ਉਹ ਕੀਮਤਾਂ, ਰਵੱਈਏ ਅਤੇ ਕੌਸ਼ਲ ਸ਼ਾਮਲ ਹਨ ਜੋ ਅਪਣੇ ਆਪ ਨਾਲ, ਦੂਜਿਆਂ ਨਾਲ ਅਤੇ ਕੁਦਰਤ ਨਾਲ ਇੱਕਸਾਰਤਾ ਵਿੱਚ ਰਹਿਣ ਲਈ ਲੋੜੀਂਦੇ ਹਨ। ਇਹ ਜੀਵਨ ਲਈ ਖੇੜੇ ਦਾ ਬਾਇਜ਼ ਬਣਦੀ ਹੈ ਅਤੇ ਸਾਰੇ ਮਨੁੱਖੀ ਅਧਿਕਾਰਾਂ ਨੂੰ ਅਪਣੇ ਘੇਰੇ ਵਿੱਚ ਲੈ ਲੈਂਦੀ ਹੈ। ਜਿਵੇਂ ਕਿ ਨਿਆਂ, ਸਹਿਨਸ਼ੀਲਤਾ, ਹਮਦਰਦੀ, ਸਮਾਜਕ ਜ਼ਿੰਮੇਵਾਰੀ, ਸਭਿਆਚਾਰਕ ਬਹੁਲਤਾਵਾਂ ਲਈ ਸਤਿਕਾਰ, ਤੇ ਇਸ ਦੇ ਨਾਲ ਹੀ ਲੋਕਤੰਤਰ ਦੇ ਵਾਸਤੇ ਪ੍ਰਤੀਬੱਧਤਾ ਅਤੇ ਝਗੜਿਆਂ ਦੇ ਨਿਵਾਰਣ ਲਈ ਸ਼ਾਂਤੀ ਪੂਰਵਕ ਤਰੀਕੇ। ਇਉਂ ਪਿਆਰ, ਉਮੀਦ ਅਤੇ ਹੌਸਲੇ ਵਰਗੀਆਂ ਅੰਤਰੀਵੀ ਕੀਮਤਾਂ ਦੇ ਅੰਗ ਸੰਗ ਵਿਅਕਤੀਤਵ ਦੇ ਹੋਰ ਬਿਹਤਰ ਬਨਾਉਣ ਦੀ ਲੋੜ ਹੈ।

ਸ਼ਾਂਤੀ ਦੀ ਸਿੱਖਿਆ ਇੱਕ ਅਜਿਹਾ ਮੁੱਦਾ ਹੈ ਜੋ ਸਾਰੇ ਸਕੂਲੀ ਜੀਵਨ ਪੁਰ ਛਾਇਆ ਹੋਇਆ ਹੈ, ਜਿਵੇਂ ਕਿ ਪਾਠਕ੍ਰਮ ਵਿੱਚ, ਸਹਿ-ਪਾਠਕ੍ਰਮ ਵਿੱਚ, ਪਾਠ-ਕਮਰੇ ਦੇ ਵਾਤਾਵਰਣ ਵਿੱਚ, ਸਕੂਲ ਦੇ ਪ੍ਰਬੰਧ ਵਿੱਚ, ਅਧਿਆਪਕ-ਸ਼ਗਿਰਦ ਦੇ ਰਿਸ਼ਤੇ ਵਿੱਚ, ਪੜ੍ਹਾਈ-ਸਿਖਲਾਈ ਦੀਆਂ ਪ੍ਰਕਿਰਿਆਵਾਂ ਅਤੇ ਪੂਰੇ ਦੀਆਂ ਪੂਰੀਆਂ ਸਕੂਲ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੈ। ਇਉਂ ਇਹ ਬੜਾ ਮਹੱਤਵ ਪੂਰਣ ਹੈ ਕਿ ਪਾਠਕ੍ਰਮ ਅਤੇ ਇਮਤਿਹਾਨਾਂ ਨੂੰ ਇਸ ਪੱਖ ਤੋਂ ਪਰਖਿਆ ਜਾਵੇ ਕਿ ਇਹ ਕਿਸ ਤਰ੍ਹਾਂ ਬੱਚਿਆਂ ਵਿੱਚ ਕਮੀਂ, ਘਬਰਾਹਟ, ਉਪਰਾਮਤਾ ਅਤੇ ਸੁਰੱਖਿਆ ਦੀ ਕਮੀਂ ਆਦਿ ਦੀਆਂ ਭਾਵਨਾਵਾਂ ਨੂੰ ਜਨਮ ਦੇ ਸਕਦੀ ਹੈ।

ਇਹ ਵੀ ਕਿ ਸੁਚੇਤ ਤੌਰਤੇ ਆਲੇ ਦੁਆਲੇ ਵਧ ਰਹੀ ਮਾਰਾਮਾਰੀ ਦੇ ਨਾਂਹਵਾਚਕ ਅਸਰ ਨੂੰ ਰੋਕ ਪਾਉਣ ਦੀ ਕੋਸ਼ਸ਼, ਇਹਦੀ ਸੰਚਾਰ ਮਾਧਿਅਮਾਂ ਵਿੱਚ ਪੇਸ਼ਕਾਰੀ, ਬੱਚਿਆਂ ਦੇ ਮਨਾਂ ਉੱਪਰ ਇਹਦਾ ਅਸਰ, ਇਹਦੀ ਜਗਾਹ ਜੀਵਨ ਦੇ ਡੂੰਘੇ ਅਤੇ ਮਨਨ ਕਰ ਸਕਣ ਵਾਲੇ ਪੱਖਾਂ, ਸਦਾਚਾਰਕ ਅਤੇ ਸ਼ਾਤਮਈ ਜੀਵਨ ਦੇ ਮੁੱਲਾਂ ਦਾ ਵਾਧਾ ਕਰਨਾਂ ਆਦਿ। ਇਸ ਦੇ ਸਹੀ ਅਰਥਾਂ ਵਿੱਚ ਸਿੱਖਿਆ ਦਾ ਕੰਮ ਹੈ ਮਨੁੱਖਾਂ ਦੀ ਕੀਮਤਾਂ ਦੀ ਸੂਝ ਨੂੰ ਨਿਖਾਰ ਦੇਣ ਦਾ; ਉਹਨਾਂ ਦੀ ਮਦਦ ਕਰਨੀ ਸੁਚੇਤ ਅਤੇ ਜਾਣ ਬੁੱਝਕੇ ਫੈਸਲੇ ਲੈਣ ਲਈ, ਅਪਣੇ ਕਾਰਜ਼ਾਂ ਦੇ ਫਲ਼ਾਂ ਉੱਪਰ ਨਿਗਾਹ ਰੱਖਣੀ, ਹਿੰਸਾ ਦੀ ਥਾਂ ਸ਼ਾਂਤੀ ਦਾ ਰਸਤਾ ਚੁਣਨਾਂ, ਅਤੇ ਉਹਨਾਂ ਨੂੰ ਸ਼ਾਂਤੀ ਦੇ ਉਤਪਾਦਕ ਨਾ ਕਿ ਭੋਗੀ ਬਣਨ ਵਿੱਚ ਮਦਦ ਕਰਨੀ।

**ਸ਼ਾਂਤੀ ਬੋਧ ਲਈ ਗਤੀਵਿਧੀਆਂ**

5+ ਦੀ ਉਮਰ ਨੂੰ ਧਿਆਨ ਨਾਲ ਸਾਂਭਿਆ ਜਾਵੇ: ਬੱਚਿਆਂ ਨੂੰ ਕਤਾਰਾਂ ਵਿੱਚ ਖੜ੍ਹਾ ਕੋਰ। ਉਹਨਾਂ ਨੂੰ ਟੀਕ ਰੁੱਖ ਦਾ ਕਾਗਜ਼ ਵਰਗਾ ਪੱਤਾ ਦਿਓ, ਕੇਲੇ ਦਾ ਪੱਤਾ ਤੇ ਜਾਂ ਕੋਈ ਹੋਰ ਪੱਤਾ। ਉਹਨਾਂ ਨੂੰ ਇਹ ਪੱਤਾ ਹੱਥੋ ਹੱਥੀ ਅੱਗੇ ਫੜਾਈ ਜਾਣ ਦਿਓ ਕਿ ਜਦ ਤੱਕ ਇਹ ਕਤਾਰ ਦੇ ਅੰਤ ਤੱਕ ਨਾ ਪਹੁੰਚ ਜਾਵੇ। ਫਿਰ ਇੱਕ ਬੱਚਾ ਉਸ ਪੱਤੇ ਨੂੰ ਕਤਾਰ ਦੇ ਆਰੰਭ ਤੱਕ ਲੈ ਆਵੇ ਤੇ ਦੁਬਾਰਾ ਆਰੰਭ ਹੋ ਜਾਵੇ। ਫਿਰ ਬੱਚਿਆਂ ਨੂੰ ਪੱਤਾ ਦੇਖਕੇ ਉਸ ਨੁਕਸਾਨ ਨੂੰ ਜਾਨਣ ਲਈ ਕਿਹਾ ਜਾਵੇ ਜੋ ਪੱਤੇ ਨੂੰ ਵੱਖ ਵੱਖ ਢੰਗ ਨਾਲ ਫੜ੍ਹਨ ਨੇ ਪਹੁੰਚਾਇਆ। ਇਹ ਕਾਰਜ ਫਿਰ ਪੱਤਿਆਂ ਬਾਰੇ ਗੱਲ ਕਰਨ ਵਿੱਚ ਬਦਲ ਜਾਵੇ ਕਿ ਉਹ ਕਿਹੜੇ ਰੁੱਖਾਂ ਦੇ ਹਨ। ਇੱਕ ਇਕੱਲ੍ਹੇ ਪੱਤੇ ਨੂੰ ਪਹੁੰਚਿਆ ਹੋਇਆ ਨੁਕਸਾਨ ਸਾਰੀ ਪ੍ਰਕਿਰਤੀ ਦਾ ਨੁਕਸਾਨ ਹੈ। ਪੱਤਾ ਤਾਂ ਸਾਰੇ ਦੀ ਸਾਰੀ ਪ੍ਰਕਿਰਿਤੀ ਦਾ ਸੁਚਕ ਹੈ।

7+ ਦੀ ਉਮਰ ਭਾਵਨਾਵਾਂ ਸਾਂਝੀਆਂ ਕਰਨੀਆਂ: ਬੱਚਿਆਂ ਨੂੰ ਇੱਕ ਦਾਇਰੇ ਵਿੱਚ ਬੈਠਣ ਦਿਓ ਤੇ ਪੁੱਛੋ 'ਉਹਨਾਂ ਦੇ ਜੀਵਨ ਦਾ ਸਭ ਤੋਂ ਖੁਸ਼ੀ ਭਰਿਆ ਕਿਹੜਾ ਦਿਨ ਸੀ। ਇਹ ਐਨਾਂ ਖੁਸ਼ੀ ਭਰਿਆ ਕਿਉਂ ਸੀ?' ਹਰ ਬੱਚੇ ਨੂੰ ਉੱਤਰ ਦੇਣ ਦਿਓ। ਕੁਝ

ਬੱਚਿਆਂ ਨੂੰ ਅਪਣੇ ਕਿਸੇ ਅਨੁਭਵ ਨੂੰ ਨਾਟਕੀ ਢੰਗ ਵਿੱਚ ਪੇਸ਼ ਕਰਨ ਦਿਓ। ਜਿਵੇਂ ਜਿਵੇਂ ਬੱਚੇ ਅਪਣੇ ਅਹਿਸਾਸ ਹੋਰ ਸਾਂਝੇ ਕਰਨ ਲੱਗਣ ਉਹਨਾਂ ਨੂੰ ਹੋਰ ਮੁਸ਼ਕਲ ਪ੍ਰਸ਼ਨ ਪੁੱਛੋ ਜਿਵੇਂ ਕਿ 'ਤੁਹਾਨੂੰ ਸੱਚ ਮੁੱਚ ਕਿਸ ਤੋਂ ਡਰ ਲੱਗਦਾ ਹੈ? ਤੁਸੀਂ ਇਸ ਤਰ੍ਹਾਂ ਕਿਉਂ ਮਹਿਸੂਸ ਕਰਦੇ ਹੋ?' 'ਜਦ ਤੁਸੀਂ ਕਿਸੇ ਨੂੰ ਲੜਦਾ ਦੇਖਦੇ ਹੋ ਤਾਂ ਤੁਹਾਨੂੰ ਕਿਵੇਂ ਲੱਗਦਾ ਹੈ?' 'ਤੁਹਾਨੂੰ ਕਿਹੜੀ ਚੀਜ਼ ਉਦਾਸ ਕਰਦੀ ਹੈ? ਤੇ ਕਿਉਂ?'

10+ ਦੀ ਉਮਰ ਅਨਿਆਂ ਉੱਪਰ ਨਿਆਂ ਨਾਲ ਕਾਬੂ ਪਾਉਣਾਂ: ਇਸ ਗੱਲ ਦੀ ਵਿਆਖਿਆ ਕਰੋ ਕਿ ਇਸ ਦੁਨੀਆਂ ਵਿੱਚ ਅਨਿਆਂ ਦੇ ਬਹੁਤ ਸਾਰੇ ਕਾਰਣ ਹਨ। ਕਿ ਨਿਆਂ ਹੀ ਦੁਨੀਆਂ ਵਿੱਚ ਸ਼ਾਂਤੀ ਸਥਾਪਤ ਕਰਨ ਦਾ ਇੱਕੋ ਇੱਕ ਮਾਪ ਹੈ। ਬੱਚਿਆਂ ਨੂੰ ਹੋਰ ਉਦਾਹਰਣਾਂ ਦੇਣ ਲਈ ਕਹੋ। ਫਿਰ ਹੋਰ ਪ੍ਰਸ਼ਨ ਪੁੱਛੋ। ਅਨਿਆਂ ਦਾ ਕੀ ਕਾਰਣ ਸੀ? ਓਸੇ ਹੀ ਹਾਲਾਤ ਵਿੱਚ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰੋਗੇ?' ਕੁਝ ਬੱਚਿਆਂ ਨੂੰ ਅਪਣੇ ਵਿਚਾਰ ਜਮਾਤ ਦੇ ਦੂਜੇ ਬੱਚਿਆਂ ਨਾਲ ਸਾਂਝੇ ਕਰਨ ਲਈ ਕਹੋ।

12+ ਦੀ ਉਮਰ ਇੱਕ ਸ਼ਾਂਤੀ ਦੇ ਵਕੀਲ ਬਣੋ: ਬੱਚਿਆਂ ਨੂੰ ਦੱਸੋ ਕਿ ਉਹ ਸ਼ਾਂਤੀ ਦੇ ਵਕੀਲ ਬਣਨ। ਇੱਕ ਦੇਸ਼ ਦੇ ਵਾਸਤੇ ਸ਼ਾਂਤੀ ਦੇ ਕਨੂੰਨ ਬਨਾਉਣ। ਪੰਜ ਅਜਿਹੇ ਕਨੂੰਨਾਂ ਦੀ ਸੂਚੀ ਤਿਆਰ ਕਰੋ ਜੋ ਉਹਨਾਂ ਨੇ ਬਣਾਏ ਹੋਣ। ਦੂਜਿਆਂ ਦੇ ਬਣਾਏ ਹੋਏ ਕਿਹੜੇ ਕਿਹੜੇ ਕਨੂੰਨ ਤੁਸੀਂ ਅਪਣੀ ਸੂਚੀ ਵਿੱਚ ਸ਼ਾਮਲ ਕਰਨਾਂ ਚਾਹੋਗੇ? ਕਿਹੜਿਆਂ ਨੂੰ ਸ਼ਾਮਲ ਨਹੀਂ ਕਰਨਾਂ ਚਾਹੋਗੇ? ਅਤੇ ਕਿਉਂ?

### 3.8.1 ਜੁਗਤਾਂ

ਸਦਾਚਾਰਕ ਵਿਕਾਸ ਦਾ ਅਰਥ ਇਹ ਕੁਝ ਕਰੋ ਅਤੇ ਇਹ ਨਾ ਕਰੋ ਆਦਿ ਨੂੰ ਲਾਗੂ ਕਰ ਦੇਣਾ ਨਹੀਂ ਹੈ। ਸਗੋਂ ਇਸ ਦਾ ਅਰਥ ਬਣਦਾ ਹੈ ਅਜਿਹੇ ਤਰੀਕਿਆਂ ਨੂੰ ਤਿਆਰ ਕਰਨਾਂ ਜਿੰਨ੍ਹਾਂ ਨਾਲ ਬੱਚਿਆਂ ਨੂੰ ਇਹ ਚੋਣਾਂ ਕਰਨ ਲਈ ਸਿਖਾਇਆ ਜਾ ਸਕੇ ਕਿ ਸਹੀ ਕੀ ਹੈ, ਭਲਾ ਕੀ ਹੈ, ਸਾਰਿਆਂ ਦੀ ਭਲਾਈ ਨੂੰ ਖਿਆਲ ਵਿੱਚ ਰੱਖਦਿਆਂ ਸਭ ਤੋਂ ਚੰਗਾ ਕੀ ਹੈ, ਅਤੇ ਇਹ ਵੀ ਕਿ ਇਸ ਸਭ ਕਾਸੇ ਦੇ ਨਿੱਜੀ ਅਤੇ ਸਮਾਜਕ ਕੀਮਤਾਂ ਵਜੋਂ ਅਰਥ ਕੀ ਬਣਦੇ ਹਨ।

ਬੱਚੇ ਅਕਸਰ ਜੋ ਸੁਣਦੇ ਹਨ ਉਸ ਨੂੰ ਸਮਝ ਲੈਂਦੇ ਹਨ। ਪਰ ਉਹ ਜੋ ਕਿਹਾ ਜਾਂਦਾ ਹੈ ਅਤੇ ਜੋ ਕੀਤਾ ਜਾਂਦਾ ਹੈ ਉਸ ਵਿਚਲੇ ਦੁਵੰਧ ਨਾਲ ਸਮਝੌਤਾ ਨਹੀਂ ਕਰ ਸਕਦੇ। ਏਥੋਂ ਤੱਕ ਕਿ ਘਰ ਵਿਚਲੀ ਕੋਈ ਮਾਮੂਲੀ ਅਸਹਿਮਤੀ ਵੀ ਉਹਨਾਂ ਉੱਪਰ ਬੜਾ ਡੂੰਘਾ ਅਸਰ ਪਾ ਸਕਦੀ ਹੈ। ਵਡਿਆਂ ਵਿਚਕਾਰ ਕੋਈ ਵੀ ਟਿਕ ਚੁੱਕੀ ਬਰਖਲਾਫੀ, ਜਾਂ ਮਾਪਿਆਂ ਵਿਚਕਾਰ ਟੁੱਟਾ ਹੋਇਆ ਰਿਸ਼ਤਾ ਬੱਚਿਆਂ ਵਿੱਚ ਇੱਕ ਅਤੋਲਵਾਂ ਡਰ ਅਤੇ ਨਿਰਾਸ਼ਾ ਪੈਦਾ ਕਰ ਦਿੰਦਾ ਹੈ, ਜੋ ਉਹਨਾਂ ਦੀ ਪਹਿਲੀ ਜਾਂ ਦੇਰ ਵਾਲੀ ਜਵਾਨੀਂ ਦੇ ਵਕਤ ਹਮਲਾਵਰ ਰੂਪ ਧਾਰਣ ਕਰਕੇ ਪ੍ਰਗਟ ਹੁੰਦਾ ਹੈ। ਇਸ ਦੀ ਬੜੀ ਲੋੜ ਹੈ ਕਿ ਅਧਿਆਪਕਾਂ ਅਤੇ ਮਾਪਿਆਂ ਨੂੰ ਇੱਕਠੇ ਕੀਤਾ ਜਾਵੇ ਤੇ ਇਸ ਦੇ ਕਾਰਣ ਕੇਵਲ ਅਕਾਦਮਕ ਹੀ ਨਾ ਹੋਣ। ਨਿੱਜੀ ਸਦਾਚਾਰ ਦੇ ਵਿਕਸਤ ਹੋਣ ਦੀ ਸਾਰੀ ਜਿੰਮੇਵਾਰੀ ਨਾ ਤਾਂ ਇਕੱਲ੍ਹੀ ਮਾਪਿਆਂ ਦੀ ਹੈ ਤੇ ਨਾ ਹੀ ਸਕੂਲ ਦੀ।

ਸਦਾਚਾਰਕ ਵਿਕਾਸ ਇੱਕ ਤਰਤੀਬ ਨਾਲ ਵਾਪਰਦਾ ਹੈ, ਜੋ ਭਿੰਨ ਭਿੰਨ ਉਮਰ ਦੇ ਵਰਗਾਂ ਅਨੁਸਾਰ ਚਲਦਾ ਹੈ। ਆਰੰਭਕ ਪਰਾਇਮਰੀ ਸਾਲਾਂ ਵਿੱਚ ਬੱਚੇ ਹਾਲੇ ਆਸ ਪਾਸ ਦੇ ਵਾਤਾਵਰਣ ਨੂੰ ਸਮਝਣ ਵਿੱਚ ਲੱਗੇ ਹੁੰਦੇ ਹਨ ਅਤੇ ਅਪਣੇ ਆਪ ਦੀ ਚੇਤਨਤਾ ਦਾ ਵਿਕਾਸ ਕਰ ਰਹੇ ਹੁੰਦੇ ਹਨ। ਉਹਨਾਂ ਦਾ ਵਿਹਾਰ ਸਜਾ ਤੋਂ ਬਚਣ ਅਤੇ ਇਨਮ ਪ੍ਰਾਪਤੀ ਵਿੱਚ ਲੱਗਾ ਹੁੰਦਾ ਹੈ। ਕੀ ਚੰਗਾ ਹੈ ਤੇ ਕੀ ਬੁਰਾ ਹੈ ਦੇ ਵਿਚਾਰਾਂ ਨੂੰ ਕੀ ਪਰਵਾਨ ਹੋ ਗਿਆ ਅਤੇ ਕੀ ਨਹੀਂ ਹੋਇਆ ਨਾਲ ਜੋੜਦੇ ਹਨ। ਇਸ ਅਵਸਥਾ ਵਿੱਚ ਜੋ ਉਹ ਵਡਿਆਂ ਵਿੱਚ ਦੇਖਦੇ ਹਨ, ਉਹੀ ਉਹ ਅਪਣੇ ਸਦਾਚਾਰਕ ਵਿਹਾਰ ਦੀ ਸਮਝ ਦਾ ਆਧਾਰ ਬਣਨ ਦਿੰਦੇ ਹਨ।

ਜਿਵੇਂ ਜਿਵੇਂ ਬੱਚੇ ਵਡੇ ਹੁੰਦੇ ਹਨ, ਭਾਵੇਂ ਉਹਨਾਂ ਦੀਆਂ ਦਲੀਲਕਾਰੀ ਦੀਆਂ ਸ਼ਕਤੀਆਂ ਬਹੁਤ ਵਿਕਾਸ ਕਰ ਗਈਆਂ ਹੁੰਦੀਆਂ ਹਨ, ਫਿਰ ਵੀ ਉਹ ਮਾਨਤਾਵਾਂ ਅਤੇ ਮਿਆਰਾਂ ਨੂੰ ਪ੍ਰਸ਼ਨ ਕਰ ਸਕਣ ਜੋਗੇ ਪ੍ਰੋੜ੍ਹ ਨਹੀਂ ਹੋਏ ਹੁੰਦੇ। ਦੂਸਰਿਆਂ ਨੂੰ ਪ੍ਰਭਾਵਤ ਕਰਨ ਅਤੇ ਅਪਣੇ ਮਜ਼ਬੂਤ ਤੇ ਯੋਗ ਹੋਣ ਵਾਲੇ ਸਵੈ-ਬਿੰਬ ਦੀ ਪ੍ਰਮਾਣਕਤਾ ਪੇਸ਼ ਕਰ ਸਕਣ ਦੀ ਜਰੂਰਤ ਦੇ ਉਤਸ਼ਾਹਿਤ ਕੀਤੇ ਹੋਏ ਬੱਚੇ ਅਕਸਰ ਨਿਯਮਾਂ ਨੂੰ ਉਲੰਘਣ ਦੀ ਰੁਚੀ ਰੱਖਣ ਲਗਦੇ ਹਨ। ਇਸ ਅਵਸਥਾ ਵਿੱਚ ਮਨਨ ਕਰਨ ਵਿੱਚ ਸਹਾਇਤਾ ਕਰਵਾਈ ਜਾਵੇ, ਜੋ ਮਿਆਰਾਂ, ਰੋਕਾਂ, ਸਰਿਸ਼ਟਾਚਾਰ ਅਤੇ ਫ਼ਰਜਾਂ ਆਦਿ ਨਾਲ ਜੁੜੀ ਹੋਵੇ। ਏਵੇਂ ਹੀ ਵਿਚਾਰ ਚਰਚਾ ਅਤੇ ਵਾਰਤਾਲਾਪਾਂ ਨਾਲ ਕੀਤੀ ਸਹਾਇਤਾ ਵੀ

ਅਜਿਹੀਆਂ ਦ੍ਰਿਸ਼ਟੀਆਂ ਪੈਦਾ ਕਰਦੀ ਹੈ ਜਿਵੇਂ ਸਮੂਹਕ ਭਲਾਈ, ਸੰਜਮ ਦੀ ਕੀਮਤ, ਕੁਰਬਾਨੀ, ਹਮਦਰਦੀ ਆਦਿ ਜੋ ਸਦਾਚਾਰਕ ਹੋਂਦ ਦੀ ਤਾਮੀਰ ਕਰਦੇ ਹਨ।

ਹੋਰ ਵੀ ਬਾਅਦ ਵਿੱਚ, ਜਦ ਅਮੂਰਤ ਸੋਚ ਸਮਰਥਾ ਪੂਰੀ ਤਰ੍ਹਾਂ ਵਿਕਸਤ ਹੋ ਜਾਂਦੀ ਹੈ, ਤਾਂ ਬੰਦਾ ਸਦਾਚਾਰਕ ਵਿਹਾਰ ਕਿਸ ਚੀਜ਼ ਦਾ ਬਣਿਆਂ ਹੁੰਦਾ ਹੈ ਇਸ ਬਾਰੇ ਭਰਪੂਰ ਦਲੀਲਦਾਰ ਮਤਿ ਪੇਸ਼ ਕਰ ਸਕਦਾ ਹੈ। ਇਹ ਉਹਨਾਂ ਸਦਾਚਾਰਕ ਨੇਮਾਂ ਦੀ ਪਰਵਾਨਗੀ ਅਤੇ ਉਨ੍ਹਾਂ ਨੂੰ ਗ੍ਰਹਿਣ ਕਰਨ ਵਿੱਚ ਵਿਕਸਤ ਹੋ ਜਾਂਦਾ ਹੈ। ਇਹ ਨੇਮ ਅੱਗੇ ਜਾਕੇ ਟਿਕਾਅ ਹਾਂਸਲ ਕਰ ਲੈਂਦੇ ਹਨ। ਕਿਸੇ ਬਾਹਰਲੀ ਤਾਕਤ ਦੀ ਗੈਰਹਾਜ਼ਰੀ ਵਿੱਚ ਵੀ ਸਦਾਚਾਰਕ ਢੰਗ ਨਾਲ ਵਿਕਸਤ ਮਨੁੱਖ ਨਿਆਂ ਪੂਰਵਕ ਅਤੇ ਸੁਲਝੇ ਅੰਦਾਜ਼ ਵਿੱਚ ਵਿਹਾਰ ਕਰਦੇ ਹਨ। ਉਹ ਨਿਯਮਾਂ ਅਤੇ ਨੇਮਾਂ ਦੇ ਆਧਾਰਾਂ ਨੂੰ ਵੀ ਸਮਝਦੇ ਹਨ, ਤੇ ਇਹ ਵੀ ਭਲੀ ਪਰਕਾਰ ਜਾਣਦੇ ਹਨ ਕਿ ਮੁਕੰਮਲ ਵਿਵਸਥਾ ਅਤੇ ਸ਼ਾਂਤੀ ਕਿਸ ਚੀਜ਼ ਦੀ ਦੇਣ ਹਨ।

ਸਾਡੇ ਪੁਰਾਣੇ ਵਕਤਾਂ ਦੇ ਅਤੇ ਸਰਵ-ਸਰੇਸ਼ਠ ਗੁਰੂ ਜਨਾਂ ਨੇ ਕਹਾਣੀਆਂ ਅਤੇ ਟੋਟਕੇ ਘੜ ਰੱਖੇ ਸਨ ਕਿ ਕਿਸੇ ਰੂਹਾਨੀ ਸਿੱਖਿਆ ਅਤੇ ਸਮਾਜਕ ਤੌਰਤੇ ਬੜਾ ਮਹੱਤਵ ਰੱਖਦੇ ਸੁਨੇਹਿਆਂ ਨੂੰ ਕਿਵੇਂ ਕਿਹਾ ਜਾਵੇ। ਇਹਦੇ ਨਾਲ ਇਹ ਵੀ ਕਿ ਕੋਈ ਬੱਚਾ ਭਾਵੇਂ ਕਿੰਨਾਂ ਵੀ ਢਿੱਲਾ ਕਿਉਂ ਨਾ ਹੋਵੇ, ਘਰਦੇ ਹਾਲਾਤ ਤੋਂ ਕਿੰਨਾਂ ਵੀ ਮਾਯੂਸ ਨਾ ਹੋਵੇ, ਫਿਰ ਵੀ ਵਿਚਾਰ ਚਰਚਾ ਵਿੱਚ ਉਸ ਕੋਲ ਕਹਿਣ ਲਈ ਕੁਝ ਨਾ ਕੁਝ ਹੁੰਦਾ ਹੈ ਤੇ ਦੇ ਦੇਣ ਲਈ ਦ੍ਰਿਸ਼ਟੀ ਵੀ। ਅਧਿਆਪਕ ਦੀ ਲੋੜ ਇਹ ਹੈ ਕਿ ਉਹ ਸਾਰੀ ਜਮਾਤ ਨੂੰ ਨਾਲ ਲੈ ਤੁਰੇ, ਉਹਨਾਂ ਦਾ ਭਰੋਸਾ ਜਿੱਤ ਲਵੇ, ਨਾਕਿ ਡਰਾਉਣ ਧਮਕਾਉਣ ਵਾਲੀ ਭਾਸ਼ਾ ਵਰਤੇ ਅਤੇ ਡੌਲੇ ਦਿਖਾਵੇ।

ਕਦਰਾਂ ਕੀਮਤਾ ਦੀ ਪੜ੍ਹਾਈ ਦਾ ਅਕਸਰ ਅਰਥ ਲਿਆ ਗਿਆ ਹੈ ਠੀਕਠਾਕ ਵਿਹਾਰ ਬਾਰੇ ਉਪਦੇਸ਼ ਦੇਣਾਂ। ਇਹਦਾ ਇਹ ਵੀ ਮਤਲਬ ਬਣਦਾ ਆਇਆ ਹੈ ਕਿ 'ਅਣਚਾਹੇ', 'ਅਚਪਰਵਾਨਤ' ਭਾਵਾਂ ਅਤੇ ਖਾਹਸ਼ਾਂ ਤੋਂ ਇਨਕਾਰ ਕਰਨਾਂ ਤੇ ਦਮਨ ਕਰਨਾਂ। ਇਹ ਅਕਸਰ ਬੱਚਿਆਂ ਨੂੰ ਅਪਣੀਆਂ ਅਸਲ ਭਾਵਨਾਵਾਂ, ਖਾਹਸ਼ਾਂ, ਵਿਚਾਰ ਅਤੇ ਜਕੀਨਾਂ ਨੂੰ ਲੁਕੌਣਾ ਸਿਖੌਂਦਾ ਹੈ। ਉਹ ਆਚਾਰਕ ਕਦਰਾਂ ਕੀਮਤਾਂ ਬਾਰੇ ਕੋਈ ਪ੍ਰਤੀਬੱਧਤਾ ਰੱਖਣ ਦੀ ਬਜਾਏ ਬੁੱਲ੍ਹ ਹਿਲੌਣੇ ਆਰੰਭ ਕਰ ਦਿੰਦੇ ਹਨ।

ਤਦ ਹੀ ਲੋੜ ਹੈ ਅਜਿਹੀ ਕਹਿਣੀ ਤੋਂ ਅੱਗੇ ਤੁਰਨ ਦੀ, ਅਨੁਭਵ ਅਤੇ ਮਨਨ ਦੀ, ਜਿੱਥੇ ਸ਼ਦਾਚਾਰਕ ਵਿਹਾਰ ਲਈ ਐਵੇਂ ਕੋਈ ਸਾਦਮੁਰਾਦੀ ਪਹੁੰਚ ਨਾ ਅਪਣਾ ਲਈ ਜਾਵੇ। ਉਲਟਾ ਮਨੁੱਖੀ ਚਾਹਤ ਦੇ ਨਾਲ ਜੁੜੇ ਬੜੇ ਜਟਲ ਮੰਤਵ ਅਤੇ ਸਦਾਚਾਰਕ ਦਵੰਧਾਂ ਦੀ ਘੋਖ ਕੀਤੀ ਜਾਵੇ ਤੇ ਸਮਝ ਪੈਦਾ ਕੀਤੀ ਜਾ ਸਕੇ।

## ਸ਼ਾਂਤੀ ਦੀਆਂ ਗਤੀਵਿਧੀਆਂ ਲਈ ਸੁਝਾਅ

- ✓ ਸ਼ਕੂਲਾਂ ਵਿੱਚ ਵਿਸ਼ੇਸ਼ ਕਲੱਬ ਅਤੇ 'ਪੜ੍ਹਨ-ਕਮਰੇ' ਸਥਾਪਤ ਕਰੋ। ਸ਼ਾਂਤੀ ਦੀਆਂ ਖਬਰਾਂ ਅਤੇ ਉਨ੍ਹਾਂ ਚੀਜ਼ਾਂ ਵੱਲ ਧਿਆਨ ਦਿਓ ਜੋ ਸਮਾਜਕ ਨਿਆਂ ਅਤੇ ਬਰਾਬਰੀ ਦੇ ਬਰਖਲਾਫ ਜਾਂਦੀਆਂ ਹੋਣ।
- ✓ ਅਜਿਹੀਆਂ ਫਿਲਮਾਂ – ਡਾਕੂਮੈਂਟਰੀਆਂ ਅਤੇ ਫੀਚਰ ਫਿਲਮਾਂ ਦੀ ਇੱਕ ਸੂਚੀ ਤਿਆਰ ਕਰੋ। ਸਮੇਂ ਸਮੇਂ ਉਨ੍ਹਾਂ ਨੂੰ ਸਕੂਲਾਂ ਵਿੱਚ ਦਿਖਾਓ।
- ✓ ਸਮਚਾਰ ਮਾਧਿਅਮਾਂ ਨੂੰ ਸ਼ਾਂਤੀ ਦੀ ਪੜ੍ਹਾਈ ਲਈ ਸਹਿਯੋਜਕ ਦੇ ਰੂਪ ਵਿੱਚ ਸ਼ਾਮਲ ਕਰ ਲਵੋ। ਮੰਨੇ ਪਰਮੰਨੇ ਪੱਤਰ-ਪਰੇਰਕਾਂ ਅਤੇ ਐਡੀਟਰਾਂ ਨੂੰ ਬੱਚਿਆਂ ਨੂੰ ਭਾਸ਼ਣ ਦੇਣ ਲਈ ਸੱਦਾ ਦਿਓ। ਘੱਟ ਤੋਂ ਘੱਟ ਮਹੀਨੇ ਵਿੱਚ ਇੱਕ ਵਾਰੀ ਬੱਚਿਆਂ ਦੇ ਵਿਚਾਰਾਂ ਨੂੰ ਛਾਪਣ ਵਾਸਤੇ ਮੰਗ ਕਰੋ।
- ✓ ਭਾਰਤ ਦੀ ਸਭਿਆਚਾਰਕ ਅਤੇ ਧਾਰਮਕ ਬਹੁਲਤਾ ਨੂੰ ਸਕੂਲਾਂ ਵਿੱਚ ਮਨਾਓ।
- ✓ ਔਰਤਾਂ ਦੇ ਪ੍ਰਤੀ ਆਦਰ ਅਤੇ ਜਿੰਮੇਵਾਰੀ ਵਾਲੇ ਰਵੱਈਏ ਵਧਾਉਣ ਵਾਲੇ ਪ੍ਰੋਗਰਾਮ ਕਰੋ।

ਅਧਿਆਪਕ ਕੁਝ ਅਜਿਹੀਆਂ ਸੋਚੀਆਂ ਸਮਝੀਆਂ ਕੋਸ਼ਸ਼ਾਂ ਕਰ ਸਕਦੇ ਹਨ ਜੋ ਸ਼ਾਂਤੀ ਨਾਲ ਸਬੰਧਤ ਕਦਰਾਂ ਨੂੰ ਛੇੜਣ ਵੀ ਤੇ ਹੋਰ ਵਧਾਉਣ ਵੀ। ਇਹ ਕੋਸ਼ਸ਼ਾਂ ਪਾਠ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਦੇ ਵਿਕਾਸ ਦੀਆਂ ਸਾਰੀਆਂ ਪੱਧਰਾਂ ਉੱਪਰ ਚਲਦੀਆਂ ਰਹਿੰਣ। ਉਦਾਹਰਣ ਲਈ, ਅਧਿਆਪਕ ਕਿਸੇ ਪਾਠ ਵਿੱਚ ਛਿਪੀਆਂ ਸੰਭਾਵਨਾਵਾਂ ਦਾ ਮੌਕਾ ਉਠਾਅ ਕੇ ਕੁਝ ਜੁਗਤਾਂ ਦੀ ਮਦਦ ਨਾਲ ਹਾਂਵਾਚਕ ਭਾਵਨਾਵਾਂ ਨੂੰ, ਮਨਨ ਕਰਨ ਲਈ ਅਨੁਭਵਾਂ ਨੂੰ, ਸ਼ਾਂਤੀ ਨਾਲ ਸਬੰਧਤ ਸੂਝ ਨੂੰ ਪੁਣ-ਛਾਣ ਕਰਨ, ਖੋਜਣ ਅਤੇ ਉਸਾਰਣ ਲਈ ਉਜਾਗਰ ਕਰ ਸਕਦੇ ਹਨ। ਪ੍ਰਸ਼ਨ, ਕਹਾਣੀਆਂ, ਟੋਟਕੇ, ਖੇਡ੍ਹਾਂ, ਪ੍ਰਯੋਗ, ਵਿਚਾਰ ਵਟਾਂਦਰੇ, ਵਾਰਤਾਲਾਪ, ਮੁੱਲ ਦੇ ਸਪੱਸ਼ਟੀਕਰਣ, ਉਦਾਹਰਣਾਂ, ਸਮਾਨਤਾਵਾਂ, ਬਿੰਬ, ਨਾਟਕ, ਅਤੇ ਨਕਲਾਂ ਵਗੈਰਾ ਸ਼ਾਂਤੀ ਬਾਰੇ ਪੜ੍ਹਾਉਣ-ਸਿੱਖਣ ਦੇ ਵਾਸਤੇ ਕਾਰਗਾਰ ਜੁਗਤਾਂ ਹੋ ਸਕਦੀਆਂ ਹਨ।

ਸਦਾਚਾਰ ਦੀ ਪੜ੍ਹਾਈ ਅਤੇ ਅਭਿਆਸ ਨਿੱਜੀ ਤੋਂ ਸਮਾਜਕ ਅਤੇ ਭਾਈਚਾਰੇ ਨਾਲ ਜੁੜੀ ਸੋਚ ਦੀ ਤਰਫ ਵਧਦਾ ਹੈ ਤੇ ਅੱਗੋਂ ਗਲੋਬਲੀ ਪਰਪੇਖਾਂ ਦੇ ਨਾਲ ਜੁੜ ਜਾਂਦਾ ਹੈ। ਜੋ ਅਧਿਆਪਕ ਸ਼ਾਂਤੀ ਵਾਲੇ ਪ੍ਰੀਪੇਖ ਦੇ ਨਾਲ ਜੁੜਿਆ ਹੋਇਆ ਹੋਵੇ, ਉਹ ਇਹਨਾਂ ਮਸਲਿਆਂ ਨੂੰ ਬੜੀ ਆਸਾਨੀਂ ਨਾਲ ਸਮਝਾਅ ਸਕਦਾ ਹੈ, ਉਹਨਾਂ ਦੀਆਂ ਅਪਸੀ ਕੜੀਆਂ ਦੀ ਗੱਲ ਕਰ ਸਕਦਾ ਹੈ। ਅਧਿਆਪਕਾਂ ਦੀ ਸਿਖਲਾਈ ਵਿੱਚ ਸ਼ਾਂਤੀ ਲਈ ਸਿੱਖਿਆ ਨੂੰ ਇੱਕ ਚੋਣਵੇਂ ਮਜਮੂੰਨ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ।

## 3.9 ਵਸੇਬਾ ਅਤੇ ਸਿੱਖਿਆ

ਵਸੇਬਾ ਉਹ ਜਗਾਹ ਹੈ ਜਿੱਥੇ ਕਿਸੇ ਜਾਤ ਦੇ ਜੀਵਾਂ ਨੂੰ ਅਪਣੇ ਵਧਣ ਫੁੱਲਣ ਲਈ ਸਾਹ ਆਉਂਦਾ ਲੱਗੇ। ਸਿੱਖਿਆ ਜਾਨਵਰਾਂ ਦੀਆਂ ਸਾਰੀਆਂ ਜਾਤਾਂ ਵਿੱਚ ਇੱਕ ਅਹਿੰਮ ਗਿਆਨ ਇੰਦਰੀ ਹੈ। ਪਛੂ ਅਪਣੇ ਵਸੇਬੇ ਦਾ ਅਨੁਮਾਨ ਕਈ ਇੱਕ ਸੂਚਕਾਂ ਦੇ ਅਧਾਰ ਪੁਰ ਲਾਉਂਦੇ ਹਨ। ਜਿਵੇਂ ਕਿ ਉਨ੍ਹਾਂ ਨੂੰ ਖੁਰਾਕ ਕਿੱਥੇ ਮਿਲ ਸਕਦੀ ਹੈ, ਸੰਗੀ ਸਾਥੀ ਕਿੱਥੇ ਹੋਣਗੇ ਤੇ ਜਾਂ ਫਿਰ ਦੁਸ਼ਮਣਾਂ ਦਾ ਖਤਰਾ ਕਿੱਥੇ ਪਿਆ ਹੈ।

ਸਾਡੇ ਵਡੇਰਿਆਂ ਵਾਸਤੇ ਗਿਆਨ ਦੀ ਸ਼ੁਰੂਆਤ ਇਉਂ ਵਸੇਬਿਆਂ ਦੀ ਖੋਜ਼ ਬੀਨ ਕਰਨ ਨਾਲ ਆਰੰਭ ਹੋਈ ਸੀ। ਪਰ ਜਿਵੇਂ ਜਿਵੇਂ ਬੰਦਿਆਂ ਦਾ ਜਬਤ ਵਾਤਾਵਰਨ ਉੱਪਰ ਵਧਦਾ ਗਿਆ ਹੈ ਅਤੇ ਜਿਉਂ ਜਿਉਂ ਲੋਕ ਵਿਸ਼ਵ ਨੂੰ ਅਪਣੀਆਂ ਲੋੜਾਂ ਅਨੁਸ਼ਾਰ ਢਾਲਣ ਦੀ ਕੋਸ਼ਿਸ਼ ਵਧਾਈ ਗਏ ਹਨ, ਸਾਡੇ ਗਿਆਨ ਦਾ ਇਹ ਭਾਗ ਸੁੰਘੜਦਾ ਗਿਆ ਹੈ। ਅੱਜ ਉਪਚਾਰਕ ਵਿੱਦਿਆ ਵਿਦਿਆਰਥੀਆਂ ਦੇ ਅਪਣੇ ਵਸੇਬੇ ਨਾਲੋਂ ਅਲੱਗ ਥਲੱਗ ਹੋ ਗਈ ਹੈ।

ਪਰ ਵਾਤਾਵਰਨ ਦਾ ਨਿਘਾਰ ਤਾਂ ਹੁਣ ਕਦੇ ਨਾ ਦੇਖੀ ਰਫਤਾਰ ਨਾਲ ਹੋ ਰਿਹਾ ਹੈ ਤੇ ਸਾਨੂੰ ਸਾਡੇ ਵਾਤਾਵਰਨ ਦੀ ਕਾਫੀ ਚੰਗੀ ਤਰ੍ਹਾਂ ਰਾਖੀ ਕਰਨ ਦੀ ਸਮਝ ਵੀ ਆਉਣ ਲੱਗ ਪਈ ਹੈ। ਇਸ ਲਈ ਇਹ ਜਰੂਰੀ ਹੋ ਗਿਆ ਹੈ ਕਿ ਮਨੁੱਖਤਾ ਅਪਣੀਆਂ ਜੜ੍ਹਾਂ ਪਛਾਣੇ, ਅਪਣੇ ਵਸੇਬੇ ਨਾਲ ਅਪਣੇ ਰਿਸ਼ਤੇ ਨੂੰ ਬਹਾਲ ਕਰੇ ਅਤੇ ਇਹਦੀ ਅਸਰਦਾਰ ਹਿਫਾਜ਼ਤ ਕਰਨ ਨੂੰ ਸਮਝ ਜਾਵੇ। ਇਉਂ ਅਸਲ ਅਰਥਾਂ ਵਿੱਚ 'ਵਸੇਬਾ ਅਤੇ ਸਿੱਖਿਆ' ਨਾਮੀਂ ਵਿਸ਼ੈ ਦਾ ਅਰਥ ਬਣਦਾ ਹੈ ਵਾਤਾਵਰਣ ਦੀ ਵਿੱਦਿਆ।

ਇਹਨਾਂ ਮਹੱਤਵ ਪੂਰਣ ਚਿੰਤਾਵਾਂ ਦੇ ਨਿਵਾਰਣ ਦਾ ਬਹੁਤਾ ਕਾਰਗਾਰ ਤਰੀਕਾ ਇਹ ਹੈ ਕਿ ਵਾਤਾਵਰਣ ਦੀ ਵਿੱਦਿਆ ਨੂੰ ਵੱਖ ਵੱਖ ਮਜ਼ਮੂੰਨਾਂ ਦੇ ਅੰਗ ਬਣਾ ਦਿੱਤਾ ਜਾਵੇ ਅਤੇ ਇਸ ਆਸ਼ੇ ਦੀ ਪੂਰਤੀ ਵਾਸਤੇ ਜ਼ਿਆਦਾ ਪ੍ਰਭਾਵੀ ਕਾਰਜਾਂ ਵਾਸਤੇ ਲੋੜੀਦਾ ਸਮਾਂ ਵੀ ਰਾਖਵਾਂ ਰੱਖ ਦਿੱਤਾ ਜਾਵੇ। ਇਸ ਵਿਧੀ ਨੂੰ ਭੌਤਿਕ ਵਿਗਿਆਨ,

ਗਣਿਤ, ਰਸਾਇਣ ਵਿਗਿਆਨ, ਜੀਵ ਵਿਗਿਆਨ, ਭੂਗੋਲ, ਇਤਹਾਸ, ਰਾਜਨੀਤੀ ਵਿਗਿਆਨ, ਸਿਹਤ ਅਤੇ ਸਰੀਰਕ ਸਿੱਖਿਆ, ਕਲਾ, ਸੰਗੀਤ ਆਦਿ ਦੀ ਵਿਸ਼ੈ-ਵਸਤੂ ਦਾ ਨਿਭਾਅ ਕਰਨ ਦੇ ਲਈ ਬੜੇ ਅਰਥਦਾਰ ਢੰਗ ਨਾਲ ਲਾਗੂ ਕੀਤੀ ਜਾ ਸਕਦੀ ਹੈ।

ਜ਼ਿੰਦਗੀ ਦੇ ਹਾਲਾਤਾਂ ਨੂੰ ਦਰਸ਼ਾਉਂਦੇ ਕਾਰਜ ਸਿੱਖਿਅਕਾਂ ਦੀ ਸ਼ਮੂਲੀਅਤ ਵਾਸਤੇ ਕਾਫੀ ਅਸਰਦਾਰ ਸਿੱਧ ਹੁੰਦੇ ਹਨ। ਉਦਾਹਰਣ ਲਈ, ਵਰਖਾ ਸਥਾਨ ਅਤੇ ਕਾਲ ਦੇ ਪੱਖ ਤੋਂ ਬੜੀਆਂ ਜਟਿਲ ਭਿੰਨਤਾਵਾਂ ਦਰਸ਼ਾਉਂਦੀ ਹੈ। ਵਰਖਾ ਦੀ ਅਜਿਹੀ ਭਿੰਨਤਾ ਬਾਰੇ ਕਾਫੀ ਮਾਤਰਾ ਵਿੱਚ ਸੂਚਨਾਂ ਸਮੱਗਰੀ ਮਿਲਦੀ ਹੈ। ਇਸ ਸਮੱਗਰੀ ਨੂੰ ਭੌਤਿਕ ਵਿਗਿਆਨ ਅਤੇ ਗਣਿਤ ਵਾਸਤੇ ਕਈ ਗਤੀਵਿਧੀਆਂ ਉਸਾਰਣ ਲਈ ਵਰਤਿਆ ਜਾ ਸਕਦਾ ਹੈ।

ਭੌਤਿਕ ਵਿਗਿਆਨ ਵਿੱਚ ਅਜਿਹੇ ਸਧਾਰਣ ਪ੍ਰਯੋਗ ਨਿਰਮਤ ਕੀਤੇ ਜਾ ਸਕਦੇ ਹਨ ਜਿੰਨ੍ਹਾਂ ਰਾਹੀਂ ਉੱਚੀਆਂ-ਨੀਵੀਆਂ ਥਾਵਾਂ ਉੱਪਰ ਤਰਲਾਂ ਦੇ ਵਹਾਅ ਦੀ ਤਰਤੀਬ ਨੂੰ ਦੇਖਿਆ ਜਾ ਸਕਦਾ ਹੋਵੇ। ਇਸ ਗੱਲ ਨੂੰ ਵੀ ਦਿਖਾਇਆ ਜਾ ਸਕਦਾ ਹੋਵੇ ਕਿ ਹਵਾ ਵਿਚਲਾ ਚੜ੍ਹਾਅ ਕਿਸ ਤਰ੍ਹਾਂ ਠੰਡ ਪੈਦਾ ਕਰਦਾ ਹੈ ਅਤੇ ਉਤਰਾਅ ਇਸ ਦੇ ਉਲਟ ਅਸਰ ਛੱਡਦਾ ਹੈ।

ਗਣਿਤ ਵਿੱਚ ਕੋਈ 50 ਸਾਲਾਂ ਦੇ ਲੰਮੇ ਅਰਸੇ ਦੀ ਵਰਖਾ ਦੇ ਘਟਦੇ ਜਾਣ ਬਾਰੇ ਸੂਚਨਾਂ ਸਮਗਰੀ ਦਾ ਕਾਫੀ ਗੰਭੀਰ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਹ ਵਿਸ਼ਲੇਸ਼ਣ ਪ੍ਰੀਨਿਧਤਵ, ਦ੍ਰਿਸ਼ਟੀਕਰਣ ਅਤੇ ਵਿਆਖਿਆ ਦੇ ਵਾਸਤੇ ਬੜੀਆਂ ਅਸਰਦਾਰ ਸੰਭਾਵਨਾਂ ਪੈਦਾ ਕਰ ਸਕਦਾ ਹੈ। ਏਸੇ ਤਰ੍ਹਾਂ ਹੀ ਗੰਦੇ ਨਾਲੇ ਦੀ ਸਫਾਈ ਵਿੱਚੋਂ ਉਠਦੀਆਂ ਹਵਾੜਾਂ ਰਸਾਇਣ ਵਿਗਿਆਨ ਦੇ ਲਈ ਕਈ ਪ੍ਰੋਜੈਕਟਾਂ ਦਾ ਵਿਸ਼ੈ ਬਣ ਸਕਦੀਆਂ ਹਨ।

ਇਹਦੇ ਤੋਂ ਬਿਨਾਂ ਸਕੂਲ ਪੰਚਾਇਤਾਂ, ਮਿਊਂਸਪਲ ਕਮੇਟੀਆਂ ਅਤੇ ਸ਼ਹਿਰੀ ਕਾਰਪੋਰੇਸ਼ਨਾਂ ਨਾਲ ਕੰਮ ਕਰਦਿਆਂ ਜੀਵ ਰੂਪਾਂ ਦੇ ਵਿਸਥਾਰ ਅਤੇ ਉਹਨਾਂ ਨਾਲ ਜੁੜੇ ਗਿਆਨ ਦਾ ਲੇਖਾ ਜੋਖਾ ਕਰਨ ਲਈ ਕੰਮ ਕਰ ਸਕਦੇ ਹਨ। ਸਕੂਲ ਜੀਵ ਵਿਗਿਆਨ ਵਿੱਚ ਅਜਿਹੇ ਪ੍ਰੋਜੈਕਟ ਲੈ ਸਕਦੇ ਹਨ ਜਿੰਨ੍ਹਾਂ ਵਿੱਚ ਕਈ ਵਿਸ਼ੇਸ਼ ਭਾਂਤ ਦੇ ਸੁਆਲ ਉਠਾਏ ਜਾ ਸਕਦੇ ਹਨ। ਜਿਵੇਂ ਕਿ ਦਵਾ ਦਾਰੂ ਵਾਲੀਆਂ ਬੂਟੀਆਂ ਦੀ ਕਿਸੇ ਪਾਣੀ ਵਿੱਚ ਕਿਸੇ ਦੁਰਲੱਭ ਮੱਛੀ ਦੀ ਰਾਖੀ ਹਿੱਤ ਹੋ ਰਹੀ ਵਰਤੋਂ ਅਤੇ ਉਸ ਦੀ ਮਿਕਦਾਰ ਬਾਰੇ।

ਕਲਾ ਦੇ ਭਿੰਨ ਭਿੰਨ ਰੂਪਾਂ, ਸੰਗੀਤ, ਨਾਚ, ਦਸਤਕਾਰੀਆਂ ਆਦਿ ਰਾਹੀਂ ਲੋਕਾਂ ਦਾ ਜਾਨਵਰਾਂ, ਜੰਗਲਾਂ, ਦਰਿਆਵਾਂ, ਪੌਦਿਆਂ ਆਦਿ ਦਾ ਪ੍ਰਗਟਾਵਾ ਉਨ੍ਹਾਂ ਦੀ ਜੀਵ ਵਿਸਥਾਰ ਦੀ ਸੂਝ ਨੂੰ ਦਰਸਾਉਂਦਾ ਹੈ। ਇਹੀ ਸੂਝ ਅਨੁਸੂਚਤ ਜਾਤੀਆਂ ਅਤੇ ਅਨੁਸੂਚਤ ਜਨਜਾਤੀਆਂ ਦੇ ਬੰਦਿਆਂ ਦੀ ਜ਼ਿੰਦਗੀ ਨਾਲ ਵੀ ਓਸੇ ਹੀ ਤਰ੍ਹਾਂ ਜੁੜੀ ਹੋਈ

ਹੈ। ਆਮ ਤੌਰਤੇ ਇਹ ਲੋਕ ਜੀਵ ਵਿਸਥਾਰ ਦੇ ਸਾਧਨਾਂ ਨਾਲ ਹੀ ਅਪਣੇ ਜੀਵਨ ਦਾ ਨਿਰਭਾਅ ਕਰਦੇ ਹਨ। ਅਜਿਹੇ ਗਿਆਨ ਦਾ ਉਲੇਖ ਤਿਆਰ ਕਰਨ ਲਈ ਲੋਕਾਂ ਦੇ ਜੀਵ ਵਿਸਥਾਨ ਨਾਲ ਸਬੰਧਤ ਰਜ਼ਿਸਟਰ ਤਿਆਰ ਕੀਤੇ ਜਾਣੇ ਹਨ। ਵਿਦਿਆਰਥੀਆਂ ਨੂੰ ਅਜਿਹੇ ਰਜ਼ਿਸਟਰ ਤਿਆਰ ਕਰਨ ਦੇ ਲਈ ਲਏ ਗਏ ਪ੍ਰੋਜੈਕਟਾਂ ਵਿੱਚ ਭਲੀ ਭਾਂਤ ਲਾਇਆ ਜਾ ਸਕਦਾ ਹੈ।

ਜੰਗਲੀ ਪੌਦਿਆਂ ਦੀ ਪੌਸ਼ਟਿਕਤਾ ਦਾ ਅੰਦਾਜ਼ਾ ਲਾਉਣਾ ਉੱਚ ਵਿੱਦਿਆ ਦੇ ਖੇਤਰ ਵਿੱਚ ਇੱਕ ਵਧੀਆ ਪ੍ਰੋਜੈਕਟ ਹੋ ਸਕਦਾ ਹੈ। ਇਹ ਪੌਦੇ ਜਨਜਾਤੀਆਂ ਦੀ ਖੁਰਾਕ ਦਾ ਕਾਫੀ ਹਿੱਸਾ ਦਿੰਦੇ ਹਨ। ਏਦਾਂ ਹੀ ਆਸ ਪਾਸ ਦੇ ਵਾਤਾਵਰਨ ਦੇ ਨਕਸ਼ੇ ਤਿਆਰ ਕਰਨੇ, ਵਾਤਾਵਰਨ ਦੇ ਇਤਹਾਸ ਦਾ ਉਲੇਖ ਤਿਆਰ ਕਰਨਾਂ, ਵਾਤਾਵਰਣ ਦੇ ਨਾਲ ਜੁੜੇ ਹੋਏ ਰਾਜਨੀਤਕ ਮੁੱਦੇ ਭੁਗੋਲ, ਇਤਹਾਸ ਅਤੇ ਰਾਜਨੀਤੀ ਵਿਗਿਆਨ ਬਾਰੇ ਪ੍ਰੋਜੈਕਟਾਂ ਵਿੱਚ ਲਏ ਜਾ ਸਕਦੇ ਹਨ।

ਸਥਾਨਕ, ਪ੍ਰਾਂਤਕ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰਾਂ ਉੱਪਰ ਪਾਣੀ ਨਾਲ ਸਬੰਧਤ ਝਗੜੇ ਅਲੱਗ ਅਲੱਗ ਪ੍ਰਕਾਰ ਦੇ ਪ੍ਰੋਜੈਕਟ ਅਤੇ ਗਤੀਵਿਧੀਆਂ ਤਿਆਰ ਕਰਨ ਦੇ ਵਾਸਤੇ ਭਰਪੂਰ ਮਸਾਲਾ ਪਰਦਾਨ ਕਰਦੇ ਹਨ। ਇਹਨਾਂ ਨੂੰ ਗਿਆਨ ਦੇ ਕਈ ਖੇਤਰਾਂ ਨਾਲ ਜੋੜਿਆ ਜਾ ਸਕਦਾ ਹੈ।

## 3.10 ਅਧਿਅਨ ਅਤੇ ਮੁਲਾਂਕਣ ਦੀਆਂ ਸਕੀਮਾਂ

ਦੇਸ਼ ਭਰ ਵਿੱਚ 'ਸਕੂਲ' ਦਾ ਹਵਾਲਾ ਮੋਟੇ ਤੌਰਤੇ ਪਹਿਲੀ ਤੋਂ ਦਸਵੀਂ ਜਮਾਤ ਤੱਕ ਦਿੱਤਾ ਜਾਂਦਾ ਹੈ। ਕਈ ਪ੍ਰਾਂਤਾਂ ਵਿੱਚ ਬਾਰਵੀਂ ਜਮਾਤ ਤੱਕ ਵਧਾਇਆ ਗਿਆ ਹੈ। ਜਦ ਕਿ ਕਈਆਂ ਹੋਰਨਾਂ ਵਿੱਚ ਗਿਅਰਵੀਂ ਤੇ ਬਾਰਵੀਂ ਨੂੰ ਪ੍ਰੀ-ਯੁਨੀਵਰਸਿਟੀ ਜਾਂ ਜੂਨੀਅਰ ਕਾਲਜ ਮੰਨਿਆਂ ਗਿਆ ਹੈ। ਪੜ੍ਹਾਈ ਦੇ ਇਸ ਸਾਰੇ ਚਲਨ ਨੂੰ ਚਾਰ ਖੰਡਾਂ ਵਿੱਚ ਵੰਡਣ ਦੇ ਕੇਵਲ ਪ੍ਰਬੰਧਕ ਕਾਰਣਾਂ ਤੋਂ ਬਿਨਾਂ ਕੁਝ ਹੋਰ ਵੀ ਕਾਰਣ ਹਨ।

ਪਾਠਕ੍ਰਮ ਦੀ ਦ੍ਰਿਸ਼ਟੀ ਅਤੇ ਅਧਿਆਪਕਾਂ ਦੀ ਭਾਗਦਾਰੀ ਦੇ ਪੱਖ ਤੋਂ ਵੇਖਿਆਂ ਇਹਨਾਂ ਪੱਧਰਾਂ ਦੀ ਵਿਕਾਸ ਸਬੰਧਤ ਸਾਰਥਕਤਾ ਵੀ ਹੈ। ਇੱਕ ਪੱਧਰ ਸਬੰਧਤ ਪ੍ਰੀਪੇਖ ਤੋਂ ਵੇਖਿਆਂ ਪਾਠਕ੍ਰਮ ਦੀ ਸੋਚ ਅਤੇ ਸਕੂਲ ਦਾ ਸੰਗਠਨ ਉਨ੍ਹਾਂ ਸਮੱਸਿਆਵਾਂ ਦਾ ਹੱਲ ਲੱਭ ਸਕਦੇ ਹਨ ਜੋ ਤੱਤਕਾਲ ਵਿੱਚ 'ਮੋਨੋ-ਗ੍ਰੇਡ' ਜਮਾਤਾਂ ਉੱਪਰਲੇ ਬਲ ਨੇ ਪੈਦਾ ਕੀਤੀਆਂ ਹਨ। ਅਜਿਹੇ ਮਿਆਰ ਜੋ ਬੱਚਿਆਂ ਨੂੰ ਉਮਰ ਅਧਾਰਤ ਖੰਡਾਂ ਵਿੱਚ ਵੰਡਦੇ ਹਨ ਅਤੇ ਜਮਾਤ ਨੂੰ ਧਿਆਨ ਵਿੱਚ ਰੱਖਕੇ ਪੜ੍ਹਾਈ ਕਰਾਉਂਦੇ ਹਨ ਆਦਿ ਉਦੇਸ਼ਾਂ ਨੂੰ ਵੀ ਦੇਖਿਆ ਜਾ ਸਕਦਾ ਹੈ।

ਇੱਕ ਜਾਂ ਦੋ ਅਧਿਆਪਕਾਂ ਵਾਲੇ ਸਕੂਲਾਂ ਅਤੇ ਪਰਾਇਮਰੀ ਸਕੂਲਾਂ ਨੂੰ ਮੁੜਸੰਕਲਪਤ ਕਰਕੇ ਸਿੱਖਣ ਵਾਲੇ ਇੱਕ ਵਰਗ ਦੇ ਰੂਪ ਵਿੱਚ ਲਿਆ ਜਾ ਸਕਦਾ ਹੈ। ਇਸ ਵਿੱਚ ਸਿੱਖਣ ਦੀਆਂ ਯੋਗਤਾਵਾਂ ਦੀ ਭਿੰਨਤਾ ਦਾ ਖਿਆਲ ਰੱਖਿਆ ਜਾਵੇ, ਨਾਕਿ ਉਹ 'ਮਲਟੀਗ੍ਰੇਡ' ਸਕੂਲ ਬਣਾਇਆ ਜਾਵੇ ਜਿੰਨ੍ਹਾਂ ਵਿੱਚ ਸਮੇਂ ਦਾ ਪ੍ਰਬੰਧ ਕਰਨ ਦੀ ਸਮੱਸਿਆ ਉਤਪਨ ਹੋ ਜਾਵੇ।

ਬੱਚਿਆਂ ਦੇ ਸਿਖੇ ਗਏ ਦਾ ਮੁਲਾਂਕਣ ਕਰਨ ਨੂੰ ਵੀ ਬੱਚੇ ਦੇ ਸਕੂਲ ਵਿੱਚ ਬਿਤਾਏ ਗਏ ਸਾਲਾਂ ਦੇ ਇੱਕ ਦੀਰਘ ਕਾਲ ਦੇ ਪਰਿਪੇਖ ਦੇ ਸਬੰਧ ਵਿੱਚ ਵਿਚਾਰਿਆ ਜਾ ਸਕਦਾ ਹੈ। ਇਸ ਨਾਲ ਹਰ ਜਮਾਤ ਦੀਆਂ ਸਾਲਾਨਾਂ ਲੋੜਾਂ ਦੇ ਤਹਿਦਾਰ ਪ੍ਰਚਲਨ ਤੋਂ ਵੀ ਬਚਿਆ ਜਾ ਸਕਦਾ ਹੈ। ਇਸ ਨਾਲ ਬੱਚਿਆਂ ਦੇ ਸਿਖ ਸਕਣ ਦੀ ਰਫਤਾਰ ਦਾ ਵੀ ਸਨਮਾਨ ਹੋ ਸਕਦਾ ਹੈ। 'ਸਿੱਖਿਆ ਦਾ ਘੱਟਤਮ ਪੱਧਰ' ਵਰਗੀਆਂ ਸਕੀਮਾਂ ਨੇ ਕੇਵਲ ਸਾਲਾਨਾਂ ਸਿੱਟਿਆਂ ਨੂੰ ਹੀ ਹੋਰ ਪੱਕਾ ਨਹੀਂ ਕਰ ਮਾਰਿਆ, ਸਗੋਂ ਇਸ ਨੂੰ ਅੱਗੇ ਪਾਠਾਂ ਉੱਪਰ ਵੀ ਲਾਗੂ ਕਰ ਦਿੱਤਾ ਹੈ।

ਪਾਠਕ੍ਰਮ ਦੀ ਰੂਪਰੇਖਾ ਦਾ ਬਿਆਨ ਕਰਦਿਆਂ ਇਹਦੀਆਂ ਚਿੰਤਾਵਾਂ ਵੱਲ ਨਜ਼ਰ ਮਾਰਦਿਆਂ, ਪੜ੍ਹਾਈ ਅਤੇ ਮੁਲਾਂਕਣ ਦੀਆਂ ਸਟੇਜਾਂ ਪ੍ਰਤੀ ਸੁਚੇਤ ਹੁੰਦਿਆਂ ਸਮਝ ਪੈਂਦੀ ਹੈ ਕਿ ਸਿਲਬਿਸ, ਪਾਠ-ਪੁੱਸਤਕਾਂ ਅਤੇ ਸਿੱਖਣ ਦੇ ਸਾਧਨ ਆਦਿ ਦੇ ਪੱਖ ਤੋਂ ਇਹ ਲੋੜ ਹੈ ਕਿ ਅਧਿਆਪਕ ਬੱਚਿਆਂ ਦੇ ਧੀਮੇਂ ਅਤੇ ਨਿਰੰਤਰ ਵਿਕਾਸ ਨੂੰ ਸੰਜੋਜਤ ਕਰਨ, ਯੋਗਤਾਵਾਂ ਦਾ ਇੱਕ ਜੁਵਵੀਂ ਭਾਂਤ ਦਾ ਵਿਕਾਸ ਹੋਵੇ ਅਤੇ ਸੰਕਲਪ ਨਿਮਾਣ ਸੰਭਵ ਹੋਵੇ।

### 3.10.1 ਆਰੰਭਕ ਬਚਪਨ ਦੀ ਸਿੱਖਿਆ

ਆਰੰਭਕ ਬਚਪਨ ਦੀ ਪੱਧਰ ਛੇ ਤੋਂ ਅੱਠ ਸਾਲ ਤੱਕ ਦੀ ਹੈ। ਇਹ ਉਹ ਸੂਖਮ ਸਮਾਂ ਹੈ ਜਿਸ ਵਿੱਚ ਉਮਰ ਭਰ ਦੇ ਸਿੱਖਣ ਦੀਆਂ ਨੀਹਾਂ ਧਰੀਆਂ ਜਾਂਦੀਆਂ ਹਨ, ਤੇ ਵਿਕਾਸ ਦਾ ਅਤੇ ਸੂਝ ਦਾ ਪੂਰਾ ਸੰਭਾਵ ਮਿਥ ਹੁੰਦਾ ਹੈ। ਇਹੀ ਉਹ ਨਿਰਮਾਣੀ ਸਮਾਂ ਹੈ ਜੋ ਅੱਗੇ ਜਾ ਕੇ ਆਉਣ ਵਾਲੇ ਰਵੱਈਆਂ ਦਾ, ਕੀਮਤਾਂ ਦਾ ਅਤੇ ਪੜ੍ਹਨ ਦੀ ਖਾਹਸ਼ ਦਾ ਰੂਪ ਮਿਥਦਾ ਹੈ।

'ਮੁਢਲੇ ਬਚਪਨ ਦਾ ਧਿਆਨ ਅਤੇ ਸਿੱਖਿਆ' (ECCE) ਦੀ ਫਲਾਸਫੀ ਇਹ ਹੈ ਕਿ ਨਿਆਣੇ ਬਾਲਾਂ ਨੂੰ ਸੁਰੱਖਿਆ ਮਿਲੇ, ਮੌਕੇ ਮਿਲਣ ਅਤੇ ਅਨੁਭਵ ਵੀ ਮਿਲੇ ਜੋ ਉਹਨਾਂ ਦੇ ਮੁਕੰਮਲ ਵਿਕਾਸ - ਸਰੀਰਕ, ਮਾਨਸਕ, ਸਮਾਜਕ, ਭਾਵਕ ਅਤੇ ਸਕੂਲ ਲਈ ਤਿਆਰੀ - ਸਭ ਮਿਲਣ। ਇਉਂ ਇਹ ਪਰਿਪੇਖ ਇੱਕ ਮੁਕੰਮਲ ਅਤੇ ਸਰਬ-ਸੁਮਿਲਤ ਹੈ ਅਤੇ ਇਸ ਵਿੱਚ ਬੱਚਿਆਂ ਦੇ ਮਨੋਸਮਾਜਕ/ਵਿਦਿਅਕ ਵਿਕਾਸ ਦਾ ਪੂਰਾ ਪ੍ਰਬੰਧ ਹੈ। 'ਮੁਢਲੇ

ਬਚਪਨ ਦਾ ਧਿਆਨ ਅਤੇ ਸਿੱਖਿਆ' ਦੇ ਨਾਲ ਸਬੰਧਤ ਪਾਠਕ੍ਰਮ ਦੀ ਰੂਪਰੇਖਾ ਅਤੇ ਪੜ੍ਹਾਈ ਇਸ ਮੁਕੰਮਲ ਪ੍ਰੀਪੇਖ ਦੇ ਅੰਤਰਗਤ ਹੀ ਹੋਵੇ।

ਇਹ ਬੜਾ ਜਾਣਿਆ ਹੋਇਆ ਤੱਥ ਹੈ ਕਿ ਬੱਚਿਆਂ ਵਿੱਚ ਪੜ੍ਹਨ ਦੀ ਇੱਕ ਕੁਦਰਤੀ ਖਾਹਸ਼ ਹੁੰਦੀ ਹੈ। ਉਹ ਅਪਣੇ ਆਲੇ ਦੁਆਲੇ ਦੇ ਜਗਤ ਦੀ ਵੀ ਸੋਝੀ ਲਾਉਣੀ ਚਹੁੰਦੇ ਹਨ। ਇਉਂ ਪਹਿਲੇ ਸਾਲਾਂ ਵਿਚਲੀ ਪੜ੍ਹਾਈ ਬੱਚੇ ਦੀਆਂ ਅਪਣੀਆਂ ਰੁਚੀਆਂ ਅਤੇ ਪਸੰਦਾਂ ਦਾ ਖਿਆਲ ਰੱਖੇ, ਉਹਦੇ ਅਨੁਭਵਾਂ ਦੇ ਸੰਧਰਭ ਨਾਲ ਜੁੜੇ, ਨਾਕਿ ਉਪਚਾਰਕ ਤੌਰਤੇ ਸੰਰਚਤ ਹੋਵੇ। ਇੱਕ ਮਦਦਗਾਰ ਵਾਤਾਵਰਣ ਉਹੀ ਹੋਵੇਗਾ ਜੋ ਬੱਚਿਆਂ ਦੇ ਵਾਸਤੇ ਅਨੁਭਵਾਂ ਅਤੇ ਪਰੀਕਲਪਨਾਵਾਂ ਵਿੱਚ ਅਮੀਰ ਹੋਵੇ, ਉਹਨਾਂ ਨੂੰ ਪੁਣ-ਛਾਣ ਕਰਨ, ਪ੍ਰਯੋਗ ਕਰਨ ਅਤੇ ਅਪਣੇ ਆਪ ਨੂੰ ਸੁਤੰਤਰ ਰੂਪ ਵਿੱਚ ਪ੍ਰਗਟਾਅ ਸਕਣ ਦੀ ਇਜਾਜ਼ਤ ਦੇਵੇ। ਉਨ੍ਹਾਂ ਸਮਾਜਕ ਰਿਸ਼ਤਿਆਂ ਉੱਪਰ ਟਿਕਿਆ ਹੋਵੇ ਜੋ ਉਹਨਾਂ ਨੂੰ ਨਿੱਘ ਦਾ ਭਾਵ, ਸੁਰੱਖਿਆ ਅਤੇ ਭਰੋਸਾ ਦੇ ਸਕਣ।

ਖੇਡ੍ਹ, ਸੰਗੀਤ, ਤੁਕਕਲਾ, ਕਲਾ ਅਤੇ ਹੋਰ ਕਾਰਜ ਜੋ ਬੋਲਣ, ਸੁਣਨ ਅਤੇ ਕਹਿਣ ਦੇ ਮੌਕਿਆ ਦੇ ਸਾਥ ਸਾਥ ਹੋਣ, ਇਸ ਸਟੇਜ ਪੁਰ ਸਿੱਖਣ ਦੇ ਮੂਲ ਖੰਡ ਹਨ। ਧਿਆਨ ਹਰੇ ਕਿ ਇਸ ਆਰੰਭਕ ਉਮਰ ਦੇ ਸਮੇਂ ਭਾਸ਼ਾ ਉਹੀ ਵਰਤੀ ਜਾਵੇ ਜਿਸ ਤੋਂ ਬੱਚਾ ਵਾਕਫ ਹੋਵੇ।

ਨਿਆਣੇ ਬਾਲਾਂ ਤੋਂ ਲੈਕੇ ਸਕੂਲੋਂ ਪਹਿਲਾਂ ਵਾਲੇ ਜੋ ਬੱਚੇ 'ਅਰੰਭਕ ਬਾਲਪਨ ਸੰਭਾਲ ਅਤੇ ਸਿੱਖਿਆ' ਸਕੀਮ ਦੇ ਘੇਰੇ ਵਿੱਚ ਆਉਣੇ ਹਨ, ਉਹ ਭਾਰੀ ਮਾਤਰਾ ਵਿੱਚ ਖਿਲਰਿਆ ਹੋਇਆ ਵਰਗ ਹੋਣਗੇ। ਇਹ ਜਰੂਰੀ ਹੈ ਕਿ ਸਾਰੀਆਂ ਗਤੀਵਿਧੀਆਂ ਅਤੇ ਅਨੁਭਵ ਉਹਨਾਂ ਦੇ ਵਿਕਾਸ ਵੱਲ ਧਿਆਨ ਦੇਣ। ਉਦਾਹਰਣ ਲਈ, ਬਾਲਾਂ ਅਤੇ ਨਿਅਣਿਆਂ ਦੇ ਵਾਸਤੇ, ਉਹਨਾਂ ਦਾ ਆਸਾ ਪਾਸਾ ਅਨੁਭਵ ਵਾਸਤੇ ਸੰਵੇਦਕ ਹੋਵੇ ਅਤੇ ਤੋਰ-ਚਾਲ ਲਈ ਰੋਕ ਨਾ ਬਣੇ, ਜਦ ਕਿ ਵਡੇ ਹੋ ਗਏ ਬੱਚਿਆਂ ਲਈ ਤੁਕਾਂ, ਤਰਜ਼ਾਂ, ਹੱਥੀਂ ਹੋ ਸਕਦੇ ਕੰਮ ਅਤੇ ਰੌਲਾ ਪਾ ਸਕਣ ਦੀ ਆਜ਼ਾਦੀ ਹੋਵੇ।

ਊਣਤਾਵਾਂ ਦੀ ਆਰੰਭ ਵਿੱਚ ਹੀ ਪਛਾਣ ਹੋ ਜਾਣ ਅਤੇ ਲੋੜੀਂਦੀ ਪਰੇਰਣਾਂ ਦਿੱਤੀ ਜਾਣ ਦੇ ਨਾਲ ਕਿਸੇ ਵੀ ਸਰੀਰਕ ਮੁਸ਼ਕਲ ਦੇ ਜੋਰ ਫੜ੍ਹ ਲੈਣ ਦੇ ਬਰਖਲਾਫ ਕਾਫੀ ਭਾਰੀ ਰਾਹਤ ਮਿਲਦੀ ਹੈ। ਏਥੇ ਏਨਾਂ ਖਬਰਦਾਰ ਕਰ ਦੇਣ ਦੀ ਜਰੂਰਤ ਹੈ ਕਿ ਬੱਚਿਆਂ ਉੱਪਰ ਕੋਈ 'ਪਾਠ ਯਾਦ ਕਰੋ' ਵਰਗਾ ਦਬਾਅ ਨਾਂ ਪਾਇਆ ਜਾਵੇ, ਨਾ ਹੀ ਕਿਸੇ ਉਪਚਾਰਕ ਤਰੀਕੇ ਨਾਲ ਅੰਗਰੇਜੀ ਜਾਂ ਕੋਈ ਹੋਰ ਦੂਜੀ ਭਾਸ਼ਾ ਨੂੰ ਪੇਸ਼ ਕੀਤਾ ਜਾਵੇ। ਖਾਸ ਕਰਕੇ ਓਦੋਂ ਤੱਕ ਜਿੰਨੀ ਦੇਰ ਬੱਚੇ ਇਸ ਵਾਸਤੇ ਤਿਆਰ ਨਾਂ ਹੋਣ। ਜਾਂ ਇਉਂ ਕਹੋ ਕਿ ਸਕੂਲ-ਪਹਿਲਿਆਂ ਨੂੰ ਪਰਾਇਮਰੀ ਸਕੂਲਾਂ ਵਿੱਚ ਦਾਖਲਾ ਲੈਣ ਦੇ ਕੇਂਦਰ ਨਾ ਬਣਾ ਦਿੱਤਾ ਜਾਵੇ।

ਅਸਲ ਵਿੱਚ ਸਫਾਰਸ਼ ਇਹ ਹੈ ਕਿ ECCE 0-8 ਸਾਲ ਦੇ ਉਮਰ ਖੰਡ (ਸਕੂਲ ਦੇ ਪਰਾਇਮਰੀ-ਪਹਿਲੇ ਸਾਲਾਂ) ਨੂੰ ਹੀ ਸਮਰਪਤ ਹੈ। ਇਹ ECCE ਦੇ ਮੁਕੰਮਲ ਪਰਿਪੇਖ ਦੇ ਕਾਰਣ ਅਤੇ ਇਸ ਦੀਆਂ ਵਿਧੀਆਂ ਦੇ ਕਾਰਣ ਹੈ। ਇਹ ਵਿਧੀਆਂ ਹਨ: ਸਰਬਪੱਖੀ ਅਤੇ ਮਿਸ਼ਰਤ ਵਿਕਾਸ, ਕਾਰਜ਼-ਆਧਾਰਤ ਸਿੱਖਿਆ, ਲਿਖਣਾਂ ਸਿੱਖਣ ਤੋਂ ਪਹਿਲਾਂ ਇੱਕ ਭਾਸ਼ਾ ਦੇ ਸੁਣ ਸਕਣ ਅਤੇ ਬੋਲ ਸਕਣ ਉੱਪਰ ਧਿਆਨ, ਸੰਧਰਭਕਤਾ, ਘਰ ਅਤੇ ਸਕੂਲ ਦੇ ਵਿਚਕਾਰ ਨਿਰੰਤਰਤਾ ਆਦਿ। ਬਾਲਪਨ ਦੀ ਇਸ ਸਮੁੱਚੀ ਪੱਧਰ ਦੇ ਦੌਰਾਨ ਬੱਚਿਆਂ ਦੇ ਪੜ੍ਹਾਈ ਨਾਲ ਸਬੰਧਤ ਅਨੁਭਵਾਂ ਨੂੰ ਸਾਂਭ ਸਕਦੇ ਹਨ। ਇਸ ਨਾਲ ਬਾਲਪਨ ਤੋਂ 'ਮੁਢਲੀ' ਪੱਧਰ ਤੱਕ ਦਾ ਪਰਵਰਤਨ ਵੀ ਆਸਾਨੀ ਨਾਲ ਹੋ ਸਕਦਾ ਹੈ।

ECCE ਪਰੋਗਰਾਮ ਇੱਕ ਬਹੁਵਚਨੀ ਤਸਵੀਰ ਪੇਸ਼ ਕਰਦੇ ਹਨ, ਜਿਸ ਵਿੱਚ ਸਰਕਾਰੀ, ਨੀਮ-ਸਰਕਾਰੀ ਅਤੇ ਪ੍ਰਾਈਵੇਟ ਐਜੰਸੀਆਂ ਕਈ ਭਾਂਤ ਦੀਆਂ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ। ਪਰ ਹਾਂ, ਇਨ੍ਹਾਂ ਪ੍ਰੋਗਰਾਮਾਂ ਦਾ ਫੈਲਾਅ ਹਾਲੇ ਬੜਾ ਸੀਮਤ ਹੀ ਹੈ ਅਤੇ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਗੁਣਵੱਤਾ ਬਦਲੀ ਜਾਣ ਵਾਲੀ ਅਤੇ ਅਤੇ ਬਹੁਤਾ ਕਰਕੇ ਮਾੜੇ ਦਰਜੇ ਦੀ ਹੈ। ਬੱਚਿਆਂ ਦੀ ਬੜੀ ਵਡੀ ਗਿਣਤੀ ਨੂੰ, ਖਾਸ ਕਰਕੇ ਗਰੀਬ ਪਰਵਾਰਾਂ ਦੇ ਬੱਚਿਆਂ ਨੂੰ, ਇਸ ਪ੍ਰੋਗਰਾਮ ਦੇ 'ਅਰੰਭਕ ਸੰਭਾਲ' ਕੇਂਦਰਾਂ ਵਿੱਚ ਜਗਾਹ ਨਹੀਂ ਮਿਲਦੀ ਤੇ ਉਹਨਾਂ ਨੂੰ ਅਪਣੇ ਹਾਲ 'ਤੇ ਹੀ ਰਹਿਣਾ ਪੈ ਰਿਹਾ ਹੈ।

ਇਨ੍ਹਾਂ ਪ੍ਰੀ-ਸਕੂਲ ਪ੍ਰੋਗਰਾਮਾਂ ਵਿੱਚ ਇੱਕ ਪਰਕਾਰ ਦੀ ਲੜੀ ਹੈ: ਇੱਕ ਪਾਸੇ ਤਾਂ ਉਹ ਹਨ ਜਿੰਨ੍ਹਾਂ ਵਿੱਚ ਬੜੇ ਨੀਰਸ ਕਿਸਮ ਦੇ ਮਾੜੇ ਸਕੂਲ ਹਨ, ਜਿੰਨ੍ਹਾਂ ਵਿੱਚ ਬੱਚਿਆਂ ਨੂੰ ਉਪਚਾਰਕ ਢੰਗ ਨਾਲ ਪੜ੍ਹਾਇਆਂ ਜਾਂਦਾ ਹੈ, ਅੰਗਰੇਜੀ ਸਿਖਾਈ ਜਾਂਦੀ ਹੈ, ਟੈਸਟ ਦੇਣੇ ਪੈਂਦੇ ਹਨ ਅਤੇ ਉਹੀ ਘਰਦੇ ਕੰਮ ਦੇ ਕਿੱਸੇ। ਤੇ ਇਹ ਵੀ ਕਿ ਬੱਚਿਆਂ ਨੂੰ ਖੇਡ੍ਹਣ ਦੇ ਹੱਕ ਤੋਂ ਵਾਂਝਿਆਂ ਰੱਖਿਆ ਜਾਂਦਾ ਹੈ।

ਇਹ ਇੱਕ ਬੜਾ ਨਾਚਾਹਿਆ ਜਾਣ ਵਾਲਾ ਅਮਲ ਹੈ ਜੋ ਮਾਪਿਆਂ ਦੀਆਂ ਬੇਸਮਝ ਖਾਹਸ਼ਾਂ ਦੇ ਸਦਕਾ, ਅਤੇ ਸਕੂਲ ਤੋਂ ਪਹਿਲਾਂ ਦੀ ਸਿੱਖਿਆ ਦੇ ਵਧ ਰਹੇ ਵਪਾਰੀਕਰਣ ਦਾ ਹਿੱਸਾ ਹੈ। ਕਹਿਣਾਂ ਪਵੇਗਾ ਕਿ ਇਹ ਅਮਲ ਬੱਚਿਆਂ ਦੇ ਵਾਧੇ ਅਤੇ ਉਹਨਾਂ ਦੇ ਪੜ੍ਹਨ ਦੇ ਉਤਸ਼ਾਹ ਦੇ ਵਿਰੁਧ ਹੈ।

ਚੰਗੀ ਗੁਣਵੱਤਾ ਵਾਲੇ 'ਅਰੰਭਕ ਬਾਲਪਨ ਸੰਭਾਲ ਅਤੇ ਸਿੱਖਿਆ' ਦੇ ਕਈ ਪ੍ਰੋਗਰਾਮਾਂ ਦਾ ਬੱਚਿਆਂ ਦੇ ਸਮੁੱਚੇ ਵਿਕਾਸ ਉੱਪਰ ਬੜਾ ਹਾਂਪੱਖੀ ਅਸਰ ਪਿਆ ਹੈ। ਇਹ ਅਪਣੇ ਆਪ ਵਿੱਚ ਹੀ ਚੰਗਾ ਪ੍ਰਮਾਣ ਹੈ ਕਿ ਸਾਰੇ ਬੱਚਿਆ ਨੂੰ ਆਰੰਭਕ ਬਚਪਨ ਵੇਲੇ ਦੀ ਦੇਖ-ਭਾਲ ਅਤੇ ਸਿੱਖਿਆ ਪ੍ਰਾਪਤ ਹੋਵੇ। ਇਹ ਮੰਦਭਾਗੀ ਗੱਲ ਹੈ ਕਿ

0-6 ਉਮਰ ਵਰਗ ਦੇ ਬੱਚੇ ਇਸ ਦੇ ਅਨੁਛੇਦ 21 ਦੇ ਘੇਰੇ ਤੋਂ ਬਾਹਰ ਰੱਖੇ ਗਏ ਹਨ। ਇਸ ਤੱਥ ਦੇ ਨਾਲ ਹੀ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਇਸ ਦਾ ਸਕੂਲਾਂ ਵਿੱਚ ਬੱਚਿਆਂ ਦੇ ਦਾਖਲੇ, ਅਤੇ ਪੜ੍ਹਾਈ ਦੇ ਸਿੱਟਿਆਂ ਨਾਲ ਵੀ ਬੜੇ ਗਹਿਰੇ ਸਬੰਧ ਹਨ।

ਸਾਰੇ ਬੱਚਿਆਂ ਨੂੰ ਬਰਾਬਰ ਦੀ ਗੁਣਵੱਤਾ ਵਾਲੀ ECCE ਮੁਹੱਈਆ ਕਰਵਾਉਣ ਲਈ, ਇਹ ਜਰੂਰੀ ਹੈ ਕਿ ਇਸ ਵਾਸਤੇ ਲੋੜੀਂਦੇ ਫੰਡ ਜਰੂਰ ਦਿੱਤੇ ਜਾਣ। ਜਦ ਕਿ ਇਨ੍ਹਾਂ ਪ੍ਰੋਗਰਾਮਾਂ ਵਿੱਚ ਵਿਕੇਂਦਰੀਕਰਣ, ਲਚਕੀਲੇਪਨ ਅਤੇ ਸੰਧਰਭਕਤਾ ਦੀ ਲੋੜ ਹੈ, ਢੁਕਵੇਂ ਨੇਮ ਅਤੇ ਮਾਰਗ ਦਰਸ਼ਣੀ ਨੇਮਾਂ ਨੂੰ ਘੜ ਲੈਣ ਦੀ ਵੀ ਤੁਰੰਤ ਜਰੂਰਤ ਹੈ। ਇੱਕ ਨਿਰੰਤਰਕ ਢਾਂਚਾ ਕਇਮ ਕਰ ਦੇਣ ਦੀ ਵੀ ਓਨੀ ਹੀ ਲੋੜ ਹੈ ਜਿਸ ਨਾਲ ਬੱਚਿਆਂ ਦੇ ਵਿਕਾਸ ਦੇ ਨਾਲ ਕੋਈ ਸਮਝੌਤਾ ਨਾ ਹੋਵੇ। ਜੋ ਰੋਲ ਭਿੰਨ ਭਿੰਨ ਕਾਰਜਕਰਤਾ ਦੇ ਰੂਪ ਵੱਖ ਵੱਖ ਪੱਧਰਾਂ ਉੱਪਰ ਨਿਭਾਉਂਦੇ ਹਨ, ਉਨ੍ਹਾਂ ਪੱਧਰਾਂ ਉੱਪਰ ਹੋਰ ਸਮਾਈ-ਸਮਰੱਥਾ ਉਸਾਰਨ ਦੀ ਲੋੜ ਹੈ, ਅਤੇ ਨਾਲ ਦੀ ਨਾਲ ਢੁਕਵੀਆਂ ਤਨਖਾਹਾਂ ਦਾ ਵੀ ਭਰੋਸਾ ਰਹਿਣਾਂ ਜਰੂਰੀ ਹੈ।

### 3.10.2 ਪ੍ਰਾਥਮਕ ਸਿੱਖਿਆ

ਪ੍ਰਾਥਮਕ ਸਕੂਲ ਦਾ ਕਾਲ, ਪਹਿਲੀ ਜਮਾਤ ਤੋਂ ਲੈ ਕੇ ਅੱਠਵੀਂ ਤੱਕ, ਹੁਣ ਲਾਜਮੀਂ ਸਿੱਖਿਆ ਦਾ ਕਾਲ ਵੀ ਸਮਝਿਆ ਜਾ ਚੁੱਕਾ ਹੈ। ਸਵਿਧਾਨ ਦੀ ਸੋਧ ਨੇ ਇਸ ਕਾਲ ਵਿਚਲੀ ਸਿੱਖਿਆ ਨੂੰ ਮੂਲ ਅਧਿਕਾਰ ਬਣਾ ਦਿੱਤਾ ਹੈ। ਇਸ ਕਾਲ ਦੇ ਆਰੰਭ ਹੋਣ ਦੇ ਨਾਲ ਬੱਚੇ ਦੀ ਉਪਚਾਰਕ ਢੰਗ ਨਾਲ ਪੜ੍ਹਨ, ਲਿਖਣ ਅਤੇ ਅੰਕਗਣਿਤ ਦੀ ਪੜ੍ਹਾਈ ਆਰੰਭ ਹੁੰਦੀ ਹੈ, ਅਤੇ ਇਹ ਸਮਾਪਤ ਹੁੰਦਾ ਹੈ ਵਿਗਿਆਨਾਂ ਅਤੇ ਸਮਾਜਕ ਵਿਗਿਆਨਾਂ ਦੀ ਉਪਚਾਰ ਪੜ੍ਹਾਈ ਦੇ ਨਾਲ - ਓਦੋਂ ਜਦ ਪ੍ਰਾਥਮਕ ਸਿੱਖਿਆ ਸਮਾਪਤ ਹੋ ਜਾਂਦੀ ਹੈ। ਅੱਠਾਂ ਸਾਲਾਂ ਦਾ ਇਹ ਕਾਲ ਗਿਆਨ ਦੇ ਵਿਕਾਸ ਦਾ, ਅਤੇ ਤਰਕ, ਅਕਲ, ਸਮਾਜਕ ਕੌਸ਼ਲ, ਅਤੇ ਕੰਮਕਾਰ ਲਈ ਜਰੂਰੀ ਕੌਸ਼ਲ ਅਤੇ ਰਵੱਈਏ ਆਦਿ ਦੇ ਵਿਕਸਤ ਹੋਣ ਦਾ ਬੜਾ ਵਿਆਪਕ ਕਾਲ ਹੈ।

ਜਿਵੇਂ ਜਿਵੇਂ 'ਯੂਨੀਵਰਸਲ ਐਲੀਮੈਂਟਰੀ ਐਜੂਕੇਸ਼ਨ' ਨੂੰ ਹਾਂਸਲ ਕਰ ਲੈਣ ਦੀਆਂ ਕੋਸ਼ਿਸ਼ਾਂ ਜੋਰ ਫੜ੍ਹ ਰਹੀਆਂ ਹਨ, ਤਿਉਂ ਤਿਉਂ ਪ੍ਰਾਥਮਕ ਸਕੂਲ ਗ੍ਰੇਡ ਹੁਣ ਬੜੀ ਭਾਰੀ ਗਿਣਤੀ ਦੇ ਸਕੂਲ ਜਾ ਸਕਣ ਦੀ ਉਮਰ ਵਾਲੇ ਬੱਚਿਆਂ ਦਾ ਪ੍ਰਬੰਧ ਕਰਨ ਲੱਗੇ ਹੋਏ ਹਨ। ਬਹੁਵਚਨਤਾ, ਲਚਕੀਲਾਪਨ ਮਿਆਰਾਂ ਨਾਲ ਕੋਈ ਸਮਝੌਤਾ ਕੀਤੇ ਬਿਨਾਂ ਇਸ ਕਾਲ ਦੀ ਸਿੱਖਿਆ ਦੇ ਪ੍ਰਮਾਣ ਚਿੰਨ੍ਹ ਬਣਨੇ ਜਰੂਰੀ ਹਨ। ਇਸਕਾਲ ਦੇ ਦੌਰਾਨ ਸਿੱਖਿਆ ਨੂੰ ਇੱਕ ਸੁਮਿਲਤ ਸੁਭਾਅ ਵਾਲੀ ਬਣਾਏ ਜਾਣ ਦੀ ਲੋੜ ਹੈ, ਤਾ ਜੋ ਇਹ ਬੱਚਿਆਂ ਨੂੰ ਭਾਸ਼ਾ ਅਤੇ ਪ੍ਰਗਟਾਅ ਨੂੰ ਗ੍ਰਹਿਣ

ਕਰ ਲੈਣ ਦੇ ਕਾਬਲ ਬਣਾ ਦੇਵੇ, ਸਿੱਖਿਅਕਾਂ ਦੇ ਰੂਪ ਵਿੱਚ ਉਹਨਾਂ ਦਾ ਭਰੋਸਾ ਹੋਰ ਵਧ ਜਾਵੇ, ਤੇ ਇਹ ਸਕੂਲ ਅਤੇ ਸਕੂਲ ਤੋਂ ਬਾਹਰ ਹਰ ਥਾਂ ਹੋਵੇ।

ਸਕੂਲ ਦਾ ਪਹਿਲਾ ਮੁੱਦਾ ਹੈ ਬੱਚੇ ਦੀ ਭਾਸ਼ਕ ਸਮਰੱਥਾ ਦਾ ਵਿਕਾਸ: ਉਚਾਰਣ ਅਤੇ ਪੜ੍ਹਨ ਲਿਖਣ ਸਬੰਧਤ, ਅਤੇ ਭਾਸ਼ਾ ਦੀ ਵਰਤੋਂ ਸਿਰਜਣ ਲਈ, ਸੋਚਣ ਵਾਸਤੇ, ਅਤੇ ਦੂਸਰਿਆਂ ਦੇ ਨਾਲ ਸੰਚਾਰ ਕਰਨ ਦੇ ਲਈ। ਇੱਕ ਖਾਸ ਬਲ ਇਸ ਗੱਲ ਉੱਪੁਰ ਦੇਣ ਦੀ ਜਰੂਰਤ ਹੈ ਕਿ ਸਭ ਤੋਂ ਜ਼ਿਆਦਾ ਮੌਕੇ ਉਹਨਾਂ ਨੂੰ ਮਿਲਣੇ ਚਾਹੀਦੇ ਹਨ ਜੋ ਅਪਣੀ ਮਾਂਬੋਲੀ ਵਿੱਚ ਪੜ੍ਹਨਾਂ ਚਹੁੰਣ, ਆਦਵਾਸੀ ਭਾਸ਼ਾਵਾਂ ਅਤੇ ਭਾਸ਼ਕ ਪੌਕਟਾਂ ਦੇ ਸਮੇਤ, ਭਵਾਂ ਕਿ ਵਿਦਿਆਰਥੀਆਂ ਦੀ ਗਿਣਤੀ ਛੋਟੀ ਹੀ ਹੋਵੇ।

ਇਸ ਚੋਣ ਨੂੰ ਵਧਾਉਣ ਅਤੇ ਪ੍ਰਫੁਲਤ ਕਰਨ ਦੀ ਪ੍ਰਬੰਧਕੀ ਯੋਗਤਾ ਦੇ ਨਾਲ ਦੀ ਨਾਲ ਇਹ ਵੀ ਪੱਕਾ ਕਰਨ ਦੀ ਮਸ਼ੀਨਰੀ ਪੈਦਾ ਕਰਨੀ ਕਿ ਭਵਿਖ ਵਿੱਚ ਇਹ ਚੋਣਾਂ ਮਿਲਣਗੀਆਂ, ਇਸ ਗੱਲ ਦਾ ਇੱਕ ਸੰਕੇਤ ਬਣ ਜਾਵੇਗਾ ਕਿ ਗੁਣਵੱਤਾ ਵਾਲੀ ਸਿੱਖਿਆ ਦਿੱਤੀ ਜਾ ਸਕਦੀ ਹੈ। ਇਸ ਨੂੰ ਹਾਂਸਲ ਕਰਨ ਲਈ ਇੱਕ ਬੜੇ ਸਿਰਜਣਾਤਮਕ ਅਤੇ ਸਮਰਥਾ ਭਰੇ ਕਦਮ ਦੀ ਲੋੜ ਹੈ, ਜਿਸ ਨਾਲ ਭਾਰਤ ਦੀ ਬਹੁਭਾਸ਼ਕ ਵਡਿਆਈ ਬਣੀ ਰਹੇ ਅਤੇ ਤਿੰਨ ਭਾਸ਼ੀ ਫਾਰਮੂਲਾ ਲਾਗੂ ਕੀਤਾ ਜਾਵੇ। ਜਦ ਕਿ ਅੰਗਰੇਜੀ ਇਸ ਕਾਲ ਦੇ ਦੌਰਾਨ ਪੜ੍ਹਾਈ ਜਾ ਸਕੇ, ਪਰ ਇਹ ਜਰੂਰੀ ਹੈ ਕਿ ਇਹ ਭਾਰਤੀ ਭਾਸ਼ਾਵਾਂ ਦੀ ਕੀਮਤ ਪੁਰ ਨਾ ਪੜ੍ਹਾਈ ਜਾਵੇ।

ਗਣਿਤ ਸ਼ਾਸਤਰਕ ਸੋਚ ਦਾ ਵਿਕਾਸ ਕਰਨ ਲਈ ਅੰਕਣ ਤੋਂ ਆਰੰਭ ਕਰਕੇ ਅਮੂਰਤ ਵਿਚਾਰਾਂ ਦੀ ਸਹੂਲਤ ਅਤੇ ਉਸ ਦੇ ਆਨੰਦ ਵੱਲ ਨੂੰ ਵਧਿਆ ਜਾਵੇ, ਤੇ ਜਰੂਰਤ ਇਹ ਹੈ ਕਿ ਇਸ ਸਾਰੇ ਵਾਧੇ ਦੀ ਮਦਦ ਸਥੂਲ ਅਨੁਭਵਾਂ ਦੇ ਨਾਲ 'ਮੈਨੀਪੂਲੈਂਡਜ਼' ਉੱਪਰ ਕੰਮ ਕਰਕੇ ਕੀਤੀ ਜਾਵੇ। ਇਹ ਪਹਿਲੇ ਸਾਲਾਂ ਵਿੱਚ ਹੀ ਹੋਣਾਂ ਚਾਹੀਦਾ ਹੈ, ਚੌਥੀ ਜਮਾਤ ਤੱਕ, ਕਿ ਭਾਸ਼ਾ ਅਤੇ ਗਣਿਤ ਸ਼ਾਸਤਰ ਵਿੱਚ ਆ ਰਹੀਆਂ ਮੁਸ਼ਕਲਾਂ ਨੂੰ ਪਛਾਣ ਲਿਆ ਜਾਵੇ ਅਤੇ ਉਨ੍ਹਾਂ ਦੇ ਇਲਾਜ਼ ਦੀ ਵੀ ਕੋਸ਼ਿਸ਼ ਕੀਤੀ ਜਾਣੀ ਜਰੂਰੀ ਹੈ।

ਅਜਿਹੇ ਸਥੂਲ ਅਨੁਭਵ ਵਾਤਾਵਰਣ ਦੇ ਸੰਜੁਗਤ ਅਧਿਅਨ ਨੂੰ ਆਰੰਭ ਕਰਨ ਲਈ ਵੀ ਜਰੂਰੀ ਹਨ, ਜਿਸ ਦੇ ਰਾਹੀਂ ਬੱਚਿਆਂ ਦੇ ਅਪਣੇ ਜਗਤ ਦੇ ਅੰਤਰੀਵੀ ਗਿਆਨ ਨੂੰ ਉਹਨਾਂ ਦੇ ਸਕੂਲ ਗਿਆਨ ਨਾਲ ਜੋੜਿਆ ਜਾਂਦਾ ਹੈ। ਕੁਝ ਸਾਲ ਪਾਕੇ ਇਹ ਅਧਿਅਨ ਹੋਰ ਅਨੁਸ਼ਾਸ਼ਨਕ ਪਹੁੰਚ ਦਾ ਰੂਪ ਧਾਰਨ ਕਰ ਲਵੇਗੀ, ਪਰ ਇਹ ਉਨ੍ਹਾਂ ਸੰਜੁਗਤ ਵਿਸ਼ਿਆਂ ਰਾਹੀਂ ਹੋ ਸਕੇਗਾ ਜਿੰਨ੍ਹਾਂ ਦੇ ਵਿੱਚ ਸੰਕਲਪ ਵਿਕਸਤ ਕਰਨ ਦੇ ਮੌਕੇ, ਉਸ ਅਨੁਸ਼ਾਸ਼ਨ ਦੀ ਸ਼ਬਦਾਵਲੀ ਨੂੰ ਅਤੇ ਵਿਧੀਆਂ ਨੂੰ ਸਿੱਖਣਾ ਸੰਭਵ ਹੋਵੇਗਾ।

ਕਲਾਵਾਂ ਅਤੇ ਦਸਤਕਾਰੀਆਂ ਦੀ ਪੜ੍ਹਾਈ ਤਾਂ ਅਜਿਹੇ ਅਤਿ ਆਵੱਸ਼ਕ ਰਸਤੇ ਹਨ ਜਿੰਨ੍ਹਾਂ ਰਾਹੀਂ ਨਾ ਕੇਵਲ ਸੁਹਜਾਤਮਕ ਸੰਵੇਦਨਸ਼ੀਲਤਾ ਦਾ ਹੀ ਵਿਕਾਸ ਹੁੰਦਾ ਹੈ, ਸਗੋਂ ਚੀਜ਼-ਸਮੱਗਰੀਆਂ ਦੇ ਫੇਰ-ਬਦਲ ਦੀ ਜਾਣਕਾਰੀ ਵੀ ਹਾਂਸਲ ਹੁੰਦੀ ਹੈ ਅਤੇ ਉਹ ਰਵੱਈਏ ਤੇ ਕੌਸ਼ਲ ਵੀ ਸਿੱਖਣ ਨੂੰ ਮਿਲਦੇ ਹਨ ਜਿੰਨ੍ਹਾਂ ਦੀ ਕੰਮ-ਧੰਦੇ ਵਿੱਚ ਜਰੂਰਤ ਪੈਂਦੀ ਹੈ। ਪਾਠਕ੍ਰਮ ਬੱਚਿਆਂ ਦੀ ਪਛਾਣ ਵਿਹਾਰਕ ਜੀਵਨ ਦੇ ਕੌਸ਼ਲਾਂ ਨਾਲ ਜਰੂਰ ਕਰਵਾਏ ਅਤੇ ਕੰਮ ਧੰਦੇ ਦੇ ਵਿਲੋਲਿੱਤਰੇ ਕੌਸ਼ਲਾਂ ਨਾਲ ਵੀ। ਖੇਡ੍ਹਾਂ ਦੇ ਰਾਹੀਂ ਸਰੀਰਕ ਵਿਕਾਸ ਵੀ ਬਹੁਤ ਜਰੂਰੀ ਹੈ।

ਸਕੂਲ ਵਿਚਲੀ ਇਸ ਪੱਧਰ ਉੱਪਰ ਕਿੰਨ੍ਹੀਆਂ ਸਾਰੀਆਂ ਗਤੀਵਿਧੀਆਂ ਹੋ ਸਕਦੀਆਂ ਹਨ, ਜਿਵੇਂ ਕਿ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਾਂ, ਘਟਨਾਵਾਂ ਦਾ ਪ੍ਰਬੰਧ ਕਰਨਾਂ, ਸਕੂਲ ਤੋਂ ਬਾਹਰਲੀਆਂ ਥਾਵਾਂ ਤੱਕ ਯਾਤਰਾ-ਸੈਰ ਕਰਨੀ, ਸਿਰਜਣਾਤਮਕ ਅਤੇ ਹੌਂਸਲੇ ਵਾਲੇ ਬੰਦਿਆਂ ਨੂੰ ਸਮਾਜਕ ਅਤੇ ਭਾਵਕ ਪੱਖ ਤੋਂ ਵਿਕਸਤ ਕਰ ਦੇਣ ਵਾਲੇ ਅਨੁਭਵ ਪ੍ਰਦਾਨ ਕਰਨੇ, ਖਾਸ ਕਰਕੇ ਉਹਨਾਂ ਲਈ ਵੀ ਜੋ ਦੂਜਿਆਂ ਪ੍ਰਤੀ ਸੰਵੇਦਨਾਂਸ਼ੀਲ ਹੋਣ, ਪਹਿਲਕਦਮੀਂ ਕਰ ਸਕਣ ਅਤੇ ਜਿੰਮੇਵਾਰੀ ਨਿਭਾਅ ਸਕਦੇ ਹੋਣ। ਅਜਿਹੇ ਪਾਠਕ੍ਰਮ ਦੀ ਪਹੁੰਚ 'ਪ੍ਰਕਿਰਿਆ ਸੇਧਤ' ਹੋਵੇਗੀ ਨਾਕਿ 'ਸਿੱਟੇ ਸੇਧਤ'।

ਇਹ ਸਾਰੇ ਮੈਦਾਨ ਹਰ ਬੱਚੇ ਨੂੰ ਉਪਲਭਤ ਹੋਣ, ਸਮੇਤ ਉਹਨਾਂ ਦੇ ਜੋ ਕਿਸੇ ਕਿਸਮ ਦੀ ਊਣਤਾਈ ਦਾ ਸ਼ਿਕਾਰ ਹੋਣ। ਇਸ ਗੱਲ ਦਾ ਜਰੂਰ ਧਿਆਨ ਰੱਖਿਆ ਜਾਵੇ ਕਿ ਪਾਠਕ੍ਰਮ ਕਿਸੇ ਕਿਸਮ ਦੀਆਂ ਰੂੜ੍ਹੀਵਾਦੀ ਧਾਰਨਾਵਾਂ ਨੂੰ ਮੁੜ ਲਾਗੂ ਕਰਨ ਦੀ ਕੋਸ਼ਿਸ਼ ਨਾਂ ਕਰੇ, ਜਿਵੇਂ ਪਹਿਲਤਾਵਾਂ ਬਾਰੇ, ਚੋਣਾਂ ਅਤੇ ਵਰਗਾਂ ਦੀਆਂ ਸਮਰੱਥਾਵਾਂ ਬਾਰੇ। ਇਸ ਸੰਧਰਭ ਵਿੱਚ ਧੰਦੇ ਨਾਲ ਸਬੰਧਤ ਕੌਸ਼ਲਾਂ ਨੂੰ ਧੀਰੇ ਧੀਰੇ ਸ਼ਾਮਲ ਕਰਕੇ ਕੰਮ ਦੇ ਪ੍ਰਤੀ ਸੇਧਤ ਸੁਮਤਿ ਦੇਣੀ ਇੱਕ ਸਰਬ-ਸ਼ਮੂਲਤ ਪਾਠਕ੍ਰਮ ਦਾ ਮਹੱਤਵ ਪੂਰਣ ਪੱਖ ਹੋ ਸਕਦਾ ਹੈ।

### 3.10.3 ਸੈਕੰਡਰੀ ਸਕੂਲ

ਸੈਕੰਡਰੀ ਸਕੂਲ ਇੱਕ ਬੜੀ ਡੂੰਘੀ ਸਰੀਰਕ ਤਬਦੀਲੀ ਅਤੇ ਪਛਾਣ ਬਣਨ ਦਾ ਕਾਲ ਹੈ। ਇਹ ਬੜੀ ਭਾਰੀ ਮਾਤਰਾ ਵਿੱਚ ਉਤਜੇਜਨਾਂ ਅਤੇ ਸ਼ਕਤੀ ਦਾ ਕਾਲ ਵੀ ਹੈ। ਅਮੂਰਤਤਾਵਾਂ ਦੀ ਵਰਤੋਂ ਕਰਕੇ ਤਰਕ ਦੀ ਵਰਤੋਂ ਦਾ ਕਾਲ ਅਰੰਭ ਹੁੰਦਾ ਹੈ। ਏਥੇ ਬੱਚਿਆਂ ਦਾ ਸਾਹਮਣਾਂ ਹੁੰਦਾ ਹੈ ਸਮਝਣ ਅਤੇ 'ਐਥੇ' ਅਤੇ 'ਹੁਣੇ' ਦਾ ਗਿਆਨ ਉਤਪਨ ਕਰਨ ਦਾ ਕਾਲ ਹੈ। ਸਮਾਜ ਦੇ ਦੂਸਰਿਆਂ ਦੇ ਸੰਪਰਕ ਵਿੱਚ ਸਵੈ ਦੀ ਆਲੋਚਾਤਮਕ ਸੋਝੀ ਵੀ ਏਸੇ ਹੀ ਕਾਲ ਵਿੱਚ ਵਿਕਸਤ ਹੁੰਦੀ ਹੈ।

ਇਸ ਪੱਧਰ ਉੱਪਰ ਜੋ ਕੋਰਸ ਪੇਸ਼ ਕੀਤੇ ਜਾਂਦੇ ਹਨ, ਉਨ੍ਹਾਂ ਦਾ ਆਮ ਕਰਕੇ ਮਕਸਦ ਮਜਮੂੰਨਾਂ ਦੀ ਵਾਕਫੀ ਵੀ ਕਰਵਾਉਣਾਂ ਹੁੰਦਾ ਹੈ, ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਕੋਰਸਾਂ ਦੀ ਪਹੁੰਚ ਦੀਆਂ ਸੰਭਾਵਨਾਵਾਂ ਦੀ ਜਾਣਕਾਰੀ ਵੀ ਮਿਲਦੀ ਹੈ। ਇਸ ਤਰ੍ਹਾਂ ਦੀ ਸ਼ਮੂਲੀਅਤ ਰਾਹੀਂ ਬੱਚੇ ਅਪਣੀਆਂ ਦਿਲਚਸਪੀਆਂ ਅਤੇ ਰਵੱਈਆਂ ਨੂੰ ਵੀ ਢੂੰਡਣ ਲੱਗਦੇ ਹਨ। ਉਹ ਇਸ ਗੱਲ ਦਾ ਵਿਚਾਰ ਬਨਾਉਣਾਂ ਸ਼ੁਰੂ ਕਰਦੇ ਹਨ ਕਿ ਕਿਹੋ ਜਿਹੇ ਕੋਰਸ ਪੜ੍ਹਨ ਅਤੇ ਕੰਮਧੰਦੇ ਨਾਲ ਸਬੰਧਤ ਪੜਨ੍ਹ ਲਈ ਕੀ ਚੁਣਨ।

ਬੜੀ ਵਡੀ ਗਿਣਤੀ ਦੇ ਬੱਚਿਆਂ ਦੇ ਲਈ ਇਹ ਕਾਲ ਸਕੂਲ ਖਤਮ ਕਰਨ ਦਾ ਕਾਲ ਵੀ ਹੈ, ਜਦ ਉਹਨਾਂ ਸਕੂਲ ਛੱਡਕੇ ਧੰਦੇ ਦੇ ਲਈ ਲੋੜੀਂਦੇ ਕੌਸ਼ਲ ਸਿੱਖਣ ਵਿੱਚ ਲੱਗਣਾਂ ਹੁੰਦਾ ਹੈ। ਉਹਨਾਂ ਵਡੀ ਗਿਣਤੀ ਦੇ ਵਿਦਿਆਰਥੀਆਂ ਦੇ ਲਈ ਜਿੰਨ੍ਹਾਂ ਦੇ ਵਾਸਤੇ ਇਹ ਸਟੇਜ ਆਰਥਕ ਕਾਰਣਾਂ ਕਰਕੇ ਪੜ੍ਹਾਈ ਖਾਤਮ ਹੋਣ ਦਾ ਬਿੰਦੂ ਬਣਦੀ ਹੈ, ਅਜਿਹੇ ਵਿਦਿਆਰਥੀਆਂ ਦੇ ਲਈ ਕੰਮਕਾਰ ਨਾਲ ਸਬੰਧਤ ਸਿਰਜਣਾਤਮਕ ਅਤੇ ਕੰਮ ਆਉਣ ਵਾਲੀਆਂ ਚੀਜ਼ਾਂ ਅਤੇ ਕੌਸ਼ਲ ਸਿੱਖਣ ਦੇ ਮੌਕੇ ਪੈਦਾ ਕਰਨੇ ਜਰੂਰੀ ਹਨ, ਜਿਸ ਦੇ ਨਾਲ ਸਾਰੇ ਦਾ ਸਾਰਾ ਸਿਸਟਮ ਸਿੱਖਿਆ ਦੇ ਵਿਸ਼ਵੀਕਰਨ ਕਰਨ ਦੀ ਤਰਫ ਅੱਗੇ ਵਧ ਸਕੇ। ਲਾਇਬਰੇਰੀਆਂ ਤੱਕ ਪਹੁੰਚ ਮੁਹੱਈਆ ਕਰਾਉਣੀ ਅਤੇ ਪ੍ਰਯੋਗਸ਼ਾਲਾਵਾਂ ਵਿਚਲਾ ਅਨੁਭਵ ਬੜਾ ਲਾਜਮੀਂ ਹੈ। ਇਸ ਬਾਰੇ ਬੜਾ ਪੱਕਾ ਜਤਨ ਕੀਤਾ ਜਾਵੇ ਕਿ ਸਾਰੇ ਬੱਚਿਆਂ ਨੂੰ ਇਹਨਾਂ ਸਹੂਲਤਾਂ ਤੱਕ ਪਹੁੰਚ ਪ੍ਰਾਪਤ ਹੋ ਸਕੇ।

ਇਹ ਦੋ ਸਾਲ ਇਮਤਿਹਾਨ ਦੇ ਪਰਛਾਵੇਂ ਦੇ ਨਜ਼ਾਰੇ ਨਾਲ ਰੁਝੇ ਰਹਿੰਦੇ ਹਨ – ਇਮਤਿਹਾਨ ਵਿੱਚੋਂ ਮਿਲਣ ਵਾਲੇ ਅੰਕ ਭਵਿੱਖ ਦੇ ਰਸਤੇ ਤੈਹ ਕਰਦੇ ਹਨ। ਸਕੂਲ ਅਕਸਰ ਬੜੇ ਫ਼ਖਰ ਨਾਲ ਦੱਸਦੇ ਹਨ ਕਿ ਉਨ੍ਹਾਂ ਪਹਿਲੇ ਟਰਮ ਦੇ ਅੰਤ ਤੱਕ ਦਸਵੀਂ ਜਮਾਤ ਦਾ ਸਾਰਾ ਸਿਲੇਬਸ ਖਤਮ ਕਰ ਦਿੱਤਾ ਹੈ, ਅਤੇ ਉਨ੍ਹਾਂ ਨੇ ਬਾਕੀ ਦਾ ਸਾਰਾ ਸਾਲ (ਦੋ ਟਰਮਾਂ) ਦੁਹਰਾਉ ਉੱਪਰ ਖਰਚ ਕਰਨਾਂ ਹੈ ਜਿਸ ਦੇ ਨਾਲ ਵਿਦਿਆਰਥੀ ਅਪਣੇ ਇਮਤਿਹਾਨ ਦੇ ਵਾਸਤੇ ਚੰਗੀ ਤਰ੍ਹਾਂ ਤਿਆਰ ਹੋ ਜਾਣ। ਇਸ ਸਟੇਜ ਉੱਤੇ ਨੌਵੀਂ ਜਮਾਤ ਅਤੇ ਗਿਆਰਵੀਂ ਜਮਾਤ ਇਸ ਕੰਮ ਵਾਸਤੇ ਦਾਅ ਉੱਪਰ ਲਾ ਦਿੱਤੀਆਂ ਜਾਂਦੀਆਂ ਹਨ।

ਇਮਤਿਹਾਨ ਦੀ ਇਹ ਐਨੀਂ ਬੁਰੀ ਚਿੰਤਾ ਅਤੇ ਇਸ ਦੇ ਪੜ੍ਹਨ ਦੀਆਂ ਜਰੂਰਤਾਂ ਉੱਪਰ ਮਾਰੂ ਅਸਰਾਂ ਪੁਰ ਜਾਂਚ ਹੋਣੀ ਚਾਹੀਦੀ ਹੈ ਤੇ ਇਸ ਨੂੰ ਚਨੌਤੀ ਦਿੱਤੀ ਜਾਣੀ ਜਰੂਰੀ ਹੈ। ਕੀ ਇਹ ਵਾਕਿਆ ਹੀ ਅਕਲਮੰਦੀ ਹੈ ਕਿ ਬੱਚੇ ਦੀ ਜਿੰਦਗੀ ਦਾ ਇੱਕ ਬੜਾ ਕੀਮਤੀ ਸਾਲ ਇਹੋ ਜਿਹੇ ਕੰਮ ਵਿੱਚ ਬਰਬਾਦ ਕੀਤਾ ਜਾਵੇ? ਕੀ ਇਹ ਸੰਭਵ ਨਹੀਂ ਹੈ ਕਿ ਅਸੀਂ ਪੜ੍ਹਾਈ ਨੂੰ ਸਾਲ ਭਰ ਵਿੱਚ ਜਰਾ ਜ਼ਿਆਦਾ ਰਫਤਾਰ ਦੇਕੇ ਇਮਤਿਹਾਨ ਲਈ ਤਿਆਰੀ ਨੂੰ ਵੈਸੇ ਹੀ ਚੰਗੀ ਤਰ੍ਹਾਂ ਨਿਭਾਅ ਸਕੀਏ?

ਇਮਤਿਹਾਨ ਦੇ ਕਾਰਣ ਪਾਠਕ੍ਰਮ ਦੇ ਹੋਰ ਕਈ ਖੇਤਰ, ਖਾਸ ਕਰਕੇ ਖੇਡ੍ਹਾਂ ਦਾ ਨੁਕਸਾਨ ਕੀਤਾ ਜਾਂਦਾ ਹੈ। ਇਹ ਜਰੂਰੀ ਹੈ ਕਿ ਇਨ੍ਹਾਂ ਖੇਤਰਾਂ ਦਾ ਖਿਆਲ ਰੱਖਿਆ ਜਾਵੇ, ਅਤੇ ਇਹ ਵੀ ਕਿ ਇਸ ਸਮੇਂ ਦੇ ਦੌਰਾਨ ਕੁਝ ਗੰਭੀਰ ਕਦਮ ਉਠਾਏ ਜਾਣ ਤਾਂ ਜੋ ਕੁਝ ਅਰਥਦਾਰ ਅਨੁਭਵ ਪ੍ਰਾਪਤ ਹੋ ਸਕਣ।

ਇਸ ਦੇਸ਼ ਵਿੱਚ ਜ਼ਿਆਦਾ ਬੋਰਡ ਇਸ ਕਾਲ ਦੇ ਲਈ ਜਾਂ ਤਾਂ ਬੜੀ ਸੀਮਤ ਤੇ ਜਾਂ ਕੋਈ ਵੀ ਚੋਣ ਨਹੀਂ ਦਿੰਦੇ। ਦੋ ਭਾਸ਼ਾਵਾਂ (ਜਿਨ੍ਹਾਂ ਵਿੱਚੋਂ ਇੱਕ ਅੰਗਰੇਜੀ ਹੈ), ਗਣਿਤ ਸ਼ਾਸਤਰ, ਵਿਗਿਆਨ ਅਤੇ ਸਮਾਜਕ ਵਿਗਿਆਨ ਕੁਝ ਇੱਕ ਵਿਸ਼ੇਸ਼ ਵਿਸ਼ੇ ਹਨ ਇਮਤਿਹਾਨ ਦੇ ਲਈ। ਇਸ ਵਰਗ ਵਿੱਚ ਗਣਿਤ ਸ਼ਾਸ਼ਤਰ ਅਤੇ ਅੰਗਰੇਜ਼ੀ ਦੇ ਕੋਰਸ ਬਹੁਤ ਸਾਰੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਫੇਹਲ ਹੋਣ ਦਾ ਕਾਰਣ ਬਣ ਰਹੇ ਹਨ, ਉਨ੍ਹਾਂ ਉੱਪਰ ਮੜ੍ਹ ਵਿਚਾਰ ਕਰਨ ਅਤੇ ਦੁਬਾਰਾ ਤਿਆਰ ਕਰਨ ਦੀ ਲੋੜ ਹੈ। ਸਾਰੇ ਇਮਤਿਹਾਨ ਵਿੱਚੋਂ ਪਾਸ-ਫੇਹਲ ਕਰਨ ਵਾਲੀ ਨੀਤੀ, ਅਤੇ 'ਪਾਸ ਅੰਕ' ਦੇ ਅਰਥ ਪੁਰ ਵੀ ਮੁੜ-ਵਿਚਾਰ ਕਰਨ ਦੀ ਜਰੂਰਤ ਹੈ। ਇਸਦੇ ਨਾਲ ਹੋਰ ਸਬੰਧਤ ਮੁੱਦੇ ਸੁਧਾਰਾਂ ਦੇ ਪ੍ਰਬੰਧ ਨਾਲ ਸਬੰਧਤ ਕੰਡ 6 ਵਿੱਚ ਵਿਚਾਰੇ ਗਏ ਹਨ।

ਕੁਝ ਇੱਕ ਬੋਰਡ ਵਿਦਿਆਰਥੀਆਂ ਨੂੰ ਇੱਕ ਦਿੱਤੇ ਹੋਈ ਹੱਦ ਵਿੱਚੋਂ ਇੱਕ ਕੋਰਸ ਚੁਣਨ ਲਈ ਉਤਸਾਹਤ ਕਰਦੇ ਹਨ, ਤੇ ਇਹ ਚੋਣ ਹੈ ਅਰਥ ਸ਼ਾਸਤਰ, ਸੰਗੀਤ ਅਤੇ ਖਾਣੇ ਦੇ ਵਿੱਚੋਂ। ਅਜਿਹੀਆਂ ਚੋਣਾਂ ਨੂੰ ਵਧਾ ਦੇਣ ਦੀ ਲੋੜ ਹੈ, ਅਤੇ ਚਾਹੀਦਾ ਹੈ ਕਿ ਕੁਝ ਜ਼ਿਆਦਾ ਪਰੰਪਰਕ ਕੋਰਸ ਤੇ ਉਨ੍ਹਾਂ ਦੀਆਂ ਚੋਣਾਂ ਦੇਣ ਉੱਪਰ ਵਿਚਾਰ ਕੀਤੀ ਜਾ ਸਕਦੀ ਹੈ। ਕੰਮਧੰਦਿਆਂ ਦੀਆਂ ਚੋਣਾਂ ਵੀ ਲਾਗੂ ਕੀਤੀਆਂ ਜਾ ਸਕਦੀਆਂ ਹਨ। ਉਦਾਹਰਣ ਦੇ ਲਈ, ਗੈਰਜ਼ਾਂ ਵਿੱਚ ਆਟੋ-ਰੱਖਰਖਾਈ, ਦਰਜੀਪੁਣਾਂ ਅਤੇ ਪੈਰਾਮੈਡੀਕਲ ਸੇਵਾਵਾਂ ਇੱਕ ਦੂਜੇ ਨਾਲ ਜੁੜਨ ਅਤੇ ਚੋਣਾਂ ਦੀਆਂ ਚੰਗੀਆਂ ਸੰਭਾਵਨਾਵਾਂ ਪੇਸ਼ ਕਰਦੀਆਂ ਹਨ।

ਸਕੂਲ ਬੋਰਡ ਅਜਿਹੀ ਪੜ੍ਹਾਈ ਨੂੰ ਮਾਨਤਾ ਦੇ ਸਕਦੇ ਹਨ ਅਤੇ ਇਉਂ ਸਕੂਲ ਤੋਂ ਬਾਹਰ ਵਿਆਪਤ ਅਨੇਕਾਂ ਸਥਲਾਂ ਨੂੰ ਇਸ ਕਾਰਜ਼ ਦੇ ਲਈ ਪ੍ਰਵਾਨਗੀ ਦੇ ਸਕਦੇ ਹਨ।

ਸਾਡੇ ਦੇਸ਼ ਵਿੱਚ ਕੰਮਕਾਰੀ ਦੀਆਂ ਕਈ ਧਾਰਾਵਾਂ ਦੇ ਕਈ ਕੋਰਸ ਬਿੱਲਕੁੱਲ ਖਸਤਾ ਹੋ ਗਏ ਹਨ, ਗੁਣਵੱਤਾ ਬਰਬਾਦ ਹੋ ਗਈ ਹੈ, ਅਤੇ ਉਹ ਨਾਂ ਤਾਂ ਵਿਦਿਆਰਥੀਆਂ ਨੂੰ ਕੋਈ ਅਰਥਦਾਰ ਕੰਮ ਦੇ ਸਕਦੇ ਹਨ, ਨਾਂ ਹੀ ਕੋਈ ਗਿਆਨ ਅਤੇ ਕੋਈ ਸਬੰਧਤ ਕੌਸਲ। ਕਈ ਥਾਈਂ ਤਾਂ ਇਹ ਆਮ ਭਾਂਤ ਦੇ ਅੰਕ-ਪੱਤਰ ਦੇਣ ਵਾਲੇ ਕੋਰਸ ਹੁੰਦੇ ਹਨ, ਅਤੇ ਇਨ੍ਹਾਂ ਵਿੱਚ ਕਿਸੇ ਨੌਕਰੀ ਨੂੰ ਕਰਨ ਅਤੇ ਕੋਈ ਨੌਕਰੀ ਲੱਭਣ ਵਿੱਚ ਕੋਈ ਫਰਕ ਨਹੀਂ ਹੁੰਦਾ।

### 3.10.4 ਉੱਚ ਸੈਕੰਡਰੀ ਸਕੂਲ

ਉੱਚ ਸੈਕੰਡਰੀ ਸਕੂਲਾਂ ਵਿੱਚ ਕੰਮਕਾਜੀ ਧਾਰਾਵਾਂ ਦੇ ਮਿਆਰ ਦਾ ਰੀਵਿਊ ਕਰਨ ਦੀ ਜਰੂਰਤ ਹੈ, ਖਾਸ ਕਰਕੇ ਬੋਰਡ ਦੇ ਅਸਰ ਅਤੇ ਉਸ ਦੀਆਂ ਚਿੰਤਾਵਾਂ ਕਰਕੇ, 'ਐਂਟਰੈਂਸ-ਦਾਖਲੇ' ਵਾਲੇ ਇਮਤਿਹਾਨਾਂ ਕਰਕੇ ਅਤੇ ਅਕਾਦਮਕ ਤੇ ਕਮਕਾਜੀ ਧਾਰਾਵਾਂ ਨੂੰ ਦਿੱਤੇ ਗਏ ਵਾਧੂ ਦੇ ਮਾਣ ਕਰਕੇ। ਇਹ ਦੋ ਸਾਲਾਂ ਦਾ ਉਹ ਵਕਤ ਹੈ ਜਦ ਵਿਦਿਆਰਥੀਆਂ ਨੇ ਅਪਣੀਆਂ ਦਿਲਚਸਪੀਆਂ ਅਤੇ ਮਨੋਭਾਵਨਾਵਾਂ ਕਰਕੇ ਅਪਣੇ ਜੀਵਨ ਦੇ ਭਵਿੱਖ ਲਈ ਫੈਸਲੇ ਕਰਨੇ ਹੁੰਦੇ ਹਨ।

ਅਪਣੀ ਦਿਲਚਸਪੀ ਅਤੇ ਭਵਿੱਖ ਨੂੰ ਧਿਆਨ ਵਿੱਚ ਰੱਖਕੇ ਪੜ੍ਹਾਈ ਦੇ ਚੋਣਵੇਂ ਕੋਰਸਾਂ ਨੂੰ ਚੁਣਨ ਅਤੇ ਭਿੰਨ ਭਿੰਨ ਗਿਆਨ ਖੇਤਰਾਂ ਨੂੰ ਸਮਝਣ ਅਤੇ ਉਨ੍ਹਾਂ ਦੀਆਂ ਸੰਭਾਵਨਾਵਾਂ ਵਿੱਚ ਉਤਰ ਪੈਣਾਂ ਇਸ ਪੱਧਰ ਦੇ ਅਨਿੱਖੜ ਅੰਗ ਹਨ। ਭਰਵੇਂ ਅੰਤਰ-ਅਨੁਸ਼ਾਸਨੀ ਪਰਿਪੇਖਾਂ ਦੇ ਆਧਾਰ ਉੱਤੇ ਸਮੱਸਿਆਵਾਂ ਦੀ ਅਤੇ ਮਸਲਿਆਂ ਦੀ ਛਾਣਬੀਨ ਕਰ ਸਕਣੀ ਇਸ ਪੱਧਰ ਉੱਪਰ ਸੰਭਵ ਹੈ। ਇਸ ਦੇ ਵਿੱਚ ਪੜ੍ਹਨ ਵਾਸਤੇ ਚੁਣੇ ਹੋਏ 'ਮਜਮੂੰਨਾਂ' ਦੇ ਅੰਦਰ ਹੀ ਅਤੇ ਬਾਹਰ ਵੀ ਜਾਂਚ ਪੜਤਾਲ ਕੀਤੇ ਜਾਣ ਦੀ ਮਨਜੂਰੀ ਦਿੱਤੇ ਜਾਣ ਦੀ ਲੋੜ ਹੈ।

ਪੜ੍ਹਾਈ ਦੇ ਬਹੁਤ ਸਾਰੇ ਬੋਰਡ ਭਾਸ਼ਾਵਾਂ ਦੇ ਜਰੂਰੀ ਆਖੇ ਗਏ ਕੋਰਸਾਂ ਦੇ ਨਾਲ ਕਿੰਨੇ ਸਾਰੇ ਵਿਸ਼ੇ ਖੇਤਰਾਂ ਵਿੱਚ ਹੋਰ ਵੀ ਕੋਰਸ ਦਿੰਦੇ ਹਨ। ਪਰ ਵਿਦਿਆਰਥੀਆਂ ਉੱਪਰ ਇਨ੍ਹਾਂ ਕੋਰਸਾਂ ਦੇ ਚੁਣਨ ਦੇ ਸਬੰਧ ਵਿੱਚ ਲਾਈਆਂ ਗਈਆਂ ਉਪਚਾਰਕ ਅਤੇ ਅਣਉਪਚਾਰਕ ਬੰਦਸ਼ਾਂ ਦੇ ਬਾਰੇ ਵਿੱਚ ਚਿੰਤਾਵਾਂ ਵੀ ਮਿਲ ਰਹੀਆਂ ਹਨ। ਕਿੰਨੇ ਸਾਰੇ ਬੋਰਡ ਕੋਰਸਾਂ ਦੇ ਚੁਣੇ ਜਾ ਸਕਦੇ ਜੋੜ-ਰੂਪਾਂ ਜਿਵੇਂ ਕਿ 'ਵਿਗਿਆਨ ਧਾਰਾ', 'ਕਲਾ ਧਾਰਾ' ਅਤੇ 'ਵਣਜ ਧਾਰਾ' ਆਦਿ ਦੇ ਨਾਮ ਪੁਰ ਰੋਕਾਂ ਲਾਗੂ ਕਰਦੇ ਹਨ। 'ਸੀ ਬੀ ਐੱਸ ਈ' ਅਜਿਹੇ ਚੁਣੇ ਜਾਣ ਵਾਲੇ ਕੋਰਸ-ਜੋੜਾਂ ਉੱਪਰ ਕੋਈ ਰੋਕ ਨਹੀਂ ਲਾਉਂਦੀ, ਪਰ ਪੜ੍ਹੇ ਜਾਣ ਵਾਲੇ ਕੁਝ ਕੋਰਸਾਂ ਦੀ ਮਸ਼ਹੂਰੀ ਹੋ ਜਾਣ ਕਰਕੇ ਅਤੇ ਕਈਆਂ ਵਿਸ਼ਿਆਂ ਦੇ ਮੰਨੇ ਜਾ ਰਹੇ ਰੋਅਬ ਕਰਕੇ ਕਈ ਕੋਰਸ-ਜੋੜਾਂ ਦੀਆਂ ਸੰਭਾਵਨਾਵਾਂ ਪਹਿਲਾਂ ਤੋਂ ਹੀ ਬੰਦ ਹੋ ਚੁੱਕੀਆਂ ਹਨ।

ਇਹ ਵੀ ਕਿ ਯੂਨੀਵਰਸਿਟੀਆਂ ਨੂੰ ਵੀ ਅਪਣੇ ਮਾਪਦੰਡਾਂ ਉੱਪਰ ਮੁੜ ਤੋਂ ਨਿਗਾਹ ਮਾਰਨੀ ਚਾਹੀਦੀ ਹੈ, ਖਾਸ ਕਰਕੇ ਜਦ ਉਹ +2 ਦੇ ਪੱਧਰ ਉੱਪਰ ਪੜ੍ਹੇ ਗਏ ਕੋਰਸਾਂ ਦੇ ਆਧਾਰ ਪੁਰ ਅਪਣੇ ਦਾਖਲਿਆਂ ਦੀ ਇਜਾਜ਼ਤ ਦਿੰਦੀਆਂ ਹਨ। ਸਿੱਟਾ ਇਹ ਹੈ ਕਿ ਪੜ੍ਹਾਈ ਦੇ ਬਹੁਤ ਸਾਰੇ ਦਿਲਚਸਪ ਕੋਰਸ-ਜੋੜ ਜਿਵੇਂ ਕਿ ਭੌਤਕ ਵਿਗਿਆਨ, ਗਣਿਤ ਸ਼ਾਸਤਰ ਅਤੇ ਦਰਸ਼ਣ, ਜਾਂ ਸਾਹਿਤ, ਜੀਵ ਵਿਗਿਆਨ ਅਤੇ ਇਤਹਾਸ ਆਦਿ ਤਾਂ ਵਿਦਿਆਰਥੀਆਂ ਲਈ ਉੱਕਾ ਹੀ ਬੰਦ ਹਨ।

ਅੱਜ-ਕੱਲ੍ਹ ਸਕੂਲਾਂ ਵਿੱਚ ਇੱਕ ਰੁਝਾਨ ਚੱਲ ਪਿਆ ਹੈ ਜਿਸ ਵਿੱਚ ਸਕੂਲ ਅਪਣੀਆਂ ਜਮਾਤਾਂ ਨੂੰ ਮੈਡੀਕਲ ਅਤੇ ਇੰਜਨੀਅਰਿੰਗ ਦੇ ਕੋਰਸਾਂ ਦੀਆਂ ਲੋੜਾਂ ਦੀ ਪੂਰਤੀ ਦੇ ਅਨੁਸਾਰ ਹੀ ਕਾਂਟਣ ਸ਼ਾਂਟਣ ਲੱਗ ਪਏ ਹਨ। ਇਹਦੇ ਨਾਲ ਸਕੂਲਾਂ ਵਿੱਚ ਦਿੱਤੇ ਜਾਣ ਵਾਲੇ ਬਾਕੀ ਕੋਰਸਾਂ ਉੱਪਰ ਕਈ ਪ੍ਰਕਾਰ ਦੀਆਂ ਰੋਕਾਂ ਲੱਗ ਰਹੀਆਂ ਹਨ ਅਤੇ ਸਮੇਂ ਸਾਰਣੀ ਦੀ ਵੀ ਮੁਸ਼ਕਲ ਬਣ ਰਹੀ ਹੈ। ਦੇਸ਼ ਦੇ ਕਈ ਭਾਗਾਂ ਵਿੱਚ ਜੋ ਵਿਦਿਆਰਥੀ ਕਲਾਵਾਂ ਵਰਗੇ ਜ਼ਿਆਦਾ ਖੁੱਲ੍ਹੇ ਮਜਮੂੰਨ ਪੜ੍ਹਨਾਂ ਚਹੁੰਦੇ ਹਨ ਉਹਨਾਂ ਦੇ ਵਾਸਤੇ ਕੋਈ ਬਹੁਤੀਆਂ ਚੋਣਾਂ ਨਹੀਂ ਬਚਦੀਆਂ। ਸਕੂਲ ਬੱਚਿਆਂ ਨੂੰ ਜ਼ਿਆਦਾ ਨਾਂ ਪ੍ਰਚਲਤ ਕੋਰਸਾਂ ਦੇ ਜੋੜਾਂ ਨੂੰ ਲੈਣ ਲਈ ਵਰਜਦੇ ਵੀ ਹਨ। ਬਹੁਤਾ ਕਰਕੇ ਇਹ ਸਮੇਂ ਸਾਰਨੀ ਦੀਆਂ ਲੋੜਾਂ ਦੇ ਕਾਰਣ ਹੁੰਦਾ ਹੈ।

ਸਾਡਾ ਸੋਚਣਾ ਹੈ ਕਿ ਵਿਦਿਆਰਥੀਆਂ ਵਾਸਤੇ ਸਾਰੀਆਂ ਚੋਣਾਂ ਦਾ ਮਿਲਦੀਆਂ ਰਹਿਣਾਂ ਚੰਗਾ ਰਹੇਗਾ। ਜੇ ਕਿਸੇ ਸਕੂਲ ਵਿੱਚ ਕਿਸੇ ਮਜਮੂੰਨ ਲਈ ਵਿਦਿਆਰਥੀਆਂ ਦੀ ਗਿਣਤੀ ਘੱਟ ਹੋਵੇ ਤਾਂ ਉਹ ਗੁਆਂਢ ਵਿਚਲੇ ਕਿਸੇ ਸਕੂਲ ਨਾਲ ਕੋਈ ਪ੍ਰਬੰਧ ਬਣਾ ਸਕਦੇ ਹਨ, ਤਾ ਜੋ ਉਹ ਇੱਕਠੇ ਰਲਕੇ ਕੋਈ ਚੰਗਾ ਅਤੇ ਸਾਧਨਸ਼ੀਲ ਅਧਿਆਪਕ ਨਿਯੁਕਤ ਕਰ ਸਕਣ। ਅਜਿਹੇ ਸਾਧਨਸ਼ੀਲ ਅਧਿਆਪਕਾਂ ਨੂੰ ਬਲਾਕ ਦੇ ਪੱਧਰ ਉੱਪਰ ਵੀ ਲਾਇਆ ਜਾ ਸਕਦਾ ਹੈ, ਜਿਸ ਨਾਲ ਵਿਸ਼ੇਸ ਪਰ ਕਿਤੇ ਹੀ ਮਿਲਦੇ ਮਜਮੂੰਨਾਂ ਨੂੰ ਵੀ ਆਰੰਭ ਕੀਤਾ ਜਾ ਸਕੇ। ਸਕੂਲਾਂ ਦੇ ਬੋਰਡ ਕਈ ਮਜਮੂੰਨਾਂ ਅਤੇ ਪੜ੍ਹਾਈ ਦੀਆਂ ਧਾਰਾਵਾਂ ਨੂੰ ਵਿਕਸਤ ਕਰਨ ਦੀ ਖਾਤਰ ਜ਼ਿਆਦਾ ਸਾਕਰਮਕ ਰੋਲ ਅਦਾਅ ਕਰਨ ਬਾਰੇ ਵੀ ਸੋਚ ਸਕਦੇ ਹਨ।

+2 ਦੀ ਪੱਧਰ ਪੁਰ ਦਿੱਤੇ ਜਾਣ ਵਾਲੇ ਕੋਰਸਾਂ ਦੀ ਉਨ੍ਹਾਂ ਦੇ ਡਿਸਿਪਲਨਾਂ ਵਿੱਚ ਪੈਦਾ ਹੋ ਰਹੇ ਨਵੇਂ ਗਿਆਨ ਪ੍ਰਤੀ ਜਾਗਰੂਕਤਾ ਬਣੀ ਰਹਿਣੀ ਚਾਹੀਦੀ ਹੈ, ਕਿਉਂਕਿ ਮਜਮੂੰਨਾਂ ਦੀਆਂ ਹੱਦਾਂ ਲਗਾਤਾਰ ਢੱਠਦੀਆਂ ਰਹਿੰਦੀਆਂ ਹਨ ਅਤੇ ਨਵੇਂ ਰਾਹ ਸਥਾਪਤ ਹੁੰਦੇ ਰਹਿੰਦੇ ਹਨ। ਵਿਦਿਆਰਥੀਆਂ ਨੂੰ ਪੜ੍ਹਾਈ ਦੀ ਵਧ ਰਹੀ ਮਹੱਤਤਾ ਵਾਲੇ ਅਤੇ ਨਵੇਂ ਖੇਤਰਾਂ ਨੂੰ ਪੜ੍ਹਨ ਦੀ ਇਜਾਜ਼ਤ ਦੇਣ ਦੇ ਵਾਸਤੇ ਇਨ੍ਹਾਂ ਖੇਤਰਾਂ ਦੇ ਅੰਦਰ ਹੀ ਨਵੇਂ ਤੇ ਚੋਣਵੇਂ ਮੌਡੂਲ ਵਿਕਸਤ ਕਰਕੇ ਪੜ੍ਹਾਏ ਜਾ ਸਕਦੇ ਹਨ, ਨਾਕਿ ਸਾਰੇ ਦੇ ਸਾਰੇ ਹੀ ਕੋਰਸ ਵਿੱਚ ਨਵੇਂ ਸਿਰਿਉਂ ਭਰਕੇ ਕੋਰਸ ਦਾ ਬੋਝ ਵਧਾਇਆ ਜਾਵੇ। ਉਦਾਹਰਣ ਦੇ ਲਈ, ਇਤਹਾਸ ਵਿੱਚ ਇੱਕ ਚੁਣਿਆਂ ਜਾ ਸਕਣ ਵਾਲਾ ਮੌਡੂਲ ਪੁਰਾਤੱਤਵ ਵਿਗਿਆਨ ਤੇ ਜਾਂ ਵਿਸ਼ਵ ਇਤਹਾਸ ਹੋ ਸਕਦਾ ਹੈ। ਏਸੇ ਤਰ੍ਹਾਂ ਹੀ ਭੌਤਕ ਵਿਗਿਆਨ ਵਿੱਚ ਐਸਟ੍ਰੋਨੋਮੀ, ਸਪੇਸ ਵਿਗਿਆਨ ਅਤੇ ਰਾਕਟਸਾਜੀ ਵਰਗੀਆਂ ਸੰਭਵ ਚੋਣਾਂ ਦੇ ਸਕਦਾ ਹੈ, ਤਾਜੋ ਇਹ ਚੁਣਿੰਦਾ ਮੌਡੂਲ ਇਨ੍ਹਾਂ ਕੋਰਸਾਂ ਦੇ ਅੰਦਰ ਹੀ ਪ੍ਰਾਪਤ ਰਹਿਣ।

ਬੜੇ ਵਿਸਤਰਤ ਸਿਲੇਬਸ ਨੂੰ 'ਪੂਰਾ ਕਰਾਉਣ' ਦੇ ਦਬਾਅ ਹੇਠਾਂ ਸਿਖਲਾਈ ਦੇ ਪ੍ਰਯੋਗਾਂ ਅਤੇ ਕਾਰਜ ਖੇਤਰਾਂ ਦੇ ਦੌਰਿਆਂ ਵਰਗੇ ਬੜੇ ਮਹੱਤਵ ਪੂਰਣ ਹਿੱਸੇ ਛੁੱਟ ਜਾਂਦੇ ਹਨ। ਪੜ੍ਹਾਈ ਦੇ ਹੋਰ ਕਈ ਤਰੀਕੇ ਜਿਵੇਂ ਹਵਾਲੇ

ਲੱਭਣਾਂ, ਪ੍ਰੋਜੈਟ ਵਰਕ ਅਤੇ ਪੇਸ਼ਕਾਰੀਆਂ ਆਦਿ ਦੀ ਵਰਤੋਂ ਹੁੰਦੀ ਹੀ ਨਹੀਂ। ਏਦਾਂ ਕਰਨ ਨਾਲ ਸਮੁੱਚੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਸਾਜਸਮਾਨ ਨਾਲ ਭਰੀਆਂ ਹੋਈਆਂ ਪ੍ਰਯੋਗਸ਼ਾਲਾਵਾਂ ਅਤੇ ਲਾਇਬਰੇਰੀਆਂ ਤੇ ਕੰਪਿਊਟਰਾਂ ਤੱਕ ਦੀ ਪਹੁੰਚ ਲਾਜਮੀਂ ਹੈ। ਤਦ ਹੀ ਹਰ ਸੰਭਵ ਜਤਨ ਕੀਤਾ ਜਾਵੇ ਕਿ ਇਹ ਸੁਵਿਧਾਵਾਂ ਚੋਖੀ ਮਿਕਦਾਰ ਵਿੱਚ ਸਕੂਲਾਂ ਅਤੇ ਜੂਨੀਅਰ ਕਾਲਜਾਂ ਵਿੱਚ ਪ੍ਰਾਪਤ ਹੋਣ।

ਕੰਮਕਾਜੀ ਧਾਰਾ ਮੁੱਢ ਵਿੱਚ ਤਾਂ ਇਸ ਲਈ ਸੋਚੀ ਗਈ ਸੀ ਕਿ ਉਹਨਾਂ ਵਿਦਿਆਰਥੀਆਂ ਦੀਆਂ ਜਰੂਰਤਾਂ ਦਾ ਕੁਝ ਕੀਤਾ ਜਾ ਸਕੇ ਜਿੰਨ੍ਹਾਂ ਨੇ ਜਲਦੀ ਕੰਮਧੰਦੇ ਵਿੱਚ ਲੱਗ ਜਾਣਾਂ ਹੁੰਦਾ ਹੈ। ਦੂਜੇ ਵਿਦਿਆਰਥੀਆਂ ਨੇ ਤਾਂ ਅਕਾਦਮਕ ਧਾਰਾ ਦੇ ਰਾਹੀਂ ਤੇ ਉਹ ਵੀ ਦੇਰ ਬਾਅਦ ਜਾਕੇ ਅਧਿਅਨ ਤੇ ਜਾਂ ਖੋਜ ਕਰਨ ਬਾਅਦ ਪੇਸ਼ੇ ਧਾਰਨ ਕਰਨੇ ਹੁੰਦੇ ਹਨ। ਅਸੀਂ ਸਫਾਰਸ਼ ਕਰਦੇ ਹਾਂ ਕਿ ਉਤਪਾਦਕ ਕੰਮ ਸਿਖਲਾਈ ਦਾ ਇੱਕ ਮਾਧਿਅਮ ਬਣੇ। ਇਹ ਗਿਆਨ ਹਾਂਸਲ ਕਰਨ, ਕਦਰਾਂ ਕੀਮਤਾਂ ਦਾ ਵਿਕਾਸ ਕਰਨ ਅਤੇ ਬਹੁਪਰਤੀ ਕੌਸ਼ਲ ਨਿਰਮਾਨਣ ਵਿੱਚ ਨਵੀਂ ਰੂਹ ਫੂਕ ਮਾਰੇ। ਤੇ ਇਹ ਸਿੱਖਿਆ ਦੀ ਹਰ ਪੱਧਰ ਉੱਪਰ ਵਾਪਰੇ।

ਇਸ ਪੱਧਰ ਦੇ ਵਿਕਾਸਮਈ ਸੁਭਾਅ ਨੂੰ ਧਿਆਨ ਵਿੱਚ ਰੱਖਦਿਆਂ ਇਹ ਜਰੂਰੀ ਹੈ ਕਿ ਬੱਚਿਆਂ ਨੂੰ ਸਿੱਖਿਅਤ ਮਾਹਰਾਂ ਤੋਂ ਗਿਰਾਨੀਂ ਅਤੇ ਸੁਲਾਹਕਾਰੀ ਮਿਲਦੀ ਰਹੇ। ਪੇਸ਼ੇ ਦੀ ਜਾਣਕਾਰੀ, ਪੇਸ਼ੇ ਦੀ ਛਾਣਬੀਨ ਅਤੇ ਪੇਸ਼ੇ ਦੀ ਯੋਜਨਾਂਕਾਰੀ ਆਦਿ ਨੂੰ ਹੋਰ ਪ੍ਰਭਾਵੀ ਕਰਨ ਦੇ ਲਈ ਇਨ੍ਹਾਂ ਵਿੱਚ ਦਖਲ ਹੁੰਦੇ ਰਹਿਣ ਦੀ ਲੋੜ ਹੈ। ਇਸ ਕਾਲ ਦੇ ਦੌਰਾਨ ਬੱਚਿਆਂ ਦੇ ਜੀਵਨ-ਵਿਸਤਾਰ ਨੂੰ ਹੋਰ ਭਰਪੂਰ ਬਨਾਉਣ ਦੇ ਵਾਸਤੇ ਉਹਨਾਂ ਨੂੰ ਯੂਥ ਕਲੱਬਾਂ ਅਤੇ ਐਹੋ ਜਿਹੇ ਹੋਰ ਮਾਧਿਅਮਾਂ ਦੇ ਰਾਹੀਂ ਖੇਡ੍ਹਾਂ ਅਤੇ ਸਭਿਆਚਾਰਕ ਗਤੀਵਿਧੀਆਂ ਵਿੱਚ ਭਾਗ ਲੈਣ ਦੇ ਮੌਕੇ ਮਿਲਦੇ ਰਹਿਣੇ ਜਰੂਰੀ ਹਨ।

## 3.10.5 ਖੁੱਲ੍ਹੇ-ਓਪਨ ਸਕੂਲ ਅਤੇ ਬ੍ਰਿਜ-ਪੁਲ ਸਕੂਲ

ਪਹਿਲਾਂ ਰਾਸ਼ਟਰੀ ਖੁੱਲ੍ਹੇ ਸਕੂਲ ਬਾਰੇ। ਖੁੱਲ੍ਹੇ ਸਕੂਲ ਬੋਰਡਾਂ ਨੇ ਹੁਣ ਕੁਝ ਰਾਜਾਂ ਵਿੱਚ ਕੰਮ ਕਰਨਾਂ ਆਰੰਭ ਕਰ ਦਿੱਤਾ ਹੈ, ਤੇ ਉਹ ਵਿਦਿਆਰਥੀਆਂ ਨੂੰ ਕਾਫੀ ਮਾਤਰਾ ਵਿੱਚ ਲਚਕਤਾ ਅਤੇ ਚੋਣ ਦੇਣ ਦੇ ਕਾਬਲ ਹੋ ਗਏ ਹਨ। ਮਜਮੂੰਨਾਂ ਦੀ ਜੋ ਲੜੀ ਉਹ ਪੇਸ਼ ਕਰ ਰਹੇ ਹਨ ਕਾਫੀ ਵਿਸਥਾਰ ਵਾਲੀ ਹੈ। ਇਮਤਿਹਾਨ ਲੈਣ ਵਿੱਚਲੀ ਜ਼ਿਆਦਾ ਨਰਮੀਂ, ਅਤੇ ਦੂਜੇ ਬੋਰਡਾਂ ਤੋਂ ਅੰਕ-ਪ੍ਰਾਪਤੀ ਨੂੰ ਬਦਲ ਲੈ ਆਉਣ ਦੀ ਸਹੂਲਤ ਆਦਿ ਦੇ ਨਾਲ ਖੁੱਲ੍ਹੇ ਸਕੂਲਾਂ ਨੇ ਸਰਟੀਫੀਕੇਟਾਂ ਦੀਆਂ ਪ੍ਰਕਿਰਿਆਵਾਂ ਨੂੰ ਬੜਾ ਮਾਨਵ ਹਿੱਤਕਾਰੀ ਬਣਾ ਦਿੱਤਾ ਹੈ।

ਖੁੱਲ੍ਹੇ ਸਕੂਲ ਦੇ ਬਾਰੇ ਜਾਣ ਸਕਣ ਵਾਲੇ ਅਤੇ ਇਸ ਤੱਕ ਪਹੁੰਚ ਬਾਰੇ ਗਿਆਨ ਨੂੰ ਹੋਰ ਜ਼ਿਆਦਾ ਪਰਸਾਰਿਆ ਜਾ ਸਕਦਾ ਹੈ। ਇਹਦੇ ਨਾਲ ਹੀ ਦੂਜੇ ਬੋਰਡਾਂ ਦੇ ਇਮਤਿਹਾਨਾਂ ਦੇ ਨਾਲ ਇਹਦੀ ਬਰਾਬਰੀ ਬਾਰੇ ਉੱਠੀਆਂ ਗਲਤ ਫਹਿਮੀਆਂ ਨੂੰ ਵੀ ਸੰਬੋਧਨ ਕਰਨ ਦੀ ਲੋੜ ਹੈ। ਦੂਜੇ ਬੋਰਡ ਇਮਤਿਹਾਨਾਂ ਦੇ ਲਾਗੇ-ਚਾਗੇ ਅਪਣੇ ਇਮਤਿਹਾਨ ਕਰਵਾ ਕੇ, ਇਹ ਸੰਭਵ ਹੈ ਕਿ ਇਹ ਵਿਦਿਆਰਥੀਆਂ ਦਾ ਸਾਲ ਨਾ ਬਰਬਾਦ ਹੋਣ ਤੋਂ ਬਚਾਅ ਸਕਦਾ ਹੈ।

ਬ੍ਰਿਜ ਕੋਰਸ ਦੇਸ਼ ਦੇ ਕਈ ਭਾਗਾਂ ਵਿੱਚ ਬੜੀ ਦੂਰ ਦੂਰ ਤੱਕ ਚਲਾਏ ਜਾ ਰਹੇ ਹਨ। ਇਹ ਉਹਨਾਂ ਬੱਚਿਆਂ ਦੀ ਮਦਦ ਵਾਸਤੇ ਹਨ ਜੋ ਸਕੂਲੇ ਪੜ੍ਹ ਨਹੀਂ ਰਹੇ, ਤਾਕਿ ਇਸਦੇ ਪ੍ਰੋਗਰਾਮਾਂ ਵਿੱਚ ਪੜ੍ਹਕੇ ਬੱਚੇ ਤਿਆਰ ਹੋ ਜਾਣ ਅਤੇ ਅਪਣੀ ਉਮਰ ਦੇ ਅਨੁਕੂਲ ਜਮਾਤ ਵਿੱਚ ਦਾਖਲਾ ਲੈ ਸਕਣ। ਮਾਧਿਅਮ ਦੇ ਨੁਕਤੇ ਤੋਂ ਦੇਖਿਆਂ ਇਸ ਵਿੱਚ ਇਹ ਜਰੂਰੀ ਹੈ ਕਿ ਪਾਠਕ੍ਰਮ ਦੇ ਏਨੇ ਮੰਤਵ ਨੂੰ ਸੰਭਵ ਕਰ ਸਕਣ ਦੇ ਯੋਗ ਇਸ ਦੇ ਪ੍ਰੋਗਰਾਮ ਹੋਣ। ਇਸ ਤੋਂ ਘੱਟ ਕੁਝ ਵੀ ਉਸ ਘਾਟ ਨੂੰ ਹੋਰ ਵੀ ਤੇਜ ਕਰ ਦੇਣਗੇ ਜੋ ਇਨ੍ਹਾਂ ਬੱਚਿਆਂ ਨੇ ਪਹਿਲਾਂ ਬਹੁਤ ਬਰਦਾਸ਼ਤ ਕਰ ਰੱਖੀ ਹੈ, ਤੇ ਜੋ ਉਹਨਾਂ ਦੇ ਅਧਿਕਾਰਾਂ ਦਾ ਘੋਰ ਅਨਾਦਰ ਕਰਦੀ ਹੈ।

ਇਹਨਾਂ ਪ੍ਰੋਗਰਾਮਾਂ ਦੇ ਸਫਲ ਹੋਣ ਲਈ ਅਜਿਹੇ ਪ੍ਰੋਗਰਾਮਾਂ ਦੇ ਵਾਸਤੇ ਲੋੜੀਦੀ ਪੜ੍ਹਾਈ ਅਤੇ ਸਮਗਰੀ ਬਾਰੇ ਬੜੀ ਸਖਤ ਖੋਜ਼ ਅਤੇ ਵਿਕਾਸ ਦੇ ਜਤਨਾਂ ਦੀ ਜਰੂਰਤ ਹੈ। ਏਵੇਂ ਹੀ ਬੜੇ ਸਖਤ ਨੇਮਾਂ ਅਤੇ ਸਹੂਲਤਾਂ ਨੂੰ ਮੁਹੱਈਆ ਕਰਵਾ ਦੇਣ ਦੀ ਜਰੂਰਤ ਹੈ। ਓਨੀ ਹੀ ਜਰੂਰਤ ਹੈ ਇਹਨਾਂ ਬੱਚਿਆਂ ਨੂੰ ਲਗਾਤਾਰ ਮਿਲਦੀ ਰਹਿੰਣ ਵਾਲੀ ਸਮਾਜਕ ਅਤੇ ਅਕਾਦਮਕ ਸਹਾਇਤਾ ਦੀ, ਖਾਸ ਕਰਕੇ ਓਦੋਂ ਜਦ ਉਹ ਸਕੂਲ ਵਿੱਚ ਦਾਖਲਾ ਦੇ ਦਿੱਤੇ ਗਏ ਹੋਣ।

## 3.11 ਮੁੱਲ ਨਿਰਧਾਰਣ ਅਤੇ ਮੁਲਾਂਕਣ

ਸ਼ਬਦ 'ਮੁਲਾਂਕਣ' ਭਾਰਤੀ ਸਿੱਖਿਆ ਵਿੱਚ ਇਮਤਿਹਾਨ, ਬੋਝ ਅਤੇ ਫਿਕਰ ਦੇ ਨਾਲ ਜੁੜਿਆ ਹੋਇਆ ਹੈ। ਪਾਠਕ੍ਰਮ ਦੀ ਪ੍ਰੀਭਾਸ਼ਾ ਦੇਣ ਅਤੇ ਇਸ ਨੂੰ ਨਵਾਂ ਰੂਪ ਦੇਣ ਦੇ ਸਾਰੇ ਜਤਨ ਧਰੇ ਰਹਿ ਜਾਂਦੇ ਹਨ, ਜੇ ਸਕੂਲੀਕਰਣ ਵਿੱਚ ਧਸੇ ਹੋਏ ਮੁਲਾਂਕਣ ਅਤੇ ਇਮਤਿਹਾਨ ਦੇ ਪ੍ਰਬੰਦ ਦਾ ਕੁਝ ਨਾ ਕੀਤਾ ਜਾ ਸਕੇ ਤਾਂ। ਸਾਡੀ ਚਿੰਤਾ ਉਹਨਾਂ ਦੁਰ-ਪ੍ਰਭਾਵਾਂ ਕਰਕੇ ਹੈ ਜੋ ਇਮਤਿਹਾਨ ਸਿੱਖਣ ਅਤੇ ਪੜ੍ਹਾਈ ਨੂੰ ਬੱਚਿਆਂ ਵਾਸਤੇ ਅਰਥ ਭਰਪੂਰ ਅਤੇ ਖੇੜੇ ਭਰਿਆ ਬਨਾਉਣ ਦੇ ਜਤਨਾਂ ਉੱਪਰ ਪਾਉਂਦੇ ਹਨ। ਅੱਜ-ਕੱਲ੍ਹ ਇਮਤਿਹਾਨ ਸਕੂਲ-ਪਹਿਲੇ ਪੱਧਰ ਦੇ ਨਾਲ ਸ਼ੁਰੂ ਹੁੰਦੇ ਹਨ ਅਤੇ ਸਾਲਾਂ ਦੇ ਸਾਲ ਪ੍ਰੀਖਿਆ ਅਤੇ ਮੁਲਾਂਕਣ ਦੇ ਨਾਲ ਰਲਕੇ ਬੱਚੇ ਉੱਪਰ ਨਾਂਹਵਾਚਕ ਅਸਰ ਪਾਉਂਦੇ ਹਨ।

ਪਰ ਇਹ ਵੀ ਤਾਂ ਸੰਭਵ ਹੈ ਕਿ ਮੁੱਲ ਨਿਰਧਾਰਨ ਅਤੇ ਇਮਤਿਹਾਨਾਂ ਦਾ ਚੰਗਾ ਪ੍ਰਬੰਧ ਸਿੱਖਣ ਪ੍ਰਕਿਰਿਆ ਦਾ ਇੱਕ ਹਿੱਸਾ ਵੀ ਬਣ ਸਕਦਾ ਹੈ, ਸਿੱਖਿਅਕਾਂ ਦੇ ਖੁਦ ਲਈ ਵੀ ਲਾਭਦਾਇਕ ਬਣ ਸਕਦਾ ਹੈ, ਤੇ ਭਰੋਸੇ ਯੋਗ ਪੁਨਰ-ਸੂਚਨਾਂ ਪੇਸ਼ ਕਰਕੇ ਸਿੱਖਿਆ ਪ੍ਰਬੰਧ ਦਾ ਵੀ ਭਲਾ ਕਰ ਸਕਦਾ ਹੈ।

ਇਹ ਖੰਡ ਪਾਠਕ੍ਰਮ ਦੇ ਹਿੱਸੇ ਦੇ ਰੂਪ ਵਿੱਚ ਮੁਲਾਂਕਣ ਅਤੇ ਮੁੱਲ ਨਿਰਧਾਰਨ ਨੂੰ ਸੰਬੋਧਨ ਹੋਣ ਦੇ ਨਾਲ ਆਰੰਭ ਹੁੰਦਾ ਹੈ, ਉਨ੍ਹਾਂ ਦੀ ਸਕੂਲ ਵਿੱਚ ਸਮਾਨ ਪੜ੍ਹਾਈ ਲਿਖਾਈ ਦੇ ਲਈ ਸਾਰਥਕਤਾ ਦੀ ਗੱਲ ਕਰਦਾ ਹੈ। ਇਮਤਿਹਾਨ ਪ੍ਰਬੰਧ ਦੇ ਨਾਲ ਸਬੰਧਤ ਮੁੱਦੇ, ਖਾਸ ਕਰਕੇ ਬੋਰਡ ਇਮਤਿਹਾਨਾਂ ਦੇ ਮੁੱਦੇ ਅਲੱਗ ਰੂਪ ਵਿੱਚ ਪੰਜਵੇਂ ਅਧਿਆਏ ਵਿੱਚ ਵਿਚਾਰੇ ਗਏ ਹਨ।

## 3.11.1 ਮੁੱਲ ਨਿਰਧਾਰਨ ਦਾ ਉਦੇਸ਼

ਸਿੱਖਿਆ ਦਾ ਸਰੋਕਾਰ ਅਰਥ ਭਰਪੂਰ ਜੀਵਨ ਦੀ ਤਿਆਰੀ ਦੇ ਨਾਲ ਹੈ, ਅਤੇ ਮੁਲਾਂਕਣ ਇੱਕ ਅਜਿਹਾ ਤਰੀਕਾ ਹੋਣਾਂ ਚਾਹੀਦਾ ਹੈ ਜੋ ਉਸ ਤਿਆਰੀ ਦਾ ਕੁਝ ਭਰੋਸੇ ਯੋਗ ਅਨੁਮਾਨ ਦੀ ਪੁਨਰ-ਸੂਚਨਾਂ ਦੇ ਸਕੇ ਕਿ ਅਸੀਂ ਕਿਸ ਹੱਦ ਤੱਕ ਸਿੱਖਿਆ ਨੂੰ ਲਾਗੂ ਕਰ ਸਕੇ ਹਾਂ। ਇਸ ਪ੍ਰੀਪੇਖ ਤੋਂ ਜਾਂਚਿਆਂ ਮੁਲਾਂਕਣ ਦੀਆਂ ਚਲੰਤ ਪ੍ਰਕਿਰਿਆਵਾਂ ਬੜੀਆਂ ਥੋਹੜੀਆਂ ਹੀ ਮਨੋਯੋਗਤਾਵਾਂ ਨੂੰ ਮਾਪਦੀਆਂ ਅਤੇ ਮੁੱਲ ਨਿਧਾਰਨ ਕਰਦੀਆਂ ਹਨ। ਇਹ ਪ੍ਰਕਿਰਿਆਵਾਂ ਇਉਂ ਬਹੁਤ ਸੀਮਤ ਹੀ ਨਹੀਂ, ਉਹ ਵਿਅਕਤੀ ਦੀਆਂ ਯੋਗਤਾਵਾਂ ਅਤੇ ਉਹਦੀ ਸਿੱਖਿਆ ਦੇ ਉਦੇਸ਼ਾਂ ਦੀ ਤਰਫ ਕੀਤੀ ਉਨਤੀ ਦੀ ਵੀ ਸਹੀ ਤਸਵੀਰ ਨਹੀਂ ਪੇਸ਼ ਕਰਦੀਆਂ।

ਪਰ ਏਥੋਂ ਤੱਕ ਕਿ ਇਹ ਸੀਮਤ ਮੰਤਵ ਵਾਲਾ ਮੁਲਾਂਕਣ, ਜੋ ਪੜ੍ਹਾਈਪੁਣੇ ਅਤੇ ਅਕਾਦਮਕ ਵਿਕਾਸ ਦੇ ਬਾਰੇ ਪੁਨਰ-ਸੂਚਨਾਂ ਦਿੰਦਾ ਹੈ, ਤਦ ਹੀ ਸੰਭਵ ਹੋ ਸਕਦਾ ਹੈ ਜੇ ਅਧਿਆਪਕ ਪੜ੍ਹਾਉਣ ਦੇ ਕੋਰਸ ਦੇ ਆਰੰਭ ਹੋਣ ਤੋਂ ਵੀ ਪਹਿਲਾਂ ਹੀ ਇਹਦੇ ਵਾਸਤੇ ਤਿਆਰ ਹੋਵੇ ਤਾਂ। ਉਹਦੇ ਕੋਲ ਮੁੱਲ ਨਿਰਧਾਰਨ ਕਰਨ ਦੇ ਸਾਧਨ ਹੀ ਨਾ ਹੋਣ, ਮੁਲਾਂਕਣ ਦੇ ਪੈਰਾਮੀਟਰ ਅਤੇ ਅਪਣਾਏ ਜਾਣ ਵਾਲੇ ਸੰਦ ਵੀ ਹੋਣੇ ਚਾਹੀਦੇ ਹਨ। ਹੋਰ ਇਹ ਵੀ ਕਿ ਵਿਦਿਆਰਥੀ ਦੀ ਪ੍ਰਾਪਤੀ ਦੀ ਗੁਣਵੱਤਾ ਦਾ ਨਿਰਣਾਂ ਕਰਨ ਦੇ ਵਾਸਤੇ ਇੱਕ ਅਧਿਆਪਕ ਨੂੰ ਮੁਲਾਂਕਣ ਦੀਆਂ ਕਈ ਇਕਾਈਆਂ ਨੂੰ ਇਕੱਤਰ ਕਰਨ, ਵਿਸ਼ਲੇਸ਼ਣ ਕਰਨ ਅਤੇ ਅਨੁਮਾਨ ਲੌਣ ਦੀ ਜਰੂਰਤ ਹੈ ਤਾਂ ਜਾਕੇ ਉਹ ਉਸ ਸਮਝ ਤੱਕ ਅੱਪੜ ਸਕਦਾ ਹੈ ਜੋ ਵਿਦਿਆਰਥੀ ਦੀ ਭਿੰਨ ਭਿੰਨ ਖੇਤਰਾਂ ਵਿੱਚ ਸਿੱਖਣ ਦੇ ਸੁਭਾਅ ਦੀ ਸੀਮਾਂ ਬਾਰੇ ਹੋਵੇ।

ਮੁੱਲ ਨਿਰਧਾਰਨ ਦਾ ਮੰਤਵ ਮੂਲ ਰੂਪ ਵਿੱਚ ਸਿੱਖਿਆ ਦੀ ਪ੍ਰਕਿਰਿਆ ਨੂੰ ਅਤੇ ਸਮਗਰੀ ਨੂੰ ਸੁਧਾਰਨਾਂ ਹੈ। ਵੱਖ ਵੱਖ ਪੱਧਰਾਂ ਦੇ ਲਈ ਸਿਹਾਣੇ ਗਏ ਉਦੇਸ਼ਾਂ ਦਾ ਰੀਵਿਊ ਕਰ ਸਕਣ ਦੇ ਵੀ ਯੋਗ ਹੋਣਾਂ ਹੈ। ਇਸ ਵਿੱਚ ਇਹ ਕੀਤਾ ਜਾਣਾਂ ਹੈ ਕਿ ਇਹ ਮਾਪਿਆ ਜਾਵੇ ਕਿ ਸਿੱਖਿਅਕਾਂ ਦੀਆਂ ਸਮਰੱਥਾਵਾਂ ਕਿਸ ਹੱਦ ਤੱਕ ਵਿਕਾਸ ਕਰ ਸਕੀਆਂ ਹਨ। ਇਸ ਦਾ ਇਹ ਭਾਵ ਨਹੀਂ ਹੈ ਕਿ ਟੈਸਟਾਂ ਅਤੇ ਇਮਤਿਹਾਨਾਂ ਨੂੰ ਬੜੀ ਜਲਦੀ ਜਲਦੀ ਕਾਰਉਣਾ ਪੈਣਾ ਹੈ। ਇਸ ਦੇ ਉਲਟ, ਸਗੋਂ ਰੋਜ਼ਾਨਾਂ ਵਾਲੀਆਂ ਗਤੀਵਿਧੀਆਂ ਅਤੇ ਅਭਿਆਸਾਂ ਨੂੰ ਬੜੇ ਅਸਰਦਾਰ ਢੰਗ ਨਾਲ ਕਰਵਾਇਆ ਜਾ ਸਕਦਾ ਹੈ।

**ਮੁਲਾਂਕਣ ਦਾ ਮੰਤਵ ਇਹ ਨਹੀਂ ਹੈ:**

- ✓ ਬੱਚਿਆਂ ਨੂੰ ਭੈਅ ਦੇ ਅਧੀਨ ਪੜ੍ਹਨ ਦੇ ਲਈ ਤਿਆਰ ਕਰਨਾਂ।
- ✓ ਬੱਚਿਆਂ ਦੀ 'ਮੰਦਗਤੀ ਨਾਲ ਸਿੱਖਣ ਵਾਲੇ', 'ਤੀਖਣ', 'ਸਮੱਸਿਆ ਦਾਇਕ ਬੱਚੇ' ਆਦਿ ਦੇ ਰੂਪ ਵਿੱਚ ਪਛਾਨਣਾਂ ਤੇ ਲੇਬਲ ਲਾਉਣ ਦੇ ਲਈ। ਇਸ ਤਰ੍ਹਾਂ ਦਾ ਇਕਾਈਕਰਣ ਨਿਖੇੜਦਾ ਹੈ, ਸਿੱਖਣ ਦਾ ਸਾਰਾ ਭਾਰ ਬੱਚੇ ਉਪਰ ਲੱਦ ਦਿੰਦਾ ਹੈ, ਅਤੇ ਪੜ੍ਹਾਈ ਵਿਚਲੇ ਉਹਦੇ ਰੋਲ ਤੋਂ ਉਚਾਟ ਕਰਦਾ ਹੈ।
- ✓ ਉਹਨਾਂ ਬੱਚਿਆਂ ਦੀ ਪਛਾਣ ਕਰਨੀਂ ਜਿੰਨ੍ਹਾਂ ਨੂੰ ਇਲਾਜ ਕਰਣ ਦੀ ਲੋੜ ਹੋਵੇ (ਜਰੂਰੀ ਨਹੀਂ ਕਿ ਇਹ ਉਪਚਾਰਕ ਮੁੱਲ ਨਿਰਧਾਨ ਹੋਣ ਦੀ ਇੰਤਜ਼ਾਰ ਕਰੇ, ਇਹ ਅਧਿਆਪਕ ਦੇ ਰਾਹੀਂ ਉਸਦੇ ਪੜ੍ਹਾਉਣ ਦੇ ਦੌਰਾਨ ਭਾਪਿਆ ਜਾ ਸਕਦਾ ਹੈ ਤੇ ਉਸਦੇ ਅਧਿਆਪਨ ਦੀ ਯੋਜਨਾਂ ਦੇ ਅਮਲ ਦੇ ਵਜੋਂ ਨਿੱਜੀ ਧਿਆਨ ਦੇਕੇ ਹੀ ਸੋਧਿਆ ਜਾ ਸਕਦਾ ਹੈ।
- ✓ ਪੜ੍ਹਨ ਦੀਆਂ ਮੁਸ਼ਕਲਾਂ ਅਤੇ ਸਮੱਸਿਆਗ੍ਰਸਤ ਖੇਤਰ ਦਾ ਪਛਾਣ ਕਰਨਾ - ਸੰਕਲਪਕ ਮੁਸ਼ਕਲਾਂ ਬਾਰੇ ਮੋਟੇ ਮੋਟੇ ਸੰਕੇਤ ਤਾਂ ਉਪਚਾਰਕ ਪਰਖ ਅਤੇ ਮਲਾਂਕਣ ਦੇ ਰਾਹੀਂ ਮਿਲ ਸਕਦੇ ਹਨ। ਬਿਮਾਰੀ ਦੀ ਪਛਾਣ ਤਾਂ ਵਿਸ਼ੇਸ਼ ਟੈਸਟਿੰਗ-ਪਰਖ ਸੰਦਾਂ ਦੀ ਅਤੇ ਸਿਖਲਾਈ ਦੀ ਮੰਗ ਕਰਦੀ ਹੈ। ਇਹ ਪੜ੍ਹਨ-ਲਿਖਣ ਦੇ

ਆਧਾਰਗਤ ਖੇਤਰਾਂ ਅਤੇ ਅੰਕਣਤਾ ਦੇ ਨਾਲ ਵਿਸ਼ੇਸ਼ ਰੂਪ ਵਿੱਚ ਸਬੰਧਤ ਹੈ, ਨਾਕਿ ਸਾਰੇ ਵਿਸ਼ੈ-ਖੇਤਰਾਂ ਦੇ ਨਾਲ।

ਵਧੀਆ ਢੰਗ ਨਾਲ ਤਿਆਰ ਕੀਤੇ ਗਏ ਆਮ ਵਰਤੋਂ ਵਿੱਚ ਆਉਂਦੇ ਰਿਪੋਟ ਕਾਰਡ ਸਿੱਖਿਅਕਾਂ ਨੂੰ ਪੁਨਰ-ਸੂਚਨਾਂ ਦੇ ਦਿੰਦੇ ਹਨ, ਅਤੇ ਉਨ੍ਹਾਂ ਉੱਪਰ ਉਹ ਮਿਆਰ ਵੀ ਮਿੱਥ ਦਿੱਤੇ ਗਏ ਹੁੰਦੇ ਹਨ, ਜਿੰਨ੍ਹਾਂ ਦੀ ਤਰਫ ਉਹਨਾਂ ਨੇ ਸੰਘਰਸ਼ ਕਰਨਾਂ ਹੁੰਦਾ ਹੈ। ਉਹ ਮਾਪਿਆਂ ਨੂੰ ਵੀ ਜਾਣਕਾਰੀ ਦੇਣ ਵਿੱਚ ਮਦਦ ਕਰਦੇ ਹਨ ਕਿ ਉਹਨਾਂ ਦੇ ਨਿਆਣਿਆਂ ਦੀ ਪੜ੍ਹਾਈ ਕਿਸ ਤਰ੍ਹਾਂ ਦੀ ਚੱਲ ਰਹੀ ਹੈ ਤੇ ਵਿਕਾਸ ਕਿਸ ਢੰਗ ਦਾ ਹੈ। ਇਹ ਕੋਈ ਮੁਕਾਬਲਾ ਉਤਸਾਹਤ ਕਰਨ ਦਾ ਸਾਧਨ ਨਹੀਂ ਹੈ। ਅਸਲ ਵਿੱਚ ਜੇ ਕੋਈ ਸਿੱਖਿਆ ਵਿਚਲੀ ਗੁਣਵੱਤਾ ਦੀ ਢੂੰਡਣ ਵਿੱਚ ਬੈਠਾ ਹੈ ਤਾਂ ਬੱਚਿਆਂ ਨੂੰ ਰੈਂਕ ਦੇਣ ਨਾਲ ਨਿਖੇੜੇ ਪਾਕੇ ਅਤੇ ਉਹਨਾਂ ਵਿੱਚ ਘਟੀਆਪਨ ਦੀਆਂ ਭਾਵਨਾਵਾਂ ਦੇ ਟੀਕੇ ਲਾ ਦੇਣ ਨਾਲ ਨਹੀਂ ਹੋ ਸਕਦਾ।

ਤੇ ਆਖਰੀ ਗੱਲ, ਭਰੋਸੇਯੋਗ ਮੁੱਲ ਨਿਰਧਾਰਣ ਇੱਕ ਰਿਪੋਟ ਪਰਦਾਨ ਕਰਦਾ ਹੈ, ਜਾਂ ਇੱਕ ਪੜ੍ਹਾਈ ਦੇ ਕੋਰਸ ਨੂੰ ਪ੍ਰਮਾਣਤ ਕਰਦਾ ਹੈ। ਦੂਜੇ ਸਕੂਲਾਂ ਅਤੇ ਵਿਦਿਅਕ ਆਦਾਰਿਆਂ ਨੂੰ, ਭਾਈਚਾਰੇ ਨੂੰ ਅਤੇ ਸੰਭਾਵਕ ਨੌਕਰੀ ਦੇਣ ਵਾਲਿਆਂ ਨੂੰ ਸਿੱਖਿਆ ਦੀ ਮਾਤਰਾ ਅਤੇ ਗੁਣਵੱਤਾ ਦੇ ਬਾਰੇ ਸੂਚਨਾਂ ਪਰਦਾਨ ਕਰਦਾ ਹੈ।

ਲੋਕ ਭਾਉਂਦਾ ਵਿਚਾਰ ਹੈ ਕਿ ਮੁਲਾਂਕਣ ਇਲਾਜਕਰਣ ਦੀਆਂ ਲੋੜਾਂ ਨੂੰ ਫੜ੍ਹਕੇ ਦੇ ਸਕਦਾ ਹੈ, ਜਿਨ੍ਹਾਂ ਨੂੰ ਸੋਧ ਕਰਨ ਵਾਲੀ ਪੜ੍ਹਾਈ ਰਾਹੀਂ ਹੱਲ ਕਰ ਲਿਆ ਜਾ ਸਕਦਾ ਹੈ। ਇਸ ਵਿਚਾਰ ਨੇ ਪਾਠਕ੍ਰਮ ਦੀ ਯੋਜਨਾ ਦੇ ਲਈ ਬੜੀਆਂ ਸਮੱਸਿਅਵਾਂ ਪੈਦਾ ਕੀਤੀਆਂ ਹਨ। ‘ਇਲਾਜਕਰਣ’ ਸ਼ਬਦ ਨੂੰ ਵਿਸ਼ੇਸ਼ ਅਤੇ ਲੋੜ ਆਧਾਰਤ ਪ੍ਰੋਗਰਾਮਾਂ ਤੱਕ ਸੀਮਤ ਕਰ ਦੇਣ ਦੀ ਜਰੂਰਤ ਹੈ, ਪ੍ਰੋਗਰਾਮ ਜੋ ਉਹਨਾਂ ਬੱਚਿਆਂ ਦੀ ਮਦਦ ਕਰਨ ਜਿਨ੍ਹਾਂ ਦੀ ਕੋਈ ਪੜ੍ਹਨ-ਲਿਖਣ ਦੀ ਸਮੱਸਿਆ ਹੋਵੇ, ਜੋ ਪੜ੍ਹਨ ਵਿੱਚ ਅਸਫਲਤਾ ਨਾਲ ਅਤੇ ਬਾਅਦ ਵਿੱਚ ਗ੍ਰਹਿਣ ਕਰਨ ਨਾਲ ਸਬੰਧਤ ਹੋਵੇ।

ਅਧਿਆਪਕਾਂ ਨੂੰ ਅਸਰਦਾਰ ਬਿਮਾਰੀ ਫੜ੍ਹ ਲੈਣ ਵਾਲੀ ਟੈਸਟਿੰਗ ਵਿੱਚ ਮਦਦ ਕਰਨ ਵਾਲੀ ਖਾਸ ਸਿਖਲਾਈ ਦੀ ਜਰੂਰਤ ਹੈ, ਤਾ ਕਿ ਉਹ ਇਲਾਜਕਰਣ ਦੇ ਜਤਨਾਂ ਵਿੱਚ ਸਹਾਇਤਾ ਕਰ ਸਕੇ। ਏਸੇ ਤਰ੍ਹਾਂ ਹੀ ਇਲਾਜ ਸਬੰਧਤ ਕੰਮ ਦੇ ਵਿਸ਼ੇਸ਼ ਤਰੀਕਿਆਂ ਦੇ ਨਾਲ ਤਿਆਰ ਕੀਤੇ ਗਏ ਪਾਠ-ਸਮਾਨ ਅਤੇ ਯੋਜਨਾਵਾਂ, ਤਾ ਜੋ ਅਧਿਆਪਕ ਬੱਚਿਆਂ ਨੂੰ ਇੱਕ ਇੱਕ ਕਰਕੇ ਵਕਤ ਦੇ ਸਕੇ। ਜੋ ਉਸ ਬੱਚੇ ਨੂੰ ਆਉਂਦਾ ਹੋਵੇ ਉਸ ਨਾਲ ਆਰੰਭ ਕਰਕੇ ਜੋ

ਉਸ ਨੇ ਸਿੱਖਣਾ ਹੈ ਉਸ ਵੱਲ ਵਧੇ। ਇਹ ਸਭ ਮੁੱਲ ਨਿਰਧਾਰਨ ਦੀ ਨਿਰਮਤ ਪ੍ਰਕਿਰਿਆ ਅਤੇ ਧਿਆਨ ਪੂਰਵਕ ਵਾਚਣ ਦੇ ਰਾਹੀਂ ਹੋਵੇ।

ਹੋ ਇਹ ਰਿਹਾ ਹੈ ਕਿ ਅਧਿਆਪਕ 'ਇਲਾਜਕਰਣ' ਸ਼ਬਦ ਦੀ ਬੇਨਿਖੇੜ ਢੰਗ ਨਾਲ ਵਰਤੋਂ ਕਰਨ ਦੇ ਨਾਲ ਅਸਰਦਾਰ ਪੜ੍ਹਾਈ ਦੀਆਂ ਸਮੱਸਿਆਵਾਂ ਦੇ ਨਾਲ ਜੁੜੇ ਰਹਿਣ ਤੋਂ ਥਿੜਕ ਜਾਂਦਾ ਹੈ, ਤੇ ਬੱਚੇ ਨੂੰ ਉਸ ਦੀ ਅਪਣੀ ਸਿੱਖਿਆ ਦਾ ਅਤੇ ਇਸ ਦੀਆਂ ਅਸਫਲਤਾਵਾਂ ਦਾ ਇੱਕੋ ਇੱਕ ਜਿੰਮੇਵਾਰ ਬਣਾ ਦਿੰਦਾ ਹੈ।

## 3.11.2 ਸਿੱਖਿਅਕਾਂ ਦਾ ਮੁੱਲ ਨਿਰਧਾਰਣ

ਬੱਚੇ ਦੀ ਸਿੱਖਿਆ ਦੀ ਗੁਣਵੱਤਾ ਅਤੇ ਘੇਰੇ ਦੇ ਬਾਰੇ ਇੱਕ ਅਰਥ ਪੂਰਣ ਰਿਪੋਰਟ ਦਾ ਵਿਸਤ੍ਰਤ ਹੋਣਾਂ ਜਰੂਰੀ ਹੈ। ਉਹ ਪਾਠਕ੍ਰਮ ਜਿਸ ਵਿੱਚ ਸਿਰਜਣਾਤਮਕਤਾ, ਨਵੀਨਤਾ, ਅਤੇ ਸਮੁੱਚੀ ਹੋਂਦ ਦਾ ਵਿਕਾਸ ਹੋਣ ਨੇ ਇਸਦਾ ਮੂਲ ਬਣਨਾਂ ਹੈ, ਉਹ ਘੋਟਾ ਲਾਏ ਹੋਏ ਤੱਥਾਂ ਨੂੰ ਮੁਲੰਕਤ ਕਰਨ ਵਾਲੇ ਆਮ-ਸਮਾਨ ਟੈਸਟਾਂ ਨੂੰ ਅਤੇ ਪਾਠ-ਪੁਸਤਕ ਉੱਪਰ ਆਧਾਰਤ ਪੜ੍ਹਈ ਨੂੰ ਪੁਰਾਣਾਂ ਕਰ ਮਾਰਦਾ ਹੈ।

ਸਾਨੂੰ ਮੁਲਾਂਕਣ ਅਤੇ ਪੁਨਰ-ਸੂਚਨਾਂ ਨੂੰ ਮੁੜਪ੍ਰੀਭਾਸ਼ਤ ਕਰਨ ਦੇ ਨਵੇਂ ਪੈਰਾਮੀਟਰ ਅਤੇ ਤਰੀਕੇ ਲੱਭਣੇ ਪੈਣਗੇ। ਖਾਸ ਵਿਸ਼ੇ ਖੇਤਰਾਂ ਵਿੱਚ ਪ੍ਰਾਪਤੀ ਅਸਾਨੀ ਦੇ ਨਾਲ ਟੈਸਟ ਹੋ ਜਾਂਦੀ ਹੈ, ਇਸ ਦੇ ਨਾਲ ਹੀ ਮੁੱਲ ਨਿਰਧਾਰਣ ਨੂੰ ਵੀ ਸਿੱਖਣ ਪ੍ਰਤੀ ਰਵੱਈਏ, ਸੁਤੰਤਰ ਰੂਪ ਵਿੱਚ ਪੜ੍ਹ ਸਕਣ ਵਿੱਚ ਦਿਲਚਸਪੀ ਅਤੇ ਆਦਿ ਨੂੰ ਸ਼ਾਮਲ ਕਰ ਲੈਣ ਦੀ ਜਰੂਰਤ ਹੈ।

## 3.11.3 ਪਰਖ ਦੇ ਦੌਰਾਨ ਮੁੱਲ ਨਿਰਧਾਰਣ

ਰਿਪੋਰਟ ਕਾਰਡ ਬਨਾਉਣਾ ਅਸਲ ਵਿੱਚ ਇੱਕ ਤਰੀਕਾ ਹੈ ਅਧਿਆਪਕ ਦੇ ਲਈ ਸੋਚਣ ਦਾ, ਹਰ ਇੱਕ ਬੱਚੇ ਬਾਰੇ ਨਿੱਜੀ ਤੌਰਤੇ ਸੋਚਣਦਾ ਅਤੇ ਰੀਵਿਊ ਕਰਨ ਦਾ ਕਿ ਉਹਨੇ ਪੂਰੀ ਟਰਮ ਵਿੱਚ ਕੀ ਸਿੱਖਿਆ ਅਤੇ ਉਹਦੇ ਲਈ ਅੱਗੇ ਤੁਰਨ ਲਈ ਕੀ ਸਿੱਖਣ ਦੀ ਲੋੜ ਹੈ। ਅਜਿਹੇ ਰਿਪੋਰਟ ਕਾਰਡਾਂ ਨੂੰ ਲਿਖ ਲੈਣ ਦੇ ਲਈ ਅਧਿਆਪਕਾਂ ਨੂੰ ਹਰ ਬੱਚੇ ਦੇ ਬਾਰੇ ਸੋਚਣਾਂ ਪੈਣਾਂ ਹੈ, ਤਾਂ ਹੀ ਉਹ ਹਰ ਰੋਜ਼ ਦੀ ਪੜ੍ਹਾਈ ਅਤੇ ਗੱਲਬਾਤ ਵੇਲੇ ਧਿਆਨ ਵੀ ਤਾਂ ਦੇ ਸਕਦੇ ਹਨ। ਕਿਸੇ ਨੂੰ ਏਨਾਂ ਕੁ ਕਰਨ ਦੇ ਲਈ ਵਿਸ਼ੇਸ਼ ਟੈਸਟ ਨਹੀਂ ਚਾਹੀਦੇ – ਅਪਣੇ

ਆਪ ਪੜ੍ਹਨ ਦੀਆਂ ਗਤੀਵਿਧੀਆਂ ਅਜਿਹੀ ਲਗਾਤਾਰ ਵਾਪਰਨ ਵਾਲੀ ਵਾਚਣ ਦੇ ਬਾਰੇ ਆਧਾਰ ਬਣਦੀਆਂ ਹਨ ਤੇ ਬੱਚਿਆਂ ਦਾ ਗੁਣਾਤਮਕ ਮੁੱਲ ਨਿਰਧਾਰਣ ਹੋ ਸਕਦਾ ਹੈ।

ਅਪਣੀਆਂ ਵਾਚਣਾਵਾਂ ਦੇ ਆਧਾਰ ਪੁਰ ਹਰ ਰੋਜ ਡਾਇਰੀ ਲਿਖਣਾ ਨਿਰੰਤਰ ਅਤੇ ਵਿਸਤਰਿਤ ਮੁਲਾਂਕਣ ਵਿੱਚ ਸਹਾਇਕ ਹੁੰਦਾ ਹੈ। ਇੱਕ ਅਧਿਆਪਕ ਦੀ ਡਾਇਰੀ ਵਿੱਚੋਂ ਇੱਕ ਟਕੜੇ ਵਿੱਚ ਇਹ ਲਿਖਿਆ ਹੈ: “ਕਿਰਨ ਨੂੰ ਅਪਣਾ ਕੰਮ ਚੰਗਾ ਲਗਦਾ ਸੀ। ਉਸ ਨੂੰ ਉਹ ਕਿਤਾਬਾਂ ਇੱਕ ਦਮ ਭਾਅ ਜਾਂਦੀਆਂ ਸਨ ਜਿਹੜੀਆਂ ਜ਼ਿਆਦਾ ਸੁਚਨਾਂ ਭਰਪੂਰ ਅਤੇ ਸੰਖੇਪ ਹੁੰਦੀਆਂ। ਉਹ ਕਹਿੰਦਾ ਕਿ ਉਸ ਨੂੰ ਸਾਦੀ ਅਤੇ ਸਪੱਸ਼ਟ ਭਾਸ਼ਾ ਚੰਗੀ ਲੱਗਦੀ ਹੈ। ਉਸ ਨੂੰ ਵਿਹਾਰਕ ਪਹੁੰਚ ਚੰਗੀ ਲੱਗਦੀ ਹੈ।” ਏਸੇ ਤਰ੍ਹਾਂ ਹੀ ਹਰ ਪੱਧਰ ਉਪਰ ਬੱਚੇ ਦੇ ਕੰਮ ਦੇ ਨਮੂੰਨੇ ਅਤੇ ਨੋਟ ਸੰਭਾਲਕੇ ਰੱਖਣ ਨਾਲ ਵੀ ਮਦਦ ਮਿਲਦੀ ਹੈ, ਤੇ ਅਧਿਆਪਕ ਅਤੇ ਸਿੱਖਿਅਕ ਦੋਨੋਂ ਹੀ ਅਪਣੇ ਕੰਮ ਦਾ ਸਿਲਸਿਲੇਵਾਰ ਰਿਕਰਡ ਰੱਖ ਸਕਦੇ ਹਨ।

ਇਹ ਸੋਚ ਕਿ ਮੁੱਲ ਨਿਰਧਾਰਨ ਹਰ ਹਾਲਤ ਵਿੱਚ ਪੜ੍ਹਨ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਲੱਭਕੇ ਦੇਵੇ ਜਿਸ ਨਾਲ ਇਲਾਜ ਸੰਭਵ ਹੋ ਸਕੇ, ਅਕਸਰ ਬੜਾ ਗੈਰ ਵਿਹਾਰਕ ਅਤੇ ਪੜ੍ਹਾਈ ਦੇ ਅਮਲ ਤੋਂ ਅਣਜਾਣ ਪਾਇਆ ਗਿਆ ਹੈ। ਸੰਕਲਪਕ ਵਿਕਾਸ ਦੀਆਂ ਸਮੱਸਿਆਵਾਂ ਕਦੇ ਵੀ ਉਪਚਾਰਕ ਟੈਸਟਾਂ ਦੇ ਹੋਣ ਤੇ ਫੜ੍ਹੀਆਂ ਜਾਣ ਤੱਕਦੀ ਇੰਤਜ਼ਾਰ ਵਿੱਚ ਨਹੀਂ ਬੈਠੀਆਂ ਰਹਿੰਦੀਆਂ। ਇੱਕ ਅਧਿਆਪਕ ਪੜ੍ਹਾਉਣ ਦੇ ਵੇਲੇ ਹੀ ਅਜਿਹੀਆਂ ਸਮੱਸਿਆਵਾਂ ਨੂੰ ਭਾਂਪ ਸਕਦਾ ਹੈ। ਇਸ ਵਿੱਚ ਉਹ ਬੱਚਿਆਂ ਨੂੰ ਅਜਿਹੇ ਪ੍ਰਸ਼ਨ ਪੁੱਛ ਸਕਦਾ ਹੈ ਜੋ ਉਹਨਾਂ ਨੂੰ ਸੋਚਣ ਲਾ ਸਕਣ, ਤੇ ਘਰ ਦਾ ਕੰਮ ਦੇਣ ਵਾਲੇ ਅਸਾਨ ਤਰੀਕਿਆਂ ਦੀ ਵਰਤੋਂ ਕਰ ਸਕਦਾ ਹੈ। ਫਿਰ ਉਹ ਪੜ੍ਹਾਉਣ ਦੇ ਦੌਰਾਨ ਹੀ ਇਹਨਾਂ ਸਮੱਸਿਆਵਾਂ ਦਾ ਹੱਲ ਵੀ ਕਰ ਸਕਦਾ ਹੈ। ਇਹ ਦੇ ਵਿੱਚ ਉਹਨੂੰ ਇਸ ਗੱਲ ਦਾ ਧਿਆਨ ਰੱਖਣ ਦੀ ਜਰੂਰਤ ਹੈ ਕਿ ਉਹਦੀ ਯੋਜਨਾਂ ਲਚਕਦਾਰ ਹੋਵੇ ਅਤੇ ਸਿੱਖਿਅਕਾਂ ਦੇ ਅਤੇ ਸਿੱਖਿਆ ਦੇ ਅਨੁਕੂਲ ਹੋਵੇ।

### 3.11.4 ਪਾਠਕ੍ਰਮ ਦੇ ਉਹ ਖੇਤਰ ਜੋ ਅੰਕਾਂ ਵਾਸਤੇ ਪਰਖੇ ਨਹੀਂ ਕੀਤੇ ਜਾ ਸਕਦੇ

ਇਹ ਜਰੂਰੀ ਨਹੀਂ ਕਿ ਪਾਠਕ੍ਰਮ ਦਾ ਹਰ ਖੇਤਰ ਟੈਸਟ ਕਰਨ ਦੇ ਕਾਬਲ ਹੋਵੇ। ਸੰਭਵ ਹੈ ਕਿ ਇਹ ਪਾਠਕ੍ਰਮ ਦੇ ਉਸ ਵਿਸ਼ੇਸ਼ ਖੇਤਰ ਦੇ ਵਿਚਲੀ ਪੜ੍ਹਾਈ ਦੇ ਸੁਭਾਅ ਦੇ ਵੀ ਉਲਟ ਹੋ ਸਕਦਾ ਹੈ। ਇਹਦੇ ਵਿੱਚ ਕੰਮਕਾਰ, ਸਰੀਰਕ ਸਿੱਖਿਆ, ਸੰਗੀਤ ਅਤੇ ਕਲਾ ਔਂਦੇ ਹਨ। ਅੱਜ-ਕੱਲ੍ਹ ਇਸ ਦਾ ਅਸਰ ਇਹ ਹੋਇਆ ਹੈ ਕਿ ਇਹ ਵਿਸ਼ੈ-ਖੇਤਰ ਪਾਠਕ੍ਰਮ ਦੇ ਵਿੱਚ ‘ਘੱਟ ਮਹੱਤਵ ਪੂਰਣ’ ਬਣਾ ਦਿੱਤੇ ਗਏ ਹਨ। ਇਹਨਾਂ ਖੇਤਰਾਂ ਨੂੰ ਨਾਂ ਤਾਂ ਕੋਈ ਠੀਕ ਮਾਤਰਾ ਵਿੱਚ ਸਾਧਨ ਦਿੱਤੇ ਜਾਂਦੇ ਹਨ ਅਤੇ ਨਾਂ ਹੀ ਪਾਠਕ੍ਰਮ ਵਿੱਚ ਯੋਗ ਸਥਾਨ ਦਿੱਤਾ ਜਾਂਦਾ ਹੈ। ਕੋਈ

ਧਿਆਨ ਨਹੀਂ ਦਿੱਤਾ ਜਾਂਦਾ ਇਹਨਾਂ ਵੱਲ। ਇਹ ਵੀ ਕਿ ਇਹਨਾਂ ਵਾਸਤੇ ਰੱਖਿਆ ਗਿਆ ਸਮਾਂ ਵੀ ਅਕਸਰ ਸਪੈਸ਼ਲ ਜਮਾਤਾਂ ਦੇ ਲਈ ਖਰਚ ਦਿੱਤਾ ਜਾਂਦਾ ਹੈ। ਵਿਦਿਆਕ ਪੱਖੋਂ ਐਨੇ ਮਹੱਤਵ ਪੂਰਣ ਅਤੇ ਸੰਭਾਵਨਾਵਾਂ ਭਰੇ ਵਿਸ਼ੇ ਬਾਰੇ ਇਹ ਸਰਾਸਰ ਸਮਝੌਤਾ ਹੈ।

ਭਾਵੇਂ ਕਿ 'ਅੰਕ' ਨਹੀਂ ਵੀ ਦਿੱਤੇ ਜਾ ਸਕਦੇ, ਤਦ ਵੀ ਇਹਨਾਂ ਖੇਤਰਾਂ ਵਿੱਚ ਬੱਚਿਆਂ ਦੇ ਸਿੱਖੇ ਹੋਏ ਦਾ ਮੁੱਲ ਨਿਰਧਾਰਤ ਕੀਤਾ ਜਾ ਸਕਦਾ ਹੈ। ਭਾਗ ਲੈਣਾਂ, ਦਿਲਚਸਪੀ, ਅਤੇ ਸ਼ਮੂਲੀਅਤ ਦੀ ਪੱਧਰ, ਉਹ ਪੱਧਰ ਜਿਸ ਤੱਕ ਕੌਸ਼ਲ ਤੀਖਣ ਕੀਤੇ ਜਾ ਸਕੇ ਹਨ ਆਦਿ ਕੁਝ ਅਜਿਹੇ ਸੰਕੇਤ ਹਨ ਜੋ ਅਧਿਆਪਕਾਂ ਦੀ ਇਸ ਗੱਲ ਵਿੱਚ ਧਿਆਨ ਦੇਣ ਦੇ ਲਈ ਮਦਦ ਕਰ ਸਕਦੇ ਹਨ ਕਿ ਵਿਦਿਆਰਥੀਆਂ ਨੇ ਕੀ ਪੜ੍ਹਿਆ ਅਤੇ ਸਾਰੇ ਕਾਰਜ ਵਿੱਚੋਂ ਉਹਨਾਂ ਦੀ ਕੀ ਪ੍ਰਾਪਤੀ ਰਹੀ। ਬੱਚਿਆਂ ਨੂੰ ਅਪਣੀ ਪੜ੍ਹਾਈ ਦੇ ਬਾਰੇ ਖੁਦ ਰਿਪੋਰਟ ਕਰਨ ਲਈ ਕਹਿਣਾਂ ਵੀ ਅਧਿਆਪਕ ਨੂੰ ਬੱਚਿਆਂ ਦੀ ਸਿੱਖਿਆ ਸਬੰਧੀ ਉਨਤੀ ਦੇ ਲਈ ਦ੍ਰਿਸ਼ਟੀ ਪਰਦਾਨ ਕਰ ਸਕਦਾ ਹੈ, ਤੇ ਉਹਨਾਂ ਨੂੰ ਪਾਠਕ੍ਰਮ ਤੇ ਜਾਂ ਪੜ੍ਹਾਈ ਨੂੰ ਸੁਧਾਰਨ ਦੇ ਲਈ ਪੁਨਰ-ਸੂਚਨਾਂ ਦੇ ਸਕਦਾ ਹੈ।

**ਸਮਰੱਥਾਵਾਂ**

ਸਮਰੱਥਾਵਾਂ ਇੱਕ ਜਤਨ ਹੈ ਪੜ੍ਹਾਈ ਦੇ ਕੇਂਦਰ ਨੂੰ ਅਤੇ ਇਸ ਨਾਲ ਸਬੰਧਤ ਮੁੱਲ ਨਿਰਧਾਰਣ ਨੂੰ ਸਤਿਹੀ ਅਤੇ ਪਾਠ-ਪੁਸਤਕ ਉੱਪਰ ਆਧਾਰਤ ਵਿਸ਼ੈ-ਵਸਤੂ ਤੋਂ ਪਾਸੇ ਲੈ ਜਾਣ ਦਾ। ਪਰ ਫਿਰ ਵੀ 'ਐੱਮ ਐੱਲ ਐੱਲ' ਨਾਮੀਂ ਪਹੁੰਚ ਦੇ ਵਿੱਚ ਸਾਰੀਆਂ ਸਮਰੱਥਾਵਾਂ ਨੂੰ ਅੱਗੋਂ ਛੋਟੀਆਂ ਸਮੱਸਿਆਵਾਂ ਦੇ ਰੂਪ ਵਿੱਚ ਤੋੜ ਲਿਆ ਜਾਂਦਾ ਹੈ।

ਮੰਨ ਇਹ ਲਿਆ ਜਾਂਦਾ ਹੈ ਕਿ ਇਨ੍ਹਾਂ ਸਾਰੀਆਂ ਛੋਟੀਆਂ ਕੌਸ਼ਲਤਾਵਾਂ ਦਾ ਜੋੜ ਸਮਰੱਥਾ ਬਣ ਜਾਵੇਗਾ। ਜ਼ਿਆਦਾ ਤਰ ਵਿਹਾਰ ਅਤੇ ਪੇਸ਼ਕਾਰੀ ਉੱਪਰ ਬਲ ਹੋਣ ਦੇ ਕਾਰਣ ਹੋ ਸਕਦਾ ਹੈ ਕਿ ਸੰਕਲਪ ਭਾਵੇਂ ਪੇਸ਼ ਨਾਂ ਹੀ ਹੋ ਸਕਣ। ਛੋਟੀਆਂ ਕੌਸ਼ਲਾਂ ਦੀ ਇਹ ਤਾਰਕਿਕ ਅਤੇ ਮਸ਼ੀਨੀ ਭਾਂਤ ਦੀ ਸੂਚੀ ਅਤੇ ਉਨ੍ਹਾਂ ਦੀ ਪ੍ਰਾਪਤੀ ਦੇ ਲਈ ਰੱਖੀ ਗਈ ਪੱਕੀ ਸਮੇਂ-ਸਾਰਣੀ ਇਸ ਮੰਨਤਵ ਦੀ ਕੋਈ ਸੂਚਨਾਂ ਨਹੀਂ ਦਿੰਦੇ ਕਿ ਸਿੱਖਿਆ ਅਤੇ ਇਸ ਵਿੱਚ

ਵਰਤ ਹੁੰਦੀ ਸਮਰੱਥਾ ਅਪਣੇ ਆਪ ਵਿੱਚ ਵੀ ਕੁਝ ਲਚਕੀਲੀ ਹੋ ਸਕਦੀ ਹੈ।

ਤੇ ਜਾਂ ਫਿਰ ਇਹ ਕਿ ਉਹ ਚੱਕਰ ਜਿਸ ਵਿੱਚ ਇਹ ਸਮਰੱਥਾਵਾਂ ਗ੍ਰਹਿਣ ਕੀਤੀਆਂ ਜਾਂਦੀਆਂ ਹਨ, ਇਹ ਕੋਈ ਜਰੂਰੀ ਨਹੀਂ ਹੈ ਕਿ ਉਹ ਬਿਆਨੇ ਹੋਏ ਵਕਤ ਦੇ ਅਨੁਸਾਰ ਹੀ ਹੋਣ, ਅਤੇ ਜਾਂ ਫਿਰ ਕਿ ਉਹ ਸਮੁੱਚ ਹਿੱਸਿਆਂ ਦੇ ਬਰਾਬਰ ਹੀ ਹੋਵੇ।

ਇਨ੍ਹਾਂ ਵਿਸਤ੍ਰਤ ਸੂਚੀਆਂ ਦੇ ਵਾਸਤੇ ਸਿੱਖਣ ਦੀਆਂ ਮੱਦਾਂ ਅਤੇ ਟੈਸਟ ਦੀਆਂ ਮੱਦਾਂ ਦੀ ਰੂਪਰੇਖਾ ਤਿਆਰ ਕਰਨੀਂ, ਅਤੇ ਇਹਨਾਂ ਦੇ ਸਿੱਟਿਆਂ ਦੇ ਲਈ ਪੜ੍ਹਾਉਣਾਂ ਵੀ ਪੜ੍ਹਾਈ ਦੇ ਹਿਸਾਬ ਨਾਲ ਬੜਾ ਗਲਤ ਅਤੇ ਗੈਰਵਿਹਾਰਕ ਵੀ ਹੈ।

## 3.11.5 ਰੂਪਰੇਖਾ ਅਤੇ ਮੁੱਲ ਨਿਧਾਰਣ ਕਰਨਾਂ

ਮੁੱਲ ਨਿਰਧਾਰਣ ਅਤੇ ਇਮਤਿਹਾਨਾਂ ਦਾ ਭਰੋਸੇਯੋਗ ਹੋਣਾਂ ਬੜਾ ਜਰੂਰੀ ਹੈ, ਅਤੇ ਇਹ ਪੜ੍ਹਾਈ ਨੂੰ ਮਾਪੇ ਜਾ ਸਕਣ ਵਾਲੇ ਪ੍ਰਮਾਣਤ ਤਰੀਕਿਆਂ ਉੱਪਰ ਟਿਕੇ ਹੋਣੇ ਚਾਹੀਦੇ ਹਨ।

ਜਦੋਂ ਤੱਕ ਇਮਤਿਹਾਨ ਅਤੇ ਬੱਚਿਆਂ ਦੀ ਯੋਗਤਾ ਨੂੰ ਪਰਖਣ ਵਾਲੇ ਟੈਸਟ ਉਹਨਾਂ ਦੀ ਯਾਦਕਰ ਲੈਣ ਦੀ ਸਮਰੱਥਾ ਅਤੇ ਪਾਠ-ਪੁਸਤਕਾਂ ਦੇ ਗਿਆਨ ਉੱਪਰ ਟਿਕੇ ਰਹਿਣਗੇ, ਸਾਰੇ ਦੀਆਂ ਸਾਰੀਆਂ ਪਾਠਕ੍ਰਮ ਦੇ ਵਿੱਚ ਸਿੱਖਿਆ ਦੇ ਸਬੰਧ ਵਿੱਚ ਕੀਤੀਆਂ ਕੋਸ਼ਿਸ਼ਾਂ ਅਸਫਲ ਹੁੰਦੀਆਂ ਰਹਿਣਗੀਆਂ। ਪਹਿਲਾ, ਗਿਆਨ-ਆਧਾਰਤ ਵਿਸ਼ੇ ਖੇਤਰਾਂ ਵਿੱਚ ਟੈਸਟਾਂ ਨੂੰ ਬੱਚਿਆਂ ਨੇ ਸਿੱਖਿਆ ਕੀ ਹੈ ਇਸ ਨੂੰ ਮਾਪਣਾਂ ਚਾਹੀਦਾ ਹੈ, ਤੇ ਨਾਲ ਹੀ ਉਹਨਾਂ ਦਾ ਸਮੱਸਿਆ ਦੇ ਹੱਲ ਕਰਨ ਅਤੇ ਉਸ ਦੀ ਵਰਤੋਂ ਦਾ ਵੀ ਮਾਪ ਕਰੇ। ਇਹ ਵੀ ਕਿ ਉਹ ਸਭ ਸੋਚਣ ਦੀ ਪ੍ਰਕਿਰਿਆ ਨੂੰ ਟੈਸਟ ਕਰਨ, ਜਿਸ ਨਾਲ ਇਹ ਮਾਪਿਆ ਜਾ ਸਕੇ ਕਿ ਜੇ ਸਿੱਖਿਅਕ ਨੇ ਇਹ ਸਿਖ ਲਿਆ ਹੈ ਕਿ ਸੂਚਨਾਂ ਕਿੱਥੋਂ ਪ੍ਰਾਪਤ ਹੋ ਸਕਦੀ ਹੈ, ਉਸ ਸੂਚਨਾਂ ਨੂੰ ਵਰਤਣ ਦੀ ਜਾਚ, ਅਤੇ ਉਸ ਦਾ ਵਿਸ਼ਲੇਸ਼ਣ ਵੀ ਕੀਤਾ ਜਾਵੇ ਤੇ ਮੁਲਾਂਕਣ ਵੀ ਕੀਤਾ ਜਾਵੇ।

ਮੁਲਾਂਕਣ ਵਿੱਚ ਵਰਤੇ ਜਾਣ ਵਾਲੇ ਪ੍ਰਸ਼ਨਾਂ ਦੀਆਂ ਕਿਸਮਾਂ ਦੇ ਵਾਸਤੇ ਇਹ ਜਰੂਰੀ ਹੈ ਕਿ ਉਹ ਉਸ ਤੋਂ ਕਿਤੇ ਬਾਹਰ ਰਹਿਣ ਜੋ ਪਾਠ-ਪੁਸਤਕਾਂ ਵਿੱਚ ਦਿੱਤਾ ਹੁੰਦਾ ਹੈ। ਬਹੁਤੀ ਵਾਰੀ ਬੱਚਿਆਂ ਦੀ ਪੜ੍ਹਾਈ ਕਾਫੀ ਸੀਮਤ ਹੀ ਰਹਿ ਜਾਂਦੀ ਹੈ, ਕਿਉਂਕਿ ਅਧਿਆਪਕ ਉਹਨਾਂ ਦੇ ਪ੍ਰਸ਼ਨਾਂ ਨੂੰ ਪਰਵਾਨ ਹੀ ਨਹੀਂ ਕਰਦੇ ਜੇ ਉਹ ਪ੍ਰਸ਼ਨ ਕਿਸੇ ਗਾਈਡ ਵਿੱਚ ਨਾ ਦਿੱਤੇ ਹੋਣ ਤਾਂ।

ਖੁੱਲ੍ਹੇ ਸਿਰਿਆਂ ਵਾਲੇ ਅਤੇ ਵੰਗਾਰ ਭਰੇ ਪ੍ਰਸ਼ਨਾਂ ਦੀ ਵੀ ਵਰਤੋਂ ਹੋ ਸਕਦੀ ਹੈ। ਬੜੇ ਵਧੀਆ ਟੈਸਟਾਂ ਨੂੰ ਅਤੇ ਪ੍ਰਸ਼ਨਾਂ ਨੂੰ ਰੂਪਰੇਖਤ ਕਰਨਾਂ ਅਪਣੇ ਆਪ ਵਿੱਚ ਇੱਕ ਕਲਾ ਹੈ। ਅਧਿਆਪਕਾਂ ਨੂੰ ਇਸ ਵਿੱਚ ਸਮਾਂ ਅਤੇ ਸੋਚ ਵਰਤਕੇ ਪ੍ਰਸ਼ਨਾਂ ਨੂੰ ਤਜ਼ਵੀਜਣਾਂ ਚਾਹੀਦਾ ਹੈ। ਅਧਿਆਪਕਾਂ ਦੀ ਵਧੀਆ ਪ੍ਰਸ਼ਨ ਤਿਆਰ ਕਰਨ ਵਿਚਲੀ ਦਿਲਚਸਪੀ ਅਤੇ ਯੋਗਤਾ ਨੂੰ ਪ੍ਰਫੁੱਲਤ ਕਰਨ ਦੇ ਵਾਸਤੇ ਜ਼ਿਲ੍ਹੇ ਅਤੇ ਰਾਜ ਪੱਧਰ ਉੱਪਰ ਮੁਕਾਬਲੇ ਕਰਵਾਏ ਜਾ ਸਕਦੇ ਹਨ। ਸਾਰੇ ਪ੍ਰਸ਼ਨਾਂ ਨੂੰ ਵਿਉਂਤਣ ਦੇ ਸਮੇਂ ਇਹ ਧਿਆਨ ਰੱਖਣਾਂ ਜਰੂਰੀ ਹੈ ਕਿ ਪ੍ਰਸ਼ਨਾਂ ਨੂੰ ਇੱਕ ਗ੍ਰੇਡ ਕੀਤੀ ਗਈ ਮੁਸ਼ਕਲ ਦੇ ਕ੍ਰਮ ਵਿੱਚ ਰੱਖਿਆ ਜਾਵੇ; ਇਨ੍ਹਾਂ ਤੋਂ ਬੱਚਿਆਂ ਨੂੰ ਕਿਸੇ ਪੱਧਰ ਦੀ ਸਫਲਤਾ ਦਾ ਅਨੁਭਵ ਜਰੂਰ ਮਹਿਸੂਸ ਹੋਵੇ; ਅਤੇ ਉਹਨਾਂ ਨੂੰ ਉੱਤਰ ਦੇਣ ਅਤੇ ਹੱਲ ਦੇਣ ਦੀ ਅਪਣੀ ਯੋਗਤਾ ਉੱਪਰ ਭਰੋਸਾ ਹੋ ਸਕੇ।

ਖੁੱਲ੍ਹੀ ਕਿਤਾਬ ਵਾਲੇ ਇਮਤਿਹਾਨਾਂ ਨੂੰ ਤਿਆਰ ਕਰ ਸਕਣਾਂ ਅਪਣੇ ਆਪ ਵਿੱਚ ਇੱਕ ਬੜੀ ਵਡੀ ਵੰਗਾਰ ਹੈ ਜੋ ਸਕੂਲ ਦੇ ਹਰ ਪੱਧਰ ਉੱਪਰ ਸਾਨੂੰ ਸਾਡੇ ਪਾਠਕ੍ਰਮ ਨਾਲ ਜੁੜੇ ਕਦਮਾਂ ਵਿੱਚ ਜਰੂਰ ਸਵੀਕਾਰ ਕਰਨੀ ਚਾਹੀਦੀ ਹੈ। ਇਹ ਅਧਿਆਪਕ ਅਤੇ ਇਮਤਿਹਾਨ ਨੀਯਤ ਕਰਨ ਵਾਲੇ ਤੋਂ ਇਸ ਗੱਲ ਦੀ ਮੰਗ ਕਰਦਾ ਹੈ ਕਿ ਉਹ ਸਿਖੇ ਗਏ ਦੇ ਉੱਪਰ ਅਨੁਮਾਨ ਲੌਣ ਅਤੇ ਇਸ ਦੀ ਹੋ ਸਕਦੀ ਵਰਤੋਂ ਉੱਪਰ ਵਿਸ਼ੇਸ ਬਲ ਦੇਣ। ਪਾਠ-ਪੁਸਤਕ ਵਿੱਚੋਂ ਭਾਲ ਲਏ ਜਾ ਸਕਦੇ ਤੱਥਾਂ ਅਤੇ ਦਲੀਲਾਂ ਉੱਪਰ ਘੱਟ ਬਲ ਦਿੱਤਾ ਜਾਵੇ।

ਇਸ ਤੱਥ ਦੇ ਬੜੇ ਸਫਲ ਪ੍ਰਮਾਣ ਪ੍ਰਾਪਤ ਹੋ ਚੁੱਕੇ ਹਨ ਕਿ ਅਜਿਹੇ ਇਮਤਿਹਾਨਾਂ ਨੂੰ ਵਡੇ ਪੈਮਾਨੇ ਉੱਪਰ ਕਰਵਾਇਆ ਜਾ ਸਕਦਾ ਹੈ, ਅਤੇ ਇਹ ਵੀ ਕਿ ਅਧਿਆਪਕਾਂ ਨੂੰ ਖੁਦ ਵੀ ਇਹਨਾਂ ਇਮਤਿਹਾਨਾਂ ਦੇ ਸਿੱਟਿਆ ਨੂੰ ਸਮਤਲ ਬਨਾਉਣ ਦੀ ਜਿੰਮੇਵਾਰੀ ਸੌਂਪੀ ਜਾ ਸਕਦੀ ਹੈ। ਇਹਦੇ ਤਰ੍ਹਾਂ ਹੀ ਪ੍ਰੋਜੈਕਟਾਂ ਅਤੇ ਲੈਬ ਵਰਕ ਦੇ ਮੁਲਾਂਕਣ ਨੂੰ ਵੀ ਭਰੋਸੇਯੋਗ ਅਤੇ ਗੁਣਵੰਤ ਬਣਾਇਆ ਜਾ ਸਕਦਾ ਹੈ।

ਇਹ ਜਰੂਰੀ ਹੈ ਕਿ ਗਲਤੀਆਂ ਲੱਗੀਆਂ ਵਾਲੇ ਪੇਪਰਾਂ ਦੇ ਮਿਲ ਜਾਣ ਤੋਂ ਬਾਅਦ, ਵਿਦਿਆਰਥੀ ਉੱਤਰਾਂ ਨੂੰ ਦੁਬਾਰਾ ਲਿਖਣ, ਅਤੇ ਇਹ ਵੀ ਕਿ ਅਧਿਆਪਕ ਉਨ੍ਹਾਂ ਦਾ ਦੁਬਾਰਾ ਰੀਵਿਊ ਕਰਨ ਤਾਕਿ ਇਹ ਸੁਨਿਸਚਿਤ ਹੋ ਸਕੇ ਕਿ ਵਿਦਿਆਰਥੀਆਂ ਨੇ ਸਾਰੇ ਸੰਘਰਸ ਵਿੱਚੋਂ ਵਾਕਿਆ ਹੀ ਕੁਝ ਸਿੱਖ ਲਿਆ ਹੈ।

ਹਰ ਮੁਕਾਬਲਾ ਉਸਾਹਤ ਕਰਦਾ ਹੈ, ਪਰ ਇਹ ਹੈ ਉਤਸਾਹ ਦਾ ਬਾਹਰਵਰਤੀ ਰੂਪ, ਨਾ ਕਿ ਅੰਤਰਮੁਖੀ ਸਰੂਪ। ਮੁਕਾਬਲੇ ਦੀ ਸਥਾਪਤੀ ਅਤੇ ਇਸ ਦੇ ਨਾਲ ਛੇੜਛਾੜ ਆਦਿ ਬੜੇ ਆਸਾਨ ਹੀ ਹੁੰਦੇ ਹਨ। ਤਦ ਹੀ ਅਕਸਰ ਅਧਿਆਪਕ ਅਤੇ ਸਕੂਲ ਪ੍ਰਬੰਧ ਮੁਕਾਬਲੇ ਨੂੰ ਭਰਪੂਰ ਪ੍ਰਾਪਤੀ ਦੇ ਸਾਧਨ ਦੀ ਤਰ੍ਹਾਂ ਵਰਤਣ ਦੀ ਕੋਸ਼ਿਸ਼ ਕਰਦੇ ਹਨ।

ਸਕੂਲ ਪਰਾਇਮਰੀ-ਪਹਿਲੇ ਸਕੂਲ ਤੋਂ ਹੀ ਬੱਚਿਆਂ ਦੇ ਦਰਜੇ ਮਿਥਣੇ ਆਰੰਭ ਕਰ ਦਿੰਦੇ ਹਨ। ਇਹ ਉਹਨਾਂ ਵਿੱਚ ਮੁਕਾਬਲੇ ਦੀ ਭਾਵਨਾਂ ਪੈਦਾ ਕਰਨ ਲਈ ਕੀਤਾ ਜਾਂਦਾ ਹੈ। ਮੁਕਬਲੇ ਦੀ ਇਸ ਸੋਚ ਦੇ ਕਾਫੀ ਸਾਰੇ ਪੱਖਦਾਰ ਅਸਰ ਹਨ। ਜਿਵੇਂ ਕਿ ਬਹੁਤਾ ਕਰਕੇ ਦਿਖਾਵਾ ਬਣਾਈ ਰੱਖਣ ਦੇ ਵਾਸਤੇ ਬੜੀ ਸਤਿਹੀ ਜਿਹੀ ਪੜ੍ਹਾਈ ਕਾਫੀ ਹੁੰਦੀ ਹੈ, ਅਤੇ ਸਮਾਂ ਪਾਕੇ ਵਿਦਿਆਰਥੀ ਉਸ ਵਿਚਲੀ ਰੁਚੀ ਗੁਆ ਬੈਠਦੇ ਹਨ, ਤੇ ਉਹਨਾਂ ਦੇ ਪਹਿਲ ਕਰਨ ਵਾਲੇ ਮਾਦੇ ਉੱਪਰ ਅਸਰ ਵੀ ਪੈਂਦਾ ਹੈ। ਹੋਰ ਇਹ ਕਿ ਉਹ ਅਪਣੀ ਹੀ ਦਿਲਚਸਪੀ ਦੇ ਚਲਦਿਆਂ ਬਾਕੀ ਚੀਜ਼ਾਂ ਕਰਨੀਆਂ ਛੱਡ ਦਿੰਦੇ ਹਨ; ਪੜ੍ਹਨ ਦੇ ਉਹ ਖੇਤਰ ਜੋ 'ਜਰੂਰੀ ਨਹੀਂ' ਕਹੇ ਗਏ ਹੁੰਦੇ ਬਿੱਲਕੱਲ ਵਿਸਾਰ ਦਿੱਤੇ ਜਾਂਦੇ ਹਨ।

ਜਮਾਤ ਦੇ ਸਭਿਆਚਾਰ ਲਈ ਵੀ ਇਹਦੇ ਬੜੇ ਹਾਨੀਕਾਰਕ ਪ੍ਰਣਾਮ ਹਨ: ਬੱਚਿਆਂ ਨੂੰ ਕੇਵਲ ਹਉਮੇਵਾਦੀ ਬਣਾ ਧਰਿਆ ਜਾਂਦਾ ਹੈ, ਤੇ ਉਹ ਕਿਸੇ ਟੀਮ ਵਿੱਚ ਕੰਮ ਕਰ ਸਕਣ ਦੇ ਯੋਗ ਨਹੀਂ ਰਹਿੰਦੇ। ਸੀਮਤ ਭਾਂਤ ਦੇ ਇਮਤਿਹਾਨਾਂ ਨੂੰ ਬੜਾ ਕੋਹਜਾ ਮਹੱਤਵ ਦਿੱਤਾ ਜਾਂਦਾ ਹੈ, ਤੇ ਉਨ੍ਹਾਂ ਉੱਪਰ ਨਾਜਰੂਰੀ ਧਿਆਨ ਵੀ ਦਿੱਤਾ ਜਾਂਦਾ ਹੈ। ਇਨ੍ਹਾਂ ਇਮਤਿਹਾਨਾਂ ਵਿੱਚ ਭਿਆਨਕ ਭਾਂਤ ਦੀ ਨਿਰੀਖਣ ਹੁੰਦੀ ਹੈ ਤੇ ਗੁਪਤਤਾ ਵੀ ਵਰਤੀ ਜਾਂਦੀ ਹੈ। ਹਾਲਾਂ ਕਿ ਇਸਦੇ ਸਰੀਰਕ ਅਤੇ ਮਾਨਸਕ ਅਸਰ ਤਾਂ ਮਿਡਲ ਸਕੂਲ ਵਿੱਚ ਸਾਹਮਣੇ ਆਉਣੇ ਸ਼ੁਰੂ ਹੁੰਦੇ ਹਨ, ਪਰ ਉਹ ਲਗਾਤਾਰ ਹੀ ਬੱਚਿਆਂ ਵਿੱਚ ਭਾਰੀ ਮਾਤਰਾ ਦਾ ਦਬਾਅ ਉਤਪਨ ਕਰਦੇ ਹਨ, ਅਤੇ ਉਮਰ ਤੋਂ ਕਿਤੇ ਪਹਿਲਾਂ ਬੱਚਿਆ ਦਾ ਮੱਚ ਮਾਰ ਦਿੰਦੇ ਹਨ।

ਸਕੂਲਾਂ ਅਤੇ ਅਧਿਆਪਕਾਂ ਨੂੰ ਅਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਕੀ ਐਹੋ ਜਿਹੇ ਸਾਰੇ ਅਮਲ ਵਿੱਚੋਂ ਕੁਝ ਪ੍ਰਪਤ ਵੀ ਹੋ ਰਿਹਾ ਹੈ ਜਾਂ ਨਹੀਂ, ਅਤੇ ਇਹ ਵੀ ਕਿ ਕੀ ਅੰਕ ਦੇਣ ਵਾਲਾ ਅਤੇ ਦਰਜਾ ਲਾ ਦੇਣ ਵਾਲਾ ਸਾਰਾ ਪ੍ਰਬੰਧ ਪੜ੍ਹਾਈ ਦਾ ਕੁਝ ਸੁਆਰ ਵੀ ਰਿਹਾ ਹੈ ਕਿ ਨਹੀਂ।

### 3.11.6 ਸਵੈ-ਮੁਲਾਂਕਣ ਅਤੇ ਪੁਨਰ ਸੂਚਨਾਂ

ਮੁਲਾਂਕਣ ਦਾ ਕੰਮ ਹੈ ਉਸ ਪ੍ਰਗਤੀ ਨੂੰ ਮਾਪਣਾਂ ਜੋ ਸਿੱਖਿਅਕ ਅਤੇ ਅਧਿਆਪਕ ਨੇ ਕੁਝ ਮਿਥੇ ਹੋਏ ਟੀਚਿਆਂ ਦੀ ਪ੍ਰਾਪਤੀ ਵਿੱਚ ਕੀਤੀ ਹੁੰਦੀ ਹੈ, ਅਤੇ ਇਸ ਗੱਲ ਦਾ ਅਨੁਮਾਨ ਲਾਉਣਾਂ ਕਿ ਇਹ ਪ੍ਰਗਤੀ ਕਿੰਨੀ ਕੁ ਹੋਰ ਵੀ ਚੰਗੀ ਹੋ ਸਕਦੀ ਸੀ। ਪੁਨਰਸੂਚਨਾਂ ਦਾ ਮੌਕਾ ਜੋ ਕਾਰਜਕਾਰੀ ਰੂਪ ਵਿੱਚ ਹੋਰ ਜ਼ਿਆਦਾ ਸੁਧਾਰ ਕਰਨ ਦਾ ਜਿੰਮੇਵਾਰ ਹੈ, ਲਗਾਤਾਰ ਮਿਲਦਾ ਰਹਿਣਾਂ ਚਾਹੀਦਾ ਹੈ। ਇਮਤਿਹਾਨ ਅਤੇ ਮੁਲਾਂਕਣ ਆਦਿ ਨੂੰ ਅਧਿਅਨ ਦੇ ਲਈ ਡਰ ਦੀ ਭਾਂਤੀ ਨਾ ਵਰਤਿਆ ਜਾਵੇ।

ਗ੍ਰੇਡਿੰਗ ਅਤੇ ਗਲਤੀ ਦੀ ਜਾਂਚ ਦਾ ਕੰਮ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਹੀ ਕੀਤਾ ਜਾਵੇ, ਤੇ ਹਰ ਪ੍ਰਸ਼ਨ ਦੇ ਬਾਰੇ ਪੁਨਰਸੂਚਨਾਂ ਦਿੱਤੀ ਜਾਵੇ ਕਿ ਕਿਸ ਪ੍ਰਸ਼ਨ ਵਿੱਚ ਉਹਨਾਂ ਨੇ ਕੀ ਸਹੀ ਨਹੀਂ ਕੀਤਾ। ਬੱਚਿਆਂ ਤੋਂ ਇਹ ਪੁੱਛਿਆ ਜਾਣਾਂ ਕਿ ਉਹਨਾਂ ਨੇ ਜੋ ਉੱਤਰ ਦਿੱਤਾ ਉਹ ਕਿਉਂ ਦਿੱਤਾ, ਲਿਖੇ ਹੋਏ ਉੱਤਰ ਤੋਂ ਬਾਹਰ ਬੱਚਿਆਂ ਦੀ ਸੋਚ ਦੇ ਨਾਲ ਜੁੜਨ ਵਿੱਚ ਅਧਿਆਪਕ ਦੀ ਮਦਦ ਕਰਦਾ ਹੈ। ਅਜਿਹੀਆਂ ਪ੍ਰਕਿਰਿਆਵਾਂ ਟੈਸਟਾਂ ਦੇ ਅਤੇ ਅੰਕਾਂ ਦੇ ਨਾਲ ਜੁੜੀ ਚੰਗਾ-ਮਾੜਾ ਕਹੇ ਜਾਣ ਦੇ ਗੁਣਵਾਚੀ ਭੈਅ ਤੋਂ ਵੀ ਮੁਕਤ ਕਰਵਾ ਦਿੰਦੀਆਂ ਹਨ। ਉਹ ਬੱਚਿਆਂ ਨੂੰ ਸਮਝਣ ਵਿੱਚ, ਅਪਣੀਆਂ ਗਲਤੀਆਂ ਉੱਪਰ ਧਿਆਨ ਕੇਂਦਰਤ ਕਰਨ ਅਤੇ ਗਲਤੀਆਂ ਤੋਂ ਸਿੱਖਣ ਵਿੱਚ ਸਹਾਇਤਾ ਕਰਦੀਆਂ ਹਨ।

ਕਈ ਵਾਰੀ ਹੈੱਡ ਮਾਸਟਰ ਇਹ ਕਹਿਕੇ ਇਤਰਾਜ਼ ਕਰਦੇ ਹਨ ਕਿ ਬੱਚੇ ਦੀ ਹਾਜ਼ਰੀ ਗਲਤੀਆਂ ਕੱਢਣ ਦੀ ਕਰਮਕਤਾ ਉੱਪਰ ਅਸਰ ਪਾਉਂਦੀ ਹੈ। ਇਹ ਇੱਕ ਭਰਾਂਤੀ ਭਰਿਆ ਖਿਆਲ ਹੈ ਜੋ ਮੁਕਾਬਲੇ ਵਾਲੀ ਮਾਨਸਕਤਾ ਉੱਪਰ ਟਿਕਿਆ ਹੋਇਆ ਹੈ ਤੇ ਜੋ ਬੱਚਿਆ ਦੇ ਨਿਰੀਖਣ ਵਿੱਚ ਹੀ ਇਤਬਾਰ ਰੱਖਦੀ ਹੈ। ਕਰਮਕਤਾ ਦੀ ਅਜਿਹੀ ਚਿੰਤਾ ਸਿੱਖਿਆ ਦੇ ਟੀਚਿਆਂ ਦੇ ਅਨੁਰੂਪ ਮੁਲਾਂਕਣ ਦੇ ਵਿੱਚ ਪੂਰੀ ਤਰ੍ਹਾਂ ਸਹੀ ਨਹੀਂ ਬੈਠਦੀ।

ਕੇਵਲ ਸਿੱਖਣ ਦੇ ਸਿੱਟਿਆਂ ਦਾ ਹੀ ਨਹੀਂ, ਸਿੱਖਿਆ ਦੇ ਅਨੁਭਵਾਂ ਦਾ ਅਪਣਾਂ ਵੀ ਮੁਲਾਂਕਣ ਕੀਤਾ ਜਾਵੇ। ਸਿੱਖਿਅਕ ਅਪਣੇ ਅਨੁਭਵਾਂ ਉੱਪਰ ਬੜੀ ਖੁਸ਼ੀ ਨਾਲ ਟਿੱਪਣੀ ਕਰਦੇ ਹਨ। ਨਿੱਜੀ ਅਤੇ ਸਮੂਹਕ ਅਭਿਆਸ ਰੂਪਰੇਖਤ ਕੀਤੇ ਜਾਣੇ ਚਾਹੀਦੇ ਹਨ, ਤਾ ਜੋ ਬੱਚਿਆਂ ਨੂੰ ਅਪਣੀ ਸਿਖਲਾਈ ਦੇ ਅਨੁਭਵਾਂ ਉੱਪਰ ਮਨਨ ਕਰਨ ਅਤੇ ਉਨ੍ਹਾਂ ਦਾ ਮੁਲਾਂਕਣ ਕਰਨ ਵਿੱਚ ਮਦਦ ਦੇਣ। ਇਹ ਅਨੁਭਵ ਉਹਨਾਂ ਨੂੰ ਸਵੈ-ਸੰਚਾਲਨ ਦੀਆਂ ਸਮਰੱਥਾਵਾਂ ਵੀ ਪਰਦਾਨ ਕਰਦੇ ਹਨ ਜੋ 'ਸਿੱਖਣ ਲਈ ਪੜ੍ਹਨ' ਦੇ ਵਾਸਤੇ ਅਤਿ ਆਵੱਸ਼ਕ ਹਨ। ਅਜਿਹੀ ਸੂਚਨਾਂ ਇੱਕ

ਕੀਮਤੀ ਭਾਂਤ ਦੀ ਪੁਨਰ-ਸੂਚਨਾਂ ਵੀ ਹੈ ਜੋ ਅਧਿਆਪਕ ਦੀ ਮਦਦ ਤਾਂ ਕਰਦੀ ਹੀ ਹੈ। ਇਸ ਨੂੰ ਸਾਰੇ ਸਿੱਖਿਆ ਪ੍ਰਬੰਧ ਨੂੰ ਸਮੁੱਚੇ ਤੌਰਤੇ ਸੁਧਾਰਨ ਦੇ ਲਈ ਵਰਤਿਆ ਜਾ ਸਕਦਾ ਹੈ।

ਜਮਾਤ ਵਿਚਲਾ ਹਰ ਸੰਪਰਕ ਤੇ ਚਰਚਾ ਬੱਚਿਆਂ ਤੋਂ ਉਮੀਦ ਕਰਦੇ ਹਨ ਕਿ ਉਹ ਅਪਣੇ ਕੰਮ ਦਾ ਖੁਦ ਮੁਲਾਂਕਣ ਕਰਨ। ਇਸ ਗੱਲ ਪੁਰ ਵੀ ਵਿਚਾਰ ਵਟਾਂਦਰੇ ਦੀ ਮੰਗ ਕਰਦੇ ਹਨ ਕਿ ਕੀ ਟੈਸਟ ਕੀਤਾ ਜਾਣਾ ਚਾਹੀਦਾ ਹੈ। ਇਹ ਵੀ ਕਿ ਕਿਹੜੇ ਤਰੀਕਿਆਂ ਨਾਲ ਇਹ ਲੱਭਿਆ ਜਾਵੇ ਕਿ ਕੀ ਯੋਗਤਾਵਾਂ ਸੱਚਮੱਚ ਹੀ ਵਿਕਸਤ ਹੋ ਵੀ ਰਹੀਆਂ ਹਨ ਕਿ ਨਹੀਂ। ਬੜੀ ਛੋਟੀ ਉਮਰ ਦੇ ਬੱਚੇ ਵੀ ਇਸ ਦਾ ਸਹੀ ਸਹੀ ਜੁਆਬ ਦੇ ਲੈਂਦੇ ਹਨ ਕਿ ਉਹ ਕਿਹੜੀ ਚੀਜ਼ ਚੰਗੀ ਤਰ੍ਹਾਂ ਕਰ ਸਕਦੇ ਹਨ ਤੇ ਕਿਹੜੀ ਨਹੀਂ। ਪੜ੍ਹਾਈ ਦਾ ਕੰਮ ਹੈ ਹਰ ਕਿਸੇ ਨੂੰ ਉਹਦੀ ਸਮਰੱਥਾ ਅਨੁਸਾਰ ਸਿੱਖਣ ਦਾ ਮੌਕਾ ਦੇਣਾਂ, ਪੜ੍ਹਨ ਦੇ ਅਨੁਭਵ ਦੇਣੇ ਜਿਨ੍ਹਾਂ ਨਾਲ ਗਿਆਨਮੂਲਕ ਗੁਣ, ਸਰੀਰਕ ਅਰੋਗਤਾ ਅਤੇ ਖੇਡ੍ਹਣ ਦੀਆਂ ਖੂਬੀਆਂ ਪੈਦਾ ਹੋ ਸਕਣ, ਜੋ ਅਸਰਦਾਰ ਸੁਜਾਤਮਕ ਗੁਣ ਵੀ ਬਣ ਸਕਣ।

ਰਿਪੋਰਟ ਕਾਰਡ ਦੇ ਲਈ ਜਰੂਰਤ ਹੈ ਕਿ ਉਹ ਬੱਚੇ ਅਤੇ ਮਾਪਿਆਂ ਨੂੰ ਕਈ ਸਾਰੇ ਖੇਤਰਾਂ ਵਿੱਚ ਬੱਚੇ ਦੇ ਵਿਕਾਸ ਦਾ ਸਮੁੱਚਾ ਅਤੇ ਭਰਪੂਰ ਲੇਖਾਜੋਖਾ ਦੇਵੇ। ਅਧਿਆਪਕ ਹਰ ਇੱਕ ਬੱਚੇ/ਵਿਦਿਆਰਥੀ ਦੇ ਬਾਰੇ ਕਈ ਕੁਝ ਕਹਿ ਸਕਦਾ ਹੋਵੇ, ਜਸਿ ਦੇ ਨਾਲ ਉਹਨਾਂ ਨੂੰ ਨਿੱਜੀ ਧਿਆਨ ਦਿੱਤੇ ਜਾਣ ਦਾ ਅਹਿਸਾਸ ਹੋ ਸਕੇ, ਹਾਂਵਾਚਕ ਸਵੈ-ਬਿੰਬ ਬਰਕਰਾਰ ਕਰ ਸਕੇ, ਅਤੇ ਪ੍ਰਾਪਤ ਕੀਤੇ ਜਾਣ ਵਾਲੇ ਨਿੱਜੀ ਟੀਚੇ ਵੀ ਮਿਥਕੇ ਦੇ ਸਕੇ। ਭਾਵੇਂ ਰਿਪੋਟ ਕੀਤੇ ਜਾਣ ਵਾਲੇ ਅੰਕ ਹੋਣ ਤੇ ਜਾਂ ਗ੍ਰੇਡ ਹੋਣ। ਉਨ੍ਹਾਂ ਦੀ ਮਦਦ ਦੇ ਲਈ ਅਧਿਆਪਕ ਦੀ ਤਰਫੋਂ ਇੱਕ ਗੁਣਾਤਮਕ ਮੁਲਾਂਕਣ ਦਾ ਬਿਆਨ ਬੜਾ ਲਾਹੇਵੰਦ ਹੈ। ਕੇਵਲ ਅਜਿਹੇ ਰਿਸ਼ਤੇ ਦੇ ਰਾਹੀਂ ਹੀ ਅਧਿਆਪਕ ਹਰ ਬੱਚੇ ਉੱਪਰ ਕੋਈ ਅਸਰ ਪਾ ਸਕਦਾ ਹੈ। ਹਰ ਬੱਚਾ ਅਪਣਾਂ(ੀਂ) ਮੁਲਾਂਕਣ ਖੁਦ ਵੀ ਕਰਦਾ(ੀ) ਹੈ, ਅਤੇ ਇਹ ਮੁਲਾਂਕਣ ਵੀ ਕਾਰਡ ਵਿੱਚ ਦਰਜ ਕੀਤਾ ਜਾਵੇ।

ਅੱਜ-ਕੱਲ੍ਹ ਬਹੁਤੇ ਰਿਪੋਰਟ ਕਾਰਡ ਇਸ ਉੱਪਰ ਵਿਸ਼ੈ-ਖੇਤਰਾਂ ਦੇ ਬਾਰੇ ਸੂਚਨਾਂ ਦਿੰਦੇ ਹਨ, ਪਰ ਬੱਚੇ ਦੇ ਵਿਕਾਸ ਦੇ ਹੋਰ ਪੱਖਾਂ ਬਾਰੇ, ਜਿਵੇਂ ਕਿ ਸਿਹਤ, ਸਰੀਰਕ ਤੰਦਰੁਸਤੀ, ਖੇਡ੍ਹਾਂ, ਸਮਾਜਕ ਕੌਸ਼ਲ, ਕਲਾ ਅਤੇ ਦਸਤਕਾਰੀ ਦੀਆਂ ਯੋਗਤਾਵਾਂ ਆਦਿ ਬਾਰੇ ਕੋਈ ਵੀ ਸੂਚਨਾਂ ਨਹੀਂ ਹੁੰਦੀ। ਬੱਚਿਆਂ ਦੀ ਪੜ੍ਹਾਈ ਅਤੇ ਵਿਕਾਸ ਦੇ ਇਹਨਾਂ ਪੱਖਾਂ ਦੇ ਬਾਰੇ ਗੁਣਾਤਮਕ ਬਿਆਨ ਸਗੋਂ ਜ਼ਿਆਦਾ ਕਾਰਗਾਰ ਤੇ ਸਮੁੱਚਾ ਮੁਲਾਂਕਣ ਪੇਸ਼ ਕਰਦੇ ਹਨ।

**ਪ੍ਰਸ਼ਨਾਂ ਦੀ ਪੇਸ਼ਕਾਰੀ**

ਇੱਕ ਲੋਹਾ ਪਿੰਘਲੌਣ ਦਾ ਕਾਰਖਾਨਾਂ ਆਰੰਭ ਕਰਨ ਦੇ ਵੇਲੇ ਦਿਮਾਗ ਵਿੱਚ ਰੱਖੇ ਜਾਣ ਵਾਲੇ ਚਾਰ ਸੋਚ-ਵਿਚਾਰਾਂ ਦਾ ਬਿਆਨ ਕਰੋ।

ਜਾਂ

ਜੇ ਕੋਈ ਕਾਰਖਾਨੇਦਾਰ ਇੱਕ ਲੋਹਾ ਪਿੰਘਲੌਣ ਵਾਲਾ ਕਾਰਖਾਨਾਂ ਲਾਉਣਾਂ ਚਹੁੰਦਾ ਹੋਵੇ ਤਾਂ ਉਹ ਕਿਹੜਾ ਸਥਲ ਚੁਣੇ ਤੇ ਕਿਉਂ?

ਪੰਛੀ ਦੀ ਚੁੰਝ ਦਾ ਆਕਾਰ ਥਾਂ ਥਾਂ 'ਤੇ ਟਿਕ ਸਕਣ ਵਿੱਚ ਕਿਵੇਂ ਸਹਾਇਕ ਹੁੰਦਾ ਹੈ?

ਜਾਂ

ਅਪਣੇ ਗੁਆਂਢ ਵਿੱਚ ਦੇਖੇ ਗਏ ਇੱਕ ਆਮ ਪੰਛੀ ਦੀ ਚੁੰਝ ਦਾ ਇੱਕ ਰੇਖਾ ਚਿਤਰ ਵਾਹੋ। ਚੁੰਝ ਦੇ ਆਕਾਰ ਦੇ ਆਧਾਰ ਉੱਪਰ ਉਸ ਦੀਆਂ ਹੋਣ ਵਾਲੀਆਂ ਖਾਣ ਦੀਆਂ ਆਦਤਾਂ ਦੀ ਵਿਆਖਿਆ ਕਰੋ, ਅਤੇ ਇਹ ਦੱਸੋ ਕਿ ਤੁਹਾਡੇ ਗੁਆਂਢ ਵਿੱਚ ਇਸ ਨੂੰ ਉਹ ਭੋਜਨ ਕਿੱਥੇ ਮਿਲਣ ਦੀ ਉਮੀਦ ਹੈ।

## 3.11.7 ਤਾਜ਼ੀ ਸੋਚ ਮੰਗਦੇ ਖੇਤਰ

ਪਾਠਕ੍ਰਮ ਦੇ ਕਈ ਖੇਤਰ ਹਨ ਜਿਨ੍ਹਾਂ ਦਾ ਮੁਲਾਂਕਣ ਹੋ ਸਕਦਾ ਹੈ, ਪਰ ਜਿਨ੍ਹਾਂ ਦੇ ਲਈ ਹਾਲੇ ਵੀ ਕੋਈ ਭਰੋਸੇਮੰਦ ਅਤੇ ਕੰਮ ਦੇ ਸਕਣ ਵਾਲੇ ਸੰਦ-ਸਾਧਨ ਨਹੀਂ ਹਨ। ਇਹਦੇ ਵਿੱਚ ਆਉਂਦੇ ਹਨ ਸਮੂਹਕ ਢੰਗ ਨਾਲ ਕੀਤੀ ਗਈ ਪੜ੍ਹਾਈ, ਰੰਗਮੰਚ ਦੇ ਖੇਤਰ ਵਿੱਚ ਕੀਤੀ ਗਈ ਪੜ੍ਹਾਈ, ਕੰਮ-ਧੰਦੇ ਅਤੇ ਦਸਤਕਾਰੀ ਜਿਸ ਵਿੱਚ ਕੌਸ਼ਲ ਅਤੇ ਸਮਰੱਥਾ ਦੇ ਵਿਕਸਤ ਹੋਣ ਨੂੰ ਲੰਮਾਂ ਸਮਾਂ ਲੱਗਦਾ ਹੈ, ਅਤੇ ਜੋ ਧਿਆਨਦਾਰ ਵਾਚਣ ਦੀ ਵੀ ਮੰਗ ਕਦਰੇ ਹਨ।

ਨਿਰੰਤਰ ਅਤੇ ਵਿਸਤ੍ਰਤ ਮੁਲਾਂਕਣ ਨੂੰ ਬਹੁਤ ਵਾਰ ਇੱਕ ਅਰਥਦਾਰ ਭਾਂਤ ਦਾ ਮੁਲਾਂਕਣ ਹੋਣ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਪਰ ਇਹ ਓਦੋਂ ਹੋਰ ਵੀ ਜ਼ਿਆਦਾ ਸੁਚੇਤ ਸੋਚ ਦੀ ਮੰਗ ਕਰਦਾ ਹੈ ਜਦ ਇਸ ਨੂੰ ਇੱਕ ਸਿਲਸਿਲੇਦਾਰ ਅਤੇ ਅਸਰਮੰਦ ਤਰੀਕੇ ਨਾਲ ਵਰਤਿਆ ਜਾਣਾਂ ਹੋਵੇ। ਅਜਿਹਾ ਮੁਲਾਂਕਣ ਅਧਿਆਪਕ ਦੇ ਸਾਧਨਾਂ ਅਤੇ ਵਕਤ ਤੋਂ ਕਿਤੇ ਜ਼ਿਆਦਾ ਮੰਗ ਕਰਦਾ ਹੈ, ਕਿਉਂਕਿ ਇਸ ਵਿੱਚ ਬੜੀ ਤੀਖਣਤਾ ਨਾਲ ਰਿਕਾਰਡ ਤਿਆਰ ਕਰਨ ਦੀ ਲੋੜ ਹੈ, ਜੇ ਭਲਾ ਇਸ ਨੇ ਅਰਥਦਾਰ ਢੰਗ ਨਾਲ ਲਾਗੂ ਕੀਤਾ ਜਾਣਾਂ ਹੈ, ਅਤੇ ਜੇ ਇਸ ਨੇ ਇੱਕ ਮੁਲਾਂਕਣ ਦੇ ਰੂਪ ਵਿੱਚ ਕੋਈ ਇਤਬਾਰ ਹਾਂਸਲ ਕਰਨਾਂ ਹੈ।

ਹਾਂ ਪਰ ਜੇ ਇਸ ਮੁਲਾਂਕਣ ਨੇ ਮਹਿਜ਼ ਬੱਚਿਆਂ ਉੱਪਰ ਇਸ ਲਈ ਬੋਝ ਬਣਨਾਂ ਹੈ ਕਿ ਉਹਨਾਂ ਦੇ ਹਰ ਕਾਰਜ ਦਾ ਮੁਲਾਂਕਣ ਹੋਣਾਂ ਹੈ, ਜਾਂ ਇਸ ਦੇ ਚੱਲਦਿਆਂ ਬੱਚਿਆਂ ਨੇ ਅਧਿਆਪਕ ਦੀ 'ਸ਼ਕਤੀ' ਦਾ ਸੁਆਦ ਚੱਖਣਾਂ ਹੈ, ਤਦ ਤਾਂ ਫਿਰ ਸਾਰੀ ਸਿੱਖਿਆ ਦਾ ਮੰਤਵ ਫੇਹਲ ਹੋ ਕੇ ਰਹਿ ਜਾਂਦਾ ਹੈ। ਜਦੋਂ ਤੱਕ ਸਾਰਾ ਸਿੱਖਿਆ ਪ੍ਰਬੰਧ ਮੁਲਾਂਕਣ ਦੇ ਵਾਸਤੇ ਠੀਕ ਤਰ੍ਹਾਂ ਤਿਆਰ ਨਹੀਂ ਹੋ ਜਾਂਦਾ, ਇਹ ਬਿਹਤਰ ਰਹੇਗਾ ਕਿ ਅਧਿਆਪਕ ਮੁਲਾਂਕਣ ਦੇ ਸੀਮਤ ਰੂਪਾਂ ਦੇ ਨਾਲ ਹੀ ਕੰਮ ਚਲਾਉਣ। ਹਾਂ ਪਰ ਏਨਾਂ ਜਰੂਰ ਹੋ ਸਕਦਾ ਹੈ ਕਿ ਉਹ ਇਸ ਵਿੱਚ ਕਈ ਨਵੇਂ ਤੱਤ ਜੋੜਨ ਦੀ ਕੋਸ਼ਿਸ਼ ਕਰਨ, ਜਿਸ ਦੇ ਨਾਲ ਮੁਲਾਂਕਣ ਪੜ੍ਹਾਈ ਦਾ ਅਰਥ ਭਰਪੂਰ ਰਿਕਾਰਡ ਬਣ ਸਕਦਾ ਹੈ।

ਅੰਤ ਵਿੱਚ, ਜਰੂਰਤ ਇਸ ਗੱਲ ਦੀ ਹੈ ਕਿ ਵਿਸ਼ਵਾਸ਼-ਯੋਗਤਾ ਵਿਕਸਤ ਹੋ ਸਕੇ, ਅਤੇ ਅਧਿਆਪਕ ਵੀ ਅਪਣਾ ਪੁਨਰ-ਸੂਚਨਾਂ ਪਰਦਾਨ ਕਰ ਸਕਣ ਦਾ ਪ੍ਰਣ ਅਰਥ ਭਰਪੂਰ ਬਣਾ ਸਕਣ।

### 3.11.8 ਭਿੰਨ ਸਟੇਜਾਂ ਉੱਪਰ ਮੁਲਾਂਕਣ

ECCE ਅਤੇ ਮੁਢਲੀ ਪੱਧਰ ਦੀ ਪਹਿਲੀ ਤੇ ਦੂਜੀ ਜਮਾਤ: ਇਸ ਸਟੇਜ ਉੱਪਰ ਭਿੰਨ ਭਿੰਨ ਖੇਤਰਾਂ ਵਿੱਚ ਬੱਚਿਆਂ ਦੀਆਂ ਗਤੀਵਿਧੀਆਂ ਬਾਰੇ ਕੇਵਲ ਗੁਣਾਤਮਕ ਨਿਰਣੇ ਹੋਣ, ਸਿਹਤ ਅਤੇ ਸਰੀਰਕ ਦਸ਼ਾ ਦਾ ਲੇਖਾ-ਜੋਖਾ ਹੋਵੇ, ਜੋ ਹਰ ਰੋਜ਼ ਦੇ ਵਾਚਣ ਅਤੇ ਗੱਲਬਾਤ ਉੱਪਰ ਆਧਾਰਤ ਹੋਣ। ਲਿਖਤੀ ਜਾਂ ਮੌਖਕ ਤੇ ਜਾਂ ਕਿਸੇ ਹੋਰ ਰੂਪ ਦਾ ਕੋਈ ਟੈਸਟ ਕਿਸੇ ਵੀ ਹਾਲਤ ਵਿੱਚ ਨਾਂ ਹੋਵੇ।

ਮੁਢਲੀ ਪੱਧਰ ਦੀ ਤੀਜੀ ਤੋਂ ਅੱਠਵੀਂ ਜਮਾਤ: ਕਈ ਭਾਂਤ ਦੇ ਤਰੀਕੇ ਵਰਤੇ ਜਾਣ, ਜਿਵੇਂ ਕਿ ਮੌਖਕ ਅਤੇ ਲਿਖਤ ਟੈਸਟ ਅਤੇ ਵਾਚਨਾਵਾਂ। ਬੱਚਿਆਂ ਨੂੰ ਇਸ ਗੱਲ ਦੀ ਜਾਣਕਾਰੀ ਹੋਵੇ ਕਿ ਉਹਨਾਂ ਦਾ ਮੁਲਾਂਕਣ ਹੋ ਰਿਹਾ ਹੈ। ਪਰ ਲੋੜ ਹੈ ਕਿ ਇਸ ਨੂੰ ਉਹ ਪੜ੍ਹਨ ਦੀ ਪ੍ਰਕਿਰਿਆਂ ਦਾ ਇੱਕ ਅੰਗ ਹੀ ਜਾਨਣ, ਨਾ ਕਿ ਲਗਾਤਾਰ ਮਿਲਦੀ

ਰਹਿਣ ਵਾਲੀ ਡਰਦਾਰ ਧਮਕੀ। ਪ੍ਰਾਪਤੀ ਦੇ ਖੇਤਰਾਂ ਬਾਰੇ ਗੁਣਵਾਚਕ ਨਿਰਣਿਆਂ ਦੇ ਨਾਲ ਨਾਲ ਗ੍ਰੇਡ ਅਤੇ ਅੰਕ ਮਿਲਦੇ ਰਹਿਣੇ ਇਸ ਪੱਧਰ ਲਈ ਜਰੂਰੀ ਹਨ।

ਪੰਜਵੀਂ ਜਮਾਤ ਤੋਂ ਲੈਕੇ ਬੱਚਿਆਂ ਦੇ ਅਪਣੇ ਮੂਲਾਂਕਣ ਵੀ ਰਿਪੋਰਟ ਵਿੱਚ ਸਾਮਲ ਹੋ ਸਕਦੇ ਹਨ। ਇਮਤਿਹਾਨਾਂ ਦੀ ਥਾਂ ਸਮੇਂ ਸਮੇਂ ਛੋਟੇ ਟੈਸਟ ਹੋ ਸਕਦੇ ਹਨ, ਤੇ ਉਹ ਕਿਸੇ ਮਾਪਦੰਡ ਉੱਪਰ ਆਧਾਰਤ ਹੋਣ। ਸੀਮਾਂਗਤ ਇਮਤਿਹਾਨ ਸਤਵੀਂ ਜਮਾਤ ਤੋਂ ਆਰੰਭ ਕੀਤੇ ਜਾ ਸਕਦੇ ਹਨ, ਤਾਂਜੋ ਬੱਚੇ ਮਾਨਸਕ ਤੌਰਤੇ ਤਿਆਰ ਹੋਣ ਅਤੇ ਕਾਫੀ ਵਡੇ ਭਾਗਾਂ ਨੂੰ ਪੜ੍ਹ ਵੀ ਸਕਣ ਅਤੇ ਕੁਝ ਘੰਟੇ ਇਮਤਿਹਾਨ ਵਿੱਚ ਵੀ ਖਰਚ ਕਰ ਸਕਣ, ਪ੍ਰਸ਼ਨਾਂ ਦੇ ਉੱਤਰ ਵੀ ਦੇ ਸਕਣ।

ਏਦਾਂ ਹੀ ਵਿਕਾਸ ਕਾਰਡ ਦੇ ਲਈ ਇਹ ਵੀ ਜਰੂਰੀ ਹੈ ਕਿ ਸਿਹਤ ਅਤੇ ਪੌਸ਼ਟਕਤਾ ਬਾਰੇ ਆਮ ਵਾਚਨਾਵਾਂ ਅੰਕਤ ਕਰਨ ਤੋਂ ਬਿਨਾਂ ਇਸ ਵਿੱਚ ਸਿੱਖਿਅਕ ਦੀ ਸਮੁੱਚੀ ਉਨਤੀ ਦੇ ਬਾਰੇ ਵੀ ਕੁਝ ਖਾਸ ਸੂਚਨਾਂ ਵੀ ਹੋਵੇ ਅਤੇ ਮਾਪਿਆਂ ਦੇ ਵਾਸਤੇ ਕੁਝ ਸਲਾਹ ਵੀ ਹੋਵੇ।

ਸੈਕੰਡਰੀ ਅਤੇ ਉੱਚ ਸੈਕੰਡਰੀ ਸਟੇਜ (ਨੌਵੀਂ ਤੋਂ ਬਾਰਵੀਂ ਜਮਾਤ): ਮੁਲਾਂਕਣ ਜ਼ਿਆਦਾ ਕਰਕੇ ਟੈਸਟਾਂ ਉੱਪਰ ਆਧਾਰਤ ਹੋ ਸਕਦਾ ਹੈ, ਇਮਤਿਹਾਨਾਂ ਅਤੇ ਪ੍ਰੋਜੈਕਟ ਰਿਪੋਟਾਂ ਉੱਪਰ, ਪਾਠਕ੍ਰਮ ਦੇ ਗਿਆਨ ਆਧਾਰਤ ਖੇਤਰਾਂ ਦੇ ਲਈ, ਅਤੇ ਸਵੈ ਮੁੱਲ ਨਿਰਧਾਰਣ ਦੇ ਸਮੇਤ ਹੋ ਸਕਦਾ ਹੈ। ਦੂਜੇ ਖੇਤਰ ਦਾ ਮੁੱਲ ਵਾਚਣ ਅਤੇ ਸਵੈ-ਮੁਲਾਂਕਣ ਦੇ ਰਾਹੀਂ ਵੀ ਹੋ ਸਕਦਾ ਹੈ।

ਸਾਰੀਆਂ ਰਿਪੋਟਾਂ ਤਾਂ ਕਾਫੀ ਸਾਰੇ ਵਿਸ਼ਲੇਸ਼ਣ ਦੇ ਨਾਲ ਵੀ ਪੇਸ਼ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿੱਚ ਵਿਦਿਆਰਥੀਆਂ ਦੇ ਭਿੰਨ ਭਿੰਨ ਕੌਸ਼ਲ/ਗਿਆਨ ਖੇਤਰਾਂ ਅਤੇ ਪ੍ਰਤੀਸ਼ਤਾਂ ਆਦਿ ਦੇ ਬਾਰੇ ਵਿੱਚ ਲਿਖਿਆ ਹੋ ਸਕਦਾ ਹੈ। ਇਹ ਉਹਨਾਂ ਦੀ ਪੜ੍ਹਾਈ ਦੇ ਉਨ੍ਹਾਂ ਖੇਤਰਾਂ ਨੂੰ ਪਛਾਨਣ ਵਿੱਚ ਮਦਦ ਕਰ ਸਕਦਾ ਹੈ ਜਿਨ੍ਹਾਂ ਉੱਪਰ ਉਹ ਵਿਸ਼ੇਸ਼ ਧਿਆਨ ਕੇਂਦਤ ਕਰਨ। ਰਿਪੋਟ ਅੱਗੇ ਪੜ੍ਹਨ ਦੇ ਵਾਸਤੇ ਕਰਨ ਵਾਲੀਆਂ ਚੋਣਾਂ ਦੇ ਆਧਾਰਾਂ ਦੇ ਬਾਰੇ ਵਿੱਚ ਵੀ ਸਹਾਇਤਾ ਪਰਦਾਨ ਕਰ ਸਕਦੀ ਹੈ।

ਬੱਚਿਆਂ 'ਤੇ ਏਦਾਂ ਭਾਰ ਲੱਦ ਦੇਣਾਂ ਤਾਂ ਜ਼ੁਲਮ ਹੋਇਆ ਨਾ। ਮੈਨੂੰ ਮੇਰੇ ਪੁੱਤਰ ਦੀ ਸਹਾਇਤਾ ਲਈ ਉਸ ਮੁੰਡੇ ਨੂੰ ਭਾੜੇ ਤੇ ਕਰਨਾਂ ਪਿਆ!

(ਟਾਈਮਜ਼ ਆਫ ਇੰਡੀਆ ਵਿੱਚੋਂ: ਆਰ. ਕੈ. ਲਸ਼ਮਣ ਦੇ ਧੰਨਵਾਦ ਸਹਿਤ)

4.1 ਭੌਤਿਕ ਮਹੌਲ

4.2 ਮਦਦਗਾਰ ਮਹੌਲ ਨੂੰ ਪ੍ਰਫੁੱਲਤ ਕਰਨਾ

4.3 ਸਾਰੇ ਬੱਚਿਆਂ ਦੀ ਭਾਗਦਾਰੀ

4.4 ਅਨੁਸਾਸ਼ਣ ਅਤੇ ਭਾਗਦਾਰੀ ਦਾ ਪ੍ਰਬੰਧ

4.5 ਮਾਂ-ਬਾਪ ਅਤੇ ਭਾਈਚਾਰੇ ਲਈ ਸਥਾਨ

4.6 ਪਾਠਕ੍ਰਮ ਦੇ ਸਥਾਨ ਅਤੇ ਸਿੱਖਣ ਦੇ ਸਰੋਤ

4.7 ਸਮਾਂ

4.8 ਅਧਿਆਪਕ ਦੀ ਖੁਦਮੁਖਤਾਰੀ ਅਤੇ ਪੇਸ਼ਾਵਰ ਆਜ਼ਾਦੀ

# ਅਧਿਆਏ 4: ਸਕੂਲ ਅਤੇ ਜਮਾਤ ਦਾ ਮਹੌਲ

ਸਿੱਖਣ ਸਮਾਜਕ ਰਿਸ਼ਤਿਆਂ ਦੇ ਇੱਕ ਪਾਸਾਰ ਵਿੱਚ ਵਾਪਰਦਾ ਹੈ। ਇਸ ਵਿੱਚ ਅਧਿਆਪਕ ਅਤੇ ਸ਼ਗਿਰਦ ਉਪਚਾਰਕ ਅਤੇ ਗੈਰ-ਉਪਚਾਰਕ ਦੋਨਾਂ ਤਰੀਕਿਆਂ ਨਾਲ ਗੱਲ-ਬਾਤ ਕਰਦੇ ਹਨ। ਸਕੂਲ ਸਿੱਖਿਅਕਾਂ ਦੇ ਭਾਈਚਾਰਿਆਂ ਦੇ ਅਦਾਰਾਗਤ ਸਥਾਨ ਹਨ, ਜੀਹਦੇ ਵਿੱਚ ਅਧਿਆਪਕ ਅਤੇ ਸਿੱਖਿਅਕ ਦੋਵੇਂ ਸ਼ਾਮਲ ਹਨ। ਬਹੁਤ ਸਾਰੇ ਕਾਰਜ ਅਜਿਹੇ ਹਨ ਜੋ ਇਸ ਬਰਾਦਰੀ ਨੂੰ ਇੱਕ ਥਾਂ ਇਕੱਠਾ ਕਰਦੇ ਹਨ ਅਤੇ ਸਿੱਖਿਅਕਾਂ ਦੀ ਇੱਕ ਸਮੂਹ ਦਾ ਰੂਪ ਦਿੰਦੇ ਹਨ। ਇਹਨਾਂ ਵਿੱਚੋਂ ਹਨ: ਅਪਣੇ ਦੋਸਤਾਂ ਨਾਲ ਸਕੂਲ ਦੇ ਮੈਦਾਨ ਵਿੱਚ ਖੇਲ੍ਹਣਾਂ ਤੇ ਗੁੱਥਮ-ਗੁੱਥਾ ਹੋਣਾਂ, ਛੁੱਟੀ ਦੇ ਸਮੇਂ ਵਿਹਲੇ ਵਕਤ ਬੈਂਚਾਂ ਤੇ ਬੈਠ ਕੇ ਦੋਸਤਾਂ ਨਾਲ ਗੱਲਾਂ ਕਰਨੀਆਂ, ਸੁਵੇਰ ਦੀ ਪ੍ਰਾਰਥਨਾਂ ਤੇ ਹੋਰ ਜੋੜ-

ਮੇਲਿਆਂ ਅਤੇ ਮਹੱਤਵ ਪੂਰਣ ਮੌਕਿਆਂ ਉੱਤੇ ਸਕੂਲ ਵਿੱਚ ਇੱਕਠੇ ਜੁੜਨਾਂ, ਜਮਾਤ ਵਿੱਚ ਪੜ੍ਹਈ ਕਰਨੀ, ਜਮਾਤ ਦੀਆਂ ਪ੍ਰੀਖਿਆਵਾਂ ਦੇ ਬੜੇ ਕਸਵੇਂ ਸਮੇਂ ਵਰਕੇ ਥੱਲਣੇ, ਅਤੇ ਅਪਣੇ ਜਮਾਤੀਆਂ ਤੇ ਅਧਿਆਪਕਾਂ ਨਾਲ ਸਕੂਲੋਂ ਬਾਹਰਲਿਆਂ ਸਥਾਨਾਂ ’ਤੇ ਘੁੰਮਣ ਜਾਣਾਂ।

ਪਰਦੇ ਦੇ ਪਿੱਛੇ ਵੀ ਬੜਾ ਕੁਝ ਵਾਪਰਦਾ ਹੈ, ਜੋ ਸਕੂਲ ਨੂੰ ਅਪਣਾਂ ਚਿਹਰਾ ਦਿੰਦਾ ਹੈ। ਸਕੂਲ ਦੇ ਕਲੰਡਰ ਵਿੱਚ ਆਈਆਂ ਵਿਸ਼ੇਸ਼ ਗਤੀਵਿਧੀਆਂ, ਇਮਤਿਹਾਨ ਅਤੇ ਦੈਨਿਕ ਚਲਨ ਜਿੰਨ੍ਹਾਂ ਦੀ ਅਧਿਆਪਕ ਅਤੇ ਹੈੱਡ ਮਾਸਟਰ ਰਲਕੇ ਯੋਜਨਾਂ ਬਣਾਉਂਦੇ ਹਨ ਤੇ ਉਨ੍ਹਾਂ ਨੂੰ ਨਿਭਾਉਂਦੇ ਵੀ ਹਨ।

ਪ੍ਰਸ਼ਨ ਹੈ ਕਿ ਅਸੀਂ ਸਕੂਲ ਅਤੇ ਜਮਾਤ ਦੇ ਮਹੌਲ ਨੂੰ ਕਿਸ ਤਰ੍ਹਾਂ ਸੰਜੋਈਏ ਤਾਂ ਜੋ ਇਸ ਤਰ੍ਹਾਂ ਦਾ ਸਾਰਾ ਬੋਲਚਾਲ ਪੜ੍ਹਣ ਅਤੇ ਪੜ੍ਹਾਉਣ ਦੋਨਾਂ ਦੇ ਲਈ ਸਹਾਇਕ ਹੋ ਸਕੇ? ਸਕੂਲ ਦੀ ਸਾਰੀ ਫਿਜ਼ਾ ਨੂੰ ਕਿਵੇਂ ਸਿੰਜਿਆ ਜਾਵੇ ਤਾ ਕਿ ਇਹ ਬੱਚੇ ਨੂੰ ਸੁਰੱਖਿਅਤ, ਖੁਸ਼ ਅਤੇ ਲੋੜੀਂਦੇ ਹੋਣ ਨੂੰ ਮਹਿਸੂਸ ਕਰਨ ਦੀ ਜਗਾਹ ਬਣ ਜਵੇ, ਅਤੇ ਜਿੱਥੇ ਅਧਿਆਪਕਾਂ ਨੂੰ ਵੀ ਅਕਾਦਮਕ ਪੱਖੋਂ ਚੰਗਾ ਲੱਗੇ ਅਤੇ ਅਰਥ ਭਰਪੂਰ ਜਾਪੇ? ਮਹੌਲ ਦੀਆਂ ਭੌਤਿਕ ਅਤੇ ਮਾਨਸਿਕ ਪਰਤਾਂ ਮਹੱਤਵ ਪੂਰਣ ਹਨ ਤੇ ਅੰਤਰ ਸਬੰਧਤ ਵੀ। ਇਸ ਅਧਿਆਏ ਵਿੱਚ ਅਸੀਂ ਇਹਨਾਂ ਪਰਤਾਂ ਦੀ ਪਰਖ ਕਰਦੇ ਹਾਂ, ਤਾ ਕਿ ਇਹ ਸਮਝਿਆ ਜਾ ਸਕੇ ਕਿ ਇਹ ਬੱਚਿਆਂ ਦੀ ਸਿੱਖਿਆ ਉੱਪਰ ਕਿਵੇਂ ਅਸਰ ਪਾਉਂਦੀਆਂ ਹਨ?

## 4.1 ਭੌਤਿਕ ਮਹੌਲ

ਸੁਚੇਤ ਰੂਪ ਵਿੱਚ ਜਾਂ ਅਚੇਤੇ ਹੀ ਬੱਚੇ ਲਗਾਤਾਰ ਅਪਣੇ ਸਕੂਲਾਂ ਦੇ ਭੌਤਿਕ ਮਹੌਲ ਨਾਲ ਸੰਰਚਤ ਜਾਂ ਅਸੰਰਚਤ ਸਮੇਂ ਵਿੱਚ ਸੰਵਾਦ ਕਰਦੇ ਰਹਿੰਦੇ ਹਨ। ਫਿਰ ਵੀ ਸਿੱਖਣ ਵਾਸਤੇ ਭੌਤਿਕ ਮਹੌਲ ਦੇ ਮਹੱਤਵ ਨੂੰ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ। ਅਕਸਰ ਜਮਾਤਾਂ ਬੱਚਿਆਂ ਨਾਲ ਟੂਸੀਆਂ ਪਈਆਂ ਹੁੰਦੀਆਂ ਹਨ। ਸਿੱਖਣ ਵਾਸਤੇ ਹੋਰ ਕੋਈ ਜਗਾਹ ਨਹੀਂ ਹੁੰਦੀ। ਨਾਂ ਤਾਂ ਜਮਾਤਾਂ ਦੇ ਕਮਰੇ ਬਹੁੱਤੇ ਖਿੱਚਪਾਊ ਹੁੰਦੇ ਹਨ ਤੇ ਨਾਂ ਹੀ ਉਨ੍ਹਾਂ ਵਿੱਚ ਬੱਚਿਆਂ ਦੀਆਂ ਲੋੜਾਂ ਦਾ ਬਹੁਤਾ ਖਿਆਲ ਰੱਖਿਆ ਗਿਆ ਹੁੰਦਾ ਹੈ। ਸਕੂਲ ਦਾ ਬੇਢੱਬਾ ਡਿਜ਼ਾਈਨ ਅਧਿਆਪਕ ਦੀ ਜਮਾਤ ਦਾ ਪ੍ਰਬੰਧ ਕਰਨ ਅਤੇ ਉਤਪਾਦਕ ਹੋਣ ਦੀ ਸਮਰਥਾ ਉੱਪਰ ਬੜਾ ਭੈੜਾ ਅਸਰ ਪਾਉਂਦਾ ਹੈ। ਅਸਲ ਵਿੱਚ ਇਸ ਸਰਬ-ਸ਼ਮੂਲੀਅਤ ਵਾਲੇ ਭੌਤਿਕ ਮਹੌਲ ਦੀ ਭੂਮਿਕਾ ਮਹਿਜ਼ ਵਿੱਦਿਅਕ ਕਾਰਜ ਦੇ ਸਿਰ ਉੱਪਰ ਛੱਤ ਦੇਣ ਤੱਕ ਸੀਮਤ ਕਰ ਦਿੱਤੀ ਗਈ ਹੈ।

ਜਦ ਬੱਚਿਆਂ ਤੋਂ ਪੁੱਛਿਆ ਜਾਂਦਾ ਹੈ ਕਿ ਉਹਨਾਂ ਨੂੰ ਕਿਹੋ ਜਿਹੀਆਂ ਥਾਵਾਂ ਚੰਗੀਆਂ ਲਗਦੀਆਂ ਹਨ ਤਾਂ ਬਹੁਤਾ ਕਰਕੇ ਉਹ ਅਜਿਹੀ ਜਗਾਹ ਵਿੱਚ ਹੋਣਾਂ ਚਹੁੰਦੇ ਹਨ ਜੋ ਰੰਗਦਾਰ, ਦੋਸਤਾਨਾਂ ਅਤੇ ਸ਼ਾਂਤਮਈ ਹੋਵੇ। ਉਹਦੇ ਕੋਲ ਛੋਟੀਆਂ ਨੁੱਕੜਾਂ ਵਾਲੀ ਖੁੱਲ੍ਹੀ ਥਾਂ ਹੋਵੇ, ਪਛੂ, ਪੌਦੇ, ਫੁੱਲ, ਦਰਖਤ, ਅਤੇ ਖਿਡੌਣੇ ਹੋਣ। ਬੱਚਿਆਂ ਦਾ ਦਿਲ ਖਿੱਚਣ ਅਤੇ ਸਕੂਲ ਨਾਂ ਛੱਡਣ ਦੇਣ ਲਈ ਇਹ ਚੀਜ਼ਾਂ ਸਕੂਲ ਦੇ ਮਹੌਲ ਵਿੱਚ ਉਨ੍ਹਾਂ ਦੇ ਆਲੇ ਦੁਆਲੇ ਹੋਣੀਆਂ ਜਰੂਰੀ ਹਨ।

ਜਮਾਤਾਂ ਦੇ ਕਮਰਿਆਂ ਅੰਦਰ ਇੱਕ ਤਾਂ ਕਾਫੀ ਕੁਦਰਤੀ ਰੋਸ਼ਨੀ ਦਾ ਪ੍ਰਬੰਧ ਕਰਕੇ ਜਗਮਗਾਏ ਹੋਣ। ਫਿਰ ਇਹ ਕਿ ਕਮਰਿਆਂ ਦੀਆਂ ਦਿਵਾਰਾਂ ਉੱਤੇ ਅਤੇ ਸਕੂਲ ਦੇ ਦੂਜੇ ਭਾਗਾਂ ਵਿੱਚ ਬੱਚਿਆਂ ਦੇ ਅਪਣੇ ਕੰਮ ਸਜਾਏ ਹੋਣ। ਦਿਵਾਰਾਂ ਅਤੇ ਬਾਰੀਆਂ ਉੱਤੇ ਟੰਗੀਆਂ ਡਰਾਇੰਗਾਂ, ਕਲਾ ਅਤੇ ਦਸਤਕਾਰੀਆਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਬੜਾ ਸ਼ਕਤੀਸ਼ਾਲੀ ਸੁਨੇਹਾਂ ਭੇਜਦੇ ਹਨ ਕਿ ਉਨ੍ਹਾਂ ਦਾ ਕੰਮ ਸਰਾਹਿਆ ਗਿਆ ਹੈ। ਇਹ ਉਹਨਾਂ ਸਥਾਨਾਂ ਅਤੇ ਓਹੋ ਜਿਹੀ ਉਚਾਈ ਉੱਪਰ ਦਰਸ਼ਾਏ ਗਏ ਹੋਣ ਜੋ ਵੱਖ ਵੱਖ ਉਮਰ ਦੇ ਬੱਚਿਆਂ ਲਈ ਅਸਾਨ ਪਹੁੰਚ ਵਿੱਚ ਹੋਣ।

ਸਾਡੇ ਬਹੁਤੇ ਸਕੂਲ ਡਿੱਗੀਆਂ ਢੱਠੀਆਂ ਤੇ ਹਨੇਰੇ ਮਾਰੀਆਂ ਇਮਾਰਤਾਂ ਵਿੱਚ ਚੱਲਦੇ ਹਨ। ਸਾਰੇ ਭੌਤਿਕ ਮਹੌਲ ਦਾ ਪ੍ਰਭਾਵ ਉਦਾਸ, ਰੁੱਖਾ ਅਤੇ ਉਤਸਾਹਤ ਨਾ ਕਰਨ ਵਾਲਾ ਪੈਂਦਾ ਹੈ। ਇਸ ਨੂੰ ਅਧਿਆਪਕਾਂ, ਪ੍ਰਬੰਧਕਾਂ ਅਤੇ ਇਮਾਰਤਸਜਾਂ ਦੇ ਸਾਂਝੇ ਜਤਨਾਂ ਦੇ ਨਾਲ ਬੜੀਆਂ ਸਾਦੀਆਂ ਤਬਦੀਲੀਆਂ ਕਰਕੇ ਬਦਲਿਆ ਜਾ ਸਕਦਾ ਹੈ।

ਕਿਸੇ ਸਕੂਲ ਦੀਆਂ ਇਮਾਰਤਾਂ ਹੀ ਉਸ ਦੇ ਸਭ ਤੋਂ ਮਹਿੰਗੇ ਸਰਮਾਏ ਹੁੰਦੀਆਂ ਹਨ। ਪਹਿਲਾਂ ਹੈਗੇ ਸਕੂਲਾਂ ਦੀ ਮੁਰੰਮਤ ਕਰਨ ਵੇਲੇ ਜਾਂ ਵਡੇ ਕਰਨ ਵੇਲੇ ਤੇ ਜਾਂ ਫਿਰ ਨਵੀਆਂ ਇਮਾਰਤਾਂ ਬਨਾਉਣ ਵੇਲੇ ਕੰਮ ਦੇ ਬੜੇ ਸਿਰਜਣਾਤਮਕ ਤਰੀਕੇ ਵਰਤੇ ਜਾ ਸਕਦੇ ਹਨ। ਭੌਤਿਕ ਚੌਗਿਰਦੇ ਦੀ ਇਸ ਤਰ੍ਹਾਂ ਵਧਾਈ ਗਈ ਕੀਮਤ ਕੇਵਲ ਲੇਪਾਪੋਚੀ ਦਾ ਹੀ ਕੰਮ ਨਹੀਂ ਕਰਦੀ। ਜਿਸ ਤਰ੍ਹਾਂ ਬੱਚਾ ਭੌਤਿਕ ਸਪੇਸ ਨਾਲ ਅਤੇ ਸਿੱਖਿਆ ਦੇ ਅਮਲ ਨਾਲ ਜੁੜਦਾ ਹੈ ਇਹ ਉਸ ਵਿੱਚ ਵੀ ਇੱਕ ਮੂਲ ਰੂਪਾਂਤਰਣ ਲਿਆ ਦਿੰਦੀ ਹੈ।

ਦੇਸ਼ ਦੇ ਕਈ ਭਾਗਾਂ ਵਿੱਚ ਸਕੂਲਾਂ ਦੇ ਜਮਾਤਾਂ ਦੇ ਕਮਰਿਆਂ ਦੀਆਂ ਕੰਧਾਂ ਉੱਪਰ ਰੋਗਨ ਨਾਲ ਪੱਕੀ ਤਰ੍ਹਾਂ ਹੀ ਕਈ ਚਿਤਰ ਬਣਾਏ ਹੁੰਦੇ ਹਨ। ਅਜਿਹੇ ਚਿਤਰ ਜ਼ਿਆਦਾ ਉਤੇਜਤ ਕਰਦੇ ਹਨ। ਸਮਾਂ ਪਾਕੇ ਫਿੱਕੇ ਪੈਣ ਲੱਗਦੇ ਹਨ ਅਤੇ ਉਸ ਸਥਾਨ ਦਾ ਗੁਣ ਵਧੌਣੋ ਹਟ ਜਾਂਦੇ ਹਨ। ਇਸ ਦੀ ਜਗਾਹ ਸਕੂਲ ਦੇ ਮਹੌਲ ਵਿੱਚ ਰੰਗ ਭਰ ਦੇਣ ਦੇ ਲਈ ਧਿਆਨ ਨਾਲ ਚੁਣੇ ਤੇ ਛੋਟੇ ਅਕਾਰ ਦੇ ਕੁਝ ਚਿਤਰ ਹੀ ਵਧੀਆ ਭੂਮਿਕਾ ਨਿਭਾਅ ਸਕਦੇ ਹਨ।

ਦਿਵਾਰਾਂ ਦਾ ਬਹੁਤਾ ਹਿੱਸਾ ਬੱਚਿਆਂ ਦੀਆਂ ਅਪਣੀਆਂ ਕਿਰਤਾਂ ਦੇ ਵਾਸਤੇ ਵਰਤਿਆ ਜਾਣਾਂ ਚਾਹੀਦਾ ਹੈ। ਜਾਂ ਫਿਰ ਅਧਿਆਪਕਾਂ ਦੇ ਬਣਾਏ ਚਾਰਟ ਲੱਗ ਜਾਣ। ਇਹ ਸਭ ਕੁਝ ਹਰ ਮਹੀਨੇ ਬਦਲਿਆ ਜਾਵੇ ਤਾਂ ਚੰਗਾ ਹੋਵੇਗਾ। ਕੰਧਾਂ ਉੱਪਰ ਅਜਿਹੀਆਂ ਪ੍ਰਦਰਸ਼ਨੀਆਂ ਦੀ ਤਿਆਰੀ ਹੀ ਅਪਣੇ ਆਪ ਵਿੱਚ ਬੱਚਿਆਂ ਦੇ ਵਾਸਤੇ ਵਾਹਵਾ ਚੰਗਾ ਸਿੱਖਣ ਦਾ ਮੌਕਾ ਬਣ ਸਕਦੀ ਹੈ।

**ਭੌਤਿਕ ਚੌਗਿਰਦੇ ਰਾਹੀਂ ਸਿੱਖਣਾ**

ਬੱਚੇ ਅਪਣੇ ਵਿਸ਼ਵ ਨੂੰ ਕਿੰਨ੍ਹੀਆਂ ਸਾਰੀਆਂ ਇੰਦਰੀਆਂ ਰਾਹੀਂ ਗ੍ਰਹਿਣ ਕਰਦੇ ਹਨ, ਖਾਸ ਕਰਕੇ ਛੋਹਣ ਅਤੇ ਦ੍ਰਿਸ਼ਟੀ ਦੀਆਂ ਇੰਦਰੀਆਂ ਦੇ ਨਾਲ। ਤਿੰਨ-ਪਰਤੀ ਸਪੇਸ ਬੱਚੇ ਦੇ ਵਾਸਤੇ ਸਿੱਖਣ ਦਾ ਬੜਾ ਅਦਭੁਤ ਜਰੀਹਾ ਹੋ ਸਕਦੀ ਹੈ, ਕਿਉਂਕਿ ਇਹ ਪਾਠ-ਪੁਸਤਕਾਂ ਅਤੇ ਬਾਕੀ ਪਿਛੋਕੜ ਦੇ ਨਾਲ ਬਹੁ ਇੰਦਰਿਆਵੀ ਅਨੁਭਵ ਨੂੰ ਸ਼ਾਮਲ ਕਰ ਦਿੰਦੀ ਹੈ। ਸਪੇਸ ਦੀਆਂ ਪਰਤਾਂ ਜਿਵੇਂ ਕਿ ਬਨਾਵਟ, ਆਕਾਰ, ਕੋਣ, ਗਤੀਆਂ, ਅਤੇ ਸਪੇਸ ਦੇ ਪੱਖ ਜਿਵੇਂ ਕਿ ਅੰਦਰ-ਬਾਹਰ, ਹੇਠ-ਉੱਤੇ ਆਦਿ ਵਰਗੀਆਂ ਸਮਤਾਵਾਂ ਨੂੰ ਭਾਸ਼ਾ, ਵਿਗਿਆਨ, ਗਣਿਤ ਅਤੇ ਵਾਤਾਵਰਣ ਦੇ ਕਈ ਮੁਢਲੇ ਸੰਕਲਪ ਚਿਤਰਣ ਵਾਸਤੇ ਵਰਤਿਆ ਜਾ ਸਕਦਾ ਹੈ। ਇਹ ਸੰਕਲਪ ਪਹਿਲਾਂ ਹੈਗੇ ਅਤੇ ਨਵੇਂ ਬਣਾਏ ਜਾਣ ਵਾਲੇ ਸਥਾਨਾਂ ਪੁਰ ਲਾਗੂ ਕੀਤੇ ਜਾ ਸਕਦੇ ਹਨ।

- ✓ **ਜਮਾਤ ਦੇ ਕਮਰੇ ਦੀ ਥਾਂ:** ਬਾਰੀ ਨਾਲ ਲੱਗਦੀ ਸੁਰੱਖਿਆ ਵਾਲੀ ਗਰਿੱਲ ਬੱਚਿਆਂ ਦੇ ਲਿਖਣ ਤੋਂ ਪਹਿਲੇ ਅਭਿਆਸ ਦੇ ਵਾਸਤੇ ਜਾਂ ਫ੍ਰੈਕਸ਼ਨਾਂ ਦੇ ਸਮਝਣ ਲਈ ਵਰਤੀ ਜਾ ਸਕਦੀ ਹੈ। ਕੋਣਾਂ ਦੇ ਸੰਕਲਪ ਨੂੰ ਸਮਝਾਉਣ ਦੇ ਲਈ ਫਰਸ਼ ਉੱਪਰ ਤਾਕ-ਸ਼ੱਟਰ ਦੇ ਨਾਲ ਨਿਸ਼ਾਨ ਲਾਕੇ ਸਮਝਾਇਆ ਜਾ ਸਕਦਾ ਹੈ। ਕਿਸੇ ਅਲਮਾਰੀ ਨੂੰ ਜਰਾ ਬਦਲ ਕੇ ਲਾਇਬ੍ਰੇਰੀ ਤਰ੍ਹਾਂ

ਵਰਤਿਆ ਜਾ ਸਕਦਾ ਹੈ। ਛੱਤ ਵਾਲੇ ਪੱਖੇ ਨੂੰ ਕਈ ਰੰਗਾਂ ਦੇ ਨਾਲ ਚੱਕਰਦਾਰ ਰੰਗ ਕਰਕੇ ਬੱਚਿਆਂ ਨੂੰ ਲਗਾਤਾਰ ਬਦਲਦੇ ਰੂਪ ਅਕਾਰਾਂ ਦਾ ਅਨੰਦ ਦੁਆਇਆ ਜਾ ਸਕਦਾ ਹੈ।

- ✓ **ਅੱਧ-ਖੁੱਲ੍ਹੀ ਜਾਂ ਬਾਹਰਲੀ ਥਾਂ:** ਝੰਡੇ ਵਾਲੇ ਖੰਭੇ ਦੇ ਪ੍ਰਸ਼ਾਵੇਂ ਨੂੰ ਸਮੇਂ ਨੂੰ ਮਾਪਣ ਦੇ ਭਿੰਨ ਭਿੰਨ ਤਰੀਕਿਆਂ ਦੇ ਲਈ ਵਰਤਿਆ ਜਾ ਸਕਦਾ ਹੈ। ਅਜਿਹੇ ਰੁੱਖ ਲਾਏ ਜਾ ਸਕਦੇ ਹਨ ਜਿੰਨ੍ਹਾਂ ਦੇ ਪੱਤੇ ਸਰਦੀਆਂ ਵਿੱਚ ਝੜ ਜਾਂਦੇ ਹਨ ਤੇ ਗਰਮੀਆਂ ਵਿੱਚ ਹਰੇ ਹੋ ਜਾਂਦੇ ਹਨ। ਇਹਦੇ ਨਾਲ ਕਮਰਿਓਂ ਬਾਹਰ ਅਰਾਮ ਨਾਲ ਸਿੱਖਣ ਦੇ ਲਈ ਜਗਾਹ ਬਣ ਸਕਦੀ ਹੈ। ਸਿਰਫ ਫੈਂਕੇ ਹੋਏ ਟਾਇਰਾਂ ਨੂੰ ਵਰਤਕੇ ਇੱਕ ਖੇਡ੍ਹ ਦਾ ਮੈਦਾਨ ਬਣਾਇਆ ਜਾ ਸਕਦਾ ਹੈ। ਬੱਸ, ਗੱਡੀ, ਡਾਕਖਾਨਾਂ ਜਾਂ ਦੁਕਾਨ ਦਾ ਅਨੁਭਵ ਕਰਵਾ ਦੇਣ ਲਈ ਕਿਸੇ ਕਾਊਂਟਰ ਆਦਿ ਨੂੰ ਵਰਤਿਆ ਜਾ ਸਕਦਾ ਹੈ। ਕਿਸੇ ਕੰਮ ਆਉਂਦੀ ਥਾਂ ਨੂੰ ਮਿੱਟੀ ਤੇ ਰੇਤ ਦੇ ਨਾਲ ਭਾਰਤੀ ਨਕਸ਼ੇ ਦੇ ਇੱਕ ਆਕਾਰ ਦੇ ਅੰਦਰ ਖੁਦ ਦੀਆਂ ਪਹਾੜੀਆਂ, ਦਰਿਆ, ਵਾਦੀਆਂ ਬਣਾ ਕੇ ਦੇਖਣ ਦੇ ਲਈ ਵਰਤਿਆ ਜਾ ਸਕਦਾ ਹੈ। ਪੁਲਾੜ ਦੀ ਖੋਜ਼ ਅਤੇ ਤਿੰਨ-ਪਰਤੀ ਸਪੇਸ ਦੀ ਢੂੰਡ ਹੋ ਸਕਦੀ ਹੈ। ਪੌਦਿਆਂ ਅਤੇ ਰੱਖਾਂ ਵਾਲੇ ਕੁਦਰਤੀ ਵਾਤਾਵਰਣ ਦੀ ਵਰਤੋਂ ਨਾਲ ਬੱਚਿਆਂ ਨੂੰ ਅਪਣੇ ਖੁਦ ਦੇ ਪਾਠ-ਸਮਾਨ ਤੇ ਰੰਗ ਬਨਾਉਣ ਅਤੇ ਨੁੱਕੜਾਂ ਅਤੇ ਸਿਰਿਆਂ ਦੀ ਲੱਭ ਲਭਾਈ ਕਰ ਲੈਣ ਦੇਣਾ। ਜੜੀਆਂ ਬੂਟੀਆਂ ਉਗਾਉਣ ਅਤੇ ਬਾਰਸ਼ ਦਾ ਪਾਣੀ ਇਕੱਠਾ ਕਰਨਾ।

ਕਈਆਂ ਸਕੂਲਾਂ ਵਿੱਚ ਖੁੱਲ੍ਹੇ ਮੈਦਾਨ ਵਿੱਚ ਹੋਣ ਵਾਲੇ ਸਿੱਖਿਆ ਦੇ ਕਾਰਜਾਂ ਲਈ ਮੈਦਾਨ ਨਹੀਂ ਹਨ। ਇਹਦੇ ਨਾਲ ਪਾਠਕ੍ਰਮ ਵਿੱਚ ਦਿੱਤੇ ਹੋਏ ਕਾਰਜਾਂ ਦੇ ਸਿੱਖਣ ਅਤੇ ਉਨ੍ਹਾਂ ਦੀ ਗੁਣਵੱਤਾ ਗਿਰ ਜਾਂਦੀ ਹੈ।

ਸਕੂਲਾਂ, ਸੈਂਟਰਾਂ ਅਤੇ ਬਲਾਕਾਂ ਦੇ ਮੁਖੀ ਅਤੇ ਅਹੁਦੇਦਾਰਾਂ ਨੂੰ ਚਾਹੀਦਾ ਹੈ ਕਿ ਉਹ ਅਧਿਆਪਕ ਦੀ ਇਸ ਗੱਲ ਵਿੱਚ ਮਦਦ ਕਰਨ ਕਿ ਸਕੂਲਾਂ ਵਿੱਚ ਪੜ੍ਹਈ ਵਿੱਚ ਵਰਤਿਆ ਜਾਣ ਵਾਲਾ ਕੁਝ ਤਾਂ ਸਮਾਨ ਮੁਹਈਆ ਕਰਾਉਣ। ਲੋੜ ਅਨੁਸਾਰ ਪਾਠ ਦੀ ਯੋਜਨਾਂ ਨੂੰ ਬਦਲ ਲੈਣ ਦੀ ਇਜ਼ਾਜਤ ਵੀ ਦੇਣ। ਇਹਦੇ ਨਾਲ ਪਾਠਕ੍ਰਮ ਦੇ ਟੀਚਿਆਂ ਨੂੰ ਹਾਂਸਲ ਕਰ ਲੈਣ ਵਿੱਚ ਸਹੂਲਤ ਹੋਵੇ। ਇਹ ਲੱਗ ਭੱਗ ਸਕੂਲ ਵਿੱਚਲੇ ਜੀਵਨ ਨਾਲ ਸਬੰਧਤ ਸਭ ਕੁਝ ਉੱਪਰ ਲਾਗੂ ਹੁੰਦਾ ਹੈ।

ਕਈ ਨਵੇਂ ਸਿੱਖਲਾਈ ਸ਼ਾਸ਼ਤਰ ਅਜਿਹੇ ਜਤਨਾਂ ਰਾਹੀਂ ਅੱਗੇ ਆਏ ਹਨ ਜੋ DPEP ਦੇ ਸੁਝਾਏ ਹੋਏ ਹਨ। ਕਿਹਾ ਗਿਆ ਹੈ ਕਿ ਜਮਾਤਾਂ ਦੇ ਕਮਰਿਆਂ ਦੇ ਰੱਖ-ਰਖਾਵ ਇੱਕ ਤਰ੍ਹਾਂ ਢਾਲੇ ਜਾਣ। ਬੱਚੇ ਛੋਟੀਆਂ ਟੁਕੜੀਆਂ ਵਿੱਚ ਤੇ ਜਾਂ ਵੱਡੇ ਘੇਰਿਆਂ ਵਿੱਚ ਕਹਾਣੀਆਂ ਸੁਣਨ ਦੇ ਲਈ ਬੈਠ ਸਕਣ। ਕੁਝ ਅਪਣਾਂ ਹੀ ਪੜ੍ਹਨ-ਲਿਖਣ ਲਈ ਬੈਠ ਸਕਣ। ਰਡੀਓ ਜਾਂ ਟੀਵੀ ਪੁਰ ਕਿਸੇ ਪ੍ਰਸਾਰਣ ਨੂੰ ਸੁਣਨ-ਦੇਖਣ ਲਈ ਟੋਲੀਆਂ ਵਿੱਚ ਬੈਠ ਜਾਣ। ਇਹਦੇ ਵਾਸਤੇ, ਕੁਰਸੀਆਂ, ਬੈਂਚਾਂ ਜਾਂ ਦਰੀਆਂ ਨੂੰ ਫੇਰ ਬਦਲ ਕੇ ਟਿਕਾਇਆ ਜਾ ਸਕਦਾ ਹੈ। ਕਈ ਸਕੂਲਾਂ ਨੇ ਐਹੋ ਜਿਹੇ ਸਧਾਰਨ ਕਾਰਜਾਂ ਲਈ ਕੰਮ ਆਉਂਦਾ ਬੈਠਣ ਵਾਲਾ ਸਮਾਨ ਖਰੀਦਣਾਂ ਅਰੰਭ ਕਰ ਦਿੱਤਾ ਹੈ।

ਜਮਾਤਾਂ ਵਿੱਚ ਬੈਠਣ ਵਾਸਤੇ ਇੱਕ ਇੱਕ ਬੱਚੇ ਲਈ ਛੋਟੀਆਂ ਚੌਂਕੀਆਂ, ਇੱਕ ਜਣੇ ਲਈ ਤੇ ਜਾਂ ਜੋੜਿਆਂ ਲਈ ਡੈਸਕ ਜਾਂ ਕੁਰਸੀਆਂ ਅਤੇ ਦਰੀਆਂ ਅਜਿਹੇ ਕਮਰਿਆਂ ਵਿੱਚ ਚੰਗਾ ਕੰਮ ਦਿੰਦੀਆਂ ਹਨ। ਉਹ ਅੰਗਹੀਣਾਂ ਦੇ ਲਈ ਵੀ ਲੋੜ ਅਨੁਸਾਰ ਫੇਰ ਬਦਲ ਕਰਕੇ ਵਰਤੀਆਂ ਜਾ ਸਕਦੀਆਂ ਹਨ। ਪਰ ਹਾਲੇ ਵੀ ਕਈ ਸਕੂਲ ਧਾਤ ਦੇ ਬਣੇ ਭਾਰੇ ਅਤੇ ਲੰਮੇ ਬੈਂਚਾਂ ਉੱਪਰ ਪੈਸਾ ਖਰਚਦੇ ਹਨ। ਇਹ ਕੇਵਲ ਕਤਾਰਾਂ ਵਿੱਚ ਹੀ ਰੱਖੇ ਜਾ ਸਕਦੇ ਹਨ ਤੇ ਉਹੀ ਪੁਰਾਣੇ ਅਧਿਆਪਕ ਤੇ ਬਲੈਕ ਬੋਰਡ ਕੇਂਦਰਤ ਸਿੱਖਿਆ ਪ੍ਰਬੰਧ ਨੂੰ ਪੱਕਾ ਕਰਦੇ ਹਨ।

ਹੋਰ ਵੀ ਭੈੜੀ ਗੱਲ ਇਹ ਕਿ ਇਹਨਾਂ ਵਿੱਚੋਂ ਕਈਆਂ ਬੈਂਚਾਂ ਵਿੱਚ ਬੱਚਿਆਂ ਦਾ ਸਮਾਨ ਰੱਖਣ ਦੇ ਲਈ ਕੋਈ ਜਗਾਹ ਨਹੀਂ ਹੁੰਦੀ। ਨਾਂ ਹੀ ਉਹ ਬਹੁਤੇ ਚੌੜੇ ਹੁੰਦੇ ਤੇ ਢੋ ਲਾਉਣ ਦੇ ਲਈ ਵੀ ਕੁਝ ਨਹੀਂ ਹੁੰਦਾ। ਇਹਦੇ ਨਾਲ ਬੱਚੇ ਸੁਖ ਨਾਲ ਬੈਠ ਨਹੀਂ ਸਕਦੇ। ਬੈਠਣ ਦੇ ਅਜਿਹੇ ਸਮਾਨ ਦੇ ਸਕੂਲ ਵਿੱਚ ਵੜਨ ਪੁਰ ਪਬੰਦੀ ਲੱਗ ਜਾਣੀ ਚਾਹੀਦੀ ਹੈ।

ਸਕੂਲ ਵਿੱਚ ਪ੍ਰਪਤ ਕਮਰਿਆਂ ਦੀ ਜਗਾਹ ਦਾ ਸਿੱਖਿਆ ਦੇ ਸਾਧਨਾਂ ਦੇ ਰੂਪ ਵਿੱਚ ਭਰਪੂਰ ਲਾਭ ਉਠਾਇਆ ਜਾ ਸਕਦਾ ਹੈ। ਕਈ ਇਲਾਕਿਆਂ ਦੇ ਪ੍ਰਾਇਮਰੀ ਸਕੂਲਾਂ ਵਿੱਚ ਸਕੂਲ ਦੇ ਕਮਰਿਆਂ ਦੀਆਂ ਕੰਧਾਂ ਨੂੰ ਤਕਰੀਬਨ ਚਾਰ ਫੁੱਟ ਦੀ ਉਚਾਈ ਤੱਕ ਕਾਲਾ ਰੰਗ ਕਰ ਦਿੱਤਾ ਗਿਆ ਹੁੰਦਾ ਹੈ ਤਾਂ ਜੋ ਉਹਨਾਂ ਨੂੰ ਬਲੈਕ ਬੋਰਡ ਦੀ ਤਰ੍ਹਾਂ ਵਰਤਿਆ ਜਾ ਸਕੇ। ਕਈ ਸਕੂਲਾਂ ਵਿੱਚ ਪੜ੍ਹਨ ਦੇ ਕਾਰਜਾਂ ਵਿੱਚ ਵਰਤੇ ਜਾ ਸਕਣ ਦੇ ਲਈ ਰੇਖਾ-ਗਣਿਤ ਦੇ ਆਕਾਰ ਫਰਸ਼ ਉੱਪਰ ਵਾਹ ਦਿੱਤੇ ਜਾਂਦੇ ਹਨ। ਕਮਰੇ ਦੇ ਇੱਕ ਕੋਨੇ ਵਿੱਚ ਕਹਾਣੀਆਂ ਦੀਆਂ ਕਿਤਾਬਾਂ, ਬੁਝਾਰਤਾਂ ਵਾਲੇ ਕਾਰਡ ਅਤੇ ਹੋਰ ਖੁਦ ਵਰਤੇ ਜਾ ਸਕਦੇ ਸਿੱਖਿਆ ਦੇ ਸਮਾਨ ਨੂੰ ਟਿਕਾਇਆ ਜਾ ਸਕਦਾ ਹੈ। ਜਦ ਬੱਚੇ ਦਿੱਤੇ ਗਏ ਸਮੇਂ ਤੋਂ ਪਹਿਲਾਂ ਅਪਣੇ ਪਾਠਾਂ ਦਾ ਕੰਮ ਕਰ ਲੈਣ, ਉਹ ਇਸ ਕੋਨੇ ’ਚ ਆਕੇ ਰੁਝੇ ਰਹਿੰਣ ਦੇ ਲਈ ਕੁਝ ਨਾ ਕੁਝ ਉਠਾਅ ਸਕਦੇ ਹਨ।

ਬੱਚਿਆਂ ਨੂੰ ਅਜਿਹੇ ਕੰਮਾਂ ਵਿੱਚ ਹਿੱਸਾ ਲੈਣ ਦੇ ਲਈ ਉਤਸਾਹਤ ਕੀਤਾ ਜਾ ਸਕਦਾ ਹੈ ਜੋ ਸਕੂਲ ਤੇ ਜਮਾਤ ਦੇ ਕਮਰੇ ਨੂੰ ਪੜ੍ਹਨ, ਕੰਮ ਕਰਨ ਅਤੇ ਖੇਡਣ ਲਈ ਰੌਚਕ ਬਣਾ ਦੇਣ। ਬਹੁਤੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਸਫਾਈ ਆਦਿ ਵਿੱਚ ਹਿੱਸਾ ਲੈਣ ਦੇਣ ਦੀ ਕਾਫੀ ਚੰਗੀ ਪ੍ਰਥਾ ਚੱਲ ਰਹੀ ਹੈ। ਇਹਦੇ ਨਾਲ ਸਕੂਲ ਦੇ ਰੁਝਾਣ ਦੇ ਅੰਦਰ ਕੰਮ ਦੀ ਸ਼ਮੂਲੀਅਤ ਨੂੰ ਉਤਸਾਹ ਮਿਲਦਾ ਹੈ। ਪਰ ਇਹ ਕਾਫੀ ਦਿੱਲ ਦੁਖਾਉਣ ਵਾਲੀ ਗੱਲ ਹੈ ਕਿ ਕਈ ਸਕੂਲਾਂ ਵਿੱਚ ਇਹ ਕੰਮ ਜਾਂ ਤਾਂ ਕੁੜੀਆਂ ਨੂੰ ਤੇ ਜਾਂ ਪਛੜੀਆਂ ਜਾਤਾਂ ਦੇ ਬੱਚਿਆਂ ਨੂੰ ਕਰਨਾਂ ਪੈਂਦਾ ਹੈ।

ਜ਼ਿਆਦਾ ਅਮੀਰ ਸਕੂਲਾਂ ਵਿੱਚ ਬੱਚੇ ਅਜਿਹੀ ਕੌਈ ਜ਼ਿੰਮੇਦਾਰੀ ਨਹੀਂ ਨਿਭਾਉਂਦੇ ਅਤੇ ਸਫਈ ਵਗੈਰਾ ਵਰਗੇ ਕੰਮ ਬਹੁਤਾ ਕਰਕੇ ਭੈੜੀਆਂ ਹਰਕਤਾਂ ਆਦਿ ਲਈ ਸਜ਼ਾ ਦੇ ਬਦਲੇ ਵਿੱਚ ਦਿੱਤੇ ਜਾਂਦੇ ਹਨ। ਅਮੀਰ ਸਕੂਲਾਂ ਵਿੱਚ ਅਜਿਹੇ ਵਿਹਾਰ ਮਜਦੂਰੀ ਦੀ ਵੰਡ ਵਰਗੇ ਸਭਿਆਚਾਰ ਦੇ ਮੁੱਲਾਂ ਵਿੱਚੋਂ ਬਹਾਨੇ ਵਜੋਂ ਉੱਗਦੇ ਹਨ ਅਤੇ ਉਨ੍ਹਾਂ ਨੂੰ ਪੱਕਾ ਵੀ ਕਰਦੇ ਹਨ। ਇਹਦੇ ਨਾਲ ਹੀ ਪਿਤਾ ਪੁਰਖੀ ਧੰਦਿਆਂ ਦੀ ਪਛੜੀਆਂ ਜਾਤੀਆਂ ਦੇ ਨਾਲ ਪਛਾਣ ਪੱਕੀ ਕੀਤੀ ਤੁਰੀ ਜਾਂਦੀ ਹੈ।

ਕਿਉਂਕਿ ਸਕੂਲ ਸਰਬ ਜਨਕ ਜਗਾਹਵਾਂ ਹਨ, ਜਿੱਥੇ ਬਰਾਬਰੀ ਅਤੇ ਹਰ ਪ੍ਰਕਾਰ ਦੇ ਕੰਮ/ਮਜਦੂਰੀ ਦਾ ਸਤਿਕਾਰ ਵਰਗੇ ਗੁਣਾਂ ਦਾ ਬੋਲਬਾਲਾ ਹੋਣਾ ਜਰੂਰੀ ਹੈ, ਤਦ ਹੀ ਇਹ ਜਰੂਰੀ ਹੈ ਕਿ ਅਧਿਆਪਕ ਸੁਚੇਤ ਤੌਰਤੇ ਸਭਿਆਚਾਰਕ ਖਿਆਲਾਂ ਦੇ ਅਧਾਰ ਉੱਤੇ ਕੰਮ ਦੀ ਵੰਡ ਨਾ ਕਰਨ। ਇਸ ਦੇ ਉਲਟ ਜਮਾਤਾਂ ਦੇ ਕਮਰਿਆਂ ਨੂੰ ਸਾਫ ਰੱਖਣਾਂ ਅਤੇ ਚੀਜ਼ਾਂ ਨੂੰ ਉਨ੍ਹਾਂ ਦੀਆਂ ਥਾਵਾਂ ਪੁਰ ਰੱਖਣਾਂ ਪਾਠਕ੍ਰਮ ਦੇ ਕੁਝ ਐਹੋ ਜਿਹੇ ਅਨੁਭਵ ਹਨ, ਜਿੰਨ੍ਹਾਂ ਨਾਲ ਬੱਚੇ ਨਿੱਜੀ ਅਤੇ ਸਮੂਹਕ ਜ਼ਿੰਮੇਂਵਾਰੀ ਲੈਣੀ ਸਿੱਖਦੇ ਹਨ ਅਤੇ ਅਪਣੇ ਕਮਰਿਆਂ ਨੂੰ ਤੇ ਸਕੂਲਾਂ ਨੂੰ ਸੰਭਵ ਹੱਦ ਤੱਕ ਦਿਲਖਿੱਚ ਬਣਾਈ ਰੱਖਦੇ ਹਨ। ਇੱਕ ਵਡੇ ਸਮੂਹ ਦਾ ਹਿੱਸਾ ਹੋਣ ਦੀ ਸੂਝ ਅਤੇ ਉਸ ਸਮੂਹ ਦੇ

ਅੰਦਰ ਰਹਿਕੇ ਕੰਮ ਕਰਨ ਦੇ ਲਈ ਲੋੜੀਂਦੀਆਂ ਯੋਗਤਾਵਾਂ ਬੱਚਿਆਂ ਨੂੰ ਕਈ ਤਰੀਕਿਆਂ ਨਾਲ ਗ੍ਰਹਿਣ ਕਰਵਾਈਆਂ ਜਾ ਸਕਦੀਆਂ ਹਨ। ਉਹ ਵੀ ਓਦੋਂ ਜਦ ਬੱਚੇ ਜਮਾਤ ਅਤੇ ਸਕੂਲ ਵਿੱਚ ਗੱਲਬਾਤ ਕਰਦੇ ਹਨ।

ਜਮਾਤ ਦਾ ਆਕਾਰ ਇੱਕ ਅਜਿਹਾ ਤੱਤ ਹੈ ਜੋ ਅਧਿਆਪਕ ਦੀ ਜਮਾਤ ਨੂੰ ਪੜ੍ਹਾਉਣ ਦੇ ਲਈ ਚੁਣਨ ਵਾਲੀਆਂ ਵਿਧੀਆਂ ਦੀ ਚੋਣ ਅਤੇ ਪਾਠਕ੍ਰਮ ਉੱਪਰ ਅਸਰ ਪਾਉਂਦੇ ਹਨ। ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਅਨੁਭਵ ਨੇ ਇਹ ਦਿਖਾਇਆ ਹੈ ਕਿ ਸਕੂਲੀ ਸਿੱਖਿਆ ਦੇ ਕਿਸੇ ਵੀ ਪੱਧਰ ਉੱਪਰ 1:30 ਤੋਂ ਜ਼ਿਆਦਾ ਅਨੁਪਾਤ ਕਦੇ ਵੀ ਖਰਾ ਨਹੀਂ ਉਤਰਦਾ। ਕਾਫੀ ਅਰਸਾ ਪਹਿਲਾਂ 1966 ਵਿੱਚ ਕੋਠਰੀ ਕਮਿਸ਼ਨ ਦੀ ਰਿਪੋਟ ਨੇ ਇਹ ਤਾੜਨਾਂ ਕੀਤੀ ਸੀ ਕਿ ਵਡੇ ਅਕਾਰ ਦੀਆਂ ਜਮਾਤਾਂ 'ਪੜਾਈ ਦੀ ਗੁਣਵੱਤਾ ਦਾ ਬੜਾ ਨੁਕਸਾਨ ਕਰਦੀਆਂ ਹਨ' ਅਤੇ ਇਹ ਵੀ ਕਿ 'ਭੀੜਦਾਰ ਜਮਾਤਾਂ ਵਿੱਚ ਸਿਰਜਣਾਤਮਕ ਸਿੱਖਿਆ ਦੀ ਗੱਲ ਅਪਣਾ ਅਰਥ ਗੁਆ ਲੈਂਦੀ ਹੈ' (1966: 413 ਅਤੇ 415)

ਅਸਲ ਵਿੱਚ ਸਿੱਖਿਅਕ ਲਈ ਸਹੂਲਤ ਵਾਲਾ ਅਤੇ ਕਾਰਜ਼ ਕੇਂਦਰਤ ਸੰਧਰਭ ਸਿਰਜਣ ਦੇ ਲਈ ਪੜ੍ਹਈ ਦੀਆਂ ਸਹੂਲਤਾਂ ਦਾ ਸੰਰਚਤ ਹੋਣਾਂ ਜਰੂਰੀ ਹੈ। ਸਪੇਸ, ਇਮਾਰਤ ਅਤੇ ਮੇਜ ਕੁਰਸੀਆਂ ਆਦਿ ਦੇ ਲਈ ਨੇਮ ਅਤੇ ਮਿਆਰ ਬੰਨ੍ਹ ਦੇਣ ਨਾਲ ਗੁਣਵੱਤਾ ਦੀ ਇੱਕ ਬੜੀ ਵੱਖਰੀ ਕਿਸਮ ਦੀ ਭਾਵਨਾਂ ਪੈਦਾ ਕਰਨ ਉੱਪਰ ਚੰਗਾ ਅਸਰ ਹੁੰਦਾ ਹੈ।

- **ਸਥਾਨ** ਦੇ ਨੇਮ: ਉਮਰ, ਟੋਲੀ ਦੇ ਆਕਾਰ ਨਾਲ, ਅਧਿਆਪਕ-ਬੱਚੇ ਦੇ ਅਨੁਪਾਤ ਨਾਲ, ਅਤੇ ਕੀਤੇ ਜਾਣ ਵਾਲੇ ਕਾਰਜ ਦੇ ਸੁਭਾਅ ਨਾਲ ਸਬੰਧਤ ਹਨ।
- **ਇਮਾਰਤ** ਦੇ ਸਮਾਨ: ਇਮਾਰਤਸਾਜੀ ਦੀਆਂ ਸ਼ੈਲੀਆਂ ਅਤੇ ਸ਼ਿਲਪ ਦਾ ਸਬੰਧ ਖਾਸ ਜਗਾਹ ਅਤੇ ਸਭਿਆਚਾਰ ਦੇ ਨਾਲ ਹੈ। ਇਹ ਮੌਸਮ, ਕੁਦਰਤੀ ਪਾਸਾਰ ਅਤੇ ਮਿਲ ਸਕਣ ਉੱਪਰ ਵੀ ਨਿਰਭਰ ਕਰਦੇ ਹਨ। ਸੁਰੱਖਿਆ ਅਤੇ ਸਫਾਈ ਦੇ ਨਾਲ ਤਾਂ ਸਮਝੌਤਾ ਹੋ ਹੀ ਨਹੀਂ ਸਕਦਾ। ਟੱਟੀਆਂ ਦੇ ਲਈ

ਸਸਤੇ ਡਿਜਾਈਨ ਆਮ ਮਿਲਦੇ ਹਨ। ਪਰ ਇਹ ਜਰੂਰੀ ਤਾਂ ਨਹੀਂ ਕਿ ਇੱਕੋ ਹੀ ਤਰ੍ਹਾਂ ਦੀਆਂ ਸਕੂਲੀ ਇਮਾਰਤਾਂ ਸਾਰੇ ਹੀ ਭਾਰਤ ਵਿੱਚ ਦਿਸਦੀਆਂ ਹੋਣ।

- **ਫਰਨੀਚਰ** ਦੇ ਨੇਮ ਉਮਰ ਅਤੇ ਹੋਣ ਵਾਲੇ ਕਾਰਜ ਦੇ ਨਾਲ ਢੁਕਦੇ ਹੋਣ। ਪ੍ਰਯੋਗਸ਼ਾਲਾਵਾਂ ਅਤੇ ਹੋਰ ਖਾਸ ਸਥਾਨਾਂ ਨੂੰ ਛੱਡਕੇ ਬਾਕੀ ਸਾਰਾ ਸਮਾਨ ਅਸਾਨੀ ਨਾਲ ਚੱਕਿਆ ਰੱਖਿਆ ਜਾ ਸਕਦਾ ਹੋਵੇ।
- **ਮਸ਼ੀਨਰੀ** (ਕਿਤਾਬਾਂ ਸਮੇਤ): ਉਸ ਸਾਰੀ ਮਸ਼ੀਨਰੀ ਦੀ ਸੂਚੀ ਪੱਕੀ ਕਰ ਲਈ ਜਾਵੇ ਜੋ ਲਾਜਮੀ ਹੈ ਤੇ ਉਹ ਜਿਸ ਬਿਨਾਂ ਸਰ ਸਕਦਾ ਹੋਵੇ। ਇਹਦੇ ਵਿੱਚ ਅਜਿਹੇ ਸਭਿਆਚਾਰਕ, ਸਸਤੇ ਅਤੇ ਸੌਖ ਨਾਲ ਮਿਲ ਸਕਦੇ ਸਥਾਨਕ ਮਾਲ ਅਤੇ ਉਤਪਾਦਨਾਂ ਦਾ ਵੀ ਜ਼ਿਕਰ ਹੋਵੇ।
- **ਸਮਾਂ**: ਖਾਸ ਜਗਾਹ ਅਤੇ ਉਮਰ ਪੁਰ ਲਾਗੂ ਹੁੰਦੇ ਮਾਨਾਂ ਦੇ ਨੇਮ ਸਮੇਂ ਸਾਰਣੀਆਂ ਅਤੇ ਮੌਸਮੀਂ ਕਲੰਡਰਾਂ ਉੱਪਰ ਵੀ ਲਾਗੂ ਹੁੰਦੇ ਹਨ।

## 4.2 ਮਦਦਗਾਰ ਮਹੌਲ ਨੂੰ ਪ੍ਰਫੁੱਲਤ ਕਰਨਾ

ਸਰਵਜਨਕ ਸਥਾਨ ਹੋਣ ਕਰਕੇ ਸਕੂਲਾਂ ਨੂੰ ਬਰਾਬਰੀ, ਸਮਾਜਕ ਨਿਆਂ ਅਤੇ ਭਿੰਨਤਾ ਦੇ ਲਈ ਸਤਿਕਾਰ ਵਾਲੇ ਗੁਣਾਂ ਕਰਕੇ, ਅਤੇ ਬੱਚਿਆਂ ਦੇ ਅਧਿਕਾਰਾਂ ਅਤੇ ਸਨਮਾਨ ਕਰਕੇ ਅਲੱਗ ਹੀ ਹੋਣੇ ਚਾਹੀਦੇ ਹਨ। ਇਹ ਗੁਣ ਬੜੇ ਸੁਚੇਤ ਤੌਰਤੇ ਸਕੂਲ ਦੇ ਪਰਿਪੇਖ ਦਾ ਹਿੱਸਾ ਬਣਨੇ ਅਤੇ ਸਕੂਲੀ ਅਮਲ ਦੀ ਨੀਂਹ ਬਣ ਜਾਣੇ ਜਰੂਰੀ ਹਨ। ਸਿੱਖਿਆ ਵਾਸਤੇ ਮਦਦਗਾਰ ਮਹੌਲ ਉਹ ਹੈ ਜਿਸ ਵਿੱਚ ਬੱਚੇ ਸੁਰੱਖਿਅਤ ਮਹਿਸੂਸ ਕਰਨ, ਜਿੱਥੇ ਡਰ ਦਾ ਨਾਮ ਵੀ ਨਾ ਹੋਵੇ, ਜਿੱਥੇ ਰਿਸ਼ਤਿਆਂ ਉੱਪਰ ਬਰਾਬਰੀ ਅਤੇ ਨਿਰਪੱਖਤਾ ਦਾ ਰਾਜ ਹੋਵੇ। ਅਕਸਰ ਇਸ ਵਾਸਤੇ ਅਧਿਆਪਕ ਵੱਲੋਂ ਕੋਈ ਖਾਸ ਜਤਨਾਂ ਦੀ ਲੋੜ ਨਹੀਂ ਹੁੰਦੀ। ਹੋਣਾਂ ਏਨਾਂ ਹੀ ਚਾਹੀਦਾ ਹੈ ਕਿ ਅਧਿਆਪਕ ਬੱਚਿਆਂ ਵਿੱਚ ਪੱਖਪਾਤ ਨਾਂ ਵਰਤੇ ਅਤੇ ਬਰਾਬਰੀ ਵਾਲਾ ਵਿਹਾਰ ਕਰੇ।

ਅਧਿਆਪਕ ਅਪਣੇ ਜਮਾਤਾਂ ਦੇ ਕਮਰਿਆਂ ਨੂੰ ਅਜਿਹੀਆਂ ਥਾਵਾਂ ਦੀ ਤਰ੍ਹਾਂ ਪ੍ਰਫੁੱਲਤ ਕਰਨ ਜਿੱਥੇ ਬੱਚੇ ਅਜ਼ਾਦੀ ਨਾਲ ਸੁਆਲ ਪੁੱਛ ਸਕਣ, ਚੱਲ ਰਹੇ ਸਬਕ ਦੇ ਦੌਰਾਨ ਅਪਣੇ ਅਧਿਆਪਕ ਅਤੇ ਹਾਣੀਆਂ ਨਾਲ ਗੱਲਬਾਤ ਕਰ ਸਕਣ। ਜਿੰਨੀ ਦੇਰ ਉਹ ਅਪਣੇ ਅਨੁਭਵ ਸਾਂਝੇ ਨਾ ਕਰ ਸਕਣ, ਅਪਣੇ ਛੱਕ ਸਪਸ਼ਟ ਨਾ ਕਰ ਸਕਣ ਤੇ ਸੁਆਲ ਪੁੱਛ ਲੈਣ, ਉਹ ਕੁਝ ਸਿਖ ਨਹੀਂ ਸਕਦੇ।

ਜੇ ਬੱਚਿਆਂ ਦੀਆਂ ਟਿੱਪਣੀਆਂ ਨੂੰ ਅਣਦੇਖਾ ਕਰ ਦੇਣ ਦੀ ਬਜਾਏ ਜਾਂ ਚੁੱਪ ਰੱਖਣ ਦੇ ਨੇਮ ਲਾਗੂ ਕਰਕੇ ਉਨ੍ਹਾਂ ਦੇ ਹੋਠ ਸੀਂ ਨਾਂ ਦਿੱਤੇ ਹੋਣ, ਅਤੇ ਵਰਤੀ ਜਾਣ ਵਾਲੀ ਭਾਸ਼ਾ ਉੱਪਰ ਰੋਕਾਂ ਨਾਂ ਲਾ ਦਿੱਤੀਆਂ ਹੋਣ, ਸਗੋਂ ਅਧਿਆਪਕ ਬੱਚਿਆਂ ਨੂੰ ਗੱਲ ਕਰਨ ਦੇ ਲਈ ਉਤਸਾਹਤ ਕਰਨ, ਤਾਂ ਉਨ੍ਹਾਂ ਨੂੰ ਜਮਾਤਾਂ ਦੇ ਕਮਰੇ ਬੜੇ ਜੀਵੰਤ

ਸਥਾਨ ਲੱਗਣਗੇ। ਪੜ੍ਹਾਈ ਵੀ ਪਹਿਲਾਂ ਪਤਾ ਹੋਣ ਵਾਲੀ ਅਤੇ ਫੋਕੀ ਨਹੀਂ ਲੱਗਣ ਦੀ ਥਾਂ ਮਨਾਂ ਨੂੰ ਟੁੰਬਣ ਵਾਲੀ ਇੱਕ ਲੱਭਤ ਲੱਗੇਗੀ। ਐਹੋ ਜਿਹਾ ਮਹੌਲ ਹਰ ਉਮਰ ਦੇ ਸਿਖਿਆਰਥੀਆਂ ਦਾ ਸਵੈ-ਵਿਸ਼ਵਾਸ ਅਤੇ ਸਵੈ-ਸਤਿਕਾਰ ਵਧਾਉਂਦਾ ਹੈ। ਇਹ ਸਿੱਖਿਆ ਦੀ ਗੁਣਵੱਤਾ ਨੂੰ ਵਧਾਉਣ ਲਈ ਵੀ ਬਹੁਤ ਸਹਾਇਕ ਹੋਵੇਗਾ।

ਅਧਿਆਪਕ ਅਤੇ ਵਿਦਿਆਰਥੀ ਸਕੂਲ ਵਿੱਚ ਇੱਕ ਦਿਨ ਵਿੱਚ ਔਸਤਨ 6 ਘੰਟੇ, ਅਤੇ ਇੱਕ ਸਾਲ ਵਿੱਚ 1,000 ਘੰਟੇ ਇਕੱਠੇ ਬਿਤਾਉਂਦੇ ਹਨ। ਜਿਸ ਭੌਤਿਕ ਵਾਤਾਵਰਨ ਵਿੱਚ ਉਹ ਅਪਣੇ ਅਪਣੇ ਕੰਮ ਕਰਦੇ ਹਨ ਮਨ ਉਹ ਭਾਉਂਦਾ ਹੋਵੇ। ਕਿਸੇ ਹੱਦ ਤੱਕ ਸੁਖ ਦਾਇਕ ਹੋਵੇ ਤੇ ਕੰਮ ਕਰਨ ਦੇ ਲਈ ਵੀ ਖੁਸ਼ਗਵਾਰ ਜਗਾਹ ਲੱਗੇ। ਇਹਦੇ ਵਾਸਤੇ ਸਕੂਲ ਵਿੱਚ ਘੱਟ ਤੋਂ ਘੱਟ ਸਹੂਲਤਾਂ ਜਿਵੇਂ ਕਿ ਲੋੜੀਂਦੇ ਮੇਜ਼ ਕੁਰਸੀਆਂ ਵਗੈਰਾ ਤੇ ਹੋਰ ਮੁਢਲੀਆਂ ਲੋੜਾਂ (ਟੱਟੀਆਂ, ਪਾਣੀ) ਆਦਿ ਹੋਣ।

ਪੇਂਡੂ ਇਲਾਕਿਆਂ ਵਿੱਚ ਬਹੁਤ ਸਾਰੇ ਸਕੂਲ ਹਨ, ਖਾਸ ਕਰਕੇ ਪਛੜੀਆਂ ਜਾਤੀਆਂ ਅਤੇ ਜਨ ਜਾਤੀਆਂ ਦੀਆਂ ਬਹਿਕਾਂ ਵਿੱਚਲੇ ਸਕੂਲ, ਤੇ ਏਵੇਂ ਹੀ ਸ਼ਹਿਰਾਂ ਦੀਆਂ ਗਰੀਬ ਝੁੱਗੀਆਂ ਵਿੱਚਲੇ ਸਕੂਲ ਜਿੱਥੇ ਇਸ ਦੇ ਬਾਰੇ ਸਰਕਾਰੀ ਮਿਆਰ ਮਿਥੇ ਹੋਣ ਦੇ ਬਾਵਜੂਦ ਅਜੇ ਤੱਕ ਐਹੋ ਜਿਹੀਆਂ ਮੁਢਲੀਆਂ ਸਹੂਲਤਾਂ ਨਹੀਂ ਦੇ ਹੋਈਆਂ। ਹੈੱਡ ਮਾਸਟਰਾਂ ਦੇ ਸਮੇਤ ਪਿੰਡ ਦੀ ਸਿੱਖਿਆ ਕਮੇਟੀ ਜਾਂ ਸਕੂਲ ਵਿਕਾਸ ਅਤੇ ਨਿਗਰਾਨ ਕਮੇਟੀ ਅਤੇ ਅਧਿਆਪਕਾਂ ਨੂੰ ਸਹੂਲਤਾਂ ਅਤੇ ਠੋਸ ਸਾਜ-ਸਮਾਨ ਦੇ ਬਾਰੇ ਰਾਜਾਂ ਦੇ ਅਜਿਹੇ ਸਰਕਾਰੀ ਮਿਆਰਾਂ ਤੋਂ ਜਾਣੂੰ ਹੋਣ ਦੀ ਲੋੜ ਹੈ। ਜਿਨ੍ਹਾਂ ਸਥਾਨਾਂ ਪੁਰ ਇਹ ਸਹੂਲਤਾਂ ਸਹੀ ਮਾਤਰਾ ਵਿੱਚ ਨਹੀਂ ਹਨ, ਓਥੇ ਇਨ੍ਹਾਂ ਦੇ ਦਿੱਤੇ

ਜਾਣ ਲਈ ਕੋਸ਼ਿਸ਼ ਕੀਤੀ ਜਾਵੇ ਤਾਂ ਜੋ ਸਕੂਲ ਦਾ ਸਿਲਸਿਲਾ ਘੱਟ ਤੋਂ ਘੱਟ ਔਖ ਨਾਲ ਚੱਲ ਸਕੇ।

ਇਹ ਵੀ ਕਿ ਜੇ ਸਰਕਾਰੀ ਸਹਾਇਤਾ ਨਾਂ ਮਿਲ ਰਹੀ ਹੋਵੇ ਤੇ ਜਾਂ ਸਮੇਂ ਸਿਰ ਨਾ ਪਹੁੰਚ ਰਹੀ ਹੋਵੇ ਤਾਂ ਸਥਾਨਕ ਭਾਈਚਾਰੇ ਇਹਨਾਂ ਦੇ ਵਾਸਤੇ ਜੋਰ ਪਾਉਣ। ਉਨ੍ਹਾਂ ਦੀ ਸ਼ਮੂਲੀਅਤ ਸਦਕਾ ਅਤੇ ਅਜਿਹੇ ਜਤਨਾਂ ਨੂੰ ਅਸਰਦਾਰ ਬਣਾ ਦੇਣ ਲਈ ਸਹਿਮਤੀ ਸਦਕਾ ਸਕੂਲ ਦੇ ਅਧਿਆਪਕਾਂ ਦੀ ਅਕਾਦਮਿਕ ਕੰਮਾਂ ਵੱਲ ਵੱਧ ਧਿਆਨ ਦੇਣ ਵਿੱਚ ਮਦਦ ਕਰ ਸਕਦਾ ਹੈ।

ਅਧਿਆਪਕ ਅਤੇ ਬੱਚੇ ਵਡੇ ਸਮਾਜ ਦਾ ਅੰਗ ਹਨ। ਇਸ ਸਮਾਜ ਵਿੱਚ ਪਛਾਣਾਂ ਜਾਤ, ਲਿੰਗ, ਧਰਮ ਅਤੇ ਭਾਸ਼ਕ ਭਾਈਚਾਰਿਆਂ ਦੀ ਸਦਸਤਾ ਉੱਪਰ ਟਿਕੀਆਂ ਹੋਈਆਂ ਹਨ। ਨਾਲ ਦੇ ਨਾਲ ਹੀ ਆਰਥਕ ਸਤਰ ਵੀ ਸਮਾਜਕ ਲੈਣ ਦੇਣ ਉੱਤੇ ਅਸਰ ਪਾਉਂਦਾ ਹੈ, ਹਾਲਾਂ ਕਿ ਇਹ ਅਲੱਗ ਅਲੱਗ ਸਮਾਜਕ, ਸਭਿਆਚਾਰਕ ਅਤੇ ਇਲਾਕਾਈ ਸੰਧਰਭਾਂ ਵਿੱਚ ਵੱਖਰਾ ਹੁੰਦਾ ਹੈ। ਪਛੜੀਆਂ ਜਾਤੀਆਂ ਅਤੇ ਪਛੜੇ ਕਬੀਲੇ, ਘੱਟ ਗਿਣਤੀ ਵਾਲੇ ਭਾਈਚਾਰੇ ਅਤੇ ਔਰਤਾਂ ਅਪਣੀਆਂ ਪਛਾਣਾਂ ਕਰਕੇ ਅਕਸਰ ਨੁਕਸਾਨ ਦਾਇਕ ਸਥਿੱਤੀਆਂ ਵਿੱਚ ਫਸਦੇ ਹਨ। ਉਨ੍ਹਾਂ ਨੂੰ ਸਮਾਜ ਵਿੱਚਲੇ ਕੀਮਤੀ ਸਾਧਨਾਂ ਤੋਂ ਇਨਕਾਰ ਮਿਲਦਾ ਹੈ ਤੇ ਉਹ ਭਿੰਨ ਭਿੰਨ ਅਦਾਰਿਆਂ ਵਿੱਚ ਭਾਗਦਾਰੀ ਨਹੀਂ ਪਾ ਸਕਦੇ।

ਸਕੂਲ ਦੀਆਂ ਪ੍ਰਕਿਰਿਆਵਾਂ ਪੁਰ ਹੋਈ ਖੋਜ਼ ਤੋਂ ਪਤਾ ਲੱਗਾ ਹੈ ਕਿ ਬੱਚਿਆਂ ਦੀਆਂ ਪਛਾਣਾਂ ਉਨ੍ਹਾਂ ਨੂੰ ਸਕੂਲ ਵਿੱਚ ਮਿਲਣ ਵਾਲੇ ਵਰਤੀਰੇ ਉੱਤੇ ਅਸਰ ਪਾਉਂਦੀਆਂ ਹਨ। ਇਹਦੇ ਨਾਲ ਉਨ੍ਹਾਂ ਨੂੰ ਸਿੱਖਣ ਦੇ ਅਰਥਦਾਰ ਅਤੇ ਬਰਾਬਰ ਦੇ ਮੌਕੇ ਨਹੀਂ ਮਿਲਦੇ। ਸਕੂਲੀ ਅਨੁਭਵ ਦਾ ਹਿੱਸਾ ਹੋਣ ਕਰਕੇ ਬੱਚਿਆਂ ਨੂੰ ਆਪਸੀ ਰਿਸ਼ਤਿਆਂ ਦੇ ਰਾਹੀਂ ਉਹਨਾਂ ਨੇਮਾਂ ਅਤੇ ਮੁੱਲਾਂ ਦੇ ਗੁੱਝੇ ਸੁਨੇਹੇਂ ਮਿਲਦੇ ਰਹਿੰਦੇ ਹਨ ਜੋ ਸਕੂਲ ਸਭਿਆਚਾਰ ਵਿੱਚ ਪ੍ਰਚਲਤ ਹੁੰਦੇ ਹਨ। ਇਹਦੇ ਨਾਲ ਸਮਾਜੀ ਤਹਿਆਂ ਦੇ ਵਿੱਚ ਫਸੇ ਹੋਏ ਪਵਿੱਤਰਤਾ ਅਤੇ ਭਿੱਟੇ ਜਾਣ ਵਰਗੇ ਵਿਚਾਰ ਜੜ੍ਹ ਫੜ੍ਹਦੇ ਹਨ। 'ਮਰਦਾਵੇਂ ਪਨ' ਅਤੇ 'ਜਨਾਨੇਂ ਪਨ' ਵਰਗੇ ਗੁਣ ਚਾਹੇ ਜਾਣ ਲੱਗਦੇ ਹਨ। ਕੁਝ ਕੁ ਜੀਵਨ ਜਾਚਾਂ ਜਿਵੇਂ ਕਿ ਸ਼ਹਿਰੀ ਮਧ ਵਰਗ ਦੀ ਜਾਚ ਆਦਿ ਦਾ ਬੋਲਬਾਲਾ ਹੁੰਦਾ ਹੈ ਤੇ ਬਾਕੀ ਸਾਰਿਆਂ ਦਾ ਸਫਾਇਆ ਹੋ ਜਾਂਦਾ ਹੈ।

ਪਛੜੀਆਂ ਜਾਤੀਆਂ ਅਤੇ ਪਛੜੇ ਕਬੀਲਿਆਂ ਦੇ ਬੱਚਿਆਂ ਨੂੰ ਤੇ ਹੋਰ ਸਮਾਜੀ ਪੱਖਪਾਤ ਦੇ ਮਾਰੇ ਭਾਈਚਾਰਿਆਂ ਦੇ ਬੱਚੇ ਜਿਵੇਂ ਵੇਸਵਾਵਾਂ, HIV ਵਾਲੇ ਮਾਪੇ ਆਦਿ ਦੇ ਬੱਚਿਆਂ ਨੂੰ ਜਮਾਤਾਂ ਵਿੱਚ ਬੜਾ ਹੀਣਾਂ ਕਰਨ ਵਾਲਾ ਵਿਹਾਰ ਸਹਿਣਾਂ ਪੈਂਦਾ ਹੈ। ਇਹ ਕੇਵਲ ਅਧਿਆਪਕ ਹੀ ਨਹੀਂ ਕਰਦੇ, ਸਗੋਂ ਬੱਚਿਆਂ ਦੇ ਹਾਣੀ ਵੀ ਕਰਦੇ ਹਨ। ਕੁੜੀਆਂ ਨੂੰ ਉਨ੍ਹਾਂ ਦੇ ਭਵਿੱਖ ਵਿੱਚ ਹੋਣ ਵਾਲੇ ਮਾਵਾਂ ਅਤੇ ਪਤਨੀਆਂ ਵਾਲੇ ਕਿਰਦਾਰਾਂ ਨਾਲ ਜੁੜੀਆਂ ਸੰਕੀਰਣ ਉਮੀਦਾਂ ਦਾ ਸ਼ਿਕਾਰ ਹੋਣਾਂ ਪੈਂਦਾ ਹੈ। ਉਨ੍ਹਾਂ ਨੂੰ ਅਪਣੀਆਂ ਸਮਰੱਥਾਵਾਂ ਦੇ ਵਿਕਾਸ ਕਰਨ ਵਿੱਚ ਮਦਦ ਨਹੀਂ ਕੀਤੀ ਜਾਂਦੀ। ਸਰੀਰਕ ਉਣਤਾ ਵਾਲੇ ਬੱਚਿਆਂ ਨੂੰ ਪੂਰੀ ਤਰ੍ਹਾਂ ਸੰਵੇਦਨਾਂ ਰਹਿਤ ਮਹੌਲ ਦਾ ਸਾਹਮਣਾਂ ਕਰਨਾਂ ਪੈਂਦਾ ਹੈ ਤੇ ਉਹਨਾਂ ਦੀਆਂ ਲੋੜਾਂ ਪੂਰੀ ਤਰ੍ਹਾਂ ਅੱਖੋਂ ਉਹਲੇ ਹੋ ਜਾਂਦੀਆਂ ਹਨ।

ਚਾਹੀਦਾ ਇਹ ਹੈ ਕਿ ਸਕੂਲ ਬਰਾਬਰੀ ਦੇ ਗੁਣ ਵਾਲੇ ਜਮਾਤਾਂ ਦੇ ਮਹੌਲ ਉਸਾਰਨ; ਜਿੱਥੇ ਵਿਦਿਆਰਥੀਆਂ ਨਾਲ ਦੁਰ ਵਿਹਾਰ ਨਾਂ ਹੋਵੇ ਅਤੇ ਮੌਕਿਆਂ ਤੋਂ ਇਨਕਾਰ ਨਾਂ ਹੋਵੇ; ਲਿੰਗ, ਜਾਤ, ਕਬੀਲੇ ਜਾਂ ਘੱਟ ਗਿਣਤੀ ਵਾਲੇ ਵਰਗਾਂ ਦੀ ਸਦਸਤਾ ਦੇ ਅਧਾਰ ’ਤੇ ਪੱਖਪਾਤ ਨਾਂ ਹੋਵੇ। ਇਸ ਦੇ ਉਲਟ ਸਕੂਲ ਦਾ ਸਭਿਆਚਾਰ ਅਜਿਹਾ ਹੋਵੇ ਜਿੱਥੇ ਵਿਦਿਆਰਥੀਆਂ ਦੀਆਂ ਪਛਾਣਾਂ ਨੂੰ ‘ਸਿੱਖਿਅਕ’ ਕਹਿਕੇ ਉਘਾੜਿਆ ਜਾਵੇ। ਸਕੂਲ ਵਿੱਚ ਅਜਿਹਾ ਮਹੌਲ ਸਿਰਜਿਆ ਜਾਵੇ ਜੋ ਬੱਚਿਆਂ ਦੀਆਂ ਸੰਭਾਵਨਾਵਾਂ ਨੂੰ ਅਤੇ ਦਿਲਚਸਪੀਆਂ ਨੂੰ ਪ੍ਰਫੁੱਲਤ ਕਰਾਵੇ।

## 4.3 ਸਾਰੇ ਬੱਚਿਆਂ ਦੀ ਭਾਗਦਾਰੀ

ਭਾਗਦਾਰੀ ਦਾ ਅਪਣੇ ਆਪ ਵਿੱਚ ਕੋਈ ਮਤਲਬ ਨਹੀਂ ਹੈ। ਇਹ ਤਾਂ ਵਿਚਾਰਧਾਰਕ ਚੌਖਠਾ ਹੈ ਜੋ ਭਾਗਦਾਰੀ ਨੂੰ ਪ੍ਰੀਭਾਸ਼ਤ ਕਰਦਾ ਹੈ ਅਤੇ ਇਸ ਨੂੰ ਇੱਕ ਰਾਜਨੀਤਕ ਸੰਕਲਪ ਦੀ ਤਰ੍ਹਾਂ ਬੰਨ੍ਹਦਾ ਹੈ। ਉਦਾਹਰਣ ਦੇ ਲਈ, ਇੱਕ ਲੋਕਤੰਤਰ ਦੇ ਅੰਦਰ ਕਿਸੇ ਚੀਜ਼ ਵਿੱਚ ਹਿੱਸਾ ਲੈਣ ਨਾਲੋਂ ਕਿਸੇ ਜ਼ਾਬਰ ਸਿਆਸੀ ਚੌਖਠੇ ਵਿੱਚ ਕੰਮ ਵਿੱਚ ਸ਼ਮੂਲੀਅਤ ਦਾ ਰੂਪ ਬੜਾ ਵੱਖਰਾ ਹੋਵੇਗਾ।

ਅੱਜ-ਕੱਲ੍ਹ ਉਨਤ ਹੋ ਰਹੇ ਦਾਇਰਿਆਂ ਵਿੱਚ ‘ਸਭਿਅਕ ਸਮਾਜ’ ਦੀ ਭਾਗਦਾਰੀ ਸ਼ਬਦਾਂ ਦਾ ਫੋਕਾ ਖੇਲ੍ਹ ਬਣ ਗਈ ਹੈ। ਇੱਕ ਨਾਗਰਿਕ ਦੇ ਕੀ ਅਰਥ ਹੋਣ। ਇਸ ਕਥਨ ਦੀ ਇੱਕ ਖਾਸ ਵਿਆਖਿਆ ਕਰ ਲਈ ਗਈ ਹੈ। ਸਭਿਅਕ ਸਮਾਜ ਦਾ ਸੁਭਾਅ ਅਤੇ ਭਾਗਦਾਰੀ ਦਾ ਟੀਚਾ ਉਲੀਕਣ ਲਈ ਇਹ ਵਿਆਖਿਆ ਵਰਤ ਲਈ ਗਈ ਹੈ। ਅੱਜ ਸਭਿਅਕ ਸਮਾਜ ਵਿੱਚ ਭਾਗਦਾਰੀ ਅਰਥ ਲੈ ਗਈ ਹੈ ਗੈਰ-ਸਰਕਾਰੀ ਅਦਾਰਿਆਂ ਦੇ ਅੰਦਰ

ਸ਼ਮੂਲੀਅਤ। ਤਦ ਹੀ ਨਾਗਰਿਕਾਂ ਦਾ ਨਿੱਜੀ ਤੌਰਤੇ ਸਥਾਨਕ ਸਰਕਾਰਤਾ ਵਿੱਚ ਹਿੱਸਾ ਲੈ ਸਕਣ ਦੇ ਕਾਬਲ ਹੋ ਸਕਣਾ ਇੱਕ ਬੜੀ ਭਾਰੀ ਵੰਗਾਰ ਬਣ ਗਿਆ ਹੈ।

ਭਾਰਤ ਇੱਕ ਸਭ ਤੋਂ ਵਡਾ ਅਤੇ ਸਭ ਤੋਂ ਪੁਰਾਣਾ ਲੋਕਤੰਤਰ ਹੈ। ਇਹ ਪਾਠਕ੍ਰਮ ਇਸੇ ਨੀਂਹ ਦੀ ਇੱਕ ਸਮਝ ਉੱਪਰ ਉਸਾਰਿਆ ਗਿਆ ਹੈ। ਸਿੱਖਿਆ ਕਿਸੇ ਦੇਸ਼ ਦੇ ਤਾਣੇ-ਬਾਣੇ ਨੂੰ ਪ੍ਰੀਭਾਸ਼ਤ ਕਰਦੀ ਹੈ। ਇਹਦੇ ਵਿੱਚ ਹਰ ਬੱਚੇ ਨੂੰ ਲੋਕਤੰਤਰਕ ਕਾਰਗੁਜ਼ਾਰੀ ਦਾ ਹਾਂਵਾਦੀ ਅਨੁਭਵ ਦੇ ਦੇਣ ਦੀ ਸਮਰੱਥਾ ਹੈ। ਜਿਵੇਂ ਕਿਸੇ ਤਾਣੇ ਦੇ ਵਿੱਚ ਹਰ ਧਾਗੇ ਦਾ ਸੁਭਾਅ, ਤਾਕਤ, ਰੰਗ, ਉਘਾੜ ਆਦਿ ਦੇ ਕਰਕੇ ਉਣੇ ਹੋਏ ਹੁੰਦੇ ਹਨ। ਹਰ ਭਾਰਤੀ ਬੱਚਾ ਲੋਕਤੰਤਰ ਵਿੱਚ ਸ਼ਾਮਲ ਹੋ ਸਕਣ ਦੇ ਕਾਬਲ ਹੀ ਨਹੀਂ ਬਣਾਇਆ ਜਾ ਸਕਦਾ, ਸਗੋਂ ਲੋਕਤੰਤਰ ਦੇ ਪ੍ਰਫੁੱਲਤ ਹੋਣ ਦੇ ਲਈ ਦੂਸਰਿਆਂ ਦੇ ਨਾਲ ਭਾਗਦਾਰੀਆਂ ਬਨਾਉਣ ਦੇ ਵਾਸਤੇ ਸਿਖਾਇਆ ਵੀ ਜਾ ਸਕਦਾ ਹੈ।

ਇਹ ਬੰਦਿਆਂ ਦੇ ਇੱਕ ਦੂਜੇ ਦੇ ਨਾਲ ਆਪਸੀ ਰਿਸ਼ਤਿਆਂ ਦੇ ਸੁਭਾਅ ਅਤੇ ਉਹਨਾਂ ਦੀ ਗੁਣਵੱਤਾ ਉੱਪਰ ਨਿਰਭਰ ਕਰਦਾ ਹੈ ਕਿ ਕਿਸੇ ਮੁਲਕ ਦਾ ਸਮਾਜਕ ਤੇ ਸਿਆਸੀ ਤਾਣਾਂ-ਬਾਣਾਂ ਕਿਹੋ ਜਿਹਾ ਹੋਵੇ।

ਹਾਂ ਪਰ, ਬੱਚਿਆਂ ਦਾ ਪਾਲਣ ਪੋਸਣ ਅਕਸਰ ਪੱਖਪਾਤੀ ਵਿਹਾਰਕ ਅਮਲ ਵਿੱਚ ਹੁੰਦਾ ਹੈ। ਬੱਚੇ ਅਤੇ ਬਾਲਗ ਘਰ ਵਿੱਚੋਂ ਹੋਣ ਵਾਲੇ ਅਨੁਭਵ ਤੋਂ, ਭਾਈਚਾਰੇ ਅਤੇ ਅਪਣੇ ਦੁਆਲੇ ਦੀ ਦੁਨੀਆਂ ਤੋਂ ਸਿੱਖਦੇ ਹਨ। ਇਹ ਬੜਾ ਮਹੱਤਵ ਪੂਰਣ ਹੈ ਕਿ ਸਿਆਣੇ ਜਨ ਬੱਚਿਆਂ ਦੀ ਪਾਲਣਾਂ ਇੱਕ ਵਿਆਪਕ ਸਮਾਜਕ-ਸਭਿਆਚਾਰਕ ਪੈਰਾਡਾਈਮ ਵਿੱਚ ਕਰਨ। ਇਸ ਪੈਰਾਡਾਈਮ ਵਿੱਚ ਸ਼ਾਮਲ ਹੋਣੇ ਹਨ ਉਹ ਰੋਲ ਮੌਡਲ ਜੋ ਉਹ ਸੰਚਾਰ ਮਾਧਿਅਮਾਂ ਅਤੇ ਟੈਲੀਵਿਜ਼ਨ ਉੱਪਰ ਦੇਖਦੇ ਹਨ। ਇਹ ਅਨੁਭਵ ਉਨ੍ਹਾਂ ਦੀ ਜਾਤ, ਵਰਗ, ਲਿੰਗ, ਲੋਕਤੰਤਰ ਅਤੇ ਨਿਆਂ ਦੀ ਧਾਰਣਾਂ ਨੂੰ ਸੁੰਗੇੜ ਦਿੰਦਾ ਹੈ।

ਉਹੀ ਧਾਰਨਾਵਾਂ ਜਦ ਵਾਰ ਵਾਰ ਪੱਕੀਆਂ ਹੁੰਦੀਆਂ ਰਹਿੰਦੀਆਂ ਹਨ ਤਾਂ ਉਹ ਮੂਲ ਮੁੱਲਾਂ ਵਿੱਚ ਨਹਿਤ ਹੋ ਜਾਂਦੀਆਂ ਹਨ। ਭਾਈਚਾਰੇ ਦੀ ਪੱਧਰ ਉੱਪਰ ਜਦ ਲੋਕਾਂ ਦਾ ਇੱਕ ਟੋਲਾ ਇੱਕੋ ਤਰ੍ਹਾਂ ਦਾ ਅਨੁਭਵ ਪ੍ਰਾਪਤ ਕਰੇ ਅਤੇ ਉਹੀ ਕੀਮਤਾਂ ਸਾਂਝੀਆਂ ਕਰੇ ਤਾਂ ਇਹੀ ਕੀਮਤਾਂ ਸਭਿਆਚਾਰ ਵਿੱਚ ਤਬਦੀਲ ਹੋ ਜਾਂਦੀਆਂ ਹਨ। ਤੇ ਕਦੇ ਕਦੇ ਵਿਚਾਰਧਾਰਾ ਦਾ ਰੂਪ ਵੀ ਲੈ ਲੈਂਦੀਆਂ ਹਨ। ਇਹ ਇੱਕ ਚੱਕ੍ਰਵਿਊ ਹੈ। ਹਰ ਵਾਰ ਚੱਕਰ ਘੁੰਮਦਾ ਜਾਂਦਾ ਹੈ। ਜੇ ਕਦੇ ਕਿਤੇ ਅਨੁਭਵ ਵਿੱਚ ਕੋਈ ਤਬਦੀਲੀ ਨਹੀਂ ਵਾਪਰਦੀ ਤਾਂ ਉਹੀ ਕੀਮਤਾਂ ਤੇ ਸਭਿਅਚਾਰ ਹੋਰ ਜੋਰ ਫੜ੍ਹ ਜਾਂਦੇ ਹਨ ।

ਉਲਟੇ ਪੱਖ ਦਾ ਅਨੁਭਵ ਸ਼ਕਤੀਸ਼ਾਲੀ ਹੋਵੇ ਅਤੇ ਬਹੁਤ ਖਰਾ ਵੀ, ਤਾਂ ਜੋ ਪਹਿਲੀਆਂ ਧਾਰਨਾਵਾਂ ਨੂੰ ਬਦਲ ਮਾਰੇ। ਬੱਚੇ 18 ਸਾਲਾਂ ਦੇ ਹੋ ਕੇ ਕਿਸੇ ਇੱਕ ਦਿਨ ਅਚਾਨਕ ਸੁਵੇਰੇ ਉੱਠ ਕੇ ਲੋਕਤੰਤਰ ਵਿੱਚ ਹਿੱਸਾ ਲੈਣ ਬਾਰੇ, ਇਸ ਦੀ ਰਖਵਾਲੀ ਕਰਨ ਬਾਰੇ ਅਤੇ ਪ੍ਰਫੁੱਲਤ ਹੋਣ ਬਾਰੇ ਤਾਂ ਸਿੱਖ ਨਹੀਂ ਸਕਦੇ। ਵਿਸ਼ੇਸ਼ ਕਰਕੇ ਜੇ ਉਨ੍ਹਾਂ ਦਾ ਅਪਣਾ ਤੇ ਜਾਂ ਕਿਸੇ ਹੋਰ ਦੇ ਅਨੁਭਵ ਦੇ ਅਧਾਰ ’ਤੇ ਕੋਈ ਤਜ਼ਰਬਾ ਨਾ ਹੋਵੇ ਤੇ ਨਾ ਹੀ ਕਿਤਿਓਂ ਸਿੱਖਣ ਦਾ ਲਈ ਕੋਈ ਰੋਲ ਮੌਡਲ ਹੋਵੇ।

ਬੱਚਿਆਂ ਦੀ ਭਾਗਦਾਰੀ ਇੱਕ ਸਾਧਨ ਮਾਤਰ ਹੈ ਇੱਕ ਬੜੇ ਵਿਸਤਰਿਤ ਆਸ਼ੇ ਦਾ। ਸਾਡੇ ਸਰਬ ਭਲਾਈ ਵਾਲੇ ਸਭਿਆਚਾਰ, ਲੋਕਤੰਤਰ, ਧਰਮ ਨਿਰਪੇਖਤਾ ਅਤੇ ਬਰਾਬਰੀ ਨੂੰ ਬਣਾਈ ਰੱਖਣ ਦੇ ਆਸ਼ੇ ਵਿੱਚ ਨਵੀਂ ਰੂਹ ਫੂਕ ਦੇਣ ਦਾ। ਇਹ ਕੀਮਤਾਂ ਸਭ ਤੋਂ ਵਧੀਆ ਢੰਗ ਨਾਲ ਇੱਕ ਭਲੀ ਭਾਂਤ ਸੁਮਲਿਤ ਕੀਤੇ ਪਾਠਕ੍ਰਮ ਦੇ ਰਾਹੀਂ ਹੀ ਹਾਂਸਲ ਕੀਤੀਆਂ ਜਾ ਸਕਦੀਆਂ ਹਨ – ਪਾਠਕ੍ਰਮ ਜੋ ਬੱਚਿਆਂ ਦੀ ਭਾਗਦਾਰੀ ਸੰਭਵ ਕਰਵਾਵੇ। ਮੁਕਾਬਲਾ ਕਰਵਾਉਣ ਵਾਲਾ ਬਿਮਾਰ ਮਹੌਲ ਜੋ ਸਕੂਲਾਂ ਵਿੱਚ ਪਨਪ ਪਿਆ ਹੈ, ਇਹ ਉਨ੍ਹਾਂ ਕੀਮਤਾਂ ਦਾ ਉਲਟਾ ਪਾਸਾ ਪੇਸ਼ ਕਰਦਾ ਹੈ ਜੋ ਸਾਡੇ ਸਵਿਧਾਨ ਵਿੱਚ ਉੱਕਰੀਆਂ ਗਈਆਂ ਹਨ।

ਲੋਕਤੰਤਰ ਅਤੇ ਲੋਕਤੰਤਰੀ ਭਾਗਦਾਰੀ ਦਾ ਬੜਾ ਭਲਾ ‘ਅਨੁਭਵ’ ਸਕੂਲ ਦੇ ਅੰਦਰ ਵੀ ਤੇ ਬਾਹਰ ਵੀ ਜਰੂਰ ਕਰਵਾਇਆ ਜਾਣਾਂ ਚਾਹੀਦਾ ਹੈ। ਇਸ ਅਨੁਭਵ ਦੇ ਵਿੱਚ ਬੱਚਿਆਂ ਅਤੇ ਜਵਾਨਾਂ ਨੂੰ ਉਹਨਾਂ ਤਰੀਕਿਆਂ ਦੇ ਨਾਲ ਜਰੂਰ ਉਤਾਰਿਆ ਜਾਵੇ ਜੋ ਦਿਲ ਵਿੱਚ ਲਹਿਕੇ ਸਮਾਅ ਜਾਣ ਵਾਲੀਆਂ ਕੀਮਤਾਂ ਨੂੰ ਉਤਸਾਹਤ ਕਰਨ। ਜੋ ਆਖਰਕਾਰ ਸ਼ਮੂਲੀਅਤ ਵਾਲੇ ਲੋਕਤੰਤਰ ਦੇ ਸੁਪਨੇ ਨੂੰ ਸਾਕਾਰ ਕਰਨ ਦਾ ਰਸਤਾ ਬਣਨ।

ਲੋਕਤੰਤਰ ਨੂੰ ਪ੍ਰਫੁੱਲਤ ਕਰਨਾ ਕਮਜ਼ੋਰਾਂ ਅਤੇ ਹਾਸ਼ੀਏ ਤੇ ਪਏ ਲੋਕਾਂ ਦੇ ਲਈ ਸਮਰੱਥਾ ਬਨਾਉਣ ਦਾ ਇੱਕ ਸਾਧਨ ਵੀ ਹੈ। ਜੇ ਭਾਰਤ ਨੇ ਅਪਣੇ ਉਹ ਦੇਸ਼ ਬਣਨ ਵਾਲੇ ਸੁਪਨੇ ਨੂੰ ਸਾਕਾਰ ਕਰਨਾਂ ਹੈ ਜੋ ਸਰਬ ਭਲਾਈ, ਲੋਕਤੰਤਰ ਅਤੇ ਧਰਮ ਨਿਰਪੇਖਤਾ ਉੱਪਰ ਉਸਰਿਆ ਹੋਵੇ, ਜਿੱਥੇ ਉਸਦੇ ਸਾਰੇ ਸ਼ਹਿਰੀਆਂ ਨੂੰ ਨਿਆਂ, ਖੁੱਲ੍ਹ, ਬਰਾਬਰੀ, ਸਾਂਝੀਵਾਲਤਾ ਦਾ ਅਨੰਦ ਮਿਲੇ, ਤਾਂ ਬੱਚਿਆਂ ਨੂੰ ਇਸ ਵਿੱਚ ਭਾਗ ਲੈ ਸਕਣ ਦੇ ਕਾਬਲ ਬਨਾਉਣਾਂ ਪਹਿਲਾ ਕਦਮ ਹੋਣਾਂ ਹੈ। ਇੱਕ ਭਾਈਚਾਰੇ ਅਤੇ ਦੇਸ਼ ਦੇ ਜੀਵਨ ਵਿੱਚ ਭਾਗਦਾਰੀ ਦੀ ਸਮਰੱਥਾ ਹਾਂਸਲ ਕਰਕੇ ਸਿੱਖਣ ਦੇ ਯੋਗ ਹੋਣਾਂ ਸਕੂਲੀਕਰਣ ਦੇ ਸਫਲ ਹੋਣ ਦੇ ਲਈ ਬੜਾ ਹੀ ਅਹਿਮ ਹੈ। ਇਸ ਨੂੰ ਸੰਭਵ ਨਾ ਕਰਵਾ ਸਕਣ ਵਿੱਚ ਹੋਈ ਅਸਫਲਤਾ ਸਮੁੱਚੇ ਪ੍ਰਬੰਧ ਦੀ ਅਸਫਲਤਾ ਹੋ ਨਿੱਬੜਨੀ ਹੈ। ਤਦ ਹੀ ਇਸ ਨੂੰ ਅਤਿ ਅਵੱਸ਼ਕ ਪਹਿਲ ਦੇ ਰੂਪ ਵਿੱਚ ਲਿਆ ਜਾਣ ਦੀ ਜਰੂਰਤ ਹੈ।

ਇਹ ਸਾਂਝਦਾਰੀ ਓਨੀ ਹੀ ਜਰੂਰੀ ਨਹੀਂ ਜਿੰਨਾਂ ਕਿ ਗਣਿਤ ਅਤੇ ਵਿਗਿਆਨ ਆਦਿ ਦਾ ਪੜ੍ਹਾਇਆ ਜਾਣਾਂ। ਸਗੋਂ ਇਹ ਸਾਰੇ ਮਜ਼ਮੂੰਨਾਂ ਦਾ ਨਾ ਤਿਆਗਿਆ ਜਾ ਸਕਣ ਵਾਲਾ ਵਿਸ਼ੈ ਹੈ ਜੋ ਹੋਰ ਵੀ ਵਡਾ ਮਹੱਤਵ ਲੈ ਜਾਂਦਾ ਹੈ। ਇਹ ਤਾਂ ਇੱਕ ਨਿਰੰਤਰ ਸੋਚ ਹੈ। ਤਦ ਹੀ ਇਸ ਨੂੰ ਸਾਰੇ ਦੀ ਸਾਰੀ ਸਿੱਖਣ ਪ੍ਰਕਿਰਿਆ ਦੇ ਸਾਰੇ ਮੈਦਾਨਾਂ ਦੇ ਨਾਲ ਸੁਮੇਲ ਕਰਨਾ ਹੋਵੇਗਾ ਅਤੇ ਸਮੁੱਚੇ ਪਾਠਕ੍ਰਮ ਤੇ ਸਿਲੇਬਸ ਦੇ ਵਿਕਸਤ ਹੋਣ ਦੇ ਵਿੱਚ ਉੱਚਾ ਸਥਾਨ ਦੇਣਾਂ ਪਵੇਗਾ।

### 4.3.1 ਬੱਚਿਆਂ ਦੇ ਹੱਕ

ਭਾਰਤ ਨੇ 'ਬੱਚੇ ਦੇ ਹੱਕਾਂ ਦੀ ਕਨਵੈਂਨਸ਼ਨ' ਉੱਪਰ ਦਸਤਖਤ ਕੀਤੇ ਹੋਏ ਹਨ। ਇਸ ਕਨਵੈਨਸ਼ਨ ਦੇ ਤਿੰਨ ਮਹੱਤਵ ਪੂਰਣ ਨੇਮ ਹਨ: ਭਾਗਦਾਰੀ ਦਾ ਅਧਿਕਾਰ, ਸੰਗਠਨ ਜਾਂ ਸੰਸਥਾ ਬਣਾ ਸਕਣ ਦਾ ਅਧਿਕਾਰ, ਅਤੇ ਸੂਚਨਾਂ ਦਾ ਅਧਿਕਾਰ। ਜੇ ਬੱਚਿਆਂ ਨੇ ਅਪਣੇ ਹੋਰ ਸਾਰੇ ਅਧਿਕਾਰਾਂ ਨੂੰ ਸਾਕਾਰ ਕਰਨਾਂ ਹੈ ਤਾਂ ਇਹ ਅਧਿਕਾਰ ਲਾਜ਼ਮੀ ਹਨ। ਬੱਚੇ ਦੇ ਹੱਕਾਂ ਦੀ ਕਨਵੈਂਨਸ਼ਨ ਦਾ ਸਬੰਧ ਕੇਵਲ ਬੱਚਿਆਂ ਦੀ ਸੁਰੱਖਿਆ ਦੇ ਨਾਲ ਅਤੇ ਸੇਵਵਾਂ ਤੇ ਪ੍ਰੋਗਰਾਮਾਂ ਦੇ ਦਿਵੌਣ ਨਾਲ ਹੀ ਨਹੀਂ। ਇਹ ਵੀ ਪੱਕਾ ਕਰਨਾਂ ਹੈ ਕਿ ਬੱਚਿਆਂ ਦਾ ਹੱਕ ਹੈ ਕਿ ਉਹ ਇਹਨਾਂ ਸੇਵਾਵਾਂ ਅਤੇ ਪ੍ਰੋਗਰਾਮਾਂ ਦਾ ਸੁਭਾਅ ਅਤੇ ਗੁਣਵੱਤਾ ਵੀ ਨਿਰਧਾਰਤ ਕਰ ਸਕਣ। ਇਹ ਵੀ ਪਈ 'ਬੱਚੇ ਦੇ ਹੱਕਾਂ ਦੀ ਕਨਵੈਂਨਸ਼ਨ' ਦੀਆਂ ਸਾਰੀਆਂ ਧਾਰਾਵਾਂ ਨੂੰ ਇੱਕ ਸਬਰ-ਵਿਥਾਰੀ ਨੇਮ ਦੇ ਤਹਿਤ ਦੇਖਿਆ ਜਾਣਾਂ ਹੈ ਕਿ ਬੱਚਿਆਂ ਦੇ ਭਰਵੇਂ ਹਿੱਤਾਂ ਦੀ ਰਾਖੀ ਅਤੇ ਪਾਲਣਾਂ ਕੀਤੀ ਜਾਵੇ।

- ✓ ਭਾਗਦਾਰੀ ਵਾਲੀ ਵਿੱਦਿਆ ਸਭ ਨੂੰ ਗਲੇ ਲੌਣ ਬਾਰੇ ਹੈ।

- ✓ ਅੰਗਹੀਣਤਾ ਇੱਕ ਸਮਾਜਕ ਜ਼ਿੰਮੇਂਵਾਰੀ ਹੈ - ਇਸ ਨੂੰ ਸਵੀਕਰ ਕਰੋ।

- ✓ ਅੰਗਹੀਣ ਸਿੱਖਿਅਕਾਂ ਦੇ ਸਕੂਲ ਵਿੱਚ ਦਾਖਲੇ ਤੋਂ ਇਨਕਾਰ ਕਰਨ ਵਾਲੀ ਕਿਸੇ ਖਾਸ ਚੋਣ ਪ੍ਰਣਾਲੀ ਨੂੰ ਨਾਂ ਅਪਣਾਇਆ ਜਾਵੇ।

- ✓ ਬੱਚੇ ਫੇਲ੍ਹ ਨਹੀਂ ਹੁੰਦੇ, ਉਹ ਸਿਰਫ ਸਕੂਲ ਦੀ ਅਸਫਲਤਾ ਨੂੰ ਹੀ ਦਰਸਾਉਂਦੇ ਹਨ।

- ✓ ਵਖਰੇਵੇਂ ਨੂੰ ਸਵੀਕਾਰ ਕਰੋ ... ਬਹੁਲਤਾ ਦਾ ਜਸ਼ਨ ਮਨਾਓ।

- ✓ ਸ਼ਮੂਲੀਅਤ ਅੰਗਹੀਣਾਂ ਤੱਕ ਹੀ ਸੀਮਤ ਨਹੀਂ ਹੈ। ਇਸ ਦਾ ਅਰਥ ਨਿਰਪੱਖਤਾ ਵੀ ਹੈ।

- ✓ ਮਨੁੱਖੀ ਅਧਿਕਾਰਾਂ ਨੂੰ ਜਾਣੋ ... ਮਨੁੱਖੀ ਗਲਤੀਆਂ ਪੁਰ ਫਤਿਹ ਪਾਓ।

- ✓ ਅਪਾਹਜ ਇੱਕ ਸਮਾਜਕ ਘਾੜਤ ਹੈ ... ਤੋੜ ਛੱਡੋ ਇਸ ਘਾੜਤ ਨੂੰ।

- ✓ ਸਹੂਲਤਾਂ ਉਸਾਰੋ ... ਰੋਕਾਂ ਗਿਰਾਵੋ; ਬੱਚੇ ਦੀਆਂ ਲੋੜਾਂ ਹਿੱਤ ਢਲੋ।

- ✓ ਗਿਰਾ ਦਿਓ ਸਰੀਰਕ, ਸਮਾਜਕ ਅਤੇ ਰਵਈਏ ਵਾਲੀਆਂ ਦਿਵਾਰਾਂ।

- ✓ ਭਾਗਦਾਰੀ ਸਾਡਾ ਬਲ ਹੈ ਜੋ ਹੋਵੇ

  ਸਕੂਲ - ਭਾਈਚਾਰੇ ਦੀ; ਸਕੂਲ - ਅਧਿਆਪਕਾਂ ਦੀ; ਅਧਿਆਪਕਾਂ - ਅਧਿਆਪਕਾਂ ਦੀ; ਅਧਿਆਪਕਾਂ - ਬੱਚਿਆਂ ਦੀ; ਬੱਚਿਆਂ - ਬੱਚਿਆਂ ਦੀ; ਅਧਿਆਪਕਾਂ - ਮਾਪਿਆਂ ਦੀ; ਸਕੂਲ ਪ੍ਰਬੰਧ ਅਤੇ ਬਾਹਰਲੇ ਪ੍ਰਬੰਧਾਂ ਦੀ।

- ✓ ਪੜ੍ਹਾਉਣ ਦੇ ਸਾਰੇ ਵਧੀਆ ਅਮਲ ਭਾਗਦਾਰੀ ਦੇ ਅਮਲ ਹਨ।
- ✓ ਇਕੱਠੇ ਸਿੱਖਣਾਂ ਹਰ ਬੱਚੇ ਦੇ ਲਈ ਲਾਭਦਾਇਕ ਹੈ।
- ✓ ਮਦਦਗਾਰੀ ਸੇਵਾਵਾਂ ਲਾਜ਼ਮੀ ਸੇਵਾਵਾਂ ਹਨ।
- ✓ ਪੜ੍ਹੌਣ ਦੇ ਲਈ ਪਹਿਲਾਂ ਬੱਚੇ ਤੋਂ ਸਿੱਖੋ।
- ✓ ਸਮਰੱਥਾਵਾਂ ਦੀ ਸ਼ਨਾਖਤ ਕਰੋ ਨਾਂ ਕਿ ਸੀਮਾਵਾਂ ਦੀ।
- ✓ ਆਪਸੀ ਸਤਿਕਾਰ ਅਤੇ ਅੰਤਰ-ਨਿਰਭਰਤਾ ਨੂੰ ਵਧਾਓ।

ਭਾਵੇਂ ਕਿ 'ਬੱਚੇ ਦੇ ਹੱਕਾਂ ਦੀ ਕਨਵੈਂਨਸ਼ਨ' ਬੱਚਿਆਂ ਦੇ ਇਸ ਹੱਕ ਨੂੰ ਸੁਰੱਖਿਅਤ ਕਰਦੀ ਹੈ ਕਿ ਉਹ ਉਨ੍ਹਾਂ ਨੂੰ ਪ੍ਰਭਾਵਤ ਕਰਨ ਵਾਲੇ ਸਾਰੇ ਮੁਆਮਲਿਆਂ ਬਾਰੇ ਖੁੱਲ੍ਹਕੇ ਬੋਲ ਸਕਦੇ ਹਨ, ਉਹ ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ ਦਾ ਹੱਕ ਰੱਖਦੇ ਹਨ, ਫਿਰ ਵੀ ਬੱਚਿਆਂ ਨੂੰ ਉਹਨਾਂ ਸਾਰੇ ਕਾਰਜ਼ਾਂ ਅਤੇ ਪ੍ਰਕਿਰਿਆਵਾਂ ਵਿੱਚ ਭਾਗ ਲੈਣ ਦੇ ਮੌਕਿਆਂ ਤੋਂ ਇਨਕਾਰ ਹੁੰਦਾ ਹੈ ਜੋ ਉਨ੍ਹਾਂ ਦੀਆਂ ਜ਼ਿੰਦਗੀਆਂ ਅਤੇ ਭਵਿੱਖ ਉੱਪਰ ਅਸਰ ਪਾਉਂਦੇ ਹਨ। ਭਾਗਦਾਰੀ ਦਾ ਹੱਕ ਕਈ ਹੋਰ ਮੁਢਲੇ ਹੱਕਾਂ ਦੇ ਹਾਂਸਲ ਹੋਣ ਉੱਪਰ ਭੀ ਨਿਰਭਰ ਕਰਦਾ ਹੈ। ਜਿਵੇਂ ਸੂਚਨਾਂ ਤੱਕ ਪਹੁੰਚ, ਸੰਗਠਨ ਦੀ ਆਜ਼ਾਦੀ, ਅਤੇ ਪ੍ਰਭਾਵ ਤੇ ਦਬਾਅ ਦੇ ਬਿਨਾਂ ਅਪਣੇ ਮਤਿ ਤਿਆਰ ਕਰ ਸਕਣ ਦਾ ਹੱਕ ਆਦਿ। ਭਾਗਦਾਰੀ ਦਾ ਨਿਯਮ ਬੱਚਿਆਂ ਨਾਲ ਸਬੰਧਤ ਹਰ ਖੇਤਰ ਵਿੱਚ ਸੁਨਿਸਚਿਤ ਕਰ ਲਿਆ ਜਾਣਾਂ ਚਾਹੀਦਾ ਹੈ।

ਯਥਾਰਥ ਇਹ ਹੈ ਕਿ ਸਮਾਜਕ, ਰਾਜਨੀਤਕ ਅਤੇ ਆਰਥਕ ਸੰਗਰਚਨਾਵਾਂ ਹਾਲੇ ਵੀ ਤਹਿਦਾਰ ਹਨ। ਬੱਚੇ ਅਤੇ ਨੌਂਜਵਾਨ ਸਮਾਜ ਦੇ ਅਤਿ ਇਨਕਾਰਤ ਵਰਗ ਹਨ। ਉਨ੍ਹਾਂ ਦੀ ਪ੍ਰਭਾਵਕਾਰੀ ਭਾਗਦਾਰੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਨ੍ਹਾਂ ਨੂੰ ਅਪਣੇ ਆਪ ਨੂੰ ਸੰਗਠਤ ਕਰਨ ਦੇ ਮੌਕੇ ਕਿਸ ਹੱਦ ਤੱਲ ਮਿਲਦੇ ਹਨ। ਇਕੱਠੇ ਰਲ ਜਾਣ ਨਾਲ ਉਨ੍ਹਾਂ ਨੂੰ ਪਛਾਣ ਮਿਲਦੀ ਹੈ। ਬਲ ਅਤੇ ਰਲਵੀਂ ਆਵਾਜ਼ ਮਿਲਦੀ ਹੈ।

ਇੱਕ ਅੱਧ ਬੰਦੇ ਦੀ ਭਾਗਦਾਰੀ, ਹੱਥੇ ਬਣਾਏ ਬੱਚਿਆਂ ਜਾਂ ਜਵਾਨਾਂ ਦੀ ਭਾਗਦਾਰੀ ਤਾਂ ਪੱਖਪਾਤ ਦਾ ਕੰਮ ਕਰਦੀ ਹੋਈ। ਇਹ ਅਸਰਦਾਰ ਵੀ ਨਹੀਂ ਹੁੰਦੀ, ਕਿਉਂਕਿ ਅਜਿਹੇ 'ਪ੍ਰਤੀਨਿਧ' ਮਹਿਜ਼ ਅਪਣੀ ਹੀ ਪ੍ਰਤੀਨਿਧਤਾ ਕਰ

ਸਕਦੇ ਹਨ। ਇਹ ਘੱਟ ਬੋਲਣ ਵਾਲੇ ਅਤੇ ਘੱਟ ਦਿਸਣ ਵਾਲੇ ਬੱਚਿਆਂ ਨੂੰ ਲਾਂਭੇ ਕਰ ਦਿੰਦੀ ਹੈ। ਤਦ ਹੀ ਹੇਰਾਫੇਰੀ ਦੀ ਕਾਫੀ ਗੁੰਜਾਇਸ਼ ਬਣ ਜਾਂਦੀ ਹੈ।

ਦੂਜੇ ਪਾਸੇ ਬੱਚਿਆਂ ਅਤੇ ਨੌਂਜਵਾਨਾਂ ਦੀ ਸੰਗਠਤ ਢੰਗ ਦੀ ਭਾਗਦਾਰੀ ਹੈ। ਖਾਸ ਕਰਕੇ ਜ਼ਿਆਦਾ ਹੀ ਪਛੜੇ ਹੋਏ ਬੱਚਿਆਂ ਦੀ ਜੋ ਬੱਚਿਆਂ ਨੂੰ ਬਲ ਦਿੰਦੀ ਹੈ। ਸੂਚਨਾਂ ਤੱਕ ਪਹੁੰਚ, ਹੌਂਸਲਾ, ਇੱਕ ਪਛਾਣ ਅਤੇ ਮਾਲਕੀਅਤ ਦਿੰਦੀ ਹੈ। ਅਜਿਹੇ ਵਰਗਾਂ ਦੀ ਪ੍ਰਤੀਨਿਧਤਾ ਕਰਦੇ ਬੱਚੇ ਜਾਂ ਨੌਂਜਵਾਨ ਸਾਂਝੇ ਵਿਚਾਰਾਂ ਅਤੇ ਉਮੀਦਾਂ ਨੂੰ ਸੁਰ ਦਿੰਦੇ ਹਨ। ਉਨ੍ਹਾਂ ਦਾ ਇਕੱਠੇ ਹੋ ਲੈਣਾ ਸਮੱਸਿਆਂ ਦੇ ਹੱਲ ਕਰਨ ਦੇ ਸਾਂਝੇ ਤਰੀਕੇ ਲੱਭਣ ਵਿੱਚ ਉਨ੍ਹਾਂ ਦੀ ਮਦਦ ਕਰ ਸਕਦਾ ਹੈ। ਫਿਰ ਵੀ ਇਹ ਸੁਨਿਸਚਿਤ ਕਰਨਾਂ ਜਰੂਰੀ ਹੈ ਕਿ ਸਾਰੇ ਬੱਚਿਆਂ ਅਤੇ ਜਵਾਨਾਂ ਨੂੰ ਸਾਂਝੀ ਅਵਾਜ਼ ਵਿਕਸਤ ਕਰਨ ਦਾ ਮੌਕਾ ਮਿਲੇ।

## 4.3.2 ਸ਼ਮੂਲੀਅਤ ਦੀ ਨੀਤੀ

ਸ਼ਮੂਲੀਅਤ ਦੀ ਇੱਕ ਨੀਤੀ ਸਾਰੇ ਸਕੂਲਾਂ ਅਤੇ ਸਾਡੇ ਸਾਰੇ ਸਿੱਖਿਆ ਪ੍ਰਬੰਧ ਵਿੱਚ ਲਾਗੂ ਹੋਣੀ ਚਾਹੀਦੀ ਹੈ। ਸਾਰੇ ਬੱਚਿਆਂ ਦੀ ਭਾਗਦਾਰੀ ਸਕੂਲ ਵਿਚਲੀ ਜ਼ਿੰਦਗੀ ਅਤੇ ਸਕੂਲੋਂ ਬਾਹਰ ਪੱਕੀ ਕੀਤੀ ਜਾਣੀ ਚਾਹੀਦੀ ਹੈ। ਸਕੂਲਾਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਜੀਵਨ ਦੇ ਲਈ ਤਿਆਰ ਕਰਨ। ਇਹ ਪੱਕਾ ਕੀਤਾ ਜਾਵੇ ਕਿ ਭਿੰਨ ਭਿੰਨ ਸਮਰੱਥਾਵਾਂ ਵਾਲੇ ਬੱਚੇ, ਗਰੀਬ ਵਰਗਾਂ ਦੇ ਬੱਚੇ, ਮੁਸ਼ਕਲ ਹਾਲਾਤਾਂ ਵਿੱਚ ਫਸੇ ਬੱਚੇ, ਗੱਲ ਕੀ ਸਾਰੇ ਹੀ ਵਿੱਦਿਆ ਦੇ ਅਹਿਮ ਖੇਤਰ ਦਾ ਭਰਪੂਰ ਲਾਭ ਉਠਾਉਣ। ਅਪਣੇ ਹੁਨਰ ਨੂੰ ਪ੍ਰਦਰਸ਼ਤ ਕਰ ਸਕਣ। ਅਪਣੇ ਹਾਣੀਆਂ ਨੂੰ ਕੁਝ ਕਰਕੇ ਦਿਖਾ ਲੈਣ ਦੇ ਮੌਕੇ ਬੱਚਿਆਂ ਵਿੱਚ ਉਤਸ਼ਾਹ ਅਤੇ ਹਿੱਸੇਦਾਰੀ ਦੀ ਭਾਵਨਾਂ ਜਗਾਉਣ ਦੇ ਤਾਕਤਵਰ ਸੰਦ ਹਨ।

ਸਾਡੇ ਸਕੂਲਾਂ ਵਿੱਚ ਅਸੀਂ ਕੁਝ ਹੀ ਬੱਚਿਆਂ ਨੂੰ ਬਾਰ ਬਾਰ ਚੁਣੀ ਜਾਣ ਦੀ ਕਰਦੇ ਹਾਂ। ਇਹਦੇ ਨਾਲ ਬੱਚਿਆਂ ਦਾ ਇੱਕ ਛੋਟਾ ਜਿਹਾ ਵਰਗ ਮਿਲੇ ਮੌਕਿਆਂ ਦਾ ਫਾਇਦਾ ਖੱਟ ਜਰੂਰ ਲੈਂਦਾ ਹੈ। ਸਕੂਲ ਵਿੱਚ ਵਾਹਵਾ ਨਜ਼ਰ ਵੀ ਆਉਂਦਾ ਹੈ ਤੇ ਸਵੈ-ਭਰੋਸਾ ਵੀ ਹਾਂਸਲ ਕਰ ਲੈਂਦਾ ਹੈ। ਪਰ ਦੂਜੇ ਬੱਚਿਆਂ ਨੂੰ ਓਨੀਂ ਹੀ ਨਿਰਾਸ਼ਾ ਹੱਥ ਲੱਗਦੀ ਹੈ। ਵਾਧਾ ਹੋਣਾਂ ਤਾਂ ਦੂਰ, ਉਹ ਲਗਾਤਾਰ ਇਸ ਖਾਹਸ਼ ਵਿੱਚ ਫਸੇ ਰਹਿੰਦੇ ਹਨ ਕਿ ਉਹ ਵੀ ਅਪਣੇ ਹਾਣੀਆਂ ਵੱਲੋਂ ਸਵੀਕਾਰੇ ਜਾਣ। ਕਦੇ ਉਹਨਾਂ ਦੀ ਪ੍ਰਬੀਨੀ ਅਤੇ ਯੋਗਤਾ ਵੀ ਸਲਾਹੇ ਜਾਣ ਲਈ ਚੁਣੇ ਜਾਣੇ ਚਾਹੀਦੇ ਹਨ। ਨਾਲ ਦੀ ਨਾਲ ਹੀ ਮੌਕੇ ਵੀ ਸਾਰੇ ਬੱਚਿਆਂ ਨੂੰ ਦਿੱਤੇ ਜਾਣੇ ਚਾਹੀਦੇ ਹਨ। ਉਨ੍ਹਾਂ ਦੀਆਂ ਵਿਸ਼ੇਸ਼ ਯੋਗਤਾਵਾਂ ਪਛਾਣੀਆਂ ਅਤੇ ਸਰਾਹੀਆਂ ਜਾਣੀਆਂ ਚਾਹੀਦੀਆਂ ਹਨ।

ਇਹਦੇ ਵਿੱਚ ਉਹ ਅਪਾਹਜ ਬੱਚੇ ਵੀ ਆਉਂਦੇ ਹਨ ਜਿੰਨ੍ਹਾਂ ਨੂੰ ਦਿੱਤੇ ਗਏ ਕੰਮਾਂ ਨੂੰ ਪੂਰਾ ਕਰਨ ਦੇ ਲਈ ਸਹਾਇਤਾ ਦੀ ਜਰੂਰਤ ਪੈਂਦੀ ਹੈ। ਇਹ ਹੋਰ ਵੀ ਚੰਗਾ ਰਹੇਗਾ ਜੇ ਕਾਰਜਾਂ ਦੀ ਯੋਜਨਾਂ ਬਣਾਉਂਦੇ ਸਮੇਂ ਅਧਿਆਪਕ ਜਮਾਤ ਦੇ ਸਾਰੇ ਬੱਚਿਆਂ ਨਾਲ ਵਿਚਾਰ ਵਟਾਂਦਰਾ ਕਰਨ। ਇਸ ਗੱਲ ਦਾ ਧਿਆਂਨ ਰੱਖਿਆ ਜਾਵੇ ਕਿ ਹਰ ਬੱਚੇ ਨੂੰ ਹਿੱਸਾ ਪਾਉਂਣ ਦਾ ਮੌਕਾ ਮਿਲੇ। ਇਸ ਵਾਸਤੇ ਯੋਜਨਾਂ ਬਨਾਉਣ ਵੇਲੇ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦੇਣ ਕਿ ਕੀ ਸਾਰਿਆਂ ਦੀ ਭਾਗਦਾਰੀ ਸੰਭਵ ਹੋ ਸਕੀ ਹੈ ਜਾਂ ਨਹੀਂ। ਇਹ ਉਹਨਾਂ ਦੇ ਪ੍ਰਭਾਵਸ਼ਾਲੀ ਅਧਿਆਪਕ ਹੋਣ ਦਾ ਵੀ ਚਿੰਨ੍ਹ ਬਣ ਜਾਵੇਗਾ।

ਮੁਕਾਬਲੇ ਅਤੇ ਨਿੱਜੀ ਪ੍ਰਾਪਤੀ ਉੱਤੇ ਲੋੜੋਂ ਵੱਧ ਜੋਰ ਦੇਣਾਂ ਸਾਡੇ ਬਹੁਤ ਸਾਰੇ ਸਕੂਲਾਂ ਵਿੱਚ ਘਰ ਕਰਨ ਲੱਗ ਪਿਆ ਹੈ। ਸ਼ਹਿਰੀ ਮਧ ਸ਼੍ਰੇਣੀ ਦੀਆਂ ਲੋੜਾਂ ਦੀ ਪੂਰਤੀ ਵਿੱਚ ਲੱਗੇ ਪ੍ਰਾਈਵੇਟ ਸਕੂਲਾਂ ਵਿੱਚ ਤਾਂ ਇਹ ਹੋਰ ਵੀ ਵਧ ਗਿਆ ਹੈ। ਬਹੁਤਾ ਕਰਕੇ ਜਿਉਂ ਹੀ ਬੱਚੇ ਦਾਖਲਾ ਲੈਂਦੇ ਹਨ ਤਾਂ ਉਨ੍ਹਾਂ ਨੂੰ 'ਘਰਾਂ' ਵਿੱਚ ਭਰਤੀ ਕਰ ਦਿੱਤਾ ਜਾਂਦਾ ਹੈ। ਇਉਂ ਸਕੂਲ ਵਿੱਚ ਹੋਣ ਵਾਲਾ ਹਰ ਕਾਰਜ ਉਸ ਘਰ ਨੂੰ ਮਿਲਣ ਵਾਲੇ ਅੰਕਾਂ ਦੇ ਆਧਾਰ 'ਤੇ ਗਿਣਿਆ ਜਾਂਦਾ ਹੈ। ਇਹ ਅੰਕ ਸਾਲ ਦੇ ਅੰਤ ਪੁਰ ਇਨਾਮ ਦੇਣ ਦੇ ਲਈ ਗਿਣੇ ਜਾਂਦੇ ਹਨ। ਅਜਿਹੀਆਂ 'ਘਰਾਂ ਨਾਲ ਵਫਾਦਾਰੀਆਂ' ਦਾ ਸਤਿਹੀ ਜਿਹਾ ਅਸਰ ਤਾਂ ਸਾਰੇ ਬੱਚਿਆਂ ਦੇ ਸ਼ਾਮਲ ਕਰਨ ਅਤੇ ਅਪਣੇ ਘਰਾਂ ਲਈ ਅੰਕ ਬਣਾ ਲੈਣ ਵਾਲਾ ਹੁੰਦਾ ਹੈ, ਪਰ ਇਹ ਵਿੱਦਿਆ ਦੇ ਉਦੇਸ਼ਾਂ ਨੂੰ ਮਰੋੜ ਸੁੱਟਦਾ ਹੈ। ਇਹਦੇ ਨਾਲ ਲੋੜੋਂ ਵੱਧ ਮੁਕਾਬਲਾ ਅਤੇ ਕਿਸੇ ਹੋਰ ਨਾਲੋਂ ਕੁਝ ਵੱਧ ਹਾਂਸਲ ਕਰਨਾਂ ਹੀ ਲਕਸ਼ ਬਣ ਜਾਂਦਾ ਹੈ। ਅਪਣੇ ਹੀ ਅਰਥਾਂ ਵਿੱਚ ਪ੍ਰਬੀਨਤਾ ਪ੍ਰਾਪਤ ਕਰਨੀ ਜੋਰ ਫੜ੍ਹਦੀ ਹੈ ਅਤੇ ਕਿਸੇ ਕੰਮ ਨੂੰ ਖੂਬ ਚੰਗੀ ਤਰ੍ਹਾਂ ਕਰਨ ਦੀ ਸੰਤੁਸ਼ਟੀ ਬਿਖਰ ਜਾਂਦੀ ਹੈ।

ਹੋਰ ਬੱਚਿਆਂ ਦੀ ਮਨੀਟਰੀ ਝੱਲਣੀ ਪੈਂਣ ਵਾਲਾ ਪ੍ਰਬੰਧ ਅਕਸਰ ਸਕੂਲ ਵਿਚਲੇ ਰਿਸ਼ਤੇ ਵਿਗਾੜਦਾ ਹੈ। ਹਮ-ਉਮਰਾਂ ਨਾਲ ਰਿਸ਼ਤਿਆਂ ਦਾ ਨੁਕਸਾਨ ਹੁੰਦਾ ਹੈ ਅਤੇ ਦੂਜਿਆਂ ਪ੍ਰਤੀ ਸੰਵੇਦਨਾਂ ਅਤੇ ਸਹਿਯੋਗ ਦੇ ਭਾਵ ਵੀ ਕਨਾਰੇ ਲੱਗ ਜਾਂਦੇ ਹਨ। ਅਧਿਆਪਕਾਂ ਨੂੰ ਇਸ ਬਾਰੇ ਮਨਨ ਕਰਨ ਦੀ ਲੋੜ ਹੈ ਕਿ ਮੁਕਾਬਲੇ ਦੀ ਭਾਵਨਾਂ ਸਕੂਲੀ ਜੀਵਨ ਵਿੱਚ ਕਿਸ ਕੁ ਹੱਦ ਤੱਕ ਪਨਪ ਸਕਣੀ ਚਾਹੀਦੀ ਹੈ – ਪ੍ਰਬੰਧ ਇੱਕ ਪ੍ਰਕਾਰ ਦਾ ਨਿਰੰਤਰਣ ਵਿੱਚ ਕਾਰਜ ਨਿਭਾਉਣ ਤੱਕ ਦਾ ਹੋਵੇ, ਜਾਂ ਸਿੱਖਿਆ ਅਤੇ ਮਨੋਰਥ ਨੂੰ ਹਵਾ ਦੇਣ ਦਾ।

ਸਕੂਲ ਬੜੇ ਸੰਕੀਰਣ ਮਾਨਸਕ ਮਾਪਦੰਡਾਂ ਰਾਹੀਂ ਬੜੀ ਜਲਦੀ ਵੰਡਾਂ ਪਾ ਕੇ ਬੱਚਿਆਂ ਦੇ ਭਿੰਨ ਭਿੰਨ ਹੁਨਰਾਂ ਅਤੇ ਕਾਰਜ ਸ਼ਕਤੀਆਂ ਦਾ ਭੀ ਨਾਸ ਕਰ ਦਿੰਦਾ ਹੈ। ਹਰ ਬੱਚੇ ਨਾਲ ਇੱਕ ਬੰਦੇ ਵਾਲਾ ਰਿਸ਼ਤਾ ਜੋੜਨ ਦੀ ਥਾਂ ਉਨ੍ਹਾਂ ਦੀਆਂ ਜ਼ਿੰਦਗੀਆਂ ਵਿੱਚ ਬਹੁਤ ਪਹਿਲਾਂ ਹੀ ਬੱਚਿਆਂ ਨੂੰ ਜਮਾਤ ਦੇ ਕਮਰੇ ਵਿੱਚ ਮਾਨਸਕ ਵਿਛੌਣਿਆਂ ਉੱਪਰ ਪਾ ਦਿੰਦਾ ਹੈ। ਵੰਡ ਹੁੰਦੀ ਹੈ: 'ਸਟਾਰ', ਔਸਤ, ਔਸਤ ਤੋਂ ਹੇਠਾਂ ਅਤੇ 'ਫੇਲ੍ਹ'। ਬਹੁਤੀ ਵਾਰ ਉਹਨਾਂ ਨੂੰ ਅਪਣੇ

ਆਪ ਇਹਨਾਂ ਵਿਛੌਣਿਆਂ ਤੋਂ ਉੱਤਰਣ ਦਾ ਮੌਕਾ ਨਹੀਂ ਮਿਲਦਾ। ਅਜਿਹੇ ਲੇਬਲਾਂ ਦਾ ਭੂਤ ਬਣਾ ਧਰਨ ਦਾ ਅਸਰ ਬੱਚਿਆਂ ਉੱਪਰ ਬੜਾ ਘਾਤਕ ਹੁੰਦਾ ਹੈ। ਬੱਚਿਆਂ ਦੇ ਮਨਾਂ ਵਿੱਚ ਇਹਨਾਂ ਲੇਬਲਾਂ ਨੂੰ ਬੈਠਾਅ ਦੇਣ ਦੇ ਲਈ ਸਕੂਲ ਬੜੀਆਂ ਫ਼ਜ਼ੂਲ ਹੱਦਾਂ ਤੱਕ ਅੱਪੜਦੇ ਹਨ। ‘ਖਰਦਿਮਾਗ’ ਤਰ੍ਹਾਂ ਦੀਆਂ ਗਾਲ਼ਾਂ ਦੇਕੇ, ਹੋਰਨਾਂ ਤੋਂ ਵੱਖਰਾ ਬੈਠਾਅ ਕੇ, ਅਤੇ ਅਜਿਹੇ ਚਿੰਨ੍ਹ ਬਣਾਕੇ ਜੋ ਦਿਸਣ ਨਾਲ ਹੀ ਬੱਚਿਆਂ ਨੂੰ ‘ਜੇਤੂ’ ਅਤੇ ‘ਕੁਝ ਵੀ ਨਾਂ ਕਰਨ ਜੋਗੇ’ ਵੰਡਾਂ ਵਿੱਚ ਵੰਡ ਦਿੰਦੇ ਹਨ।

ਸਹੀ ਉੱਤਰ ਕੋਲ ਨਾ ਹੋਣ ਦਾ ਡਰ ਬਹੁਤੇ ਬੱਚਿਆਂ ਨੂੰ ਜਮਾਤ ਵਿੱਚ ਚੁੱਪ ਕਰਾਈ ਰੱਖਦਾ ਹੈ। ਇਉਂ ਉਨ੍ਹਾਂ ਨੂੰ ਜਮਾਤ ਵਿੱਚ ਭਾਗ ਲੈਣ ਅਤੇ ਸਿੱਖਣ ਦੇ ਬਰਾਬਰ ਦੇ ਮੌਕੇ ਤੋਂ ਇਨਕਾਰ ਹੋ ਜਾਂਦਾ ਹੈ। ਫੇਲ੍ਹ ਹੋਣ ਦੇ ਡਰ ਤੋਂ ਓਨੇ ਹੀ ਮਰੇ ਪਏ ਹੁੰਦੇ ਹਨ ਅਖੌਤੀ ਜੇਤੂ। ਫੇਲ੍ਹ ਹੋਣ ਦੇ ਡਰ ਤੋਂ ਹੀ ਉਹ ਅਪਣੀ ਕੋਈ ਨਵੀਂ ਚੀਜ਼ਾਂ ਨੂੰ ਅਜ਼ਮਾਕੇ ਦੇਖਣ ਦੀ ਸਮਰੱਥਾ ਗੁਆ ਬੈਠਦੇ ਹਨ। ਇਮਤਿਹਾਨਾਂ ਵਿੱਚ ਓਨਾਂ ਚੰਗਾ ਨਹੀਂ ਕਰ ਸਕਦੇ ਤੇ ਅਪਣੇ ਰੈਂਕ ਗੁਆ ਲੈਂਦੇ ਹਨ।

ਇਹ ਬੜਾ ਜਰੂਰੀ ਹੈ ਕਿ ਗਲਤੀਆਂ ਕਰਨ ਦੀ ਇਜਾਜ਼ਤ ਮਿਲੇ। ਜਿਸ ਨਾਲ ਬੱਚਾ ਸਿੱਖਣ ਦੀ ਪ੍ਰਕਿਰਿਆ ਦੇ ਨਾਲ ਜੁੜਿਆ ਰਹਿ ਸਕੇ ਅਤੇ ‘ਪੂਰੇ ਨੰਬਰ’ ਨਾਂ ਹਾਂਸਲ ਕਰਨ ਦਾ ਡਰ ਦੂਰ ਕਰ ਲਵੇ। ਸਕੂਲ ਨੂੰ ਚਾਹੀਦਾ ਹੈ ਕਿ ਉਹਨਾਂ ਮਾਪਿਆਂ ਨੂੰ ਤੇ ਭਾਈਚਾਰੇ ਨੂੰ ਬੜੇ ਤਾਕਤਵਰ ਸੰਕੇਤ ਭੇਜੇ ਜੋ ਨਿਆਣੀ ਉਮਰ ਤੋਂ ਹੀ ਬੱਚਿਆਂ ਤੇ ਪ੍ਰਤੀਛੱਤੀਏ ਹੋਣ ਦਾ ਦਬਾਅ ਪਾਉਂਦੇ ਹਨ।

ਬਜਾਏ ਟਿਊਸ਼ਨਾਂ ਵਿੱਚ ਵਕਤ ਬਰਬਾਦ ਕਰਨ ਤੇ ਜਾਂ ਡਰ ਵਿੱਚ ‘ਅਸਲ ਉੱਤਰ’ ਲੱਭਣਾ ਸਿੱਖ ਲੈਣ ਦੀ ਥਾਂ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਅਪਣੇ ਬੱਚਿਆਂ ਨੂੰ ਕਹਾਣੀਆਂ ਦੀਆਂ ਕਿਤਾਬਾਂ ਪੜ੍ਹਨ ’ਤੇ ਸਮਾਂ ਖਰਚ ਕਰਨ ਦੇ ਲਈ ਉਸਾਹਤ ਕਰਨ। ਖੇਡ੍ਹਣ ਦੇਣ ਅਤੇ ਇੱਕ ਹੱਦ ਤੱਕ ਹੀ ਘਰਦਾ ਕੰਮ ਕਰਨ ਦੇਣ। ਅਪਣੇ ਸ਼ਗਿਰਦਾਂ ਦੇ ਲਈ ਦਬਾਅ ਘਟਾਅ ਸਕਣ ਦੇ ਕੋਰਸ ਲੱਭਦੇ ਫਿਰਨ ਦੀ ਥਾਂ ਸਕੂਲ ਦੇ ਮੁਖੀਆਂ ਅਤੇ ਮੈਨਜਮੈਂਟਾਂ ਨੂੰ ਚਾਹੀਦਾ ਹੈ ਕਿ ਉਹ ਸਕੂਲ ਦੇ ਪਾਠਕ੍ਰਮ ਤੋਂ ਬੋਝ ਘਟਾਉਣ। ਮਾਪਿਆਂ ਨੂੰ ਵੀ ਸਕੂਲ ਤੋਂ ਬਾਹਰੀ ਜ਼ਿੰਦਗੀ ਵਿੱਚ ਵੀ ਬੱਚੇ ਤੋਂ ਬੋਝ ਘਟੌਣਾ ਚਾਹੀਦਾ ਹੈ।

ਉਹ ਸਕੂਲ ਜੋ ਸਖਤ ਮੁਕਾਬਲੇ ’ਤੇ ਜੋਰ ਦਿੰਦੇ ਹਨ, ਕਿਤੇ ਵੀ ਸਰਕਾਰੀ ਸਕੂਲਾਂ ਸਮੇਤ ਦੂਜੇ ਸਕੂਲ ਉਨ੍ਹਾਂ ਨੂੰ ਉਦਾਹਰਣ ਨਾ ਮੰਨ ਬੈਠਣ। ਸਾਂਝੇ ਸਕੂਲ ਦਾ ਵਿਚਾਰ ਜੋ ਕੋਠਾਰੀ ਕਮਿਸ਼ਨ ਨੇ ਚਾਰ ਦਹਾਕੇ ਪਹਿਲਾਂ ਦਿੱਤਾ ਸੀ ਹਾਲੇ ਵੀ ਸਾਰਥਕ ਚੱਲ ਰਿਹਾ ਹੈ, ਕਿਉਂਕਿ ਇਹ ਸਵਿਧਾਨ ਵਿੱਚ ਪ੍ਰਦਰਸ਼ਤ ਕੀਮਤਾਂ ਦਾ ਪ੍ਰਸਾਰ ਕਰਦਾ ਹੈ।

ਸਕੂਲ ਇਹਨਾਂ ਕੀਮਤਾਂ ਨੂੰ ਤਦ ਹੀ ਅਪਣਾਅ ਸਕਣਗੇ ਜੇ ਉਹ ਅਜਿਹਾ ਮਹੌਲ ਸਿਰਜ ਲੈਣ ਜਿਸ ਵਿੱਚ ਹਰ ਬੱਚਾ ਪ੍ਰਸੰਨ ਅਤੇ ਭਾਰ ਮੁਕਤ ਮਹਿਸੂਸ ਕਰੇ। ਇਹ ਆਦਰਸ਼ ਹੁਣ ਤਾਂ ਹੋਰ ਵੀ ਢੁਕਦਾ ਹੈ।

ਹੁਣ ਸਿੱਖਿਆ ਮੂਲ ਅਧਿਕਾਰ ਬਣ ਗਿਆ ਹੈ। ਮਤਲਬ ਇਹ ਕਿ ਹੁਣ ਲੱਖਾਂ ਹੀ ਪਹਿਲੀ ਪੀੜ੍ਹੀ ਦੇ ਸਿੱਖਿਅਕਾਂ ਨੇ ਸਕੂਲਾਂ ਵਿੱਚ ਦਾਖਲਾ ਲੈਣਾ ਹੈ। ਪ੍ਰਾਈਵੇਟ ਸਕੂਲਾਂ ਸਮੇਤ ਸਾਰੇ ਪ੍ਰਬੰਧ ਨੂੰ ਇਹ ਸਮਝ ਲੱਗ ਜਾਣੀ ਚਾਹੀਦੀ ਹੈ ਕਿ ਬਹੁਤ ਸਾਰੇ ਬੱਚੇ ਐਹੋ ਜਿਹੇ ਹਨ, ਜਿੰਨ੍ਹਾਂ ਉੱਤੇ ਸਮਰੱਥਾ, ਵਿਅਕਤੀਤਵ ਜਾਂ ਸੁਪਨੇ ਵਰਗੇ ਕਿਸੇ ਵੀ ਇੱਕ ਮਾਪਦੰਡ ਨਾਲ ਸਾਹਮਣੇ ਆ ਰਹੇ ਹਾਲਾਤ ਵਿੱਚ ਕੰਮ ਨਹੀਂ ਚੱਲਣ ਲੱਗਾ। ਸਕੂਲ ਦੇ ਪ੍ਰਬੰਧਕਾਂ ਅਤੇ ਅਧਿਆਪਕਾਂ ਨੂੰ ਇਹ ਗੱਲ ਭਲੀ ਭਾਂਤ ਸਮਝ ਲੈਣੀ ਚਾਹੀਦੀ ਹੈ ਕਿ ਜਦ ਵੱਖ ਵੱਖ ਪਿਛੋਕੜਾਂ ਤੋਂ ਆਏ ਕੁੜੀਆਂ ਅਤੇ ਮੁੰਡੇ ਇਕੱਠੇ ਪੜ੍ਹਦੇ ਹਨ ਤਾਂ ਜਮਾਤ ਦਾ ਮਹੌਲ ਹੋਰ ਵੀ ਅਮੀਰ ਅਤੇ ਉਤਸਾਹਕ ਹੋ ਜਾਂਦਾ ਹੈ।

## 4.4 ਅਨੁਸ਼ਾਸਣ ਅਤੇ ਭਾਗਦਾਰੀ ਦਾ ਪ੍ਰਬੰਧ

ਸਕੂਲ ਅਤੇ ਖਾਸ ਕਰਕੇ ਉਹ ਵੀ ਸਰਕਾਰੀ ਸਕੂਲ ਜਿੰਨੀ ਮਾਲਕੀ ਅਧਿਆਪਕਾਂ ਅਤੇ ਮੁੱਖ-ਅਧਿਆਪਕਾਂ ਦੀ ਬਣਦੇ ਹਨ, ਓਨੀਂ ਹੀ ਬੱਚਿਆਂ ਦੀ ਵੀ ਹਨ। ਇਹਨਾਂ ਸਮਿਆਂ ਵਿੱਚ ਜਦ ਪੜ੍ਹਾਈ ਦਾ ਸਾਰਾ ਕਾਰ-ਵਿਹਾਰ ਸੂਚਨਾਂ ਤੱਕ ਪਹੁੰਚ ਉੱਪਰ ਟਿਕਦਾ ਜਾ ਰਿਹਾ ਹੈ ਤਾਂ ਅਧਿਆਪਕਾਂ ਅਤੇ ਸ਼ਗਿਰਦਾਂ ਵਿਚਲਾ ਰਿਸ਼ਤਾ ਵੀ ਆਪਸੀ ਨਿਰਭਰਤਾ ਵਾਲਾ ਹੋ ਜਾਣਾਂ ਹੋਇਆ। ਗਿਆਨ ਸਿਰਜਣ ਵੀ ਸਾਧਨਾਂ ਦੀ ਅਜਿਹੀ ਨੀਂਹ ਉੱਪਰ ਟਿਕਿਆ ਹੈ ਜਿਸਦਾ ਅਧਿਆਪਕ ਕੇਂਦਰ ਹੈ। ਇੱਕ ਦਾ ਕੰਮ ਦੂਜੇ ਦੇ ਬਿਨਾਂ ਨਹੀਂ ਚੱਲ ਸਕਦਾ। ਸਿੱਖਿਆ ਦੇ ਸਾਰੇ ਅਮਲ ਨੂੰ ਹੁਣ ਲਾਭਦੇਅਕ (ਅਧਿਆਪਕ) ਅਤੇ ਲਾਭਲੈਅਕ (ਵਿਦਿਆਰਥੀ) ਵਾਲੇ ਸੰਸਕਾਰ ਤੋਂ ਬਦਲ ਕੇ ਸਹਾਇਕ ਅਤੇ ਸਿੱਖਿਅਕ ਵਿੱਚ ਬਦਲਣਾ ਹੋਵੇਗਾ। ਇਹਦੇ ਵਿੱਚ ਸਿੱਖਿਆ ਦੇ ਅਮਲ ਦੇ ਵਾਪਰਣ ਨੂੰ ਜਕੀਨੀਂ ਬਨਾਉਣ ਵਿੱਚ ਸਾਰੇ ਜਣਿਆਂ ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਹਨ।

ਅੱਜ-ਕੱਲ੍ਹ ਸਕੂਲ ਦੇ ਨਿਯਮ, ਮਾਪਦੰਡ ਅਤੇ ਮਾਨਤਾਵਾਂ ਵਿਦਿਆਰਥੀਆਂ ਦੇ ਵਿਹਾਰ ਨੂੰ ਨਿੱਜੀ ਅਤੇ ਵਰਗ ਦੇ ਪੱਖ ਤੋਂ 'ਵਧੀਆ' ਅਤੇ 'ਠੀਕ' ਕਹਿਕੇ ਪ੍ਰੀਭਾਸ਼ਤ ਕਰਦੇ ਹਨ। ਸਕੂਲਾਂ ਵਿੱਚ ਅਨੁਸਾਸ਼ਨ ਬਣਾਏ ਰੱਖਣ ਦੀ ਜਿੰਮੇਵਾਰੀ ਆਮ ਕਰਕੇ ਅਧਿਆਪਕਾਂ ਅਤੇ ਹੋਰ ਬਾਲਗਾਂ (ਖੇਡ੍ਹਾਂ ਦੇ ਮਾਸਟਰ ਅਤੇ ਪ੍ਰਬੰਧਕ) ਦੀ ਰਹਿੰਦੀ ਹੈ। ਵਾਰ ਵਾਰ ਉਹ ਵੀ ਬੱਚਿਆਂ ਨੂੰ 'ਮਨੀਟਰ' ਅਤੇ 'ਪ੍ਰੀਫੈਕਟ' ਆਦਿ ਬਣਾਕੇ 'ਆਡਰ' ਅਤੇ ਵਿਵਸਥਾ ਬਣਾਈ ਰੱਖਣ ਦੇ ਲਈ ਜਿੰਮੇਵਾਰੀ ਅੱਗੇ ਤੋਰ ਦਿੰਦੇ ਹਨ। ਇਹਦੇ ਵਿੱਚ ਸਜਾ ਅਤੇ ਇਨਾਮ ਚੋਖਾ ਕੰਮ ਕਰਦੇ ਹਨ। ਜੋ ਇਸ ਤਰ੍ਹਾਂ ਕਰਦੇ ਹਨ, ਉਹ ਨਿਯਮਾਂ ਪੁਰ ਕਦੇ ਸੁਆਲ ਨਹੀਂ ਕਰਦੇ। ਕਦੇ ਨਹੀਂ ਸੋਚਿਆ ਜਾਂਦਾ ਪਈ ਇਓਂ

ਕਰਨ ਨਾਲ ਬੱਚਿਆਂ ਦੇ ਸਮੁਚੇ ਵਿਕਾਸ ਉੱਪਰ ਕਿਹੋ ਜਿਹਾ ਅਸਰ ਪਵੇਗਾ। ਉਨ੍ਹਾਂ ਦੇ ਆਤਮ ਸਨਮਾਨ ਦਾ ਕੀ ਬਣੇਗਾ ਅਤੇ ਉਨ੍ਹਾਂ ਦੀਆਂ ਸਿੱਖਣ ਦੀਆਂ ਰੁਚੀਆਂ ਦਾ ਕੀ ਬਣੇਗਾ।

ਅਨੁਸ਼ਾਸਤ ਕਰਨ ਦੇ ਤਰੀਕੇ ਜਿਹਾ ਕਿ ਸਰੀਰਕ ਸਜਾ, ਬੋਲੀਆਂ-ਅਣਬੋਲੀਆਂ ਗਾਲ਼ਾਂ ਆਦਿ ਹਾਲੇ ਵੀ ਸਕੂਲਾਂ ਵਿੱਚ ਚਲਦੀਆਂ ਹਨ। ਬੱਚਿਆਂ ਦੇ ਹਮ-ਉਮਰਾਂ ਦੇ ਸਾਹਮਣੇ ਉਨ੍ਹਾਂ ਨੂੰ ਬੇਇਜ਼ਤ ਕਰਨ ਦੇ ਲਈ ਵਰਤੀਆਂ ਜਾਂਦੀਆਂ ਹਨ। ਇਹ ਵੀ ਪਈ ਬਹੁਤੇ ਅਧਿਆਪਕ ਅਤੇ ਏਥੋਂ ਤੱਕ ਕਿ ਮਾਪੇ ਵੀ ਸਰੀਰਕ ਸਜਾ ਹੋਣੀ ਅਵੱਸ਼ਕ ਮੰਨਦੇ ਹਨ। ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਇਸ ਅਮਲ ਦੇ ਤੱਤਕਾਲੀ ਅਤੇ ਦੀਰਘ ਕਾਲੀਨ ਅਸਰ ਕੀ ਹੋਣਗੇ। ਅਧਿਆਪਕਾਂ ਦੇ ਲਈ ਇਹ ਜਰੂਰੀ ਹੈ ਕਿ ਉਹ ਸਕੂਲਾਂ ਨੂੰ ਚਲਾਉਣ ਵਾਲੀਆਂ ਮਾਨਤਾਵਾਂ ਅਤੇ ਨਿਯਮਾਂ ਪੁਰ ਗਹੁ ਨਾਲ ਸੋਚਕੇ ਇਹਨਾਂ ਦੇ ਪਿਛੇ ਕੰਮ ਕਰਦੀ ਤਰਕ ਨੂੰ ਸਮਝਣ। ਪਤਾ ਕਰਨ ਕਿ ਕੀ ਇਹ ਸਿੱਖਿਆ ਦੇ ਉਦੇਸ਼ਾਂ ਦੇ ਅਨੁਰੂਪ ਹਨ ਜਾਂ ਨਹੀਂ।

ਉਦਾਹਰਣ ਲਈ, ਭਲਾ ਜੁਰਾਬਾਂ ਦੀ ਲੰਮਾਈ ਅਤੇ ਖੇਡਣ ਵਾਲੇ ਬੂਟਾਂ ਦੀ ਸੁਫੈਦੀ ਦਾ ਪੜ੍ਹਈ ਦੇ ਮਹੱਤਵ ਨਾਲ ਕੀ ਸਬੰਧ ਬਣਦਾ ਹੋਇਆ? ਜਮਾਤਾਂ ਵਿੱਚ ਚੁੱਪ ਰਹਿੰਣ, ‘ਇੱਕ ਇੱਕ ਕਰਕੇ’ ਉੱਤਰ ਦੇਣ ਲਈ ਬੋਲਣਾਂ, ਸਹੀ ਉੱਤਰ ਪਤਾ ਹੋਣ ’ਤੇ ਹੀ ਉੱਤਰ ਦੇਣਾਂ ਆਦਿ ਨਾਲ ਜੋੜ ਰੱਖੇ ਨਿਯਮ ਤਾਂ ਬਰਾਬਰੀ ਅਤੇ ਬਰਾਬਰ ਮੌਕੇ ਮਿਲਣ ਨੂੰ ਠੇਸ ਪਹੁੰਚਾਉਂਦੇ ਹਨ। ਐਸ ਤਰ੍ਹਾਂ ਦੇ ਨਿਯਮ ਬੱਚਿਆਂ ਦੇ ਸਿੱਖਣ ਨਾਲ ਸਬੰਧਤ ਪ੍ਰਕਿਰਿਆਵਾਂ ਨੂੰ, ਹਮ-ਉਮਰਾਂ ਦੇ ਨਾਲ ਭਰਾਤਰੀ ਭਾਵ ਵਿਕਸਤ ਹੋਣ ਨੂੰ ਵੀ ਮੰਦਾ ਪਾ ਸਕਦੇ ਹਨ। ਹਾਲਾਂ ਕਿ ਇਹ ਜਮਾਤ ਨੂੰ ‘ਅਸਾਨੀਂ ਨਾਲ ਸਾਂਭ ਸਕਣ ਵਾਲੀ’ ਬਣਾ ਦਿੰਦੇ ਹਨ ਤੇ ਅਧਿਆਪਕਾਂ ਦੇ ਲਈ ‘ਸਿਲੇਬਸ ਪੂਰਾ ਕਰਨਾਂ’ ਵੀ ਅਸਾਨ ਹੋ ਜਾਂਦਾ ਹੈ।

ਆਤਮ-ਅਨੁਸ਼ਾਸਨ ਦਾ ਗੁਣ/ਆਦਤ ਵਧਾਉਣ ਦੇ ਨਾਲ ਸਿੱਖਿਆ ਦਾ ਸਿਲਸਿਲੇਵਾਰ ਵਾਪਰਣ ਅਤੇ ਬੱਚੇ ਦੀਆਂ ਰੁਚੀਆਂ ਅਤੇ ਸੰਭਾਵ ਦੇ ਵਿਕਾਸ ਹੋਣ ਵਿੱਚ ਬੜੇ ਮਹੱਤਵ ਪੂਰਣ ਹਨ। ਅਨੁਸ਼ਾਸਨ ਹੱਥੀਂ ਲਏ ਕੰਮ ਦੇ ਨਿਭਾਅ ਦੇ ਲਈ ਸਹੂਲਤ ਬਣੇ। ਇਹ ਅਧਿਆਪਕ ਅਤੇ ਬੱਚੇ ਦੋਵਾਂ ਦੇ ਲਈ ਆਜ਼ਾਦੀ, ਚੋਣ ਅਤੇ ਖੁਦਮੁਖਤਾਰੀ ਸੰਭਵ ਕਰੇ। ਇਹ ਜਰੂਰੀ ਹੈ ਕਿ ਬੱਚਿਆਂ ਨੂੰ ਨਿਯਮ ਘੜਣ ਵਿੱਚ ਸ਼ਾਮਲ ਕੀਤਾ ਜਾਵੇ, ਜੀਹਦੇ ਨਾਲ ਉਹ ਖੁਦ ਹੀ ਨਿਯਮਾਂ ਦੇ ਮਗਰ ਪਏ ਤਰਕ ਨੂੰ ਜਾਣ ਲੈਣ। ਇਹਦੀ ਪਾਲਣਾਂ ਕਰਨ ਲਈ ਤਿਆਰ ਹੋਣ। ਇਸ ਤਰੀਕੇ ਨਾਲ ਉਹ ਆਤਮ-ਸਰਕਾਰਤਾ ਦੇ ਕੋਡ ਮਿਥਣੇ ਸਿੱਖ ਲੈਣਗੇ। ਫੈਸਲੇ ਲੈਣ ਦੇ ਵਸਤੇ ਭਾਗ ਲੈਣ ਦੇ ਲਈ ਚਾਹੀਦੇ ਹੁਨਰ ਅਤੇ ਲੋਕਤੰਤਰੀ ਕਾਰਗੁਜਾਰੀ ਬਾਰੇ ਵੀ ਜਾਣ ਲੈਣਗੇ। ਏਸੇ ਤਰ੍ਹਾਂ ਹੀ ਬੱਚੇ ਝਗੜਿਆਂ ਦੇ ਨਿਪਟਾਰੇ ਦੇ ਲਈ ਵੀ ਢੰਗ ਤਰੀਕੇ ਤਿਆਰ ਕਰ ਸਕਦੇ ਹਨ: ਅਧਿਆਪਕਾਂ ਤੇ ਵਿਦਿਆਰਥੀਆਂ ਦੇ ਝਗੜੇ ਅਤੇ ਵਿਦਿਆਰਥੀਆਂ ਦੇ ਆਪਸੀ ਝਗੜੇ।

ਅਧਿਆਪਕ ਇਹ ਪੱਕਾ ਕਰਨ ਕਿ ਨਿਯਮ ਘੱਟ ਤੋਂ ਘੱਟ ਰਹਿੰਣ, ਤੇ ਨਿਯਮ ਵੀ ਅਜਿਹੇ ਜੋ ਅਸਾਨੀ ਨਾਲ ਅਪਣਾਏ ਜਾ ਸਕਦੇ ਹੋਣ। ਨਿਯਮ ਤੋੜਣ ’ਤੇ ਬੇਇਜ਼ਤ ਕਰਨ ਨਾਲ ਕਿਸ ਦਾ ਭਲਾ ਹੁੰਦਾ ਏ? ਉਹ ਵੀ ਜਦ ਨਿਯਮ ਤੋੜਣ ਦੇ ਕਿੰਨ੍ਹੇ ਹੀ ਕਾਰਣ ਹੋਣ। ਉਦਾਹਰਣ ਦੇ ਲਈ, ‘ਸ਼ੋਰ ਸ਼ਰਾਬੇ ਭਰੀਆਂ ਜਮਾਤਾਂ’ ਤੋਂ ਅਧਿਆਪਕਾਂ ਅਤੇ ਹੈੱਡ ਮਾਸਟਰਾਂ ਨੂੰ ਚਿੜ ਹੈ। ਪਰ ਇਹ ਵੀ ਤਾਂ ਸੰਭਵ ਹੈ ਕਿ ਸ਼ੋਰ ਅਧਿਆਪਕ ਦੇ ਜਮਾਤ ਨੂੰ ਕਾਬੂ ਨਾ ਰੱਖ ਸਕਣ ਦੀ ਨਿਸ਼ਾਨੀਂ ਹੀ ਹੋਵੇ। ਇਹ ਵੀ ਹੈ ਕਿ ਸ਼ੋਰ ਜਿਉਂਦੀ ਜਾਗਦੀ ਜਮਾਤ ਦੀ ਨਿਸ਼ਾਨੀਂ ਵੀ ਹੋ ਸਕਦਾ ਹੈ।

ਏਸੇ ਤਰ੍ਹਾਂ ਹੀ ਹੈੱਡ ਮਾਸਟਰ ਵੀ ਵਕਤ ’ਤੇ ਪਹੁੰਚਣ ਬਾਰੇ ਅਕਾਰਣ ਹੀ ਸਖਤੀ ਦਿਖਾ ਸਕਦੇ ਹਨ। ਇੱਕ ਬੱਚਾ ਜੋ ਇਮਤਿਹਾਨ ਦੇ ਲਈ ਟ੍ਰੈਫਿਕ ਜਾਮ ਹੋ ਜਾਣ ਦੇ ਕਾਰਣ ਲੇਟ ਅੱਪੜਦਾ ਹੈ, ਉਸ ਨੂੰ ਸਜਾ ਨਾਂ ਦਿੱਤੀ ਜਾਵੇ। ਪਰ ਹਾਲੇ ਵੀ ਵੇਖਿਆ ਗਿਆ ਹੈ ਕਿ ਅਜਿਹੇ ਨਿਯਮ ਉੱਚ ਪੱਧਰੀਆਂ ਕੀਮਤਾਂ ਦੇ ਨਾਮ ਪੁਰ ਥੋਪੇ ਜਾਂਦੇ ਹਨ। ਅਜਿਹੇ ਮੁਆਮਲਿਆਂ ਵਿੱਚ ਪ੍ਰਬੰਧਕਾਂ ਰਾਹੀਂ ਵਿਖਾਈ ਕੁਤਰਕਤਾ ਬੱਚਿਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਦਾ ਹੌਂਸਲਾ ਤੋੜ ਸਕਦੀ ਹੈ। ਇਸ ਵਿੱਚ ਪਹਿਲਾਂ ਬੱਚੇ ਤੋਂ ਪੁਛਣ ਨਾਲ ਕਿ ਲੇਟ ਕਿਉਂ ਆਈ/ਆਇਆ ਤੇ ਫਿਰ ਉਸ ਪੁਰ ਅਮਲ ਕਰਨ ਦੇ ਨਾਲ ਮਦਦ ਹੋ ਸਕਦੀ ਹੈ।

ਸਕੂਲ ਦੇ ਮੁਖੀ ਤੇ ਅਧਿਆਪਕ ਦੇ ਲਈ ਇਹ ਜ਼ਿਆਦਾ ਢੁਕਦਾ ਹੈ ਕਿ ਉਹ ਤਾਕਤ ਨਹੀਂ ਸ਼ਾਸਨ ਵਰਤੇ। ਮਰਜੀ ਅਤੇ ਕੁਤਰਕਤਾ ਤਾਕਤ ਦੀਆਂ ਨਿਸ਼ਾਨੀਆਂ ਹਨ। ਡਰ ਉਤਪਨ ਕਰਦੀਆਂ ਹਨ, ਸਤਿਕਾਰ ਨਹੀਂ।

ਬੱਚਿਆਂ ਅਤੇ ਸਕੂਲੀ ਅਧਿਆਪਕਾਂ ਦੀ ਭਾਗਦਾਰੀ ਨਾਲ ਚੱਲਣ ਵਾਲੇ ਪ੍ਰਬੰਧ ਵਿਕਸਤ ਕੀਤੇ ਜਣੇ ਜਰੂਰੀ ਹਨ। ਬੱਚਿਆਂ ਨੂੰ ਅਪਣੇ ਪ੍ਰਤੀਨਿਧੀ ਬੱਚਿਆਂ ਦੀ ਕੌਂਸਲ ਦੇ ਵਾਸਤੇ ਚੁਣਨ ਲਈ ਉਤਸਾਹਤ ਕੀਤਾ ਜਾਵੇ। ਏਸੇ ਤਰ੍ਹਾਂ ਹੀ ਅਧਿਆਪਕਾਂ ਅਤੇ ਸਕੂਲ ਦੇ ਪ੍ਰਬੰਧਕਾਂ ਨੂੰ ਅਤੇ ਮਾਪਿਆਂ ਨੂੰ ਵੀ ਅਪਣੇ ਆਪ ਨੂੰ ਸੰਗਠਤ ਹੋਣ-ਕਰਨ ਦੀ ਲੋੜ ਹੈ।

## 4.5 ਮਾਂ-ਬਾਪ ਅਤੇ ਭਾਈਚਾਰੇ ਲਈ ਸਥਾਨ

ਸਕੂਲ ਨਿਰਦੇਸ਼ਤ ਸਿੱਖਿਆ ਦਾ ਇੱਕ ਸੰਰਚਤ ਸਥਾਨ ਹੈ, ਪਰ ਗਿਆਨ ਉਸਾਰੀ ਦੀ ਪ੍ਰਕਿਰਿਆ ਇੱਕ ਨਿਰੰਤਰ ਤੱਥ ਹੈ ਜੋ ਸਕੂਲ ਤੋਂ ਬਾਹਰ ਤੱਕ ਜਾਂਦਾ ਹੈ। ਜੇ ਸਿੱਖਣਾ ਨਿਰੰਤਰ ਹੈ ਅਤੇ ਇਹ ਸਕੂਲ ਤੋਂ ਅਲੱਗ

ਮੈਦਾਨਾਂ ਵਿੱਚ ਵਾਪਰਦਾ ਹੈ ਜਿਵੇਂ ਕਿ ਘਰ, ਕੰਮ ਦਾ ਸਥਾਨ, ਭਾਈਚਾਰਾ ਆਦਿ। ਤਾਂ ਹੀ ਸਕੂਲ ਦੇ ਕੰਮ ਜਾਂ ਘਰਦੇ ਕੰਮ ਨੂੰ ਅਲੱਗ ਢੰਗ ਨਾਲ ਯੋਜਤ ਕੀਤਾ ਜਾਣਾਂ ਚਾਹੀਦਾ ਹੈ।

ਜਰੂਰੀ ਨਹੀਂ ਕਿ ਮਾਪੇ ਉਹੀ ਕੁਝ ਠੋਸਣ ਦੀ ਕੋਸ਼ਿਸ਼ ਕਰਨ ਜੋ ਸਕੂਲ ਨੇ ਪਹਿਲਾਂ ਹੀ ਕਰਾਅ ਰੱਖਿਆ ਹੁੰਦਾ ਹੈ। ਕਈ ਅਲੱਗ ਗਤੀਵਿਧੀਆਂ ਵੀ ਹੋ ਸਕਦੀਆਂ ਹਨ, ਜੋ ਬੱਚੇ ਅਪਣੇ ਆਪ ਕਰਨ ਜਾਂ ਮਾਪਿਆਂ ਦੇ ਨਾਲ ਕਰਨ। ਇਹ ਮਾਪਿਆਂ ਵਾਸਤੇ ਵੀ ਇਹ ਜਾਨਣ ਦੇ ਮੌਕੇ ਪ੍ਰਦਾਨ ਕਰ ਸਕਦਾ ਹੈ ਕਿ ਉਨ੍ਹਾਂ ਦਾ ਬੱਚਾ ਸਕੂਲ ਵਿੱਚ ਕੀ ਪੜ੍ਹਦਾ ਹੈ। ਬੱਚਿਆਂ ਵਾਸਤੇ ਵੀ ਇਹ ਸਕੂਲ ਤੋਂ ਬਾਹਰ ਦੀ ਦੁਨੀਆਂ ਨੂੰ ਸਿੱਖਿਆ ਦੇ ਇੱਕ ਮੈਦਾਨ ਦੀ ਤਰ੍ਹਾਂ ਪੜਤਾਲਣ ਅਤੇ ਜਾਣ ਲੈਣ ਦਾ ਅਰੰਭਕ ਜੋਸ਼ ਦੇ ਸਕਦਾ ਹੈ।

ਭਾਈਚਾਰੇ ਨੂੰ ਵੀ ਸਕੂਲ ਵਿੱਚ ਆਉਣ ਦੇ ਲਈ ਸੱਦਾ ਦਿੱਤਾ ਜਾ ਸਕਦਾ ਹੈ। ਇਉਂ ਬਾਹਰਲੀ ਵਡੀ ਦੁਨੀਆਂ ਨੂੰ ਪਾਠਕ੍ਰਮ ਦੀ ਪ੍ਰਕਿਰਿਆ ਵਿੱਚ ਭੂਮਿਕਾ ਦਿੱਤੀ ਸਕਦੀ ਹੈ। ਮਾਪੇ ਅਤੇ ਭਾਈਚਾਰੇ ਦੇ ਲੋਕ ‘ਵਿਸ਼ੈ ਜਾਣਕਾਰਾਂ’ ਦੇ ਰੂਪ ਵਿੱਚ ਬੁਲਾਏ ਜਾ ਸਕਦੇ ਹਨ। ਉਹ ਪੜ੍ਹਏ ਜਾ ਰਹੇ ਕਿਸੇ ਖਾਸ ਵਿਸ਼ੈ ਬਾਰੇ ਅਪਣੇ ਗਿਆਨ ਅਤੇ ਅਨੁਭਵ ਨੂੰ ਸਾਂਝਾ ਕਰ ਸਕਦੇ ਹਨ। ਉਦਾਹਰਣ ਵਜੋਂ, ਮਸ਼ੀਨਾਂ ਬਾਰੇ ਪਾਠ ’ਚ ਸਥਾਨਕ ਮਕੈਨਕ ਮਸ਼ੀਨਾਂ ਨੂੰ ਠੀਕ ਕਰਨ ਬਾਰੇ ਅਪਣੇ ਅਨੁਭਵ ਸਾਂਝੇ ਕਰ ਸਕਦੇ ਹਨ। ਉਨ੍ਹਾਂ ਗੱਡੀਆਂ ਠੀਕ ਕਰਨੀਆਂ ਕਿਵੇਂ ਸਿੱਖੀਆਂ, ਇਹਦੇ ਬਾਰੇ ਵੀ ਗੱਲ ਕਰ ਸਕਦੇ ਹਨ।

ਭਾਈਚਾਰੇ ਦਾ ਬੱਚੇ ਦੀ ਵਿੱਦਿਆ ਅਤੇ ਸਿੱਖਣ ਦੀ ਦੁਨੀਆਂ ਵਿੱਚ ਸ਼ਾਮਲ ਹੋਣਾ ਭਾਈਚਾਰੇ ਨੂੰ ਇਜਾਜ਼ਤ ਦੇਵੇ:

- ਮੌਖਕ ਇਤਹਾਸ ਜੋ (ਲੋਕਲੋਰ, ਕਿਤੇ ਹੋਰ ਜਾ ਵਸਣਾਂ, ਵਾਤਾਵਰਣੀ ਗਿਰਾਵਟ, ਵਪਾਰੀਆਂ, ਵਸੇਬੇ ਆਦਿ ਬਾਰੇ) ਅਤੇ ਪਰੰਪਰਕ ਗਿਆਨ (ਬਿਜਾਈ, ਕਟਾਈ, ਵਰਖਾ, ਪੁਰਾਣੇ ਹੁਨਰਾਂ ਦੀਆਂ ਪ੍ਰਕਿਰਿਆਵਾਂ ਆਦਿ ਬਾਰੇ) ਬੱਚਿਆਂ ਨੂੰ ਸਿਖਾਵੇ, ਜਦ ਕਿ ਸਕੂਲ ਜਦ ਵੀ ਲੋੜ ਹੋਵੇ ਅਲੋਚਨਾਤਮਕ ਸੋਚ ਪੁਰ ਧਿਆਂਨ ਦੇਵੇ।
- ਵਿਸ਼ੈ-ਵਸਤੂ ਵਿੱਚ ਸਥਾਨਕ, ਵਿਹਾਰਕ ਅਤੇ ਢੁਕਦੀਆਂ ਉਦਾਹਰਣਾਂ ਜੋੜਕੇ ਵਿਸ਼ਿਆਂ ਪੁਰ ਅਸਰ ਪਾਵੇ।
- ਗਿਆਨ ਅਤੇ ਸੂਚਨਾਂ ਦੀ ਖੋਜ਼ ਅਤੇ ਸਿਰਜਣ ਵਿੱਚ ਬੱਚਿਆਂ ਦੀ ਮਦਦ ਕਰੇ।

- ਬੱਚਿਆਂ ਦੀ ਸੂਚਨਾਂ ਉਸਾਰੀ, ਯੋਜਨਾਬੰਦੀ, ਅਤੇ ਸਥਾਨਕ ਸਰਕਾਰਾਂ ਤੇ ਸਕੂਲਾਂ ਦੇ ਨਿਰੀਖਣ ਕਰਨ ਦੇ ਜਤਨਾਂ ਵਿੱਚ ਸ਼ਾਮਲ ਹੋ ਕੇ ਲੋਕਤੰਤਰਕ ਅਭਿਆਸ ਵਿੱਚ ਉਨ੍ਹਾਂ ਦੀ ਮਦਦ ਕਰੇ।
- ਬੱਚਿਆਂ ਦੇ ਅਧਿਕਾਰਾਂ ਦੀ ਪ੍ਰਾਪਤੀ ਅਤੇ ਉਨ੍ਹਾਂ ਦੇ ਉਲੰਘਣ ਦਾ ਨਿਰੀਖਣ ਵੀ ਕਰੇ।
- ਬੱਚਿਆਂ ਰਾਹੀਂ ਝੱਲੀਆਂ ਜਾ ਰਹੀਆਂ ਰੋਕਾਂ ਦੇ ਹੱਲ ਕਰਨ ਵਿੱਚ ਹਿੱਸਾ ਲਵੇ।
- ਪਿੰਡ ਦੀ ਸਹਾਇਤਾ ਕਰੇ ਤਾਂ ਜੋ ਇਹ ਬੱਚਿਆਂ ਦੇ ਲਈ ਸਿੱਖਣ ਦਾ ਮਹੌਲ ਬਣ ਜਾਵੇ ਤੇ 'ਪਿੰਡ ਇੱਕ ਸਕੂਲ' ਨਾਮੀਂ ਸੰਕਲਪ ਸੱਚ ਹੋ ਨਿੱਕਲੇ।

ਇਵੇਂ ਹੀ ਬੱਚਿਆਂ ਦੀ ਘਰ ਦੀ ਭਾਸ਼ਾ ਦੀ ਵਰਤੋਂ ਕਰਨ ਵਿੱਚ ਮਦਦ ਕਰਦਿਆਂ ਤੇ ਸਕੂਲੀ ਭਾਸ਼ਾ ਤੱਕ ਅੱਪੜਦਿਆਂ ਅਧਿਆਪਕ ਸਥਾਨਕ ਭਾਸ਼ਾ ਬੋਲਣ ਵਾਲਿਆਂ ਤੋਂ ਮਦਦ ਲੈ ਕੇ ਮਾਂ-ਬੋਲੀਆਂ ਵਿੱਚ ਬੋਲਣ ਕੂਣ ਕਰ ਸਕਦੇ ਹਨ। ਭਾਸ਼ਾਵਾਂ ਪੜ੍ਹਾ ਸਕਦੇ ਹਨ ਤੇ ਸਮਗਰੀ ਸਿਰਜ ਸਕਦੇ ਹਨ। ਹਾਂ ਚੋਣ ਨਿਰਭਰ ਕਰੇਗੀ ਪਾਠਕ੍ਰਮ ਦੀ ਕਿਸੇ ਵਿਸ਼ੇਸ਼ ਯੋਜਨਾਂ ਦੇ ਅਪਣਾਏ ਜਾਣ ਉੱਪਰ। ਮਿਲ ਰਹੇ ਅਤੇ ਪ੍ਰਾਪਤ ਕੀਤੇ ਜਾ ਸਕਦੇ ਅਭਿਆਸ ਉੱਪਰ। ਸਕੂਲ ਬੱਚਿਆਂ ਦੀ ਸਿੱਖਣ ਪ੍ਰਕਿਰਿਆ ਦੇ ਵਿੱਚ ਮਾਪਿਆਂ ਅਤੇ ਬਰਾਦਰੀ ਦੀ ਸੁਚੇਤ ਭਾਗਦਾਰੀ ਦੇ ਤਰੀਕੇ ਜਰੂਰ ਖੋਜੇ। ਇਹ ਰਿਸ਼ਤਾ ਵਿਸ਼ੈ-ਵਸਤੂ ਨੂੰ ਸਾਂਝਾ ਕਰਨ ਅਤੇ ਪੜ੍ਹਾਈ ਦੇ ਅਦਾਰਾਗਤ ਹੋਣ ਵਿੱਚ ਮਦਦ ਕਰੇਗਾ।

ਸਾਰੇ ਸਕੂਲਾਂ ਨੂੰ ਲੋੜ ਹੈ ਕਿ ਇਸ ਗੱਲ ਦੇ ਤਰੀਕੇ ਲੱਭਣ ਕਿ ਮਾਪਿਆਂ ਦੀ ਭਾਗਦਾਰੀ ਅਤੇ ਸ਼ਮੂਲੀਅਤ ਕਿਵੇਂ ਉਤਸਾਹਤ ਕੀਤੀ ਅਤੇ ਬਣਾਈ ਰੱਖੀ ਜਾ ਸਕਦੀ ਹੈ। ਕਈ ਸਕੂਲ ਸਕੂਲ ਦੀਆਂ ਗਤੀਵਿਧੀਆਂ ਦੇ ਬਾਰੇ ਮਾਪਿਆਂ ਦੇ ਸੁਆਲਾਂ ਨੂੰ ਕੋਈ ਸਹੀ ਸੁਆਲ ਨਹੀਂ ਮੰਨਦੇ। ਪ੍ਰਾਈਵੇਟ ਸਕੂਲ ਮਾਪਿਆਂ ਨਾਲ ਸਿਰਫ ਉਪਭੋਗਤਾ ਵਾਲਾ ਸਲੂਕ ਕਰਦੇ ਹਨ। ਬਾਰ ਬਾਰ ਉਨ੍ਹਾਂ ਨੂੰ ਕਹਿੰਦੇ ਰਹਿੰਦੇ ਹਨ ਕਿ ਜੇ ਸਕੂਲ ਵਿੱਚ ਹੋ ਰਿਹਾ ਕੁਝ ਚੰਗਾ ਨਹੀਂ ਲੱਗਦਾ ਤਾਂ ਉਹ ਅਪਣੇ ਬੱਚਿਆਂ ਨੂੰ ਸਕੂਲੋਂ ਲਿਜਾਅ ਸਕਦੇ ਹਨ। ਜੇ ਕਿਤੇ ਗਰੀਬ ਮਾਪੇ ਅਪਣੇ ਬੱਚਿਆਂ ਬਾਰੇ ਕੋਈ ਪੁੱਛ ਪੜਤਾਲ ਕਰਨ ਪਹੁੰਚ ਜਾਣ ਤਾਂ ਸਕੂਲ ਉਨ੍ਹਾਂ ਦਾ ਪੁੱਛਣ ਦਾ ਹੱਕ ਹੀ ਨਹੀਂ ਗਿਣਦੇ। ਦੋਨਾਂ ਤਰ੍ਹਾਂ ਦੇ ਨਜ਼ਰਈਏ ਮਾਪਿਆਂ ਦੀਆਂ ਉਹਨਾਂ ਦੇ ਬੱਚਿਆਂ ਬਾਰੇ ਚਿੰਤਾਵਾਂ ਪ੍ਰਤੀ ਨਿਰਾਦਰ ਭਰੇ ਹਨ।

ਕੁੱਲ ਮਿਲਾਕੇ ਸਕੂਲ ਦੇ ਮਹੌਲ ਨੂੰ ਬੱਚਿਆਂ ਦੇ ਲਈ ਮਦਦਗਾਰ ਬਨਾਉਣਾਂ ਹੈ, ਅਤੇ ਸਕੂਲ ਦੇ ਮਾਪਿਆਂ ਅਤੇ ਸਥਾਨਕ ਭਾਈਚਾਰੇ ਨਾਲ ਸਬੰਧ ਸੁਧਾਰਨੇ ਹਨ। ਕਈ ਸਕੂਲਾਂ ਵਿੱਚ ਤਾਂ ਕਈ ਸਾਰੇ ਸੰਗਠਤ ਸੰਰਚਨ ਹੈਗੇ ਨੇ ਜਿਹਾ ਕਿ ਮਾਪਿਆਂ ਤੇ ਅਧਿਆਪਕਾਂ ਦੀਆਂ ਸਮਤੀਆਂ, ਸਥਾਨਕ ਪੱਧਰ ਦੀਆਂ ਕਮੇਟੀਆਂ, ਅਤੇ ਪੁਰਾਣੇ ਵਿਦਿਆਰਥੀਆਂ ਦੀਆਂ ਕਮੇਟੀਆਂ ਵੀ। ਰਾਸ਼ਟਰੀ ਤਿਉਹਾਰ ਅਤੇ ਹੋਰ ਮੌਕੇ ਜਿਵੇਂ ਸਭਿਆਚਾਰਕ ਦਿਵਸ ਤੇ ਖੇਡ ਦਿਵਸ ਮਨਾਉਣ ਵਾਸਤੇ ਵੀ ਬਹੁਤੇ ਸਕੂਲ ਮਾਪਿਆਂ ਨੂੰ ਭਾਗ ਲੈਣ ਲਈ ਸੱਦਾ ਦਿੰਦੇ ਹਨ।

ਪੁਰਾਣੇ ਵਿਦਿਆਰਥੀਆਂ ਅਤੇ ਹੋਰ ਸਥਾਨਕ ਵਸਿੰਦਿਆਂ ਨੂੰ ਬੁਲਾਕੇ ਇੱਕ ਭਾਈਚਾਰੇ ਵਾਲੇ ਸਥਾਨ ਦੀ ਤਰ੍ਹਾਂ ਸਕੂਲ ਦਾ ਮਹੱਤਵ ਵਧਾਇਆ ਜਾ ਸਕਦਾ ਹੈ। ਸਕੂਲ ਅਤੇ ਇਸ ਦੀਆਂ ਸਹੂਲਤਾਂ ਦੇ ਰੱਖ ਰਖਾਵ ਦੇ ਲਈ ਵੀ ਭਾਈਚਾਰੇ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਸਕੂਲ ਦੀ ਚਾਰਦਵਾਰੀ ਬਨਾਉਣ ਦੇ ਲਈ, ਸਾਧਨਾਂ ਦੇ ਵਿਸਥਾਰ ਆਦਿ ਦੇ ਲਈ ਸਥਾਨਕ ਯੋਗਦਾਨ ਮੰਗੇ ਜਾਣ ਦੀਆਂ ਉਦਾਹਰਣਾਂ ਹਨ। ਧਿਆਨ ਰੱਖਿਆ ਜਾਵੇ ਪਈ ਭਾਈਚਾਰੇ ਦੀ ਭਾਗਦਾਰੀ ਦੇ ਨਾਲ ਗਰੀਬ ਪਰਵਾਰਾਂ ਉੱਪਰ ਕੋਈ ਆਰਥਕ ਬੋਝ ਨਾ ਪਵੇ। ਇਸ ਦੇ ਉਲਟ ਇੱਕ ਭਾਂਤ ਦੀ ਸਹਿਮਤੀ ਹੋ ਸਕਦੀ ਹੈ ਕਿ ਸਥਾਨਕ ਘਟਨਾਵਾਂ ਆਦਿ ਦੇ ਲਈ ਸਕੂਲ ਦੇ ਅਹਾਤੇ ਨੂੰ ਵਰਤਿਆ ਜਾ ਸਕੇ ਤੇ ਭਾਈਚਾਰਾ ਸਕੂਲ ਦੀ ਸੰਭਾਲ ਦੇ ਲਈ ਕੁਝ ਯੋਗਦਾਨ ਦੇਵੇ।

## 4.6 ਪਾਠਕ੍ਰਮ ਦੇ ਸਥਾਨ ਅਤੇ ਸਿੱਖਣ ਦੇ ਸਰੋਤ

### 4.6.1 ਪਾਠ ਅਤੇ ਪੁਸਤਕਾਂ

ਆਮ ਸੋਚ ਪਾਠ-ਪੁਸਤਕ ਨੂੰ ਪਾਠਕ੍ਰਮ ਦੇ ਨਿਰਮਾਣ ਦੇ ਮੁੱਖ ਸਥਾਨ ਦੀ ਤਰ੍ਹਾਂ ਗ੍ਰਹਿਣ ਕਰਦੀ ਹੈ। ਭਵਾਂ ਕਿ ਪਾਠਕ੍ਰਮ ਦੀ ਯੋਜਨਾਬੰਦੀ ਕਿਤੇ ਜ਼ਿਆਦਾ ਵਿਸਤਾਰੀ ਪ੍ਰਕਿਰਿਆ ਹੈ, ਪਰ ਪਾਠਕ੍ਰਮ ਦਾ ਸੁਧਾਰ ਪਾਠ-ਪੁਸਤਕ ਦੇ ਬਦਲਣ ਤੋਂ ਘੱਟ ਹੀ ਅੱਗੇ ਤੁਰਦਾ ਹੈ।

ਉਹ **ਸੋਧੀਆਂ ਹੋਈਆਂ ਪਾਠ-ਪੁਸਤਕਾਂ** ਮਹੱਤਵ ਪੂਰਣ ਹਨ ਜੋ ਧਿਆਨ ਨਾਲ ਲਿਖੀਆਂ ਅਤੇ ਵਿਓਂਤੀਆਂ ਗਈਆਂ ਹੋਣ। ਪੇਸ਼ਾਵਰ ਢੰਗ ਨਾਲ ਸੋਧੀਆਂ ਅਤੇ ਪਰਖੀਆਂ ਗਈਆਂ ਹੋਣ। ਨਾ ਸਿਰਫ ਤੱਥਾਤਮਕ ਸੂਚਨਾਂ ਹੀ ਦੇਣ, ਸਗੋਂ ਬੱਚਿਆਂ ਨੂੰ ਬੋਲਚਾਲ ਦੀ ਸਹੂਲਤ ਵੀ ਦਿੰਦੀਆਂ ਹੋਣ। ਪਰ ਪਾਠਕ੍ਰਮ ਦਾ ਸੁਧਾਰ ਹੋਰ ਵੀ ਅਗਾਂਹ ਜਾ ਸਕਦਾ ਹੈ ਜੇ ਇਹਨਾਂ ਹੀ ਪਾਠ-ਪੁਸਤਕਾਂ ਦੇ ਨਾਲ ਕਈ ਹੋਰ ਪ੍ਰਕਾਰ ਦੀ ਸਮਗਰੀ ਵੀ ਲੈ ਲਈ ਜਾਵੇ। ਉਦਾਹਰਣ ਵਜੋਂ, ਵਿਸ਼ੈ ਦੇ ਸ਼ਬਦ-ਕੋਸ਼ ਕਿਸੇ ਪਾਠ-ਪੁਸਤਕ ਨੂੰ ਵਿਸ਼ਵਕੋਸ਼ ਹੋ ਬੈਠਣ ਅਤੇ ਪ੍ਰੀਭਾਸ਼ਕ ਸ਼ਬਦਾਂ ਦਾ

ਭਾਰ ਢੋਣ ਤੋਂ ਬਚਾਅ ਸਕਦੇ ਹਨ, ਤੇ ਸੰਕਲਪ ਸਮਝਾਉਣ ਦਾ ਕੰਮ ਅਧਿਆਪਕ ਉੱਤੇ ਛੱਡਿਆ ਜਾ ਸਕਦਾ ਹੈ।

ਜਮਾਤ ਵਿਚਲੀ ਤੇਜ ਰਫਤਾਰ ਵਾਲੀ ਪੜ੍ਹਾਈ, ਜ਼ਬਰਦਸਤ ਘਰਦਾ ਕੰਮ ਅਤੇ ਪ੍ਰਾਈਵੇਟ ਟਿਊਸ਼ਨ ਵਿਚਕਾਰ ਓਨਾਂ ਹੀ ਭਾਰਾ ਤਿਕੋਨਾਂ ਰਿਸ਼ਤਾ ਕਮਜੋਰ ਪੈ ਸਕਦਾ ਹੈ ਜੇ ਪਾਠ-ਪੁਸਤਕਾਂ ਦੇ ਲੇਖਕ ਸੰਕਲਪਾਂ ਨੂੰ ਸਪੱਸ਼ਟ ਕਰਨ ਵੱਲ ਧਿਆਨ ਦੇਣ। ਗਤੀਵਿਧੀਆਂ ਤੇ ਸਮੱਸਿਆਵਾਂ ਬਾਰੇ ਭਾਲ ਟੋਲ ਕਰਨ ਦੇ ਲਈ ਸਥਾਨ, ਮਨਨ ਕਰਨ ਵਾਲੀ ਸੋਚ ਦੇ ਵਿਕਸਤ ਕਰਨ ਦੇ ਲਈ ਅਭਿਆਸ ਅਤੇ ਛੋਟੀਆਂ ਛੋਟੀਆਂ ਟੋਲੀਆਂ ਦੇ ਕੰਮ ਵੱਲ ਧਿਆਨ ਦੇਣ ਤਾਂ। ਪ੍ਰੀਭਾਸ਼ਕ ਸ਼ਬਦਾਂ ਦੀਆਂ ਪ੍ਰੀਭਾਸ਼ਾਵਾਂ ਨੂੰ ਵਿਸ਼ੈ-ਕੋਸ਼ ਦੇ ਭਰੋਸੇ ਛੱਡ ਦਿੱਤਾ ਜਾਵੇ ਤਾਂ।

ਪੂਰਕ-ਪੁਸਤਕਾਂ, ਕਾਰਜ-ਪੁਸਤਕਾਂ ਅਤੇ ਹੋਰ ਪੜ੍ਹਣ-ਪੁੜਨ ਅੱਗੇ ਆਉਂਦੇ ਹਨ। ਕਈ ਵਿਸ਼ਿਆਂ ਦੇ ਅੰਦਰ, ਜਿੰਨ੍ਹਾਂ ਵਿੱਚ ਭਾਸ਼ਾ ਵੀ ਹੈ, ਅਜਿਹੇ ਸਮਾਨ ਦੀ ਲੋੜ ਬਾਰੇ ਕੋਈ ਨਵੀਂ ਬਹਿਸ ਅਰਥ ਨਹੀਂ ਰੱਖਦੀ, ਪਰ ਐਹੋ ਜਿਹੀ ਸਮੱਗਰੀ ਦੇ ਸੰਕਲਪ ਬਾਰੇ ਨਵੇਂ ਸਿਰੇ ਸੋਚਣ ਦੀ ਜਰੂਰ ਲੋੜ ਹੈ। ਪ੍ਰਚਲਤ ਪਾਠ-ਪੁਸਤਕਾਂ ਵਿੱਚ ਵੱਖ ਵੱਖ ਸਾਹਿਤ ਰੂਪਾਂ ਨਾਲ ਸਬੰਧਤ ਨੀਰਸ ਜਿਹਾ ਵਿਸ਼ੈ-ਵਸਤੂ ਹੁੰਦਾ ਹੈ। ਕਾਰਜ-ਪੁਸਤਕਾਂ ਖਾਲੀ ਪਾਠ-ਪੁਸਤਕਾਂ ਵਿੱਚ ਆਏ ਭਾਂਤ ਭਾਂਤ ਦੇ ਅਭਿਆਸਾਂ ਦਾ ਦੁਹਰਾਓ ਕਰ ਮਾਰਦੀਆਂ ਹਨ।

ਗਣਿਤ, ਕੁਦਰਤੀ ਵਿਗਿਆਨਾਂ ਅਤੇ ਸਮਾਜਕ ਵਿਗਿਆਨਾਂ ਵਿੱਚ ਹਾਲੇ ਅਜਿਹੀ ਪੂਰਕ ਸਮੱਗਰੀ ਬਣਾਏ ਜਾਣ ਦੀ ਲੋੜ ਹੈ। ਅਜਿਹੀਆਂ ਕਿਤਾਬਾਂ ਬੱਚਿਆਂ ਦਾ ਧਿਆਨ ਦਿੱਤੇ ਪਾਠਾਂ ਤੋਂ ਹਟਾਕੇ ਆਸ ਪਾਸ ਦੀ ਦੁਨੀਆਂ ਵਿੱਚ ਲਾ ਸਕਦੀਆਂ ਹਨ। ਅਸਲ ਵਿੱਚ ਕਲਾ ਵਰਗੇ ਵਿਸ਼ਿਆਂ ਦੀਆਂ ਕਾਰਜ-ਪੁਸਤਕਾਂ ਤਾਂ ਜਮਾਤ ਵਿੱਚਲੇ ਮੁੱਖ ਸਮਾਨ ਹੀ ਬਣ ਸਕਦੇ ਹਨ। ਐਹੋ ਜਿਹੇ ਸਮਾਨ ਬਣਾਏ ਜਾਣ ਦੀਆਂ ਕਈ ਖੂਬਸੂਰਤ ਉਦਾਹਰਣਾਂ ਹਨ। ਇਨ੍ਹਾਂ ਵਿੱਚ ਬੱਚਿਆਂ ਨੂੰ ਰੁੱਖ, ਪੰਛੀ ਅਤੇ ਉਨ੍ਹਾਂ ਦੇ ਕੁਦਰਤੀ ਵਾਸ ਦੇਖਣ ਨਾਲ ਜਾਣ ਪਛਾਣ ਕਰਾਈ ਗਈ ਹੁੰਦੀ ਹੈ। ਅਜਿਹੇ ਸਰੋਤ ਅਧਿਆਪਕ ਕੋਲ ਹੋਣ ਦੀ ਲੋੜ ਹੈ ਤਾਂ ਜੋ ਉਹ ਜਮਾਤ ਵਿੱਚ ਵਰਤ ਸਕੇ।

ਐਟਲਸਾਂ ਦਾ ਵੀ ਏਸੇ ਤਰ੍ਹਾਂ ਦਾ ਹੀ ਦਖਲ ਸੰਭਵ ਹੈ। ਉਹ ਬੱਚਿਆਂ ਦੀ ਧਰਤੀ ਬਾਰੇ ਸੂਝ ਨੂੰ ਅਮੀਰ ਬਣਾ ਸਕਦੀਆਂ ਹਨ। ਕੁਦਰਤੀ ਅਤੇ ਮਨੁੱਖੀ ਦੋਨਾਂ ਭਾਂਤਾਂ ਦੀ ਵਸੋਂ ਦਿਖਾਅ ਸਕਦੀਆਂ ਹਨ। ਤਾਰਿਆਂ, ਜੜੀਆਂ ਬੂਟੀਆਂ, ਲੋਕਾਂ ਦੇ ਜੀਵਨ ਦੇ ਪੈਟਰਨਾਂ, ਇਤਹਾਸ ਅਤੇ ਸਭਿਆਚਾਰ ਆਦਿ ਦੀਆਂ ਐਟਲਸਾਂ ਭੁਗੋਲ, ਇਤਹਾਸ ਅਤੇ ਅਰਥ ਸ਼ਾਸ਼ਤਰ ਦੇ ਘੇਰੇ ਨੂੰ ਹਰ ਪੱਧਰ ਉੱਪਰ ਬਹੁਤ ਵਿਸਥਾਰ ਵਿੱਚ ਦਿਖਾ ਸਕਦੀਆਂ ਹਨ। ਗਿਆਨ ਦੇ ਇਨ੍ਹਾਂ ਖੇਤਰਾਂ ਉੱਪਰ, ਤੇ ਨਾਲ ਦੀ ਨਾਲ ਹੋਰ ਖੇਤਰਾਂ ਦੇ ਲਈ ਜਿੰਨ੍ਹਾਂ ਬਾਰੇ ਸਧਾਰਨ ਗਿਆਨ ਦੇ ਵਾਧੇ ਦੀ ਜਰੂਰਤ ਹੈ, ਉੱਪਰ ਬਣੇ ਪੋਸਟਰ ਸਿੱਖਣ ਦੇ ਵਿਕਾਸ ਵਿੱਚ ਮਦਦ ਕਰ ਸਕਦੇ ਹਨ। ਇਹਨਾਂ ਵਿੱਚੋਂ ਧਿਆਨ

ਦੀ ਮੰਗ ਕਰਦੇ ਕੁਝ ਖੇਤਰ ਹਨ: ਲਿੰਗ ਭੇਦ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦਾ ਸ਼ਾਮਲ ਹੋਣਾਂ ਅਤੇ ਸਵਿਧਾਨਕ ਲੋੜਾਂ। ਅਜਿਹੇ ਸਮਾਨ ਦੇ ਸਰੋਤ ਲਾਇਬਰੇਰੀ ਤੋਂ ਪ੍ਰਾਪਤ ਹੋ ਸਕਦੇ ਹਨ; ਖਿੱਤਿਆਂ ਦੇ ਪੱਧਰ ਉੱਪਰ ਸਕੂਲ ਦੀ ਵਰਤੋਂ ਦੇ ਵਾਸਤੇ ਉਧਾਰ ਲਏ ਜਾ ਸਕਦੇ ਹਨ; ਜਾਂ ਫਿਰ ਸਕੂਲ ਦੀ ਲਾਇਬਰੇਰੀ ਵਿੱਚ ਰੱਖੇ ਜਾ ਸਕਦੇ ਹਨ ਤੇ ਜਾਂ ਅਧਿਆਪਕ ਤੋਂ ਲਏ ਜਾ ਸਕਦੇ ਹਨ।

ਨੇਮਾਵਲੀਆਂ ਅਤੇ ਹੋਰ ਸਾਧਨ ਸਮਗਰੀ ਵੀ ਅਧਿਆਪਕ ਦੇ ਲਈ ਓਨੇ ਹੀ ਮਹੱਤਵ ਪੂਰਣ ਹਨ। ਪਾਠ-ਪੁਸਤਕਾਂ ਦਾ ਕੋਈ ਨਵਾਂ ਸੰਗ੍ਰਹਿ, ਜਾਂ ਕਿਸੇ ਨਵੀਂ ਪਾਠ-ਪੁਸਤਕ ਦੀ ਪੇਸ਼ਕਾਰੀ ਤੇ ਕਿਸੇ ਪਹਿਲ ਵਿੱਚ ਅਧਿਆਪਕਾਂ ਦੀ ਵਰਤੋਂ ਦੇ ਵਾਸਤੇ ਨੇਮਾਵਲੀ ਬਣਾਏ ਜਾਣ ਨੂੰ ਸ਼ਾਮਲ ਕੀਤਾ ਜਾਣਾਂ ਚਾਹੀਦਾ ਹੈ। ਨੇਮਾਵਲੀ ਵਾਲੀਆਂ ਇਹ ਹੱਥ-ਕਿਤਾਬਾਂ ਮੁੱਖ-ਅਧਿਆਪਕਾਂ ਅਤੇ ਅਧਿਆਪਕਾਂ ਕੋਲ ਪਾਠ-ਪੁਸਤਕਾਂ ਤੋਂ ਵੀ ਪਹਿਲਾਂ ਪਹੁੰਚਣੀਆਂ ਚਾਹੀਦੀਆਂ ਹਨ। ਇਹ ਹੱਥ-ਕਿਤਾਬਾਂ ਵੱਖ ਵੱਖ ਤਰੀਕਿਆਂ ਨਾਲ ਡਿਜ਼ਾਈਨ ਹੋ ਸਕਦੀਆਂ ਹਨ।

ਜਰੂਰੀ ਨਹੀਂ ਕਿ ਇਹ ਕਿਤਾਬਾਂ ਪਾਠ-ਪੁਸਤਕਾਂ ਦੇ ਵਿਸ਼ੈ-ਵਸਤੂ ਨੂੰ ਅਧਿਆਏ ਦੇ ਹਿਸਾਬ ਨਾਲ ਨਜਿੱਠਣ। ਭਵਾਂ ਕਿ ਇਹ ਇੱਕ ਤਰੀਕਾ ਹੋ ਜਰੂਰ ਸਕਦਾ ਹੈ, ਪਰ ਹੋਰ ਤਰੀਕੇ ਵੀ ਓਨੇ ਹੀ ਸਹੀ ਹੋ ਸਕਦੇ ਹਨ। ਜਿਵੇਂ ਕਿ ਸਥਾਪਤ ਵਿਧੀਆਂ ਦੀ ਅਲੋਚਨਾਂ ਪੇਸ਼ ਕਰਨੀ ਅਤੇ ਨਵੀਆਂ ਦੇ ਸੁਝਾਅ ਦੇਣੇ; ਸਰੋਤ ਸਮਗਰੀ ਦੀਆਂ ਸੂਚੀਆਂ; ਸੁਣਤੀ ਤੇ ਦ੍ਰਿਸ਼ਟਤੀ ਸਮਾਨ ਅਤੇ ਇੰਟਰਨੈੱਟ ਪੁਰ ਸਾਈਟਾਂ। ਇਹਨਾਂ ਨਾਲ ਅਧਿਆਪਕਾਂ ਨੂੰ ਸਬਕ ਵਿਓਂਤਣ ਦੇ ਲਈ ਬੜੇ ਲਾਭਦਾਰ ਇਸ਼ਾਰੇ ਮਿਲ ਸਕਦੇ ਹਨ। ਅਜਿਹੀਆਂ ਸਰੋਤ ਕਿਤਾਬਾਂ ਅਧਿਆਪਕਾਂ ਨੂੰ ਸੇਵਾ ਸਮੇਂ ਅਤੇ ਉਹਨਾਂ ਮੀਟਿੰਗਾਂ ਦੇ ਸਮੇਂ ਪ੍ਰਪਤ ਹੋਣੀਆਂ ਚਾਹੀਦੀਆਂ ਹਨ। ਖਾਸ ਕਰਕੇ ਜਦ ਉਹ ਅਪਣੀਆਂ ਪੜ੍ਹਾਉਣ ਵਾਲੀਆਂ ਇਕਾਈਆਂ ਤਿਆਰ ਕਰਦੇ ਹਨ।

ਉੱਪਰੋਂ ਹੇਠਾਂ ਵੱਲ ਨੂੰ ਸੰਗਠਤ ਹੁੰਦੇ ਟੋਲਿਆਂ ਦੀਆਂ ਜਮਾਤਾਂ (ਬਹੁ-ਗ੍ਰੇਡ ਜਾਂ ਬਹੁ-ਸਮਰੱਥਾ) ਦੇ ਲਈ ਪਾਠ-ਪੁਸਤਕਾਂ ਮੋਨੋ-ਗ੍ਰੇਡ ਵਾਲੀਆਂ ਜਮਾਤਾਂ ਨਾਲੋਂ ਬਦਲਣ ਦੀ ਲੋੜ ਹੈ, ਕਿਉਂਕਿ ਮੋਨੋ-ਗ੍ਰੇਡ ਜਮਾਤਾਂ ਵਿੱਚ ਇਹ ਫ਼ਰਜ ਕੀਤਾ ਗਿਆ ਹੁੰਦਾ ਹੈ ਕਿ ਸਾਰੇ ਬੱਚਿਆਂ ਨੂੰ ਅਧਿਆਪਕ ਨੇ ਇੱਕ ਵਾਰਗੀ ਪੜ੍ਹਾਉਣਾਂ ਹੈ, ਉਹ ਸਭ ਇੱਕ ਹੀ ਪੱਧਰ ਦੇ ਹਨ, ਤੇ ਉਨ੍ਹਾਂ ਸਾਰਿਆਂ ਨੇ ਇੱਕੋ ਤਰ੍ਹਾਂ ਦਾ ਸਭ ਕੁਝ ਕਰਨਾਂ ਹੁੰਦਾ ਹੈ। ਇਸ ਢੰਗ ਦੀਆਂ ਜਮਾਤਾਂ ਦੇ ਲਈ ਅਲੱਗ ਭਾਂਤ ਦੀ ਸਮੱਗਰੀ ਬਣਾਕੇ ਅਧਿਆਪਕ ਨੂੰ ਦੇਣ ਦੀ ਲੋੜ ਹੈ, ਜੀਹਦੇ ਅਧਾਰ ’ਤੇ ਉਹ ਅਪਣੇ ਪਾਠਾਂ ਦੀਆਂ ਇਕਾਈਆਂ ਵਿਓਂਤ ਕਰ ਸਕੇ:

- ਵਿਸ਼ੇਸ਼ ਵਿਸ਼ੈ-ਵਸਤੂ ਵਾਲੇ ਪਾਠ ਹੋਣ, ਜਿੰਨ੍ਹਾਂ ਵਿੱਚ ਕਈ ਪ੍ਰਕਾਰ ਦੇ ਅਭਿਆਸ ਅਤੇ ਗਤੀਵਿਧੀਆਂ ਹੋਣ, ਤੇ

ਭਿੰਨ ਭਿੰਨ ਪੱਧਰਾਂ ਵਾਲੇ ਵੱਖ ਵੱਖ ਟੋਲਿਆ ਦੇ ਲਈ ਹੋਣ।

- ਦਰਜਾਬੱਧ ਤੇ ਖੁਦ ਪੜ੍ਹੀ ਜਾ ਸਕਣ ਵਾਲੀ ਸਮੱਗਰੀ ਹੋਵੇ, ਜੋ ਅਧਿਆਪਕ ਤੋਂ ਘੱਟ ਤੋਂ ਘੱਟ ਝਿੜਕਾਂ ਖਾਕੇ ਸਮਝੀ ਜਾ ਸਕਦੀ ਹੋਵੇ, ਤੇ ਜੋ ਉਨ੍ਹਾਂ ਨੂੰ ਦੂਜੇ ਬੱਚਿਆਂ ਨਾਲ ਰਲਕੇ ਕੰਮ ਕਰ ਸਕਣ ਦੇ ਲਈ ਸੌਖੀ ਲੱਗੇ।
- ਸਮੁੱਚੇ ਗਰੁੱਪ ਦੇ ਲਈ ਯੋਜਨਾਵਾਂ, ਕਹੋ ਕਿ ਬਾਤਾਂ ਪੌਣੀਆਂ ਜਾਂ ਛੋਟੇ ਡਰਾਮੇ ਕਰਨੇ, ਜਿਨ੍ਹਾਂ ਦੇ ਅਧਾਰਤੇ ਬੱਚੇ ਕਈ ਹੋਰ ਗਤੀਵਿਧੀਆਂ ਕਰ ਸਕਦੇ ਹਨ। ਉਦਾਹਰਣ ਲਈ, ਪਹਿਲੀ ਤੋਂ ਪੰਜਵੀਂ ਜਮਾਤ ਦੇ ਬੱਚੇ ਇਕੱਠੇ ਹੋਕੇ ਖਰਗੋਸ਼ ਅਤੇ ਸ਼ੇਰ ਦੀ ਕਹਾਣੀ ਦੀ ਅਦਾਅਕਾਰੀ ਕਰ ਸਕਦੇ ਹਨ।

ਇਹਦੇ ਤੋਂ ਬਾਅਦ ਪਹਿਲੇ ਗਰੁੱਪ ਅਤੇ ਦੂਜੇ ਗਰੱਪ ਦੇ ਬੱਚੇ ਅਲੱਗ ਅਲੱਗ ਪਛੂਆਂ ਦੇ ਨਾਮਾਂ ਵਾਲੇ ਫਲੈਸ਼ ਕਾਰਡਾਂ ਨਾਲ ਕੰਮ ਕਰ ਸਕਦੇ ਹਨ। ਤੀਜੇ ਅਤੇ ਚੌਥੇ ਗਰੁੱਪ ਦੇ ਬੱਚੇ ਕਈ ਸਾਰੀਆਂ ਡਰਾਇੰਗਾਂ ਬਣਾ ਸਕਦੇ ਨੇ ਤੇ ਉਹਨਾਂ ਉੱਪਰ ਕਹਾਣੀਆਂ ਸਿਰਜ ਸਕਦੇ ਹਨ। ਪੰਜਵੇਂ ਗਰੁੱਪ ਦੇ ਬੱਚੇ ਇਹਨਾਂ ਹੀ ਕਹਾਣੀਆਂ ਨੂੰ ਫਿਰ ਲਿਖ ਸਕਦੇ ਹਨ ਤੇ ਉਨ੍ਹਾਂ ਦੇ ਅੰਤ ਬਦਲ ਸਕਦੇ ਹਨ।

ਬਿਨਾਂ ਯੋਜ ਸਮੱਗਰੀ ਪ੍ਰਾਪਤ ਨਾ ਹੋਣ ਦੇ ਕਾਰਣ ਅਧਿਆਪਕ ਅਜਿਹੇ ਬਹੁ-ਗ੍ਰੇਡ ਬੱਚਿਆਂ ਦੇ ਨਾਲ ਮੋਨੋ-ਗ੍ਰੇਡ ਵਾਲੇ ਬੱਚਿਆਂ ਤਰ੍ਹਾਂ ਦਾ ਹੀ ਵਰਤਾਓ ਕਰਨ ਲੱਗ ਜਾਂਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਬਹੁਤ ਸਾਰੇ ਅਜਿਹੇ ਬੱਚਿਆਂ ਦਾ ਕੰਮ ਬਹੁਤ ਹੇਠਾਂ ਆ ਗਿਰਦਾ ਹੈ।

### 4.6.2 ਲਾਇਬਰੇਰੀਆਂ

ਢੇਰ ਦੇਰ ਤੋਂ ਲਾਇਬਰੇਰੀਆਂ ਨੀਤੀਗਤ ਸਿਫਾਰਸ਼ਾਂ ਦਾ ਵਿਸ਼ਾ ਬਣੀਆਂ ਤੁਰੀਆਂ ਆਉਂਦੀਆਂ ਹਨ, ਪਰ ਸਕੂਲ ਵਿੱਚ ਕੰਮ ਕਰਦੀ ਲਾਇਬਰੇਰੀ ਹਾਲੇ ਵੀ ਦੁਰਲੱਭ ਵਸਤੂ ਹੈ। ਇਹ ਜਰੂਰੀ ਹੈ ਕਿ ਭਵਿੱਖ ਦੇ ਸਕੂਲਾਂ ਦੇ ਹਰ ਪੱਧਰ ਉੱਪਰ ਲਾਇਬਰੇਰੀ ਇੱਕ ਅਨਿੱਖੜਵਾਂ ਹਿੱਸਾ ਹੋਵੇ। ਅਧਿਆਪਕ ਅਤੇ ਬੱਚੇ ਦੋਨਾਂ ਨੂੰ ਹੀ ਲਾਇਬਰੇਰੀ ਦੀ ਵਰਤੋਂ ਕਰਨ ਦੇ ਲਈ ਉਤਸਾਹਤ ਕਰਨ ਦੀ ਲੋੜ ਹੈ ਤਾਂ ਜੋ ਉਹ ਲਾਇਬਰੇਰੀ ਨੂੰ ਸਿੱਖਣ ਦੇ ਸਾਧਨ ਤਰ੍ਹਾਂ, ਅਨੰਦ ਲਈ ਅਤੇ ਯਾਦ ਸ਼ਕਤੀ ਵਧਾਉਣ ਲਈ ਵਰਤਣਾਂ ਸਿੱਖਣ।

ਲਾਇਬਰੇਰੀ ਨੂੰ ਇੱਕ ਅਜਿਹੇ ਸਥਾਨ ਦੀ ਤਰ੍ਹਾਂ ਸੰਕਲਪਤ ਕੀਤਾ ਜਾਵੇ ਕਿ ਅਧਿਆਪਕ, ਬੱਚੇ ਅਤੇ ਭਾਈਚਰੇ ਦੇ ਲੋਕ ਇਥੋਂ ਅਪਣੇ ਗਿਆਨ ਤੇ ਕਲਪਨਾਂ ਨੂੰ ਡੂੰਘਾ ਕਰਨ ਦੇ ਸਾਧਨ ਪ੍ਰਾਪਤ ਕਰ ਸਕਣ। ਕਿਤਾਬਾਂ ਦਾ ਸੂਚੀਕਰਣ ਅਤੇ ਹੋਰ ਸਾਧਨਾਂ ਨੂੰ ਇਸ ਤਰ੍ਹਾਂ ਵਿਕਸਤ ਕਰਨਾਂ ਚਾਹੀਦਾ ਹੈ ਕਿ ਬੱਚੇ ਲਾਇਬਰੇਰੀ ਦੀ ਵਰਤੋਂ ਕਰਨ ਵਿੱਚ ਆਤਮ ਨਿਰਭਰ ਬਣ ਜਾਣ। ਕਿਤਾਬਾਂ ਅਤੇ ਰਸਾਲਿਆਂ ਤੋਂ ਬਿਨਾਂ ਇੱਕ ਸਕੂਲੀ ਲਾਇਬਰੇਰੀ ਨੂੰ ਸੂਚਨਾਂ ਦੇ ਨਵੇਂ ਸਾਧਨ ਤੇ ਟੈਕਨਾਲੋਜੀ ਵੀ ਪੇਸ਼ ਕਰਨੇ ਚਾਹੀਦੇ ਹਨ, ਜਿਸ ਨਾਲ ਅਧਿਆਪਕ ਅਤੇ ਬੱਚੇ ਬਾਹਰਲੀ ਦੁਨੀਆਂ ਦੇ ਨਾਲ ਵੀ ਜੁੜ ਸਕਣ।

ਅਰੰਭਕ ਪੱਧਰ ਦੀ ਯੋਜਨਾਬੰਦੀ ਦੇ ਸਮੇਂ ਵੇਲੇ ਤਾਂ ਬਲਾਕਾਂ ਅਤੇ ਖਿੱਤਿਆਂ ਪੁਰ ਹੀ ਲਾਇਬਰੇਰੀਆਂ ਸਥਾਪਤ ਕੀਤੀਆਂ ਜਾ ਸਕਦੀਆਂ ਹਨ। ਭਵਿੱਖ ਵਿੱਚ ਭਾਰਤ ਬਿਨਾਂ ਕਿਸੇ ਪੱਧਰ ਦਾ ਧਿਆਨ ਕੀਤੇ ਹਰ ਸਕੂਲ ਵਿੱਚ ਲਾਇਬਰੇਰੀ ਖੋਲ੍ਹਣ ਦੇ ਲਈ ਕਦਮ ਜਰੂਰ ਪੁੱਟੇ। ਦੇਸ਼ ਦੇ ਕਈ ਭਾਗਾਂ ਵਿੱਚ ਭਾਈਚਾਰਕ ਲਾਇਬਰੇਰੀਆਂ ਕੰਮ ਕਰ ਰਹੀਆਂ ਹਨ, ਅਤੇ ਸਰਕਾਰੀ ਲਾਇਬਰੇਰੀਆਂ ਜ਼ਿਲੇ ਦੀ ਪੱਧਰ ਉੱਤੇ ਕੰਮ ਕਰ ਰਹੀਆਂ ਹਨ। ਭਵਿੱਖ ਵਿਚਲੀ ਆਰਥਕ ਯੋਜਨਾਂ ਦੀ ਮੰਗ ਹੈ ਕਿ ਇਹਨਾਂ ਸਾਰੇ ਸੰਰਚਨਾਂ ਦੇ ਰੂਪਾਂ ਨੂੰ ਸਕੂਲ ਦੀ ਲਾਇਬਰੇਰੀ ਦੇ ਸਮੂਹ ਵਿੱਚ ਜੋੜ ਦਿੱਤਾ ਜਾਵੇ, ਜੀਹਦੇ ਨਾਲ ਇਹਨਾਂ ਦੇ ਸਾਧਨਾਂ ਦੀ ਵਰਤੋਂ ਵਧਾਈ ਜਾ ਸਕੇ।

ਰਾਜਾ ਰਾਮ ਮੋਹਨ ਰਾਏ ਲਾਇਬਰੇਰੀ ਫਾਊਂਡੇਸ਼ਨ ਨੂੰ ਹੋਰ ਵਧੇਰੇ ਸਾਧਨ ਦਿੱਤੇ ਜਾਣੇ ਚਾਹੀਦੇ ਹਨ ਤਾ ਕਿ ਇਹ ਇੱਕ ਕੇਂਦਰੀ ਸੰਸਥਾ ਦਾ ਰੂਪ ਲੈ ਸਕੇ ਤੇ ਲਾਇਬਰੇਰੀਆਂ ਦਾ ਜਾਲ਼ ਵਿਛਾਕੇ ਉਨ੍ਹਾਂ ਦੀ ਦੇਖ ਭਾਲ ਕਰਨ ਦੇ ਕਾਬਲ ਹੋ ਸਕੇ।

ਇੱਕ ਸਕੂਲ ਦੇ ਨਿਤਾ-ਪ੍ਰਤੀ ਜੀਵਨ ਵਿੱਚ ਲਾਇਬਰੇਰੀ ਭਿੰਨ ਭਿੰਨ ਪ੍ਰਕਾਰ ਦੇ ਕੰਮ ਕਰ ਸਕਦੀ ਹੈ। ਇੱਕ ਹਫਤੇ ਵਿੱਚ ਕੇਵਲ ਇੱਕ ਪੀਰੀਅਡ ਤੱਕ ਲਾਇਬਰੇਰੀ ਦੀ ਵਰਤੋਂ ਨੂੰ ਸਮੇਟ ਦੇਣ ਨਾਲ ਲਾਇਬਰੇਰੀ ਦੇ ਵਰਤਣ

ਦਾ ਸੁਆਦ ਤੱਕ ਪੈਦਾ ਨਹੀਂ ਹੁੰਦਾ। ਬੱਚਿਆਂ ਨੂੰ ਕਿਤਾਬਾਂ ਕਢਾਅ ਲੈਣ ਦੇ ਲਈ ਸਹੂਲਤ ਦਿੱਤੀ ਜਾਣੀ ਚਾਹੀਦੀ ਹੈ। ਲਾਇਬਰੇਰੀ ਦਾ ਪ੍ਰਬੰਧ ਕਰਨ ਦੇ ਲਈ ਅਧਿਆਪਕਾਂ ਨੂੰ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ, ਜੀਹਦੇ ਨਾਲ ਵਰਤੋਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।

### *ਲਾਇਬਰੇਰੀਆਂ*

ਹਰ ਹਫਤੇ ਇੱਕ ਪੀਰੀਅਡ ਲਾਇਬਰੇਰੀ ਵਿੱਚ ਪੜ੍ਹਨ ਦੇ ਲਈ ਵਰਤਿਆ ਜਾਵੇ। ਇਸ ਕਾਲ ਦੇ ਦੌਰਾਨ ਬੱਚੇ ਚੁੱਪ ਰਹਿਕੇ ਲਾਇਬਰੇਰੀ ਵਿੱਚ ਪੜ੍ਹਨ। ਉਹ ਪਹਿਲੇ ਹਫਤੇ ਜਾਰੀ ਕਰਵਾਈਆਂ ਕਿਤਾਬਾਂ ਵਾਪਸ ਕਰਨ ਅਤੇ ਹੋਰ ਨਵੀਆਂ ਕਢਵਾ ਲੈਣ।

ਜੇ ਲਾਇਬਰੇਰੀ ਦੇ ਲਈ ਕੋਈ ਕਮਰਾ ਨਾ ਮਿਲੇ ਤਾਂ ਕੁਝ ਕਿਤਾਬਾਂ ਅਧਿਆਪਕ ਅਪਣੇ ਕੋਲੋਂ ਲਿਆਉਣ ਦੀ ਕੋਸ਼ਿਸ਼ ਕਰ ਸਕਦਾ ਹੈ। ਬੱਚੇ ਅਪਣੀ ਉਮਰ ਦੇ ਨਾਲ ਮੇਚ ਖਾਂਦੀਆਂ ਕਿਤਾਬਾਂ ਇਹਨਾਂ ਵਿੱਚੋਂ ਲੈਕੇ ਪੜ੍ਹ ਸਕਦੇ ਹਨ। ਇਹ ਮਹੱਤਵ ਪੂਰਣ ਹੈ ਕਿ ਬੱਚਿਆਂ ਨੂੰ ਕਿਤਾਬਾਂ ਚੁਣਨ ਦੀ ਇਜ਼ਾਜਤ ਦਿੱਤੀ ਜਾਵੇ, ਨਾ ਕਿ ਅਧਿਆਪਕ ਕਿਤਾਬਾਂ ਵੰਡੇ।

ਲਾਇਬਰੇਰੀ ਦੀਆਂ ਕਿਤਾਬਾਂ ਭਾਸ਼ਾ ਵਾਲੀ ਜਮਾਤ ਵਿੱਚ ਲਿਆਂਦੀਆਂ ਜਾ ਸਕਦੀਆਂ ਹਨ।

ਪ੍ਰੋਜੈਕਟ ਵਰਕ ਕਰਨ ਦੇ ਲਈ ਬੱਚਿਆਂ ਨੂੰ ਲਾਇਬਰੇਰੀ ਵਿੱਚੋਂ ਹਵਾਲੇ ਲੱਭਣ ਦੇ ਲਈ ਆਖਿਆ ਜਾ ਸਕਦਾ ਹੈ।

ਭਾਸ਼ਾ ਵਾਲੀ ਜਮਾਤ ਵਿੱਚ ਬੱਚਿਆਂ ਨੂੰ ਉਸ ਹਫਤੇ ਪੜ੍ਹੀ ਕਿਤਾਬ ਬਾਰੇ ਲਿਖਣ ਦੇ ਲਈ ਆਖਿਆ ਜਾ ਸਕਦਾ ਹੈ।

ਬੱਚਿਆਂ ਨੂੰ ਕਿਸੇ ਪੜ੍ਹੀ ਹੋਈ ਕਹਾਣੀ ਨੂੰ ਦੂਜਿਆਂ ਨੂੰ ਸੁਨਾਉਣ ਦੇ ਵਾਸਤੇ ਕਿਹਾ ਜਾ ਸਕਦਾ ਹੈ।

***ਸਕੂਲ ਦੀ ਲਾਇਬਰੇਰੀ ਛੁੱਟੀਆਂ ਵਿੱਚ ਖੁੱਲ੍ਹੀ ਰੱਖੀ ਜਾਣੀ ਚਾਹੀਦੀ ਹੈ।***

ਜਿਸ ਸਕੂਲ ਦੀ ਇਮਾਰਤ ਦਾ ਆਕਾਰ ਲਾਇਬਰੇਰੀ ਦੇ ਲਈ ਅਲੱਗ ਕਮਰਾ ਹੋਣ ਦੀ ਇਜ਼ਾਜਤ ਦੇਵੇ, ਇਹ ਵਧੀਆ ਰਹੇਗਾ ਕਿ ਉਸ ਨੂੰ ਚੰਗੀ ਤਰ੍ਹਾਂ ਰੋਸ਼ਨੀਆਂ ਵਗੈਰਾ ਲਾਕੇ, ਵਧੀਆ ਕੁਰਸੀਆਂ ਸਜਾਕੇ ਸਾਰੀ ਥਾਂ ਨੂੰ ਕਾਫੀ ਦਿਲ ਲਗਾਊ ਬਣਾ ਦਿੱਤਾ ਜਾਵੇ। ਅਧਿਆਪਕਾਂ ਵਾਸਤੇ ਇਹ ਸੰਭਵ ਹੋਵੇ ਕਿ ਉਹ ਲਾਇਬਰੇਰੀ ਦੇ ਸਰੋਤਾਂ ਨੂੰ ਵਰਤਕੇ ਜਮਾਤ ਹੀ ਓਥੇ ਪੜ੍ਹਾ ਸਕਦੇ ਹੋਣ।

ਲਾਇਬਰੇਰੀ ਨੂੰ ਬਹਿਸਾਂ ਕਰਵਾਉਣ, ਭਾਈਚਾਰੇ ਤੋਂ ਆਏ ਕਿਸੇ ਸ਼ਿਲਪੀ ਨੂੰ ਅਪਣਾ ਹੁਨਰ ਵਿਖਾਉਣ ਦੇ ਲਈ, ਜਾਂ ਫਿਰ ਕਹਾਣੀਆਂ ਸੁਨਾਉਣ ਲਈ ਵਰਤੀ ਜਾਣ ਵਾਲੀ ਥਾਂ ਦੇ ਰੂਪ ਵਿੱਚ ਵਿਕਸਤ ਕੀਤਾ ਜਾ ਸਕਦਾ ਹੈ। ਲਾਇਬਰੇਰੀਆਂ ਨੂੰ ਅਜਿਹੇ ਸਰੋਤ-ਸਾਧਨਾਂ ਦੀ ਤਰ੍ਹਾਂ ਵਿਕਸਤ ਕਰ ਲੈਣ ਦੇ ਨਾਲ ਪਾਠਕ੍ਰਮ ਦੇ ਨਵੀਨੀਕਰਣ ਨੂੰ ਮਜ਼ਬੂਤ ਕਰ ਸਕਣ ਦੇ ਵਿੱਚ ਵੀ ਮਦਦ ਮਿਲ ਸਕਦੀ ਹੈ। ਹਰ ਬਲਾਕ ਕਿਸੇ ਇੱਕ ਵਿਸ਼ੈ ਖੇਤਰ ਵਿੱਚ ਮਹਾਰਤ ਹਾਂਸਲ ਕਰ ਲਵੇ ਜੀਹਦੇ ਨਾਲ ਸਾਰੇ ਬਲਾਕ ਰਲਕੇ ਜ਼ਿਲੇ ਦੇ ਲਈ ਕਾਫੀ ਚੰਗੇ ਸਰੋਤ ਬਣ ਜਾਣ।

## 4.6.3 ਸਿੱਖਿਆ ਟੈਕਨਾਲੋਜੀ

ਪਾਠਕ੍ਰਮ ਦੀ ਯੋਜਨਾਂ ਦੇ ਵਾਸਤੇ ਇੱਕ 'ਸਾਈਟ' ਦੇ ਵਜੋਂ ਸਿੱਖਿਆ ਟੈਕਨਾਲੋਜੀ ਦਾ ਮਹੱਤਵ ਬੜੇ ਦੂਰ ਦੂਰ ਤੱਕ ਪਛਾਣਿਆ ਤੁਰਿਆ ਆਉਂਦਾ ਹੈ। ਪਰ ਇਸ ਦੀ ਸਿੱਖਿਆ ਦੇ ਸਬੰਧ ਵਿੱਚ ਵੱਧ ਤੋਂ ਵੱਧ ਵਰਤੋਂ ਦੇ ਬਾਰੇ ਹਾਲੇ ਤਕ ਵਿਸਥਾਰ ਵਿੱਚ ਸੇਧਾਂ ਅਤੇ ਜੁਗਤਾਂ ਤਿਆਰ ਹੋਕੇ ਸਾਹਮਣੇ ਨਹੀਂ ਸਨ ਆਈਆਂ। ਟੈਕਨਾਲੋਜੀ ਨੂੰ ਆਮ ਕਰਕੇ ਸੂਚਨਾਂ ਦੇ ਪ੍ਰਸਾਰ ਵਾਲੇ ਇੱਕ ਮਾਧਿਅਮ ਦੀ ਤਰ੍ਹਾਂ ਵਰਤਿਆ ਗਿਆ ਹੈ, ਜਿਸ ਦੇ ਨਾਲ ਚੰਗੇ

ਅਧਿਆਪਕਾਂ ਦੀ ਕਮੀ ਪੂਰੀ ਕੀਤੀ ਜਾ ਸਕੇ। ਆਮ ਕਰਕੇ ਇਹ ਕਮੀ ਭਰਤੀ ਕਰਨ ਦੀਆਂ ਥੋਥੀਆਂ ਨੀਤੀਆਂ ਦਾ ਨਤੀਜਾ ਹੁੰਦੀ ਹੈ।

ਜੇਕਰ ਸਿੱਖਿਆ ਟੈਕਨਾਲੋਜੀ ਨੂੰ ਸਿੱਖਿਆ ਦੀ ਗੁਣਵੱਤਾ ਦੀ ਸਮੱਸਿਆ ਦਾ ਹੱਲ ਕਰਨ ਦੇ ਲਈ ਵਰਤਿਆ ਜਾਣਾਂ ਹੈ ਤਾਂ ਤੇ ਇਹ ਅਧਿਆਪਕਾਂ ਦਾ ਸਿੱਖਿਆ ਨਾਲ ਮੋਹ ਹੀ ਭੰਗ ਕਰ ਸਕਦੀ ਹੈ। ਜੇ ਸਿੱਖਿਆ ਟੈਕਨਾਲੋਜੀ ਨੇ ਪਾਠਕ੍ਰਮ ਦੇ ਸੁਧਾਰ ਨੂੰ ਅੱਗੇ ਵਧਾਉਣਾਂ ਹੈ, ਤਾਂ ਫਿਰ ਚਾਹੀਦਾ ਇਹ ਹੈ ਕਿ ਇਹ ਬਹੁਤੇ ਅਧਿਆਪਕਾਂ ਅਤੇ ਬੱਚਿਆਂ ਨੂੰ ਮਹਿਜ ਉਪਭੋਗਤਾ ਮੰਨਣ ਦੀ ਥਾਂ ਸੁਚੇਤ ਉਤਪਾਦਕ ਸਮਝੇ। ਵਿਕਸਤ ਹੋਣ ਅਤੇ ਪ੍ਰਯੋਗ ਵਿੱਚ ਆਉਣ ਦੇ ਦਰਮਿਆਨ ਵਰਤੋਂ ਦੇ ਬਾਰੇ ਕਾਫੀ ਵਿਸਤਰਿਤ ਪੁੱਛਗਿਛ ਹੋਵੇ।

ਸਿੱਖਿਆ ਟੈਕਨਾਲੋਜੀ ਦੀਆਂ ਸਹੂਲਤਾਂ ਸਕੂਲ ਦੇ ਸਾਰੇ ਪੱਧਰਾਂ ਉੱਤੇ ਵਰਤੀਆਂ ਜਾਣੀਆਂ ਚਾਹੀਦੀਆਂ ਹਨ, ਜਿਹਾ ਕਿ ਖਿੱਤੇ ਅਤੇ ਬਲਾਕ ਸਰੋਤ ਕੇਂਦਰਾਂ ਵਿੱਚ; ਜ਼ਿਲੇ, ਪ੍ਰਾਂਤ ਅਤੇ ਰਾਸ਼ਟਰੀ ਪੱਧਰ ਦੇ ਅਦਾਰਿਆਂ ਵਿੱਚ। ਵਰਤੋਂ ਸਿੱਧਾ ਅਤੇ ਸਾਹਮਣੇ ਹੋਣ ਵਾਲਾ ਅਨੁਭਵ ਕਰਾਉਣ ਦੇ ਲਈ ਹੋਵੇ। ਬੱਚਿਆਂ, ਅਧਿਆਪਕਾਂ ਅਤੇ ਅਧਿਆਪਕਾਂ ਨੂੰ ਵੀ ਸਿੱਖਾਉਣ ਵਾਲਿਆਂ ਨੂੰ ਦਿੱਤੇ ਹੋਏ ਇਹ ਅਨੁਭਵ ਸਾਦੇ ਹੀ ਹੋ ਸਕਦੇ ਹਨ: ਵੀਡੀਓ ਫਿਲਮ ਜਾਂ ਵੀਡੀਓ ਗੇਮ ਬਨਾਉਣ ਦੀ ਥਾਂ ਪਿੰਡ ਦੇ ਕਿਸੇ ਬਜੁਰਗ ਦੀ ਅਵਾਜ਼ ਵਿੱਚ ਉਹਦੀ ਮੁਲਾਕਾਤ ਟੇਪ ਰਿਕਾਰਡ ਕਰ ਲਈ ਜਾਵੇ।

ਬੱਚਿਆਂ ਦੀ ਮਲਟੀਮੀਡੀਆ ਦੇ ਸੰਦਾਂ ਨਾਲ ਤੇ ਸੂਚਨਾਂ ਸੰਚਾਰ ਟੈਕਨਾਲੋਜੀ ਨਾਲ ਸਿੱਧੀ ਪਹੁੰਚ ਕਰਵਾ ਦਿੱਤੀ ਜਾਵੇ। ਉਨ੍ਹਾਂ ਉਤਪਾਦਨਾਂ ਨੂੰ ਰਲਾਕੇ ਅਪਣੀਆਂ ਹੀ ਪ੍ਰੋਡਕਸ਼ਨਾਂ ਬਨਾਉਣ ਅਤੇ ਅਪਣੇ ਅਨੁਭਵਾਂ ਨੂੰ ਪੇਸ਼ ਕਰਨ ਦਿੱਤਾ ਜਾਵੇ। ਇਹਦੇ ਨਾਲ ਉਨ੍ਹਾਂ ਨੂੰ ਅਪਣੀ ਸਿਰਜਣਾਤਮ ਕਲਪਨਾਂ ਨੂੰ ਸਰ ਕਰਨ ਦੇ ਮੌਕੇ ਮਿਲ ਸਕਦੇ ਹਨ।

ਪ੍ਰੋਗਰਾਮਾਂ ਨੂੰ ਸਿਰਫ ਦੇਖਣ ਅਤੇ ਸੁਣਨ ਦੀ ਥਾਂ ਸਿੱਖਿਆ ਟੈਕਨਾਲੋਜੀ ਦੀ ਉਤਪਾਦਨ ਵਿੱਚ ਵਰਤੋਂ ਦੇਸ਼ ਵਿੱਚ ਅਥਾਹ ਸਿੱਖਿਆ ਟੈਕਨਾਲੋਜੀ ਦੇ ਸਾਧਨਾਂ ਦੀ ਵਰਤੋਂ ਦੀ ਨੀਂਹ ਖੜ੍ਹੀ ਕਰ ਸਕਦੀ ਹੈ। CD-based ਕੰਪਿਊਟਰਾਂ ਦੀ ਵਰਤੋਂ ਨਾਲੋਂ ਸੰਵਾਦੀ-interactive ਅਤੇ ਨੈੱਟ ਰਾਹੀਂ ਜੁੜੇ (Net-enabled) ਕੰਪਿਊਟਰ ਕਿਤੇ ਜ਼ਿਆਦਾ ਅਰਥ ਭਰਪੂਰ ਕੰਪਿਊਟਰਾਂ ਨਾਲ ਸੰਵਾਦ ਸੰਭਵ ਕਰਵਾ ਸਕਣਗੇ। ਇਹਦੇ ਨਾਲ ਪੇਂਡੂ ਅਤੇ ਦੂਰ ਦੁਰਾਡੇ ਦੀਆਂ ਥਾਵਾਂ ਪੁਰ ਵੀ 'ਜੁੜਨਾ-connectivity' ਸੰਭਵ ਹੋਣ ਨਾਲ ਵਿਚਾਰਾਂ ਅਤੇ ਸੂਚਨਾਂ ਤੱਕ ਪਹੁੰਚ ਸਥਾਪਤ ਹੋ ਜਾਣ ਦੇ ਨਾਲ ਸਕੂਲਾਂ ਵਿੱਚ ਪਾਠਕ੍ਰਮ ਹੋਰ ਸੁਧਰ ਜਾਵੇਗਾ। ਇਸ ਨਾਲ ਸੰਭਵ ਹੋਈ ਦੁਤਰਫੀ ਸੰਵਾਦਕਤਾ ਹੀ ਹੈ, ਨਾਕਿ ਇੱਕ ਪਾਸੜ ਸੁਣਨਕਤਾ, ਜੋ ਟੈਕਨਾਲੋਜੀ ਨੂੰ ਵਿਦਿਅਕ ਬਣਾ ਸਕਦੀ ਹੈ।

ਪ੍ਰਾਇਮਰੀ ਸਕੂਲ ਦੇ ਬੱਚਿਆ ਲਈ ਵੀਡੀਓ
ਸਵਾਂਗ ਅਤੇ ਪ੍ਰਦਰਸ਼ਨ, ਹੱਥ ਨਾਲ ਕੁਝ ਕਰਕੇ
ਸਿੱਖਣ ਦਾ ਬਦਲ ਨਹੀਂ ਬਣ ਸਕਦੇ।

ਜਮਤਾਂ ਦੀਆਂ ਸਥਿੱਤੀਆਂ ਦੀ ਨਕਲ ਕਰਨ ਅਤੇ ਮੁੜ-ਉਤਪਨ ਕਰਨ ਦੀ ਕੋਸ਼ਿਸ਼ ਕਰਨ, ਜਾਂ ਪਾਠ-ਪੁਸਤਕ ਦਾ ਵਿਸ਼ੈ-ਵਸਤੂ ਪੜ੍ਹਾਉਣ, ਜਾਂ ਪ੍ਰਯੋਗਸ਼ਾਲਾ ਵਿਚਲੇ ਪ੍ਰਯੋਗਾਂ ਨੂੰ ਓਵੇਂ ਜਿਵੇਂ ਪੇਸ਼ ਕਰਨ ਦੀ ਥਾਂ ਸਿੱਖਿਆ ਟੈਕਨਾਲੋਜੀ ਹੋਰ ਬਹੁਤ ਕੁਝ ਚੰਗਾ ਕਰ ਸਕਦੀ ਹੈ। ਵਿਸ਼ਿਆਂ ਨੂੰ ਉਪਦੇਸ਼ਕ ਢੰਗ ਨਾਲ ਨਾ ਵਿਕਸਤ ਕੀਤਾ ਜਾਵੇ। ਸਿੱਖਿਅਕਾਂ ਨੂੰ ਗਿਆਨ ਜਾਲ਼ ਨਾਲ ਬੜੇ ਪ੍ਰਮਾਣਕ ਢੰਗ ਨਾਲ ਜੁੜਨ ਲਈ ਖੁੱਲ੍ਹਾ ਛੱਡ ਦਿੱਤਾ ਜਾਵੇ।

ਭਾਰਤੀ ਭਾਸ਼ਾਵਾਂ ਵਿੱਚ ਇਸ ਤਰ੍ਹਾਂ ਦਾ ਗਿਆਨ ਘੱਟ ਹੀ ਪ੍ਰਾਪਤ ਹੈ। ਇਹੀ ਕਾਰਣ ਹੈ ਕਿ ਸ਼ਹਿਰੀ ਅਤੇ ਪੇਂਡੂ ਸਿੱਖਿਅਕਾਂ ਵਿੱਚ ਅਤੇ ਭਾਰਤੀ ਭਾਸ਼ਾਵਾਂ ਦੇ ਸਿੱਖਿਅਕਾਂ ਤੇ ਅੰਗਰੇਜੀ ਮਾਧਿਅਮ ਦੇ ਸਕੂਲਾਂ ਦੇ ਸਿੱਖਿਅਕਾਂ ਵਿੱਚ ਪਾੜ ਹੋਰ ਵਧਦਾ ਜਾ ਰਿਹਾ ਹੈ। ਬੱਚਿਆਂ ਲਈ ਅਜਿਹੇ ਵਿਸ਼ਵ-ਕੋਸ਼ਾਂ ਅਤੇ ਡਾਕੂਮੈਂਟਰੀਆਂ ਦੀਆਂ ਸੰਭਾਵਨਾਵਾਂ ਹਾਲੇ ਵੀ ਸਹੀ ਤਰ੍ਹਾਂ ਵਿਕਸਤ ਨਹੀਂ ਹੋ ਸਕੀਆਂ।

ਪਾਠ-ਪੁਸਤਕਾਂ ਅਤੇ ਅਧਿਆਪਕਾਂ ਵਾਸਤੇ ਕੰਮ-ਕਿਤਾਬਾਂ ਤੇ ਹੱਥ-ਕਿਤਾਬਾਂ ਵਰਗੀ ਸਮੱਗਰੀ ਨੂੰ ਡਿਜ਼ਾਈਨ ਕਰਨ ਲਈ ਬੜੇ ਵਧੀਆ ਸੁਣਤੀ ਅਤੇ ਦ੍ਰਿਸ਼ਤੀ ਸਮਾਨ ਨੂੰ ਵਰਤ ਕੇ ਤਿਆਰ ਕੀਤਾ ਜਾ ਸਕਦਾ ਹੈ। ਉਹਨਾਂ 'ਸਾਈਟਾਂ' ਤੋਂ ਮਦਦ ਹੋ ਸਕਦੀ ਹੈ, ਜਿੰਨ੍ਹਾਂ 'ਤੇ ਨੈੱਟ ਉੱਪਰ ਹੋਰ ਜ਼ਿਆਦਾ ਸੂਚਨਾਂ ਪ੍ਰਾਪਤ ਹੋਵੇ। ਇਹਨਾਂ ਜਤਨਾਂ ਰਾਹੀਂ ਸਿਨਮੇਂ ਦੀਆਂ ਕਲਾਸਿਕ ਫਿਲਮਾਂ ਦਿਖਾਈਆਂ ਜਾ ਸਕਦੀਆਂ ਹਨ। ਉਦਾਹਰਣ ਵਜੋਂ, ਕਿਸੇ ਪਿੰਡ ਬਾਰੇ ਪੜ੍ਹਦੇ ਬੱਚੇ ਦੇ ਲਈ ਸਤਿਆਜੀਤ ਰੇਅ ਦੀ ਕਲਾਸਿਕ ਫਿਲਮ 'ਪੱਥੇਰ ਪੰਚਾਲੀ' ਅਸਾਨੀ ਨਾਲ ਦੇਖਣੀ ਸੰਭਵ ਹੋਣੀ ਚਾਹੀਦੀ ਹੈ। ਚਾਹਵੇ ਤਾਂ ਬੱਚਾ ਕਿਸੇ ਦੁਕਾਨ ਤੋਂ ਲੈਕੇ ਸੀ ਡੀ ਨਾਲ ਦੇਖ ਲਵੇ, ਚਾਹਵੇ ਤਾਂ ਕਿਸੇ ਕੇਂਦਰ ਰਾਹੀਂ ਸੰਚਾਲਤ ਵੈੱਬ ਤੋਂ ਦੇਖ ਸਕੇ।

ਭਵਿੱਖ ਦੀਆਂ ਪਾਠ-ਪੁਸਤਕਾਂ ਇਸ ਤਰ੍ਹਾਂ ਸੰਕਲਪਤ ਅਤੇ ਡਿਜ਼ਾਈਨ ਹੋਣੀਆਂ ਚਾਹੀਦੀਆਂ ਹਨ ਕਿ ਉਹਨਾਂ ਵਿੱਚ ਗਿਆਨ ਦੇ ਵੱਖ ਵੱਖ ਵਿਸ਼ੈ ਅਤੇ ਅਨੁਭਵ ਸੁਮੇਲ ਕਰ ਦਿੱਤੇ ਜਾਣ। ਇਹਦੇ ਨਾਲ ਗਿਆਨ ਨੂੰ ਸੰਗ੍ਰਹਿਤ ਕਰਨ ਵਿੱਚ ਸਹਾਇਤਾ ਹੋ ਸਕਦੀ ਹੈ। ਉਦਾਹਰਣ ਵਜੋਂ, ਮਿਡਲ ਸਕੂਲ ਦੀ ਜੋ ਕਿਤਾਬ ਰਾਜਸਥਾਨ ਦੇ ਇਤਹਾਸ 'ਤੇ ਚਰਚਾ ਕਰਦਿਆਂ ਮੀਰਾ ਦਾ ਨਾਮ ਲਵੇ ਉਹਦੇ ਕਿਸੇ ਭਜਨ ਦਾ ਪਾਠ ਨਾਲ ਦੇ ਸਕਦੀ ਹੈ। ਇਹ

ਵੀ ਸੂਚਨਾਂ ਦੇ ਸਕਦੀ ਹੈ ਕਿ ਉਹ ਭਜਨ ਕਿਸ ਸੰਗ੍ਰਹਿ ਘਰ ਵਿੱਚ ਸਾਂਭਿਆ ਪਿਆ ਹੈ। ਬੱਚੇ ਸੁੱਬਾਲਸ਼ਮੀਂ ਦੇ ਗਾਏ ਹੋਏ ਇਸ ਭਜਨ ਨੂੰ ਸੁਣ ਸਕਦੇ ਹਨ।

ਗਿਆਨ ਅਤੇ ਅਨੁਭਵ ਨੂੰ ਇਹਨਾਂ ਤਰੀਕਿਆਂ ਨਾਲ ਸੰਚਾਲਤ ਕਰਨ ਦੇ ਨਾਲ ਉਸ ਸਾਰੇ ਬੋਝ ਅਤੇ ਅਕੇਵੇਂ ਤੋਂ ਨਿਜਾਤ ਮਿਲ ਸਕਦੀ ਹੈ ਜੋ ਵਰਤਮਾਨ ਸਿੱਖਿਆ ਦਾ ਢੰਗ ਪੈਦਾ ਕਰ ਦਿੰਦਾ ਹੈ। ਗਣਿਤ ਅਤੇ ਵਿਗਿਆਨ ਵਿੱਚ, ਅਤੇ ਅਪਾਹਜ ਬੱਚਿਆਂ ਨੂੰ ਪੜ੍ਹਾਉਣ ਦੇ ਲਈ ਸਿੱਖਿਆ ਟੈਕਨਾਲੋਜੀ ਅਤੇ ਸੂਚਨਾਂ ਟੈਕਨਾਲੋਜੀ ਦੀ ਭੂਮਿਕਾ ਨੂੰ ਕਾਫੀ ਸੁਲਾਹਿਆ ਗਿਆ ਹੈ। ਇਹ ਜਰੂਰੀ ਹੈ ਕਿ ਇਸ ਸੰਭਾਵਨਾਂ ਨੂੰ ਪਾਠਕ੍ਰਮ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਲਈ ਵੀ ਵਰਤਿਆ ਜਾ ਸਕੇ। ਸਰਕਾਰ ਅਤੇ ਹੋਰ ਭਾਂਤ ਦੀਆਂ ਸਾਰੀਆਂ ਸੰਸਥਾਵਾਂ ਨੂੰ ਜੋ ਆਰਥਕ ਯੋਜਨਾ ਦੀਆਂ ਜ਼ਿੰਮੇਵਾਰ ਹਨ ਸਿੱਖਿਆ ਟੈਕਨਾਲੋਜੀ ਦੀਆਂ ਪੂਰੀਆਂ ਮੰਗਾਂ ਅਤੇ ਫਾਇਦਿਆਂ ਵੱਲ ਧਿਆਨ ਦੇਣ ਦੀ ਲੋੜ ਹੈ।

## 4.6.4 ਸੰਦ ਅਤੇ ਪ੍ਰਯੋਗਸ਼ਾਲਾਵਾਂ

ਸਕੂਲ ਨੂੰ ਸ਼ਿਲਪਕਾਰੀ ਅਤੇ ਹੋਰ ਕਲਾਵਾਂ ਦੀ ਲੋੜ ਲਈ ਚਾਹੀਦੇ ਸੰਦਾਂ ਦਾ ਪ੍ਰਬੰਧ ਕਰਕੇ ਦੇਣਾ ਜਰੂਰੀ ਬਣਦਾ ਹੈ। ਪਾਠਕ੍ਰਮ ਦੇ ਇਹ ਖੇਤਰ ਸਕੂਲ ਨੂੰ ਸਿਰਜਣਾਤਮਕ ਸਥਾਨ ਬਣਾ ਦੇਣ ਦੇ ਉਦੇਸ਼ ਵਾਸਤੇ ਹਿੱਸਾ ਪਾ ਸਕਦੇ ਹਨ। ਕਰਨਾਂ ਸਿਰਫ ਏਨਾਂ ਹੀ ਹੈ ਕਿ ਅਸੀਂ ਸਾਧਨਾਂ ਨੂੰ ਅਕਲ ਨਾਲ ਯੋਜਤ ਕਰੀਏ। ਸਾਡੇ ਵਿਰਾਸਤੀ ਸ਼ਿਲਪਾਂ ਨੂੰ ਤਾਂ ਹਰ ਹਫਤੇ ਜਾਂ ਪੰਦਰਵੇਂ ਦੇ ਗੇੜੇ ਬਾਅਦ ਖੱਡੀਆਂ, ਖਰਾਦਾਂ, ਕੈਂਚੀਆਂ ਅਤੇ ਕਢਾਈ ਦੇ ਫਰੇਮਾਂ ਆਦਿ ਦੀ ਜਰੂਰਤ ਪੈਂਦੀ ਰਹਿੰਦੀ ਹੈ। ਲੋੜ ਇਹ ਹੈ ਕਿ ਅਸੀਂ ਪਾਠਕ੍ਰਮ ਦੇ ਇਸ ਖੇਤਰ ਨੂੰ ਲਿੰਗ ਜਾਂ ਜਾਤ ਦੀ ਮਾਰ ਨਾਂ ਪੈਣ ਦਈਏ। ਨਹੀਂ ਤਾਂ ਇਹਦਾ ਮੂਲ ਮੰਤਵ ਗੁੰਮ ਹੋ ਜਾਵੇਗਾ। ਨਾਮ ਵਜੋਂ, ਅਪਣੇ ਸਾਧਨਾਂ ਅਤੇ ਮਨੁੱਖੀ ਮਹੌਲ ਨਾਲ ਬੜੇ ਨੇੜੇ ਦੇ ਸਬੰਧ ਬਣਾਕੇ ਸਹਿਕਾਰਤਾ ਅਤੇ ਕਲਪਨਾਂ ਨਾਲ ਚੱਲਣ ਦਾ ਵਹਿਦਾ ਗੁੰਮ ਜਾਵੇਗਾ।

ਇਹੀ ਸੱਚ ਹੈ ਉਨ੍ਹਾਂ ਕਲਾਵਾਂ ਬਾਰੇ ਜੋ ਪਾਠਕ੍ਰਮ ਦੇ ਹੋਰਨਾਂ ਖੇਤਰਾਂ ਨਾਲ ਸਾਂਝ ਤਾਂ ਰੱਖਦੀਆਂ ਹਨ, ਪਰ ਉਨ੍ਹਾਂ ਨੂੰ ਖਾਸ ਭਾਂਤ ਦੀ ਸਮੱਗਰੀ ਅਤੇ ਸੰਦਾਂ ਦੀ ਵੀ ਜਰੂਰਤ ਹੁੰਦੀ ਹੈ। ਇਹਨਾਂ ਸੰਦਾਂ ਨੂੰ ਵਰਤਣ ਦਾ ਮੌਕਾ ਅਤੇ ਵਰਤੋਂ ਵਿੱਚ ਮੁਹਾਰਤ ਹਾਂਸਲ ਕਰਨੀ ਅਤੇ ਸੰਭਾਲ ਕਰਨੀ ਸਿੱਖਣਾਂ ਵੀ ਬੱਚਿਆਂ ਦੇ ਵਾਸਤੇ ਅਣਮੁੱਲੇ ਅਨੁਭਵ ਹੋ ਸਕਦੀਆਂ ਹਨ। ਬੱਚੇ ਦੇ ਚੇਤਨ ਅਤੇ ਗਿਆਨ ਇੰਦਰੀਆਂ ਦੇ ਵਿਕਾਸ ਕਰਨ ਅਤੇ ਸਿਖਲਾਈ ਦੀ ਖਾਤਰ ਕਲਾਵਾਂ ਉੱਪਰ ਲਾਈ ਪੂੰਜੀ ਪੜ੍ਹਾਈ ਅਤੇ ਸ਼ਾਂਤੀ ਦੇ ਸਭਿਆਚਾਰ ਦਾ ਵਿਕਾਸ ਕਰਨ ਵਿੱਚ ਭਰਵੀਂ ਮਦਦ ਕਰਦੀ ਹੈ।

ਪਿੰਡਾਂ ਵਿਚਲੇ ਸਕੂਲ ਤਾਂ ਵਿਗਿਆਨ ਦੀਆਂ ਪ੍ਰਯੋਗਸ਼ਲਾਵਾਂ ਦੇ ਪੱਖ ਤੋਂ ਬੜੇ ਊਣੇ ਹਨ। ਗਣਿਤ ਦੇ ਲਈ ਲੋੜੀਂਦਾ ਸਮਾਨ ਵੀ ਨਾ ਹੋਣ ਦੇ ਬਰਾਬਰ ਹੈ। ਅਜਿਹੀਆਂ ਸਹੂਲਤਾਂ ਦੀ ਕਮੀਂ ਬੱਚਿਆਂ ਦੀ ਮਜ਼ਮੂੰਨਾਂ ਦੀ ਚੋਣ ਨੂੰ ਬੇਹੱਦ ਸੌੜਾ ਕਰ ਦਿੰਦੀ ਹੈ। ਉਨ੍ਹਾਂ ਦੇ ਸਿਖ ਸਕਣ ਦੇ ਮੌਕੇ ਅਤੇ ਜੀਵਨ ਦੇ ਭਵਿੱਖ ਨਾਲ ਸਬੰਧਤ ਅਵਸਰਾਂ ਤੋਂ ਇਨਕਾਰ ਹੋ ਜਾਂਦਾ ਹੈ। ਤਦ ਹੀ ਪ੍ਰਯੋਗਸ਼ਲਾਵਾਂ ਦੇ ਵਾਸਤੇ ਲੋੜੀਂਦੇ ਸਾਧਨ ਖਰਚੇ ਜਾਣ ਤੇ ਸਕੂਲਾਂ ਵਾਸਤੇ ਲੋੜ ਅਨੁਸਾਰ ਸਹੂਲਤਾਂ ਮੁਹਈਆਂ ਕਰਵਾਈਆਂ ਜਾਣ। ਜਦ ਕਿ ਮੁਢਲੇ ਸਕੂਲ ਵਿਗਿਆਨ ਅਤੇ ਗਣਿਤ ਦੇ ਨੁੱਕੜਾਂ ਤੋਂ ਲਾਭ ਉਠਾਅ ਸਕਦੇ ਹਨ, ਸੈਕੰਡਰੀ ਅਤੇ ਹਾਈ ਸਕੂਲਾਂ ਦੇ ਬੱਚਿਆਂ ਨੂੰ ਸੰਦਾਂ ਨਾਲ ਲੈਸ ਪ੍ਰਯੋਗਸ਼ਲਾਵਾਂ ਦੀ ਲੋੜ ਹੁੰਦੀ ਹੈ।

## 4.6.5 ਹੋਰ ਸਾਈਟਾਂ ਅਤੇ ਸਥਾਨ

ਪਾਠਕ੍ਰਮ ਦੀਆਂ ਉਹ ਸਾਈਟਾਂ ਜੋ ਭੌਤਿਕ ਤੌਰਤੇ ਸਕੂਲ ਦੇ ਅਹਾਤੇ ਤੋਂ ਬਾਹਰ ਟਿਕੀਆਂ ਹੁੰਦੀਆਂ ਹਨ, ਉਹ ਵੀ ਓਨੀਆਂ ਹੀ ਜਰੂਰੀ ਹਨ, ਜਿੰਨੀਆਂ ਬਾਰੇ ਹੁਣ ਤੱਕ ਚਾਰਚਾ ਹੋਇਆ ਹੈ। ਇਹ ਹਨ ਸਥਾਨਕ ਯਾਦਗਾਹਾਂ ਅਤੇ ਅਜਾਇਬ ਘਰ, ਕਾਦਰਤੀ ਅਤੇ ਭੌਤਿਕ ਟਿਕਾਣੇ ਜਿਵੇਂ ਦਰਿਆ ਅਤੇ ਪਹਾੜ, ਦਿਨਾਂ-ਪ੍ਰਤੀ ਵਾਲੇ ਸਥਾਨ ਜਿਹਾ ਕਿ ਮੰਡੀਆਂ ਅਤੇ ਡਾਕ ਘਰ। ਅਧਿਆਪਕ ਕੋਲ ਸਕੂਲ ਦੇ ਹਰ ਰੋਜ਼ ਚੱਲਣ ਦੀ ਯੋਜਨਾਂ ਬਨਾਉਣ ਦੀ ਸਮਰੱਥਾ ਇਸ ਤਰ੍ਹਾਂ ਦੀ ਹੋਵੇ ਕਿ ਉਹ ਅਜਿਹੇ ਵਸੀਲਿਆਂ ਦੀ ਕਲਪਨਾਸ਼ੀਲ ਵਰਤੋਂ ਕਰਵਾ ਸਕੇ। ਬੱਚੇ ਨੂੰ ਸਕੂਲ ਤੋਂ ਮਿਲਣ ਵਾਲੀ ਸਿੱਖਿਆ ਦੀ ਗੁਣਵੱਤਾ ਉੱਪਰ ਇਸ ਦਾ ਸਿੱਧਾ ਅਸਰ ਪੈਂਦਾ ਹੈ।

ਕੇਵਲ ਕਿਤਾਬਾਂ ਵਿੱਚ ਲਿਖੇ ਹੋਏ ਉੱਪਰ ਸਾਰੀ ਜਮਾਤ ਵਿੱਚ ਹੋਣ ਵਾਲੇ ਅਮਲ ਨੂੰ ਘਟਾਕੇ ਰੱਖ ਦੇਣਾ ਬੱਚੇ ਦੇ ਵਾਧੇ ਲਈ ਭਾਰੀ ਰੋਕ ਸਿੱਧ ਹੁੰਦਾ ਹੈ। ਉਨ੍ਹਾਂ ਦੀਆਂ ਰੁਚੀਆਂ ਅਤੇ ਯੋਗਤਾਵਾਂ ਪੁਰ ਵੀ ਅਸਰ ਪੈਂਦਾ ਹੈ। ਕਿੰਨ੍ਹੀਆਂ ਸਾਰੀਆਂ ਐਹੋ ਜਿਹੀਆਂ ਰੋਕਾਂ ਸਕੂਲ ਦੇ ਦੈਨਿਕ ਜਾਂ ਸਲਾਨਾਂ ਰੁਝਾਣ ਨੂੰ ਬੜੀ ਸਖਤੀ ਨਾਲ ਮੰਨੀ ਜਾਣ ਤੋਂ ਵੀ ਉਤਪਨ ਹੁੰਦੀਆਂ ਹਨ।

ਤਾਰਿਆਂ ਭਰਿਆ ਰਾਤ ਦਾ ਆਕਾਸ਼ ਅਧਿਅਨ ਦੇ ਲਈ ਇਸ ਕਰਕੇ ਨਹੀਂ ਮਿਲਦਾ ਕਿਉਂਕਿ ਰਾਤ ਨੂੰ ਸਕੂਲ ਨਾਂ ਤਾਂ ਅਪਣੇ ਦਰਵਾਜੇ ਤੇ ਨਾਂ ਹੀ ਛੱਤਾਂ ਤੱਕ ਪਹੁਚਣ ਦੀ ਗੁੰਜਾਇਸ਼ ਰਹਿੰਣ ਦਿੰਦੇ ਹਨ। ਡੁੱਬਦੇ ਸੂਰਜ ਨੂੰ ਦੇਖਣਾਂ ਜਾਂ ਮੌਨਸੂਨ ਨੂੰ ਸਾਵਣ ਦੇ ਮਹੀਨੇ ਵਿੱਚ ਅੱਪੜਦੇ ਦੇਖਣਾਂ ਇਸ ਕਰਕੇ ਸੰਭਵ ਨਹੀਂ, ਕਿਉਂਕਿ ਇਹ ਸਕੂਲ ਦੇ ਟਾਈਮ ਟੇਬਲ ਤੋਂ ਬਾਹਰ ਹੈ। ਦੇਸ਼ ਦੇ ਭਿੰਨ ਭਿੰਨ ਇਲਾਕਿਆਂ ਵਿੱਚ ਅਤੇ ਗੁਆਂਢ ਦੇ 'ਸਾਰਕ' ਮੁਲਕਾਂ ਨਾਲ ਵੀ ਦੁਵੱਲੀਆਂ ਫੇਰੀਆਂ ਆਪਸੀ ਜਾਣਕਾਰੀ ਵਧਾਉਣ ਦੇ ਵਿੱਚ ਕਾਫੀ ਸਹਾਈ ਹੋ ਸਕਦੀਆਂ ਹਨ।

ਸਕੂਲ ਦੇ ਸਾਰੇ ਪ੍ਰਬੰਧ ਨੂੰ ਏਹੋ ਜਿਹੀਆਂ ਕਰੜਾਈਆਂ ਤੋਂ ਛਡਾਅ ਲੈਣ ਦੇ ਲਈ ਅਧਿਆਪਕਾਂ ਅਤੇ ਸਕੂਲ ਦੇ ਪ੍ਰਬੰਧਕਾਂ ਨੂੰ ਸਾਂਝਾ ਜਤਨ ਕਰਨਾ ਚਾਹੀਦਾ ਹੈ। ਇਹਦੇ ਤੋਂ ਬਿਨਾਂ ਸਿਲੇਬਸ ਬਨਾਉਣ ਵਾਲਿਆਂ ਨੂੰ, ਪਾਠ-ਪੁਸਤਕਾਂ ਦੇ ਲਿਖਾਰੀਆਂ ਅਤੇ ਅਧਿਆਪਕਾਂ ਦੀਆਂ ਹੱਥ-ਕਿਤਾਬਾਂ ਦੇ ਲੇਖਕਾਂ ਨੂੰ ਵੀ ਸਿੱਖਣ ਦੀਆਂ ਗਤੀਵਿਧੀਆਂ ਦੀ ਯੋਜਨਾਂ ਦੇ ਵਿਸਥਾਰ ਵੱਲ ਧਿਆਨ ਦੇਣਾਂ ਪਵੇਗਾ। ਇਹਦੇ ਨਾਲ ਪਾਠਕ੍ਰਮ ਦਾ ਘੇਰਾ ਹੋਰ ਮੋਕਲਾ ਹੋ ਜਾਵੇਗਾ। ਇਸ ਵਿੱਚ ਲੋੜ ਪੈਣੀ ਹੈ ਉਸ ਮਾਨਸਕਤਾ ਤੋਂ ਮੁਕਤ ਹੋਣ ਦੀ ਜਿਸ ਵਿੱਚ ਸੈਰ ਸਪਾਟਾ, ਕਲਾ ਅਤੇ ਸ਼ਿਲਪ ਕਲਾਵਾਂ ਆਦਿ ਸਭ ਪਾਠਕ੍ਰਮ ਤੋਂ ਬਾਹਰ ਧਰੇ ਹੋਏ ਹਨ।

### 4.6.6 ਬਹੁਲਤਾ ਅਤੇ ਬਦਲ ਪੇਸ਼ ਕਰਦੀ ਸਮੱਗਰੀ ਦੀ ਲੋੜ

ਬਹੁਲਤਾ ਅਤੇ ਭਿੰਨਤਾ ਵਾਲੇ ਭਾਰਤੀ ਸਮਾਜ ਦਾ ਸੁਭਾਅ ਹਰ ਹਾਲਤ ਵਿੱਚ ਮੰਗ ਕਰਦਾ ਹੈ ਕਿ ਨਾਂ ਕੇਵਲ ਪਾਠ-ਪੁਸਤਕਾਂ ਹੀ, ਸਗੋਂ ਹੋਰ ਸਮੱਗਰੀ ਵੀ ਅਨੇਕ ਤਰੀਕਿਆਂ ਨਾਲ ਤਿਆਰ ਹੋਵੇ, ਤਾਂ ਜੋ ਬੱਚਿਆਂ ਦੀ ਸਿਰਜਣਾਤਮਕਤਾ, ਭਾਗਦਾਰੀ ਅਤੇ ਰੁਚੀਆਂ ਦਾ ਵਾਧਾ ਹੋਵੇ। ਇਹਦੇ ਨਾਲ ਉਨ੍ਹਾਂ ਦੀ ਸਿੱਖਿਆ ਦਾ ਵੀ ਵਿਕਾਸ ਹੋਵੇ। ਕੋਈ ਇੱਕ ਪਾਠ-ਪੁਸਤਕ ਐਨੇ ਜ਼ਿਆਦਾ ਵਿਦਿਆਰਥੀਆਂ ਦੀਆਂ ਐਨੀਆਂ ਅਲੱਗ ਅਲੱਗ ਲੋੜਾਂ ਨਹੀਂ ਸਾਰ ਸਕਦੀ। ਫਿਰ ਇਹ ਵੀ ਕਿ ਇੱਕ ਹੀ ਸੰਕਲਪ/ਵਿਸ਼ੈ-ਵਸਤੂ ਨੂੰ ਵੱਖ ਵੱਖ ਤਰੀਕਿਆਂ ਨਾਲ ਪੜ੍ਹਾਇਆ ਜਾ ਸਕਦਾ ਹੈ। ਸਰਕਾਰੀ ਜਾਂ ਪ੍ਰਾਈਵੇਟ ਸਕੂਲ ਵੱਖ ਵੱਖ ਮਜ਼ਮੂਨਾਂ ਵਾਸਤੇ ਪਾਠ-ਪੁਸਤਕਾਂ ਦੀ ਚੋਣ ਕਰ ਸਕਦੇ ਹੋਣ। ਬੋਰਡ ਅਤੇ ਪਾਠ-ਪੁਸਤਕ ਬਿਊਰੋਆਂ ਇੱਕ ਤੋਂ ਜ਼ਿਆਦਾ ਪੁਸਤਕ ਲੜੀਆਂ ਤਿਆਰ ਕਰ ਸਕਦੇ ਹੋਣ। ਜਾਂ ਦੂਜੇ ਪ੍ਰਕਾਸ਼ਕਾਂ ਦੀਆਂ ਪ੍ਰਕਾਸ਼ਤ ਕਿਤਾਬਾਂ ਨੂੰ ਮਾਨਤਾ ਦੇ ਕੇ ਸਕੂਲਾਂ ਦੇ ਲਈ ਚੋਣ ਦਾ ਇੱਕ ਭੰਡਾਰ ਪੇਸ਼ ਕਰ ਸਕਦੇ ਹੋਣ।

ਢੇਰ ਦੇਰ ਪਹਿਲਾਂ 1953 ਵਿੱਚ ਸੈਕੰਡਰੀ ਸਿੱਖਿਆ ਬਾਰੇ ਰਿਪੋਟ ਵਿੱਚ ਪਾਠ-ਪੁਸਤਕਾਂ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਸਿਫਾਰਸ਼ਾਂ ਕੀਤੀਆਂ ਗਈਆਂ ਸਨ। ਉਹਦੇ ਵਿੱਚ ਧਿਆਨ ਦੁਆਇਆ ਗਿਆ ਸੀ, “ਕਿਸੇ ਵੀ ਮਜ਼ਮੂੰਨ ਦੀ ਪੜ੍ਹਾਈ ਦੇ ਲਈ ਕੋਈ ਇੱਕ ਹੀ ਪਾਠ-ਪੁਸਤਕ ਨਾ ਲਾਈ ਜਾਵੇ। ਸਗੋਂ ਇੱਕ ਚੋਖੀ ਗਿਣਤੀ ਦੀਆਂ ਅਜਿਹੀਆਂ ਪੁਸਤਕਾਂ ਦੀ ਸਿਫਾਰਸ਼ ਕੀਤੀ ਜਾਵੇ, ਜੋ ਨਿਸਚਤ ਕੀਤੇ ਗਏ ਮਿਆਰਾਂ ਦੀ ਪੂਰਤੀ ਕਰਨ। ਚੋਣ ਸਬੰਧਤ ਸਕੂਲਾਂ ਉੱਤੇ ਛੱਡ ਦਿੱਤੀ ਜਾਵੇ”।

ਕੋਠਾਰੀ ਕਮਿਸ਼ਨ ਨੇ ਅਪਣੀ ਏਸੇ ਰਿਪੋਟ ਦੇ ਖੰਡ ‘ਪਾਠਕ੍ਰਮ ਦੇ ਵਿਕਾਸ ਦੇ ਮੂਲ ਤੱਤ’ ਵਿੱਚ ਇਸ ਗੱਲ ਉੱਪਰ ਜੋਰ ਦਿੱਤਾ ਸੀ ਕਿ ਪਾਠਕ੍ਰਮ ਦੀ ਸੋਧ ਐਵੇਂ ਕੰਮ ਚਲਾਊ ਢੰਗ ਨਾਲ ਹੁੰਦੀ ਆਈ ਹੈ। ਰਾਜ ਦੀ ਪੱਧਰ ਉੱਪਰ ਹੀ ਕੁਝ ਨਾ ਕੁਝ ਕਰ ਲਿਆ ਜਾਂਦਾ ਹੈ ਤੇ ਸਾਰੇ ਸਕੂਲਾਂ ਵਿੱਚ ਸਮਾਨ ਰੂਪ ਵਿੱਚ ਲਾਗੂ ਕਰ ਦਿੱਤਾ ਜਾਂਦਾ ਹੈ।

ਇਸ ਤਰ੍ਹਾਂ ਦੇ ਢੰਗ ਅਧਿਆਪਕਾਂ ਤੇ ਮੁੱਖ ਅਧਿਆਪਕਾਂ ਦੀ ਹੋਂਦ ਨੂੰ ਨਿਕਾਰਾ ਕਰਦੇ ਹਨ ਅਤੇ ਖੋਜ਼ ਤੇ ਨਵੀਨੀਂ ਦੀ ਚਾਹਤ ਨੂੰ ਅਸੰਭਵ ਬਣਾਉਂਦੇ ਹਨ। ਰਿਪੋਟ ਨੇ ਜੋਰ ਦੇਕੇ ਕਿਹਾ ਸੀ ਕਿ ਕਿਸੇ ਪਾਠਕ੍ਰਮ ਦੀ ਬਿਹਤਰੀ ਦੇ ਜਤਨਾਂ ਦੀ ਸਫਲਤਾ ਨਿਰਭਰ ਕਰਦੀ ਹੈ ਢੁਕਵੀਆਂ ਪਾਠ-ਪੁਸਤਕਾਂ ਬਨਾਉਣ ਉੱਪਰ, ਅਤੇ ਅਧਿਆਪਕਾਂ ਦੇ ਲਈ ਸਹਾਇਕ ਪੁਸਤਕਾਂ ਅਤੇ ਹੋਰ ਅਜਿਹੀ ਸਿੱਖਿਆ ਸਮੱਗਰੀ ਤਿਆਰ ਕਰਨ ਉੱਪਰ।

ਅਜਿਹਾ ਕੋਈ ਵੀ ਅਨੁਭਵ ਜੋ ਅਧਿਆਪਕ ਬੱਚਿਆਂ ਦੇ ਵਿਕਾਸ ਲਈ ਅਵੱਸ਼ਕ ਸਮਝਦਾ ਹੈ ਉਹ ਪਾਠਕ੍ਰਮ ਹੈ। ਇਸ ਗੱਲ ਦੀ ਪਰਵਾਹ ਨਾ ਕੀਤੀ ਜਾਵੇ ਕਿ ਉਹ ਕਿੱਥੇ ਅਤੇ ਕਿਵੇਂ ਪ੍ਰਬੰਧਤ ਹੋਣਾਂ ਹੈ। ਪਾਠਕ੍ਰਮ ਦੀ ਇਹ ਪੁਨਰ-ਸੰਕਲਪਨਾਂ ਤਦ ਹੀ ਹਾਂਸਲ ਹੋ ਸਕਦੀ ਹੈ ਜੇ ਇਹ ਸਰਕਾਰੀ ਅਦਾਰਿਆਂ ਨੂੰ ਸਮਝ ਪਵੇ, ਤੇ ਉਹ ਇਹਨੂੰ ਪ੍ਰਵਾਨ ਕਰਨ ਅਤੇ ਇਹਦੀ ਮਦਦ ਵੀ ਕਰਨ।

## 4.6.7 ਸਾਧਨਾਂ ਦਾ ਪ੍ਰਬੰਧ ਅਤੇ ਇਕੱਤਰ ਕਰਨਾਂ

ਸਿੱਖਿਆ ਸਹੂਲਤਾਂ ਅਤੇ ਦੂਜੇ ਸਮਾਨ, ਇਵੇਂ ਹੀ ਕਿਤਾਬਾਂ, ਖਿਡੌਣੇ ਅਤੇ ਖੇਲ੍ਹਾਂ ਆਦਿ ਸਕੂਲਾਂ ਨੂੰ ਬੱਚਿਆਂ ਲਈ ਦਿਲਚਸਪ ਬਨਾਉਣ ਵਿੱਚ ਮਦਦ ਕਰਦੇ ਹਨ। ਦੇਸ਼ ਦੇ ਕਈ ਰਾਜਾਂ ਵਿੱਚ DPEP ਵਗੈਰਾ ਤੇ ਹੋਰ ਪ੍ਰੋਗਰਾਮਾਂ ਦੇ ਰਾਹੀਂ ਪੜ੍ਹਾਈ-ਸਿਖਲਾਈ ਦੀ ਸਮੱਗਰੀ ਦਾ ਵਿਕਾਸ ਕਰਨ ਲਈ ਫੰਡਾਂ ਦੀ ਵਰਤੋਂ ਦਾ ਭਰਪੂਰ ਲਾਭ ਉਠਾਇਆ ਗਿਆ ਹੈ। ਨਤੀਜਾ ਇਹ ਹੋਇਆ ਹੈ ਪਈ ਹੁਣ ਕਾਫੀ ਸਾਰੇ ਬਣੇ-ਬਣਾਏ ਸਮਾਨ ਹੈਗੇ ਨੇ। ਲੋੜ ਹੈ ਕਿ ਇਹਨਾਂ ਸਮਾਨਾਂ ਦੀ ਜਾਣਕਾਰੀ ਅਤੇ ਵਰਤੋਂ ਦੇ ਤਰੀਕਿਆਂ ਬਾਰੇ ਬਲਾਕ ਅਤੇ ਖਿੱਤੇ ਦੇ ਪੱਧਰ ਦੇ ਅਧਿਆਪਕਾਂ ਅਤੇ ਹੋਰ ਵਿਸ਼ੈ-ਜਾਣਕਾਰਾਂ ਨੂੰ ਪਤਾ ਹੋਵੇ। ਬੱਚਿਆਂ ਅਤੇ ਅਧਿਆਪਕਾਂ ਲਈ ਕੁਝ ਨਵੀਂ ਭਾਂਤ ਦੇ ਛਪੇ ਹੋਏ ਸਮਾਨ ਵੀ ਮਿਲਦੇ ਹਨ, ਜੋ ਛੋਟੇ ਸਨਤਕਾਰਾਂ ਅਤੇ ਗੈਰ-ਸਰਕਾਰੀ ਸੰਗਠਨਾਂ ਦੇ ਤਿਆਰ ਕੀਤੇ ਹੋਏ ਹਨ।

ਹੋਰ ਇਹ ਪਈ ਸਥਾਨਕ ਤੌਰਤੇ ਮਿਲਦੀ ਸਮੱਗਰੀ ਵੀ ਹੈ। ਇਹ ਪ੍ਰਾਇਮਰੀ ਸਕੂਲ ਦੇ ਦਰਜੇ ਦੀਆਂ ਜਮਾਤਾਂ ਵਿੱਚ ਰੱਖਣ ਦੇ ਵਾਸਤੇ ਕਾਫੀ ਵਧੀਆ ਹੈ। ਅਧਿਆਪਕਾਂ ਨੂੰ ਐਹੋ ਜਿਹੇ ਕੱਚੇ ਮਾਲ ਦੀ ਵੀ ਖੋਜ਼ ਕਰਨੀ ਚਾਹੀਦੀ ਹੈ, ਜੀਹਦੇ ਨਾਲ ਸਾਲੋ ਸਾਲ ਚੱਲਣ ਵਾਲੀਆਂ ਸਿੱਖਿਆ ਦੀਆਂ ਸਹੂਲਤਾਂ ਤਿਆਰ ਹੋ ਸਕਣ। ਤਾਂ ਜੋ

ਇਹਨਾਂ ਚੀਜ਼ਾਂ ਦੀ ਬਣਵਾਈ ਉੱਪਰ ਖਰਚਿਆ ਗਿਆ ਸਮਾਂ ਲਾਭ ਪੂਰਤ ਹੋਵੇ। ਇਸ ਕੰਮ ਵਾਸਤੇ ਸਟ੍ਰਾਈਓਫੋਮ ਅਤੇ ਗੱਤਾ ਨਾ ਤਾਂ ਬਹੁਤੇ ਮਜ਼ਬੂਤ ਹੁੰਦੇ ਹਨ ਤੇ ਨਾ ਹੀ ਦਿਲਖਿੱਚ। ਹੋਰ ਵਸਤੂਆਂ ਜਿਵੇਂ ਰੈਕਸੀਨ, ਰਬੜ ਅਤੇ ਕੱਪੜਾ ਇਹਦੇ ਲਈ ਚੰਗੇ ਬਦਲ ਪੇਸ਼ ਕਰਦੇ ਹਨ।

ਕਈ ਹੋਰ ਪ੍ਰਕਾਰ ਦੀ ਸਾਧਨ ਸਮਗਰੀ ਜਿਹਾ ਕਿ ਨਕਸ਼ੇ, ਕਲੰਡਰ ਦੇ ਆਕਾਰ ਦੀਆਂ ਤਸਵੀਰਾਂ ਅਤੇ ਖਾਸ ਪ੍ਰਕਾਰ ਦੇ ਸੰਦ ਆਦਿ ਖਿੱਤਿਆਂ ਵਿੱਚ ਰੱਖੇ ਹੋਣ। ਸਕੂਲ ਇਨ੍ਹਾਂ ਨੂੰ ਸਾਂਝੇ ਢੰਗ ਨਾਲ ਵਰਤ ਸਕਦੇ ਹਨ। ਇਉਂ ਇਹ ਸੰਦ-ਸਾਧਨਾਂ ਦੀ ਇੱਕ ਲਾਇਬਰੇਰੀ ਦੀ ਤਰ੍ਹਾਂ ਵੀ ਕੰਮ ਕਰ ਸਕਦੇ ਹਨ। ਪੜ੍ਹਾਉਣ ਦੇ ਸਮੇਂ ਅਧਿਆਪਕ ਇਹ ਸਾਧਨ ਉਧਾਰ ਲੈ ਲੈਣ। ਵਰਤਕੇ ਖਿੱਤੇ ਨੂੰ ਵਾਪਸ ਕਰ ਦੇਣ। ਫਿਰ ਕੋਈ ਹੋਰ ਅਧਿਆਪਕ ਮੰਗ ਕੇ ਲੈ ਸਕਦੇ ਹਨ। ਇਸ ਤਰ੍ਹਾਂ ਇੱਕ ਅਧਿਆਪਕ ਦੇ ਇਕੱਠੇ ਕੀਤੇ ਸਾਧਨ ਹੋਰਨਾਂ ਦੇ ਵੀ ਕੰਮ ਆ ਸਕਦੇ ਹਨ। ਏਵੇਂ ਹੀ ਐਹੋ ਜਿਹੇ ਸਾਧਨਾਂ ਦੇ ਕਈ ਹੋਰ ਜੋਟੇ ਇਕੱਠੇ ਕੀਤੇ ਜਾ ਸਕਦੇ ਹਨ।

ਸਾਧਨਾਂ ਦਾ ਮਿਲਣਾਂ ਫੰਡਾਂ ਦੇ ਹੋਣ ਅਤੇ ਸਹਾਇਤਾ ਚਾਹੁੰਣ ਵਾਲੇ ਸਕੂਲਾਂ ਦੀ ਗਿਣਤੀ ਪੁਰ ਨਿਰਭਰ ਕਰਦਾ ਹੈ। ਸਕੂਲ ਅਜਿਹੇ ਸਾਧਨ ਕਿਸ ਤਰ੍ਹਾਂ ਉਸਾਰੇ? ਕੁਝ ਸਰਕਾਰੀ ਪ੍ਰੋਗਰਾਮ ਜਿਵੇਂ ਕਿ 'ਓਪਰੇਸ਼ਨ ਬਲੈਕ ਬੋਰਡ' ਪ੍ਰਾਇਮਰੀ ਅਤੇ ਉੱਚ-ਪ੍ਰਾਇਮਰੀ ਪੱਧਰ ਦੇ ਸਕੂਲਾਂ ਵਿੱਚ ਕੁਝ ਘੱਟ ਤੋਂ ਘੱਟ ਸਾਧਨ ਹੋਣ ਦੇ ਮਾਪਦੰਡ ਮਿਥ ਚੁੱਕੇ ਹਨ। ਏਸੇ ਤਰ੍ਹਾਂ ਹੀ ਕੁਝ ਨਵੀਆਂ ਸਕੀਮਾਂ ਵੀ ਹਨ, ਜਿੰਨ੍ਹਾਂ ਦੇ ਤਹਿਤ ਖਿੱਤੇ ਦੇ ਸਕੂਲਾਂ ਲਈ ਕੁਝ ਖਿਡੌਣੇ ਅਤੇ ਸਾਈਕਲ ਖਰੀਦੇ ਜਾਂਦੇ ਹਨ। ਸਕੂਲ ਅਜਿਹੇ ਮੌਕਿਆਂ ਤੋਂ ਲਾਭ ਉਠਾਅ ਸਕਦੇ ਹਨ ਅਤੇ ਸਥਾਨਕ ਪੱਧਰ ਉੱਪਰ ਹੋਰ ਸੰਭਾਵਨਾਵਾਂ ਤੋਂ ਫਾਇਦਾ ਉਠਾਕੇ ਵੀ ਅਪਣੇ ਪੜ੍ਹਾਉਣ, ਸਿੱਖਣ ਅਤੇ ਖੇਡ੍ਹਾਂ ਦੇ ਸਾਧਨਾਂ ਦਾ ਵਿਸਥਾਰ ਕਰ ਸਕਦੇ ਹਨ।

ਚੰਗੇ ਪ੍ਰਭਾਵ ਵਾਲੀ ਪੜ੍ਹਾਈ ਦੇ ਵਾਸਤੇ ਸਿੱਖਿਆ ਟੈਕਨਾਲੋਜੀ ਉੱਪਰ ਵੀ ਬਲ ਵਧਦਾ ਜਾ ਰਿਹਾ ਹੈ। ਕੁਝ ਸਕੂਲਾਂ ਵਿੱਚ ਕੰਪਿਊਟਰ ਲਾਏ ਜਾ ਰਹੇ ਹਨ, ਤੇ ਕਈ ਹੋਰ ਖੇਤਰਾਂ ਵਿੱਚ ਰੇਡੀਓ ਅਤੇ ਟੀ ਵੀ 'ਤੇ ਅਧਾਰਤ ਸਿਖਲਾਈ ਵੀ ਅਰੰਭ ਕੀਤੀ ਜਾ ਰਹੀ ਹੈ।

ਆਖਰਕਾਰ ਇਹ ਜਰੂਰੀ ਹੈ ਕਿ ਸਮੱਗਰੀ ਦੀ ਭਾਗਦਾਰੀ ਵਾਸਤੇ, ਜਾਣਕਾਰੀ ਸੰਭਵ ਕਰਨ ਲਈ ਅਤੇ ਅਸਰਦਾਰ ਵਰਤੋਂ ਦੇ ਵਾਸਤੇ ਯੋਜਨਾਬੰਦੀ ਦੀ ਲੋੜ ਹੈ। ਜੇ ਅਧਿਆਪਕ ਨੇ ਕਿਸੇ ਸਮੱਗਰੀ ਨੂੰ ਜਮਾਤ ਵਿੱਚ ਪੇਸ਼ ਕਰਨ ਦੀ ਖਾਤਰ ਪ੍ਰਦਰਸ਼ਣ ਕਰਨਾ ਹੈ, ਤਾਂ ਵੀ ਕੁਝ ਤਿਆਰੀ ਕਰਨ ਦੀ ਲੋੜ ਹੈ। ਜੇ ਕੋਈ ਗਤੀਵਿਧੀ ਹੋਣ ਵਾਸਤੇ ਯੋਜਨਾਂ ਬਣਨੀ ਹੈ, ਤਦ ਵੀ ਇੱਕ੍ਹਲੇ ਇੱਕ੍ਹਲੇ ਬੱਚੇ ਲਈ ਜਾਂ ਟੋਲੀਆਂ ਦੇ ਲਈ ਲੋੜੀਦੇ ਨਗ ਤਾਂ

ਚਾਹੀਦੇ ਹਨ। ਜੇ ਇੱਕ ਬੱਚਾ ਹੀ ਸਮਾਨ ਨੂੰ ਵਰਤ ਸਕੇ ਤੇ ਦੂਜੇ ਕੇਵਲ ਦੇਖ ਹੀ ਸਕਣ, ਤਾਂ ਵੀ ਉਨ੍ਹਾਂ ਦਾ ਵਕਤ ਹੀ ਬਰਬਾਦ ਹੋਇਆ ਨਾ।

ਮਿਡਲ ਅਤੇ ਹਾਈ ਸਕੂਲਾਂ ਵਿੱਚ ***ਪ੍ਰਯੋਗਸ਼ਲਾਵਾਂ*** ਨੂੰ ਹਮੇਸ਼ਾ ਹੀ ਵਿਗਿਆਨ ਦੀ ਪੜ੍ਹਈ ਦਾ ਅੰਗ ਜਾਣਿਆ ਗਿਆ ਹੈ। ਫਿਰ ਵੀ ਇਹ ਹਾਲੇ ਲੋੜੀਂਦੀ ਗਿਣਤੀ ਵਿੱਚ ਪ੍ਰਾਪਤ ਨਹੀਂ ਹਨ। ਵਿਗਿਆਨ ਦੇ ਵਿਦਿਆਰਥੀਆਂ ਲਈ ਅਪਣੇ ਹੱਥ ਨਾਲ ਕਰਕੇ ਜਾਨਣ ਵਾਲਾ ਅਨੁਭਵ ਕਰਨ ਵਾਸਤੇ ਜ਼ਿਆਦਾ ਨਹੀਂ ਤਾਂ ਇੱਕ ਖਿੱਤੇ ਦੀ ਪੱਧਰ ਤੱਕ ਹੀ ਕੋਈ ਪ੍ਰਬੰਧ ਹੋ ਸਕਦਾ ਹੈ। ਤਿਆਰ ਹੋਇਆ ਅਜਿਹਾ ਸਾਧਨ ਕੇਂਦਰ ਇੱਕ ਖਿੱਤੇ ਦੀ ਪ੍ਰਯੋਗਸ਼ਾਲਾ-ਲੈਬ ਦਾ ਕੰਮ ਕਰ ਸਕੇਗਾ। ਸਕੂਲ ਅਪਣੀ ਸਮੇਂ-ਸਾਰਣੀ ਨੂੰ ਇਸ ਤਰ੍ਹਾਂ ਵਿਓਂਤ ਸਕਦੇ ਹਨ ਕਿ ਇੱਕ ਹਫਤੇ ਵਿੱਚ ਇਹ ਪ੍ਰਯੋਗਸ਼ਾਲਾ ਉਨ੍ਹਾਂ ਦੀ ਅਪਣੀ ਪ੍ਰਯੋਗਸ਼ਾਲਾ ਦਾ ਕੰਮ ਕਰ ਸਕੇ।

ਸ਼ਿਲਪਕਲਾ ਦੀਆਂ ਲੈਬਾਂ ਵੀ ਖਿੱਤੇ ਤੇ ਜਾਂ ਬਲਾਕ ਦੇ ਪੱਧਰਾਂ ਉੱਪਰ ਸੰਦਾਂ ਦਾ ਮਿਲਣਾ ਸੰਭਵ ਕਰਨ ਲਈ ਵਿਕਸਤ ਕੀਤੀਆਂ ਜਾ ਸਕਦੀਆਂ ਹਨ।

ਪੜ੍ਹਾਈ ਦਾ ਸਭਿਆਚਾਰ ਗਹਿਰਾ ਕਰਨ ਵਾਸਤੇ, ਇੱਕ੍ਹਲੇ ਪਾਠ-ਕਮਰੇ ਨੂੰ ਹੀ ਨਹੀਂ, ਸਕੂਲ ਦੇ ਸਾਰੇ ਅਹਾਤੇ ਨੂੰ ਇੱਕ ਐਹੇ ਸਥਾਨ ਵਿੱਚ ਬਦਲਿਆ ਜਾ ਸਕਦਾ ਹੈ, ਜਿੱਥੇ ਕਈ ਸਾਰੀਆਂ ਗਤੀਵਿਧੀਆਂ ਇੱਕਸਾਰ ਹੀ ਵਾਪਰ ਸਕਣ। ਅਧਿਆਪਕ ਪਾਠ-ਪੁਸਤਕਾਂ ਦੇ ਅਧਾਰ ਉੱਤੇ ਅਤੇ ਆਸੇ ਪਾਸਿਉਂ ਲੈਕੇ ਵੀ ਅਜਿਹੀਆਂ ਗਤੀਵਿਧੀਆਂ ਦੀ ਵਿਓਂਤ ਕਰ ਸਕਦੇ ਹਨ। ਇਨ੍ਹਾਂ ਨਾਲ ਬੱਚਿਆਂ ਨੂੰ ਚੀਜ਼ਾਂ ਭਾਲਣ, ਖੋਜਣ ਅਤੇ ਗਿਆਨ ਉਤਪਨ ਕਰਨ ਦਾ ਉਤਸਾਹ ਮਿਲ ਸਕਦਾ ਹੈ।

## 4.7 ਸਮਾਂ

ਇਸ ਤੋਂ ਪਹਿਲੇ ਸਾਰੇ ਦਸਤਾਵੇਜ਼ਾਂ ਨੇ ਸਫ਼ਾਰਸ਼ਾਂ ਦਿੰਦਿਆਂ ਸਿਖਲਾਈ ਦੇ ਸਮੇਂ ਬਾਰੇ ਇੱਕ ਖੰਡ ਸ਼ਾਮਲ ਕੀਤਾ ਹੈ। ਪਹਿਲੇ ਦਸਤਾਵੇਜ਼ਾਂ ਵਿੱਚੋਂ ਇੱਕ ਗੱਲ ਜਿਸ ਪੁਰ ਅਸੀਂ ਧਿਆਨ ਦੇਣਾਂ ਚਹੁੰਦੇ ਹਾਂ, ਉਹ ਇਹ ਹੈ ਕਿ ਸਿੱਖਿਆ ਦਾ ਪ੍ਰਬੰਧ ਪੜ੍ਹਾਈ ਦੇ ਸਮੇਂ ਬਾਰੇ ਕੋਈ ਸਮਝੌਤਾ ਨਾ ਕਰੇ। NCF-1988 ਨੇ ਪਾਠਕ੍ਰਮ ਦੇ ਵਾਸਤੇ 200 ਦਿਨਾਂ ਦੀ ਸਿਫ਼ਾਰਸ਼ ਕੀਤੀ ਸੀ। ਇਹਦੇ ਅੰਦਰ ਹੀ ਅਸੀਂ ਉਹਨਾਂ ਤਰੀਕਿਆਂ ਦਾ ਸੁਝਾਅ ਦਿੰਦੇ ਹਾਂ, ਜਿੰਨ੍ਹਾਂ ਰਾਹੀਂ ਪੜ੍ਹਾਈ ਦੇ ਪੱਖ ਤੋਂ ਸਕੂਲ ਵਿੱਚ ਖਰਚੇ ਹੋਏ ਬੱਚੇ ਦੇ ਸਮੇਂ ਨੂੰ ਅਮੀਰ ਬਣਾ ਸਕਣ ਦੀਆਂ ਸੰਭਾਵਨਾਵਾਂ ਅਤੇ ਵਿਧੀਆਂ ਜੁਟਾਈਆਂ ਜਾ ਸਕਣ।

ਸਕੂਲ ਦੇ ਸਲਾਨਾਂ ਕਲੰਡਰ ਦਾ ਅੱਜ-ਕੱਲ੍ਹ ਫੈਸਲਾ ਰਾਜ ਦੇ ਪੱਧਰ 'ਤੇ ਹੁੰਦਾ ਹੈ। ਬੀਤੇ ਸਮਿਆਂ ਵਿੱਚ ਕਈ ਸੁਝਾਅ ਦਿੱਤੇ ਜਾ ਚੁੱਕੇ ਹਨ ਕਿ ਕੈਲੰਡਰ ਵਿਕੇਂਦਰਤ ਢੰਗ ਨਾਲ ਬਣਾਇਆ ਜਾਵੇ। ਤਾਂ ਜੋ ਇਹ ਸਥਾਨਕ ਗਤੀਵਿਧੀਆਂ ਅਤੇ ਮੌਸਮ ਤੇ ਰੁੱਤਾਂ ਦੇ ਨਾਲ ਮੇਚ ਖਾ ਸਕੇ। ਕੀਤਾ ਇਹ ਜਾ ਸਕਦਾ ਹੈ ਕਿ ਕਲੰਡਰ ਨੂੰ ਜ਼ਿਲੇ ਦੇ ਸਤਰ ਪੁਰ ਬਨਾਉਣਾਂ ਅਰੰਭ ਕੀਤਾ ਜਾਵੇ ਤੇ ਇਹਦੇ ਲਈ ਜ਼ਿਲਾ ਪ੍ਰੀਸ਼ਦਾਂ ਦੇ ਨਾਲ ਸੁਲਾਹ ਮਸ਼ਵਰਾ ਕੀਤਾ ਜਾਵੇ।

ਤਬਦੀਆਂ ਕਰਨ ਦੇ ਵਾਸਤੇ ਮੂਲ ਫੈਸਲਾ ਸਥਾਨਕ ਤੇ ਮੌਸਮੀ ਸਥਿਤੀਆਂ ਪੁਰ ਟਿਕਿਆ ਹੋਵੇ। ਉਦਾਹਰਣ ਲਈ, ਜਿੰਨ੍ਹਾਂ ਇਲਾਕਿਆਂ ਵਿੱਚ ਵਰਖਾ ਰੁੱਤ ਵਿੱਚ ਹੜ੍ਹ ਆ ਜਾਣ ਦਾ ਖਤਰਾ ਹੈ, ਓਥੇ ਇਸ ਮੌਸਮ ਦੇ ਦੌਰਾਨ ਛੁੱਟੀਆਂ ਕੀਤੀਆਂ ਜਾ ਸਕਦੀਆਂ ਹਨ। ਕਈ ਇਲਾਕਿਆਂ ਵਿੱਚ ਮਾਪੇ ਗਰਮੀਂ ਦੇ ਦਿਨੀਂ ਸਕੂਲ ਚਲਦਾ ਰਹਿੰਣ ਦੀ ਮੰਗ ਕਰਦੇ ਹਨ, ਕਿਉਂਕਿ ਗਰਮੀਂ ਦੇ ਮਾਰੇ ਇਸ ਸਮੇਂ ਖੇਲ੍ਹਣ ਲਈ ਬਾਹਰ ਤੱਕ ਨਿਕਲਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਦੇ ਵੀ ਇਲਾਕੇ ਹਨ ਜਿੱਥੇ ਮਾਂ-ਬਾਪ ਬੱਚਿਆਂ ਦੀਆਂ ਛੁੱਟੀਆਂ ਫਸਲ ਕਟਾਈ ਦੇ ਸਮੇਂ ਹੋਣ ਨੂੰ ਪਹਿਲ ਦਿੰਦੇ ਹਨ, ਕਿਉਂ ਜੋ ਬੱਚੇ ਪਰਵਾਰਕ ਧੰਦੇ ਵਿੱਚ ਹੱਥ ਵਟਾਅ ਸਕਣ।

ਛੁੱਟੀਆਂ ਵਿੱਚ ਇਸ ਤਰ੍ਹਾਂ ਦੀਆਂ ਛੋਟਾਂ ਬੱਚਿਆਂ ਨੂੰ ਉਸ ਜਗਤ ਤੋਂ ਸਿੱਖਣ ਦੇ ਰਸਤੇ ਖੋਲ੍ਹਦੀਆਂ ਹਨ ਜਿਸ ਵਿੱਚ ਉਹ ਰਹਿੰਦੇ ਹਨ। ਇਉਂ ਬੱਚੇ ਅਪਣੀਆਂ ਜ਼ਿੰਦਗੀਆਂ ਨੂੰ ਸਥਾਨਕ ਭਾਈਚਾਰੇ ਨਾਲੋਂ ਤੋੜ ਲੈਣ ਦੀ ਥਾਂ, ਮਹਿਜ਼ ਸਕੂਲ ਜਾਣ ਦੀ ਥਾਂ, ਉਹਦੇ ਤੋਂ ਕਿਤੇ ਮਹੱਤਵ ਪੂਰਣ ਜੀਵਨ ਦੀਆਂ ਕੁਸ਼ਲਤਾਵਾਂ ਗ੍ਰਿਹਣ ਕਰਦੇ ਹਨ। ਸਥਾਨਕ ਛੁੱਟੀਆਂ ਦਾ ਫੈਸਲਾ ਬਲਾਕ ਦੇ ਸਤਰ ਪੁਰ ਹੋ ਸਕਦਾ ਹੈ। ਸਕੂਲ ਦੇ ਭਿੰਨ ਭਿੰਨ ਸਮਾਗਮਾਂ ਦੇ ਮਨਾਏ ਜਾਣ ਲਈ ਸਕੂਲ ਦੇ ਸਾਰੇ ਅਧਿਆਪਕ ਵਰਗ ਨੂੰ ਰਲਕੇ, ਪਿੰਡ ਤੇ ਸਕੂਲ ਸਿੱਖਿਆ ਕਮੇਟੀ ਦੀ ਰਾਇ ਲੈਕੇ ਦਿਨ ਬੰਨ੍ਹਣਾਂ ਚਾਹੀਦਾ ਹੈ। ਵਿਸ਼ੈ ਅਧਾਰਤ ਸਿੱਖਣ ਅਤੇ ਸੈਰ ਸਪਾਟੇ ਲਈ ਵੀ ਅਗਾਮੀਂ ਯੋਜਨਾਬੰਦੀ ਦੀ ਲੋੜ ਹੈ।

ਬੱਚਿਆਂ ਦੇ ਪੜ੍ਹਾਈ ਦੇ ਕੰਮ ਵਿੱਚ ਖਰਚੇ ਗਏ ਸਮੁੱਚੇ ਸਮੇਂ ਦਾ ਲੇਖਾ ਜੋਖਾ ਕਰਨ ਦੇ ਵਾਸਤੇ ***'ਕੰਮ ਦਾ ਸਮਾਂ'*** ਇੱਕ ਸੰਕਲਪ ਹੈ, ਜੋ ਹਰ ਹਾਲਤ ਵਿੱਚ ਵਰਤਿਆ ਜਾਂਦਾ ਹੈ। ਇਹਦੇ ਵਿੱਚ ਸ਼ਾਮਲ ਹੋਣਾਂ ਹੈ ਸੁਣਨ, ਪੜ੍ਹਨ, ਲਿਖਣ, ਕੰਮਕਾਰ ਕਰਨ, ਬਹਿਸ ਕਰਨ ਆਦਿ ਵਿੱਚ ਲਾਇਆ ਹੋਇਆ ਸਮਾਂ। ਇਹਦੇ ਵਿੱਚ

ਅਪਣੀ ਵਾਰੀ ਲਈ ਇੰਤਜ਼ਾਰ ਕਰਨ, ਬੋਰਡ ਤੋਂ ਨਕਲ ਕਰਨ ਜਾਂ ਦੁਹਰਾਉਣ ਨੇ ਸ਼ਾਮਲ ਨਹੀਂ ਹੋਣਾਂ। ਖਾਸ ਕਰਕੇ ਬਹੁਤੇ ਗ੍ਰੇਡਾਂ ਵਾਲੀਆਂ ਜਮਾਤਾਂ ਵਿੱਚ ਬੱਚਿਆਂ ਦੇ ਵਾਸਤੇ ਸਿੱਖਣ ਦੀਆਂ ਗਤੀਵਿਧੀਆਂ ਦੀ ਯੋਜਨਾਬੰਦੀ ਅਤੇ ਵਿਓਂਤਕਾਰੀ ਵਿੱਚ ਧਿਆਨ ਰੱਖਿਆ ਜਾਵੇ ਕਿ ਕੰਮ ਦੇ ਸਮੇਂ ਨੂੰ ਵਧਾਉਣ ਦੀ ਕੋਸ਼ਿਸ਼ ਕੀਤੀ ਜਾਵੇ।

***ਸਮੁੱਚਾ ਪੜ੍ਹਾਈ ਦਾ ਸਮਾਂ*** ਮਾਪਿਆ ਜਾਣ ਲਈ ਉਮੀਦ ਇਹ ਹੈ ਕਿ ਵਿਦਿਆਰਥੀਆਂ ਦੇ ਆਹਮਣੇ ਸਾਹਮਣੇ ਅਤੇ ਖੁਦ ਦੀ ਪੜ੍ਹਾਈ ਜਾਂ ਘਰ ਦਾ ਕੰਮ ਕਰਨ ਵਿੱਚ ਖਰਚੇ ਹੋਏ ਸਮੇਂ ਨੂੰ ਧਿਆਨ ਵਿੱਚ ਰੱਖਕੇ ਗਿਣਨ ਦੀ ਲੋੜ ਹੈ। ਵਿਸ਼ੇਸ਼ ਕਰਕੇ ਵਿਦਿਆਰਥੀਆਂ ਲਈ ਸਿਲੇਬਸ ਦੀ ਰੂਪ-ਰੇਖਾ ਤਿਆਰ ਕਰਦਿਆਂ ਤੇ ਉਹ ਵੀ ਓਦੋਂ ਜਦ ਉਹ ਉਪਰਲੀਆਂ ਜਮਾਤਾਂ ਵਿੱਚ ਅੱਪੜ ਜਾਂਦੇ ਹਨ।

***ਘਰ ਦੇ ਕੰਮ ਦਾ ਸਮੁੱਚਾ ਸਮਾਂ***

ਪ੍ਰਾਇਮਰੀ: ਦੂਜੀ ਜਮਾਤ ਤੱਕ ਕੋਈ ਵੀ ਘਰ ਦਾ ਕੰਮ ਨਹੀਂ ਅਤੇ ਤੀਜੀ ਜਮਾਤ ਤੋਂ ਹਰ ਹਫਤੇ ਲਈ ਦੋ ਘੰਟੇ।

ਮਿਡਲ ਸਕੂਲ: ਇੱਕ ਦਿਨ ਦਾ ਇੱਕ ਘੰਟਾ (ਤਕਰੀਬਨ ਪੰਜ ਤੋਂ ਛੇ ਘੰਟੇ ਹਫਤੇ ਦੇ)।

ਸੈਕੰਡਰੀ ਅਤੇ ਹਾਇਰ ਸੈਕੰਡਰੀ: ਦੋ ਘੰਟੇ ਇੱਕ ਦਿਨ ਦੇ (ਤਕਰੀਬਨ 10 ਤੋਂ 12 ਘੰਟੇ ਇੱਕ ਹਫਤੇ ਵਿੱਚ)।

ਲੋੜ ਹੈ ਕਿ ਅਧਿਆਪਕ ਇਕੱਠੇ ਹੋਕੇ ਬੱਚਿਆਂ ਨੂੰ ਘਰ ਦਾ ਕੰਮ ਦੇਣ ਦੀ ਯੋਜਨਾਂ ਬਨਾਉਣ ਅਤੇ ਗਿਣਨ ਦਾ ਤਰਕ ਤਿਆਰ ਕਰਨ।

ਕਹਿੰਣ ਦੀ ਲੋੜ ਨਹੀਂ ਹੈ ਕਿ ਸਾਨੂੰ ਅਜਿਹੀ ਲਚਕ ਦੀ ਦੁਰ ਵਰਤੋਂ ਤੋਂ ਵੀ ਸਾਵਧਾਨ ਰਹਿੰਣਾ ਹੋਵੇਗਾ। ਹਰ ਇੱਕ ਭਾਈਚਾਰਾ ਹੀ ਬੱਚਿਆਂ ਦੇ ਲਈ ਭਲੀ ਥਾਂ ਨਹੀਂ ਹੁੰਦਾ ਹੈ। ਜੇ ਆਖੀ ਗਈ ਲਚਕ ਕਿਸੇ ਭਾਈਚਾਰੇ ਨੂੰ ਅਪਣੇ ਅਜਿਹੇ ਸਭਿਆਚਾਰਕ ਅਮਲਾਂ ਅਤੇ ਮੁੱਲਾਂ ਨੂੰ ਚਲਾਈ ਜਾਣ ਲਈ ਮਦਦ ਦੇਵੇ ਜੋ ਪੱਖਪਾਤੀ ਜਾਂ ਸੰਕੀਰਣ ਹੋਣ ਤੇ ਬੱਚਿਆਂ ਨੂੰ ਲਿੰਗ, ਧਰਮ ਜਾਂ ਜਾਤ ਦੇ ਹਿਸਾਬ ਨਾਲ ਵੰਡਦੇ ਹੋਣ ਤਾਂ ਇਹ ਸਕੂਲ ਦੇ ਉਦੇਸ਼ਾਂ ਦੇ ਬਰਖਲਾਫ ਜਾਵੇਗਾ। ਇਹੀ ਲਚਕ ਬੱਚਿਆਂ ਨੂੰ ਬਾਲ ਮਜ਼ਦੂਰੀ ਵਿੱਚ ਵੀ ਧੱਕ ਸਕਦੀ ਹੈ।

ਬੱਚਿਆਂ ਦਾ ਵਿਹਲ ਦਾ, ਖੇਡਣ ਦਾ ਅਤੇ ਅਪਣੇ ਵਾਸਤੇ ਵਕਤ ਕੱਢ ਸਕਣ ਦਾ ਹੱਕ ਬਣਦਾ ਹੈ। ਕਈ ਸਥਾਨਕ ਪਰੰਪਰਾਵਾਂ ਅਤੇ ਸਭਿਆਚਾਰ ਤਾਂ ਐਹੋ ਜਿਹੇ ਬਚਪਨ ਦੇ ਮਦਦਗਾਰ ਹਨ ਤੇ ਕਈ ਨਹੀਂ ਵੀ। ਅਕਸਰ ਕੁੜੀਆਂ ਨੂੰ ਬੜੀ ਛੋਟੀ ਉਮਰ ਤੋਂ ਹੀ ਘਰੇਲੂ ਕੰਮ ਕਾਰ ਦਾ ਬੋਝ ਉਠਾਉਣਾਂ ਪੈਂਦਾ ਹੈ।

ਬੱਚੇ ਪੜ੍ਹਨ ਦੇ ਲਈ ਲਗਾਤਾਰ ਵਧ ਰਹੇ ਦਬਾਅ ਹੇਠ ਹੁੰਦੇ ਹਨ। ਸਕੂਲ ਤੋਂ ਪਹਿਲਾਂ ਅਤੇ ਸਕੂਲ ਤੋਂ ਬਾਅਦ ਬੱਚਿਆਂ ਨੂੰ ਟਿਊਸ਼ਨ ਪੜ੍ਹਨ ਭੇਜ ਦਿੱਤਾ ਜਾਂਦਾ ਹੈ। ਇਹਦੇ ਨਾਲ ਉਨ੍ਹਾਂ ਨੂੰ ਖੇਡਣ ਦੇ ਲਈ ਰਤਾ ਵੀ ਵਕਤ ਨਹੀਂ ਮਿਲਦਾ। ਅਧਿਆਪਕ ਬੱਚਿਆਂ ਦੇ ਪਰਵਾਰਾਂ ਨੂੰ ਅਤੇ ਭਾਈਚਾਰਿਆਂ ਨੂੰ ਮਿਲਕੇ ਜਰੂਰ ਗੱਲ ਬਾਤ ਕਰਨ ਅਤੇ ਬੱਚਿਆਂ ਦੇ ਹੱਕਾਂ ਵਾਸਤੇ ਉਨ੍ਹਾਂ ਨੂੰ ਸਮਝਾਉਣ।

***ਸਕੂਲ ਦਾ ਸਮਾਂ*** ਗ੍ਰਾਮ ਪੰਚਾਇਤ ਨਾਲ ਸੁਲਾਹ ਕਰਕੇ ਮਿਥਿਆ ਜਾਵੇ। ਧਿਆਨ ਇਸ ਗੱਲ ਦਾ ਰੱਖਿਆ ਜਾਵੇ ਕਿ ਬੱਚਿਆਂ ਨੇ ਕਿੰਨੀ ਦੂਰ ਤਹਿ ਕਰਕੇ ਸਕੂਲ ਪਹੁੰਚਣਾਂ ਹੁੰਦਾ ਹੈ। ਇਹ ਲਚਕ ਕੇਵਲ ਬੱਚਿਆਂ ਦੇ ਸਕੂਲ ਵਿੱਚ ਭਾਗ ਲੈ ਸਕਣ ਹਿੱਤ ਹੀ ਸੁਝਾਈ ਗਈ ਹੈ। ਅਸੀਂ ਇਹ ਬੜੇ ਸਖਤ ਸ਼ਬਦਾਂ ਵਿੱਚ ਕਹਿੰਦੇ ਹਾਂ ਕਿ ਸਕੂਲ ਵਿੱਚ ਖਰਚੇ ਗਏ ਸਮੇਂ ਨੂੰ ਅਤੇ ਪੜ੍ਹਨ ਵਿੱਚ ਲਾਏ ਗਏ ਸਮੇਂ ਨੂੰ ਛੇ ਘੰਟੇ ਇੱਕ ਦਿਨ ਤੋਂ ਘਟਾਇਆ ਨਹੀਂ ਜਾ ਸਕਦਾ।

ਤਿੰਨ ਘੰਟੇ ECCE ਦੇ ਪੀਰੀਅਡ ਦੇ ਵੀ ਹੋਣ, ਜੀਹਦੇ ਵਿੱਚ ਬੱਚੇ ਅਤੇ ਅਧਿਆਪਕ ਕਿਸੇ ਦੂਰ ਦੁਰਾਡੇ ਦੇ ਸਕੂਲ ਤੱਕ ਸਫਰ ਕਰਕੇ ਜਾਣ। ਬੱਚਿਆਂ ਦੇ ਵਾਸਤੇ ਸਮਾਜਕ ਮੁੱਦਿਆਂ ਨੂੰ ਸਮਝਣ ਦੇ ਲਈ ਚੰਗਾ ਰਹੇਗਾ ਜੇ ਸਕੂਲ ਤੱਕ ਪਹੁੰਚਣ ਦੇ ਵਕਤ ਨੂੰ ਬੱਚਿਆਂ ਅਤੇ ਅਧਿਆਪਕਾਂ ਦੀ ਸਹੂਲਤ ਅਨੁਸਾਰ ਮਿਥਿਆ ਜਾਵੇ। ਓਥੋਂ

ਤੁਰਨ ਦੇ ਸਮੇਂ ਨੂੰ ਅਸਾਨੀਂ ਦੇਖਕੇ ਹੀ ਬੱਧਾ ਜਾਵੇ, ਨਾ ਕਿ ਘਿਸੇ ਪਿੱਟੇ ਲੇਟ ਹੋਣ ਅਤੇ ਜਲਦੀ ਤੁਰਨ ਦੇ ਚੋਚਲਿਆਂ ਨਾਲ ਮਜ਼ਬੂਰ ਕਰਕੇ।

### *ਸੁਵੇਰ ਦੀ ਪ੍ਰਾਰਥਨਾਂ ਸਭਾ*

ਦਿਨ ਆਰੰਭ ਹੁੰਦਾ ਹੈ ਅਧਿਆਪਕਾਂ ਅਤੇ ਬੱਚਿਆਂ ਦੇ ਅੱਗੇ ਆ ਰਹੇ ਦਿਨ  ਦੇ ਵਾਸਤੇ ਜਮਾਤਾਂ ਦੇ ਕਮਰੇ ਤਿਆਰ ਕਰਵਾ ਲੈਣ ਨਾਲ। ਕਮਰਿਆਂ ਅਤੇ ਟੱਟੀਆਂ ਦੀ ਸਫਾਈ, ਜਮਾਤਾਂ ਵਿੱਚ ਗੱਤੇ ਦੇ ਚਾਰਟ ਲਾਉਣੇ, ਸਾਰੇ ਸਮਾਨ ਨੂੰ ਥਾਂ ਸਿਰ ਰੱਖਣਾਂ ਅਤੇ ਸੰਦਾਂ ਨੂੰ ਟਿਕਾਉਣਾਂ - ਇਹ ਸਾਰੀਆਂ ਗਤੀਵਿਧੀਆਂ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਮਾਲਕੀ ਦੀ ਭਾਵਨਾਂ ਪ੍ਰਗਟ ਕਰਦੀਆਂ ਹਨ। ਸਮਾਨ ਅਤੇ ਵਰਤੇ ਜਾਂਦੇ ਸਥਾਨ ਦੇ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾਂ ਵੀ ਉਤਪਨ ਕਰਦੀਆਂ ਹਨ। ਇਹਦੇ ਨਾਲ ਉਨ੍ਹਾਂ ਨੂੰ ਗੱਲ ਬਾਤ ਕਰਨ ਦਾ ਵੀ ਮੌਕਾ ਮਿਲ ਜਾਂਦਾ ਹੈ ਤੇ ਉਹ ਲੰਘ ਗਏ ਦਿਨ ਬਾਰੇ ਵਿਚਾਰ ਵਟਾਂਦਰਾ ਕਰ ਲੈਂਦੇ ਹਨ। ਇਹਦੇ ਨਾਲ ਜਮਾਤ ਦੇ ਵਿੱਚ ਅਜਿਹੀਆਂ ਗੱਲਾਂ ਕਰਨ ਦੀ ਲੋੜ ਘਟ ਜਾਂਦੀ ਹੈ।

ਪਾਰਥਨਾਂ ਸਭਾ ਵਿੱਚ ਹਰ ਕੋਈ ਇਕੱਠਾ ਬੈਠਦਾ ਹੈ। ਅਪਣੀ ਜਮਾਤ ਜਾਂ ਕਤਾਰ ਦੇ ਅਨੁਸਾਰ ਨਹੀਂ, ਸਗੋਂ ਨਿਆਣੇ ਅੱਗੇ ਅਤੇ ਸਿਆਣੇ ਮਗਰ ਦੇ ਹਿਸਾਬ ਨਾਲ। ਹਫਤੇ ਵਿੱਚ ਇੱਕ ਦਿਨ ਉਹ ਕੋਈ ਉਸਾਹਤ ਕਰਨ ਵਾਲੀ ਕਹਾਣੀ ਸੁਣਦੇ ਹਨ। ਕਿਸੇ ਹੋਰ ਦਿਨ ਸੰਗੀਤ, ਕਿਸੇ ਮਹਿਮਾਨ ਦਾ ਭਾਸ਼ਣ, ਜਾਂ ਕੋਈ ਹਿਲਾ ਦੇਣ ਵਾਲਾ ਅਨੁਭਵ, ਤੇ ਜਾਂ ਅਖਬਾਰ ਵਿੱਚੋਂ ਕੋਈ

ਦਿਲਚਸਪ ਰਿਪੋਟ ਪੜ੍ਹਕੇ ਵਿਚਾਰੀ ਜਾਂਦੀ ਹੈ। ਫਿਰ ਹਰ ਕੋਈ ਅਪਣੀ ਜਮਾਤ ਵਿੱਚ ਚਲਾ ਜਾਂਦਾ ਹੈ।

ਸਕੂਲ ਦੇ ਦਿਨ, ਹਫਤੇ, ਮਹੀਨੇ, ਛੇਮਾਹੀ, ਸਾਲ ਆਦਿ ਦੀ ਯੋਜਨਾਂ ਬਨਾਉਣ ਦੇ ਵਕਤ ਇੱਕ **ਪ੍ਰਚਲਤ ਅਤੇ ਵੱਖਰੇ ਦੇ ਸੁਮੇਲ** ਦੀ ਤਰ੍ਹਾਂ ਦਾ ਕੁਝ ਯੋਜਨਾਬੱਧ ਕੀਤਾ ਜਾਵੇ, ਕਿਉਂਕਿ ਬੱਚਿਆਂ ਨੂੰ ਥੋਹੜੇ ਥੋਹੜੇ ਦੋਨੋਂ ਹੀ ਚਾਹੀਦੇ ਹੁੰਦੇ ਹਨ। ਇਹ ਵੀ ਪਈ ਪੜ੍ਹਾਈ ਦਾ ਜੋ ਅਨੁਭਵ ਅਸੀਂ ਬੱਚਿਆਂ ਨੂੰ ਦਿਵਾਉਣਾਂ ਚਹੁੰਦੇ ਹਾਂ, ਉਹਦੀਆਂ ਜਰੂਰਤਾਂ ਵੀ ਵੱਖਰੀਆਂ ਹਨ।

ਏਥੇ ਅਸੀਂ ਕੁਝ ਪ੍ਰਬੰਧਕੀ ਵਿਚਾਰ ਸਾਂਝੇ ਕਰਦੇ ਹਾਂ ਜੋ ਬੱਚਿਆਂ ਦੇ ਸਕੂਲ ਵਿੱਚ ਖਰਚੇ ਹੋਏ ਵਕਤ ਨੂੰ ਅਮੀਰ ਬਨੋਣ ਦੀ ਯੋਜਨਾ ਦੇ ਵਾਸਤੇ ਆਧਾਰ ਬਣ ਸਕਣ। ਉਹ ਵਿਚਾਰ ਵੀ ਲੈਂਦੇ ਹਾਂ ਜੋ ਸੰਸਥਾਗਤ ਬੰਦੋਬਸਤ ਨਾਲ ਸਬੰਧ ਰੱਖਦੇ ਹਨ।

ਬਹੁਤੇ ਸਕੂਲਾਂ ਵਿੱਚ ਦਿਨ ***ਸੁਵੇਰ ਦੀ ਪ੍ਰਾਰਥਨਾਂ*** ਨਾਲ ਅਰੰਭ ਹੁੰਦਾ ਹੈ। ਇਸ ਸਮੇਂ ਸਾਰਾ ਸਕੂਲ ਇਕੱਠਾ ਹੁੰਦਾ ਹੈ। ਇਹ ਸਮਾਂ ਅਖਬਾਰ ਦੀਆਂ ਸੁਰਖੀਆਂ ਪੜ੍ਹਣ, ਕੁਝ ਸਰੀਰਕ ਕਸਰਤ ਕਰਨ ਅਤੇ ਰਾਸ਼ਟਰੀ ਗਾਣ ਗੌਣ ਦੇ ਵਾਸਤੇ ਖਰਚਿਆ ਜਾਂਦਾ ਹੈ। ਇਹਦੇ ਵਿੱਚ ਕੁਝ ਇੱਕ ਹੋਰ ਚੀਜ਼ਾਂ ਵੀ ਜੋੜੀਆਂ ਜਾ ਸਕਦੀਆਂ ਹਨ, ਜਿਵੇਂ ਕਿ ਇਕੱਠੇ ਗਾਉਣਾਂ, ਕਹਾਣੀਆਂ ਸੁਣਨਾਂ, ਜਾਂ ਕਿਸੇ ਸਥਾਨਕ ਸਿਆਣੇ ਨੂੰ ਬੁਲਾਉਣਾਂ, ਜਾਂ ਕਿਸੇ ਬਾਹਰਲੇ ਮਹਿਮਾਨ ਨੂੰ ਬੱਚਿਆਂ ਨੂੰ ਸੰਬੋਧਨ ਕਰਨ ਲਈ ਬੁਲਾਉਣਾਂ। ਜਾਂ ਫਿਰ ਸਥਾਨਕ ਜਾਂ ਰਾਸ਼ਟਰੀ ਘਨਾਵਾਂ ਨੂੰ ਮਨਾਉਣਾਂ।

ਜਿੰਨ੍ਹਾਂ ਜਮਾਤਾਂ ਨੇ ਕੋਈ ਦਿਲਚਸਪ ਪ੍ਰੌਜੈਕਟ ਲਏ ਹੋਏ ਹੋਣ ਉਹ ਇਸ ਸਮੇਂ ਨੂੰ ਸਕੂਲ ਨਾਲ ਅਪਣਾ ਕੰਮ ਸਾਂਝਾ ਕਰਨ ਦੇ ਲਈ ਵਰਤ ਸਕਦੇ ਹਨ। ਜੇ ਹਰ ਰੋਜ਼ ਨਹੀਂ ਤਾਂ ਇਹੋ ਜਿਹੀਆਂ ਲੰਮੀਆਂ ਬੈਠਕਾਂ ਹਫਤੇ ਵਿੱਚ ਦੋ ਜਾਂ ਤਿੰਨ ਵਾਰ ਵਿਓਂਤੀਆਂ ਜਾ ਸਕਦੀਆਂ ਹਨ। ਰਲਵੇਂ ਮਿਲਵੇਂ ਸਕੂਲਾਂ ਵਿੱਚ ਵਿਸ਼ੈ ਨੂੰ ਧਿਆਨ ਵਿੱਚ ਰੱਖਦਿਆਂ ਛੋਟੇ ਸਕੂਲ ਅਤੇ ਵਡੇ ਸਕੂਲ ਦੀਆਂ ਬੈਠਕਾਂ ਨੂੰ ਅਲੱਗ ਅਲੱਗ ਕੀਤਾ ਜਾ ਸਕਦਾ ਹੈ। ਮਹੱਤਵ ਪੂਰਣ ਖਬਰਾਂ ਨੂੰ ਦਿਨ ਦੇ ਖਾਸ ਸੈਸ਼ਨਾਂ ਦੇ ਰੂਪ ਦਿੱਤਾ ਜਾ ਸਕਦਾ ਹੈ ਅਤੇ ਪਾਠਕ੍ਰਮ ਵਿੱਚ ਵੀ ਸ਼ਾਮਲ ਕੀਤਾ ਜਾ ਸਕਦਾ ਹੈ।

ਬਹੁਤੇ ਦਸਤਾਵੇਜ਼ਾਂ ਵਿੱਚ ਇੱਕ ਪੀਰੀਅਡ ਨੂੰ ਪੜ੍ਹਾਈ-ਸਿਖਲਾਈ ਦੀ ਸਮੇਂ-ਸਾਰਣੀ ਵਿੱਚ ਇੱਕ 45 ਮਿੰਟਾਂ ਦੀ ਮੂਲ ਇਕਾਈ ਦੀ ਤਰ੍ਹਾਂ ਪੇਸ਼ ਕੀਤਾ ਗਿਆ ਹੈ। ਜ਼ਿਆਦਾ ਕਰਕੇ ਇਸ ਇਕਾਈ ਨੂੰ 30 ਜਾਂ 35 ਮਿੰਟਾਂ ਵਿੱਚ ਘਟਾਅ ਲਿਆ ਜਾਂਦਾ ਹੈ, ਜੋ ਪੜ੍ਹਾਈ ਦੇ ਪੱਖੋਂ ਕੋਈ ਬਹੁਤੀ ਅਰਥਦਾਰ ਜੁਗਤ ਨਹੀਂ ਹੈ। ਇੱਕ ਪੀਰੀਅਡ ਕਈ ਪਾਠ ਅਧਾਰਤ ਸਬਕਾਂ ਦੇ ਵਾਸਤੇ ਇੱਕ ਪ੍ਰਬੰਧਕ ਇਕਾਈ ਦੀ ਤਰ੍ਹਾਂ ਕੰਮ ਕਰ ਸਕਦਾ ਹੈ।

ਪਰ ਸਮੇਂ-ਸਾਰਣੀ ਵਿੱਚ ਹੋਰ ਤਰ੍ਹਾਂ ਦੇ ਤੇ ਲੰਮੇ ਪੀਰੀਅਡ ਹੋਣ ਦੀ ਵੀ ਜਰੂਰਤ ਹੈ। ਪੀਰੀਅਡ ਜੋ ਇੱਕ ਘੰਟਾ ਜਾਂ ਡੇੜ੍ਹ ਘੰਟਾ (ਦੁਗਣਾਂ ਪੀਰੀਅਡ) ਲੰਮਾਂ ਹੋਵੇ। ਜੋ ਦਸਤਕਾਰੀ, ਕਲਾਕਾਰੀ, ਪ੍ਰੌਜੈੱਕਟ ਦੇ ਕੰਮ, ਲੈਬ ਦੇ ਕੰਮ ਆਦਿ ਵਰਗੇ ਹੋਰ ਕੰਮਾਂ ਦੇ ਲਈ ਹੋਵੇ। ਸਮੇਂ ਦੀਆਂ ਇਸ ਤਰ੍ਹਾਂ ਦੀਆਂ ਲੰਮਾਈਆਂ ਅੰਤਰ-ਅਨੁਸ਼ਾਸਨੀ ਅਤੇ ਸੁਮਿਲਤ ਸਿੱਖਿਆ ਨੂੰ ਸਮਝਣ ਲਈ ਅਤੇ ਅਸਰਦਾਰ ਗਰੁੱਪ ਵਰਕ ਦੇ ਲਈ ਅਵੱਸ਼ਕ ਹਨ। ਇਹ ਕਹਿੰਣ ਦੀ ਲੋੜ ਨਹੀਂ ਕਿ ਬਹੁ-ਗ੍ਰੇਡ ਸਕੂਲਾਂ ਵਿੱਚ ਇੱਕ ਅਧਿਆਪਕ ਦੇ ਲਈ ਲਚਕਦਾਰ ਯੋਜਨਾਬੰਦੀ ਦੀ ਜਰੂਰਤ ਹੈ, ਤਾ ਕਿ ਪੜ੍ਹਾਈ ਦੇ ਅਧਿਆਪਕ ਦੀ ਅਗਵਾਈ ਵਾਲੇ, ਨਿੱਜੀ ਤੌਰਤੇ ਚਲਦੇ ਅਤੇ ਉਹ ਜਿੰਨ੍ਹਾਂ ਵਿੱਚ ਇੱਕ ਤੋਂ ਵੱਧ ਗ੍ਰੇਡ ਸ਼ਾਮਲ ਹੋਣ ਵਰਗੇ ਸੈਸ਼ਨਾਂ ਲਈ ਚੰਗਾ ਰਹੇ।

ਜਦ ਕਿ ਭਾਸ਼ਾ ਅਤੇ ਗਣਿਤ ਵਰਗੇ ਵਿਸ਼ਿਆਂ ਲਈ ਤਾਂ ਹਰ ਰੋਜ਼ ਸਮੇਂ ਦੀ ਲੋੜ ਪੈਂਦੀ ਹੈ, ਦੂਜਿਆਂ ਲਈ ਨਹੀਂ ਪੈਂਦੀ। ਹਫਤੇ ਭਰ ਦਾ ਟਾਈਮ ਟੇਬਲ ਨਿਤਾ-ਪ੍ਰਤੀ ਆਹਰ ਦੇ ਚਲਣ ਵਿੱਚ ਭਿੰਨਤਾ ਦੀ ਛੋਟ ਦੇ ਸਕਦਾ ਹੈ। ਪਰ ਸਾਰੇ ਹਫਤੇ ਦਾ ਸੰਤੁਲਨ ਬਣਨਾਂ ਜਰੂਰੀ ਹੈ। ਇਹ ਅਵੱਸ਼ਕ ਹੈ ਕਿ ਵੱਖ ਵੱਖ ਮਜ਼ਮੂੰਨਾਂ ਦੀ ਪੜ੍ਹਾਈ ਦਾ ਹਿਸਾਬ ਰੱਖਿਆ ਜਾਵੇ, ਪਈ ਕਿਸ ਵਿਸ਼ੇ ’ਤੇ ਜ਼ਿਆਦਾ ਵਕਤ ਲੱਗ ਗਿਆ ਹੈ ਤੇ ਕਿਸ ਉੱਪਰ ਘੱਟ। ਏਦਾਂ ਹੀ ਇਸ ਦਾ ਵੀ ਖਿਆਲ ਰੱਖਿਆ ਜਾਵੇ ਕਿ ਕਿਸੇ ਵਿਸ਼ੈ ਉੱਤੇ ਯੋਜਨਾਂ ਬਨਾਉਣ ਵੇਲੇ ਘੱਟ ਸਮਾਂ ਮਿਥਿਆ ਗਿਆ ਹੋਵੇ ਉਸ ਲਈ ਜ਼ਿਆਦਾ ਸਮਾਂ ਦੇਣ ਦੀ ਲੋੜ ਤਾਂ ਨਹੀਂ।

## 4.8 ਅਧਿਆਪਕ ਦੀ ਖੁਦਮੁਖਤਾਰੀ ਅਤੇ ਪੇਸ਼ਾਵਰ ਆਜ਼ਾਦੀ

ਅਧਿਆਪਕ ਦੀ ਖੁਦਮੁਖਤਾਰੀ ਦੀ ਲੋੜ ਬੱਚੇ ਦੀਆਂ ਵਭਿੰਨ ਲੋੜਾਂ ਦੀ ਪੂਰਤੀ ਲਈ ਪੜ੍ਹਾਈ ਦਾ ਮਹੌਲ ਤਿਆਰ ਕਰਨ ਵਾਸਤੇ ਅਵੱਸ਼ਕ ਹੈ। ਜਿੰਨੀ ਕੁ ਲੋੜ ਥਾਂ, ਆਜ਼ਾਦੀ, ਲਚਕ ਅਤੇ ਸਤਿਕਾਰ ਦੀ ਇੱਕ ਸਿੱਖਿਆਕ ਨੂੰ ਹੁੰਦੀ ਹੈ, ਅਧਿਆਪਕ ਨੂੰ ਵੀ ਓਨੀ ਕੁ ਜਰੂਰਤ ਤਾਂ ਹੈ ਹੀ। ਜੋ ਤਰੀਕਾ ਪ੍ਰਬੰਧਕ ਕੜੀਆਂ ਅਤੇ ਕੰਟਰੋਲ ਦਾ ਪ੍ਰਚਲਤ ਹੈ, ਇਮਤਿਹਾਨਾਂ ਦਾ ਅਤੇ ਕੇਂਦਰ ਸੰਚਾਲਤ ਯੋਜਨਾਂ ਦਾ ਪਾਠਕ੍ਰਮ ਦੇ ਸੁਧਾਰ ਦੇ ਲਈ ਹੈ, ਇਹ ਸਭ ਕੁਝ ਮੁੱਖ-ਅਧਿਆਪਕ ਅਤੇ ਅਧਿਆਪਕ ਦੀ ਖੁਦਮੁਖਤਾਰੀ ਉੱਪਰ ਰੋਕਾਂ ਲਾਉਂਦਾ ਹੈ।

ਹਾਲਾਂ ਕਿ ਪਾਠਕ੍ਰਮ ਦੀ ਸੁਤੰਤਰਤਾ ਹੁੰਦੀ ਹੈ ਫਿਰ ਵੀ ਅਧਿਆਪਕ ਹੌਂਸਲਾ ਨਹੀਂ ਕਰਦੇ ਕਿ ਕੁਝ ਅਲੱਗ ਢੰਗ ਨਾਲ ਕਰਨ ਕਰਕੇ ਪ੍ਰਬੰਧ ਉਨ੍ਹਾਂ ਦੀ ਭੁਗਤ ਨਾ ਸਵਾਰ ਦੇਵੇ। ਇਸ ਲਈ ਇਹ ਜਰੂਰੀ ਹੈ ਕਿ ਅਧਿਆਪਕਾਂ ਦੀ ਮਦਦ ਕੀਤੀ ਜਾਵੇ ਪਈ ਉਹ ਅਪਣੀ ਚੋਣ ਪੁਗਾਅ ਸਕਣ।

ਜਿੰਨਾ ਕੁ ਜਮਾਤ ਦੇ ਕਮਰੇ ਲਈ ਲੋਕਤੰਤਰਕ, ਲਚਕੀਲਾ ਅਤੇ ਪ੍ਰਵਾਨ ਕਰਨ ਵਾਲਾ ਸਭਿਆਚਾਰ ਪ੍ਰਫੁੱਲਤ ਕਰਨਾਂ ਜਰੂਰੀ ਹੈ, ਓਸੇ ਤਰ੍ਹਾਂ ਸਕੂਲ ਦੇ ਅਦਾਰੇ ਅਤੇ ਅਧਿਕਾਰੀਆਂ ਦੇ ਜਾਲ਼ ਲਈ ਵੀ ਜਰੂਰੀ ਹੈ। ਨਾ ਸਿਰਫ ਅਧਿਆਪਕ ਹੀ ਹੁਕਮ ਅਤੇ ਸੁਚਨਾਂ ਪ੍ਰਾਪਤ ਕਰੇ, ਓਵੇਂ ਹੀ ਉੱਚ ਅਧਿਕਾਰੀਆਂ ਵਿੱਚ ਵੀ ਅਧਿਆਪਕ ਦੀ ਅਵਾਜ਼ ਸੁਣੀ ਜਾਵੇ, ਕਿਉਂਕਿ ਉਨ੍ਹਾਂ ਦੇ ਫੈਸਲੇ ਅਕਸਰ ਸਕੂਲ ਵਿੱਚ ਜਮਾਤ ਦੇ ਜੀਵਨ ਅਤੇ ਸਭਿਆਚਾਰ ਉੱਤੇ ਅਸਰ ਪਾਉਂਦੇ ਹਨ।

ਅਧਿਆਪਕਾਂ, ਉਨ੍ਹਾਂ ਦੇ ਮੁਖੀਆਂ ਅਤੇ ਪ੍ਰਿਸੀਪਲਾਂ ਦੇ ਆਪਸੀ ਰਿਸ਼ਤੇ ਬਰਾਬਰੀ ਅਤੇ ਆਪਸੀ ਸਤਿਕਾਰ ਉੱਪਰ ਟਿਕੇ ਹੋਣ। ਫੈਸਲੇ ਲੈਣੇ ਵੀ ਗੱਲਬਾਤ ਅਤੇ ਸੁਲਾਹ ਕਰਨ ਉੱਤੇ ਟਿਕੇ ਹੋਣ। ਸਲਾਨਾਂ, ਮਾਸਕ ਅਤੇ ਸਪਤਾਹਕ ਟਾਈਮ ਟੇਬਲ ਵਿੱਚ ਦਰਜ਼ ਗਤੀਵਿਧੀਆਂ ਵਿੱਚ ਸਟਾਫ ਦੀ ਅਜਿਹੀ ਗੱਲਬਾਤ ਅਤੇ ਯੋਜਨਾਂ ਦੇ ਵਾਸਤੇ ਵਕਤ ਮਿਥਿਆ ਹੋਇਆ ਹੋਵੇ। ਅਧਿਆਪਕਾਂ ਦੇ ਵਿੱਚ ਰਲਕੇ ਕੰਮ ਕਰਨ ਦੇ ਮਹੌਲ ਨੂੰ ਵਧਾਉਣ ਦੇ ਲਈ ਜਤਨ ਕਰਨ ਦੀ ਵੀ ਲੋੜ ਹੈ। ਝਗੜਿਆਂ ਦਾ ਹੱਲ ਕਰਨ ਦੇ ਵਾਸਤੇ ਵੀ ਪ੍ਰਬੰਧ ਹੋਣ ਦੀ ਬੜੀ ਲੋੜ ਹੈ।

ਅਕਸਰ ਅਧਿਆਪਕਾਂ ਦੀ ਰਾਇ ਜਾਣੇ ਬਿਨਾਂ ਹੀ ਰੇਡੀਓ ਅਤੇ ਟੀ ਵੀ ਵਰਗੀਆਂ ਟੈਕਨਾਲੋਜੀਆਂ ਜਮਾਤਾਂ ਵਿੱਚ ਵਾੜ ਦਿੱਤੀਆਂ ਜਾਂਦੀਆਂ ਹਨ। ਪਤਾ ਵੀ ਨਹੀਂ ਕੀਤਾ ਜਾਂਦਾ ਕਿ ਉਹ ਇਹਨਾਂ ਟੈਕਨਾਲੋਜੀਆਂ ਦਾ ਕੀ ਕਰ ਸਕਦੇ ਹਨ ਤੇ ਇਹ ਵੀ ਅਧਿਆਪਕਾਂ ਲਈ ਕੀ ਕਰ ਸਕਦੀਆਂ ਹਨ। ਇੱਕ ਵਾਰ ਇਹ ਜਮਾਤ ਵਿੱਚ ਆ ਵੜਨ ਤਾਂ ਅਧਿਆਪਕਾਂ ਤੋਂ ਉਨ੍ਹਾਂ ਨੂੰ ਵਰਤਣ ਦੀ ਉਮੀਦ ਕੀਤੀ ਜਾਂਦੀ ਹੈ। ਉਹ ਵੀ ਤਦ ਜਦੋਂ ਅਧਿਆਪਕਾਂ ਨੂੰ ਨਾਂ ਤਾਂ ਅਪਣੀ ਪੜ੍ਹਾਈ ਦੀ ਯੋਜਨਾਂ ਵਿੱਚ ਇਹਨਾਂ ਨੂੰ ਸ਼ਾਮਲ ਕਰਨਾਂ ਆਉਂਦਾ ਹੈ ਤੇ ਨਾਂ ਹੀ ਇਨ੍ਹਾਂ ਉੱਪਰ ਉਨ੍ਹਾਂ ਦਾ ਕੋਈ ਅਧਿਕਾਰ ਹੀ ਹੁੰਦਾ ਹੈ।

### 4.8.1 ਚਿੰਤਨ ਅਤੇ ਯੋਜਨਾਂ ਲਈ ਸਮਾਂ

- ਹਰ ਰੋਜ਼ ਘੱਟ ਤੋਂ ਘੱਟ 45 ਮਿੰਟਾਂ ਦਾ ਸਮਾਂ ਦਿਨ ਭਰ ਦੇ ਕੰਮਕਾਜ ਦੀ ਸਮੀਖਿਆ ਲਈ, ਬੱਚਿਆਂ ਬਾਰੇ ਟਿੱਪਣੀਆਂ ਲਿਖਣ ਅਤੇ ਅਗਲੇ ਦਿਨ ਦੇ ਪਾਠ ਵਾਸਤੇ ਵਰਤਣ ਦੇ ਲਈ ਸਮੱਗਰੀ ਨੂੰ ਜੋੜਣ ਦੇ ਲਈ ਹੋਣਾਂ ਚਾਹੀਦਾ ਹੈ।

- ਇਹ ਸਮਾਂ ਉਸ ਤੋਂ ਬਿਨਾਂ ਹੋਵੇ ਜੋ ਅਧਿਆਪਕ ਘਰ ਦੇ ਕੰਮ ਨੂੰ ਠੀਕ ਕਰਨ ਵਿੱਚ ਖਰਚਦੇ ਹਨ।
- ਹਫਤੇ ਦੇ ਅਧਾਰ ਤੇ (ਘੱਟ ਤੋਂ ਘੱਟ ਦੋ ਤੋਂ ਤਿੰਨ ਘੰਟੇ) ਪੜ੍ਹਾਈ ਦਾ ਜਾਇਜ਼ਾ ਲਿਆ ਜਾਣਾਂ ਚਾਹੀਦਾ ਹੈ। ਸੁਝਾਏ ਗਏ ਪ੍ਰੌਜੈਕਟਾਂ ਅਤੇ ਗਤੀਵਿਧੀਆਂ ਦੇ ਵਿਸਥਾਰ ਬਣਨੇ ਚਾਹੀਦੇ ਹਨ ਅਤੇ ਆ ਰਹੇ ਹਫਤੇ ਲਈ ਪਾਠਾਂ ਦੀਆਂ ਕੁਝ ਇਕਾਈਆਂ ਦੀ ਯੋਜਨਾਂ ਬਣਾ ਲਈ ਜਾਵੇ।
- ਮਹੀਨੇ ਜਾਂ ਟਰਮ ਦੀ ਸਮੀਖਿਆ ਦੇ ਲਈ ਘੱਟ ਤੋਂ ਘੱਟ ਇਕ ਦਿਨ ਰੱਖਿਆ ਜਾਵੇ। ਬੱਚਿਆਂ ਦੀ ਪੜ੍ਹਾਈ ਅਤੇ ਸਾਰੀ ਸਿਖਲਾਈ ਦੇ ਸਾਰੇ ਤੌਰ-ਤਰੀਕੇ ਅਤੇ ਯੋਜਨਾਂ ਦਾ ਤੇ ਪੜ੍ਹਾਏ ਜਾ ਰਹੇ ਗਰੁੱਪ ਦਾ ਲੇਖਾ ਜੋਖਾ ਕੀਤਾ ਜਾਵੇ।
- ਸਾਲ ਦੇ ਅਰੰਭ ਅਤੇ ਅੰਤ ’ਤੇ ਦੋ ਜਾਂ ਤਿੰਨ ਦਿਨ ਸਕੂਲ ਦੀ ਸਲਾਨਾ ਯੋਜਨਾਂ ਬਨਾਉਣ ਲਈ ਰਾਖਵੇਂ ਰੱਖ ਦਿੱਤੇ ਜਾਣ। ਇਹਦੇ ਵਿੱਚ ਉਹ ਸਥਾਨਕ ਛੁੱਟੀਆਂ, ਸਲਾਨਾਂ ਜੋੜ-ਮੇਲੇ (ਰਾਸ਼ਟਰੀ ਮੇਲੇ, ਖੇਡ੍ਹਾਂ ਦੇ ਦਿਨ, ਸਭਿਆਚਾਰਕ ਮੇਲੇ) ਅਤੇ ਮਾਪਿਆਂ-ਅਧਿਆਪਕਾਂ ਦੀਆਂ ਮੁਲਾਕਾਤਾਂ ਆਦਿ ਦਾ ਫੈਸਲਾ ਕਰਨ ਜੋ ਸਾਰੇ ਸਕੂਲ ਨਾਲ ਸਬੰਧਤ ਹੁੰਦੇ ਹਨ।
- ਉਹ ਅਪਣੀਆਂ ਜਮਾਤਾਂ ਦੀਆਂ ਟੋਲੀਆਂ ਦੇ ਵਾਸਤੇ ਸੈਰ ਸਪਾਟੇ ਅਤੇ ਖੇਤਰੀ ਫੇਰੀਆਂ ਦਾ ਵੀ ਪ੍ਰਬੰਧ ਕਰਨ, ਜੋ ਇੱਕ ਜਾਂ ਵੱਧ ਜਮਾਤਾਂ ਰਾਹੀਂ ਹੋ ਰਹੇ ਪ੍ਰੌਜੈਕਟਾਂ ਦੀ ਖਾਤਰ ਹੋਣ।
- ਅਧਿਆਪਕ ਸਕੂਲ ਅਤੇ ਜਮਾਤ ਦੇ ਮਹੌਲ ਨੂੰ ਬਨਾਉਣ ਤੇ ਸਜਾਉਣ ਦੇ ਲਈ ਹੋ ਰਹੀਆਂ ਗਤੀਵਿਧੀਆਂ ਵਿੱਚ, ਪੋਸਟਰਾਂ ਦੇ ਲਟਕਾਉਣ ਅਤੇ ਦਿਖਾਵਟਾਂ ਲਈ ਅਤੇ ਬੱਚਿਆਂ ਦੇ ਕੰਮ ਦਾ ਪ੍ਰਬੰਧ ਕਰਨ ਲਈ ਵੀ ਸ਼ਾਮਲ ਹੋਣ।
- ਯੋਜਨਾਬੰਦੀ ਵਾਲਾ ਅਜਿਹਾ ਸਮਾਂ ਸਕੂਲ ਦੇ ਭਾਈਚਾਰੇ ਨਾਲ ਰਿਸ਼ਤੇ ਦੀ ਸਮੀਖਿਆ ਲਈ ਅਤੇ ਸਾਲ ਭਰ ਵਿੱਚ ਧਿਆਨ ਮੰਗਦੇ ਮੁੱਦਿਆਂ ਜਿਹਾ ਕਿ ਦਾਖਲਾ, ਪੜ੍ਹਾਈ ਨਾ ਛੱਡਣਾਂ, ਸਕੂਲ ਦੀ ਹਾਜ਼ਰੀ ਅਤੇ ਸਕੂਲ ਦੀਆਂ ਪ੍ਰਾਪਤੀਆਂ ਲਈ ਵੀ ਹੋਵੇ।
- ਪ੍ਰਚਲਤ ਸਿਖਲਾਈ ਸਬੰਧਤ ਸਮੇਂ ਨੂੰ (ਪ੍ਰਤੀ ਸਾਲ 20 ਲਾਜ਼ਮੀ ਦਿਨ) ਇਧਰੋਂ ਹਟਾਕੇ ਸਮੀਖਿਆ, ਚਿੰਤਨ ਅਤੇ ਯੋਜਨਾਂ ਦੇ ਵਾਸਤੇ ਸਮਾਂ ਦੇਣ ਦੇ ਲਈ ਵੰਡਿਆ ਜਾ ਸਕਦਾ ਹੈ।
- ਅਧਿਆਪਕਾਂ ਦੇ ਵਾਸਤੇ ਖਿੱਤੇ ਦੀ ਪੱਧਰ ਉੱਤੇ ਹੋਣ ਵਾਲੀਆਂ ਮਾਸਕ ਮੀਟਿੰਗਾਂ ਸਮਾਨ ਵਿਸ਼ੇ ਅਤੇ ਗ੍ਰੇਡਾਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਦੇ ਗਰੁੱਪਾਂ ਵਿਚਕਾਰ ਕਰਵਾਈਆਂ ਜਾ ਸਕਦੀਆਂ ਹਨ। ਇਹਦੇ ਨਾਲ ਉਹ ਅੱਗੇ ਆਉਣ ਵਾਲੇ ਮਹੀਨਿਆਂ ਵਿੱਚ ਹੋਣ ਵਾਲੀ ਪੜ੍ਹਾਈ ਨੂੰ ਇਕੱਠੇ ਯੋਜਤ ਕਰ ਸਕਦੇ ਹਨ।

## ਹਫਤੇ ਭਰ ਦੀ ਵਿਸ਼ੈ ਯੋਜਨਾਂ: ਮਸ਼ੀਨ

### (ਕੇਵਲ ਮਿਡਲ ਸਕੂਲ ਦੀਆਂ ਜਮਾਤਾਂ 5-6 ਲਈ)

**ਜਮਾਤ** 1: ਖੇਡ੍ਹ। ਜਦ ਮੈਂ ਕੋਈ ਸ਼ਬਦ ਬੋਲਾਂ ਤਾਂ ਤੁਹਾਡੇ ਮਨ ਵਿੱਚ ਜੋ ਵੀ ਚੀਜ਼ਾਂ ਆਉਣ ਲਿਖ ਲਵੋ। ਫਿਰ (ਜੋਟਿਆਂ ਵਿੱਚ ਜਾਂ ਟੋਲੀਆ ਵਿੱਚ) ਸੂਚੀ ਉੱਪਰ ਬਹਿਸ ਕਰੋ। ਇਹਨਾਂ ਮਸ਼ੀਨਾਂ ਨੂੰ ਕੁਝ ਸਮਾਨਤਾਵਾਂ ਦੇ ਅਧਾਰ ’ਤੇ ਇਕਾਈਆਂ ਵਿੱਚ ਵੰਡੋ।

ਕਿਸੇ ਹੋਰ ਤਰੀਕੇ ਬਾਰੇ ਸੋਚੋ ਅਤੇ ਉਹਨਾਂ ਮਸ਼ੀਨਾਂ ਨੂੰ ਦੁਬਾਰਾ ਵੰਡੋ। ਭਿੰਨ ਭਿੰਨ ਭਾਂਤਾਂ ਦੀਆਂ ਮਸ਼ੀਨਾਂ ਦੇ ਚਾਰਟ ਬਨਾਉਣ ਵਾਸਤੇ ਬੱਚੇ ਅੱਗੇ ਆਉਣ। ਮਸ਼ੀਨਾਂ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਤੇ ਜਾਂ ਚਾਰਟ ਬਣਾਕੇ ਦਿਵਾਰਾਂ ਉੱਪਰ ਲਟਕਾਉਣ।

**ਜਮਤਾ** 2: ਤੁਸੀਂ ਮਸ਼ੀਨਾਂ ਬਾਰੇ ਜਿੰਨੇ ਵੀ ਪ੍ਰਸ਼ਨਾਂ ਦੇ ਉੱਤਰ ਜਾਨਣਾਂ ਚਹੁੰਦੇ ਹੋ ਓਨੇ ਹੀ ਲਿਖ ਲਵੋ। ਉਹ ਪ੍ਰਸ਼ਨ ਲੱਭੋ ਜਿੰਨ੍ਹਾਂ ਦੇ ਉੱਤਰ ਤੁਸੀਂ ਪਹਿਲਾਂ ਹੀ ਜਾਣਦੇ ਹੋ, ਤੇ ਉਹ ਵੀ ਜਿੰਨ੍ਹਾਂ ਦੇ ਨਹੀਂ।

ਅਧਿਆਪਕ ਹਰ ਬੱਚੇ ਕੋਲ ਅੱਪੜਦਾ ਹੈ, ਤੇ ਦੱਸਦਾ ਹੈ ਕਿ ਕਿਹੜੀਆਂ ਕਿਤਾਬਾਂ, ਹੋਰ ਸਰੋਤਾਂ ਅਤੇ ਲੋਕਾਂ ਨਾਲ ਗੱਲ ਬਾਤ ਕਰਕੇ ਤੁਸੀਂ ਉੱਤਰ ਢੂੰਡ ਸਕਦੇ ਹੋ।

ਬੱਚੇ ਘਰ ਦੇ ਕੰਮ ਲਈ ਪ੍ਰਸ਼ਨ ਸੋਚਦੇ ਹਨ: “ਉਹ ਸਭ ਤੋਂ ਵਧੀਆ ਕਿਹੜੀ ਮਸ਼ੀਨ ਹੈ ਜੋ ਤੁਸੀਂ ਜਾਣਦੇ ਹੋ? ਕਾਰਣ ਦੱਸੋ ਕਿ ਤੁਸੀਂ ਉਸ ਨੂੰ ਸਭ ਤੋਂ ਵਧੀਆਂ ਕਿਉਂ

ਸਮਝਦੇ ਹੋ”? ਇਹ ਪ੍ਰਸ਼ਨ ਘਰ ਵਿੱਚ ਮਾਪਿਆਂ ਨਾਲ, ਭੈਣ-ਭਰਾਵਾਂ ਅਤੇ ਦੋਸਤਾਂ ਨਾਲ ਵਿਚਾਰੋ।

**ਜਮਤਾ** 3: ਬੱਚੇ ਅਪਣੇ ਘਰ ਦੇ ਪ੍ਰਸ਼ਨਾਂ ਬਾਰੇ ਗੱਲ ਬਾਤ ਕਰਦੇ ਹਨ। ਉਹ ਅਪਣੇ ਪ੍ਰਸ਼ਨਾਂ ਦੇ ਉੱਤਰ ਤੀਜੀ ਜਮਾਤ ਦੇ ਵਿਦਿਆਰਥੀਆਂ ਤੋਂ ਜਾਨਣ ਦੀ ਕੋਸ਼ਿਸ਼ ਕਰਦੇ ਹਨ, ਅਤੇ ਅਪਣਾਂ ਕੰਮ ਅਧਿਆਪਕ ਨੂੰ ਦਿਖਾਉਂਦੇ ਹਨ। ਅਧਿਆਪਕ ਬੱਚਿਆਂ ਤੋਂ ਪੁੱਛਦਾ ਹੈ ਕਿ ਕਿਸੇ ਬੱਚੇ ਨੂੰ ਕਿਸੇ ਮਸ਼ੀਨ ਬਾਰੇ ਕੋਈ ਕਵਿਤਾ ਆਉਂਦੀ ਹੋਵੇ ਤਾਂ। ਜੇ ਉਨ੍ਹਾਂ ਨੂੰ ਨਾ ਆਉਂਦੀ ਹੋਵੇ ਤਾਂ ਉਹ ਖੁਦ ਸਿਖਾਵੇ।

(ਅਧਿਆਪਕ ਤਿਆਰੀ ਕਰਕੇ ਆਵੇ)।

**ਜਮਤਾ** 4: ਹੁਣ ਪਾਠ-ਪੁਸਤਕ ਵਿੱਚੋਂ ਮਸ਼ੀਨਾਂ ਬਾਰੇ ਅਧਿਆਏ ਪੜ੍ਹਿਆ ਜਾਵੇ। ਦੇਖੋ ਕਿ ਮਸ਼ੀਨਾਂ ਬਾਰੇ ਇਸ ਤੋਂ ਕੁਝ ਹੋਰ ਵੀ ਸਿੱਖਿਆ ਜਾ ਸਕਦਾ ਹੈ ਕਿ ਨਹੀਂ। ਇਸ ਤੋਂ ਹੋਰ ਉੱਠਦੇ ਪ੍ਰਸ਼ਨਾਂ ਦੇ ਉੱਤਰ ਦਿਓ।

**ਜਮਤਾ** 5: ਇੱਕ ਹਵਾਲਾ ਪੁੱਸਤਕ ਤੋਂ ਹਦੈਤਾਂ ਪੜ੍ਹਕੇ ਬੱਚੇ ਖੇਡ੍ਹਣ ਵਾਲਾ ਟਰੱਕ ਬਨਾਉਣ। ਵਰਤਿਆ ਜਾਣ ਵਾਲਾ ਸਮਾਨ ਪਹਿਲਾਂ ਹੀ ਜਮਾਤ ਦੇ ਕਮਰੇ ਵਿੱਚ ਇਕੱਠਾ ਕੀਤਾ ਮਿਲਦਾ ਹੋਵੇ। ਜਾਂ ਅਧਿਆਪਕ ਪੰਜਵੀਂ ਜਮਾਤ ਦੇ ਅੰਤ ਤੇ ਸੂਚੀ ਦੇ ਕੇ ਬੱਚਿਆਂ ਨੂੰ ਤਿਆਰ ਹੋ ਕੇ ਆਉਣ ਲਈ ਕਹਿੰਣ।

**ਜਮਤਾ** 6: ਇਹ ਅੱਪੜ ਪੈਣ ਅਤੇ ਕੰਮ ਪੂਰਾ ਕਰਨ ਦਾ ਸਮਾਂ ਹੈ। ਅਧਿਆਪਕ ਬੱਚਿਆਂ ਨੂੰ ਕਹਿੰਦਾ ਹੈ ਕਿ

ਉਹ ਹੋਰ ਅਜਿਹੇ ਪ੍ਰਸ਼ਨ ਲਿਖ ਲੈਣ ਜੋ ਉਹ ਅਪਣੇ ਆਪ ਜਮਾਤ ਤੋਂ ਬਾਅਦ ਜਾਨਣਾਂ ਚਹੁੰਦੇ ਹਨ। ਇਹਦੇ ਨਾਲ ਵਿਸ਼ਾ ਸਮਾਪਤ ਹੋ ਜਾਂਦਾ ਹੈ।

## ਵਿਸ਼ੈ ਦਾ ਵਿਸਥਰ

**ਕੇਵਲ 7-8ਵੀਂ ਜਮਾਤਾਂ ਦੇ ਬੱਚਿਆਂ ਲਈ**

ਵਿਗਿਆਨ: ਕੀ ਕੋਈ ਇਹ ਦੱਸ ਸਕਦਾ ਹੈ ਕਿ ਮਸ਼ੀਂਨ ਕੀ ਹੁੰਦੀ ਹੈ? ਉਦਾਹਰਣ ਦੀ ਥਾਂ ਵਿਆਖਿਆ ਦਿਉ।

ਚਲੋ ਹੁਣ ਕੋਸ਼ ਦਾ ਸਹਾਰਾ ਲਈਏ ਅਤੇ ਅਰਥ ਨੂੰ ਬਲੈਕ ਬੋਰਡ ਉੱਪਰ ਲਿਖੀਏ। ਇਸ ਤੋਂ ਅੱਗੇ ਚਲੋ। ਕੋਈ ਵਿਗਿਆਨ ਦੀ ਪਾਠ-ਪੁਸਤਕ ਜਾਂ ਵਿਗਿਆਨ-ਕੋਸ਼ ਦੀ ਮਦਦ ਲਈਏ। ਦੋਵਾਂ ਅਰਥਾਂ ਦੀ ਤੁਲਨਾਂ ਕਰੋ।

ਕੋਈ ਫਰਕ ਮਿਲਿਆ ਹੈ? ਕਿਹੜੀ ਪ੍ਰੀਭਾਸ਼ਾ ਜ਼ਿਆਦਾ ਆਸਾਨ ਲੱਗੀ ਹੈ? ਜਾਂ, ਕਿਹੜੀ ਜ਼ਿਆਦਾ ਸਪਸ਼ਟ ਹੈ? ਕੀ ਅਸੀਂ ਹੁਣ ਇੱਕ ਸੰਦ ਨਾਲੋਂ ਮਸ਼ੀਨ ਨੂੰ ਅਲੱਗ ਕਰ ਸਕਦੇ ਹਾਂ?

ਸਮਾਜ ਵਿਗਿਆਨ: ਕੋਈ ਇਹ ਲੱਭਣਾਂ ਚਾਹੇਗਾ ਕਿ ਪਹਿਲਾ ਛਾਪਾ ਖਾਨਾਂ, ਟੈਲੀਫੋਨ, ਬਲਬ, ਕਾਰ, ਰੇਡੀਓ/ਟੈਲੀਵਿਜ਼ਨ, ਪਹੀਆ-ਕੁਰਸੀ, ਸੁਣਨਵਾਲੀ ਮਸ਼ੀਨ, ਰਸੋਈ ਵਾਲੀ ਗੈਸ/ਸਟੋਵ, ਕੱਪੜੇ ਸੀਣ ਵਾਲੀ ਮਸ਼ੀਨ, ਫਰਿੱਜ, ਅਤੇ ਕੰਪਿਊਟਰ ਕਦੋਂ ਬਣੇ, ਕਿਸ ਨੇ ਬਣਾਏ ਅਤੇ ਕਿਹੜੇ ਦੇਸ਼ ਵਿੱਚ।

ਚਲੋ ਪਹਿਲਾਂ ਕਲਪਨਾਂ ਕਰੀਏ, ਤੇ ਫਿਰ ਇਹ ਲੱਭੀਏ ਪਈ ਕਿਸੇ ਵਿਸ਼ੇਸ਼ ਮਸ਼ੀਨ ਜਾਂ ਸੰਦ ਦੀ ਕਾਢ ਹੋਣ ਤੋਂ ਪਹਿਲਾਂ ਲੋਕ ਕਿਵੇਂ ਰਹਿੰਦੇ ਸਨ। ਰੋਜ਼ਾਨਾਂ ਜੀਵਨ ਵਿੱਚ ਉਸ ਮਸ਼ੀਨ ਦੇ ਨਾ ਹੋਣ ਦੇ ਕੀ ਅਰਥ ਹੋਣਗੇ? ਉਹਦੀ ਜਗਾਹ ਹੋਰ ਕੀ ਵਰਤਿਆ ਜਾਣਾਂ ਹੈ?

ਚਰਚਾ ਦਾ ਵਿਸ਼ੈ: ਕੋਈ ਅਜਿਹੀਆਂ ਮਸ਼ੀਨਾਂ ਹਨ ਜਿੰਨ੍ਹਾਂ ਦੀ ਕਾਢ ਕੇਵਲ (ਕ) ਅਮੀਰ ਵਰਗਾਂ ਦੇ ਲਈ ਜਾਂ ਗਰੀਬ ਵਰਗਾਂ ਦੇ ਲਈ, (ਖ) ਔਰਤਾਂ, ਜਾਂ (ਗ) ਮਰਦਾਂ ਲਈ ਹੋਈ ਹੈ? ਵਿਆਖਿਆ ਕਰੋ। ਮਸ਼ੀਨਾਂ ਵਰਤੋਂ ਵਧੇਰੇ ਕੌਣ ਕਰਦਾ ਹੈ - ਮਰਦ ਜਾਂ ਔਰਤਾਂ?

ਅੰਗਰੇਜੀ: ਲੇਖ ਲਈ ਵਿਸ਼ੇ: ਮਸ਼ੀਨ ਜਿਸ ਨੇ ਮੇਰੀ ਜ਼ਿੰਦਗੀ ਬਦਲ ਦਿੱਤੀ (ਸੁਣਨ ਵਾਲੀ ਮਸ਼ੀਨ, ਪਹੀਆ-ਕੁਰਸੀ ਜਾਂ ਕੋਈ ਹੋਰ)। ਜਾਂ, ਮਸ਼ੀਨ ਜੋ ਮੈਂ ਖਰੀਦਣਾਂ ਚਾਹਵਾਂਗਾ ਤੇ ਕਿਉਂ।

ਪ੍ਰੋਜੇਕਟ: ਮਸ਼ੀਨਾਂ ਜਿੰਨ੍ਹਾਂ ਨੇ ਸਾਡੀਆਂ ਜ਼ਿੰਦਗੀਆਂ ਬਦਲ ਦਿੱਤੀਆਂ - ਹਾਂ ਪੱਖੀ, ਨਾਂਹ ਪੱਖੀ।

ਮਸ਼ੀਨਾਂ ਜੋ ਸਾਡੇ ਕੋਲ ਹਨ/ਨਹੀਂ ਹਨ, ਅਤੇ ਉਨ੍ਹਾਂ ਨੇ ਸਾਡੀਆਂ ਜ਼ਿੰਦਗੀਆਂ ਨੂੰ ਸਮੇਂ, ਸੌਖ, ਖਰਚ ਦੇ ਹਿਸਾਬ ਨਾਲ ਕਿਵੇਂ ਬਦਲ ਦਿੱਤਾ? ਜਾਂ, ਕੀ ਤੁਸੀਂ ਇਹ ਕਲਪਨਾਂ ਕਰ ਸਕਦੇ ਹੋ ਕਿ ਕਿਹੜੀ ਮਸ਼ੀਨ ਭਵਿੱਖ ਵਿੱਚ ਕਿਸ ਤਰ੍ਹਾਂ ਹੋਰ ਸੁਧਾਰੀ ਜਾ ਸਕੇਗੀ?

ਤੁਸੀਂ ਕਿਸੇ ਭਵਿੱਖ ਦੀ ਮਸ਼ੀਨ ਨੂੰ ਵਾਹ ਸਕਦੇ ਹੋ, ਬਿਆਨ ਕਰ ਸਕਦੇ ਹੋ ਜਾਂ ਡਿਜ਼ਾਈਨ ਕਰ ਸਕਦੇ ਹੋ।

ਜਾਂ, ਕਿਸੇ ਕਾਰ, ਮੋਟਰ ਸਾਈਕਲ, ਗੱਡੇ, ਜਾਂ ਪਹੀਆ-ਕੁਰਸੀ ਨੂੰ ਡਿਜ਼ਾਈਨ ਕਰਨ ਵਿੱਚ ਕੀ ਕੀ ਕੰਮ ਆਉਂਦਾ ਹੈ? ਇਹਦੀ ਯੋਗਤਾ ਅਤੇ ਸੁਹਜਾਤਮਕ ਖਿੱਚ ਨੂੰ ਕਿਵੇਂ ਵਧਾਇਆ ਜਾ ਸਕਦਾ ਹੈ?

5.1 ਗੁਣਵੱਤਾ ਲਈ ਸੋਚ

5.2 ਪਾਠਕ੍ਰਮ ਦੇ ਪੁਨਰ-ਨਿਰਮਾਣ ਦੇ ਲਈ ਅਧਿਆਪਕ ਸਿੱਖਿਆ

5.3 ਇਮਤਿਹਾਨਾਂ ਦਾ ਸੁਧਾਰ

5.4 ਕੰਮ ਕੇਂਦਰਤ ਸਿੱਖਿਆ

5.5 ਵਿਚਾਰ ਅਤੇ ਅਮਲ ਦੀਆਂ ਨਵੀਂਆਂ ਪਹਿਲਾਂ

# ਅਧਿਆਏ 5: ਪ੍ਰਬੰਧਕੀ ਸੁਧਾਰ

ਸਕੂਲ ਪਾਠਕ੍ਰਮ ਦੀ ਰਾਸ਼ਟਰੀ ਰੂਪਰੇਖਾ ਦੀਆਂ ਜੋ ਪਰਤਾਂ ਪਹਿਲੇ ਅਧਿਆਵਾਂ ਵਿੱਚ ਉਲੀਕੀਆਂ ਜਾ ਚੁੱਕੀਆਂ ਹਨ, ਉਹ ਸਮਾਜਕ ਮਾਨਸਕਤਾ ਰੱਖਦੀ ਵਿੱਦਿਆ ਦੇ ਨਾਲ ਸਬੰਧਤ ਕਈ ਜੁੜਵੇਂ ਉਦੇਸ਼ਾਂ ਵਿੱਚੋਂ ਉਤਪਨ ਹੁੰਦੀਆਂ ਹਨ। ਏਥੇ ਧਿਆਨ ਉਹਨਾਂ ਸਿੱਖਿਅਕਾਂ ਪੁਰ ਕੇਂਦਰਤ ਹੈ ਜੋ ਕੇਵਲ ਗਿਆਨ ਪ੍ਰਾਪਤੀ ਅਤੇ ਇਸ ਦਾ ਸੇਵਨ ਕਰਨ ਦੀ ਥਾਂ ਅਪਣੇ ਨਿੱਜੀ ਅਤੇ ਸਮੂਹਕ ਉਦਮਾਂ ਨਾਲ ਗਿਆਨ ਉਸਾਰੀ ਵਿੱਚ ਸ਼ਿੱਦਤ ਨਾਲ ਜੁੱਟੇ ਹੋਏ ਹਨ।

ਪਾਠਕ੍ਰਮ ਦੀ ਅਜਿਹੀ ਦ੍ਰਿਸ਼ਟੀ ਨੂੰ ਮਦਦ ਅਤੇ ਟਿਕਾਅ ਦੀ ਲੋੜ ਹੈ। ਇਹ ਸਭ ਕੁਝ ਹੋ ਸਕਦਾ ਹੈ ਸਮੁੱਚੀ ਸੰਰਚਨਾਂ ਅਤੇ ਅਦਾਰਿਆਂ ਦੇ ਪ੍ਰਬੰਧਕੀ ਸੁਧਾਰਾਂ ਦੇ ਨਾਲ। ਤਦ ਹੀ ਬੱਚਿਆਂ ਦੇ ਸਕੂਲ ਵਿੱਚ ਦਾਖਲੇ ਅਤੇ ਉਨ੍ਹਾਂ ਦੀ ਪੜ੍ਹਾਈ ਨੂੰ ਮਦਦ ਦੇਣ ਵਾਲੇ ਅਮਲ ਨੂੰ ਪ੍ਰਫੁੱਲਤ ਕੀਤਾ ਜਾ ਸਕਦਾ ਹੈ।

ਇਨ੍ਹਾਂ ਵਿੱਚੋਂ ਜ਼ਿਆਦਾ ਜਰੂਰੀ ਹਨ: ਅਧਿਆਪਕਾਂ ਨੂੰ ਤਿਆਰ ਕਰਨ ਦਾ ਪ੍ਰਬੰਧ ਜੋ ਉਨ੍ਹਾਂ ਦੇ ਕਾਰਜਕਾਰੀ ਅਭਿਆਸ ਨੂੰ ਨਿਗਰਾਨੀ ਅਤੇ ਅਕਾਦਮਕ ਅਗਵਾਹੀ ਰਾਹੀਂ ਮਦਦ ਕਰੇ; ਪਾਠ-ਪੁਸਤਕਾਂ ਅਤੇ ਪੜ੍ਹਾਈ ਵਾਲੀ ਸਮੱਗਰੀ ਤਿਆਰ ਕਰਨ ਵਾਲਾ ਪ੍ਰਬੰਧ; ਪੰਚਾਇਤ ਰਾਜ ਅਦਾਰਿਆਂ ਦਾ ਵਿਕੇਂਦਰੀਕਰਣ; ਕੰਮ-ਕੇਂਦਰਤ ਵਿੱਦਿਆ, ਧੰਦੇ ਵਾਲੀ ਵਿੱਦਿਆ ਅਤੇ ਸਿਖਲਾਈ। ਪਰ ਹੋਰ ਵੀ ਕਿਤੇ ਜ਼ਿਆਦਾ ਮਹੱਤਵ ਪੂਰਣ ਸੰਰਚਨਾਤਮਕ ਤੱਥ ਹੈ ਪ੍ਰੀਖਿਆ ਦਾ ਪ੍ਰਬੰਧ।

ਪਾਠਕ੍ਰਮ ਨੂੰ ਸਾਕਾਰ ਕਰਨ ਦੇ ਲਈ ਐਹੋ ਜਿਹੇ ਕਾਰਜ ਸੰਜੋਜਤ ਕੀਤੇ ਗਏ ਹਨ, ਜੋ ਅਧਿਆਪਕਾਂ ਰਾਹੀਂ ਹੋਣ ਤੇ ਜਿਨ੍ਹਾਂ ਦਾ ਅਨੁਭਵ ਅੱਗੋਂ ਜਾਕੇ ਬੱਚਿਆਂ ਨੂੰ ਮਿਲੇ। ਸਕੂਲ ਦਾ ਸਾਰਾ ਸੁਭਾਅ ਅਤੇ ਅਧਿਆਪਕਾਂ ਦੇ ਅਭਿਆਸ ਬੜੀ ਡੂੰਘੀ ਤਰ੍ਹਾਂ ਨਿਰਭਰ ਕਰਦੇ ਹਨ ਪ੍ਰਬੰਧ ਦੇ ਤਾਣੇ-ਬਾਣੇ ਉੱਪਰ। ਏਥੇ ਧਿਆਨ ਦੀ ਮੰਗ ਕਰਦੇ ਸੰਗੀਨ ਖੇਤਰ ਪਛਾਣ ਲਏ ਗਏ ਹਨ ਅਤੇ ਚਰਚਾ ਵੀ ਕੀਤੀ ਗਈ ਹੈ।

## 5.1 ਗੁਣਵੱਤਾ ਲਈ ਸੋਚ

ਪਾਠਕ੍ਰਮ ਵਿਚਲੇ ਸੁਧਾਰ ਹਰ ਉਸ ਵਡੇ ਅਕਾਰ ਵਾਲੀ ਪਹਿਲ ਕਦਮੀਂ ਦੇ ਕੇਂਦਰ ਪੁਰ ਟਿਕਦੇ ਹਨ ਜੋ ਭਿੰਨ ਭਿੰਨ ਪੱਧਰਾਂ ਉੱਪਰ ਵਿੱਦਿਅਕ ਸਿਲਸਿਲੇ ਦੀ ਗੁਣਵੱਤਾ ਨੂੰ ਬਿਹਤਰ ਬਨਾਉਣ ਲਈ ਕੀਤੀ ਜਾਵੇ। ਪ੍ਰਚਲਤ ਪਾਠਕ੍ਰਮ ਦੇ ਯਥਾਰਥ ਨੂੰ ਸੁਧਾਰਨ ਦੇ ਲਈ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੈ:

- ਗਿਆਨ ਨੂੰ ਜਾਣਕਾਰੀ ਨਾਲ ਰਲਗੱਡ ਕਰਨ ਦੀ ਪਰਵਿਰਤੀ ਨੂੰ ਰੋਕਿਆ ਜਾਵੇ। ਇਹਦੇ ਨਾਲ ਵਿਸ਼ਿਆਂ ਨੂੰ ਉੱਪਰਲੇ ਪੱਧਰਾਂ ਤੋਂ ਥੱਲੇ ਦੇ ਪੱਧਰਾਂ ਵੱਲ ਸਿਰਕਾ ਦੇਣ ਦੀ ਪਰਵਿਰਤੀ ਪੈਦਾ ਹੁੰਦੀ ਹੈ।
- ਬੱਚਿਆਂ ਦੀ ਸਿੱਖਿਆ ਨੂੰ ਅੱਡ ਕਰਕੇ ਸਮਝਣ ਨੂੰ ਛੱਡਕੇ, ਇਹਦੀ ਥਾਂ ਇਸ ਨੂੰ ਵਿਕਾਸ ਦੇ ਉਹਨਾਂ ਮਾਪਦੰਡਾਂ ਦੇ ਅਪਣਾਏ ਜਾਣ ਦੀ ਤਰ੍ਹਾਂ ਲਿਆ ਜਾਵੇ, ਜੋ ਪ੍ਰੇਰਨਾਂ ਅਤੇ ਸਮਰੱਥਾ ਦੇ ਸਰਬਪੱਖੀ ਵਿਕਾਸ ਦਾ ਪੈਟਰਨ ਬਣਦੇ ਹਨ।
- ਉਤਪਾਦਕ ਕੰਮ ਨੂੰ ਗਿਆਨ ਅਰਚਨ ਦੇ ਵਾਸਤੇ ਵਿੱਦਿਅਕ ਮਾਧਿਅਮ ਦੀ ਤਰ੍ਹਾਂ ਦੇਖਣ ਦੀ ਲੋੜ ਹੈ, ਜੋ ਸਕੂਲ ਤੋਂ ਪਹਿਲਾਂ ਦੀ ਪੱਧਰ ਤੋਂ ਲੈਕੇ ਉੱਚ ਸੈਕੰਡਰੀ ਪੱਧਰਾਂ ਤੱਕ ਕੀਮਤਾਂ ਦੇ ਵਿਕਾਸ ਅਤੇ ਬਹੁ-ਪਰਤੀ ਯੋਗਤਾਵਾਂ ਦੇ ਨਿਰਮਾਣ ਕਰਦਾ ਹੈ।
- ਪਾਠਕ੍ਰਮ ਦੀਆਂ ਚੋਣਾਂ ਦੇ ਲਈ ਬੱਚੇ ਦੇ ਸੰਧਰਭ ਨੂੰ ਪੂਰੀ ਤਰ੍ਹਾਂ ਧਿਆਨ ਵਿੱਚ ਰੱਖਣਾਂ ਪੈਣਾਂ ਹੈ। NPE-1986 ਅਤੇ POA-992 ਵਿੱਚ ਜੋਰ ਦਿੱਤੀਆਂ ਗਈਆਂ ਪਹੁੰਚਾਂ ਦੇ ਪ੍ਰਤੀ ਲਚਕ ਅਤੇ ਭਿੰਨਤਾ ਦਾ ਖਿਆਲ ਰੱਖਿਆ ਜਾਵੇ।

- 1984 ਵਾਲੇ ਚਟੋਪਾਧਿਆ ਕਮਿਸ਼ਨ ਦੀਆਂ ਸਿਫਾਰਸ਼ਾਂ ਦੀਆਂ ਲੀਹਾਂ ਪੁਰ ਪੜ੍ਹਾਈ ਨੂੰ ਪੇਸ਼ਾਵਰ ਬਨਾਉਣ ਦੇ ਲਈ ਅਧਿਆਪਕਾਂ ਦੀ ਭਰਤੀ ਕਰਨ ਵਾਲੀ ਨੀਤੀ ਬਦਲੀ ਜਾਵੇ ਅਤੇ ਸੇਵਾ-ਪਹਿਲੇ ਅਤੇ ਸੇਵਾ-ਸਮੇਂ ਦੇ ਕੰਮ ਕਰਨ ਦੇ ਮਹੌਲ ਵਿੱਚ ਤਬਦੀਲੀ ਲਿਆਂਦੀ ਜਾਵੇ।
- ਵਿੱਦਿਅਕ ਟੈਕਨਾਲੋਜੀ ਨੂੰ ਜਮਾਤ ਵਿਚਲੀ ਪੜ੍ਹਾਈ ਅਤੇ ਅਧਿਆਪਕ ਸਿਖਲਾਈ ਦੇ ਸਮੇਂ ਹੱਥੀਂ ਹੋਏ ਅਨੁਭਵ ਦਾ ਸਹਾਇਕ ਸਮਝਿਆ ਜਾਵੇ।

ਇਹ ਸਫਾਰਸ਼ਾਂ ਸਾਡੀ ਇਸ ਮੂਲ ਸੋਚ ਦਾ ਸੰਕੇਤ ਦੇ ਦੇਣ ਲਈ ਕਾਫੀ ਹਨ ਕਿ ਗੁਣਵੱਤਾ ਇੱਕ ਪ੍ਰਬੰਧਗਤ ਵਿਸ਼ੇਸ਼ਤਾ ਹੈ, ਨਾ ਕਿ ਕੇਵਲ ਸਿਖਲਾਈ ਜਾਂ ਪ੍ਰਾਪਤੀ ਦਾ ਇੱਕ ਤੱਥ। ਇੱਕ ਭਰਪੂਰ ਫੈਲਾਓ ਵਾਲੇ ਲੱਛਣ ਦੇ ਰੂਪ ਵਿੱਚ ਗੁਣਵੱਤਾ ਕਿਸੇ ਪ੍ਰਬੰਧ ਦੀ ਅਪਣਾ ਸੁਧਾਰ ਕਰਨ ਲੈਣ ਦੀ ਸਮਰੱਥਾ ਦਾ ਉਲੇਖ ਹੈ।

ਪ੍ਰਬੰਧ ਅਪਣੀਆਂ ਕਮਜ਼ੋਰੀਆਂ ਦਾ ਇਲਾਜ ਕਰਨ ਦੀ ਯੋਗਤਾ ਨੂੰ ਵਧਾਉਣ ਦੇ ਲਈ ਅਤੇ ਨਵੀਆਂ ਸਮਰੱਥਾਵਾਂ ਦਾ ਵਿਕਾਸ ਕਰਨ ਲਈ ਵਰਤਦਾ ਹੈ। ਜਿੰਨ੍ਹਾਂ ਮੁੱਖ ਸੁਧਾਰਾਂ ਦੀ ਸਾਡੇ ਪ੍ਰਬੰਧ ਨੂੰ ਲੋੜ ਹੈ, ਉਹ ਹਨ ਜੋ ਇਸ ਨੂੰ ਇਸ ਦੇ ਅੰਦਰ ਦੀ ਕਰੜਾਈ ਉੱਪਰ ਕਾਬੂ ਪਾ ਲੈਣ ਵਿੱਚ ਮਦਦਗਾਰ ਹੋਣ ਤੋਂ ਬਦਲਦੇ ਹਾਲਾਤਾਂ ਵਿੱਚ ਕਿਨਾਰਾ ਕਰੀ ਰੱਖਣ ਨੂੰ ਰੋਕਣਾ। ਇਹ ਵੰਗਾਰ ਓਸੇ ਦੇ ਸਮਾਨ ਹੈ ਜੋ POA-1962 ਨੇ ਆਧੁਨਿਕ ਹੋਣ ਦੇ ਸਬੰਧ ਵਿੱਚ ਜ਼ਿਆਦਾ ਅਪਨਾਉਣ ਦੀ ਖਾਤਰ ਦਿੱਤੀ ਗਈ ਸੀ।

ਇੱਕ ਵਿਕੇਂਦਰਤ ਪ੍ਰਬੰਧ ਵਿੱਚ ਢੁਕਵੇਂ ਬਣੇ ਰਹਿੰਣ ਦੇ ਲਈ ਪਾਠਕ੍ਰਮ ਅਤੇ ਸਿਖਲਾਈ ਦੇ ਅਮਲ ਦੇ ਲਈ ਜਰੂਰੀ ਹੈ ਕਿ ਇਸ ਦੇ ਸੁਧਾਰ ਦੇ ਉਦੇਸ਼ਾਂ ਅਤੇ ਵਿਧੀਆਂ ਦੀ ਗੱਲ ਕਰ ਲਈ ਜਾਵੇ। ਹੇਠ ਲਿਖਿਆਂ ਨੂੰ ਪਹਿਲ ਦੇਣੀ ਜਰੂਰੀ ਹੈ:

- ਸਕੂਲ ਨੂੰ ਅਪਣੇ ਹੀ ਪੱਧਰ ਉੱਪਰ ਫੈਸਲੇ ਲੈਣ ਦੇ ਲਾਇਕ ਬਣਾ ਦੇਣਾ, ਤਾ ਕਿ ਉਹ ਸਮਾਨ ਖਰੀਦਣ ਦੇ ਖੇਤਰ ਵਿੱਚ, ਸਥਾਨਕ ਅਦਾਰਿਆਂ ਦੇ ਨਾਲ ਭਾਈਬੰਦੀ ਦੇ ਲਈ, ਅਤੇ ਇਲਾਕੇ ਦੇ ਦੂਜੇ ਸਕੂਲਾਂ ਨੂੰ ਤੇ ਪ੍ਰਾਈਵੇਟ ਸਕੂਲਾਂ ਨੂੰ ਵੀ ਸ਼ਾਮਲ ਕਰ ਸਕਣ।
- ਸਿਲੇਬਸ ਅਤੇ ਪਾਠ-ਪੁਸਤਕਾਂ ਦੇ ਨਿਰਮਾਣ ਕਰਨ ਦੀਆਂ ਸਾਰੀਆਂ ਪ੍ਰਕਿਰਿਆਵਾਂ ਦੇ ਲਈ ਪ੍ਰਾਇਮਰੀ, ਉੱਚ-ਪ੍ਰਾਇਮਰੀ ਅਤੇ ਸੈਕੰਡਰੀ ਪੱਧਰਾਂ ਵਿਚਕਾਰ ਤਾਲ-ਮੇਲ ਬਠਾਉਣੇ।
- ਉਹ ਢਾਂਚੇ ਖੜ੍ਹੇ ਕਰਨੇ ਜਿੰਨ੍ਹਾਂ ਦੁਆਰਾ ਸਕੂਲ ਅਧਿਆਪਕ ਅਤੇ ਉੱਚ-ਸਿੱਖਿਆ ਦੇ ਅਦਾਰਿਆਂ ਦੇ ਵਿਸ਼ਿਆਂ ਦੇ ਮਾਹਰ ਸਿਲੇਬਸ ਅਤੇ ਪਾਠ-ਪੁਸਤਕਾਂ ਤਿਆਰ ਕਰਨ ਹਿੱਤ ਇਕੱਠੇ ਕੰਮ ਕਰ ਸਕਣ।
- ਅਜਿਹੇ ਸਥਾਨ ਸਿਰਜਣੇ ਜੋ ਸਥਾਨਕ ਪੱਧਰ ਦੇ ਚੋਣਵੇਂ ਅਦਾਰੇ ਦੀ ਕਾਰਜਸ਼ਕਤੀ ਦੇ ਵਾਧੇ ਦੇ ਵਾਸਤੇ ਅਧਿਆਪਕਾਂ ਦੇ ਨੇੜੇ ਰਹਿਕੇ ਕੰਮ ਕਰ ਸਕਣ।

- ਫੈਸਲੇ ਲੈਂਦੀਆਂ ਸਮਤੀਆਂ ਅਤੇ ਗੈਰਸਰਕਾਰੀ ਅਦਾਰਿਆਂ ਦੇ ਦਰਮਿਆਨ ਸਹਿਕਾਰਤਾ।
- ਭਿੰਨ ਭਿੰਨ ਫੈਸਲੇ ਲੈਂਦੀਆਂ ਸੰਰਚਨਾਵਾਂ ਅਤੇ ਪੱਧਰਾਂ ਵਿਚਕਾਰ ਜ਼ਿਆਦਾ ਸੰਚਾਰ ਅਤੇ ਪਾਰਦਰਸ਼ਤਾ ਨੂੰ ਉਤਸ਼ਾਹਤ ਕਰਨਾਂ।

ਗੁਣਵੱਤਾ ਸਿਰਫ਼ ਨਿਪੁੰਨਤਾ ਦਾ ਮਾਪਦੰਡ ਹੀ ਨਹੀਂ, ਇਸ ਦੀ ਇੱਕ ਪਰਤ ਮੁੱਲ ਵੀ ਹੈ। ਵਿੱਦਿਆ ਦੀ ਗੁਣਵੱਤਾ ਨੂੰ ਸੁਧਾਰਣ ਦੇ ਜਤਨ ਤਦ ਹੀ ਸਫਲ ਹੋ ਸਕਦੇ ਹਨ ਜੇ ਉਹ ਬਰਾਬਰੀ ਅਤੇ ਸਮਾਜਕ ਨਿਆਂ ਦੇ ਵਾਧੇ ਦੇ ਲਈ ਹੋ ਰਹੇ ਜਤਨਾਂ ਦੇ ਸੰਗ ਸਾਥ ਚੱਲਣ। ਦਰਮਿਆਨੇ ਪ੍ਰਬੰਧਾਂ ਦੀ ਬਹੁਤਾਤ ਅਤੇ ਸਕੂਲਾਂ ਦੀਆਂ ਬਹੁਤ ਸਾਰੀਆਂ ਕਿਸਮਾਂ ਵਿੱਦਿਅਕ ਪ੍ਰਬੰਧ ਦੀ ਗੁਣਵੱਤਾ ਉੱਪਰ ਬੁਰਾ ਅਸਰ ਪਾਉਂਦੀਆਂ ਹਨ, ਕਿਉਂਕਿ ਸਮਾਜ ਦੇ ਬਹੁਤਾ ਬੋਲਣ ਵਾਲੇ ਖੰਡਾਂ ਦਾ ਧਿਆਨ ਵਿਦਿਆਰਥੀਆਂ ਦੀ ਗਿਣਤੀ ਦੇ ਮਮੂਲੀ ਭਾਗ ਉੱਪਰ ਆਣ ਟਿਕਦਾ ਹੈ।

ਇਹ ਜਰੂਰੀ ਹੋ ਗਿਆ ਹੈ ਕਿ ਦੇਸ਼ ਦੇ ਸਾਰੇ ਭਾਗਾਂ ਵਿੱਚ ਇੱਕ ਸਾਂਝਾ ਸਕੂਲ ਪ੍ਰਬੰਧ ਵਿਕਸਤ ਕੀਤਾ ਜਵੇ, ਜਿਸ ਨਾਲ ਤੁਲਨਾਤਮਕ ਗੁਣਵੱਤਾ ਸੰਭਵ ਹੋ ਸਕੇ। ਰਾਸ਼ਟਰੀ ਪਾਠਕ੍ਰਮ ਦੇ ਢਾਂਚੇ ਦਾ ਇਹ ਆਸ਼ਾ ਵੀ ਹੈ। ਇਹ ਵੀ ਕਿ ਜਦ ਅਲੱਗ ਅਲੱਗ ਪਿਛੋਕੜਾਂ ਦੇ ਬੱਚੇ ਇਕੱਠੇ ਪੜ੍ਹਨ ਤਾਂ ਇਹਦੇ ਨਾਲ ਸਮੁਚੀ ਸਿੱਖਿਆ ਦੀ ਗੁਣਵੱਤਾ ਸੁਧਰਦੀ ਹੈ ਅਤੇ ਸਕੂਲ ਦਾ ਸੁਭਾਅ ਵੀ ਅਮੀਰ ਬਣਦਾ ਹੈ। ਜੇ ਇਸ ਦਸਤਾਵੇਜ਼ ਵਿੱਚ ਉਚਾਰਤ ਪਾਠਕ੍ਰਮ ਦੀ ਦ੍ਰਿਸ਼ਟੀ (ਲਚਕ, ਸੰਧਰਭਤਾ ਅਤੇ ਬਹੁਲਤਾ) ਸਾਂਝਾ ਸਕੂਲ ਪਰਬੰਧ ਵਿਕਸਤ ਕਰਨ ਦਾ ਆਧਾਰ ਬਣ ਜਵੇ, ਤਾਂ ਇੱਕ ਐਹੋ ਜਿਹਾ ਰਾਸ਼ਟਰੀ ਸਿੱਖਿਆ ਪ੍ਰਬੰਧ ਸੱਚ ਹੋ ਜਾਵੇਗਾ ਜਿਸ ਵਿੱਚ ਕੋਈ ਦੋ ਸਕੂਲ ਇੱਕੋ ਜਿਹੇ ਨਹੀਂ ਹੋਣਗੇ।

ਪਾਠਕ੍ਰਮ ਦੀ ਯੋਜਨਾਂ ਦੇ ਇੱਕ ਉਦੇਸ਼ ਦੇ ਤੌਰਤੇ ਸਮਾਜਕ ਨਿਆਂ ਦੇ ਕਈ ਸਪਸ਼ਟ ਮਤਲਬ ਬਣਦੇ ਹਨ ਤੇ ਕੁਝ ਇੱਕ ਸੂਖਮ ਮਤਲਬ ਵੀ। ਇੱਕ ਸਪੱਸ਼ਟ ਅਰਥ ਇਹ ਹੈ ਕਿ ਕੁਝ ਅਜਿਹੇ ਖਾਸ ਜਤਨਾਂ ਦੀ ਲੋੜ ਹੈ, ਜਿੰਨ੍ਹਾਂ ਨਾਲ ਇਹ ਪੱਕਾ ਹੋ ਜਾਵੇ ਕਿ ਸਿੱਖਿਆ ਸ਼ਮੂਲੀਅਤ ਵਾਲੀ ਪਛਾਣ ਨੂੰ ਅੱਗੇ ਵਧਾਵੇ। ਧਾਰਮਕ ਅਤੇ ਭਾਸ਼ਕ ਘੱਟ ਗਿਣਤੀਆਂ ਨਾਲ ਸਬੰਧਤ ਬੱਚਿਆਂ ਦੇ ਲਈ ਸਵਿਧਾਨ ਵਿੱਚ ਦਿੱਤੇ ਪਰਿਪੇਖ ਦੇ ਅਨੁਸਾਰ ਵਿਸ਼ੇਸ਼ ਸਹੂਲਤ ਅਤੇ ਧਿਆਨ ਦੀ ਲੋੜ ਹੈ।

ਜਨ-ਜਾਤੀਆਂ ਦੀਆਂ ਭਾਸ਼ਾਵਾਂ ਦੇ ਸਬੰਧ ਵਿੱਚ ਕਈ ਰਾਜਾਂ ਨੇ ਬੱਚੇ ਦੇ ਘਰ ਦੀ ਭਾਸ਼ਾ ਵਿੱਚ ਮੁਢਲੀ ਸਿੱਖਿਆ ਕਰਵਾ ਸਕਣ ਦੇ ਲਈ ਮਹੱਤਵ ਪੂਰਣ ਕਦਮ ਚੁੱਕੇ ਹਨ। ਅਜਿਹੇ ਕਦਮਾਂ ਦੇ ਅੰਤਰਗਤ ਹੋਰ ਵੀ ਜ਼ਿਆਦਾ ਜਰੂਰਤ ਹੈ ਅਧਿਆਪਕ ਦਾ ਬਹੁਭਾਸ਼ੀ ਹੋਣਾਂ। ਏਸੇ ਤਰ੍ਹਾਂ ਹੀ ਮਦਰੱਸਿਆਂ ਦੀ ਸਿੱਖਿਆ ਨੂੰ ਵੀ ਮਜ਼ਬੂਤ ਕਰਨ ਦੇ ਲਈ ਨੀਤੀ ਦੇ ਪੱਧਰ ਉੱਪਰ ਕੁਝ ਪਹਿਲ ਹੋਵੇ।

ਪਾਠਕ੍ਰਮ ਦੀ ਨੀਤੀ ਦੇ ਸਮਾਜਕ ਨਿਆਂ ਵਾਲੇ ਉਦੇਸ਼ ਦੇ ਸੂਖਮ ਮਤਲਬ ਜ਼ਿਆਦਾ ਵੰਗਾਰ ਭਰੇ ਹਨ। ਇਹਨਾਂ ਦਾ ਸਬੰਧ ਹੈ ਜਾਗਰੂਕਤਾ ਅਤੇ ਸਮਰੱਥਾਵਾਂ ਦੇ ਨਾਲ, ਲਚਕ ਅਤੇ ਕਲਪਨਾਸ਼ੀਲ ਤਾਲ-ਮੇਲ ਦੇ ਨਾਲ, ਜੋ ਸਿਲੇਬਸ ਦੇ ਨਿਰਮਾਤਾਵਾਂ, ਪਾਠ-ਪੁਸਤਕਾਂ ਦੇ ਲੇਖਕਾਂ ਅਤੇ ਅਧਿਆਪਕਾਂ ਦੇ ਵਿਚਕਾਰ ਹੋਵੇ।

ਸਾਰੇ ਬੱਚਿਆਂ ਦੇ ਲਈ ਉਨ੍ਹਾਂ ਸਮਾਜਕ, ਆਰਥਕ ਅਤੇ ਸਭਿਆਚਾਰਕ ਪਿਛੋਕੜਾਂ ਵਿੱਚ ਫਰਕ ਹੋਣ ਦੇ ਬਾਵਜੂਦ, ਵਿੱਦਿਆ ਨੂੰ ਇੱਕ ਪ੍ਰਫੁੱਲਤ ਕਰਦਾ ਅਨੁਭਵ ਬਣਿਆ ਰੱਖਣ ਦੇ ਵਾਸਤੇ ਕੁਝ ਠੋਸ ਕਦਮ ਉਠਾਣ ਦੀ ਲੋੜ ਹੈ। ਇਹ ਕਦਮ ਅਧਿਆਪਕ ਸਿੱਖਿਆ, ਪਾਠਕ੍ਰਮ ਅਤੇ ਸਿਲੇਬਸ ਤੇ ਪਾਠ-ਪੁਸਤਕਾਂ ਦੇ ਤਿਆਰ ਕਰਨ ਦੇ ਲਈ ਵਰਤੇ ਜਾਂਦੇ ਢੰਗਾਂ ਵਾਸਤੇ ਹੋਣ।

ਅੱਜ-ਕੱਲ੍ਹ ਪ੍ਰਚਲਤ B.Ed ਤੇ M.Ed. ਆਦਿ ਅਧਿਆਪਕ ਸਿੱਖਿਆ ਦੇ ਪ੍ਰੋਗਰਾਮਾਂ ਵਿੱਚ ਜਮਤਾਂ ਦੇ ਅੰਦਰ ਅਜਿਹੇ ਸਭਿਆਚਾਰ ਨੂੰ ਸਾਜਣ ਦੇ ਲਈ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ ਜੋ ਬੱਚਿਆਂ, ਖਾਸ ਕਰਕੇ ਸਮਾਜ ਦੇ ਦਲਿਤ ਅਤੇ ਪਛੜੇ ਵਰਗ ਦੀਆਂ ਕੁੜੀਆਂ ਦੇ ਲਈ ਸ਼ਾਮਲ ਕਰ ਸਕਣ ਵਾਲਾ ਹੋਵੇ। ਸਿਲੇਬਸ ਨਿਰਮਾਣ ਅਤੇ ਪਾਠ-ਪੁਸਤਕ ਲੇਖਣ ਵਿੱਚ ਸਭਿਆਚਾਰਕ ਵਖਰੇਵਿਆਂ ਪ੍ਰਤੀ ਸੰਵੇਦਨਾਂ ਦਿਖਾਉਂਦੀਆਂ ਚੀਜ਼ਾਂ/ਮੱਦਾਂ ਅਕਸਰ ਬਾਅਦ ਵਿੱਚ ਆਏ ਵਿਚਾਰਾਂ ਦੇ ਰੂਪ ਵਿੱਚ ਹੀ ਆਉਂਦੀਆਂ ਹਨ। ਨਾ ਕਿ ਸਾਰੀ ਪ੍ਰਕਿਰਿਆ ਦੇ ਅੰਦਰ ਕਾਰਜਸ਼ੀਲ ਤੱਤਾਂ ਦੀ ਤਰ੍ਹਾਂ। ਲਿੰਗ ਅਤੇ ਹੋਰ ਵਿਸ਼ੇਸ਼ ਲੋੜਾਂ ਦਾ ਵੀ ਇਹੀ ਹਾਲ ਹੈ।

ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ ਉੱਪਰ ਚਲਦੀ ਬਹਿਸ ਦੇ ਦੌਰਾਨ NCERT ਨੂੰ ਮਿਲੇ ਕਈ ਸੁਨਹਿਆਂ ਵਿੱਚੋਂ ਇੱਕ ਸੁਨੇਹਾ ਇੱਕ ਅੱਲੜ੍ਹ ਕੁੜੀ ਤੋਂ ਪ੍ਰਾਪਤ ਹੋਇਆ ਸੀ। ਉਸ ਨੇ ਇਹ ਸੁਝਾਅ ਦਿੱਤਾ ਕਿ ਮੁੰਡਿਆਂ ਵਿੱਚ ਕੁੜੀਆਂ ਦੇ ਪ੍ਰਤੀ ਵਿਹਾਰ ਦੇ ਲਈ ਖਾਸ ਜਾਗਰੂਕਤਾ ਲਿਆਉਣ ਦੀ ਲੋੜ ਹੈ। ਅਜਿਹੇ ਵਿਚਾਰ ਨੂੰ ਇੱਕ ਸ਼ਮੂਲੀਅਤ ਵਾਲੇ ਜਮਾਤ ਦੇ ਕਮਰੇ ਅਤੇ ਸਕੂਲ ਨੀਤੀ ਦੇ ਸਭ ਪਹਿਲੂਆਂ ਉੱਤੇ ਲਾਗੂ ਕਰ ਲੈਣ ਦੇ ਲਈ ਹੋਰ ਅੱਗੇ ਵਧਾਇਆ ਜਾ ਸਕਦਾ ਹੈ।

### 5.1.1 ਅਕਾਦਮਕ ਯੋਜਨਾਂ ਅਤੇ ਗੁਣਵੱਤਾ ਦੀ ਨਿਗਰਾਨੀ

ਸਕੂਲ ਦੀ ਪੜ੍ਹਈ ਬਾਰੇ ਪ੍ਰਚਲਤ ਅਕਾਦਮਕ ਯੋਜਨਾਂ ਬਹੁਤਾ ਕਰਕੇ ਇੱਕ ਉੱਪਰੋਂ ਹੇਠਾਂ ਨੂੰ ਚੱਲਦਾ ਸਾਲਾਨਾ ਅਭਿਆਸ ਹੈ। ਇਸ ਦਾ ਮੁੱਖ ਮਕਸਦ ਹੁੰਦਾ ਹੈ ਸਾਰੇ ਸਾਲ ਵਿੱਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਦੇ ਲਈ ਸਮੇਂ ਦੀ ਵੰਡ ਤੇ ਸਕੂਲ ਵਿੱਚ ਕਰਵਾਈਆਂ ਜਾਣ ਵਾਲੀਆਂ ਹੋਰ ਗਤੀਵਿਧੀਆਂ ਦਾ ਫੈਸਲਾ ਲੈਣਾਂ। ਆਮ ਤੌਰਤੇ ਇਹ

ਕੰਮ SCERT ਜਾਂ ਸਿੱਖਿਆ ਵਿਭਾਗ ਕਰਦੇ ਹਨ। ਸਮੇਂ ਸਾਰਣੀ ਦਾ ਇਹ ਫੈਸਲਾ ਇੱਕ ਰਾਜ ਦੇ ਸਾਰੇ ਸਕੂਲਾਂ ਦੇ ਲਈ ਨਿਰਧਾਰਤ ਕਰ ਦਿੱਤਾ ਜਾਂਦਾ ਹੈ।

ਸਕੂਲ ਪੱਧਰ ਉੱਪਰ ਯੋਜਨਾਂ ਦੇ ਮਹੱਤਵ ਪੁਰ ਕੋਠਾਰੀ ਕਮਿਸ਼ਨ ਨੇ ਜੋਰ ਦਿੱਤਾ ਸੀ। ਇਸ ਵਿੱਚ ਪੁਰਜ਼ੋਰ ਸ਼ਬਦਾਂ ਵਿੱਚ ਹਰ ਸਕੂਲ ਨੂੰ 'ਅਦਾਰੇ ਦੀ ਯੋਜਨਾਂ' ਬਨਾਉਣ ਦੀ ਲੋੜ ਦੇ ਲਈ ਕਿਹਾ ਗਿਆ ਸੀ। ਇਹ ਵੀ ਕਿ ਇੱਕ 'ਵਿਕਾਸ ਦਾ ਪ੍ਰੋਗਰਾਮ ਜੋ ਸਮੇਂ ਦੇ ਇੱਕ ਖੰਡ ਉੱਪਰ ਵਿਆਪਿਆ ਹੋਵੇ' ਵਿਕਸਤ ਕੀਤਾ ਜਾਵੇ।

ਅਰਥਦਾਰ ਹੋਣ ਦੇ ਵਾਸਤੇ ਜਰੂਰੀ ਹੈ ਕਿ ਅਕਾਦਮਕ ਯੌਜਨਾਂ ਨੂੰ ਸਕੂਲ ਦੇ ਮੁੱਖੀ ਅਤੇ ਅਧਿਆਪਕ ਰਲਕੇ ਬਨਾਉਣ। ਇਸ ਯੌਜਨਾਂ ਦਾ ਇੱਕ ਹਿੱਸਾ ਸਕੂਲ ਦੇ ਭੌਤਕ ਸਾਧਨਾਂ ਦਾ ਵਿਸਥਾਰ ਕਰਨਾਂ ਅਤੇ ਵਧੀਆ ਬਨਾਉਣਾਂ ਹੋਵੇ। ਦੂਜਾ ਹਿੱਸਾ ਵਿਦਿਆਰਥੀਆਂ ਦੀਆਂ ਭਿੰਨ ਭਿੰਨ ਜਰੂਰਤਾਂ ਨੂੰ ਸੰਬੋਧਤ ਹੋਵੇ। ਸਾਧਨਾਂ ਦੀ ਅਤੇ ਅਕਾਦਮਕ ਸਹਾਇਤਾ ਦੀ ਪਛਾਣ ਕਰੇ ਜੋ ਸਕੂਲ ਨੂੰ ਲੋੜਾਂ ਦੀ ਪੂਰਤੀ ਵਾਸਤੇ ਚਾਹੀਦੀਆਂ ਹੋਣ।

ਯੋਜਨਾਬੰਦੀ ਇੱਕ ਬੜੀ ਮਹੱਤਵ ਪੂਰਣ ਪ੍ਰਕਿਰਿਆ ਹੈ, ਜਿਸ ਰਾਹੀਂ ਸਕੂਲ ਬੱਚਿਆਂ ਦੀ ਪੜ੍ਹਾਈ ਵਿੱਚ ਮੁਕੰਲ ਭਾਈਚਾਰੇ ਦੀ ਭਾਗਦਾਰੀ ਅਤੇ ਮਦਦ ਦਰਜ਼ ਕਰਵਾ ਸਕਦੇ ਹਨ। ਇਸ ਵਿੱਚ ਪਿੰਡ ਦੀ ਵਿਦਿਅਕ ਕਮੇਟੀ ਅਤੇ ਹੋਰ ਸੰਵਿਧਾਨਕ ਸੰਸਥਾਵਾਂ ਦਾ ਸ਼ਾਮਲ ਹੋਣਾਂ ਸੰਭਵ ਹੈ।

ਛੋਟੇ ਪੈਮਾਨੇ ਦੀ ਯੋਜਨਾਂ ਜਿਸ ਵਿੱਚ ਪਿੰਡ ਦੇ ਪੱਧਰ ਉੱਤੇ ਸਕੂਲ ਵਿੱਚ ਭਾਗਦਾਰੀ ਦਾ ਨਕਸ਼ਾ ਬਨਾਉਣਾਂ (ਦਾਖਲ ਨਾਂ ਹੋਏ ਬੱਚੇ, ਹਾਜਰੀ ਦੇ ਪੈਟਰਨ, ਵਿਸ਼ੇਸ਼ ਲੋੜਾਂ ਵਾਲੇ ਬੱਚੇ ਆਦਿ), ਜਨ-ਸਨਸਾਧਨਾਂ ਦੀ ਨਿਸ਼ਾਨਦੇਈ ਕਰਨੀ ਹੁੰਦੇ ਹਨ। ਸਕੂਲ ਨੂੰ ਹਰ ਬੱਚੇ ਦੇ ਅਧਾਰ 'ਤੇ ਜ਼ਿਆਦਾ ਯਥਾਰਥਕ ਢੰਗ ਨਾਲ ਯੋਜਨਾ ਬਣਾ ਲੈਣ ਵਿੱਚ ਮਦਦ ਕਰਨੀ ਹੁੰਦੀ ਹੈ। ਯੋਜਨਾਕਾਰੀ ਅਤੇ ਅਮਲਕਾਰੀ ਦੋਨਾਂ ਪੱਖਾਂ ਦੇ ਮਾਮਲੇ ਵਿੱਚ ਸਕੂਲ ਪੱਧਰ ਉੱਪਰ ਹੋਰ ਸੁਤੰਤਰ ਹੋਣ ਦੇ ਲਈ ਇਹ ਜਰੂਰੀ ਹੈ ਕਿ ਵਿੱਤੀ ਵੰਡ ਸਕੀਮਾਂ ਅਤੇ ਮਾਪਦੰਡਾਂ ਵਿੱਚ ਹੋਰ ਜ਼ਿਆਦਾ ਖੁੱਲ੍ਹ ਦਿੱਤੀ ਜਾਵੇ। ਬੱਜਟ ਦੀ ਵੰਡ ਅਤੇ ਖਰਚੇ ਵਿੱਚ ਪਾਰਦਰਸ਼ਤਾ ਤੇ ਜਵਾਬਦੇਹੀ ਵੀ ਹੋਵੇ।

ਲੋੜ ਹੈ ਸਾਰੇ ਪ੍ਰਬੰਧ ਨੂੰ ਤਿਆਰ ਕਰਕੇ ਹੋਰ ਜ਼ਿਆਦਾ ਵਿਸਥਾਰੀ ਅਤੇ ਖਰੀ ਯੋਜਨਬੰਦੀ ਵਿੱਚ ਲਾਉਣ ਦੀ ਜੋ ਹੇਠੋਂ ਅਰੰਭ ਹੋਵੇ, ਨਾਕਿ ਹਰ ਇਕਾਈ ਦੇ ਖਰਚੇ ਵਾਲੇ ਗਣਿਤ ਨੂੰ ਰਾਜ ਜਾਂ ਦੇਸ਼ ਦੇ ਪੱਧਰ ਉੱਪਰ ਬਣੇ ਪ੍ਰੋਗਰਾਮਾਂ ਉੱਤੇ ਲਾਗੂ ਕਰਨ ਦੀ। ਤਦ ਹੀ 'ਖੁਦਮੁਖਤਾਰੀ', ਸਕੂਲਾਂ ਤੇ ਅਧਿਆਪਕਾਂ ਦੀ 'ਚੋਣ' ਅਤੇ ਸਕੂਲਾਂ ਦੀ ਬੱਚਿਆਂ ਦੀਆਂ ਲੋੜਾਂ ਪ੍ਰਤੀ ਜ਼ਿੰਮੇਵਾਰੀ ਕੋਈ ਅਰਥ ਰੱਖ ਸਕਦੇ ਹਨ।

ਹੇਠੋਂ ਉਤਾਂਹ ਜਾਂਦੀ ਯੋਜਨਾ ਦੀ ਮੋਟੀ ਜਿਹੀ ਰੂਪਰੇਖਾ ਸ਼ੁਰੂ ਹੁੰਦੀ ਹੈ ਸਕੂਲਾਂ ਦੇ ਅਪਣੇ ਕੇਂਦਰੀ ਖੇਤਰ ਦੀ ਪਛਾਣ ਕਰਨ ਨਾਲ; ਤੇ ਅੱਗੇ ਖਿੱਤੇ ਅਤੇ ਬਲਾਕ ਦੇ ਪੱਧਰ ਉੱਪਰ ਹੋਰ ਪਕੜ ਜਮਾ ਲੈਣ ਨਾਲ ਇੱਕ ਸਹੀ ਅਰਥਾਂ ਵਿੱਚ ਜ਼ਿਲੇ ਦੇ ਪੱਧਰ ਦੀ ਵਿਕੇਂਦਰਤ ਯੋਜਨਾਬੰਦੀ ਹੋ ਜਾਂਦੀ ਹੈ। ਇਹਨਾਂ ਸਾਰੇ ਪੱਧਰਾਂ ਉੱਪਰ ਟੀਚੇ ਮਿਥਣੇ ਤੇ ਜ਼ਿੰਮੇਵਾਰ ਬਣਨ ਦੇ ਲਈ ਯੋਜਨਾਕਾਰੀ ਵਗੈਰਾ ਦੇ ਲਈ ਸੰਭਵ ਹੋ ਸਕਦਾ ਹੈ।

## 5.1.2 ਸਕੂਲਾਂ ਵਿੱਚ ਅਕਾਦਮਕ ਅਗਵਾਈ ਅਤੇ ਸਕੂਲਾਂ ਦੀ ਨਿਗਰਾਨੀ

ਅਪਣੇ ਸਕੂਲਾਂ ਦੇ ਵਾਸਤੇ ਅਕਾਦਮਕ ਅਗਵਾਈ ਦੇ ਲਈ ਜੋ ਭੂਮਿਕਾ ਹੈੱਡ ਮਾਸਟਰ ਨਿਭਾਅ ਸਕਦੇ ਹਨ ਉਹ ਹਾਲੇ ਪੂਰੀ ਤਰ੍ਹਾਂ ਸਮਝੀ ਨਹੀਂ ਗਈ। ਵਰਤਮਾਨ ਵਿੱਚ ਉਨ੍ਹਾਂ ਨੂੰ ਸਕੂਲ ਦੇ ਪ੍ਰਬੰਧਕ ਦੇ ਰੂਪ ਵਿੱਚ ਹੀ ਦੇਖਿਆ ਜਾਂਦਾ ਹੈ, ਭਵਾਂ ਕਿ ਇਸ ਅਧਿਕਾਰ ਨੂੰ ਵੀ ਲਗੂ ਕਰਨ ਦੇ ਲਈ ਜਾਂ ਸਕੂਲ ਨੂੰ ਲਗਾਤਾਰ ਕੰਮ ਕਰਦਾ ਰੱਖਣ ਲਈ ਉਨ੍ਹਾਂ ਦੇ ਕੋਲ ਕੋਈ ਲੋੜੀਂਦਾ ਨਿਯੰਤਰਣ ਨਹੀਂ ਹੈ। ਸਕੂਲ ਦੇ ਪਾਠਕ੍ਰਮ ਨਾਲ ਸਬੰਧਤ ਕੋਈ ਚੋਣ ਕਰ ਸਕਣ ਜਾਂ ਸੇਧ ਦੇ ਸਕਣ ਦੇ ਵਾਸਤੇ ਵੀ ਨਾਂ ਤਾਂ ਉਨ੍ਹਾਂ ਕੋਲ ਕੋਈ ਯੋਗਤਾ ਹੈ ਤੇ ਨਾਂ ਹੀ ਕੋਈ ਅਧਿਕਾਰ।

ਹੈੱਡ ਮਾਸਟਰਾਂ (ਅਤੇ ਅਧਿਆਪਕਾਂ) ਨੂੰ ਚਾਹੀਦਾ ਹੈ ਕਿ ਉਹ ਅਪਣੇ ਸਕੂਲਾਂ ਦੇ ਲਈ ਚਾਹੀਦੀ ਮਦਦ ਨੂੰ ਪਛਾਣ ਸਕਣ ਦੇ ਯੋਗ ਹੋਣ; ਸਿਖਲਾਈ ਦੇ ਵਿਸ਼ੈ-ਵਸਤੂ ਬਾਰੇ, ਖਿੱਤੇ ਅਤੇ ਬਲਾਕ ਦੇ ਅਧਿਕਾਰੀਆਂ ਦੇ ਦੌਰਿਆਂ ਤੋਂ ਅਪਣੀਆਂ ਉਮੀਦਾਂ ਨੂੰ ਪ੍ਰਗਟ ਕਰ ਸਕਣ; ਅਤੇ ਨਿਰੀਖਣ ਅਤੇ ਨਿਗਰਾਨੀ ਦੀ ਸਾਰੀ ਪ੍ਰਕਿਰਿਆਂ ਵਿੱਚ ਹਿੱਸਾ ਲੈ ਸਕਣ। ਇਸ ਸਮੇਂ ਅਕਾਦਮਕ ਰੋਲ ਦੇ ਪੱਖੋਂ ਉਹ ਅਧਿਆਪਕਾਂ ਨਾਲੋਂ ਕੋਈ ਬਹੁਤੇ ਨਿਖੇੜਦੇ ਨਹੀਂ ਹਨ। ਜੋ ਭੂਮਿਕਾ ਹੈੱਡ ਮਾਸਟਰ ਅਤੇ ਅਸਲ ਵਿੱਚ ਹੈੱਡ ਮਾਸਟਰਾਂ ਦਾ ਭਾਈਚਾਰਾ ਕਿਸੇ ਖਿੱਤੇ ਦੇ ਸਕੂਲਾਂ ਦੇ ਅੰਦਰ ਨਿਭਾਅ ਸਕਦੇ ਹਨ, ਉਹਨੂੰ ਉਜਾਗਰ ਕਰਨਾਂ ਜਰੂਰੀ ਹੈ। ਇਸ ਭੂਮਿਕਾ ਦੇ ਲਈ ਸਮਰਥਾ ਦੇ ਵਿਕਾਸ ਪੁਰ ਧਿਆਨ ਦੇਣਾਂ ਵੀ ਜਰੂਰੀ ਹੈ।

ਸਕੂਲ ਹੁਣ ਅਜਿਹੇ ਪ੍ਰੋਗਰਾਮਾਂ ਦੀ ਵਧਦੀ ਗਿਣਤੀ ਦੇ ਧਿਆਨ ਦਾ ਕੇਂਦਰ ਹਨ, ਜਿਨ੍ਹਾਂ ਦਾ ਉਦੇਸ਼ ਗੁਣਵੱਤ ਨੂੰ ਵਧਾਉਣ ਅਤੇ ਵਾਤਾਵਰਣ ਤੇ ਸਿਹਤ ਆਦਿ ਵਰਗੇ ਸਮਾਜਕ ਮੁੱਧਿਆਂ ਬਾਰੇ ਜਾਗਰੂਕਤਾ ਪੈਦਾ ਕਰਨਾਂ ਹੈ। ਹੈੱਡ ਮਾਸਟਰਾਂ ਅਕਸਰ ਅਣਗਿਣਤ ਪ੍ਰੋਗਰਾਮਾਂ ਨੂੰ ਕਰਵਾਉਣ ਅਤੇ ਭਾਗ ਲੈਣ ਵਿੱਚ ਘਿਰੇ ਰਹਿੰਦੇ ਹਨ। ਬਹੁਤਾ ਕਰਕੇ ਪ੍ਰੋਗਰਾਮਾਂ ਵਿੱਚ ਮਕਸਦ ਅਤੇ ਵਿਧੀ ਦੇ ਪੱਖੋਂ ਸਪੱਸ਼ਤਾ ਨਹੀਂ ਹੁੰਦੀ ਅਤੇ ਸਾਰੀ ਕਾਰਗੁਜ਼ਾਰੀ ਰਲਗੱਡ ਹੋਈ ਹੁੰਦੀ ਹੈ। ਸਕੂਲ ਪੱਧਰ ਦੀ ਯੋਜਨਾਬੰਦੀ ਦੀ ਪ੍ਰਕਿਰਿਆ ਦੇ ਅੰਗ ਵਜੋਂ ਇਹ ਜਰੂਰੀ ਹੈ ਕਿ ਉਹ ਲੋੜੀਂਦੇ ਪ੍ਰੋਗਰਾਮਾਂ ਬਾਰੇ ਫੈਸਲਾ ਲੈਣ ਵਿੱਚ ਹਿੱਸਾ ਲੈ ਸਕਣ, ਜਿਸ ਨਾਲ ਉਹਨਾਂ ਪ੍ਰੋਗਰਾਮਾਂ ਦਾ ਸਕੂਲ ਦੇ ਸਮੁੱਚੇ ਕਾਰਜਾਂ ਨਾਲ ਤਾਲ-ਮੇਲ ਬੈਠ ਸਕੇ। ਫਿਰ ਇਹੀ ਪ੍ਰੋਗਰਾਮ ਖਿੱਤੇ ਤੇ ਜਾਂ ਬਲਾਕ ਦੇ ਪੱਧਰ ਪੁਰ ਹੋ ਸਕਦੇ ਹਨ।

ਪਰੰਮਪਰਾ ਚਲਦੀ ਰਹਿੰਣ ਦੇ ਕਾਰਣ ਸਕੂਲਾਂ ਦਾ ਨਿਰੀਖਣ ਇੱਕ ਇੰਸਪੈਕਟਰੀ ਪ੍ਰਬੰਧ ਰਾਹੀਂ ਹੁੰਦਾ ਆਇਆ ਹੈ। ਇਹ ਪ੍ਰਬੰਧ ਰੋਅਬ ਜਮਾਉਣ ਅਤੇ ਅਧਿਕਾਰ ਜਤਾਉਣ ਦਾ ਦਮ ਭਰਦਾ ਆਇਆ ਹੈ। ਅਧਿਆਪਕਾਂ ਦੀ ਅਕਾਦਮਕ ਮਦਦ ਕਰਨ ਖਾਤਰ ਕੁਝ ਨਹੀਂ ਹੋਇਆ। ਸਕੂਲ ਦੇ ਇੰਸਪੈਕਟ੍ਰਾਂ ਨੇ ਕਈ ਸਾਰੇ ਕੰਮ ਕਰਨੇ ਹੁੰਦੇ ਹਨ। ਇਨ੍ਹਾਂ ਵਿੱਚੋਂ ਇੱਕ ਹੈ ਉਹਨਾਂ ਦੇ ਅਧੀਨ ਸਕੂਲਾਂ ਦਾ ਦੌਰਾ ਕਰਨਾਂ। ਇਹ ਦੌਰੇ ਕਦੇ ਕਦਾਈਂ ਹੁੰਦੇ ਹਨ। ਅਧਿਆਪਕ ਅਤੇ ਵਿਦਿਆਰਥੀ ਸਜਾ ਤੋਂ ਡਰਦੇ ਮਾਰੇ ਇਹਨਾਂ ਦੌਰਿਆਂ ਵਿੱਚ ਸਕੂਲ ਦੇ ਯਥਾਰਥ ਦੀ ਥਾਂ ਬੜੀ ਵਧੀਆ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਨਿਰੀਖਣ ਨੂੰ ਮਹਿਜ ਇੱਕ 'ਪੋਲੀਸਦਾਰੀ' ਦਾ ਮਸਮਲਾ ਬਣਾਕੇ ਰੱਖ ਦਿੰਦਾ ਹੈ।

ਗੁਣਵੱਤਾ ਵਾਸਤੇ ਨਿਰੀਖਣ ਨੂੰ ਇੱਕ ਪ੍ਰਕਿਰਿਆ ਦੀ ਤਰ੍ਹਾਂ ਦੇਖਿਆ ਜਾਵੇ। ਜਮਾਤ ਦੇ ਸੰਧਰਭ ਵਿੱਚ ਇਹ ਪੜ੍ਹਾਉਣ ਅਤੇ ਸਿੱਖਣ ਦੀਆਂ ਪ੍ਰਕਿਰਿਆਵਾਂ ਦੇ ਵਾਸਤੇ ਬੜੀ ਉਸਾਰੂ ਪੁਨਰ-ਸੂਚਨਾਂ ਦੇ ਕੇ ਸਹਾਇਤਾ ਕਰ ਸਕਦੀ ਹੈ। ਨਿਰੀਖਣ ਦਾ ਪ੍ਰਬੰਧ ਉਸਾਰਨ ਕਰਨ ਲੱਗਿਆਂ ਇਸ ਨੂੰ ਇਹਦੇ ਉਦੇਸ਼ਾਂ ਨਾਲ ਧਰਕੇ ਦੇਖ ਪਰਖ ਲਿਆ ਜਾਵੇ। ਉਹਨਾਂ ਮਾਪਦੰਡਾਂ ਅਤੇ ਅਭਿਆਸਾਂ ਦਾ ਵੀ ਖਿਆਲ ਰੱਖਿਆ ਜਾਵੇ ਜਿੰਨ੍ਹਾਂ ਦੇ ਲਾਗੂ ਕਰਨ ਨਾਲ ਉਦੇਸ਼ਾਂ ਦੀ ਪੂਰਤੀ ਹੋਣੀ ਹੈ। ਨਿਰੀਖਣ ਵੱਖ ਵੱਖ ਸਕੂਲਾਂ ਦੇ ਨਾਲ ਜਮਾਤ-ਕਮਰੇ ਦੇ ਸੰਧਰਭ ਵਿੱਚ ਪੜ੍ਹਾਉਣ ਅਤੇ ਸਿੱਖਣ ਦੀਆਂ ਪ੍ਰਕਿਰਿਆਵਾਂ ਦੇ ਲਈ ਨਿਰੰਤਰ ਸੰਵਾਦ ਸੰਭਵ ਕਰੇ।

### 5.1.3 ਪੰਚਾਇਤਾਂ ਅਤੇ ਸਿੱਖਿਆ

ਸਵਿਧਾਨ ਦੇ 73ਵੇਂ ਸੰਸ਼ੋਧਨ ਨੇ ਦੇਸ਼ ਵਿੱਚ ਤਿੰਨ-ਤੈਹਾਂ ਵਾਲਾ ਪੰਚਾਇਤ ਰਾਜ ਸਥਾਪਤ ਕਰ ਦਿੱਤਾ ਹੈ। ਗ੍ਰਾਮ, ਤਹਿਸੀਲ ਅਤੇ ਜ਼ਿਲੇ ਦੇ ਪੱਧਰਾਂ ਉੱਪਰ ਚੁਣੀਆਂ ਹੋਈਆਂ ਸਥਾਨਕ ਸਮਤੀਆਂ ਸਥਾਪਤ ਹੋ ਗਈਆਂ ਹਨ। ਜੀਹਦੇ ਨਾਲ ਲੋਕਾਂ ਦੀ ਸੋਚਣ, ਫੈਸਲਾ ਲੈਣ ਅਤੇ ਕਾਰਜ ਕਰਨ ਵਿੱਚ ਮਦਦ ਹੋ ਸਕੇ। ਉਹ ਅਪਣੇ ਸਾਂਝੇ ਹਿੱਤਾਂ ਦੇ ਲਈ, ਵਿਕਾਸ ਦੇ ਖੇਤਰ ਵਿੱਚ ਲੋਕਾਂ ਨੂੰ ਹੋਰ ਭਰਵੀਂ ਭਾਗਦਾਰੀ ਦੇਣ ਦੇ ਲਈ, ਪ੍ਰਦੇਸ਼ ਵਿੱਚ ਪੇਂਡੂ ਵਿਕਾਸ ਦੇ ਪ੍ਰੋਗਰਾਮਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਜਕੀਨੀ ਬਨਾਉਣ ਦੇ ਲਈ, ਅਤੇ ਸਮਾਜਕ ਨਿਆਂ ਦੇ ਲਈ ਆਰਥਕ ਵਿਕਾਸ ਦੇ ਪ੍ਰੋਗਰਾਮ ਉਲੀਕਣ ਅਤੇ ਲਾਗੂ ਕਰਨ ਦੇ ਲਈ।

ਪੰਚਾਇਤਾਂ ਨੂੰ ਦੇ ਦੇਣ ਦੇ ਲਈ ਸਵਿਧਾਨ ਦੇ 73ਵੇਂ ਸੰਸ਼ੋਧਨ ਨੇ 29 ਵਿਸ਼ੈ ਪਛਾਣੇ ਸਨ, ਜਿੰਨ੍ਹਾਂ ਵਿੱਚ ਸ਼ਾਮਲ ਹਨ ਪ੍ਰਾਇਮਰੀ ਅਤੇ ਸੈਕੰਡਰੀ ਸਿੱਖਿਆ, ਬਾਲਗ (ਪਰੋੜ) ਅਤੇ ਅਣਉਪਚਾਰਕ ਸਿੱਖਿਆ, ਲਾਇਬਰੇਰੀਆਂ, ਤਕਨੀਕੀ ਸਿਖਲਾਈ ਅਤੇ ਪੇਸ਼ੇ ਦੀ ਸਿੱਖਿਆ। ਸਾਰੀਆਂ ਰਾਜ ਸਰਕਾਰਾਂ ਨੇ ਅਪਣੇ ਪੰਚਾਇਤ ਰਾਜ ਐਕਟ

ਪਾਸ ਕੀਤੇ ਤਾਂ ਜੋ ਸਵਿਧਾਨਕ ਸੰਸ਼ੋਧਨ ਦੇ ਮੰਤਵ ਨੂੰ ਵਿਕੇਂਦਰਤ ਲੋਕਤੰਤਰ ਅਤੇ ਵਿਕਾਸ ਨੂੰ ਹਾਂਸਲ ਕਰ ਲਿਆ ਜਾਵੇ।

## ਕਾਰਜਾਂ ਵਿੱਚ ਰਲਗੱਡ ਅਤੇ ਅਸਪੱਸ਼ਟਤਾ

ਦੇਸ਼ ਭਰ ਵਿੱਚ ਕਈ ਪ੍ਰਦੇਸ਼ਾਂ ਨੇ ਅਜਿਹੇ ਕਾਰਜ ਅਤੇ ਗਤੀਵਿਧੀਆਂ ਪਛਾਣ ਲਈਆਂ ਹਨ, ਜਿੰਨ੍ਹਾਂ ਰਾਹੀਂ 'ਪੰਚਾਇਤ ਰਾਜ' ਦੀ ਕਾਰਜਕਾਰੀ ਨੂੰ ਵੱਖ ਵੱਖ ਪੰਕਤਾਂ ਉੱਪਰ ਲਾਗੂ ਕੀਤਾ ਜਾਵੇ। ਕਈ ਰਾਜਾਂ ਵਿੱਚ ਤਾਂ ਕਾਰਜਾਂ ਦੀ ਇੱਕ ਵਡੀ ਫਰਿਸ਼ਤ ਹੀ ਪੰਚਾਇਤ ਰਾਜ ਅਦਾਰਿਆਂ ਨੂੰ ਹਰ ਪੱਧਰ ਉੱਪਰ ਦੇ ਦਿੱਤੀ ਗਈ ਹੈ। ਅਸਲ ਵਿੱਚ ਤਾਂ ਤਹਿਸੀਲ ਅਤੇ ਗ੍ਰਾਮ ਦੇ ਪੱਧਰ ਉੱਪਰ ਪੰਚਾਇਤ ਰਾਜ ਅਦਾਰੇ ਕੁਝ ਇੱਕ ਕਾਰਜ ਹੀ ਕਰਦੇ ਹਨ। ਕਈ ਰਾਜਾਂ ਵਿੱਚ ਤਹਿਸੀਲ ਅਤੇ ਗ੍ਰਾਮ ਪੰਚਾਇਤਾਂ ਤਨਖਾਹਾਂ ਵੰਡਣ ਨੂੰ ਛੱਡਕੇ ਕੋਈ ਅਸਰਦਾਰ ਕੰਮ ਨਹੀਂ ਕਰਦੀਆਂ। ਸਿੱਖਿਆ, ਸਿਹਤ, ਔਰਤਾਂ ਤੇ ਬੱਚਿਆਂ ਦੇ ਵਿਕਾਸ ਅਤੇ ਸਮਾਜਕ ਭਲਾਈ ਦੇ ਖੇਤਰ ਵਿੱਚ ਤਾਂ ਬਿੱਲਕੁਲ ਨਹੀਂ।

ਹੋਰ ਇਹ ਕਿ ਅਲੱਗ ਅਲੱਗ ਪੱਧਰਾਂ ਉੱਪਰ ਭੁਗਤਾਏ ਜਾਣ ਵਾਲੇ ਕਾਰਜਾਂ ਅਤੇ ਕੰਮਾਂ ਵਿੱਚ ਭਾਰੀ ਰਲਗੱਡ ਅਤੇ ਅਸਪੱਸ਼ਟਤਾ ਹੈ। ਇਹਨਾਂ ਅਸਪੱਸ਼ਟਾਵਾਂ ਦੇ ਕਾਰਣ ਕਈ ਵਾਰੀ ਝਗੜੇ ਉੱਠ ਖੜ੍ਹਦੇ ਹਨ: ਕਿਹੜਾ ਯੋਜਨਾਂ ਬਣਾਵੇ? ਕਿਹੜਾ ਫੈਸਲਾ ਲਵੇ? ਕਿਹੜਾ ਚੋਣ ਕਰੇ? ਕਿਹੜਾ ਮਜਦੂਰੀ ਦੇਵੇ? ਕਿਹੜਾ ਫੰਡ ਅਦਾਅ ਕਰੇ? ਕਿਹੜਾ ਨਿਰੀਖਣ ਕਰੇ? ਸੱਚ ਤਾਂ ਇਹ ਹੈ ਕਿ ਕਿਸੇ ਵੀ ਪੱਧਰ ਉੱਤੇ ਕਿਸੇ ਕਾਰਜ ਸਬੰਧੀ ਭੂਮਿਕਾ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ।

## ਉਪ-ਸਹਾਇਕਤਾ ਦਾ ਨੇਮ

ਉਪ-ਸਹਾਇਕਤਾ ਦਾ ਨੇਮ 'ਪੰਚਾਇਤ ਰਾਜ' ਦੀ ਅਧਾਰ-ਸ਼ਿਲਾ ਹੈ। ਉਪ-ਸਹਾਇਕਤਾ ਦੇ ਨੇਮ ਦੀ ਸ਼ਰਤ ਇਹ ਹੈ: 'ਜੋ ਕੁਝ ਇੱਕ ਵਿਸ਼ੇਸ਼ ਪੱਧਰ ਉੱਪਰ ਭਲੀ ਤਰ੍ਹਾਂ ਕੀਤਾ ਜਾ ਸਕੇ, ਓਸੇ ਹੀ ਪੱਧਰ ਉੱਪਰ ਕੀਤਾ ਜਾਵੇ ਨਾਂ ਕਿ ਉਤਲੇ ਪੱਧਰਾਂ ਪੁਰ। ਜੋ ਕੁਝ ਮੁਕੰਮਲ ਰੂਪ ਵਿੱਚ ਸਭ ਤੋਂ ਹੇਠਲੇ ਪੱਧਰ 'ਤੇ ਹੋ ਸਕੇ ਉਹ ਓਸੇ ਹੀ ਪੱਧਰ ਉੱਪਰ ਕੀਤਾ ਜਾਵੇ'।

ਇਹ ਨੇਮ ਅਵੱਸ਼ਕ ਕਰ ਦਿੰਦਾ ਹੈ ਕਿ ਪੰਚਾਇਤ ਰਾਜ ਦੇ ਵੱਖ ਵੱਖ ਪੱਧਰਾਂ ਉੱਪਰ ਨਿਭਾਏ ਜਾਣ ਵਾਲੇ ਕਾਰਜਾਂ ਦਾ ਤਾਰਕਿਕ ਅਤੇ ਯਥਾਰਥਕ ਵਿਸ਼ਲੇਸ਼ਣ ਕੀਤਾ ਜਾਵੇ। ਉਹਨਾਂ ਕਾਰਜਾਂ ਨੂੰ ਇਸ ਰਾਜ ਦੇ ਸਮੁੱਚੇ ਪੱਧਰਾਂ ਪੁਰ

ਉਤਾਰ ਦਿੱਤਾ ਜਾਵੇ। ਤੇ ਨਾਲ ਦੀ ਨਾਲ ਹੀ ਲੋੜੀਂਦੀ ਰਕਮ ਨੂੰ ਵੀ ਹਰ ਪੱਧਰ ਉੱਪਰ ਹੋਣ ਵਾਲੇ ਕਾਰਜਾਂ ਅਤੇ ਗਤੀਵਿਧੀਆਂ ਹਿੱਤ ਤੋਰ ਦਿੱਤਾ ਜਾਵੇ।

***ਪੰਚਾਇਤ ਰਾਜ ਦੀ ਮਜ਼ਬੂਤੀ***: ਪ੍ਰਾਂਤ, ਜ਼ਿਲੇ, ਤਹਿਸੀਲ ਅਤੇ ਪਿੰਡ ਦੀ ਪੱਧਰ ਉੱਪਰ ਭਿੰਨ ਭਿੰਨ ਰਜਿਸਟਰ ਹੋਈਆਂ ਸਮਾਨ ਅੰਤਰ ਸਮਤੀਆਂ ਨੂੰ ਸਥਾਪਤ ਕਰਨ ਦੇ ਅਮਲ ਨੇ ਪੰਚਾਇਤ ਰਾਜ ਦੀ ਤਾਕਤ ਨੂੰ ਚੋਖੀ ਢਾਅ ਲਾਈ ਹੈ। ਇਹ ਸਮਾਨੰਤਰ ਸਮਤੀਆਂ ਵੱਖ ਵੱਖ ਖੰਡਾਂ ਵਿੱਚ ਉੱਠ ਖੜ੍ਹੀਆਂ ਹੋਈਆਂ ਹਨ। ਇਹ ਹਰ ਪਿੰਡ ਵਿੱਚ ਹਨ, ਜਿਹਾ ਕਿ ਪੇਂਡੂ ਸਿੱਖਿਆ ਕਮੇਟੀਆਂ, ਪਾਣੀ ਕਮੇਟੀਆਂ, ਪਾਣੀ ਖਪਤਕਾਰਾਂ ਦੀਆਂ ਕਮੇਟੀਆਂ, ਖੇਤ ਮਜ਼ਦੂਰਾਂ ਦੀਆਂ ਕਮੇਟੀਆਂ, ਜੰਗਲਾਤ ਦੀਆਂ ਕਮੇਟੀਆਂ ਆਦਿ।

ਇਹਨਾਂ ਵਿੱਚੋਂ ਕੋਈ ਵੀ ਕਮੇਟੀ ਪੰਚਾਇਤ ਨੂੰ ਜਵਾਬਦੇਹ ਨਹੀਂ ਹੈ। ਇਹ ਕਮੇਟੀਆਂ ਬਾਹਰਲੇ ਦਾਨੀਆਂ ਤੋਂ ਕਾਫੀ ਭਾਰੀਆਂ ਰਕਮਾਂ ਪ੍ਰਾਪਤ ਕਰਦੀਆਂ ਹਨ। ਜਿਸ ਉੱਪਰ ਪਿੰਡ ਦੇ ਪਤਵੰਤਿਆਂ ਦਾ ਦਬਦਬਾ ਰਹਿੰਦਾ ਹੈ। ਥੋਹੜੇ ਸ਼ਬਦਾਂ ਵਿੱਚ, ਪੰਚਾਇਤ ਰਾਜ ਦੀ ਕਾਰਜਕਾਰੀ ਦੀਆਂ ਸਮੱਸਿਆਵਾਂ ਇਹ ਹਨ:

- ਪੰਚਾਇਤ ਰਾਜ ਵਿੱਚ ਨਿਧਾਰਤ ਕੀਤੇ ਕਾਰਜਾਂ ਅਤੇ ਰਕਮ ਦੇਣ-ਵਰਤਣ ਵਿੱਚ ਕੋਈ ਇੱਕ-ਦਾ-ਇੱਕ ਨਾਲ ਵਰਗਾ ਸਿੱਧਾ ਸਬੰਧ ਨਹੀਂ।
- ਪਿੰਡ ਦੇ ਪੱਧਰ ਪੁਰ ਸਮਾਨੰਤਰ ਕਮੇਟੀਆਂ ਬਣਾ ਲੈਣ ਦਾ ਝੁਕਾਅ ਲੋਕਤੰਤਰਕ ਢੰਗ ਨਾਲ ਚੁਣੀਆਂ ਸਮਤੀਆਂ ਨੂੰ ਖੋਖਲਾ ਬਣਾ ਦਿੰਦਾ ਹੈ। ਇਹਨਾਂ ਕਮੇਟੀਆਂ ਦੇ ਨਾਲ ਸਥਾਨਕ ਯੋਜਨਾਬੰਦੀ ਵਿੱਚ ਲੋਕਾਂ ਦੀ ਭਾਗਦਾਰੀ ਦਾ ਮਜ਼ਾਕ ਬਣ ਜਾਂਦਾ ਹੈ।

ਕੁਝ ਸਮੇਂ ਤੋਂ ਇਸ ਗੱਲ ਪੁਰ ਜ਼ੋਰ ਵਧਦਾ ਆਇਆ ਹੈ ਕਿ ਬਲਾਕ/ਜ਼ਿਲੇ ਦੇ ਪੱਧਰ ਉੱਪਰ ਇੱਕ ਭਾਰੀ 'ਡਾਟਾ ਬੇਸ' ਤਿਆਰ ਕੀਤਾ ਜਾਵੇ। ਉਹਦੇ ਵਿੱਚ ਸਕੂਲ ਦਾਖਲੇ ਦੀਆਂ ਦਰਾਂ, ਸਕੂਲ ਛੱਡ ਦੇਣ ਅਤੇ ਪ੍ਰਾਪਤੀ ਆਦਿ ਦੀ ਸੂਚਨਾਂ ਰੱਖੀ ਜਾਵੇ।

ਪਰ ਇਸ ਡਾਟਾ ਬੇਸ ਦੀ ਤਿਆਰੀ ਨੂੰ ਸਕੂਲਾਂ ਦੇ ਪ੍ਰਬੰਧ ਦਾ ਨਿਰੀਖਣ ਕਰਨ ਦੇ ਲਈ ਪੈਮਾਨੇ ਤਰ੍ਹਾਂ ਵੀ ਵਰਤਿਆ ਜਾਣ ਲੱਗਾ ਹੈ। ਕਥੇ ਗਏ ਸੰਕੇਤਾਂ ਦੇ ਆਧਾਰ ਉੱਤੇ ਲਗਾਤਾਰ ਸੂਚਨਾਂ ਜੁਟਾਈ ਜਾਣ ਦੀ ਸਰਕਾਰੀ ਜਿਦ ਨੇ ਸਕੂਲਾਂ ਉੱਤੇ ਬੋਝ ਹੋਰ ਵਧਾ ਦਿੱਤਾ ਹੈ। ਇਸ ਨੇ ਸਕੂਲ ਦੀ ਕਾਰਗੁਜਾਰੀ ਦੇ ਗੁਣਾਤਮਕ ਸੰਕੇਤਾਂ ਪੁਰ ਬੇਲੋੜਾ ਬਲ ਦੇਣਾਂ ਅਰੰਭ ਕਰ ਦਿੱਤਾ ਹੈ। ਇਹਦੇ ਨਾਲ ਛੱਕਦਾਰ ਡਾਟਾ ਇਕੱਤਰ ਹੋਣ ਲੱਗ ਗਿਆ ਹੈ। ਅਕਾਦਮਕ ਯੋਜਨਾਬੰਦੀ ਅਤੇ ਪਾਠਕ੍ਰਮ ਦੀ ਪ੍ਰਕਿਰਿਆ ਦਾ ਤਾਲ-ਮੇਲ ਬੈਠਾਉਣ ਦੇ ਲਈ ਕੋਈ ਸਾਰਥਕ ਕਦਮ ਵੀ ਨਹੀਂ ਚੁੱਕੇ ਜਾ ਰਹੇ।

ਹੁਣ ਤਕਰੀਬਨ ਹਰ ਜ਼ਿਲੇ ਵਿੱਚ 'ਬਲਾਕ ਸਾਧਨ ਕੇਂਦਰ' ਅਤੇ 'ਖਿੱਤਾ ਸਾਧਨ ਕੇਂਦਰ' ਹਨ, ਜੋ ਸਕੂਲਾਂ ਦਾ ਨਿਰੀਖਣ ਅਤੇ ਅਧਿਆਪਕਾਂ ਦੇ ਕੰਮ ਦੀ ਰੇਖ ਦੇਖ ਕਰਦੇ ਹਨ। ਜ਼ਿਲੇ ਦੇ ਪੱਧਰ ਉੱਪਰ ਸਿਖਲਾਈ ਦੇਣ ਦੇ ਲਈ DIETs ਸਥਾਪਤ ਕੀਤੀਆਂ ਗਈਆਂ ਹਨ। ਰੋਲ ਵਿਚਲੀ ਅਸਪੱਸ਼ਟਤਾ ਅਤੇ ਗਤੀਵਿਧੀਆਂ ਵਿਚਲੀ ਰਲਗੱਡਤਾ ਨੇ ਇਹਨਾਂ ਸੰਸਥਾਵਾਂ ਦੀ ਕਾਰਗੁਜਾਰੀ ਨੂੰ ਬਰਬਾਦ ਕਰ ਦਿੱਤਾ ਹੈ। ਇਨ੍ਹਾਂ ਸਾਧਨ ਕੇਂਦਰਾਂ ਦੇ ਅਧਿਕਾਰੀ ਅਕਸਰ ਪ੍ਰਬੰਧਕ ਅਤੇ ਡਾਟਾ ਇਕੱਠਾ ਕਰਨ ਵਾਲੇ ਕਾਰਜ ਕਰਤਾ ਬਣਕੇ ਰਹਿ ਜਾਂਦੇ ਹਨ।

ਸਕੂਲ ਦੇ ਪੱਧਰ 'ਤੇ ਵਿਕੇਂਦਰਤ ਅਕਾਦਮਕ ਯੋਜਨਾ ਦੇ ਪਰਿਪੇਖ ਦੇ ਚਲਦਿਆਂ, ਅਤੇ ਬੱਚਿਆਂ ਦੀਆਂ ਲੋੜਾਂ ਅਨੁਸਾਰ ਪਾਠਕ੍ਰਮ ਦੇ ਸੁਭਾਅ ਨੂੰ ਉਸਾਰਨ ਵਿੱਚ ਅਧਿਆਪਕਾਂ ਦੀ ਫੁਰਤੀਲੀ ਅਤੇ ਸਿਰਜਣਾਤਮਕ ਭੂਮਿਕਾ ਸੰਭਵ ਕਰਨ ਵਾਸਤੇ ਇਹ ਜਰੂਰੀ ਹੈ ਕਿ BRCs ਅਤੇ CRCs ਵਿੱਚ ਜਾਨ ਲਿਆਂਦੀ ਜਾਵੇ ਤਾ ਕਿ ਉਹ ਸਹਾਇਕ ਰੋਲ ਨਿਭਾਉਣ ਲੱਗ ਪੈਣ।

ਇਹ ਅਵੱਸ਼ਕ ਹੋ ਜਾਣਾਂ ਹੈ ਕਿ ਇਨ੍ਹਾਂ ਸੰਸਥਾਵਾਂ ਵਿੱਚ ਕੰਮ ਕਰਦੇ 'ਵਿਸ਼ੈ-ਜਾਣਕਾਰਾਂ' ਦੇ ਕਾਰਜਾਂ ਦੀ ਪ੍ਰੀਭਾਸ਼ਾ ਹੋਵੇ। ਉਨ੍ਹਾਂ ਦੇ ਵਿਸ਼ੈਗਤ ਗਿਆਨ ਨੂੰ ਤੇ ਸਿਖਲਾਈ ਦੇਣ ਦੀ ਸਮਰੱਥਾ ਨੂੰ ਹੋਰ ਡੂੰਘਾ ਕੀਤਾ ਜਾਵੇ, ਅਤੇ ਸੁਤੰਤਰ ਰੂਪ ਵਿੱਚ ਕੰਮ ਕਰਨ ਦੇ ਲਈ ਕੁਝ ਸਥਾਨ ਵੀ ਦਿੱਤਾ ਜਾਵੇ। ਹੋਰ ਕਿਤੇ ਵਿਓਂਤੀਆਂ ਗਈਆਂ ਵਰਕਸ਼ਾਪਾਂ ਨੂੰ ਕੰਮ ਟਪਾਊ ਢੰਗ ਨਾਲ ਕਰਨ ਦੀ ਬਜਾਏ, ਇਹ ਕੇਂਦਰ ਸਥਾਨਕ ਲੋੜਾਂ ਦਾ ਧਿਆਨ ਰੱਖਕੇ ਅਪਣੀਆਂ ਵਰਕਸ਼ਾਪਾਂ ਵਿਓਂਤਣ ਬਾਰੇ ਸੋਚ ਸਕਦੇ ਹਨ। ਦੇਖਰੇਖ ਦਾ ਕੰਮ ਵੀ ਸੰਭਾਲ ਸਕਦੇ ਹਨ।

ਸਕੂਲਾਂ ਦੇ ਦੌਰਿਆਂ ਦੇ ਲਈ ਮਾਪਦੰਡ, ਸਿਲਸਿਲੇਦਾਰ ਨਿਰੀਖਣ ਦੇ ਲਈ ਸੇਧ-ਬਿੰਦੂ, ਪੁਨਰ-ਸੂਚਨਾਂ ਅਤੇ ਅਕਾਦਮਕ ਮਦਦ ਵਗੈਰਾ ਵਿਕਸਤ ਕਰਨੇ ਪੈਣੇ ਹਨ। ਸੰਗਠਨਾਂ ਦੀਆਂ ਉਹਨਾਂ ਜੁਗਤਾਂ ਦੀ ਵੀ ਲੋੜ ਹੈ, ਜੋ ਇਹਨਾਂ ਸਾਧਨ ਕੇਂਦਰਾਂ ਦੇ ਕੰਮ ਦੇ ਉੱਤੇ ਉਸਾਰੀ ਕਰਨ ਦੇ ਲਈ ਚਾਹੀਦੀਆਂ ਹਨ। ਅਗਲੇ ਪੱਧਰਾਂ ਉੱਪਰ ਇੱਕਸਾਰਤਾ ਸੰਭਵ ਕਰਨ ਦੇ ਲਈ ਕੰਮ ਸੰਜੋਜਤ ਕਰਨ ਦੀਆਂ ਜੁਗਤਾਂ ਦੀ ਵੀ ਲੋੜ ਹੈ।

ਅਧਿਆਪਕਾਂ ਦੇ ਲਈ ਸਕੂਲ ਸਥਿੱਤ ਅਕਾਦਮਕ ਮਦਦ ਨੂੰ ਮਜ਼ਬੂਤ ਕਰਨ ਦੇ ਲਈ ਇਹ ਜਰੂਰੀ ਹੈ ਕਿ ਪਿੰਡ, ਖਿੱਤੇ, ਬਲਾਕ ਅਤੇ ਸ਼ਹਿਰੀ ਖੇਤਰਾਂ ਦੀ ਪੱਧਰ ਉੱਪਰ ਇੱਕ 'ਵਿਸ਼ੈ ਜਾਣਕਾਰਾਂ' ਦਾ ਸਮੂਹ ਪਛਾਣਿਆ ਅਤੇ ਸਿਰਜਿਆ ਜਾਵੇ। ਇਹਦੇ ਨਾਲ ਅਧਿਆਪਕਾਂ ਦੀ ਲੋੜ ਦੇ ਲਈ ਨਵੇਂ ਵਿਚਾਰ ਅਤੇ ਪੜ੍ਹਾਈ ਦੇ ਨਵੇਂ ਢੰਗ ਮਿਲਦੇ ਰਹਿ ਸਕਦੇ ਹਨ। ਅਜਿਹੀ ਮਦਦ ਨੂੰ ਖਿੱਤੇ ਅਤੇ ਬਲਾਕ ਦੀ ਪੱਧਰ ਉੱਪਰ ਸੰਸਥਾ ਅਧਾਰਤ ਬਣਾ

ਸਕਣਾਂ ਸੰਭਵ ਹੈ, ਜੋ ਅੱਗੇ ਚੱਲਕੇ ਅਧਿਆਪਕ ਦੀ ਮਦਦ ਕਰਨ ਵਾਲੇ ਪੱਕੇ ਪ੍ਰੋਗਰਾਮ ਵਿੱਚ ਜੋੜ ਲਿਆ ਜਾ ਸਕਦਾ ਹੈ। ਲੋੜ ਹੈ ਇਹਦੇ ਲਈ ਲੋੜੀਂਦੀ ਰਕਮ ਦਿੱਤੇ ਜਾਣ ਦੀ।

## 5.2 ਪਾਠਕ੍ਰਮ ਦੇ ਪੁਨਰ-ਨਿਰਮਾਣ ਦੇ ਲਈ ਅਧਿਆਪਕ ਸਿੱਖਿਆ

ਭਾਵੇਂ ਅਧਿਆਪਕਾਂ ਦੀ ਪੇਸ਼ਾਵਰ ਤਿਆਰੀ ਨੂੰ 1960 ਤੋਂ ਕੇਂਦਰੀ ਮਹੱਤਵ ਦਿੱਤਾ ਗਿਆ ਹੈ, ਪਰ ਅਸਲੀਅਤ ਦੀ ਤਹਿ ਬੜੀ ਚਿੰਤਾਜਨਕ ਚੱਲ ਰਹੀ ਹੈ। ਕੋਠਾਰੀ ਕਮਿਸ਼ਨ (1964-66) ਨੇ ਤਾਂ ਅਧਿਆਪਕ ਸਿੱਖਿਆ ਨੂੰ ਅਕਾਦਮਕ ਖੇਤਰ ਦੀ ਮੁੱਖ ਧਾਰਾ ਵਿੱਚ ਲਿਆਉਣ ਦੀ ਲੋੜ ਪੁਰ ਜੋਰ ਦਿੱਤਾ ਸੀ, ਪਰ ਅਧਿਆਪਕ ਸਿੱਖਿਆ ਸੰਸਥਾਵਾਂ ਕਿਨਾਰੇ ਲੱਗੇ ਅਦਾਰਿਆਂ ਦੀ ਤਰ੍ਹਾਂ ਚੱਲ ਰਹੇ ਹਨ।

ਚਟੋਪਾਧਿਆ ਕਮੇਟੀ (1983-85) ਦੀ ਸਿਫਾਰਸ਼ ਸੀ ਕਿ ਸੈਕੰਡਰੀ ਸਕੂਲ ਦੇ ਅਧਿਆਪਕ ਲਈ 12 ਜਮਾਤਾਂ ਤੋਂ ਬਾਅਦ 5 ਸਾਲ ਦੀ ਹੋਵੇ। ਇਸ ਨੇ ਇਹ ਵੀ ਸੁਝਾਇਆ ਸੀ ਕਿ ਸਾਇੰਸ ਅਤੇ ਆਰਟ ਦੇ ਕਾਲਜਾਂ ਵਿੱਚ ਸਿੱਖਿਆ ਦਾ ਵਿਭਾਗ ਖੋਹਲਿਆ ਜਾਵੇ, ਜੋ ਵਿਦਿਆਰਥੀਆਂ ਨੂੰ ਅਧਿਆਪਕ ਸਿੱਖਿਆ ਚੁਣਨ ਦੇਵੇ।

ਏਵੇਂ ਹੀ ਯੱਸ਼ਪਾਲ ਕਮੇਟੀ ਦੀ ਰਿਪੋਟ (1993) 'ਬੋਝ ਬਿਨ ਸਿੱਖਣ' ਵਿੱਚ ਕਿਹਾ ਗਿਆ ਸੀ: "ਇਹਨਾਂ ਪ੍ਰੋਗਰਾਮਾਂ ਵਿੱਚ ਜੋਰ ਸਿਖਿਆਰਥੀ ਨੂੰ ਖੁਦ ਸਿੱਖਣ ਅਤੇ ਸੁਤੰਤਰ ਸੋਚਣ ਦੀ ਯੋਗਤਾ ਵਿਕਾਸ ਕਰਨ ਦੇਣ ਉੱਪਰ ਹੋਣਾਂ ਚਾਹੀਦਾ ਹੈ"।

### 5.2.1 ਅਧਿਆਪਕ ਸਿੱਖਿਆ ਦੀਆਂ ਵਰਤਮਾਨ ਚਿੰਤਾਵਾਂ

ਅੱਜ-ਕੱਲ੍ਹ ਅਧਿਆਪਕ ਸਿੱਖਿਆ ਦੇ ਪ੍ਰੋਗਰਾਮ ਅਧਿਆਪਕਾਂ ਨੂੰ ਅਜਿਹੇ ਸਿੱਖਿਆ ਪ੍ਰਬੰਧ ਨੂੰ ਬਰਦਾਸ਼ਤ ਕਰਨ ਦੀ ਸਿਖਲਾਈ ਦਿੰਦੇ ਹਨ, ਜਿਸ ਵਿੱਚ ਸਿੱਖਿਆ ਨੂੰ ਸੂਚਨਾਂ ਦੇ ਪਰਸਾਰਣ ਤਰ੍ਹਾਂ ਦੇਖਿਆ ਜਾਂਦਾ ਹੈ। ਪਾਠਕ੍ਰਮ ਦੇ ਸੁਧਾਰ ਦੇ ਜਤਨਾਂ ਨੂੰ ਅਧਿਆਪਕ ਸਿੱਖਿਆ ਨੇ ਲੋੜੀਂਦੇ ਰੂਪ ਵਿੱਚ ਮਦਦ ਨਹੀਂ ਦਿੱਤੀ। ਵਡੇ ਪੈਮਾਨੇ ਤੇ ਅਨਿਯਮਤ ਅਧਿਆਪਕਾਂ ਦੀ ਨਿਯੁਕਤੀ ਨੇ ਅਧਿਆਪਕਾਂ ਦੀ ਪੇਸ਼ਾਵਰ ਪਛਾਣ ਨੂੰ ਹੀ ਪੇਤਲਾ ਕਰ ਦਿੱਤਾ ਹੈ।

ਮਧ 1990ਆਂ ਦੌਰਾਨ ਉਠਾਏ ਗਏ ਕਦਮਾਂ ਦਾ ਕੇਂਦਰ ਸੇਵਾ-ਵਿਚਲੇ ਅਧਿਆਪਕਾਂ ਦੀ ਸਿਖਲਾਈ ਉੱਪਰ ਸੀ। ਇਹਦੇ ਨਾਲ ਹੋਇਆ ਇਹ ਕਿ ਅਧਿਆਪਕ ਸਿਖਲਾਈ ਦੇ ਪੱਖੋਂ ਸੇਵਾ-ਵਿਚਲੇ ਤੇ ਸੇਵਾ-ਪਹਿਲਾਂ ਦੇ ਅਧਿਆਪਕਾਂ ਵਿੱਚ ਫਰਕ ਜੋਰ ਫੜ੍ਹ ਗਿਆ। ਪ੍ਰਾਇਮਰੀ-ਤੋਂ-ਪਹਿਲੇ, ਪਰਾਇਮਰੀ ਅਤੇ ਸੈਕੰਡਰੀ ਸਕੂਲਾਂ ਦੇ

ਅਧਿਆਪਕ ਉੱਚ ਸਿੱਖਿਆ ਦੇ ਕੇਂਦਰਾਂ ਨਾਲੋਂ ਕੱਟੇ ਹੋਏ ਚੱਲ ਰਹੇ ਹਨ। ਉਨ੍ਹਾਂ ਦੀਆਂ ਪੇਸ਼ੇ ਨਾਲ ਸਬੰਧਤ ਲੋੜਾਂ ਦਾ ਕੁਝ ਵੀ ਨਹੀਂ ਸੌਰਿਆ।

ਫਿਰ ਇਹ ਵੀ ਕਿ ਅਧਿਆਪਕ ਸਿਖਲਾਈ ਦੇ ਪ੍ਰਚਲਤ ਪ੍ਰੋਗਰਾਮ ਨਾਂ ਤਾਂ ਪੜ੍ਹਾਈ ਦੇ ਖੇਤਰ ਵਿੱਚ ਸਾਹਮਣੇ ਆ ਰਹੇ ਨਵੇਂ ਵਿਚਾਰਾਂ ਨੂੰ ਹੀ ਥਾਂ ਦੇਣ ਦੇ ਯੋਗ ਹਨ, ਤੇ ਨਾ ਹੀ ਸਕੂਲ ਅਤੇ ਸਮਾਜ ਦੇ ਸਬੰਧਾਂ ਬਾਰੇ ਮਸਲੇ ਦਾ ਕੋਈ ਪ੍ਰਭਾਵੀ ਹੱਲ ਕਰ ਸਕਦੇ ਹਨ। ਨਵੇਂ ਢੰਗ ਨਾਲ ਹੋ ਰਹੇ ਵਿਦਿਅਕ ਤਜਰਬਿਆਂ ਨਾਲ ਤਾਂ ਇਹਨਾਂ ਪ੍ਰੋਗਰਾਮਾਂ ਦਾ ਕੋਈ ਲੈਣਾਂ ਦੇਣਾਂ ਹੈ ਹੀ ਨਹੀਂ।

ਅਧਿਆਪਕ ਸਿੱਖਿਆ ਦੇ ਅਮਲ ਦੇ ਅਨੁਭਵਾਂ ਤੋਂ ਪਤਾ ਲੱਗਾ ਹੈ ਕਿ ਗਿਆਨ ਨੂੰ ਇੱਕ 'ਦਿੱਤੀ ਹੋਈ' ਵਸਤੂ ਗਿਣਿਆ ਜਾਂਦਾ ਹੈ, ਜੋ ਪਾਠਕ੍ਰਮ ਵਿੱਚ ਨਿਹਤ ਹੈ ਤੇ ਬਿਨਾਂ ਰੋਕਟੋਕ ਪ੍ਰਵਾਨ ਕੀਤਾ ਜਾਂਦਾ ਹੈ। ਪਾਠਕ੍ਰਮ, ਸਿਲੇਬਸ ਅਤੇ ਪਾਠ-ਪੁਸਤਕਾਂ ਨੂੰ ਸਿਖਿਅਕ-ਅਧਿਆਪਕ ਤੇ ਜਾਂ ਪੱਕੇ ਅਧਿਆਪਕ ਵੀ ਕਦੇ ਵੀ ਅਲੋਚਨਾਤਮਕ ਨਿਗਾਹ ਤੋਂ ਨਹੀਂ ਦੇਖਦੇ।

ਅਧਿਆਪਕ ਦੀ ਭਾਸ਼ਾ ਦੇ ਗਿਆਨ ਦਾ ਵਿਕਾਸ ਹੁੰਦਾ ਰਹਿੰਣਾਂ ਜਰੂਰੀ ਹੈ। ਸਿੱਖਿਆ ਦੇ ਪ੍ਰਚਲਤ ਪ੍ਰੋਗਰਾਮ ਵਿੱਚ ਅਧਿਆਪਕ ਪਾਠਕ੍ਰਮ ਦੇ ਅੰਦਰ ਭਾਸ਼ਾ ਦੀ ਕੇਂਦਰੀ ਭੂਮਿਕਾ ਨੂੰ ਪਛਾਣਦੇ ਤੱਕ ਨਹੀਂ। ਮੰਨ ਇਹ ਲਿਆ ਗਿਆ ਹੈ ਕਿ ਸਿਖਲਾਈ ਦੇ ਮਾੱਡਲਾਂ ਤੇ ਹਰ ਮਜ਼ਮੂੰਨ ਨੂੰ ਪੜ੍ਹਾਉਣ ਦੇ ਵਿੱਚ ਤਾਲ-ਮੇਲ ਅਪਣੇ ਆਪ ਹੀ ਪ੍ਰੋਗਰਾਮ ਦੇ ਦੌਰਾਨ ਬਣ ਜਾਣਾਂ ਹੈ। ਅਧਿਆਪਕ ਦੀ ਸਿੱਖਿਆ ਦੇ ਬਹੁਤੇ ਪਰੋਗਰਾਮ ਵਿਦਿਆਰਥੀ-ਅਧਿਆਪਕਾਂ ਨੂੰ ਅਪਣੇ ਅਨੁਭਵਾਂ ਉੱਪਰ ਮਨਨ ਕਰਨ ਦੀ ਕੋਈ ਗੁੰਜਾਇਸ਼ ਨਹੀਂ ਛੱਡਦੇ। ਇਉਂ ਅਧਿਆਪਕਾਂ ਨੂੰ ਤਬਦੀਲੀ ਦੇ ਰਚੈਤਾ ਬਣ ਸਕਣ ਦੇ ਸਮਰੱਥ ਬਣਾ ਸਕਣ ਤੋਂ ਫੇਲ੍ਹ ਹੋ ਜਾਂਦੇ ਹਨ।

### 5.2.2 ਅਧਿਆਪਕ ਸਿੱਖਿਆ ਲਈ ਦ੍ਰਿਸ਼ਟੀ

ਅਧਿਆਪਕ ਸਿੱਖਿਆ ਸਕੂਲ ਪ੍ਰਬੰਧ ਦੀਆਂ ਸਾਹਮਣੇ ਆ ਰਹੀਆਂ ਨਵੀਆਂ ਸਮੱਸਿਆਵਾਂ ਦੇ ਲਈ ਸੰਵੇਦਨਾਂ-ਸ਼ੀਲ ਰਵੇ। ਇਹ ਸਿੱਖਿਆ ਅਧਿਆਪਕ ਨੂੰ ਕੁਝ ਰੋਲ ਨਿਭਾਅ ਸਕਣ ਦੇ ਵਾਸਤੇ ਤਿਆਰ ਕਰੇ:

- ਅਧਿਆਪਕ ਉਤਸਾਹਕ, ਮਦਦਗਾਰ ਅਤੇ ਪੜ੍ਹਾਈ-ਸਿਖਲਾਈ ਲਈ ਹਰ ਹਾਲਾਤ ਵਿੱਚ ਮਾਨਵੀ ਸਹਾਇਕ ਬਣ ਸਕੇ। ਉਹ ਵਿਦਿਆਰਥੀਆਂ ਨੂੰ ਅਪਣੇ ਹੁਨਰਾਂ ਉੱਪਰ ਪਕੜ ਕਰਵਾ ਸਕੇ। ਸਰੀਰਕ ਅਤੇ ਬੌਧਿਕ ਸੰਭਾਵਨਾਵਾਂ ਦੀ ਮੁਕੰਮਲ ਪ੍ਰਾਪਤੀ ਕਰਵਾ ਸਕੇ। ਇੱਕ

ਜ਼ਿੰਮੇਵਾਰ ਸ਼ਹਿਰੀ ਦੇ ਰੂਪ ਵਿੱਚ ਕਾਰਜ ਕਰਨ ਦੇ ਲਈ ਲੋੜੀਦੀਆਂ ਮਨੁੱਖੀ ਕੀਮਤਾਂ ਅਤੇ ਸਮਾਜਕ ਤੌਰਤੇ ਸੁਖਾਵੇਂ ਕਿਰਦਾਰ ਨੂੰ ਵਿਕਸਤ ਕਰਵਾ ਸਕੇ।

- ਉਹ ਅਜਿਹੇ ਕਈ ਜਣਿਆਂ ਦੇ ਗਰੁੱਪ ਦਾ ਮੈਂਬਰ ਬਣ ਸਕੇ ਜੋ ਪਾਠਕ੍ਰਮ ਦੇ ਸੁਧਾਰ ਲਈ ਸੁਚੇਤ ਕੋਸ਼ਿਸ਼ ਕਰਦੇ ਹੋਣ, ਜੀਹਦੇ ਨਾਲ ਪਾਠਕ੍ਰਮ ਬਦਲਦੀਆਂ ਸਮਾਜੀ ਲੋੜਾਂ ਅਤੇ ਸਿੱਖਿਅਕਾਂ ਦੀਆਂ ਨਿੱਜੀ ਲੋੜਾਂ ਨਾਲ ਬਰ ਮੇਚ ਸਕੇ।

ਇਸ ਦ੍ਰਿਸ਼ਟੀ ਨੂੰ ਸਾਕਾਰ ਕਰ ਲੈਣ ਲਈ ਅਧਿਆਪਕ ਸਿੱਖਿਆ ਵਿੱਚ ਹੇਠ ਲਿਖੇ ਗੁਣ-ਤੱਤ ਜਰੂਰ ਸ਼ਾਮਲ ਹੋਣ ਤਾਂ ਜੋ ਉਹ ਸਿੱਖਿਅਕ-ਅਧਿਆਪਕ ਨੂੰ ਕੁਝ ਯੋਗ ਬਣਾ ਸਕਣ:

- ਇਹ ਅਧਿਆਪਕ ਸਿੱਖਿਆ ਕਿਸ ਤਰ੍ਹਾਂ ਵਾਪਰਦੀ ਹੈ ਇਸ ਨੂੰ ਸਮਝੇ ਅਤੇ ਸਿੱਖਿਆ ਦੇ ਲਈ ਸੁਖਾਵੀਆਂ ਸਥਿੱਤੀਆਂ ਸਿਰਜ ਸਕਦਾ ਹੋਵੇ।
- ਗਿਆਨ ਨੂੰ ਨਿੱਜੀ ਅਨੁਭਵਾਂ ਦੇ ਰਾਹੀਂ ਉਸਰਦੀ ਅਜਿਹੀ ਵੱਥ ਸਮਝੇ ਜੋ ਪੜ੍ਹਾਈ-ਸਿਖਲਾਈ ਦੇ ਸਾਂਝੇ ਸੰਧਰਭ ਵਿੱਚੋਂ ਉਗਮਦੀ ਹੈ, ਨਾ ਕਿ ਇਸ ਨੂੰ ਪਾਠ-ਪੁਸਤਕਾਂ ਦੇ ਬਾਹਰੀ ਪਾਸਾਰੇ ਦੇ ਸੰਧਰਭ ਵਿੱਚ ਟਿਕੀ ਹੋਈ ਵਸਤ ਜਾਣੇ।
- ਉਹ ਉਸ ਸਮਾਜਕ, ਪੇਸ਼ੇਗਤ ਅਤੇ ਪ੍ਰਬੰਧਕ ਸੰਧਰਭਾਂ ਪ੍ਰਤੀ ਸੰਵੇਦਨਾਂਸ਼ੀਲ ਹੋਵੇ ਜਿੰਨ੍ਹਾਂ ਦੇ ਅੰਤਰਗਤ ਉਹਨੇ ਕਾਰ ਵਿਹਾਰ ਕਰਨਾ ਹੁੰਦਾ ਹੈ।
- ਅਜਿਹੀਆਂ ਯੋਗਤਾਵਾਂ ਦਾ ਵਿਕਾਸ ਕਰ ਲਵੇ ਜੋ ਉੱਤੇ ਦਿੱਤਿਆਂ ਹਾਲਾਤਾਂ ਵਿੱਚੋਂ ਕੇਵਲ ਸੂਝ ਹੀ ਨਾ ਗ੍ਰਹਿਣ ਕਰ ਸਕੇ, ਸਗੋਂ ਐਹੋ ਜਿਹੀਆਂ ਸਥਿੱਤੀਆਂ ਸਿਰਜ ਵੀ ਸਕੇ।
- ਭਾਸ਼ਾ ਦੀ ਮਹਾਰਤ ਤੇ ਨਾਲ ਨਾਲ ਵਾਹਵਾ ਚੰਗਾ ਗਿਆਨ ਅਧਾਰ ਵੀ ਹਾਂਸਲ ਕਰ ਲਵੇ।
- ਅਪਣੀਆਂ ਨਿੱਜੀ ਖਾਹਸ਼ਾਂ, ਖੁਦ ਦੀਆਂ ਸੋਚਾਂ, ਯੋਗਤਾਵਾਂ ਅਤੇ ਝੁਕਾਵਾਂ ਨੂੰ ਪਛਾਣ ਸਕੇ।
- ਇੱਕ ਅਧਿਆਪਕ ਦੀ ਹੈਸੀਅਤ ਵਿੱਚ ਕਈ ਹਾਲਾਤਾਂ ਵਾਲੇ ਸੰਧਰਭਾਂ ਵਿੱਚ ਸੁਚੇਤ ਤੌਰਤੇ ਅਪਣੀਆਂ ਖੁਦ ਦੀਆਂ ਪੇਸ਼ਾਗਤ ਸਥਾਪਨਾਵਾਂ ਨੂੰ ਉਲੀਕ ਸਕੇ।
- ਵਿਚਾਰ ਦਾ ਨਿਰੰਤਰ ਸਤਿਕਾਰ ਹੋਵੇ।
- ਕਲਾ ਦੀ ਸਿੱਖਿਆ ਦੇ ਰਾਹੀਂ ਬੱਚਿਆਂ ਵਿੱਚ ਕਲਾਕਾਰੀ ਅਤੇ ਸੁਹਜ ਦੀ ਭਾਵਨਾਂ ਜਗਾਈ ਜਾਵੇ।
- ਸਭ ਬੱਚਿਆਂ ਦੀਆਂ ਪੜ੍ਹਾਈ ਦੀਆਂ ਲੋੜਾਂ ਵੱਲ ਧਿਆਨ ਦਿੱਤਾ ਜਾਵੇ, ਸਮੇਤ ਉਹਨਾਂ ਦੇ ਜੋ ਲੋੜਮੰਦ ਅਤੇ ਅਪਾਹਜ ਹੋਣ।
- ਤਬਦੀਲੀ ਦੇ ਪਰਿਪੇਖ ਦੇ ਅੰਤਰਗਤ ਇਹ ਜਰੂਰੀ ਹੋ ਗਿਆ ਹੈ ਕਿ ਅਧਿਆਪਕ ਸਿੱਖਿਆ ਦਾ ਇੱਕ ਸਾਂਝਾ ਮੌਡਲ ਅਪਨਾਇਆ ਜਾਵੇ, ਜੀਹਦੇ ਨਾਲ ਅਧਿਆਪਕਾਂ ਵਿੱਚ ਪੇਸ਼ਾਵਰ ਹੋਣ ਨੂੰ ਮਜ਼ਬੂਤੀ ਮਿਲੇ।

- ਜੋ ਅਤਿ ਲੋੜੀਂਦੀਆਂ ਰਾਇ ਦੇਣ ਦੀਆਂ ਯੋਗਤਾਵਾਂ ਵਿਕਸਤ ਕਰਕੇ 'ਸਹਾਇਕ' ਹੋ ਸਕੇ। ਰੋਜ਼ਾਨਾਂ ਉੱਠ ਖੜ੍ਹਦੀਆਂ ਪੜ੍ਹਾਈ ਨਾਲ ਸਬੰਧਤ, ਨਿੱਜੀ ਅਤੇ ਸਮਾਜਕ ਹਾਲਾਤਾਂ ਨਾਲ ਜੁੜੀਆਂ ਸਮੱਸਿਆਵਾਂ ਵਿੱਚ ਲੋੜੀਂਦੀ ਖਾਸ ਮਦਦ ਦੇ ਕਾਬਲ ਹੋਵੇ।
- ਕੰਮ ਨੂੰ ਪੜ੍ਹਾਈ ਦੇ ਮਾਧਿਅਮ ਤਰ੍ਹਾਂ ਵਰਤਕੇ ਕਈ ਵਿਸ਼ਿਆਂ ਬਾਰੇ ਮੁਲ ਵਿਕਸਤ ਕਰਨ ਦੇ ਲਈ, ਅਤੇ ਬਹੁਭਾਂਤੀ ਕੌਸ਼ਲਾਂ ਵਾਸਤੇ ਗਿਆਨ ਗ੍ਰਹਿਣ ਕਰੇ।

### *ਅਧਿਆਪਕ ਨੂੰ ਤਿਆਰ ਰਹਿੰਣ ਦੀ ਲੋੜ ਹੈ ਕਿ*

✓ ਬੱਚਿਆਂ ਦਾ ਧਿਆਨ ਰੱਖਣ ਲਈ ਅਤੇ ਉਨ੍ਹਾਂ ਦੇ ਨਾਲ ਹੋਣ ਨੂੰ ਚੰਗਾ ਸਮਝੇ।

✓ ਬੱਚਿਆਂ ਨੂੰ ਸਮਾਜਕ, ਸਭਿਆਚਾਰਕ ਅਤੇ ਰਾਜਨੀਤਕ ਸੰਧਰਭਾਂ ਵਿੱਚ ਸਮਝ ਸਕੇ।

✓ ਗ੍ਰਹਿਣਸ਼ੀਲ ਹੋਵੇ ਅਤੇ ਨਿਰੰਤਰ ਸਿੱਖਦਾ ਰਹੇ।

✓ ਸਿੱਖਿਆ ਨੂੰ ਨਿੱਜੀ ਅਨੁਭਵਾਂ ਵਿੱਚੋਂ ਅਰਥ ਦੀ ਖੋਜ਼ ਕਰਨਾ ਸਮਝੇ, ਅਤੇ ਗਿਆਨ ਨਿਰਮਾਣ ਨੂੰ ਲਗਾਤਾਰ ਉਤਪਤ ਹੋਣ ਵਾਲੀ ਮਨਨ ਅਧਾਰਤ ਸਿੱਖਿਆ ਦੀ ਪ੍ਰਕਿਰਿਆ ਜਾਣੇ।

✓ ਗਿਆਨ ਨੂੰ ਪਾਠ-ਪੁਸਤਕਾਂ ਪੁਰ ਟਿਕਿਆ ਬਾਹਰੀ ਯਥਾਰਥ ਨਾ ਸਮਝੇ, ਸਗੋਂ ਨਿੱਜੀ ਅਨੁਭਵ ਪੁਰ ਉੱਸਰਿਆ, ਪੜ੍ਹਾਈ-ਸਿਖਲਾਈ ਦੇ ਸਾਂਝੇ ਸੰਧਰਭ ਵਾਲੀ ਵੱਥ ਜਾਣੇ।

✓ ਸਮਾਜ ਪ੍ਰਤੀ ਅਪਣੀ ਜ਼ਿੰਮੇਂਵਾਰੀ ਸਮਝੇ ਅਤੇ ਚੰਗੇਰਾ ਵਿਸ਼ਵ ਨਿਰਮਾਣ ਕਰਨ ਦੀ ਕੋਸ਼ਿਸ਼ ਕਰੇ।

✓ ਉਤਪਾਦਕ ਕੰਮ ਦੀ ਸੰਭਾਵਨਾਂ ਨੂੰ ਚੰਗਾ ਜਾਣੇ ਅਤੇ ਜਮਾਤ ਦੇ ਅੰਦਰ ਤੇ ਬਾਹਰ ਹੱਥੀਂ ਕੀਤੇ ਕੰਮ ਨੂੰ ਪੜ੍ਹਾਈ ਦਾ ਮਾਧਿਅਮ ਤਸਲੀਮ ਕਰੇ।

✓ ਪਾਠਕ੍ਰਮ ਦੀ ਰੂਪਰੇਖਾ ਦਾ, ਨੀਤੀ ਦੇ ਅਸਰਾਂ ਦਾ ਅਤੇ ਪ੍ਰਾਪਤ ਪਾਠਾਂ ਦਾ ਵਿਸ਼ਲੇਸ਼ਣ ਕਰ ਸਕੇ।

### 5.2.3 ਅਧਿਆਪਕ ਸਿੱਖਿਆ ਪ੍ਰੋਗਰਾਮ ਵਿੱਚ ਵਡੇ ਫੇਰ ਬਦਲ

- ਸਿੱਖਿਅਕ ਦੀਆਂ ਲੋੜਾਂ ਨੂੰ ਪਹਿਲ ਦਿੱਤੀ ਜਾਵੇ। ਸਿੱਖਿਅਕ ਨੂੰ ਸਿੱਖਣ ਪ੍ਰਕਿਰਿਆ ਦਾ ਬੇਬੋਲ ਗ੍ਰਾਹਕ ਜਾਣ ਲੈਣ ਦੀ ਬਜਾਏ ਇੱਕ ਜੀਵੰਤ ਭਾਗਾਰਥੀ ਜਾਣਿਆਂ ਜਾਵੇ। ਉਹਦੀਆਂ ਯੋਗਤਾਵਾਂ ਅਤੇ ਸੰਭਾਵਨਾਵਾਂ ਰੁਕ ਚੁੱਕੀਆਂ ਮੰਨ ਬੈਠਣ ਦੀ ਬਜਾਏ ਗਤੀਸ਼ੀਲ ਅਤੇ ਸਿੱਧੇ ਨਿੱਜੀ ਅਨੁਭਵ ਦੇ ਸਿਰ ’ਤੇ ਉਨਤ ਹੁੰਦੀਆਂ ਜਾਣੀਆਂ ਜਾਣ।
- ਪਾਠਕ੍ਰਮ ਦੀ ਵਿਓਂਤ ਵਿੱਚ ਸਿੱਖਿਅਕਾਂ ਨੂੰ ਖੇਡ੍ਹਦੇ ਅਤੇ ਕੰਮ ਕਰਦੇ ਸਿੱਧੇ ਤੌਰਤੇ ਵਾਚਣ ਦਾ ਪ੍ਰਬੰਧ ਕੀਤਾ ਜਾਣਾਂ ਹੈ; ਸਿੱਖਿਅਕਾਂ ਦੇ ਕੁਦਰਤੀ ਅਤੇ ਸਮਾਜਕ ਤੱਥਾਂ ਬਾਰੇ ਸੁਆਲਾਂ ਨੂੰ ਸਮਝਣ ਵਾਸਤੇ ਅਧਿਆਪਕਾਂ ਦੀ ਮਦਦ ਲਈ ਜ਼ਿੰਮੇਵਾਰੀਆਂ ਲੱਗਣੀਆਂ ਹਨ; ਬੱਚਿਆਂ ਦੀ ਪੜ੍ਹਾਈ ਅਤੇ ਸੋਚ ਬਾਰੇ ਦ੍ਰਿਸ਼ਟੀਆਂ; ਅਤੇ ਬੱਚਿਆਂ ਨੂੰ ਧਿਆਨ ਨਾਲ, ਖਿੜੇ ਮੱਥੇ ਤੇ ਹਮਦਰਦੀ ਨਾਲ ਸੁਣਨ ਦੇ ਮੌਕੇ ਵੀ ਹੋਣੇ ਹਨ।
- ਸਿੱਖਿਆ ਨੂੰ ਇੱਕ ਭਾਗਦਾਰੀ ਵਾਲੀ ਪ੍ਰਕਿਰਿਆ ਦੇ ਰੂਪ ਵਿੱਚ ਲਿਆ ਜਾਣਾਂ ਬਣਦਾ ਹੈ, ਜੋ ਸਿੱਖਿਅਕ ਦੇ ਹਾਣੀਆਂ ਦੇ ਨਾਲ ਦੀ ਨਾਲ ਵਿਸਤਰਿਤ ਭਾਈਚਾਰੇ ਜਾਂ ਸਮੁੱਚੇ ਰਾਸ਼ਟਰ ਨਾਲ ਸਾਂਝੇ ਸੰਧਰਭ ਵਿੱਚ ਵਾਪਰਦੀ ਹੈ। ਸਿੱਖਿਆ ਨਾਲ ਸਬੰਧਤ ਵਿਚਾਰਕਾਂ ਜਿਹਾ ਕਿ ਗਾਂਧੀ, ਟੈਗੋਰ, ਸ੍ਰੀ ਔਰਬਿੰਦੂ, ਗਿਜੂਭਾਈ, ਜੇ. ਕ੍ਰਿਸ਼ਨਾਮੂਰਤੀ, ਡਿਵੀਯ ਅਤੇ ਕਈ ਹੋਰਨਾਂ ਦੇ ਵਿਚਾਰਾਂ ਨੂੰ ਅਕਸਰ ਟੁਕੜਿਆਂ ਵਿੱਚ ਪੜ੍ਹਿਆ ਜਾਂਦਾ ਹੈ। ਉਸ ਸੰਧਰਭ ਦਾ ਜਿੱਥੋਂ ਉਹ ਵਿਚਾਰ ਫੁਰਦੇ ਹਨ ਕੋਈ ਖਿਆਲ ਨਹੀਂ ਰੱਖਿਆ ਜਾਂਦਾ।
- ਇਸ ਵਿੱਚ ਕੋਈ ਅਚੰਭਾ ਨਹੀਂ ਹੁੰਦਾ ਕਿ ਜੋ ਅਧਿਆਪਕਾਂ ਨੂੰ ਸਿਖਾਉਣ ਵਾਲੇ ਕਈ ਵਿਚਾਰਾਂ ਨੂੰ ਅਧਿਆਪਕ ਸਿੱਖਅਕਾਂ ਨੂੰ ਸਿੱਖਾਉਂਦੇ ਹਨ, ਉਹੀ ਉਹਨਾਂ ਵਿਚਾਰਾਂ ਨੂੰ ਅਪਣਾਉਂਦੇ ਨਹੀਂ। ਨਤੀਜਾ? ਇਹਨਾਂ ਵਿਚਾਰਾਂ ਨੂੰ ਯਾਦ ਕਰ ਲਿਆ ਜਾਂਦਾ ਹੈ ਤੇ ਕਦੇ ਲਾਗੂ ਨਹੀਂ ਕੀਤਾ ਜਾਂਦਾ।
- ਭਾਗਦਾਰੀ ਵਾਲੀ ਪ੍ਰਾਕਿਰਿਆ ਇੱਕ ਸਵੈ-ਅਨੁਭਵ ਉੱਪਰ ਅਧਾਰਤ ਪ੍ਰਾਕਿਰਿਆ ਹੈ। ਇਹਦੇ ਵਿੱਚ ਸਿੱਖਿਅਕ ਅਪਣਾਂ ਗਿਆਨ ਅਪਣੇ ਹੀ ਤਰੀਕੇ ਨਾਲ ਉਸਾਰਦੇ ਹਨ, ਜੋ ਜਜ਼ਬ ਕਰਨ, ਸੰਵਾਦ, ਵਾਚਣ ਅਤੇ ਮਨਨ ਨਾਲ ਵਾਪਰਦਾ ਹੈ।
- ਵਡਾ ਬਦਲ ਆਉਣਾਂ ਹੈ ਅਧਿਆਪਕ ਦੇ ਰੋਲ ਵਿੱਚ। ਹੁਣ ਅਧਿਆਪਕ ਸਾਰੀ ਸਟੇਜ ਦੇ ਕੇਂਦਰ ਪੁਰ ਟਿਕਿਆ ਹੈ। ਉਹ ਗਿਆਨ ਦਾ ਸਰੋਤ ਹੈ; ਸਾਰੇ ਦੀ ਸਾਰੀ ਪੜ੍ਹਾਈ ਅਤੇ ਸਿਖਲਾਈ ਦੀ ਪ੍ਰਾਕਿਰਿਆ ਦਾ ਅਧਿਕਾਰੀ ਹੈ ਤੇ ਪ੍ਰਬੰਧਕ ਵੀ; ਉਹ ਸਿੱਖਿਆ ਨਾਲ ਸਬੰਧਤ ਪ੍ਰਬੰਧ ਦਾ ਕਰਿੰਦਾ ਹੈ, ਤੇ ਅਜਿਹੇ ਸਾਰੇ ਅਧਿਕਾਰ ਉਸ ਨੂੰ ਪਾਠਕ੍ਰਮ ਤੇ ਜਾਂ ਸਰਕੂਲਰਾਂ ਨੇ ਦੇ ਰੱਖੇ ਹਨ।

- ਅਧਿਆਪਕ ਦੇ ਰੋਲ ਨੇ ਇਸ ਮਾਲਕ ਵਾਲੀ ਹੈਸੀਅਤ ਤੋਂ, ਗਿਆਨ ਦਾ ਸਰੋਤ ਹੋਣ ਤੋਂ ਬਦਲ ਕੇ ਸੂਚਨਾਂ ਨੂੰ ਗਿਆਨ/ਸੂਝ ਵਿੱਚ ਬਦਲ ਦੇਣ ਵਾਲਾ ਇੱਕ ਸਹਾਇਕ ਬਣਨਾਂ ਹੈ। ਬਹੁਭਾਂਤੀ ਸਿੱਖਿਆ ਬੋਧਾਂ ਦੇ ਰਾਹੀਂ ਸਿੱਖਿਆ ਨੂੰ ਉਤੇਜਤ ਕਰਨ ਵਾਲਾ ਮਦਦਗਾਰ ਬਣਨਾਂ ਹੈ, ਜੋ ਲਗਾਤਾਰ ਸਿੱਖਿਅਕ ਨੂੰ ਅਪਣੇ ਵਿਦਿਅਕ ਉਦੇਸ਼ਾਂ ਦੀ ਪੂਰਤੀ ਕਰਵਾਉਂਦਾ ਹੈ।
- ਇੱਕ ਹੋਰ ਮਹੱਤਵ ਪੂਰਣ ਬਦਲਾਵ ਹੋਣਾਂ ਹੈ ਗਿਆਨ ਦੇ ਸੰਕਲਪ ਵਿੱਚ। ਗਿਆਨ ਨੂੰ ਹੁਣ ਇੱਕ ਨਿਰੰਤਰਤਾ ਦੇ ਰੂਪ ਵਿੱਚ ਦੇਖਿਆ ਜਾਣਾਂ ਹੈ, ਜੋ ਅਨੁਭਵਾਂ ਰਾਹੀਂ ਅਸਲ ਖੇਤਰ ਵਿੱਚ ਵਾਚਣ, ਪਰਖਣ ਆਦਿ ਦੇ ਅਧਾਰ ਪੁਰ ਸਿਰਜਤ ਹੁੰਦਾ ਹੈ। ਅਧਿਆਪਕ ਸਿੱਖਿਆ ਦੇ ਅੰਦਰ ਗਿਆਨ ਦਾ ਅੰਗ ਸਿੱਖਿਆ ਦੇ ਵਿਸ਼ਾਲ ਮਜ਼ਮੂੰਨ ਤੋਂ ਉਤਪਨ ਹੋਣਾਂ ਹੈ ਤੇ ਏਸੇ ਹੀ ਤਰ੍ਹਾਂ ਪੇਸ਼ ਵੀ ਕੀਤਾ ਜਾਣਾਂ ਹੈ।
- ਇਹਦਾ ਅਰਥ ਇਹ ਬਣਦਾ ਹੈ ਕਿ ਲਗਾਤਾਰ ਕੋਸ਼ਿਸ਼ਾਂ ਹੁੰਦੀਆਂ ਰਹਿੰਣੀਆਂ ਜਰੂਰੀ ਹਨ ਕਿ ਸਿੱਖਿਆ ਦੇ ਪਰਿਪੇਖ ਤੋਂ ਐਹੋ ਜਿਹੇ ਪ੍ਰਤਿਨਿਧਣ ਦੀ ਵਿਆਖਿਆ ਬਣ ਸਕੇ, ਨਾ ਕਿ ਮਹਿਜ਼ ਦੂਜੇ ਮਜ਼ਮੂੰਨਾਂ ਤੋਂ ਆਉਂਦੇ ਸਿਧਾਂਤਕ ਵਿਚਾਰਾਂ ਨੂੰ ਹੀ "ਸਿੱਖਿਆ ਲਈ ਤਾਤਪਰੀਯ" ਦੇ ਅਰਥਾਂ ਵਿੱਚ ਪੱਕੇ ਕਰਦੇ ਰਿਹਾ ਜਾਵੇ।
- ਵਿੱਦਿਆ ਦੇ ਸੰਧਰਭ ਵਿੱਚ ਅਧਿਆਪਕ ਸਿੱਖਿਆ ਵਿੱਚ ਗਿਆਨ ਬਹੁ-ਵਿਸ਼ੈ-ਖੇਤਰੀ ਹੈ। ਦੂਜੇ ਸ਼ਬਦਾਂ ਵਿੱਚ, ਅਧਿਆਪਕ ਸਿੱਖਿਆ ਵਿੱਚ ਸੰਕਲਪਕ ਲਾਗਤਾਂ ਨੂੰ ਇਸ ਢੰਗ ਨਾਲ ਉਚਾਰਤ ਕਰਨਾਂ ਹੋਵੇਗਾ ਕਿ ਉਹ ਸਿੱਖਿਆ ਜਿਹੇ ਤੱਥ ਦੀ - ਕਾਰਜਾਂ, ਕੰਮਾਂ, ਕੋਸ਼ਿਸ਼ਾਂ, ਪ੍ਰਕਿਰਿਆਵਾਂ, ਸੰਕਲਪਾਂ ਅਤੇ ਘਟਨਾਵਾਂ ਅਦਿ ਦੀ ਵਿਆਖਿਆ ਕਰਨ।
- ਅਧਿਾਪਕਾਂ ਦੀ ਸਿੱਖਿਆ ਦਾ ਅਜਿਹਾ ਪ੍ਰੋਗਰਾਮ ਸਿਧਾਂਤਕ ਸਮਝ ਅਤੇ ਉਸਦੇ ਕਾਜਕਾਰੀ ਰੂਪ ਵਿੱਚ ਤਕੜੀ ਸਾਂਝ ਬਣਾ ਦੇਣ ਦੇ ਲਈ ਸੌਖ ਪੈਦਾ ਕਰੇਗਾ। ਦੋ ਅਲੱਗ ਅਲੱਗ ਖੰਡਾਂ ਨੂੰ ਦੇਖਣ ਦੀ ਗੱਲ ਨਹੀਂ ਰਹੇਗੀ। ਇਹਦੇ ਨਾਲ ਵਿਦਿਆਰਥੀ-ਅਧਿਆਪਕਾਂ ਅਤੇ ਅਧਿਆਪਕਾਂ ਵਿੱਚ ਜਮਾਤ ਵਿੱਚ ਇਸ ਖੇਤਰ ਵਿਚਲੀਆਂ ਪਹੁੰਚਾਂ ਪਰਤੀ ਅਲੋਚਨਾਤਮਕ ਸੰਵੇਦਨਾਂ ਦਾ ਵਿਕਾਸ ਕਰ ਲੈਣ ਦੇ ਯੋਗ ਬਣਦਾ ਹੈ।
- ਇਉਂ ਇੱਕ ਵਾਰ ਖੁਦ ਅਤੇ ਦੂਜਿਆਂ ਦੇ ਅਜਮਾਏ ਜਾਣ ਤੋਂ ਬਾਅਦ ਸਿੱਖਿਣ ਦੀ ਆਦਰਸ਼ਕ ਫ਼ਿਜਾ ਦੇ ਬਾਰੇ ਬੰਦੇ ਦੀ ਦ੍ਰਿਸ਼ਟੀ ਉਗਮ ਸਕਦੀ ਹੈ। ਇਸ ਤਰ੍ਹਾਂ ਦਾ ਸਿੱਖਿਆ ਦਾ ਮਹੌਲ ਸਿਰਜਣ ਦੇ ਵਾਸਤੇ ਅਧਿਆਪਕ ਕਿਤੇ ਜ਼ਿਆਦਾ ਸੁਸ਼ਕਤ ਹੋਣਗੇ। ਲੋੜੀਂਦੀ ਤਕਨੀਕੀ ਜਾਣਕਾਰੀ ਅਤੇ ਵਿਸ਼ਵਾਸ ਨਾਲ ਉਹ ਕੇਵਲ ਚੱਲ ਰਹੇ ਹਾਲਾਤ ਨਾਲ ਸਮਝਾਉਤਾ ਹੀ ਨਹੀਂ ਕਰਨਗੇ, ਸਗੋਂ ਹਾਲਾਤਾਂ ਨੂੰ ਬਦਲ ਵੀ ਦੇਣਗੇ।

ਸਿੱਖਣ ਦੀਆਂ ਪ੍ਰਕਿਰਿਆਵਾਂ ਵਿੱਚ ਸਮਾਜਕ ਸੰਧਰਭ ਦੇ ਅਸਰ ਨੂੰ ਸਮਝਣ ਵਿੱਚ ਇੱਕ ਹੋਰ ਵਡਾ ਫਰਕ ਵੀ ਹੈ:

- ਸਿੱਖਿਆ ਉੱਪਰ ਉਸ ਸਾਰੇ ਮਹੌਲ/ਸੰਧਰਭ ਦਾ ਬੜਾ ਭਾਰੀ ਅਸਰ ਪੈਂਦਾ ਹੈ, ਜਿਸ ਵਿੱਚੋਂ ਸਿੱਖਿਅਕ ਅਤੇ ਅਧਿਆਪਕ ਨਿੱਕਲਕੇ ਆਉਂਦੇ ਹਨ। ਸਕੂਲ ਅਤੇ ਜਮਾਤ ਦਾ ਸਮਾਜਕ ਵਾਤਾਵਰਨ ਸਿੱਖਿਆ ਦੀ ਸਾਰੀ ਪ੍ਰਕਿਰਿਆ ਅਤੇ ਸਿੱਖਿਆ ਦੇ ਸਮੁੱਚੇ ਚਲਣ ਉੱਪਰ ਡੂੰਘਾ ਅਸਰ ਪਾਉਂਦਾ ਹੈ। ਇਸ ਨੂੰ ਧਿਆਨ ਵਿੱਚ ਰੱਖਦਿਆਂ ਇਸ ਗੱਲ ਦੀ ਬੜੀ ਭਾਰੀ ਲੋੜ ਹੈ ਕਿ ਕਿਸੇ ਇੱਕ ਸਿੱਖਿਅਕ ਦੀ ਨਿੱਜੀ ਮਾਨਸਕਤਾ ਉੱਪਰ ਸਾਰਾ ਭਾਰ ਪਾ ਦੇਣ ਦੀ ਬਜਾਏ ਬਲ ਉਸ ਦੇ ਸਮਾਜਕ, ਸਭਿਆਚਾਰਕ, ਆਰਥਕ ਅਤੇ ਰਾਜਨੀਤਿਕ ਸੰਧਰਭ ਵੱਲ ਬਦਲਿਆ ਜਾਵੇ।
- ਭਿੰਨ ਭਿੰਨ ਸੰਧਰਭ ਸਿੱਖਿਆ ਵਿੱਚ ਭਿੰਨਤਾ ਲਿਆਉਂਦੇ ਹਨ। ਸਕੂਲ ਵਿਚਲੀ ਸਿੱਖਿਆ ਉੱਤੇ ਸਕੂਲ ਤੋਂ ਬਾਹਰਲੇ ਤੇ ਹੋਰ ਵੀ ਵਿਸਤਰਿਤ ਸੰਧਰਭ ਅਸਰ ਪਾ ਕੇ ਉਸ ਨੂੰ ਵਿਸਥਾਰ ਦਿੰਦੇ ਹਨ।
- ਅਧਿਆਪਕ ਸਿੱਖਿਆ ਦੇ ਪ੍ਰੋਗਰਾਮਾਂ ਲਈ ਜਰੂਰੀ ਹੈ ਕਿ ਉਹ ਸਮਕਾਲੀ ਭਾਰਤੀ ਸਮਾਜ ਨਾਲ ਸਬੰਧਤ ਮੁੱਦਿਆਂ ਜਿਹਾ ਕਿ ਸਮਾਜ ਦਾ ਬਹੁਲਤਾ ਵਾਲਾ ਸੁਭਾਅ, ਪਛਾਣ ਦੇ ਮੁੱਦੇ, ਲਿੰਗ, ਬਰਾਬਰੀ, ਰੋਜਗਾਰ ਅਤੇ ਗਰੀਬੀ ਆਦਿ ਨਾਲ ਨਜਿੱਠਣ ਦੇ ਲਈ ਥਾਂ ਪੈਦਾ ਕਰੇ। ਸਿੱਖਿਆ ਨੂੰ ਸੰਧਰਭਤ ਕਰਨ ਦੇ ਵਾਸਤੇ, ਸਿੱਖਿਆ ਦੇ ਉਦੇਸ਼ ਦੀ ਡੂੰਘੀ ਜਾਣਕਾਰੀ ਦਾ ਵਿਕਾਸ ਕਰਨ ਲਈ, ਅਤੇ ਸਮਾਜ ਦੇ ਨਾਲ ਇਹਦੇ ਰਿਸ਼ਤੇ ਵਾਸਤੇ ਇਹਦੇ ਤੋਂ ਮਦਦ ਮਿਲੇਗੀ।
- ਅਧਿਆਪਕ ਸਿੱਖਿਆ ਪ੍ਰੋਗਰਾਮ ਦੀ ਕਾਰਗੁਜਾਰੀ ਦੇ ਲੇਖੇ ਜੋਖੇ ਵਿੱਚ ਬਦਲਾਵ ਆਉਣਾਂ ਹੈ। ਇਸ ਵਿੱਚ ਇੱਕ ਸਲਾਨਾਂ ਘਟਨਾਂ ਦੀ ਜਗਾਹ ਇਸ ਨੂੰ ਇੱਕ ਨਿਰੰਤਰ ਪਰਵਾਹ ਦੀ ਤਰ੍ਹਾਂ ਦੇਖੇ ਜਾਣ ਦੀ ਲੋੜ ਹੈ। ਇੱਕ ਸਿੱਖਿਅਕ-ਅਧਿਆਪਕ ਦੂਜੇ ਸਿੱਖਿਅਕ-ਅਧਿਆਪਕ ਨਾਲ ਸਹਿਕਾਰ ਕਰਨ ਅਤੇ ਸਹਿਯੋਗ ਕਰਨ ਦੀ ਸਮਰੱਥਾ ਦਾ, ਨਿਰੀਖਣ ਕਰਨ ਅਤੇ ਸੁਮੇਲ ਕਰਨ ਦੀ ਸਮਰੱਥਾ ਦਾ ਮੁਲੰਕਣ ਕਰਦਾ ਹੈ। ਲਿਖਤੀ ਅਤੇ ਜਬਾਨੀਂ ਕੌਸ਼ਲ, ਮੌਲਿਕਤਾ, ਪੇਸ਼ਕਾਰੀ ਪੁਰ ਪਕੜ ਆਦਿ ਦਾ ਅੰਦਾਜ਼ਾ ਲਾਉਂਦਾ ਹੈ।

## ਵਡੇ ਬਦਲਾਵ

| | |
|---|---|
| • ਅਧਿਆਪਕ ਕੇਂਦਰਤ ਟਿਕੇ ਡਿਜ਼ਾਈਨ | ਸਿੱਖਿਅਕ ਕੇਂਦਰਤ ਲਚਕੀਲੇ ਡਿਜ਼ਾਈਨ |
| • ਅਧਿਆਪਕ ਦੀ ਸੇਧ ਅਤੇ ਫੈਸਲੇ | ਸਿੱਖਿਅਕ ਦੀ ਖੁਦਮੁਖਤਾਰੀ |
| • ਅਧਿਆਪਕ ਦੀ ਅਗਵਾਵੀ ਅਤੇ ਨਿਰੀਖਣ | ਸਿੱਖਿਆ ਨੂੰ ਸਹਾਇਤਾ, ਮਦਦ ਅਤੇ ਉਤਸਾਹ |
| • ਸਿੱਖਿਆ ਵਿੱਚ ਗ੍ਰਹਿਣ ਕਰਨ ਵਿੱਚ ਸੁਸਤੀ | ਸਿੱਖਿਆ ਵਿੱਚ ਫੁਰਤੀਲੀ ਭਾਗਦਾਰੀ |
| • ਸਕੂਲ ਦੀਆਂ ਚਾਰ ਕੰਧਾਂ ਦੇ ਅੰਦਰ ਸਿੱਖਿਆ | ਵਿਸਥਾਰੀ ਸਮਾਜਕ ਸੰਧਰਭ ਵਿੱਚ ਸਿੱਖਣ |

| | |
|---|---|
| ਗਿਆਨ 'ਦਿੱਤੇ ਹੋਏ' ਅਤੇ ਬੱਝਵੇਂ ਰੂਪ ਵਿੱਚ | ਗਿਆਨ ਵਿਕਸਣ ਅਤੇ ਸਿਰਜਣ ਦੇ ਰੂਪ ਵਿੱਚ |
| • ਰੇਖਾ ਦੀ ਸੇਧ ਵਾਲੀ ਜਾਣਕਾਰੀ | ਬਹੁਪੱਖੀ ਅਤੇ ਬਹੁਭਾਂਤੀ ਜਾਣਕਾਰੀ |
| • ਛੋਟਾ ਅਤੇ ਜਰਾ ਕੁ ਲੇਖਾ ਜੋਖਾ | ਬਹੁਪਰਤੀ ਅਤੇ ਗਤੀਸ਼ਲਿ ਮੁਲੰਕਣ |

- ਕਈ ਪ੍ਰਕਾਰ ਦੇ ਮੁਲਾਂਕਣ ਹੁੰਦੇ ਹਨ ਜਿਹਾ ਕਿ ਸਵੈ-ਮੁਲਾਂਕਣ, ਹਾਣੀਆਂ ਦਾ ਮੁਲਾਂਕਣ, ਅਧਿਆਪਕ ਦੀ ਟਿੱਪਣੀ ਅਤੇ ਸਾਲ ਦੇ ਅੰਤ ਉੱਤੇ ਉਪਚਾਰਕ ਮੁਲਾਂਕਣ। ਇਹਨਾਂ ਸਾਰੇ ਮੁਲੰਕਣਾਂ ਦਾ ਉਦੇਸ਼ ਸੁਧਾਰ ਹੈ, ਜੀਹਦੇ ਨਾਲ ਬੰਦੇ ਦੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦੀ ਸਮਝ ਪੈ ਜਾਵੇ। ਇਹ ਵੀ ਪਤਾ ਲੱਗ ਜਾਵੇ ਕਿ ਕਿਹੜੀ ਚੀਜ਼ ਮਜ਼ਬੂਤ ਕੀਤੀ ਜਾਣੀ ਹੈ। ਤੇ ਪੜ੍ਹਾਈ ਦੀ ਪ੍ਰਕਿਰਿਆ ਦੇ ਅਗਲੇ ਨਿਛਾਨਿਆਂ ਦੀ ਵੀ ਪਛਾਣ ਹੋ ਜਾਵੇ।
- ਬਹੁਤਾ ਕਰਕੇ ਇਹ ਮੁਲਾਂਕਣ ਨੰਬਰਾਂ (ਗਿਣਾਤਮਕ) ਦੇ ਰੂਪ ਵਿੱਚ ਨਹੀਂ, ਸਗੋਂ ਇੱਕ ਪੈਮਾਨੇ (ਗੁਣਾਤਮਕ) ਅਨੁਸਾਰ ਦਿੱਤਾ ਜਾਣਾਂ ਹੈ, ਜੀਹਦੇ ਵਿੱਚ ਵਿਦਿਆਰਥੀ ਦੀ ਪ੍ਰਾਪਤੀ ਨੂੰ ਇੱਕ ਨਿਰੰਤਰਤਾ ਦੇ ਅਰਥਾਂ ਵਿੱਚ ਅਨੁਮਾਨਿਆਂ ਜਾਣਾਂ ਹੈ। ਭਿੰਨ ਭਿੰਨ ਗਤੀਵਿਧੀਆਂ ਵਿੱਚ ਉਸ ਦੇ ਨਿਭਾਅ ਦੇ ਅਨੁਸਾਰ ਉਸ ਨੂੰ ਥਾਂ ਦਿੱਤੀ ਜਾਣੀ ਹੈ।
- ਸੰਖੇਪ ਵਿੱਚ, ਅਧਿਆਪਕ ਸਿੱਖਿਆ ਦਾ ਇਹ ਨਵਾਂ ਬੋਧ ਸਕੂਲ ਵਿੱਚ ਹੋਣ ਵਾਲੀਆਂ ਤਬਦੀਲੀਆਂ ਦੇ ਪ੍ਰਤੀ ਜ਼ਿਆਦਾ ਜ਼ਿੰਮੇਂਵਾਰ ਰਹੇਗਾ, ਕਿਉਂਕਿ ਇਹਦੇ ਵਿੱਚ ਵਡੀ ਪੈਰਾਡਾਈਮਕ ਤਬਦੀਲੀ ਦਾ ਤਸਵਰ ਹੋਇਆ ਹੈ। ਇਹਨਾਂ ਵਡੀਆਂ ਤਬਦੀਲੀਆਂ ਨੂੰ 'ਵਡੇ ਬਦਲਾਵ' ਦੇ ਸਿਲੇਖ ਹੇਠ ਵਿਚਾਰਿਆ ਜਾ ਚੁੱਕਾ ਹੈ।

## 5.2.4 ਸੇਵਾ-ਵਿੱਚ ਵਿੱਦਿਆ ਅਤੇ ਅਧਿਆਪਕਾਂ ਦੀ ਸਿਖਲਾਈ

ਸੇਵਾ-ਵਿੱਚ ਅਧਿਆਪਕਾਂ ਦੇ ਪੇਸ਼ਾਵਰ ਵਿਕਾਸ ਵਿੱਚ ਵਿੱਦਿਆ ਬੜਾ ਮਹੱਤਵ ਪੂਰਣ ਹਿੱਸਾ ਪਾ ਸਕਦੀ ਹੈ। ਸਕੂਲ ਸਬੰਧਤ ਸਾਰੇ ਅਮਲ ਨੂੰ ਬਦਲਣ ਦੇ ਵਾਹਕ ਦੇ ਰੂਪ ਵਿੱਚ ਵੀ ਕੰਮ ਕਰ ਸਕਦੀ ਹੈ। ਅਪਣੇ ਸਾਰੇ ਵਿਹਾਰ ਜੁਟਾਕੇ ਅਤੇ ਅਪਣੇ ਅਨੁਭਵਾਂ ਨੂੰ ਮੁੜ ਪੱਕਾ ਕਰਨ ਨਾਲ ਇਹ ਅਧਿਆਪਕਾਂ ਵਿੱਚ ਭਰੋਸਾ ਹਾਂਸਲ ਕਰ ਲੈਣ ਵਿੱਚ ਮਦਦ ਕਰਦੀ ਹੈ। ਇਹ ਦੂਜੇ ਅਧਿਆਪਕਾਂ ਨਾਲ ਪੇਸ਼ਾਵਰ ਢੰਗ ਨਾਲ ਮਿਲਣ ਅਤੇ ਗਿਆਨ ਨੂੰ ਸਮਕਾਲੀ ਬਣਾ ਲੈਣ ਦੇ ਮੌਕੇ ਦਿੰਦੀ ਹੈ।

ਸਿੱਖਿਆ ਕਮਿਸ਼ਨ (1964-66) ਨੇ ਸਿਫਾਰਸ਼ ਕੀਤੀ ਸੀ ਕਿ ਯੂਨੀਵਰਸਿਟੀਆਂ ਅਤੇ ਹੋਰ ਅਧਿਆਪਕ ਸੰਗਠਨ ਸੇਵਾ-ਵਿੱਚ ਵਿੱਦਿਆ ਦਾ ਪ੍ਰਬੰਧ ਕਰਨ, ਜਿਸ ਨਾਲ ਹਰ ਅਧਿਆਪਕ ਨੂੰ ਪੰਜ ਸਾਲਾਂ ਵਿੱਚ ਇੱਕ ਵਾਰ ਦੋ ਜਾਂ ਤਿੰਨ ਮਹੀਨਿਆਂ ਦੀ ਸੇਵਾ-ਵਿੱਚ ਵਿੱਦਿਆ ਮਿਲਣ ਦਾ ਮੌਕਾ ਮਿਲੇ। ਅਜਿਹੇ ਪ੍ਰੋਗਰਾਮ ਖੋਜ਼ ਦੇ ਸਿੱਟਿਆਂ ਉੱਪਰ ਅਧਾਰਤ ਹੋਣ। ਸਿਖਲਾਈ ਵਾਲੇ ਅਦਾਰੇ 12 ਮਹੀਨੇ ਦੇ ਹਿਸਾਬ ਨਾਲ ਕੰਮ ਕਰਨ। ਉਹ ਰੀਫਰੈੱਸ਼ਰ ਕੋਰਸ, ਸੈਮੀਨਰ ਅਤੇ ਸਮਰ ਸਕੂਲਾਂ ਤਰ੍ਹਾਂ ਦੇ ਪ੍ਰੋਗਰਾਮ ਕਰਨ।

ਅਧਿਆਪਕਾਂ ਦੇ ਰਾਸ਼ਟਰੀ ਕਮਿਸ਼ਨ (1983-85) ਦੀ ਰਿਪੋਟ ਨੇ ਅਧਿਆਪਕਾਂ ਦੇ ਕੇਂਦਰਾਂ ਦੇ ਵਿਚਾਰ ਦੀ ਦਲੀਲ ਦਿੱਤੀ। ਇਹਨਾਂ ਕੇਂਦਰਾਂ ਨੇ ਮਿਲਣ ਦੀਆਂ ਜਗਾਹਵਾਂ ਤਰ੍ਹਾਂ ਵਰਤੇ ਜਾਣਾਂ ਸੀ। ਪ੍ਰਤਿਭਾ ਨੂੰ ਇਕੱਠਾ ਕਰਨਾਂ ਅਤੇ ਪੜ੍ਹਾਈ ਦੇ ਅਨੁਭਵ ਨੂੰ ਸਾਂਝਾ ਕੀਤਾ ਜਾਣਾਂ ਸੀ। ਸੁਝਾਅ ਦਿੱਤਾ ਗਿਆ ਸੀ ਕਿ ਅਧਿਆਪਕ ਪੜ੍ਹਾਈ ਲਈ ਛੁੱਟੀ ਲੈਕੇ ਇਹਨਾਂ ਪੜ੍ਹਾਈ ਕੇਂਦਰਾਂ ਵਿੱਚ ਜਾ ਸਕਦੇ ਸਨ।

NPE (1986) ਨੇ ਸੇਵਾ-ਵਿੱਚਲੀ ਵਿੱਦਿਆ ਅਤੇ ਸੇਵਾ-ਪਹਿਲੀ ਵਿੱਦਿਆ ਨੂੰ ਇੱਕ ਨਿਰੰਤਰਤਾ ਵਿੱਚ ਜੋੜ ਦਿੱਤਾ। ਜ਼ਿਲਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਕਾਇਮ ਕਰਨ ਦਾ ਖਾਬ ਦੇਖਿਆ ਗਿਆ। 250 ਕਾਲਿਜਾਂ ਦਾ ਦਰਜਾ ਉੱਚਾ ਕਰਕੇ ਅਧਿਆਪਕ ਸਿੱਖਿਆ ਦੇ ਕਾਲਿਜ ਬਨਾਉਣ, 50 ‘ਪੜ੍ਹਾਈ ਦੀਆਂ ਉੱਚ ਵਿੱਦਿਆ ਸੰਸਥਾਵਾਂ’ ਦੀ ਸਥਾਪਨਾਂ ਅਤੇ ‘ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਦੀਆਂ ਕੌਂਸਲਾਂ’ ਨੂੰ ਮਜ਼ਬੂਤ ਕਰਨ ਦਾ ਸੁਝਾਅ ਦਿੱਤਾ।

ਅਚਾਰੀਆ ਰਾਮ ਮੂਰਤੀ ਰੀਵਿਊ ਕਮੇਟੀ (1990) ਨੇ ਸਿਫਾਰਸ਼ ਕੀਤੀ ਕਿ ਸੇਵਾ-ਵਿਚਲੀ ਵਿੱਦਿਆ ਅਤੇ ਰਿਫਰੈੱਸ਼ਰ ਕੋਰਸ ਅਧਿਆਪਕਾਂ ਦੀਆਂ ਅਸਲੀ ਜਰੂਰਤਾਂ ਨਾਲ ਜੁੜੇ ਹੋਣੇ ਚਾਹੀਦੇ ਹਨ। ਮੁਲਾਂਕਣ ਅਤੇ ਪੈਰਵਾਈ ਵੀ ਏਸੇ ਸਕੀਮ ਦਾ ਹੀ ਹਿੱਸਾ ਹੋਣੇ ਚਾਹੀਦੇ ਹਨ।

ਜਿੰਨ੍ਹਾਂ ਜਗਾਹਵਾਂ ਉੱਤੇ ਪ੍ਰਾਇਮਰੀ ਸਕੂਲ ਦੀ ਸੁਵਿਧਾ ਦੇਣ ਦੇ ਲਈ ਬਹੁ-ਗ੍ਰੇਡ ਸਕੂਲ ਸਥਾਪਤ ਕੀਤੇ ਗਏ ਹਨ, ਓਥੇ ਅਧਿਆਪਕਾਂ ਨੂੰ ਅਜਿਹੀਆਂ ਜਮਾਤਾਂ ਨੂੰ ਸਾਂਭ ਸਕਣ ਦੀ ਵਿਸ਼ੇਸ਼ ਸਿਖਲਾਈ ਮਿਲਣੀ ਚਾਹੀਦੀ ਹੈ। ਇਹ ਸਿਖਲਾਈ ਉਹੀ ਦੇਣ ਜਿੰਨ੍ਹਾਂ ਨੂੰ ਅਜਿਹੀਆਂ ਜਮਾਤਾਂ ਨੂੰ ਸਾਂਭ ਸਕਣ ਦਾ ਤਜ਼ਰਬਾ ਹੋਵੇ। ਇਸ ਸਿਖਲਾਈ ਦਾ ਪ੍ਰਬੰਧ ਕਰਨ ਲਈ ਕੋਈ ਸੰਸਥਾ ਵੀ ਹੋਵੇ।

ਬਿਨਾਂ ਯੋਗ ਸਮਗਰੀ ਦੀ ਮਦਦ ਦੇ ਜਾਂ ਬਿਨਾਂ ਇੱਕਾਈਆਂ ਅਤੇ ਵਿਸ਼ਿਆਂ ਦੀ ਯੋਜਨਾਂ ਦੀ ਅਗਵਾਈ ਦੇ, ਪ੍ਰਬੰਧ ਕਰਨ ਦੇ ਨੁਸਖੇ ਉਨ੍ਹਾਂ ਅਧਿਆਪਕਾਂ ਦਾ ਕੁਝ ਵੀ ਸਵਾਰ ਨਹੀਂ ਸਕਦੇ, ਜਿੰਨ੍ਹਾਂ ਦਾ ਅਨੁਭਵ ਅਤੇ ਕਲਪਨਾਂ ਮੋਨੋ-

ਗ੍ਰੇਡ ਸਕੂਲਾਂ ਵਾਲਾ ਹੋਵੇ। ਜਿਨ੍ਹਾਂ ਜਗਾਹਵਾਂ ’ਤੇ ਬਹੁ-ਗ੍ਰੇਡ ਵਾਲੀਆਂ ਜਮਾਤਾਂ ਚੱਲਦੀਆਂ ਹੋਣ, ਓਥੇ ਸਿਰਫ ਕੀ ਕੀਤਾ ਜਾਣਾਂ ਹੈ ਵਗੈਰਾ ਦੱਸੀ ਜਾਣ ਦੀ ਬਜਾਏ ਸਿੱਧ ਕਰਕੇ ਵੇਖਣ ਦੇ ਅਨੁਭਵ ਦੇ ਨਾਲ ਯੂਨਟਾਂ ਦੀ ਯੋਜਨਾਂਬੰਦੀ ਦਾ ਅਭਿਆਸ ਵੀ ਜੋੜ ਲਿਆ ਜਾਵੇ। ਹੋ ਸਕੇ ਤਾਂ ਇਸ ਕੰਮ ਦੇ ਲਈ ਫਿਲਮਾਂ ਦੀ ਵੀ ਮਦਦ ਲਈ ਜਾ ਸਕਦੀ ਹੈ। ਇਹਦੇ ਨਾਲ ਅਧਿਆਪਕਾਂ ਵਿੱਚ ਹੌਂਸਲੇ ਦੀ ਘਾਟ ਪੁਰ ਕਾਬੂ ਪਾਇਆ ਜਾ ਸਕਦਾ ਹੈ।

## 5.2.5 ਸੇਵਾ-ਵਿੱਚ ਵਿੱਦਿਆ ਲਈ ਵਿਉਂਤਾਂ ਅਤੇ ਨਵੀਆਂ ਪਹਿਲਾਂ

ਵਿੱਦਿਆ ਦੀ ਰਾਸ਼ਟਰੀ ਨੀਤੀ (NPE 1986) ਦੇ ਤਹਿਤ DIET, IASE, CTE ਵਰਗੇ ਅਦਾਰੇ ਖੋਹਲੇ ਜਾਣ ਦੇ ਲਈ ਕਦਮ ਉਠਾਏ ਗਏ ਹਨ, ਤਾਂ ਜੋ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਨੂੰ ਸੇਵਾ-ਵਿੱਚ ਵਿੱਦਿਆ ਦਿੱਤੀ ਜਾ ਸਕੇ। ਇਸ ਮੰਤਵ ਦੇ ਲਈ 500 DIET, 87 CTE, 38 IASE, ਅਤੇ 30 SCERT ਸਥਾਪਤ ਕੀਤੇ ਜਾ ਚੁੱਕੇ ਹਨ, ਭਵਾਂ ਕਿ ਇਹਨਾਂ ਵਿੱਚੋਂ ਕਈਆਂ ਨੇ ਹਾਲੇ ਸਾਧਨ ਕੇਂਦਰਾਂ ਤਰ੍ਹਾਂ ਕੰਮ ਕਰਨ ਲੱਗਣਾਂ ਹੈ। DPEP ਨੇ ਵੀ ਬਲਾਕ ਅਤੇ ਖਿੱਤੇ ਦੀ ਪੱਧਰ ਦੇ ਸਾਧਨ ਕੇਂਦਰ ਤੇ ਖੋਹਲ ਲਏ ਹਨ। ਪੜ੍ਹਾਈ ਦੇ ਪੁਨਰ-ਜਾਗਰਣ ਦੀਆਂ ਮੂਲ ਜੁਗਤਾਂ ਦੀ ਪੈਰਵਾਈ ਲਈ ਸੇਵਾ-ਵਿੱਚ ਵਿੱਦਿਆ ਤੇ ਖਿੱਤੇ ਦੀ ਪੱਧਰ ਦੇ ਸਕੂਲ ਖੋਹਲੇ ਹਨ। ਪਰ ਐਨੇ ਵਡੇ ਆਕਾਰ ਦੇ ਜਤਨਾਂ ਨੇ ਕੁਝ ਭੁਗੋਲਕ ਖੇਤਰਾਂ ਵਿੱਚ ਕੁਝ ਸਿੱਟੇ ਮਿਲਣ ਦੇ ਬਾਵਜੂਦ ਮੋਟੇ ਤੋਰਤੇ ਸੇਵਾ-ਵਿਚਲੀਆਂ ਨਵੀਆਂ ਪਹਿਲਾਂ ਨੇ ਅਧਿਆਪਕਾਂ ਦੇ ਅਮਲ ਉੱਪਰ ਕੋਈ ਗਿਣਿਆ ਜਾਣ ਵਾਲਾ ਅਸਰ ਨਹੀਂ ਦਿਖਾਇਆ।

ਸਿਖਲਾਈ ਦੀ ਗੁਣਵੱਤਾ ਦਾ ਜ਼ਿਆਦਾ ਵਡਾ ਸੰਕੇਤ ਤਾਂ ਇਹਦੀ ਅਧਿਆਪਕਾਂ ਦੀਆਂ ਜਰੂਰਤਾਂ ਲਈ ਸਾਰਥਕਤਾ ਹੈ। ਪਰ ਬਹੁਤੇ ਅਜਿਹੇ ਪ੍ਰੋਗਰਾਮ ਜਰੂਰਤਾਂ ਦਾ ਖਿਆਲ ਰੱਖਕੇ ਨਹੀਂ ਕੀਤੇ ਜਾਂਦੇ। ਅਪਣਾਈ ਗਈ ਪਹੁੰਚ ਭਾਸ਼ਣ ਅਧਾਰਤ ਹੀ ਤੁਰੀ ਆਉਂਦੀ ਹੈ। ਉਨ੍ਹਾਂ ਵਿੱਚ ਸਿਖਿਅਕਾਂ ਦੇ ਭਾਗ ਲੈ ਸਕਣ ਦਾ ਮੌਕਾ ਘੱਟ ਹੀ ਰਹਿੰਦਾ ਹੈ। ਮੁਸ਼ਕਲ ਇਹ ਹੈ ਕਿ ਬਹੁਤੇ ਸੰਕਲਪ ਜਿਵੇਂ ਕਾਰਜ ਅਧਾਰਤ ਸਿਖਲਾਈ, ਵੱਡੀਆਂ ਜਮਾਤਾਂ ਦੇ ਪਾਠ-ਕਮਰਿਆ ਦਾ ਪ੍ਰਬੰਧ, ਬਹੁ-ਗ੍ਰੇਡ ਸਿਖਲਾਈ, ਟੀਮ ਸਿਖਲਾਈ, ਅਤੇ ਸਹਿਕਾਰਤ ਤੇ ਸਹਿਭਾਗੀ ਸਿਖਲਾਈ ਆਦਿ, ਜੋ ਸੁਚੇਤ ਪ੍ਰਦਰਸ਼ਨ ਦੀ ਮੰਗ ਕਰਦੇ ਹਨ, ਵੀ ਲੈਕਚਰਾਂ ਰਾਹੀਂ ਹੀ ਪੜ੍ਹਾਏ ਜਾਂਦੇ ਹਨ। ਸਕੂਲੀ ਪੈਰਵਾਈ ਵੀ ਚੱਲ ਸਕਣੋਂ ਅਸਫਲ ਰਹੀ ਹੈ। ਅਧਿਆਪਕਾਂ ਦੇ ਲਈ ਇਕੱਠੇ ਹੋਕੇ ਸੋਚਣ ਹਿੱਤ ਹੋਣ ਵਾਲੀਆਂ ਖਿੱਤੇ ਦੀ ਪੱਧਰ ਦੀਆਂ ਮੀਟਿੰਗਾਂ ਵੀ ਪੇਸ਼ਾਵਰ ਪੈਂਤੜਿਆਂ ਦਾ ਰੂਪ ਨਹੀਂ ਲੈ ਸਕੀਆਂ।

ਪਾਠਕ੍ਰਮ ਦੀ ਪੁਨਰ-ਨਵੀਂਨੀ ਦਾ ਹਰ ਕਦਮ ਮੰਗ ਕਰਦਾ ਹੈ ਕਿ ਸੇਵਾ-ਵਿੱਚ ਵਿੱਦਿਆ ਦਾ ਇੱਕ ਬੜਾ ਸੋਚਿਆ ਸਮਝਿਆ ਤੇ ਸੁਨਿਸਚਤ ਪ੍ਰੋਗਰਾਮ ਇਸ ਦੀ ਮਦਦ ਲਈ ਬਣੇ ਤੇ ਸਕੂਲ ਅਧਾਰਤ ਅਧਿਆਪਕੀ ਮਦਦ ਵੀ ਇਸ ਨੂੰ ਮਿਲੇ।

ਸੇਵਾ-ਵਿੱਚ ਵਿੱਦਿਆ ਇੱਕ ਘਟਨਾਂ ਨਹੀਂ ਹੋ ਸਕਦੀ। ਇਹ ਤਾਂ ਇੱਕ ਪ੍ਰਕਿਰਿਆ ਹੈ। ਇਹਦੇ ਵਿੱਚ ਸ਼ਾਮਲ ਹਨ ਗਿਆਨ, ਉਨਤੀ ਅਤੇ ਰੁਝਾਨਾਂ, ਹੁਨਰਾਂ, ਮੰਨਤਾਂ ਅਤੇ ਅਮਲਾਂ ਵਿੱਚ ਤਬਦੀਲੀਆਂ ਜੋ ਵਰਕਸ਼ਾਪਾਂ ਦੇ ਰਾਹੀਂ ਅਤੇ ਸਕੂਲ ਵਿੱਚ ਵਾਪਰਣ। ਇਹਦੇ ਵਿੱਚ ਖਾਲੀ ਮਾਹਰਾਂ ਤੋਂ ਪ੍ਰਾਪਤ ਕਰਨਾਂ ਹੀ ਸ਼ਾਮਲ ਨਹੀਂ। ਪ੍ਰਯੋਗਾਤਮਕ ਸਿਖਲਾਈ ਦਾ ਵਾਧਾ, ਅਧਿਆਪਕਾਂ ਨੂੰ ਸਰਗਰਮ ਸਿੱਖਿਅਕਾਂ ਦੇ ਰੂਪ ਵਿੱਚ ਸ਼ਾਮਲ ਕਰਨਾ, ਸਾਰੇ ਅਮਲ ਦੀ ਹਮ-ਉਮਰਾਂ ਰਾਹੀਂ ਸਮੀਖਿਆ ਆਦਿ ਸਮੁੱਚੀ ਜੁਗਤ ਦੇ ਅੰਗ ਬਣ ਸਕਦੇ ਹਨ। ਅਪਣੇ ਆਪ ਉੱਪਰ ਝਾਤੀ ਮਾਰਨੀ ਇਹਨਾਂ ਪ੍ਰੋਗਰਾਮਾਂ ਦਾ ਮੁੱਖ ਹਿੱਸਾ ਬਣ ਜਾਣ ਦੀ ਲੋੜ ਹੈ।

ਸਿਖਲਾਈ ਦੀ ਇੱਕ ਨੀਤੀ ਬਣ ਜਾਣੀ ਚਾਹੀਦੀ ਹੈ, ਜੀਹਦੇ ਵਿੱਚ ਪ੍ਰੋਗਰਾਮਾਂ ਦੇ ਸਮੇਂ ਦਾ ਵਕਫਾ, ਸੰਧਰਭ ਅਤੇ ਵਿਧੀ ਪ੍ਰੀਭਾਸ਼ਤ ਹੋ ਜਾਣੇ ਜਰੂਰੀ ਹਨ। ਪਰ ਗੁਣਵੱਤਾ ਨੂੰ ਯਕੀਨੀਂ ਬਨਾਉਣ ਲਈ ਅਤੇ ਪ੍ਰਚਲਤ ਜਿਹੇ ਢੰਗ ਦੇ ਮੇਲ-ਗੇਲ ਦੀ ਥਾਂ ਬੜੇ ਜੀਵੰਤ ਸੰਵਾਦ ਦੇ ਲਈ ਕਿਤੇ ਜ਼ਿਆਦਾ ਵਿਕੇਂਦਰਤ ਯੋਜਨਾਬੰਦੀ ਚਾਹੀਦੀ ਹੈ। ਸਿਖਲਾਈ ਅਤੇ ਬਦਲੀ ਵਾਸਤੇ, ਉਦੇਸ਼ਾਂ ਅਤੇ ਵਿਧੀਆਂ ਬਾਰੇ ਸਪੱਸ਼ਟਤਾ ਵੀ।

ਤਕਨਾਲੋਜੀ ਦੀ ਵਰਤੋਂ ਨਾਲ ਦਿੱਤੀ ਸਮੂਹਕ ਸਿਖਲਾਈ ਕੁਝ ਪਹਿਲੂਆਂ ਵਿੱਚ ਲਾਭਦਾਇਕ ਹੋ ਸਕਦੀ ਹੈ। ਪਰ ਅਮਲ ਵਿੱਚ ਸ਼ਾਮਲ ਅਧਿਆਪਕਾਂ ਦੀਆਂ ਚਿੰਤਾਵਾਂ ਨਾਲ ਸੱਧੇ ਤੌਰਤੇ ਨਿਪਟਣ ਲਈ ਵਧੇਰੇ ਇਮਾਨਦਾਰੀ ਅਤੇ ਸੁਸ਼ਕਤ ਸਿਰਜਣਾਤਮਕਤਾ ਦੀ ਲੋੜ ਹੈ। ਜਿੰਨ੍ਹਾਂ ਪੇਸ਼ਾਵਰ ਹੋਣ ਨੂੰ ਗੁਆ ਚੁੱਕੇ ਮਹੋਲਾਂ ਵਿੱਚ ਉਹ ਕੰਮ ਕਰਦੇ ਹਨ, ਉਨ੍ਹਾਂ ਦਾ ਨਿੱਜ ਨੂੰ ਗੁਆ ਲੈਣਾਂ, ਅਤੇ ਉਨ੍ਹਾਂ ਵਿੱਚ ਉਪਰਾਮਤਾ ਆਦਿ ਸਭ ਧਿਆਨ ਮੰਗਦੇ ਹਨ।

ਟੈਕਨਾਲੋਜੀ ਪਾਠਕ੍ਰਮ ਦੇ ਸੁਧਾਰਾਂ ਵਿੱਚ ਆਸ਼ਾਵਾਦੀ ਮਹੌਲ ਉਸਾਰਣ ਵਿੱਚ ਸਹਾਈ ਹੋ ਸਕਦੀ ਹੈ, ਜੇ ਇਸ ਨੂੰ ਚਰਚਾ ਅਤੇ ਡਾਟਾ ਬੇਸ ਦੇ ਉਨ੍ਹਾਂ ਸਥਾਨਾਂ ਵਿੱਚ ਵਰਤਿਆ ਜਾ ਸਕੇ ਜਿੱਥੇ ਅਧਿਆਪਕ, ਸਿਖਲਾਈ ਵਾਲੇ ਸੱਜਣ ਅਤੇ ਭਾਈਚਾਰੇ ਦੇ ਲੋਕ ਭਾਗ ਲੈ ਸਕਦੇ ਹਨ। ਨਵੀਂ ਟੈਕਨਾਲੋਜੀ ਵਿੱਚ ਰੁਚੀ ਵਧਾਉਣ ਲਈ ਅਧਿਆਪਕ ਪ੍ਰੋਗਰਾਮ ਖੁਦ ਬਨਾਉਣ ਦਾ ਤਜ਼ਰਬਾ ਕਰਨ। ਸਿਖਲਾਈ ਦੀਆਂ ਸੰਸਥਾਵਾਂ ਵਿੱਚ ਕੰਪਿਊਟਰ ਅਤੇ ਜੋੜ-ਲਿੰਕੇਜ਼ ਬੜੇ ਘੱਟ ਹੀ ਮਿਲਦੇ ਹਨ। ਇਹੀ ਕਾਰਣ ਹੈ ਕਿ ਸੰਚਾਰ ਦੀ ਨਵੀਂ ਟੈਕਨਾਲੋਜੀ ਨਾਲ ਸਕੂਲਾਂ ਅਤੇ ਸਿਖਲਾਈ ਦੀਆਂ ਸੰਸਥਾਵਾਂ ਦੇ ਹਾਲਾਤਾਂ ਨੂੰ ਬਦਲਣ ਦੀ ਸੰਭਾਵਨਾਂ ਬੜੀ ਸੀਮਤ ਹੀ ਬਣੀ ਰਹੀ ਹੈ।

ਸੇਵਾ-ਪਹਿਲੀ ਵਿੱਦਿਆ ਤੇ ਨਾਲ ਦੀ ਨਾਲ ਸੇਵਾ-ਵਿੱਚਲੀ ਸਿਖਲਾਈ ਅਧਿਆਪਕਾਂ ਵਿੱਚ ਐਨੀ ਕੁ ਲਗਨ ਅਤੇ ਸਮਰਥਾ ਉਸਾਰ ਦੇਣ ਕਿ ਉਹ ਪਾਠਕ੍ਰਮ ਦੀ ਰੂਪ-ਰੇਖਾ ਦੀਆਂ ਚੁਣੌਤੀਆਂ ਨੂੰ ਭਾਂਪ ਸਕਣ, ਸਮਝ ਸਕਣ ਅਤੇ ਸਾਹਮਣਾਂ ਕਰ ਸਕਣ। ਵਿਸ਼ੇਸ਼ ਰੂਪ ਵਿੱਚ ਸੇਵਾ-ਵਿਚਲੀ ਸਿਖਲਾਈ ਅਧਿਆਪਕਾਂ ਦੇ ਜਮਾਤ ਦੇ ਅਨੁਭਵਾਂ ਦੇ ਅਨੁਕੂਲ ਹੋਵੇ।

DIETs ਦੀ ਅਜਿਹੀ ਸਿਖਲਾਈ ਦਾ ਬੰਦੋਬਸਤ ਕਰਨ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਸਿਖਲਾਈ ਇਸ ਤਰ੍ਹਾਂ ਚਲਾਈ ਜਾਵੇ ਕਿ ਇਹਦੇ ਤੋਂ ਅਧਿਆਪਕ ਅਤੇ ਸਕੂਲ ਦੋਨੋਂ ਹੀ ਲਾਭ ਉਠਾਉਣ। ਉਦਾਹਰਣ ਲਈ, ਸਿੱਖਿਆ ਦੇ ਪ੍ਰਬੰਧਕ ਢਾਂਚੇ ਰਾਹੀਂ ਅਧਿਆਪਕ-ਸਿੱਖਿਅਕਾਂ ਨੂੰ ਬਿੱਲਕੁਲ ਫਰਜ਼ੀ ਢੰਗ ਨਾਲ ਸੇਵਾ-ਵਿੱਚ ਸਿਖਲਾਈ ਲਈ ਭੇਜਣ ਦੀ ਥਾਂ, ਇਹ ਜ਼ਿਆਦਾ ਚੰਗਾ ਹੋਵੇਗਾ ਕਿ ਸਕੂਲਾਂ ਦਾ ਇੱਕ ਖਿੱਤਾ ਪਛਾਣ ਲਿਆ ਜਾਵੇ। ਸਿਖਿਆਰਥੀਆਂ ਦੀ ਇੱਕ ਗਿਣਤੀ ਮਿਥਕੇ (ਘੱਟ ਤੋਂ ਘੱਟ ਦੋ ਜੀਹਦੇ ਨਾਲ ਮਿੱਤਰ ਭਾਵ ਅਤੇ ਵਿਚਾਰ ਚਰਚਾ ਸੰਭਵ ਹੋ ਸਕੇ) ਹਰ ਸਕੂਲ ਤੋਂ ਸੇਵਾ-ਵਿਚਲੇ ਪ੍ਰੋਗਰਾਮ ਵਾਸਤੇ ਸੱਦ ਲਈ ਜਾਵੇ।

ਇਸ ਮੰਤਵ ਲਈ BRCs ਨਾਲ ਸੁਲਾਹ ਕਰਕੇ DIETs ਸਕੂਲਾਂ ਨੂੰ ਚੁਣ ਸਕਦੇ ਹਨ। ਪੜ੍ਹਾਈ ਦੇ ਸਮੇਂ ਉੱਪਰ ਬੇਲੋੜਾ ਭਾਰ ਨਾ ਪੈਣ ਦੇਣ ਲਈ ਅਧਿਆਪਕ-ਸਿੱਖਿਅਕ ਸਿਧਾਂਤ ਅਤੇ ਅਮਲ ਵਿੱਚ ਕੜੀ ਜੋੜ ਲੈਣ। ਸਿਖਲਾਈ ਲਈ ਬੱਧੇ ਹੋਏ ਦਿਨਾਂ ਨੂੰ ਸਾਲ ਭਰ ਦੇ ਸਮੇਂ ਵਿੱਚ ਵੰਡਿਆ ਜਾ ਸਕਦਾ ਹੈ, ਜੀਹਦੇ ਵਿੱਚ ਉਨ੍ਹਾਂ ਦੀਆਂ ਅਪਣੀਆਂ ਜਮਾਤਾਂ ਵਿੱਚ ਥਾਂ ਪੁਰ ਹੋਣ ਵਾਲੇ ਕੰਮ ਨੂੰ ਜੋੜਿਆ ਜਾ ਸਕਦਾ ਹੈ।

## 10ਵੀਂ ਤੇ 12ਵੀਂ ਦੇ ਸਰਕਾਰੀ ਇਮਤਿਹਾਨਾਂ ਵਿੱਚ ਤਨਾਓ ਦਾ ਘਟਾਉਣਾਂ ਅਤੇ ਸਫਲਤਾ ਨੂੰ ਵਧਾਉਣਾਂ

ਵਿਸ਼ੈ ਅਧਾਰਤ ਪ੍ਰੀਖਿਆ ਤੋਂ ਸਮੱਸਿਆ ਦੇ ਹੱਲ ਅਤੇ ਯੋਗਤਾ ਅਧਾਰਤ ਪ੍ਰੀਖਿਆ ਤੱਕ ਦਾ ਬਦਲਾਓ। ਵਿਸ਼ੈ ਅਧਾਰਤ ਪ੍ਰੀਖਿਆ ਘਟੀਆ ਪੜ੍ਹਾਈ ਨੂੰ ਉਕਸਾਉਂਦੀ ਹੈ ਅਤੇ ਘੋਟਾ ਲਾਕੇ ਯਾਦ ਕਰਨ ਨੂੰ ਵਧਾਉਂਦੀ ਹੈ। ਇਮਤਿਹਾਨਾਂ ਦੇ ਦਿਨੀਂ ਇਹ ਦੋਵੇਂ ਹੀ ਤਨਾਓ ਪੈਦਾ ਕਰਦੀਆਂ ਹਨ। ਯਾਦ ਅਤੇ ਵਿਸ਼ਲੇਸ਼ਣ, ਮੁੱਲਅੰਕਣ ਅਤੇ ਲਾਗੂ ਹੋਣ ਉੱਤੋਂ ਬਲ ਘਟਾਉਣ ਲਈ ਮੁਢਲੀਆਂ ਸਾਰਣੀਆਂ ਅਤੇ ਫਾਰਮੂਲੇ ਪੇਸ਼ ਕੀਤੇ ਜਾ ਸਕਦੇ ਹਨ।

ਬਦਲਾਓ ਛੋਟੀ ਲਮਾਈ ਵਾਲੇ ਇਮਤਿਹਾਨਾਂ ਦੀ ਤਰਫ ਵੀ ਹੋ ਸਕਦਾ ਹੈ, ਜਿਸ ਵਿੱਚ 25% ਤੋਂ 40% ਸਮਾਂ ਛੋਟੀ ਭਾਂਤ ਦੇ ਪ੍ਰਸ਼ਨਾਂ ਨੂੰ ਅਤੇ ਬਾਕੀ ਸਮਾਂ ਯੋਗ ਢੰਗ ਨਾਲ ਤਿਆਰ ਕੀਤੇ ਬਹੁ-ਪਰਤੀ ਚੋਣ ਵਾਲੇ ਪ੍ਰਸ਼ਨਾਂ ਨੂੰ ਦਿੱਤਾ ਜਾ ਸਕਦਾ ਹੈ। ਇਮਤਿਹਾਨ ਦੇਣ ਵਾਲੇ ਵਿਦਿਆਰਥੀਆਂ ਵਿੱਚੋਂ 90% ਪੇਪਰ ਕਰ ਲੈਣ ਤੋਂ ਬਾਅਦ ਉਹਦੇ ਵਿੱਚੋਂ ਗਲਤੀਆਂ ਠੀਕ ਕਰ ਸਕਦੇ ਹੋਣ।

- ✓ ਚੰਗਾ ਹੈ ਵਿਦਿਆਰਥੀਆਂ ਦੇ ਅਪਣੇ ਸਕੂਲ ਵਿੱਚ ਇਮਤਿਹਾਨ ਕਰਵਾਉਣਾਂ। ਨਕਲ ਆਦਿ ਨੂੰ ਰੋਕਣ ਲਈ ਨਿਗਰਾਨੀ ਲਈ ਟੀਮਾਂ ਦੂਜੇ ਸਕੂਲਾਂ ਤੋਂ ਮੰਗਵਾਈਆਂ ਜਾਣ।
- ✓ ਇਮਤਿਹਾਨ ਨੂੰ ਅੱਗੇ ਪਾਏ ਜਾਣ ਨੂੰ ਹਰ ਹਾਲਤ ਵਿੱਚ ਰੋਕ ਦਿੱਤਾ ਜਾਣਾਂ ਚਾਹੀਦਾ ਹੈ।
- ✓ ਵਿਦਿਆਰਥੀਆਂ ਨੂੰ ਓਨੇ ਹੀ ਮਜ਼ਮੂੰਨਾਂ ਦਾ ਇਮਤਿਹਾਨ ਦੇਣ ਦੀ ਇਜ਼ਾਜਤ ਦਿਓ ਜਿੰਨਿਆਂ ਲਈ ਉਹ ਤਿਆਰ ਹੋਣ ਅਤੇ ਬੋਰਡ ਦੇ ਸਰਟੀਫੀਕੇਟ ਦੀਆਂ ਜਰੂਰਤਾਂ ਨੂੰ ਤਿੰਨ ਸਾਲ ਦੇ ਕਾਲ ਵਿੱਚ ਭੁਗਤਾ ਦਿਓ। ਬੋਰਡ ਇਮਤਿਹਾਨਾਂ ਨੂੰ 'ਮੰਗ ਅਨੁਸਾਰ' ਕਰਨ ਲਈ ਤਿਆਰ ਹੋ ਸਕਦੇ ਹਨ, ਜੀਹਦੇ ਵਿੱਚ ਜਦ ਵੀ ਵਿਦਿਆਰਥੀ ਅਪਣੇ ਆਪ ਨੂੰ ਤਿਆਰ ਸਮਝਣ ਇਮਤਿਹਾਨ ਦੇ ਸਕਦੇ ਹੋਣ।
- ✓ 'ਪਾਸ' ਅਤੇ 'ਫੇਹਲ' ਦੀ ਸ਼ਬਦਾਵਲੀ ਨੂੰ ਹੀ ਖਤਮ ਕਰ ਦਿੱਤਾ ਜਾਵੇ। ਯੋਗਤਾ ਦੀ ਘਾਟ ਨੂੰ 'ਇਮਤਿਹਾਨ ਦੁਰਾਓ' ਜਾਂ 'ਮੁੜ-ਹਾਜ਼ਰ ਹੋਵੋ' ਜਾਂ 'ਫਿਰ ਜਤਨ ਕਰੋ' ਤਰ੍ਹਾਂ ਦੀ ਭਾਸ਼ਾ ਰਾਹੀਂ ਸੰਕੇਤ ਹੋਵੇ।
- ✓ ਬੋਰਡਾਂ ਨੂੰ ਚਾਹੀਦਾ ਹੈ ਕਿ ਉਹ 'ਇਮਤਿਹਾਨ ਦੁਰਾਓ' ਨੂੰ ਨਤੀਜਾ ਆ ਜਾਣ ਦੇ ਜਲਦੀ ਬਾਅਦ ਕਰਨ, ਜਿਸ ਨਾਲ ਇੱਕ ਜਾਂ ਦੋ ਮਜ਼ਮੂੰਨਾਂ ਲਈ ਦੁਬਾਰਾ ਜਤਨ

ਕਰਨ ਵਾਲੇ ਵਿਦਿਆਰਥੀਆਂ ਦਾ ਸਾਲ ਨਾ ਮਾਰਿਆ ਜਾਵੇ।

- ✓ ਗਣਿਤ ਅਤੇ ਅੰਗਰੇਜੀ ਵਰਗੇ ਵਿਸ਼ਿਆਂ ਦਾ ਇਮਤਿਹਾਨ ਦੋ ਪੱਧਰਾਂ ਪੁਰ ਹੋ ਸਕਦਾ ਹੈ: ਮਿਥਵਾਂ ਅਤੇ ਉੱਚ ਪੱਧਰ। ਅੱਗੇ ਚੱਲਕੇ ਸਾਰੇ ਮਜ਼ਮੂੰਨ ਹੀ ਦੋ ਪੱਧਰਾਂ ਉੱਪਰ ਪੇਸ਼ ਕੀਤੇ ਜਾ ਸਕਦੇ ਹਨ, ਸ਼ਰਤ ਇਹ ਪਈ ਵਿਦਿਆਰਥੀ ਛੇਆਂ ਵਿੱਚੋਂ ਘੱਟ ਤੋਂ ਘੱਟ ਤਿੰਨ/ਦੋ ਮਿਥੇ ਪੱਧਰ ਪੁਰ ਕਰਨ ਤੇ ਬਾਕੀ ਬਚਦੇ ਤਿੰਨ/ਚਾਰ ਉੱਚ ਪੱਧਰ ਉੱਤੇ।
- ✓ ‘ਲਚਕੀਲੀ ਸਮਾਂਬੰਦੀ’ ਨਾਲ ਇਮਤਿਹਾਨ ਹੋਣੇ ਬੱਚਿਆਂ ਵਿੱਚੋਂ ਤਨਾਓ ਘਟਾ ਦੇਣ ਦਾ ਇੱਕ ਅਸਰਦਾਰ ਤਰੀਕਾ ਹੋ ਸਕਦਾ ਹੈ।
- ✓ ਤਨਾਓ ਸਬੰਧਤ ਸਮੱਸਿਆਵਾਂ ਨਾਲ ਨਜਿੱਠਣ ਲਈ ਅਗਵਾਈ ਅਤੇ ਸਲਾਹਕਾਰੀ ਸਕੂਲ ਵਿੱਚ ਪ੍ਰਾਪਤ ਹੋਣੀਆਂ ਚਾਹੀਦੀਆਂ ਹਨ। ਵਿਦਿਆਰਥੀਆਂ ਦਾ ਤਨਾਓ ਘੱਟ ਕਰਨ ਲਈ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਅਗਵਾਈ ਦਿੱਤੀ ਜਾ ਸਕਦੀ ਹੈ।

ਅਧਿਆਪਕ ਸਿਖਲਾਈ ਸੰਸਥਾਵਾਂ ਵਿੱਚ ਕਰਾਏ ਗਏ ਭਾਸ਼ਣਾਂ ਤੋਂ ਇਲਾਵਾ ਸਿਖਲਾਈ ਵਿੱਚ ਕਈ ਹੋਰ ਪ੍ਰਕਾਰ ਦੀਆਂ ਗਤੀਵਿਧੀਆਂ ਵੀ ਸ਼ਾਮਲ ਹੋ ਸਕਦੀਆਂ ਹਨ। ਖਿੱਤੇ ਦੇ ਸਕੂਲਾਂ ਵਿੱਚ ਕਾਰਜ-ਸ਼ਾਲਾਵਾਂ ਅਤੇ ਅਧਿਆਪਕਾਂ ਦੀਆਂ ਅਪਣੀਆਂ ਜਮਾਤਾਂ ਵਿੱਚ ਪ੍ਰੌਜੈੱਕਟ ਅਤੇ ਹੋਰ ਸਰਗਰਮੀਆਂ ਚੱਲ ਸਕਦੀਆਂ ਹਨ। ਸੇਵਾ-ਪਹਿਲੀ ਅਤੇ ਸੇਵਾ-ਵਿਚਲੀ ਸਿਖਲਾਈ ਨੂੰ ਜੋੜਨ ਲਈ ਉਹੀ ਸਕੂਲ ਸੇਵਾ-ਪਹਿਲੇ ਅਭਿਆਸ ਦੇ ਸਥਾਨ ਬਣ ਸਕਦੇ ਹਨ। ਵਿਦਿਆਰਥੀ-ਅਧਿਆਪਕਾਂ ਨੂੰ ਇਨ੍ਹਾਂ ਹੀ ਸਕੂਲਾਂ ਵਿੱਚ ਜਮਾਤ ਅੰਦਰਲੀ ਕਾਰਗੁਜ਼ਾਰੀ ਨੂੰ ਵਾਚਣ ਲਈ ਕਿਹਾ ਜਾ ਸਕਦਾ ਹੈ। ਇਹ ਨਾ ਕੇਵਲ ਅਧਿਆਪਕਾਂ ਨੂੰ ਪੜ੍ਹਾਉਣ ਵਾਲਿਆਂ ਲਈ ਪੁਨਰ-ਝਾਤ ਦੇ ਸਕਣ ਦਾ ਤੇ ਸਿਖਲਾਈ ਦੇ ਪ੍ਰੋਗਰਾਮ ਨੂੰ ਮਜ਼ਬੂਤ ਕਰਨ ਦਾ ਕੰਮ ਕਰੇਗਾ, ਸਗੋਂ ਇਹ ਸਿਖਲਾਈ ਦੇ ਪ੍ਰੋਗਰਾਮ ਦੇ ਦੂਜੇ ਹਿੱਸੇ ਵਿੱਚ ਅਧਿਆਪਕ-ਸਿੱਖਿਅਕਾਂ ਦੀ ਸਮੀਖਿਅਕ ਦ੍ਰਿਸ਼ਟੀ ਦਾ ਆਧਾਰ ਵੀ ਬਣੇਗਾ। ਤਜ਼ਰਬਾ ਹੋ ਜਾਵੇ ਤਾਂ ਹੋਰ ਵੀ ਚੰਗਾ।

ਸਾਰੀ ਪ੍ਰਕਿਰਿਆ ਨੂੰ ਅੱਗੇ ਲੈ ਚੱਲਣ ਲਈ ਸਬੰਧਤ ਸਕੂਲਾਂ ਦੇ ਹੈੱਡ ਮਾਸਟਰਾਂ ਨਾਲ ਗੱਲਬਾਤੀ ਮੁਲਾਕਾਤਾਂ ਹੋ ਸਕਦੀਆਂ ਹਨ। ਤਾਂ ਜੋ ਉਹ ਜਮਾਤ ਦੇ ਸਾਰੇ ਅਮਲ ਵਿੱਚ ਜੋ ਤਬਦੀਲੀਆਂ ਅਧਿਆਪਕ-ਸਿੱਖਿਅਕ ਲਿਆਉਣੀਆਂ ਚਹੁੰਣ ਉਨ੍ਹਾਂ ਵਾਸਤੇ ਉਹ ਮਦਦਗਾਰ ਹੋਣ ਦੀ ਭੂਮਿਕਾ ਨਿਭਾਅ ਸਕਣ। ਨਿਗਰਾਨੀ ਅਤੇ ਪੁਨਰ-ਝਾਤ ਦੇ ਪ੍ਰਬੰਧ ਵਿੱਚ SCERTs/DIERs/BRCs ਅਤੇ CRCs ਜਰੂਰ ਸ਼ਾਮਲ ਕੀਤੀਆਂ ਜਾਣ ਤਾ ਕਿ ਪੈਰਵਾਈ, ਗਣਿਤੀਕਰਣ ਅਤੇ ਖੋਜ਼ ਖਾਤਰ ਅਕਾਦਮਕ ਮਦਦ ਦਾ ਕੁਝ ਪੂਰਵ-ਅਨੁਮਾਨ ਲਾਇਆ ਜਾ ਸਕੇ।

## 5.3 ਇਮਤਿਹਾਨਾਂ ਦਾ ਸੁਧਾਰ

'ਬਿਨਾਂ ਬੋਝ ਸਿੱਖਿਆ' ਰਿਪੋਟ ਵਿੱਚ ਲਿਖਿਆ ਗਿਆ ਹੈ ਕਿ ਦਸਵੀਂ ਅਤੇ ਬਾਰ੍ਹਵੀਂ ਜਮਾਤਾਂ ਦੇ ਸਲਾਨਾਂ ਇਮਤਿਹਾਨਾਂ ਦੀ ਇਸ ਖਿਆਲ ਨਾਲ ਸਮੀਖਿਆ ਹੋਣੀ ਚਾਹੀਦੀ ਹੈ ਕਿ ਪ੍ਰਚਲਤ ਪਾਠ-ਅਧਾਰਤ ਅਤੇ ਬੁਝਾਰਤ ਭਾਂਤ ਦੇ ਸੁਆਲਾਂ ਨੂੰ ਬਦਲ ਦਿੱਤਾ ਜਾਵੇ, ਕਿਉਂਕਿ ਇਹ ਬੇਹੱਦ ਫਿਰਕ ਅਤੇ ਤਨਾਓ ਉਤਪਨ ਕਰਦੇ ਹਨ ਅਤੇ ਘੋਟਾ ਲਾਉਣ ਨੂੰ ਵਧਾਉਂਦੇ ਹਨ। ਜਦ ਕਿ ਸ਼ਹਿਰੀ ਬੱਚੇ ਇਮਤਿਹਾਨ ਵਿੱਚ ਬਹੁਤ ਹੀ ਵਧੀਆ ਤਰ੍ਹਾਂ ਕਰਨ ਦੀ ਲੋੜ ਦੇ ਕਾਰਣ ਤਨਾਓ ਭੋਗਦੇ ਹਨ, ਪਿੰਡਾਂ ਦੇ ਬੱਚਿਆਂ ਨੂੰ ਇਹ ਵੀ ਅੰਦਾਜ਼ਾ ਨਹੀਂ ਹੁੰਦਾ ਕਿ ਉਹ ਪਾਸ ਵੀ ਹੋ ਸਕਣਗੇ ਕਿ ਨਹੀਂ।

ਖਾਸ ਕਰਕੇ ਪਿੰਡਾਂ ਦੇ ਅਤੇ ਆਰਥਕ ਤੌਰਤੇ ਕਮਜ਼ੋਰ ਤੇ ਪਛੜੇ ਵਰਗਾਂ ਦੇ ਬੱਚਿਆਂ ਵਿੱਚ ਫੇਹਲ ਹੋਣ ਦੀ ਬੜੀ ਉੱਚੀ ਦਰ ਮਜ਼ਬੂਰ ਕਰਦੀ ਹੈ ਕਿ ਮੁਲਾਂਕਣ ਅਤੇ ਇਮਤਿਹਾਨ ਦੇ ਸਾਰੇ ਢਾਂਚੇ ਦਾ ਅਲੋਚਨਾਤਮਕ ਰੀਵਿਊ ਕੀਤਾ ਜਾਵੇ। ਜੇ ਭਲਾ ਇਹ ਸਾਰਾ ਪ੍ਰਬੰਧ ਨਿਆਂ ਦਾਇਕ ਅਤੇ ਭਲੀ ਭਾਂਤ ਕੰਮ ਕਰ ਰਿਹਾ ਹੋਵੇ ਤਾਂ ਤੇ ਫਿਰ ਕੋਈ ਕਾਰਣ ਹੀ ਨਹੀਂ ਹੈ ਕਿ ਬੱਚੇ ਤਰੱਕੀ ਅਤੇ ਪੜ੍ਹਾਈ ਨਾ ਕਰ ਸਕਣ।

### 5.3.1. ਪਰਚੇ ਬਨਾਉਣੇ, ਜਾਂਚ ਕਰਨੀ ਅਤੇ ਨਤੀਜੇ ਤਿਆਰ ਕਰਨੇ

ਚੱਲ ਰਹੇ ਇਮਤਿਹਾਨਾਂ ਦੀ ਸਾਰਥਕਤਾ ਨੂੰ ਸੁਧਾਰਨ ਦੇ ਲਈ ਪਰਚੇ ਬਨਾਉਣ ਦੀ ਸਾਰੀ ਪ੍ਰਕਿਰਿਆ ਨੂੰ ਸੋਧੇ ਜਾਣ ਦੀ ਲੋੜ ਹੈ। ਮਹਿਜ਼ ਪੇਪਰ ਬਨਾਉਣ ਤੋਂ ਹਟਕੇ ਹੁਣ ਅੱਖ ਚੰਗੇ ਪ੍ਰਸ਼ਨ ਤਿਅਰ ਕਰਨ ਉੱਪਰ ਟਿਕਣੀ ਚਾਹੀਦੀ ਹੈ। ਐਹੋ ਜਿਹੇ ਪ੍ਰਸ਼ਨ ਕੇਵਲ ਮਾਹਰਾਂ ਨੂੰ ਹੀ ਨਹੀਂ ਨਿਰਮਤ ਕਰਨੇ ਚਾਹੀਦੇ। ਇਹ ਚੰਗੇ ਪ੍ਰਸ਼ਨ

ਅਧਿਆਪਕਾਂ ਤੋਂ, ਵਿਸ਼ੈ ਨਾਲ ਸਬੰਧਤ ਕਾਲਜਾਂ ਦੇ ਪ੍ਰੋਫੈਸਰਾਂ ਤੋਂ, ਦੂਜੇ ਰਾਜਾਂ ਦੇ ਸਿੱਖਿਆਕਾਰਾਂ ਤੋਂ, ਇਥੋਂ ਤੱਕ ਕਿ ਵਿਦਿਆਰਥੀਆਂ ਤੋਂ ਵੀ ਦੂਰ ਦੂਰ ਤੱਕ ਪਰਚਾਰ ਕਰਕੇ ਸਾਲੋਸਾਲ ਇਕੱਠੇ ਕੀਤੇ ਜਾ ਸਕਦੇ ਹਨ।

ਮਾਹਰਾਂ ਦੀ ਪੁਣਛਾਣ ਤੋਂ ਬਾਅਦ ਇਹ ਪ੍ਰਸ਼ਨ ਮੁਸ਼ਕਲ, ਵਿਸ਼ੈ/ਖੇਤਰ, ਸੰਕਲਪ/ਮੁੱਲੰਕਤ ਕੀਤੀ ਜਾ ਰਹੀ ਯੋਗਤਾ ਅਤੇ ਹੱਲ ਕਰਨ ਲਈ ਅਨੁਮਾਨੇ ਸਮੇਂ ਦੇ ਅਧਾਰ ’ਤੇ ਕੋਟੀਆਂ ਵਿੱਚ ਵੰਡੇ ਜਾ ਸਕਦੇ ਹਨ। ਇਹਨਾਂ ਪ੍ਰਸ਼ਨਾਂ ਨੂੰ ਉਨ੍ਹਾਂ ਦੀ ਵਰਤੋਂ ਦੀ ਸੂਚਨਾਂ ਅਤੇ ਪ੍ਰੀਖਿਆ ਬਾਰੇ ਸੂਚਨਾਂ ਦੇ ਨਾਲ ਸਾਂਝੇ ਜਾ ਸਕਦੇ ਹਨ ਤਾਂ ਜੋ ਪੇਪਰਾਂ ਨੂੰ ਨਿਰਮਤ ਕਰਨ ਵੇਲੇ ਸਾਰੀ ਸੂਚਨਾਂ ਨੂੰ ਵਰਤਿਆ ਜਾ ਸਕੇ।

ਪੇਪਰਾਂ ਦੀ ਜਾਂਚ ਕਰਨ ਦਾ ਵਾਜ਼ਿਬ ਭੁਗਤਾਨ ਕੀਤੇ ਬਿਨਾਂ ਅਧਿਆਪਕਾਂ ਤੋਂ ਗੁਣਵੱਤਾਦਾਰ ਅਤੇ ਇੱਕਸਾਰ ਜਾਂਚ ਉਮੀਦ ਕਰਨੀ ਮੁਸ਼ਕਲ ਹੈ। ਇਹ ਦੇਖਦਿਆਂ ਕਿ ਬਹੁਤੇ ਬੋਰਡਾਂ ਦੀ ਮਾਲੀ ਹਾਲਤ ਚੰਗੀ ਹੈ, ਮੁਲਾਂਕਣ ਦੀ ਗੁਣਵੱਤਾ ਸਾਧਾਰਨ ਦੇ ਲਈ ਫੰਡਾਂ ਦੇ ਮਸਲੇ ਰਸਤੇ ਵਿੱਚ ਨਹੀਂ ਆਉਣੇ ਚਾਹੀਦੇ।

ਕੰਪਿਊਟਰੀਕਰਣ ਨਾਲ ਇਮਤਿਹਾਨ ਲੈਣ ਵਾਲੇ ਅਤੇ ਦੇਣ ਵਾਲੇ ਦੀ ਪਛਾਣ ਬਚਾਅ ਸਕਣਾਂ ਕਾਫੀ ਸੌਖਾ ਹੋ ਗਿਆ ਹੈ। ਕੀਤੇ ਹੋਏ ਪੇਪਰਾਂ ਨੂੰ ਪ੍ਰੀਖਿਅਕਾਂ ਨੂੰ ਦੇਣ ਬਿਨਾਂ ਤਰਤੀਬ ਦਿੱਤਾ ਜਾ ਸਕਦਾ ਹੈ। ਇਹਦੇ ਨਾਲ ਹੇਰਾਫੇਰੀ ਅਤੇ ਇੱਕ ਪ੍ਰੀਖਿਅਕ ਤੋਂ ਦੂਜੇ ਪ੍ਰੀਖਿਅਕ ਦਾ ਨੰਬਰਾਂ ਦਾ ਫਰਕ ਵੀ ਘਟਾਇਆ ਜਾ ਸਕਦਾ ਹੈ।

ਇਮਤਿਹਾਨ ਦੇ ਹਾਲ ਦੇ ਬਾਹਰੋਂ ਮਿਲੀ ਮਦਦ ਨਾਲ ਕੀਤੇ ਗਏ ਧੋਖੇ ਵਰਗੀਆਂ ਹੇਰਾਫੇਰੀਆਂ ਨੂੰ ਰੋਕਣ ਲਈ ਲੋੜ ਹੈ ਕਿ ਉਮੀਦਵਾਰਾਂ ਨੂੰ ਅੱਧੇ ਸਮੇਂ ਤੋਂ ਪਹਿਲਾਂ ਹਾਲ ਤੋਂ ਬਾਹਰ ਨਾ ਜਾਣ ਦਿੱਤਾ ਜਾਵੇ। ਇਮਤਿਹਾਨ ਚੱਲ ਰਹੇ ਹੋਣ ਦੇ ਸਮੇਂ ਇਜ਼ਾਜਤ ਦੇਣ ਵੇਲੇ ਪ੍ਰਸ਼ਨ ਪੇਪਰ ਉਨ੍ਹਾਂ ਦੇ ਨਾਲ ਬਾਹਰ ਨਾ ਲਿਜਾਣ ਦਿੱਤੇ ਜਾਣ। ਇਮਤਿਹਾਨ ਖਤਮ ਹੋ ਜਾਣ ਤੋਂ ਬਾਅਦ ਪ੍ਰਸ਼ਨ ਪੇਪਰ ਦੇ ਦਿੱਤਾ ਜਾ ਸਕਦਾ ਹੈ।

ਕੰਪਿਊਟਰੀਕਰਣ ਨੇ ਨੰਬਰਾਂ ਨੂੰ ਪ੍ਰਾਪਤੀ ਦੇ ਪੈਰਾਮੀਟਰਾਂ ਦੇ ਇੱਕ ਤਕੜੇ ਪੈਮਾਨੇ ਉੱਤੇ ਦਿਖਾ ਸਕਣਾਂ ਸੰਭਵ ਕਰ ਦਿੱਤਾ ਹੈ। ਪੂਰੇ ਨੰਬਰ/ਗ੍ਰੇਡ, ਕਿਸੇ ਵਿਸ਼ੈ ਲਈ ਇਮਤਿਹਾਨ ਦੇ ਰਹੇ ਸਾਰੇ ਉਮੀਦਵਾਰਾਂ ਵਿਚਕਾਰ ਪ੍ਰਤੀਸ਼ਤ ਅਧਾਰਤ ਰੈਂਕ ਅਤੇ ਜੋਟੀਦਾਰਾਂ (ਜਿਵੇਂ ਪੇਂਡੂ ਜਾਂ ਸਹਿਰੀ ਬਲਾਕ ਵਿੱਚ ਸਕੂਲ) ਵਿਚਕਾਰ ਪ੍ਰਤੀਸ਼ਤ ਅਧਾਰਤ ਰੈਂਕ। ਹੁਣ ਵੱਖ ਵੱਖ ਪ੍ਰੀਖਿਅਕਾਂ ਦੀ ਗੁਵੱਤਾ ਅਤੇ ਨਿਰੰਤਰ ਸਮਾਨਤਾ ਦਾ ਵਿਸ਼ਲੇਸ਼ਣ ਕਰਨਾਂ ਵੀ ਸੰਭਵ ਹੋ ਗਿਆ ਹੈ।

ਇਹੋ ਜਿਹੀ ਜਾਣਕਾਰੀ ਲੋਕਾਂ ਵਿੱਚ ਦੇ ਦੇਣ ਨਾਲ ਉੱਚ ਸਿੱਖਿਆ ਦੇ ਅਦਾਰੇ ਯੋਗਤਾ ਦੇ ਵਿਚਾਰ ਨੂੰ ਬੜਾ ਜਲਿਟ ਅਤੇ ਸਾਪੇਖੀ ਅਰਥਾਂ ਵਿੱਚ ਲੈਣ ਲੱਗ ਜਾਣਗੇ। ਅਜਿਹਾ ਵਿਸ਼ਲੇਸ਼ਣ ਪਾਰਦਰਸ਼ਤਾ ਵਧਾਵੇਗਾ। ਜਿੰਨ੍ਹਾਂ ਜਗਾਹਵਾਂ ’ਤੇ ਥੋਹੜੀ ਜਿਹੀ ਫੀਸ ਦੇਕੇ ਵਿਦਿਆਰਥੀਆਂ ਨੂੰ ਅਪਣੇ ਪੇਪਰਾਂ ਦੀਆਂ ਸਕੈਨ ਹੋਈਆਂ ਜਾਂ ਜ਼ੀਰੌਕਸ ਕੀਤੀਆਂ ਨਕਲਾਂ ਮਿਲਣ ਲੱਗ ਪਈਆਂ ਹਨ, ਓਥੇ ਪੇਪਰਾਂ ਦੀ ਮੁੜ-ਜਾਂਚ ਹੋਣ ਦੀਆਂ ਬੇਨਤੀਆਂ ਘਟਣ ਲੱਗ ਪਈਆਂ ਹਨ।

ਮਾਧਮਿਕ ਸਤਰ ਉੱਪਰ ਲੋੜ ਹੈ ਕਿ ਅਸੀਂ ਤੇਜੀ ਨਾਲ ਸਕੂਲ ਅਧਾਰਤ ਜਾਂਚ ਵੱਲ ਮੁੜ ਤੁਰੀਏ, ਤੇ ਅਜਿਹੇ ਤਰੀਕੇ ਕੱਢ ਲਈਏ ਜੋ ਇਸ ਅੰਦਰੂਨੀ ਜਾਂਚ ਨੂੰ ਹੋਰ ਭਰੋਸੇਯੋਗ ਬਣਾ ਦੇਣ। ਹਰ ਸਕੂਲ ਮੁਲਾਂਕਣ ਦੀ ਨਿਰੰਤਰ ਅਤੇ ਵਿਆਪਕ (CCE) ਸਕੀਮ ਤਿਆਰ ਕਰੇ ਜੋ ਲਚਕਦਾਰ ਅਤੇ ਲਾਗੂ ਕਰਨਯੋਗ ਹੋਵੇ। ਖਾਸ ਕਰਕੇ ਅਜਿਹੀ ਸਕੀਮ ਜੋ ਸਿੱਖਿਆ ਦੇ ਵਿਕਾਸ ਲਈ ਰੋਗ ਫੜ੍ਹਨ ਅਤੇ ਇਲਾਜ਼ ਕਰਨ ਵਿੱਚ ਕੰਮ ਆਵੇ। ਇਹ ਸਕੀਮ ਸਮਾਜਕ ਮਹੌਲ ਅਤੇ ਸਕੂਲ ਵਿੱਚ ਪ੍ਰਾਪਤ ਸਹੂਲਤਾਂ ਨੂੰ ਧਿਆਨ ਵਿੱਚ ਰੱਖੇ।

ਸੰਵੇਦਨਾਸ਼ੀਲ ਅਧਿਆਪਕ ਅਕਸਰ ਵਿਦਿਆਰਥੀਆਂ ਦੀਆਂ ਵਿਲੱਖਣ ਤਾਕਤਾਂ ਅਤੇ ਕਮਜ਼ੋਰੀਆਂ ਵੀ ਫੜ੍ਹ ਲੈਂਦੇ ਹਨ। ਅਜਿਹੀਆਂ ਦ੍ਰਿਸ਼ਟੀਆਂ ਨੂੰ ਵਰਤਣ ਦੇ ਲਈ ਤਰੀਕੇ ਹੋਣੇ ਚਾਹੀਦੇ ਹਨ। ਨਾਲ ਦੀ ਨਾਲ ਹੀ ਸਕੂਲਾਂ ਦਵਾਰਾ ਹੋਣ ਵਾਲੇ ਦੁਰਵਿਹਾਰ ਨੂੰ ਰੋਕਣ ਲਈ (ਜੋ ਪ੍ਰੈਕਟੀਕਲ ਇਮਤਿਹਾਨਾਂ ਵਿੱਚ ਹੋ ਰਿਹਾ ਹੈ) ਉਨ੍ਹਾਂ ਨੂੰ ਸਾਪੇਖ, ਨਾਕਿ ਨਿਰਪੇਖ ਪੈਮਾਨੇ ਨਾਲ ਦਰਜਾਬੱਧ ਕੀਤਾ ਜਾ ਸਕਦਾ ਹੈ। ਬਾਹਰਲੇ ਇਮਤਿਹਾਨ ਤੋਂ ਪ੍ਰਾਪਤ ਹੋਏ ਨੰਬਰਾਂ ਦੀ ਰੋਸ਼ਨੀ ਵਿੱਚ ਸਕੂਲੋਂ ਮਿਲੇ ਨੰਬਰਾਂ ਵਿੱਚ ਰਿਆਇਤ ਵਰਤੀ ਜਾ ਸਕਦੀ ਹੈ। ਲੋੜੀਦੇ ਸੰਸਥਾਗਤ ਬੰਦੋਬਦਤ, ਅਧਿਆਪਕ ਸਿਖਲਾਈ ਅਤੇ ਵਿਕਾਸ ਬਾਰੇ ਹੋਰ ਵਧੇਰੇ ਖੋਜ਼ ਦੀ ਜਰੂਰਤ ਹੈ।

### 5.3.2 ਜਾਂਚ ਵਿੱਚ ਲਚਕ

ਬਹੁਤ ਸਾਰੀ ਮੋਵਿਗਿਆਨਕ ਸਮੱਗਰੀ (ਡਾਟਾ) ਹੁਣ ਇਹ ਸੁਝਾਉਂਦੀ ਹੈ ਕਿ ਵੱਖ ਵੱਖ ਸਿੱਖਿਅਕ ਵੱਖ ਵੱਖ ਢੰਗ ਨਾਲ ਸਿੱਖਦੇ (ਅਤੇ ਪ੍ਰੀਖਿਆ ਵੀ ਦਿੰਦੇ) ਹਨ। ਤਦ ਹੀ ਜਾਂਚ ਕਰਨ ਦੇ ਲਈ ਇਮਤਿਹਾਨ ਹਾਲ ਵਿੱਚ ਚਲਦੇ ਪੇਪਰ-ਪੈਂਸਲ ਟੈਸਟ ਤੋਂ ਅਗਾਂਹ ਵੀ ਹੋਰ ਕਈ ਭਾਂਤ ਦੇ ਤਰੀਕੇ ਹੋਣੇ ਚਾਹੀਦੇ ਹਨ। ਮੌਖਿਕ ਪ੍ਰੀਖਿਆ ਅਤੇ ਗਰੁੱਪ ਵਰਕ ਵਾਲੀ ਜਾਂਚ ਨੂੰ ਉਭਾਰਿਆ ਜਾਣਾਂ ਚਾਹੀਦਾ ਹੈ। ਖੁੱਲ੍ਹੀ ਕਿਤਾਬ ਵਾਲੀ ਪ੍ਰੀਖਿਆ ਅਤੇ ਸੀਮਾਂ ਰਹਿਤ ਸਮੇਂ ਵਾਲੀ ਪ੍ਰੀਖਿਆ ਨੂੰ ਅਨੁਮਾਨ ਹਿੱਤ ਕੀਤੇ ਛੋਟੇ ਪ੍ਰੌਜੈਕਟਾਂ ਦੇ ਰੂਪ ਵਿੱਚ ਅਜਮਾਇਆ ਜਾ ਸਕਦਾ ਹੈ।

ਇਹਨਾਂ ਪਹਿਲਾਂ ਦਾ ਵਡਾ ਲਾਭ ਇਹ ਹੋਵੇਗਾ ਕਿ ਇਮਤਿਹਾਨ ਯਾਦ ਦੀ ਪ੍ਰੀਖਿਆ ਕਰਨ ਤੋਂ ਹਟਕੇ ਉੱਚ ਪੱਧਰੀਆਂ ਯੋਗਤਾਵਾਂ ਜਿਹਾ ਕਿ ਵਿਆਖਿਆ, ਵਿਸ਼ਲੇਸ਼ਣ ਅਤੇ ਸਮੱਸਿਆ ਸੁਲਝਾਉਣ ਦੀ ਸੂਝ ਦੀ ਪ੍ਰੀਖਿਆ ਕਰਨ ਲੱਗਣਗੇ। ਇੱਥੋਂ ਤੱਕ ਕਿ ਪਰੰਪਰਕ ਇਮਤਿਹਾਨਾਂ ਨੂੰ ਵੀ ਇਸ ਦਿਸ਼ਾ ਵਿੱਚ ਧੱਕਿਆ ਜਾ ਸਕਦਾ ਹੈ। ਹੋਰ ਚੰਗੇ ਪੇਪਰ ਬਣਾਏ ਜਾ ਸਕਦੇ ਹਨ, ਅਤੇ ਉਮੀਦਵਾਰਾਂ ਨੂੰ ਮਿਆਰੀ ਅਤੇ ਵਰਤੀ ਜਾ ਸਕਦੀ ਜਾਣਕਾਰੀ ਦਿੱਤੀ ਜਾ ਸਕਦੀ ਹੈ, ਜਿਵੇਂ ਕਿ ਕਾਲਕ ਸਾਰਣੀਆਂ-ਟੇਬਲ, ਟ੍ਰਿਗਨੋਮੈਟਰਿਕ ਪਛਾਣਾਂ, ਨਕਸ਼ੇ, ਇਤਹਾਸਕ ਤਾਰੀਖਾਂ, ਫਾਰਮੂਲੇ ਆਦਿ।

ਸਿੱਖਿਅਕਾਂ ਦਾ ਸੁਭਾਅ ਵੱਖਰਾ ਹੋਣ ਕਰਕੇ ਅਤੇ ਪੜ੍ਹਾਈ ਦੀ ਗੁਣਵੱਤਾ ਵਿੱਚ ਵਿਸ਼ਾਲ ਭਿੰਨਤਾ ਪਾਈ ਜਾਣ ਕਰਕੇ, ਉਮੀਦਵਾਰਾਂ ਤੋਂ ਇਹ ਮੰਗ ਕਰਨੀ ਕਿ ਉਹ ਸਿੱਖਿਆ ਦੇ ਅਗਲੇ ਪੱਧਰ ਉੱਪਰ ਅੱਪੜਣ ਲਈ ਹਰ ਵਿਸ਼ੈ ਵਿੱਚ ਬਰਾਬਰ ਦੇ ਪੱਧਰ ਦੀ ਯੋਗਤਾ ਪ੍ਰਦਰਸ਼ਤ ਕਰਨ ਦੀ ਉਮੀਦ ਕਰਨੀਂ ਗੈਰਵਾਜਿਬ ਹੈ। ਭਾਰਤ ਵਿਚਲੇ ਸ਼ਹਿਰੀ ਅਤੇ ਪੇਂਡੂ ਪਾੜੇ ਦੀ ਰੋਸ਼ਨੀ ਵਿੱਚ ਦੇਖਿਆਂ ਇਹ ਮੰਗ ਸਮਾਜਕ ਤੌਰਤੇ ਵੀ ਢਾਊ ਪਰਵਿਰਤੀ ਵਾਲੀ ਹੈ।

ਉਦਾਹਰਣ ਲਈ, ਇਹ ਪੂਰੀ ਤਰ੍ਹਾਂ ਪ੍ਰਾਮਾਣਤ ਹੈ ਕਿ ਪੇਂਡੂ ਸਕੂਲਾਂ ਵਿੱਚ ਫੇਹਲ ਹੋਣ ਅਤੇ ਸਕੂਲ ਛੱਡ ਦੇਣ ਦਾ ਵਡਾ ਕਾਰਣ ਗਣਿਤ ਅਤੇ ਅੰਗਰੇਜੀ ਨਾਂ ਦੇ ਦੋ ਮਜ਼ਮੂੰਨ ਹਨ। ਸਕੂਲਾਂ ਨੂੰ ਇਹਨਾਂ ਮਜ਼ਮੂੰਨਾਂ ਨੂੰ ਪਾਸ ਕਰਨ ਲਈ ਦੋ (ਜਾਂ ਇਥੋਂ ਤੱਕ ਕਿ ਤਿੰਨ) ਪੱਧਰਾਂ ਉੱਪਰ ਇਮਤਿਹਾਨ ਦੇਣ ਦੀ ਇਜ਼ਾਜਤ ਦੇ ਦੇਣੀ ਚਾਹੀਦੀ ਹੈ। ਜਰੂਰੀ ਨਹੀਂ ਕਿ ਏਨਾ ਕਰਨ ਦੇ ਲਈ ਭਿੰਨ ਭਿੰਨ ਪੱਧਰਾਂ ਦਾ ਪਾਠਕ੍ਰਮ ਜਾਂ ਪਾਠ-ਪੁਸਤਕਾਂ ਵੀ ਭਿੰਨ ਕਰਨੀਆਂ ਪੈਣ।

“ਇੱਕ-ਇਮਤਿਹਾਨ-ਸਭਦੇ-ਹਾਣ” ਨਾਮੀਂ ਨਿਯਮ ਸੰਸਥਾਵਾਂ ਦੇ ਪੱਖੋਂ ਦੇਖਿਆਂ ਸੌਖਦਿਹ ਹੈ, ਪਰ ਵਿਦਿਆਰਥੀ ਕੇਂਦਰਤ ਨਹੀਂ। ਨਾਂ ਹੀ ਇਹ ਭਾਰਤ ਵਿੱਚ ਰੂਪ ਲੈ ਰਹੀ ਤੇ ਵਧ ਰਹੀ ਭਿੰਨਤਾ ਵਾਲੀ ਨੌਕਰੀਆਂ ਦੀ ਮੰਡੀ ਦੇ ਅਨੁਕੂਲ ਹੈ। ਜਾਂਚ ਦੇ ਲਈ ਕਾਰਖਾਨੇ ਦੀ ਅਸੈਂਬਲੀ ਲਾਈਨ ਵਾਲੇ ਢੰਗ ਦੀ ਥਾਂ ਇੱਕ ਜ਼ਿਆਦਾ ਮਾਨਵੀ ਅਤੇ ਨਿਖੇੜ ਸਕਣ ਵਾਲੇ ਢੰਗ ਨੂੰ ਲਿਆਉਣ ਦੀ ਲੋੜ ਹੈ।

ਜੇ ਅਰਥ-ਸ਼ਾਸਤਰੀਆਂ ਦੀ ਭਵਿੱਖਵਾਣੀ ਅਨੁਸਾਰ ਅਗਲੇ ਦਹਾਕੇ ਵਿੱਚ ਹਰ ਚਾਰ ਨੌਕਰੀਆਂ ਵਿੱਚੋਂ ਚਾਰੇ ਨੌਕਰੀਆਂ ਸੇਵਾਵਾਂ ਦੇ ਖੇਤਰ ਵਿੱਚ ਹੋਣੀਆਂ ਹਨ, ਤਦ ਤਾਂ ਭਾਰਤ ਵਿੱਚ ਪੈਰਾਡਾਈਮ ਸ਼ਿਫਟ ਤਾਂ ਹੋਣੀ ਬਣਦੀ ਹੀ ਹੈ। ਜਦ ਥੋਹੜਿਓਂ ਥੋਹੜੇ ਭਾਰਤੀ ਮਿਆਰ ਵਾਲੇ ਗੱਜ਼ਟ-ਬਿਜਲਈ ਸਮਾਨ ਬਣਾਉਂਦੇ ਹਨ ਅਤੇ ਜ਼ਿਆਦਾ ਤੋਂ ਜ਼ਿਆਦਾ ਅਪਣੇ ਨਾਲ ਦੇ ਨਾਗਰਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਕੰਮ ਕਰਦੇ ਹਨ, ਭਾਰਤੀ

ਇਮਤਿਹਾਨ ਦੇ ਪ੍ਰਬੰਧ ਨੂੰ ਵੀ ਹੋਰ ਖੁੱਲ੍ਹਾ, ਲਚਕਦਾਰ, ਸਿਰਜਣਾਤਮਕ ਅਤੇ ਵਰਤਣ ਲਈ ਅਸਾਨ ਹੋਣਾਂ ਹੋਵੇਗਾ।

### 5.3.3 ਦੂਜੇ ਪੱਧਰਾਂ ਦੇ ਬੋਰਡ ਇਮਤਿਹਾਨ

ਕਿਸੇ ਵੀ ਹਾਲਤ ਸਕੂਲ ਦੇ ਪੰਜਵੀਂ, ਅੱਠਵੀਂ ਜਾਂ ਨੌਵੀਂ ਜਮਾਤ ਦੇ ਪੱਧਰਾਂ ਉੱਪਰ ਬੋਰਡ ਜਾਂ ਰਾਜ ਦੇ ਪੱਧਰ ਦੇ ਇਮਤਿਹਾਨ ਨਾਂ ਕਰਵਾਏ ਜਾਣ। ਅਸਲ ਵਿੱਚ ਬੋਰਡਾਂ ਨੂੰ ਦਸਵੀਂ ਜਮਾਤ ਦੇ ਇਮਤਿਹਾਨ ਨਾਂ ਲੈਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਇਉਂ ਜਿਹੜੇ ਵਿਦਿਆਰਥੀਆਂ ਨੂੰ ਬੋਰਡ ਦੇ ਸਰਟੀਫੀਕੇਟਾਂ ਦੀ ਲੋੜ ਨਾ ਹੋਵੇ ਉਨ੍ਹਾਂ ਨੂੰ ਇੱਕੋ ਸਕੂਲ ਵਿੱਚ ਚਲਦੇ ਰਹਿੰਣ ਦੀ ਇਜ਼ਾਜਤ ਦਿੱਤੀ ਜਾ ਸਕਦੀ ਹੈ, ਤੇ ਉਹ ਸਕੂਲ ਦਾ ਅਪਣਾਂ ਇਮਤਿਹਾਨ ਪਾਸ ਕਰ ਸਕਦੇ ਹਨ।

### 5.3.4 ਦਾਖਲੇ ਵਾਲੇ ਇਮਤਿਹਾਨ

ਲੋੜ ਹੈ ਸਕੂਲ ਛੱਡਣ ਵਾਲੇ ਬੋਰਡ ਦੇ ਇਮਤਿਹਾਨਾਂ ਨੂੰ ਮੁਕਾਬਲੇ ਲਈ ਦਿੱਤੇ ਜਾਣ ਵਾਲੇ ਇਮਤਿਹਾਨਾਂ ਨਾਲ ਨਾਂ ਜੋੜਨ ਦੀ। ਇਹਨਾਂ ਮੁਕਾਬਲੇ ਵਾਲੇ ਇਮਤਿਹਾਨਾਂ ਨੂੰ ਘੱਟ ਤਨਾਓ ਪੂਰਣ ਬਣਾਇਆ ਜਾ ਸਕਦਾ ਹੈ ਜੇ ਵਿਦਿਆਰਥੀਆਂ ਨੂੰ ਇਹ ਥੋਹੜੇ ਜਿਹੇ ਹੀ ਦੇਣਾਂ ਪੈਣ ਤਾਂ।

ਇੱਕ ਹੀ ਮਿਥਿਆ ਗਿਆ ਅਦਾਰਾ ਇਹਨਾਂ ਦਾਖਲੇ ਵਾਲੇ ਇਮਤਿਹਾਨਾਂ ਨੂੰ ਸਾਲ ਵਿੱਚ ਕਈ ਵਾਰ ਕਰਵਾ ਸਕਦਾ ਹੈ। ਕੇਂਦਰ ਸਾਰੇ ਦੇਸ਼ ਵਿੱਚ ਸਥਿਤ ਹੋ ਸਕਦੇ ਹਨ ਤੇ ਵਿਦਿਆਰਥੀਆਂ ਦੀ ਪ੍ਰਾਪਤੀ ਦੇ ਸੰਕੇਤਾਂ ਨੂੰ ਵਕਤ ਪੁਰ ਤਿਆਰ ਕਰਵਾਕੇ ਜਾਰੀ ਕੀਤਾ ਜਾ ਸਕਦਾ ਹੈ। ਅਜਿਹੇ ਰਾਸ਼ਟਰੀ ਪੱਧਰ ਦੇ ਇਨਤਿਹਾਨ ਵਿੱਚੋਂ ਪ੍ਰਾਪਤ ਕੀਤੇ ਅੰਕ ਸਾਰੇ ਅਦਾਰਿਆਂ ਰਾਹੀਂ ਵਿਦਿਆਰਥੀਆਂ ਨੂੰ ਯੂਨੀਵਰਸਿਟੀਆਂ ਅਤੇ ਪੇਸ਼ਾਵਰ ਕੋਰਸਾਂ ਵਿੱਚ ਦਾਖਲ ਕਰਨ ਲਈ ਵਰਤੇ ਜਾ ਸਕਦੇ ਹਨ। ਪ੍ਰੀਖਿਆ ਦਾ ਅਸਲ ਡਿਜ਼ਾਈਨ ਅਤੇ ਤਿਆਰੀ ਇਸ ਮਿਥੇ ਹੋਏ ਅਦਾਰੇ ਦੇ ਘੇਰੇ ਤੋਂ ਬਾਹਰ ਰਹਿੰਣ।

## 5.4 ਕੰਮ ਕੇਂਦਰਤ ਸਿੱਖਿਆ

ਕੰਮ ਕੇਂਦਰਤ ਸਿੱਖਿਆ ਤੋਂ ਭਾਵ ਹੈ ਬੱਚਿਆਂ ਦੇ ਵਸੇਬੇ, ਕੁਦਰਤੀ ਸਾਧਨਾਂ ਅਤੇ ਰੋਜੀ ਰੋਟੀ ਨਾਲ ਸਬੰਧਤ ਗਿਆਨ ਦਾ ਉਹ ਅਧਾਰ, ਸਮਾਜਕ ਦ੍ਰਿਸ਼ਟੀਆਂ ਅਤੇ ਹੁਨਰ ਜੋ ਸਕੂਲ ਦੇ ਸਾਰੇ ਪ੍ਰਬੰਧ ਵਿੱਚ ਉਨ੍ਹਾਂ ਦੀ ਇੱਜ਼ਤ ਅਤੇ ਤਾਕਤ ਦੇ ਸਰੋਤ ਵਿੱਚ ਬਦਲਿਆ ਜਾ ਸਕੇ। ਇਸ ਨੂੰ ਪਾਠਕ੍ਰਮ ਦੇ ਅਨਭਵ ਦਾ ਪ੍ਰਬੰਧ ਕਰਨ ਦੇ ਲਈ ਇੱਕ ਅਰਥ ਭਰਪੂਰ ਅਤੇ ਸੰਧਰਭ ਵਾਲੇ ਬੂਹੇ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਣਾਂ ਹੈ। ਇਹਨਾਂ ਅਰਥਾਂ ਵਿੱਚ ਸਮਾਜਕ ਕੰਮਾਂ-ਕਾਰਾਂ ਵਗੈਰਾ ਦੇ ਤਰ੍ਹਾਂ ਦੇ ਕੰਮ ਦੇ ਰੂਪਾਂ ਨੂੰ ਸਕੂਲ ਵਿੱਚ ਹੋਰ ਵਿਕਸਤ ਕਰਕੇ ਅਨੁਭਵ ਦੇ ਅਧਾਰ ਨੂੰ ਹੋਰ ਪ੍ਰਫੁੱਤ ਕੀਤਾ ਜਾ ਸਕਦਾ ਹੈ।

ਇਸ ਪੜ੍ਹਾਈ ਤੋਂ ਆਸ ਹੈ ਕਿ ਇਹ ਵਿਸ਼ੈ ਸਬੰਧਤ ਗਿਆਨ ਲਈ ਬੱਚਾ-ਸਹਾਇਕ ਗਾਡੀ ਰਾਹ ਬਣੇ। ਇਹਦੇ ਨਾਲ ਉਹਨਾਂ ਕਦਰਾਂ ਕੀਮਤਾਂ ਦਾ ਵਿੱਕਾਸ ਹੋਵੇ ਜੋ ਮੂਲ ਰੂਪ ਵਿੱਚ ਸਵਿਧਾਨ ਵਿੱਚੋਂ ਲਈਆਂ ਗਈਆਂ ਹੋਣ ਤੇ ਸਮਾਜਕ ਰੂਪਾਂਤਰਣ ਨਾਲ ਸਬੰਧਤ ਹੋਣ। ਗਲੋਬਲੀ ਅਰਥ-ਅਵਸਥਾ ਦੀਆਂ ਜਲਿਟ ਵੰਗਾਰਾਂ ਨੂੰ ਝੱਲਣ ਲਈ ਲੋੜੀਂਦੀਆਂ ਬਹੁਪਰਤੀ ਜੁਗਤਾਂ ਦਾ ਨਿਰਮਾਣ ਵੀ ਹੋਵੇ। ਉਤਪਾਦਕ ਅਨੁਭਵ ਅਤੇ ਕੰਮ ਦੇ ਦੂਜੇ ਰੂਪਾਂ ਨੂੰ ਗਲੋਬਲ ਗਿਆਨ ਨਾਲ ਜੋੜਣ ਵਾਲੀ ਇਸ ਸਿੱਖਿਆ ਦੀ ਇਹੀ ਪ੍ਰਕਿਰਿਆ ਹੈ ਜੋ ਸਮੀਖਿਅਕ ਪੜ੍ਹਾਈ ਦੇ ਲਾਗੂ ਕਰਨ ਦੀ ਮੰਗ ਕਰਦੀ ਹੈ।

ਸਕੂਲ ਦੇ ਪਾਠਕ੍ਰਮ ਵਿੱਚ ਉਤਪਾਦਕ ਕੰਮ ਦੇ ਪੇਸ਼ ਹੋ ਜਾਣ ਨਾਲ ਸਕੂਲ ਪ੍ਰਬੰਧ ਦੀਆਂ ਵੱਖ ਵੱਖ ਪਰਤਾਂ ਉੱਪਰ ਬੜੇ ਵਡੇ ਰੂਪਾਂਤਰਕ ਅਸਰ ਹੋਣਗੇ। ਇਹ ਪਰਤਾਂ ਹਨ ਦਾਰਸ਼ਨਿਕ, ਪਾਠਕ੍ਰਮਕ, ਸੰਰਚਨਾਤਮਕ ਅਤੇ ਪ੍ਰਬੰਧਕ। ਕੰਮ ਕੇਂਦਰਤ ਸਿੱਖਿਆ ਦੇ ਨਾਲ ਕਿੰਨੇ ਸਾਰੇ ਵਿਸ਼ੇਸ਼ ਪੱਖਾਂ ਦਾ ਪੁਨਰ-ਸੰਕਲਪਣ ਅਤੇ ਪੁਨਰ-ਸੰਰਚਨ ਹੋਣ ਦੀ ਮੰਗ ਹੋਵੇਗੀ। ਇਹ ਪੱਖ ਹਨ ਅਕਾਦਮਕ ਖੁਦਮੁਖਤਾਰੀ ਅਤੇ ਜ਼ਿੰਮੇਵਾਰੀ; ਪਾਠਕ੍ਰਮ ਦੀ ਯੋਜਨਾਬੰਦੀ; ਲਿਖਤਾਂ ਦੇ ਸਰੋਤ; ਅਧਿਆਪਕ ਭਰਤੀ ਅਤੇ ਅਧਿਆਪਕ ਸਿੱਖਿਆ; ਅਨੁਸ਼ਾਸਨ ਦੇ ਵਿਚਾਰ, ਹਾਜ਼ਰੀ ਅਤੇ ਸਕੂਲ ਦਾ ਨਿਰੀਖਣ; ਗਿਆਨ ਵਿਸ਼ੈ ਹੱਦਾਂ ਦੇ ਆਰ ਪਾਰ, ਸਕੂਲ ਕਲੰਡਰ ਦਾ ਪ੍ਰਬੰਧ, ਜਮਾਤਾਂ ਅਤੇ ਪੀਰੀਅਡ; ਸਕੂਲ ਤੋਂ ਬਾਹਰ ਸਿੱਖਿਆ ਦੇ ਸਥਾਨ ਸਿਰਜਣੇ; ਮੁਲਾਂਕਣ ਦੇ ਪੈਰਾਮੀਟਰ, ਜਾਂਚ ਦੀਆਂ ਜੁਗਤਾਂ ਅਤੇ ਉੱਚ ਇਮਤਿਹਾਨ। ਇਸ ਸਾਰੇ ਕੁਝ ਦਾ ਮਤਲਬ ਇਹੀ ਬਣਦਾ ਹੈ ਕਿ ਪਾਠਕ੍ਰਮ ਦੇ ਸੁਧਾਰ ਅਤੇ ਗੁਣਵੱਤਾ ਦੀ ਉਨਤੀ ਵਗੈਰਾ ਸਾਰੇ ਢਾਂਚੇ ਦੇ ਸੁਧਾਰਾਂ ਨਾਲ ਬੜੀ ਜਲਿਟ ਭਾਂਤ ਨਾਲ ਜੁੜੇ ਹੋਏ ਹਨ।

### 5.4.1 ਕੰਮ-ਧੰਦੇ ਦੀ ਵਿੱਦਿਆ ਅਤੇ ਸਿਖਲਾਈ

ਵਰਤਮਾਨ ਸਮੇਂ ਵਿੱਚ ਕੰਮ-ਧੰਦੇ ਦੀ ਸਿੱਖਿਆ ਕੇਵਲ +2 ਦੀ ਪੱਧਰ ਉੱਪਰ ਦਿੱਤੀ ਜਾਂਦੀ ਹੈ। ਇਹਦੇ ਵਿੱਚ ਵੀ ਇਹ ਇੱਕ ਅਲੱਗ ਧਾਰਾ ਤੱਕ ਸੀਮਤ ਹੈ, ਜੋ ਅਕਾਦਮਕ ਧਾਰਾ ਦੇ ਸਮਾਨੰਤਰ ਹੈ। ਸਾਲ 2000 ਤੱਕ +2

ਦੇ ਸਾਰੇ ਦਾਖਲੇ ਦੇ 25% ਨੂੰ ਕੰਮ-ਧੰਦੇ ਵਾਲੀ ਧਾਰਾ ਵਿੱਚ ਦਾਖਲ ਕਰਨ ਦੇ NPE 1986 ਵਾਲੇ ਟੀਚੇ ਦੇ ਉਲਟ 5% ਤੋਂ ਵੀ ਘੱਟ ਵਿਦਿਆਰਥੀ ਇਸ ਨੂੰ ਇਸ ਸਮੇਂ ਚੁਣਦੇ ਹਨ। ਕੋਈ 25 ਸਾਲਾਂ ਤੋਂ ਵੀ ਵੱਧ ਸਮੇਂ ਵਿੱਚ ਇਹ ਪ੍ਰੋਗਰਾਮ ਕਿੰਨੀਆਂ ਸਾਰੀਆਂ ਸੰਕਲਪਕ, ਪ੍ਰਬੰਧਕੀ ਅਤੇ ਸਾਧਨਾਂ ਦੀਆਂ ਤੰਗੀਆਂ ਕਰਕੇ ਲੜਖੜਾ ਗਿਆ ਹੈ।

ਧਾਰਾ ਦੇ ਰੂਪ ਵਿੱਚ ਘਟੀਆ ਖਿਆਲਿਆ ਜਾਣ ਤੋਂ ਇਲਾਵਾ ਇਸ ਪ੍ਰੋਗਰਾਮ ਵਿੱਚ ਕਈ ਹੋਰ ਖਾਮੀਆਂ ਹਨ। ਮਸਲਨ ਇਹ ਕਮਜ਼ੋਰ ਸਾਜ-ਸਮਾਨ, ਅਤਿ ਪੁਰਾਣੇ ਸੰਦ ਅਤੇ ਘੱਟ ਪੜ੍ਹੇ ਅਧਿਆਪਕਾਂ ਕਰਕੇ, ਜੋ ਅਕਸਰ ਅੱਧੇ ਸਮੇਂ ਲਈ ਕੰਮ ਕਰਦੇ ਹਨ, ਮਾਰ ਖਾ ਰਿਹਾ ਹੈ। ਬੇਲਚਕ ਅਤੇ ਪੁਰਾਣੇ ਪੈ ਗਏ ਕੋਰਸ ਹਨ। ਸੇਵਾ ਫਲ ਵਿੱਚ ਹੋਰ ਅੱਗੇ ਜਾਣ ਦੀ ਕੋਈ ਸੰਭਾਵਨਾਂ ਨਹੀਂ। 'ਕੰਮ ਦੀ ਦੁਨੀਆਂ' ਨਾਲ ਕੋਈ ਤਾਲ ਮੇਲ ਨਹੀਂ ਹੈ। ਭਰੋਸੇਯੋਗ ਮੁਲਾਂਕਣ, ਮਾਨਤਾ ਅਤੇ ਨਾਲ ਲੱਗ ਕੇ ਕੰਮ ਸਿੱਖ ਲੈਣ ਦੀ ਘਾਟ ਤਾਂ ਹੈ ਹੀ, ਨੌਕਰੀ ਵੀ ਘੱਟ ਹੀ ਮਿਲਦੀ ਹੈ (ਕੇਂਦਰ ਦੀ ਮਦਦ ਨਾਲ ਚੱਲਦੀ ਸੈਕੰਡਰੀ ਸਿੱਖਿਆ ਦਾ ਧੰਦਾਕਰਣ ਦੀ ਸਕੀਮ ਦੇ ਦੁਹਰਾਉ ਬਾਰੇ ਕੰਮ-ਕਾਜੀ ਗਰੁੱਪ ਦੀ ਰਿਪਟ, NCERT, 1998)।

ਸ਼ਪੱਸ਼ਟ ਹੈ ਕਿ ਇੱਕ ਵਡੇ ਪੈਮਾਨੇ ਦੀ ਅਤੇ ਤੱਤਕਾਲੀ ਕੰਮ-ਧੰਦੇ ਦੀ ਵਿੱਦਿਆ ਦਾ ਅਸਰਦਾਰ ਅਤੇ ਫੁਰਤੀਲਾ ਪ੍ਰੋਗਰਾਮ ਉਸਾਰਨ ਦੀ ਚਿਰੋਕੀ ਲੋੜ ਹੈ। ਕੰਮ-ਧੰਦੇ ਦੀ ਵਿੱਦਿਆ ਦਾ ਅਜਿਹਾ ਸੰਸਥਾਕਰਣ ਹੋਵੇ ਜੋ ਪ੍ਰਾਇਮਰੀ ਤੋਂ ਪਹਿਲਾਂ ਤੋਂ ਲੈ ਕੇ +2 ਪੱਧਰ ਤੱਕ ਦੇ ਸਕੂਲੀ ਪਾਠਕ੍ਰਮ ਦਾ ਅਨਿੱਖੜਵਾਂ ਹਿੱਸਾ ਬਣੇ। ਓਸੇ ਤੋਂ ਹੀ ਆਸ ਕੀਤੀ ਜਾ ਸਕਦੀ ਹੈ ਕਿ ਉਹ ਇਸ ਵਿੱਦਿਆ ਦਾ ਪੁਨਰ-ਸਕਲਪਣ ਅਤੇ ਪੁਨਰ-ਸੰਰਚਨ ਕਰੇ ਅਤੇ ਗਲੋਬਲ ਅਰਥ ਅਵਸਥਾ ਦੀਆਂ ਵੰਗਾਰਾਂ ਪਰਵਾਨ ਕਰ ਸਕਣ ਦੇ ਯੋਗ ਬਣਾਵੇ।

ਇਸ ਕਰਕੇ ਇਹ ਰਾਇ ਦਿੱਤੀ ਜਾਂਦੀ ਹੈ ਕਿ ਅਸੀਂ ਟੁੱਟਵੇਂ ਢੰਗ ਨਾਲ ਕੰਮ-ਧੰਦੇ ਦੀ ਵਿੱਦਿਆ ਦੇ ਪ੍ਰੋਗਰਾਮ ਦੀ ਤਰਫ ਕਦਮ ਪੁੱਟੀਏ। ਇਸ ਪ੍ਰੋਗਰਾਮ ਨੂੰ ਇੱਕ ਮਿਸ਼ਨ ਦੇ ਰੂਪ ਵਿੱਚ ਹੀ ਚਿਤਵਿਆ ਅਤੇ ਲਾਗੂ ਕੀਤਾ ਜਾਵੇ। ਇਹਦੇ ਲਈ ਅਲੱਗ VET ਕੇਂਦਰ ਅਤੇ ਸੰਸਥਾਵਾਂ ਖੋਹਲੀਆਂ ਜਾਣ ਜੋ ਪਿੰਡ, ਖਿੱਤੇ, ਬਲਾਕ, ਜ਼ਿਲੇ, ਡਿਵੀਜ਼ਨ ਅਤੇ ਮਿਊਂਸਪਲ ਕਮੇਟੀ ਦੇ ਪੱਧਰ 'ਤੇ ਹੋਣ। ਜਿੱਥੇ ਵੀ ਸੰਭਵ ਹੋਵੇ ਸਕੂਲ ਦੇ ਸੰਦ-ਸਾਧਨਾਂ ਨੂੰ (ਜੋ ਅਕਸਰ ਦਿਨ ਦੇ ਕੁਝ ਹਿੱਸੇ ਲਈ ਹੀ ਵਰਤੇ ਜਾਂਦੇ ਹਨ) ਵਰਤਕੇ VET ਵਾਸਤੇ ਨਵੇਂ ਸੰਸਥਾਗਤ ਢਾਂਚੇ ਨੂੰ ਤਿਆਰ ਕਰਨਾਂ ਦੇਸ਼ ਦੇ ਭਲੇ ਵਿੱਚ ਹੋਵੇਗਾ।

ਇਸ ਖੇਤਰ ਵਿੱਚ ਪਹਿਲਾਂ ਹੀ ਪ੍ਰਾਪਤ ਪੂਰੇ ਦੇਸ਼ ਵਿਚਲੀਆਂ ਕਈ ਸਹੂਲਤਾਂ ਨਾਲ ਅਜਿਹੇ VET ਕੇਂਦਰ/ ਸੰਸਥਾਵਾਂ ਵਿਕਸਤ ਹੋ ਸਕਦੀਆਂ ਹਨ। ਇਸ ਦਾ ਭਾਵ ਹੋਵੇਗਾ ਕਿ ਪਹਿਲਾਂ ਹੈਗੇ ਅਦਾਰੇ ਜਿਹਾ ਕਿ ITIs,

ਪੌਲੀਟੈਕਨਿਕ, ਟੈਕਨੀਕਲ ਸਕੂਲ, ਕ੍ਰਿਸ਼ੀ ਵਿਗਿਆਨ ਕੇਂਦਰ, ਪਿੰਡ ਵਿਕਾਸ ਏਜੰਸੀਆਂ, ਪ੍ਰਾਇਮਰੀ ਸਿਹਤ ਕੇਂਦਰ (ਅਤੇ ਉਨ੍ਹਾਂ ਦੀਆਂ ਸਹਾਇਕ ਸੇਵਾਵਾਂ), ਇੰਜਨੀਅਰਿੰਗ, ਖੇਤੀਬਾੜੀ ਦੇ ਅਤੇ ਮੈਡੀਕਲ ਕਾਲਜ, S&T ਪ੍ਰਯੋਗਸ਼ਾਲਾਵਾਂ, ਸਹਿਕਾਰੀ ਅਤੇ ਵਿਸ਼ੇਸ਼ ਸਿਖਲਾਈ ਦੇ ਅਦਾਰੇ ਜੋ ਪ੍ਰਾਈਵੇਟ ਅਤੇ ਸਰਕਾਰੀ ਦੋਨਾਂ ਖੇਤਰਾਂ ਵਿੱਚ ਹੋਣ ਦੀ ਲੋੜ ਹੈ।

ਵਰਤਮਾਨ ਸਮੇਂ ਦੇ ਕੰਮ-ਧੰਦੇ ਦੀ ਧਾਰਾ ਵਾਲੇ 6000 ਦੇ ਕਰੀਬ ਉੱਚ ਸੈਕੰਡਰੀ ਸਕੂਲ ਹਨ। ਕੁਦਰਤੀ ਹੈ ਕਿ ਇਹ ਕਦਮ ਇਨ੍ਹਾਂ ਦੇ ਸਾਧਨਾਂ ਵਿੱਚ ਫੇਰ ਬਦਲ ਕਰਨ ਦੀ ਮੰਗ ਕਰਨਗੇ, ਤਾਂ ਜੋ ਉਨ੍ਹਾਂ ਦਾ ਨਵੇਂ VET ਪ੍ਰੋਗਰਾਮ ਨਾਲ ਤਾਲ ਮੇਲ ਬਣ ਸਕੇ। ਕੰਮ ਕਾਰ ਵਾਲੀ ਸਿੱਖਿਆ ਦੇ ਅਧਿਆਪਕ ਜੋ ਇਹਨਾਂ ਸਕੂਲਾਂ ਵਿੱਚ ਇਸ ਵਕਤ ਪੜ੍ਹਾ ਰਹੇ ਹਨ, ਉਨ੍ਹਾਂ ਨੂੰ ਇਹ ਖੁੱਲ੍ਹ ਹੋਣੀ ਚਾਹੀਦੀ ਹੈ ਕਿ ਜਾਂ ਤਾਂ ਉਹ ਓਸੇ ਸਕੂਲ ਦੇ ਕੰਮ-ਕੇਂਦਰਤ ਪ੍ਰੋਗਰਾਮ ਵਿੱਚ ਸਮਾਅ ਜਾਣ, ਤੇ ਜਾਂ ਫਿਰ ਉਸ ਇਲਾਕੇ ਦੇ ਨਵੇਂ VET ਕੇਂਦਰ ਜਾਂ ਅਦਾਰੇ ਵਿੱਚ ਦਾਖਲ ਹੋ ਜਾਣ।

VET ਉਨ੍ਹਾਂ ਸਾਰੇ ਬੱਚਿਆਂ ਲਈ ਡਿਜ਼ਾਈਨ ਕੀਤਾ ਜਾਣਾਂ ਹੈ, ਜੋ ਪੜ੍ਹਾਈ ਛੱਡਕੇ ਜਾਂ ਖਤਮ ਕਰਕੇ ਕੁਝ ਹੋਰ ਹੁਨਰ ਸਿੱਖ ਲੈਣਾਂ ਚਹੁੰਦੇ ਹਨ/ਜਾਂ ਕੰਮ-ਧੰਦੇ ਦੀ ਵਿੱਦਿਆ ਨਾਲ ਰੋਜੀ ਰੋਟੀ ਕਮਾਉਣਾਂ ਚਹੁੰਦੇ ਹਨ। ਵਰਤਮਾਨ ਕੰਮ-ਧੰਦੇ ਵਾਲੀ ਵਿੱਦਿਆ ਦੀ ਧਾਰਾ ਤੋਂ ਹਟਕੇ VET ਇੱਕ ਸਲਾਹੇ ਜਾਣ ਵਾਲੀ ਅਤੇ ਵਧੀਆ ਚੋਣ ਪੇਸ਼ ਕਰੇ। ਨਾ ਕਿ ਇੱਕ ਹਾਰੇ ਦਾ ਨਿਆਂ ਵਰਗਾ ਕੋਈ ਆਖਰੀ ਹੀਲਾ। ਇਹੋ ਜਿਹੇ VET ਅਦਾਰੇ ਸਕੂਲ ਵਿੱਚ ਹਰ ਕਿਸੇ ਲਈ ਤਿਆਰ ਕੀਤੇ ਜਾਣੇ ਹਨ। ਤਾ ਕਿ ਇਹ ਨਾ ਕੇਵਲ ਉਨ੍ਹਾਂ ਬੱਚਿਆਂ ਦੀ ਯੋਗਤਾ ਵਿੱਚ ਹੀ ਵਾਧਾ ਨਾ ਕਰਨ ਜੋ ਇਤਹਾਸਕ ਤੌਰਤੇ ਅਪਣੇ ਆਰਥਕ, ਸਮਾਜਕ ਜਾਂ ਸਭਿਆਚਾਰਕ ਪਿਛੋਕੜ ਕਰਕੇ ਨੁਕਸਾਨ ਉਠਾਅ ਚੁੱਕੇ ਹਨ, ਸਗੋਂ ਉਹਨਾਂ ਲਈ ਵੀ ਹੋਣ ਜੋ ਸਰੀਰਕ ਅਤੇ ਮਾਨਸਕ ਤੌਰਤੇ ਅਪਾਹਜ ਹਨ।

ਉਪਜੀਕਾ ਦੇ ਮਨੋਵਿਗਿਆਨ ਅਤੇ ਸਲਾਹਕਾਰੀ ਦਾ ਚੰਗੀ ਤਰ੍ਹਾਂ ਵਿਓਂਤ ਕੀਤਾ ਪ੍ਰਬੰਧ, ਜੋ ਪ੍ਰਗਤੀ ਦੇ ਸੰਦ-ਸਾਧਨ ਤਰ੍ਹਾਂ ਕੰਮ ਕਰੇ, ਬੱਚਿਆਂ ਨੂੰ ਬੜੇ ਢੰਗ ਨਾਲ ਅਪਣੇ ਭਵਿੱਖ ਦੇ ਧੰਦਿਆਂ ਅਤੇ ਰੋਟੀ ਪਾਣੀ ਕਮਾਅ ਲੈਂਣ ਵੱਲ ਕਦਮ ਵਧਾਉਣ ਦੇ ਯੋਗ ਬਨਾਉਣਗੇ। ਇਹ ਪਾਠਕ੍ਰਮ ਦੀ ਯੋਜਨਾਬੰਦੀ ਅਤੇ ਮੁਲਾਂਕਣ ਲਈ ਵੀ ਸੰਸਥਾਗਤ ਅਗਵਾਈ ਦੀ ਮਦਦ ਕਰਨਗੇ। ਸੁਝਾਇਆ ਗਿਆ VET ਪ੍ਰੋਗਰਾਮ ਲਚਕਦਾਰ ਅਤੇ ਖੰਡਾਂ ਵਾਲੇ ਸਰਟੀਫੀਕੇਟ ਜਾਂ ਡਿਪਲੋਮਾਂ ਕੋਰਸ ਦੇਣ ਲੱਗੇਗਾ, ਜਿਨ੍ਹਾਂ ਦੀ ਲਮਾਈ (ਛੋਟੀ ਲਮਾਈ ਸਮੇਤ) ਵੱਖ ਵੱਖ ਭਾਂਤ ਦੀ ਹੋਵੇਗੀ ਤੇ ਜੋ ਸਮਾਜਕ-ਆਰਥਕ ਪ੍ਰਸਥਿੱਤੀਆਂ ਦੇ ਸੰਧਰਭ ਵਿੱਚੋਂ ਸਾਹਮਣੇ ਆਵੇਗੀ।

VET ਕੇਂਦਰਾਂ/ਅਦਾਰਿਆਂ ਅਤੇ/ਜਾਂ ਖਿੱਤਿਆਂ ਦੀ ਪੱਧਰ ਉੱਪਰ ਹੋਣ ਵਾਲੀ ਵਿਕੇਂਦਰਤ ਯੋਜਨਾਂ ਨੂੰ ਕਿਸੇ ਵੀ ਇਲਾਕੇ ਵਿੱਚ ਵਾਪਰ ਰਹੀਆਂ ਟੈਕਨਾਲੋਜੀ ਵਿਚਲੀਆਂ ਤਬਦੀਲੀਆਂ, ਉਤਪਾਦਨ ਦੇ ਝੁਕਾਅ ਅਤੇ ਸੇਵਾਵਾਂ ਵੱਲ ਧਿਆਨ ਦੇਣਾਂ ਹੋਵੇਗਾ। ਇੱਕ ਵਿਸ਼ਾਲ ਗਿਣਤੀ ਦੇ ਲੋਕਾਂ ਲਈ ਕੁਦਰਤੀ ਸਾਧਨਾਂ ਤੱਕ ਘਟ ਰਹੀ ਪਹੁੰਚ ਵੱਲ ਵੀ ਨਾਲ ਹੀ ਧਿਆਨ ਦੇਣਾਂ ਹੋਵੇਗਾ।

ਦਿੱਤੇ ਜਾਣ ਵਾਲੇ ਕੋਰਸਾਂ ਵਿੱਚ ਕਈ ਸਾਰੇ ਦਾਖਲ ਹੋਣ ਅਤੇ ਛੱਡਕੇ ਜਾਣ ਦੇ ਰਸਤੇ ਹੋਣਗੇ ਤੇ ਪ੍ਰਾਪਤੀ ਦੇ ਜਮ੍ਹਾਂ ਹੁੰਦੇ ਜਾਣ ਦੀ ਸਹੂਲਤ ਵੀ ਹੋਵੇਗੀ। ਹਰ ਕੋਰਸ ਦਾ ਅਪਣਾ ਅਕਾਦਮਕ ਹਿੱਸਾ ਵੀ ਹੋਵੇਗਾ, ਜਾਂ ਫਿਰ ਬਰਿੱਜ ਕੋਰਸ ਦਾ ਪ੍ਰਬੰਧ ਹੋਵੇਗਾ, ਤੇ ਜਾਂ ਦੋਵੇਂ ਸਹੂਲਤਾਂ ਹੋਣਗੀਆਂ। ਅਕਾਦਮਕ ਅਤੇ ਕੰਮਕਾਜੀ ਪ੍ਰੋਗਰਾਮਾਂ ਦੇ ਅਪਣੇ ਅੱਗੇ ਉਨਤੀ ਕਰਨ ਅਤੇ ਆਸੇ ਪਾਸੇ ਫੈਲਣ ਦੇ ਜੋੜ-ਸਬੰਧ ਵੀ ਹੋਣਗੇ। ਇੱਕ VET ਪ੍ਰੋਗਰਾਮ ਦੀ ਸਫਲਤਾ ਉਸਦੇ ਚਾਹਵਾਨਾਂ ਦੀਆਂ ਜਰੂਰਤਾਂ ਅਨੁਸਾਰ ਭਿੰਨ ਭਿੰਨ ਚੋਣਾਂ ਦੇ ਸਕਣ ਉੱਪਰ ਨਿਰਭਰ ਕਰੇਗੀ।

VET ਦੇ ਪਾਠਕ੍ਰਮ ਦਾ ਸਮੇਂ ਸਮੇਂ ਰੀਵਿਊ ਕਰਦੇ ਅਤੇ ਦੁਹਰਉ ਕਰਦੇ ਰਹਿੰਣਾਂ ਪਵੇਗਾ। ਤਦ ਹੀ ਇਹ ਪ੍ਰੋਗਰਾਮ ਕਿਸੇ ਖੇਤਰ ਜਾਂ ਇਲਾਕੇ ਵਿੱਚ ਕੰਮ-ਧੰਦੇ ਅਤੇ ਉਪਜੀਵਕਾਵਾਂ ਦੇ ਲਈ ਬੇਲੋੜਾ ਅਤੇ ਬੇਜਾਨ ਬਣਨੋਂ ਬਚ ਸਕੇਗਾ। ਕੇਂਦਰਾਂ ਦੇ ਇੰਚਾਰਜ ਅਤੇ ਅਦਾਰਿਆਂ ਦੇ ਪ੍ਰਤੀਨਿਧਾਂ ਦੀ ਲੋੜ ਜੋਗੇ ਸਾਧਨਾਂ ਤੱਕ ਪਹੁੰਚ ਵੀ ਰਹਿੰਣੀ ਹੋਵੇਗੀ। ਉਨ੍ਹਾਂ ਕੋਲ ਵਾਜ਼ਿਬ ਅਧਿਕਾਰ ਅਤੇ ਅਕਾਦਮਕ ਆਜ਼ਾਦੀ ਵੀ ਹੋਣੀ ਚਾਹੀਦੀ ਹੈ ਤਾ ਕਿ ਉਹ 'ਕੰਮ ਦੇ ਸਥਾਂਨ' ਜਾਂ 'ਕੰਮ ਦੇ ਬੈਂਚ' ਸਥਾਪਤ ਕਰ ਸਕਣ। ਆਂਢ ਗੁਆਂਢ ਵਿੱਚ ਪੇਂਡੂ ਦਸਤਕਾਰੀ, ਖੇਤੀ ਜਾਂ ਜੰਗਲ ਅਧਾਰਤ ਕੋਈ ਉਤਪਾਦਨ ਦੇ ਸਿਲਸਿਲੇ ਜਾਂ ਸੇਵਾਵਾਂ ਸਥਾਪਤ ਕਰ ਸਕਣ। ਇਹਦੇ ਨਾਲ ਪ੍ਰਾਪਤ ਮਨੁੱਖੀ ਅਤੇ ਪਦਾਰਥਕ ਸਾਧਨਾਂ ਦੀ ਭਰਵੀਂ ਵਰਤੋਂ ਹੋ ਸਕਦੀ ਹੈ।

ਅਜਿਹੇ ਭਾਈਵਾਲੀ ਵਾਲੇ ਗੱਠਜੋੜ ਦੇ ਤਿੰਨ ਫਾਇਦੇ ਹਨ। ਪਹਿਲਾ, VET ਪ੍ਰੋਗਰਾਮ ਬੜੀ ਥੋਹੜੀ ਪੂੰਜੀ ਨਾਲ ਸਥਾਪਤ ਹੋ ਸਕਦਾ ਹੈ। ਦੂਜਾ, ਵਿਦਿਆਰਥੀਆਂ ਨੂੰ ਇਲਾਕੇ ਵਿੱਚ ਮਿਲਣ ਲੱਗ ਪਈ ਆਧੁਨਿਕ ਟੈਕਨਾਲੋਜੀ ਪ੍ਰਾਪਤ ਹੋਣ ਲੱਗੇਗੀ। ਤੀਜਾ, ਵਿਦਿਆਰਥੀਆਂ ਨੂੰ ਅਸਲ ਜ਼ਿੰਦਗੀ ਵਿੱਚ ਕੰਮ ਆਉਣ ਵਾਲੇ ਉਤਪਾਦਨ ਦਾ ਡਿਜ਼ਾਈਨ ਕਰਨ, ਉਪਾਦਨ ਕਰਨ ਅਤੇ ਵੇਚਣ ਦਾ ਅਨੁਭਵ ਹੋਵੇਗਾ। ਇਸ ਮੰਤਵ ਲਈ ਕਿਸੇ ਇਲਾਕੇ ਵਿੱਚ ਉਤਪਾਦਨ ਕਰਨ ਅਤੇ ਸੇਵਾ ਵਿੱਚ ਲੱਗੀਆਂ ਸਾਰੀਆਂ ਸਹੂਲਤਾਂ ਜਿਹਾ ਕਿ ਖੇਤੀ, ਜੰਗਲਾਤ, ਪ੍ਰਾਈਵੇਟ ਅਤੇ ਪਬਲਿਕ ਖੇਤਰ ਦੇ ਕਾਰਖਾਨੇ (ਘਰੇਲੂ ਉਦਯੋਗ ਅਤੇ ਛੋਟੇ ਉਤਪਾਦਕਾਂ ਸਮੇਤ) ਲਈ ਇਹ ਜਰੂਰੀ ਹੋਵੇਗਾ ਕਿ ਉਹ ਇਲਾਕੇ ਦੇ ਸਕੂਲਾਂ ਨਾਲ ਭਾਈਵਾਲੀ ਕਰਨ। ਸਿਖਲਾਈ ਅਤੇ ਨਿਰੀਖਣ ਵਿੱਚ ਮਦਦ ਕਰਨ ਤੋਂ ਇਲਾਵਾ ਲੋੜ ਅਨੁਸਾਰ 'ਕੰਮ ਦੇ ਸਥਾਨ' ਆਦਿ ਸਥਾਪਤ ਕਰਨ ਵਿੱਚ ਵੀ ਮਦਦ ਕਰਨ।

ਇੱਕ VET ਪ੍ਰੋਗਰਾਮ ਦੀ ਸਫਲਤਾ ਵਿਸ਼ੇਸ਼ ਕਰਕੇ ਇਸ ਗੱਲ ਉੱਪਰ ਵੀ ਨਿਰਭਰ ਕਰੇਗੀ ਕਿ ਮੁਲਾਂਕਣ ਦਾ, ਬਰਾਬਰੀ ਦਾ, ਅਦਾਰੇ ਦੇ ਵਕਾਰ ਦਾ ਅਤੇ ਸ਼ਗਿਰਦੀ ਦਾ ਭਰੋਸੇਯੋਗ ਵਸੀਲਾ ਖੜ੍ਹਾ ਕੀਤਾ ਜਾਵੇ। ਇਹ 'ਕੰਮ ਦੇ ਸਥਾਨਾਂ' ਅਤੇ ਨਿੱਜੀ ਨਿਪੁੰਨਤਾ ਉੱਪਰ ਵੀ ਲਾਗੂ ਹੋਵੇ। ਇਸ ਗੱਲ ਦਾ ਧਿਆਨ ਰੱਖਣ ਦੀ ਲੋੜ ਹੈ ਕਿ ਅਜਿਹਾ ਟਕਸਾਲੀਕਰਣ ਭਾਰਤ ਦੇ ਵੱਖ ਵੱਖ ਇਲਾਕਿਆਂ ਵਿੱਚ ਮਿਲਦੇ ਗਿਆਨ ਅਤੇ ਹੁਨਰਾਂ ਨੂੰ ਰੱਦ ਕਰਨ/ਅਯੋਗ ਸਾਬਤ ਕਰਨ ਦਾ ਸੰਦ ਨਾਂ ਬਣਕੇ ਰਹਿ ਜਾਵੇ। ਖਾਸ ਕਰਕੇ ਆਰਥਕ ਤੌਰਤੇ ਪਛੜੇ ਹੋਏ ਇਲਾਕਿਆਂ ਜਿਹਾ ਕਿ ਉੱਤਰ-ਪੂਰਬ, ਪਹਾੜੀ ਪਠਾਰਾਂ, ਸਮੁੰਦਰੀ ਤੱਟ ਦੇ ਇਲਾਕੇ ਅਤੇ ਮਧ ਭਾਰਤ ਦੇ ਜਨਜਾਤੀ ਵਾਲੇ ਇਲਾਕਿਆਂ ਨਾਲ ਇਓਂ ਨਾਂ ਹੋਵੇ।

VET ਕੇਂਦਰਾਂ ਅਤੇ ਅਦਾਰਿਆਂ ਵਿੱਚ ਕਿਸਾਨਾਂ, ਪਛੂ ਪਾਲਣ, ਮੱਛੀ ਅਤੇ ਬਾਗਬਾਨੀਂ ਦੇ ਮਾਹਰਾਂ, ਦਸਤਕਾਰਾਂ, ਮਕੈਨਿਕਾਂ, ਕਲਾਕਾਰਾਂ ਅਤੇ ਹੋਰ ਸਥਾਨਕ ਸੇਵਾਵਾਂ (IT ਸਮੇਤ) ਦੇਣ ਵਾਲਿਆਂ ਨੂੰ ਸਾਧਨ-ਵਿਅਕਤੀਆਂ ਜਾਂ ਮਹਿਮਾਨ-ਅਧਿਆਪਕਾਂ ਦੇ ਰੂਪ ਵਿੱਚ ਸ਼ਾਮਲ ਕਰਨ ਵਾਸਤੇ ਧਿਆਨ ਨਾਲ ਤਿਆਰ ਕੀਤੇ ਹੋਵੇ ਸਥਾਨ ਅਤੇ ਜੀ ਅਇਆਂ ਕਹਿੰਦੇ ਮਹੌਲ ਸਿਰਜਣੇ ਪੈਣੇ ਹਨ।

VET ਕੋਰਸਾਂ ਵਿੱਚ ਦਾਖਲਾ ਲੈ ਸਕਣ ਦੀ ਯੋਗਤਾ ਨੂੰ 2010 ਤੱਕ ਘੱਟ ਕਰਕੇ ਪੰਜਵੀਂ ਜਮਾਤ ਦੇ ਸਰਟੀਫੀਕੇ ਤੱਕ ਕੀਤਾ ਜਾ ਸਕਦਾ ਹੈ। ਤਦ ਤੱਕ 'ਸਰਬ ਸਿੱਖਿਆ ਅਭਿਆਨ' ਦੇ UEE ਹਾਂਸਲ ਕਰ ਲੈਣ ਦੀ ਉਮੀਦ ਹੈ। ਉਸ ਉਪਰੰਤ ਇਹ 8ਵੀਂ ਜਮਾਤ ਦੇ ਸਰਟੀਫੀਕੇਟ ਤੱਕ ਵਧਾਈ ਜਾ ਸਕਦੀ ਹੈ। ਆਖਰਕਾਰ ਓਦੋਂ ਇਸ ਨੂੰ 10ਵੀਂ ਜਮਾਤ ਦੇ ਸਰਟੀਫੀਕੇਟ ਤੱਕ ਵਧਾਇਆ ਜਾ ਸਕਦਾ ਹੈ, ਜਦ ਸਮੁੱਚੀ ਸੈਕੰਡਰੀ ਸਿੱਖਿਆ ਦੇ ਸਾਲ ਤੱਕ ਅੱਪੜ ਲਿਆ ਜਾਵੇ। ਕਿਸੇ ਹਾਲਤ ਵਿੱਚ ਵੀ 16 ਸਾਲ ਦੀ ਉਮਰ ਤੋਂ ਘੱਟ ਵਾਲੇ ਬੱਚੇ VET ਪ੍ਰੋਗਰਾਮ ਵਿੱਚ ਦਾਖਲ ਹੋਣ ਦੇ ਯੋਗ ਨਾ ਮੰਨੇ ਜਾਣ।

ਪ੍ਰਾਇਮਰੀ ਪੱਧਰ ਤੋਂ ਲੈਕੇ VET ਕੇਂਦਰ ਹੁਨਰ ਅਤੇ ਹੌਬੀ ਦੇ ਕੇਂਦਰਾਂ ਦੇ ਰੂਪ ਵਿੱਚ ਵੀ ਕੰਮ ਕਰ ਸਕਦੇ ਹਨ। ਇਹ ਸਕੂਲ ਦੇ ਸਮੇਂ ਤੋਂ ਬਾਅਦ ਵੀ ਖੁੱਲ੍ਹੇ ਰਹਿ ਸਕਦੇ ਹਨ। ਇਹ ਕੇਂਦਰ ਅਜਿਹੇ ਸਕੂਲਾਂ ਵਿੱਚ ਵੀ ਹੋਣੇ ਚਾਹੀਦੇ ਹਨ, ਜਿੱਥੇ ਸਕੂਲ ਦੇ ਸਮੇਂ ਦੇ ਦੌਰਾਨ ਕੰਮ-ਕੇਂਦਰਤ ਪਾਠਕ੍ਰਮ ਲਈ ਕਿਸੇ ਕਿਸਮ ਦਾ ਸਹਿਯੋਗ ਵਾਲਾ ਪ੍ਰਬੰਧ ਉਲੀਕਿਣਾਂ ਸੰਭਵ ਹੋ ਸਕੇ।

VET ਵਾਲੀ ਦ੍ਰਿਸ਼ਟੀ ਦਾ ਅਮਲੀ ਅਨੁਵਾਦ ਸੰਭਵ ਕਰਨ ਲਈ ਕਈ ਨਵੇਂ ਮਦਦ ਕਰਨ ਵਾਲੇ ਸਿਲਸਿਲੇ ਅਤੇ ਸਾਧਨਾਂ ਵਾਲੇ ਅਦਾਰੇ ਕਈ ਪੱਧਰਾਂ ਉੱਪਰ ਸਿਰਜਣ ਦੀ ਲੋੜ ਹੈ। ਇਹ ਅਦਾਰੇ ਜ਼ਿਲਿਆਂ, ਰਾਜਾਂ/UTs ਅਤੇ

ਕੇਂਦਰ ਵਿੱਚ ਹੋ ਸਕਦੇ ਹਨ। ਇਸ ਤੋਂ ਬਿਨਾਂ ਪ੍ਰਾਪਤ ਰਾਸ਼ਟਰੀ ਅਦਾਰਿਆਂ ਜਿਹਾ ਕਿ NCERT ਦੇ ਭੁਪਾਲ ਵਿੱਚਲੇ PSSCIVE ਨੂੰ ਮੁੜ ਸੁਰਜੀਤ ਕਰਨ ਅਤੇ ਮਜ਼ਬੂਤ ਕਰਨ ਦੀ ਵੀ ਲੋੜ ਹੈ।

## 5.5 ਵਿਚਾਰ ਅਤੇ ਅਮਲ ਦੀਆਂ ਨਵੀਂਆਂ ਪਹਿਲਾਂ

### 5.5.1 ਬਹੁਲਤਾ ਅਤੇ ਪਾਠ-ਪੁਸਤਕਾਂ

ਇਹ ਪਰਿਪੇਖ ਤਾਂ ਸਥਾਪਤ ਹੋ ਗਿਆ ਹੈ ਕਿ ਪਾਠਕ੍ਰਮ ਬੱਚਿਆਂ ਦੇ ਅਨੁਭਵਾਂ, ਉਨ੍ਹਾਂ ਦੇ ਸਭਿਆਚਾਰਕ ਸੰਧਰਭਾਂ ਅਤੇ ਭਾਸ਼ਾਵਾਂ ਨੂੰ ਅਰਥ ਪੂਰਣ ਤਰੀਕੇ ਨਾਲ ਅਪਣੇ ਵਿੱਚ ਸਮੋਵੇ। ਤਦ ਹੀ ਇਹ ਜਰੂਰੀ ਹੈ ਕਿ ਪਾਠ-ਪੁਸਤਕਾਂ ਦੀ ਤਿਆਰੀ ਨੂੰ ਵਿਕੇਂਦਰਤ ਕੀਤਾ ਜਾਵੇ। ਨਾਲ ਹੀ ਹਰ ਪ੍ਰਕਾਰ ਦੀ ਲੋੜ ਦੇ ਆਕਾਰ ਨੂੰ ਅਤੇ ਉਸ ਨੂੰ ਸੰਭਵ ਕਰ ਸਕਣ ਵਾਲੇ ਸਮੁੱਚੇ ਪ੍ਰਬੰਧ ਨੂੰ ਜਾਂਚ ਲਿਆ ਜਾਵੇ।

ਪਾਠ-ਪੁਸਤਕਾਂ ਲਿਖਣ ਲਈ ਇੱਕ ਵਿਸਥਾਰੀ ਸਮਰੱਥਾਵਾਂ ਦੀ ਲੋੜ ਪੈਂਦੀ ਹੈ। ਇਹਦੇ ਵਿੱਚ ਸ਼ਾਮਲ ਹਨ ਅਕਾਦਮਕ ਅਤੇ ਖੋਜ਼ ਦਾ ਯੋਗਦਾਨ, ਬੱਚਿਆਂ ਦੇ ਵਿਕਾਸ ਦੇ ਪੱਧਰ ਦੀ ਸਮਝ, ਸੰਚਾਰ ਦੀਆਂ ਅਸਰਦਾਰ ਕੁਸ਼ਲਤਾਵਾਂ ਅਤੇ ਡਿਜ਼ਾਈਨ ਆਦਿ। ਜਦ ਕਿ ਵਰਤਮਾਨ ਸਮੇਂ ਪਾਠ-ਪੁਸਤਕਾਂ ਤਿਆਰ ਕਰਨ ਦੀ ਜ਼ਿੰਮੇਦਾਰੀ SCERT ਦੀ ਹੈ ਇਹ ਇਸ ਮੰਤਵ ਲਈ ਮੂਲ ਏਜੰਸੀ ਦੇ ਰੂਪ ਵਿੱਚ ਕੰਮ ਕਰਦੀ ਰਹੇ। ਅਸਲ ਪ੍ਰਕਿਰਿਆ ਸੰਕਲਪਤ ਕਰਨ ਲਈ, ਵਿਸ਼ੈ ਦੀ ਚੋਣ ਅਤੇ ਲਿਖਣ ਆਦਿ ਲਈ ਕਿਸੇ ਇੱਕ ਵਿਸ਼ੈ ਮਾਹਰ ਦੀ ਥਾਂ ਇੱਕ ਟੀਮ ਰਾਹੀਂ ਸਹਿਯੋਗੀ ਢੰਗ ਨਾਲ ਕੀਤਾ ਜਾਵੇ।

ਸਹਿਯੋਗੀ ਅਮਲ ਦੇ ਕਾਰਣਾਂ ਵਿੱਚ ਆਉਂਦੇ ਹਨ ਪਰਿਪੇਖ ਦੀ ਉਸਾਰੀ, ਬੱਚਿਆਂ ਦੇ ਸਿੱਖਣ ਬਾਰੇ ਮਨੌਤਾਂ ਬਾਰੇ ਸਪੱਸ਼ਟੀਕਰਣ, ਮਜ਼ਮੂੰਨ ਦੇ ਗਿਆਨ ਉੱਪਰ ਪੁਨਰ-ਝਾਤ ਅਤੇ ਖੋਜ਼ ਦਾ ਯੋਗਦਾਨ, ਬੱਚਿਆਂ ਨਾਲ ਸੰਚਾਰ ਕਰਨ ਦੀ ਪ੍ਰਕਿਰਿਆ ਦੀ ਸਮਝ, ਸੋਚ ਵਾਸਤੇ ਸੰਰਚਤ ਸਥਾਨ ਦੀ ਪੇਸ਼ਕਾਰੀ ਅਤੇ ਪਾਠ-ਪੁਸਤਕਾਂ ਦੀ ਬਣਾਈ ਦੀ ਚਲਦੀ ਹੋਈ ਪ੍ਰਕਿਰਿਆ ਵਿੱਚ ਹਾਣੀਆਂ ਵੱਲੋਂ ਰਾਇ ਮਿਲਣੀ ਤੇ ਕਈ ਕੁਝ ਹੋਰ। ਏਵੇਂ ਹੀ ਯੂਨੀਵਰਸਿਟੀਆਂ ਵੱਲੋਂ ਅਕਾਦਮਕ ਅਤੇ ਖੋਜ਼ ਵਿੱਚਲੀ ਮਦਦ, ਗੈਰ-ਸਰਕਾਰੀ ਅਦਾਰਿਆਂ ਤੋਂ ਭਰਪੂਰ ਅਨੁਭਵ ਦੇ ਨਾਲ ਨਾਲ ਪੇਸ਼ਾਵਰ ਬੰਦੇ ਇਸ ਅਮਲ ਵਾਸਤੇ ਮਿਲਣੇ ਰਹਿੰਣੇ ਆਦਿ ਕੁਝ ਮਹੱਤਵ ਪੂਰਣ ਯੋਗਦਾਨ ਹਨ ਜੋ ਪ੍ਰਾਪਤ ਹੋਣੇ ਜਰੂਰੀ ਹਨ।

ਵਰਤਮਾਨ ਸਮੇਂ ਬੱਚਿਆਂ ਨੂੰ ਅਕਸਰ ਪਾਠ ਸਮਝਣੇ ਮੁਸ਼ਕਲ ਲਗਦੇ ਹਨ। ਵਿਸ਼ੈ ਕਈ ਵਾਰੀ ਬੜਾ ਗੂੜ੍ਹ ਅਤੇ ਕਈ ਵਾਰੀ ਹਲਕਾ ਹੀ ਲਗਦਾ ਹੈ। ਇਸ ਕਰਕੇ ਪਾਠ-ਪੁਸਤਕਾਂ ਦੀ ਪ੍ਰੀਖਿਆ ਕਰ ਲੈਣੀ ਬੇਹੱਦ ਜਰੂਰੀ ਹੈ। ਅਕਸਰ ਪਾਠ ਸਕੂਲ ਵਿੱਚ ਸਾਲ ਭਰ ਵਿੱਚ ਮਿਲਣ ਵਾਲੇ ਸਮੇਂ ਨੂੰ ਬਿਨਾਂ ਧਿਆਨ ਵਿੱਚ ਰੱਖੇ ਲਿਖੇ ਜਾਂਦੇ ਹਨ। ਇਹ ਚੰਗਾ ਹੋਵੇਗਾ ਜੇ ਆਰੰਭਕ ਪਾਠ ਅਜ਼ਮਾਇਸ਼ ਦੇ ਲਈ ਪੜ੍ਹਾਕੇ ਪਰਖ ਲਏ ਜਾਣ। ਪਾਠ-ਪੁਸਤਕ ਦਾ ਲੇਖਕ ਜਮਾਤ ਵਿੱਚ ਪਰਖਣ ਦੇ ਸਾਰੇ ਅਭਿਆਸ ਨੂੰ ਵਾਚੇ ਅਤੇ ਅਧਿਆਪਕ ਤੇ ਵਿਦਿਆਰਥੀਆਂ ਤੋਂ ਪ੍ਰਤੀਕਿਰਿਆ ਹੋਣ ਵੇਲੇ ਵੀ ਨਾਲ ਹੋਵੇ।

ਪਾਠ-ਪੁਸਤਕਾਂ ਦੇ ਵਿਸ਼ੈ-ਵਸਤੂ ਵਿੱਚ ਨਵੀਨੀਂ ਲਿਆਉਣ ਵਾਸਤੇ ਵੀ ਇਉਂ ਕਰਨਾ ਮਹੱਤਵ ਪੂਰਣ ਹੈ। ਉਦਾਹਰਣ ਵਜੋਂ, ਬੱਚਿਆਂ ਦੇ ਅਨੁਭਵਾਂ ਨੂੰ ਸਮਾਅ ਲੈਣ ਲਈ ਜਗਾਹ ਕੱਢਣ ਵਾਸਤੇ ਕਰਨਾ ਇਹੀ ਹੋਵੇਗਾ ਕਿ ਜਮਾਤ ਦੇ ਯਥਾਰਥ ਨੂੰ ਅਤੇ ਅਧਿਆਪਕ ਦੀ ਤਿਆਰੀ ਨੂੰ ਸਮਝਿਆ ਜਾਵੇ।

ਸਿੱਟਾ ਇਹੀ ਨਿੱਕਲਦਾ ਹੈ ਕਿ ਅਸੀਂ ਆਦਰਸ਼ਕ ਤੌਰਤੇ ਸਕੂਲਾਂ ਵਾਸਤੇ ਪਾਠ-ਪੁਸਤਕਾਂ ਦੀ ਬਹੁਤਾਤ ਦੇ ਮਿਲ ਸਕਣ ਪੁਰ ਨਿਗਾਹ ਟਿਕਾਈ ਹੈ। ਕਾਰਣ ਇਹ ਕਿ ਇਹ ਪੁਸਤਕਾਂ ਅਧਿਆਪਕਾਂ ਦੀ ਚੋਣ ਨੂੰ ਵਿਸਥਾਰ ਦਿੰਦੀਆਂ ਹਨ। ਬੱਚਿਆਂ ਦੀਆਂ ਲੋੜਾਂ ਅਤੇ ਰੁਚੀਆਂ ਦੀ ਵਿਭਿੰਨਤਾ ਨੂੰ ਵੀ ਸਮਾਅ ਲੈਣ ਦਾ ਸਾਧਨ ਬਣਦੀਆਂ ਹਨ। ਜਦ ਕਿੰਨ੍ਹੀਆਂ ਸਾਰੀਆਂ ਕਿਤਾਬਾਂ ਮਿਲਦੀਆਂ ਹੋਣ ਅਤੇ ਪੂਰਕ ਸਮੱਗਰੀ ਵੀ ਪ੍ਰਾਪਤ ਹੋਵੇ, ਤਾਂ ਇੱਕ ਅਧਿਆਪਕਾ ਨੂੰ ਕਿਸੇ ਵਿਸ਼ੈ ਬਾਰੇ, ਕਿਸੇ ਖਾਸ ਪਾਠ ਦੇ ਸ਼ਗਿਰਦਾਂ ਲਈ, ਕੁਝ ਹੋਰ ਢੁਕਵਾਂ ਚੁਣਨ ਲਈ ਉਤਸਾਹਤ ਕੀਤਾ ਜਾ ਸਕਦਾ ਹੈ।

ਅੱਗੇ ਜਾ ਕੇ ਅਧਿਆਪਕ ਦੱਸੀ ਗਈ ਚੋਣ ਰਾਹੀਂ ਅਪਣੀ ਚੋਣ ਕਰਨ ਦੀ ਖੁਦਮੁਖਤਾਰੀ ਨੂੰ ਵਿਕਸਤ ਕਰੇਗਾ। ਦੂਜੇ ਪਾਸੇ ਇਹ ਬੱਚਿਆਂ ਨੂੰ ਹੱਲਾਸ਼ੇਰੀ ਦੇਣ ਦੇ ਮੌਕੇ ਵੀ ਪੈਦਾ ਕਰੇਗਾ। ਬੱਚੇ ਇਹ ਜਾਨਣ ਲਈ ਕਿ ਇੱਕੋ ਵਿਸ਼ੈ-ਵਸਤੂ ਨੂੰ ਭਿੰਨ ਭਿੰਨ ਤਰੀਕਿਆਂ ਨਾਲ ਕਿਵੇਂ ਪੇਸ਼ ਕੀਤਾ ਜਾਂਦਾ ਹੈ ਵੱਖੋ ਵੱਖਰੇ ਸਰੋਤ ਅਜ਼ਮਾਉਣਗੇ। ਇਹਦੇ ਨਾਲ ਲਾਇਬਰੇਰੀ ਦੀ ਵਰਤੋਂ ਨੂੰ ਉਤਸਾਹ ਮਿਲੇਗਾ। ਇਹਦੇ ਲਈ ਮਦਦ ਕਰਨ ਵਾਸਤੇ ਕੁਝ ਪ੍ਰਬੰਧ ਖੜ੍ਹਾ ਕਰਨ ਦੀ ਲੋੜ ਹੈ। ਉਹਦੇ ਵਿੱਚ ਆਉਂਦੇ ਹਨ ਸਿਖਲਾਈ ਦੇ ਪ੍ਰੋਗਰਾਮ ਅਤੇ ਵਰਕਸ਼ਾਪਾਂ। ਇਹਦੇ ਨਾਲ ਅਧਿਆਪਕਾਂ ਨੂੰ ਪਾਠ-ਪੁਸਤਕਾਂ ਅਤੇ ਪੂਰਕ ਸਮੱਗਰੀ ਦੀ ਪਾਠਕ੍ਰਮ ਨੂੰ ਪੜ੍ਹਾਉਣ ਵਾਸਤੇ ਸਰੋਤ-ਸਮੱਗਰੀ ਦੇ ਰੂਪ ਵਿੱਚ ਵਰਤਣ ਦੀ ਜਾਚ ਸਿਖਾਈ ਜਾ ਸਕਦੀ ਹੈ। ਉਹ ਸਕੂਲ ਜਾਂ ਕਈ ਸਕੂਲਾਂ ਦੇ ਖਿੱਤੇ ਵਿੱਚ ਲਾਇਬਰੇਰੀ ਦੇ ਸਾਧਨਾਂ ਨੂੰ ਵੀ ਵਰਤਣਾਂ ਸਿੱਖ ਸਕਦੇ ਹਨ।

ਸਕੂਲਾਂ ਵਿਚਕਾਰ ਲਾਇਬਰੇਰੀ ਦੀ ਸਾਂਝ ਨੂੰ ਸੁਚੇਤ ਢੰਗ ਨਾਲ ਯੋਜਤ ਕੀਤਾ ਜਾਣਾਂ ਜਰੂਰੀ ਹੈ। ਇਹਦੇ ਨਾਲ ਪ੍ਰਾਈਵੇਟ ਸਕੂਲਾਂ ਅਤੇ ਸਰਕਾਰੀ ਸਕੂਲਾਂ ਵਿੱਚ ਭਾਈਵਾਲੀ ਉਸਾਰੀ ਜਾ ਸਕਦੀ ਹੈ। ਭਾਈਚਾਰਕ ਲਾਇਬਰੇਰੀਆਂ ਸਥਾਪਤ ਕਰਨ ਪੁਰ ਵੀ ਧਿਆਨ ਦੇਣ ਦੀ ਲੋੜ ਹੈ।

ਸਕੂਲਾਂ ਰਾਹੀਂ ਮਾਨਤਾ ਦਿੱਤੀਆਂ ਹੋਈਆਂ ਬਹੁਭਾਂਤੀ ਪਾਠ-ਪੁਸਤਕਾਂ ਦੇ ਉਤਪਾਦਨ ਨੂੰ ਉਤਸ਼ਾਹ ਦੇਣ ਨਾਲ ਪ੍ਰਾਈਵੇਟ ਪ੍ਰਕਾਸ਼ਕ ਪਾਠ-ਪੁਸਤਕਾਂ ਦੇ ਉਤਪਾਦਨ ਦੇ ਖੇਤਰ ਵਿੱਚ ਲਿਆਂਦੇ ਜਾ ਸਕਦੇ ਹਨ। ਇਸ ਸੰਧਰਭ ਵਿੱਚ ਇਹ ਮਹੱਤਵ ਪੂਰਣ ਹੈ ਕਿ ਰਾਜਾਂ ਦੀਆਂ ਖੋਜ਼ ਅਤੇ ਸਿਖਲਾਈ ਦੀਆਂ ਸੰਸਥਾਵਾਂ (ਜਿੰਨ੍ਹਾਂ ਦੀ ਪਾਠ-ਪੁਸਤਕਾਂ ਉਤਪਾਦਨ ਕਰਨ ਦੀ ਜ਼ਿੰਮੇਵਾਰੀ ਹੈ) ਨੂੰ ਇਸ ਮੰਤਵ ਲਈ ਆਕਾਰ ਵਧਾਕੇ ਪ੍ਰਾਈਵੇਟ ਪ੍ਰਕਾਸ਼ਕਾਂ ਨਾਲ ਮੁਕਾਬਲਾ ਕਰਨ ਦੇ ਯੋਗ ਬਣਾਇਆ ਜਾਵੇ।

ਜਿਵੇਂ ਪਹਿਲਾਂ ਕਿਹਾ ਗਿਆ ਹੈ ਜੇ SCERTs ਪਾਠ-ਪੁਸਤਕਾਂ ਦੇ ਉਤਪਾਦਨ ਨੂੰ ਸਾਂਝੀਦਾਰੀ ਦੇ ਅਮਲ ਹੇਠ ਲੈ ਆਉਣ ਦੀ ਥਾਂ ਉਨ੍ਹਾਂ ਦੀਆਂ ਪਾਠ-ਪੁਸਤਕਾਂ ਦਾ ਮਿਆਰ ਸੁਧਾਰਨਗੀਆਂ, ਉਨ੍ਹਾਂ ਦੇ ਆਕਾਰ ਵਧ ਜਾਣਗੇ ਅਤੇ ਇਹਨਾਂ ਅਦਾਰਿਆਂ ਵਿੱਚ ਵੀ ਜਾਨ ਪੈ ਜਾਵੇਗੀ। ਗੈਰ-ਸਰਕਾਰੀ ਅਦਾਰੇ ਵੀ ਬਿਹਤਰੀਨ ਪਾਠ-ਪੁਸਤਕਾਂ ਅਤੇ ਪੂਰਕ ਸਮੱਗਰੀ ਦਾ ਉਤਪਾਦਨ ਕਰ ਚੁੱਕੇ ਹਨ। ਇਹਨਾਂ ਨੂੰ ਵੀ ਸਕੂਲਾਂ ਵਿੱਚ ਵਰਤਿਆ ਜਾ ਸਕਦਾ ਹੈ।

ਕੁਝ ਵਿਚਾਰ ਨਿਰੰਤਰਣ ਦੇ ਵਸੀਲਿਆਂ ਉੱਪਰ ਵੀ ਹੋਣਾਂ ਚਾਹੀਦਾ ਹੈ। ਇਨ੍ਹਾਂ ਦੇ ਸਥਾਪਤ ਹੋਣ ਨਾਲ ਪਾਠ-ਪੁਸਤਕਾਂ ਦੇ ਲੇਖਕ ਸਵਿਧਾਨ ਦੇ ਨਿਰਦੇਸ਼ਕ ਨਿਯਮਾਂ (ਖਾਸ ਕਰਕੇ ਬਰਾਬਰੀ, ਧਰਮ ਨਿਰਪੇਖਤਾ ਅਤੇ ਲੋਕਤੰਤਰ), ਵਿੱਦਿਆ ਦੇ ਉਦੇਸ਼ਾਂ, ਵਿਸ਼ੈ-ਵਸਤੂ ਦੇ ਖਰੇ ਹੋਣ ਅਤੇ ਉਸਦੇ ਵਿਕਾਸ ਵਾਸਤੇ ਢੁਕਵੇਂਪਨ ਦੀ ਪਾਲਣਾਂ ਕਰਨਗੇ। ਹੋਰ ਇਹ ਕਿ ਇਹ ਵੀ ਦੇਖਿਆ ਜਾਣ ਦੀ ਲੋੜ ਹੈ ਕਿ ਪਾਠ-ਪੁਸਤਕਾਂ ਦਾ ਉਤਪਾਦਨ ਪ੍ਰਾਈਵੇਟ ਨਫਾਖੋਰੀ ਵਿੱਚ ਨਾ ਜਾ ਵੜੇ ਅਤੇ ਪੜ੍ਹਾਈ ਤੱਕ ਪਹੁੰਚ ਹੀ ਮੁਸ਼ਕਲ ਨਾ ਹੋ ਜਾਵੇ।

ਪਾਠ-ਪੁਸਤਕਾਂ ਉੱਪਰ ਮਾਪਿਆਂ, ਅਧਿਆਪਕਾਂ ਅਤੇ ਦੂਜੇ ਸ਼ਹਿਰੀਆਂ ਦੇ ਗਰੁੱਪਾਂ ਵਿਚਕਾਰ ਬਹਿਸ ਨੂੰ ਵਿਕਸਤ ਕੀਤਾ ਜਾਣਾਂ ਚਾਹੀਦਾ ਹੈ। ਇਹ ਬਹਿਸ ਸਰਵਜਨਕ ਰੂਪ ਵਿੱਚ ਹੋਵੇ। ਇੰਟਰਨੈੱਟ ਇਹਦੇ ਵਾਸਤੇ ਕੁਝ ਜਗਾਹ ਦੇ ਸਕਦਾ ਹੈ, ਅਤੇ ਬਹਿਸ, ਪਿਛਲ-ਝਾਤ ਅਤੇ ਅਲੋਚਨਾਂ ਵਾਸਤੇ ਪਾਠ-ਪੁਸਤਕਾਂ ਵੈਬ ਉੱਤੇ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਯੂਨੀਵਰਸਿਟੀਆਂ ਨੂੰ ਪਾਠ-ਪੁਸਤਕਾਂ ਬਾਰੇ ਖੋਜ਼ ਕਰਵਾਉਣ ਵਾਸਤੇ ਹੌਂਸਲਾ ਦਿੱਤਾ ਜਾ ਸਕਦਾ ਹੈ, ਤਾਂ ਜੋ ਸਕੂਲੀ ਗਿਆਨ ਉੱਪਰ ਨਿਰੰਤਰ ਖੋਜ਼ ਪ੍ਰਾਪਤ ਹੋ ਸਕੇ।

### 5.5.2 ਨਵੀਆਂ ਪਹਿਲਾਂ ਨੂੰ ਹੱਲਾਸ਼ੇਰੀ ਦੇਣੀ

ਅਧਿਆਪਕ ਅਕਸਰ ਪਾਠਕ੍ਰਮ ਪੜ੍ਹਾਉਂਦਿਆਂ ਅਪਣੀਆਂ ਜਮਾਤਾਂ ਦੇ ਵਿਦਿਆਰਥੀਆਂ ਦੀਆਂ ਵਿਸ਼ੇਸ਼ ਜਰੂਰਤਾਂ ਨਾਲ ਨਜਿੱਠਣ ਦੇ ਨਿੱਜੀ ਹੱਲ ਕੱਢ ਲੈਂਦੇ ਹਨ। ਇਹਨਾਂ ਜਰੂਰਤਾਂ ਵਿੱਚ ਸ਼ਾਮਲ ਹੋ ਸਕਦੇ ਹਨ ਜਗਾਹ ਦੀ ਕਮੀਂ, ਵਡੀ ਗਿਣਤੀ, ਪੜ੍ਹਾਈ ਦੇ ਸਮਾਨ ਦੀ ਥੁੜ, ਵਿਦਿਆਰਥੀ ਸਮੂਹ ਵਿੱਚ ਭਿੰਨਤਾ, ਇੰਮਤਿਹਾਨਾਂ ਦੀ ਮਜ਼ਬੂਰੀ ਵਗੈਰਾ। ਅਜਿਹੇ ਜਤਨ ਹੁੰਦੇ ਤਾਂ ਅਕਸਰ ਲੋੜ ਅਧਾਰਤ ਹੀ, ਫਿਰ ਵੀ ਸਿਰਜਣਾਤਮਕ ਅਤੇ ਤੀਖਣ ਹੁੰਦੇ ਹਨ। ਪਰ ਇਹ ਬਹੁਤਾ ਕਰਕੇ ਪੜ੍ਹਾਉਣ ਵਾਲੀ ਵਡੀ ਬਰਾਦਰੀ ਦੀ ਨਜ਼ਰ ਨਹੀਂ ਪੈਂਦੇ। ਆਮ ਕਰਕੇ ਅਧਿਆਪਕ ਖੁਦ ਭੀ ਇਹਨਾਂ ਦਾ ਕੋਈ ਮੁੱਲ ਨਹੀਂ ਧਰਦੇ।

ਪੜ੍ਹਾਉਣ ਅਤੇ ਜਮਾਤ ਵਿਚਲੇ ਹੋਰ ਵੱਖੋ ਵੱਖਰੇ ਅਮਲ ਦੇ ਬਾਰੇ ਅਨੁਭਵ ਸਾਂਝੇ ਕਰਨ ਨਾਲ ਸਕੂਲ ਵਿੱਚ ਅਕਾਦਮਕ ਸੰਵਾਦ ਵਿਕਸਤ ਕਰਨ ਦੇ ਮੌਕੇ ਬਣ ਸਕਦੇ ਹਨ। ਇਹਦੇ ਨਾਲ ਅਧਿਆਪਕ ਇੱਕ ਦੂਜੇ ਨਾਲ ਗੱਲਬਾਤ ਤਾਂ ਕਰਦੇ ਹੀ ਹਨ, ਇੱਕ ਦੂਜੇ ਤੋਂ ਸਿੱਖਦੇ ਵੀ ਹਨ। ਇਹਦੇ ਨਾਲ ਨਵੇਂ ਵਿਚਾਰਾਂ ਨੂੰ ਉਤਸਾਹ ਮਿਲੇਗਾ ਅਤੇ ਨਵੀਂਆਂ ਪਹਿਲਾਂ ਅਤੇ ਪ੍ਰਯੋਗਾਤਮਕਤਾ ਨੂੰ ਵੀ ਸਹਾਇਤਾ ਮਿਲੇਗੀ।

ਪੜ੍ਹਾਉਣ ਅਤੇ ਸਿੱਖਣ ਦੇ ਨਵੇਂ ਨਕੋਰ ਅਤੇ ਸਿਰਜਣਾਤਮਕ ਤਰੀਕੇ ਕਿਸ ਤਰ੍ਹਾਂ ਉਤਸਾਹਤ ਕੀਤੇ ਜਾਣ? ਪ੍ਰਬੰਧ ਇਨ੍ਹਾਂ ਦੀ ਕਿਸ ਤਰ੍ਹਾਂ ਮਦਦ ਕਰੇ? ਕਿਸ ਤਰ੍ਹਾਂ ਇਹ ਤਰੀਕੇ ਅਮਲ ਦਾ ਇੱਕ ਗਿਰੋਹ ਬਣਕੇ ਉਸ ਅਵਸਥਾ ਤੇ ਅੱਪੜ ਜਾਣ ਜਿਸ ਤੋਂ ਇਹ ਪ੍ਰਬੰਧ ਵਿੱਚ ਵਾਪਸ ਜੋੜ ਦਿੱਤੇ ਜਾ ਸਕਣ? ਅਰੰਭ ਕਰਨ ਲਈ ਸਕੂਲਾਂ, ਖਿੱਤਿਆਂ ਅਤੇ ਬਲਾਕਾਂ ਵਿੱਚ ਵਿਸ਼ੇਸ਼ ਸਥਾਨ ਵਿਓਂਤਣ ਦੀ ਲੋੜ ਹੈ। ਏਥੇ ਅਧਿਆਪਕਾਂ ਨੂੰ ਸੱਦ ਕੇ ਜਮਾਤਾਂ ਵਿਚਲੇ ਸਾਰੇ ਅਮਲ ਦੇ ਅਪਣੇ ਅਨੁਭਵਾਂ ਨੂੰ ਸਾਂਝੇ ਕਰਨ ਲਈ ਕਿਹਾ ਜਾਵੇ।

ਜੇ ਇਸ ਪਹਿਲ ਤੋਂ ਗੱਲ ਬਣਦੀ ਦਿਸੇ ਤਾਂ ਇਹਨਾਂ ਵਿਚਾਰਾਂ ਅਤੇ ਅਮਲ ਨੂੰ ਸਿਲਸਿਲੇਵਾਰ ਢੰਗ ਨਾਲ ਅੱਗੇ ਵਧਾਇਆ ਜਾ ਸਕਦਾ ਹੈ। ਇਹ ਵੀ ਮਹੱਤਵ ਪੂਰਣ ਹੈ ਕਿ ਅਧਿਆਪਕਾਂ ਨੂੰ ਟੋਲੀਆਂ ਵਿੱਚ ਸਕੂਲ ਦੇ ਅੰਦਰ ਅਤੇ ਸਕੂਲਾਂ ਦੇ ਬਾਹਰ ਇਕੱਠੇ ਕੀਤਾ ਜਾਵੇ। ਉਨ੍ਹਾਂ ਨੂੰ ਸਾਧਨਾਂ ਨਾਲ ਸਹਾਇਤਾ ਦਿੱਤੀ ਜਾਵੇ ਅਤੇ ਇਕੱਠੇ ਕੰਮ ਕਰਨ ਦਾ ਸਮਾਂ ਵੀ ਦਿੱਤਾ ਜਾਵੇ।

ਪਛਾਣ ਲਈ ਗਈ 'ਚੰਗੀ ਕਾਰਗੁਜਾਰੀ' ਵਾਲੀ ਖੋਜ਼ ਬਾਰੇ ਸੂਚਨਾਂ ਇਕੱਤਰ ਕਰਨ ਦੀ ਵੀ ਲੋੜ ਹੈ। ਵਰਤਮਾਨ ਸਮੇਂ ਇਸ ਕੰਮ ਵਾਸਤੇ DIETs ਕੋਲ ਪੈਸਾ ਵੀ ਹੈ। ਇਨ੍ਹਾਂ ਦੀ ਸਾਰੀ ਜ਼ਿੰਮੇਂਵਾਰੀ ਦਾ ਕਾਫੀ ਹਿੱਸਾ ਨਵੀਂਆਂ ਪਹਿਲਾਂ ਦੀ ਪਛਾਣ ਕਰਨ ਅਤੇ ਉਸ ਦਾ ਉਲੇਖ ਤਿਆਰ ਕਰਨ ਨਾਲ ਸਬੰਧਤ ਹੈ। SSA ਕੋਲ ਵੀ ਸਕੂਲ

ਅਧਾਰਤ ਖੋਜ਼ ਲਈ ਪੈਸਾ ਹੈ। ਇਹਦੇ ਵਿੱਚੋਂ ਕੁਝ ਪੈਸਾ ਉਨ੍ਹਾਂ ਕਾਰਗੁਜਾਰੀਆਂ ਦੇ ਉਲੇਖ ਤਿਆਰ ਕਰਨ ਵਾਸਤੇ ਖਰਚਿਆ ਜਾ ਸਕਦਾ ਹੈ ਜੋ ਅਧਿਆਪਕ ਅਪਣੀਆਂ ਜਮਾਤਾਂ ਦੇ ਸੰਧਰਭ ਵਿੱਚ ਕਰਦੇ ਹਨ।

ਹੋਰ ਇਹ ਵੀ ਕਿ ਅਜਿਹੀਆਂ ਨਵੀਆਂ ਪਹਿਲਾਂ ਲਈ ਲੋੜੀਦੇ ਫੰਡ ਮੁਹਈਆ ਕਰਵਾਏ ਜਾਣ ਦੀ ਲੋੜ ਹੈ, ਤਾਂ ਜੋ ਬੜੇ ਸਹਾਇਕ ਵਾਤਾਵਰਨ ਨੂੰ ਵਿਕਸਤ ਕੀਤਾ ਜਾ ਸਕੇ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਇਹਨਾਂ ਸਾਰੇ ਅਮਲਾਂ ਨੂੰ ਮੁੱਖਧਾਰਾ ਵਿੱਚ ਉਤਾਰਨ ਦੀ ਓਨੀ ਹੀ ਲੋੜ ਹੈ। ਖਿੱਤੇ ਦੇ ਪੱਧਰ ਉੱਪਰ ਸਰੋਤ-ਸਾਧਨ ਕੇਂਦਰਾਂ ਦੇ ਸਥਾਪਤ ਕਰਨ ਦਾ ਇੱਕ ਉਦੇਸ਼ ਇਹ ਵੀ ਸੀ ਕਿ ਸਕੂਲਾਂ ਦਾ ਇਕਲਾਪਾ ਤੋੜਿਆ ਜਾ ਸਕੇ ਅਤੇ ਸਿਲਸਿਲੇਵਾਰ ਤਰੀਕੇ ਨਾਲ ਅਧਿਆਪਕਾਂ ਨੂੰ ਅਪਣੇ ਬਰਾਬਰ ਦਿਆਂ ਨਾਲ ਅਪਣੇ ਅਨੁਭਵ ਸਾਂਝੇ ਕਰਨ ਲਈ ਇਕੱਠੇ ਕੀਤਾ ਜਾ ਸਕੇ।

ਜੇ ਅਧਿਆਪਕ ਅਪਣੀਆਂ ਪੇਸ਼ਾਵਰ ਪਛਾਣਾਂ ਬਨਾਉਣੀਆਂ ਚਹੁੰਦੇ ਹਨ ਅਤੇ ਸਮੁੱਚੇ ਪੜ੍ਹਾਉਣ ਵਾਲੇ ਭਾਈਚਾਰੇ ਨਾਲ ਜੁੜੇ ਹੋਣ ਦੀ ਭਾਵਨਾਂ ਉਨਤ ਕਰਨਾਂ ਚਹੁੰਦੇ ਹਨ, ਤਾਂ ਇਹ ਕਾਫੀ ਮਹੱਤਵ ਪੂਰਣ ਹੈ। ਇੱਕ ਢੰਗ ਨਾਲ ਇਹ ਇੱਕ ਅਪਣਾ ਹੀ ਸੰਗਠਨ ਸਿਰਜ ਲੈਣ ਦੇ ਅਹਿਸਾਸ ਦੇ ਲਈ ਵੀ ਇੱਕ ਢੰਗ ਹੋ ਸਕਦਾ ਹੈ। ਇਹ ਕੰਮ ਵਿੱਚ ਵਡੇਰੀ ਸ਼ਮੂਲੀਅਤ ਦੀ ਭਾਵਨਾਂ ਨੂੰ ਉਤੇਜਤ ਕਰਨ ਦਾ ਵੀ ਇੱਕ ਢੰਗ ਹੋ ਸਕਦਾ ਹੈ।

## 5.5.3 ਟੈਕਨਾਲੋਜੀ ਦੀ ਵਰਤੋਂ

ਟੈਕਨਾਲੋਜੀ ਦੀ ਨਿਆਂ ਪੂਰਵਕ ਵਰਤੋਂ ਦੀ ਵਿਦਿਅਕ ਪ੍ਰੋਗਰਾਮਾਂ ਦੀ ਪਹੁੰਚ ਵਧਾਅ ਸਕਦੀ ਹੈ। ਸਮੁੱਚੇ ਪ੍ਰਬੰਧ ਦੇ ਵਿੱਚ ਮਦਦ ਕਰ ਸਕਦੀ ਹੈ। ਟੈਕਨਾਲੋਜੀ ਸਿੱਖਣ ਦੀਆਂ ਵਿਸ਼ੇਸ਼ ਮੰਗਾਂ ਨੂੰ ਨਜਿੱਠਣ ਵਿੱਚ ਵੀ ਸਹਾਇਕ ਹੋ ਸਕਦੀ ਹੈ। ਉਦਾਹਰਣ ਲਈ, ਮਾਸ-ਮੀਡੀਆ ਅਧਿਆਪਕ ਸਿਖਲਾਈ ਵਿੱਚ ਮਦਦ ਦੇ ਸਕਦਾ ਹੈ। ਜਮਾਤ ਦੇ ਵਾਸਤੇ ਸਹਾਇਕ ਹੋ ਸਕਦਾ ਹੈ ਤੇ ਰਾਇ ਦੇਣ ਵਿੱਚ ਵੀ ਕੰਮ ਆ ਸਕਦਾ ਹੈ।

ਭਿੰਨ ਭਿੰਨ ਰਫਤਾਰ ਨਾਲ ਪੜ੍ਹਾਈ ਲਿਖਾਈ, ਸਵੈ-ਸਿੱਖਣ, ਪੜ੍ਹਣ ਦੀ ਦੂਹਰੀ ਜੁਗਤ ਵਗੈਰਾ ਟੈਕਨਾਲੋਜੀ ਦੀ ਵਰਤੋਂ ਦਾ ਲਾਭ ਉਠਾਅ ਸਕਦੇ ਹਨ, ਖਾਸ ਕਰਕੇ ITC ਦਾ। ਇੰਨਟਰਨੈੱਟ ਦੀ ਵਧ ਰਹੀ ਵਰਤੋਂ ਨੇ ਸੂਚਨਾ ਸਾਂਝਾ ਕਰਨ ਨੂੰ ਬੜਾ ਬਲ ਦਿੱਤਾ ਹੈ। ਇਸ ਨੇ ਵੱਖ ਵੱਖ ਵਿਸ਼ਿਆਂ ਉੱਤੇ ਬਹਿਸ ਅਤੇ ਵਾਰਤਾਲਾਪ ਕਰਨ ਦਾ ਅਜਿਹਾ ਸਥਲ ਪਰਦਾਨ ਕੀਤਾ ਹੈ ਜੋ ਇਸ ਪੈਮਾਨੇ ਪੁਰ ਕਦੇ ਕਿਸੇ ਨਹੀਂ ਸੀ ਡਿੱਠਾ।

ਟੈਕਨਾਲੋਜੀ ਦੀਆਂ ਪਹਿਲ ਕਦਮੀਆਂ ਖਾਸ ਲੋੜਾਂ ਵਾਲੇ ਬੱਚਿਆਂ ਦੀਆਂ ਪੜ੍ਹਾਈ ਦੇ ਲਈ ਸੰਦ-ਸਾਧਨਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਵੀ ਜਰੂਰੀ ਹਨ। ਇਹ ਸਮਝ ਲਿਆ ਜਾਣਾਂ ਜਰੂਰੀ ਹੈ ਕਿ ਟੈਕਨਾਲੋਜੀ ਨੂੰ ਸਿੱਖਿਆ ਦੇ ਵਡੇ ਉਦੇਸ਼ਾਂ ਅਤੇ ਪ੍ਰੋਗਰਾਮਾਂ ਵਿੱਚ ਸ਼ਾਮਲ ਕੀਤਾ ਜਾਣਾ ਹੈ। ਇਸ ਨੂੰ ਨਾਂ ਤੇ ਅਲੱਗ ਕਰਕੇ ਵੇਖਿਆ ਜਾਣਾਂ ਹੈ ਤੇ ਨਾ ਹੀ ਕੋਈ ਨਾਲ ਜੋੜੀ ਜਾ ਸਕਦੀ ਚੀਜ਼ ਹੈ। ਇਸ ਸੰਧਰਭ ਵਿੱਚ ਟੈਕਨਾਲੋਜੀ ਦੀ ਉਹ ਵਰਤੋਂ ਜੋ ਅਧਿਆਪਕਾਂ ਅਤੇ ਬੱਚਿਆਂ ਨੂੰ ਕੇਵਲ ਉਪਭੋਗੀ ਅਤੇ ਟੈਕਨਾਲੋਜੀ ਦੇ ਚਾਲਕ ਬਣਾਕੇ ਰੱਖ ਦੇਵੇ ਉਸ ਦੀ ਸਮੀਖਿਆ ਹੋਵੇ ਅਤੇ ਉਸ ਉੱਤੇ ਰੋਕ ਵੀ ਲੱਗਣੀ ਚਾਹੀਦੀ ਹੈ। ਗੱਲਬਾਤ ਅਤੇ ਨੇੜਤਾ ਮਿਆਰੀ ਸਿੱਖਿਆ ਦੀਆਂ ਕੁੰਜੀਆਂ ਹਨ। ਇਸ ਨਿਯਮ ਨੂੰ ਪਾਠਕ੍ਰਮ ਦੀ ਪਹਿਲ ਵਿੱਚ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।

## 5.6 ਨਵੀਆਂ ਭਾਈਵਾਲੀਆਂ

### 5..6.1 ਗੈਰ-ਸਰਕਾਰੀ ਅਦਾਰਿਆਂ ਦੀ ਭੂਮਿਕਾ, ਸਭਿਅਕ ਸਮਾਜ ਦੇ ਸਮੂਹ ਅਤੇ ਅਧਿਆਪਕਾਂ ਦੇ ਅਦਾਰੇ

ਪਿਛਲੇ ਦਹਾਕੇ ਦਾ ਇੱਕ ਸਭ ਤੋਂ ਉੱਭਰਵਾਂ ਪੱਖ ਸੀ ਗੈਰ-ਸਰਕਾਰੀ ਅਦਾਰਿਆਂ ਅਤੇ ਸਭਿਅਕ ਸਮਾਜ ਦੇ ਸਮੂਹਾਂ ਦੀ ਵਿੱਦਿਆ ਦੇ ਖੇਤਰ ਵਿੱਚ ਵਧਦੀ ਗਈ ਸ਼ਮੂਲੀਅਤ। ਸਕੂਲੀਕਰਣ ਦੇ ਨਵੇਂ ਮੌਡਲ ਵਿਕਸਤ ਕਰਨ ਵਿੱਚ ਸਭ ਤੋਂ ਅਹਿੰਮ ਭੂਮਿਕਾ NGOs ਨੇ ਨਿਭਾਈ ਹੈ। ਅਧਿਆਪਕਾਂ ਦੀ ਸਿਖਲਾਈ, ਪਾਠ-ਪੁਸਤਕਾਂ ਦਾ ਅਤੇ ਪਾਠਕ੍ਰਮ ਨਾਲ ਜੁੜੀ ਸਮੱਗਰੀ ਦਾ ਵਿਕਾਸ, ਭਾਈਚਾਰੇ ਦੀ ਤਿਆਰੀ ਅਤੇ ਰਾਇ ਦੇਣ ਆਦਿ ਸਭ ਖੇਤਰਾਂ ਵਿੱਚ ਕੰਮ ਕੀਤਾ ਹੈ। ਸਕੂਲਾਂ ਅਤੇ ਸਰੋਤ-ਸਾਧਨ ਕੇਂਦਰਾਂ ਨਾਲ ਉਨ੍ਹਾਂ ਦਾ ਉਪਚਾਰਕ ਸੰਪਰਕ ਪਾਠਕ੍ਰਮ ਦੇ ਵਿਕਾਸ, ਅਕਾਦਮਕ ਮਦਦ ਏਥੋਂ ਤੱਕ ਕਿ ਖੋਜ਼ ਦੀ ਨਿਗਰਾਨੀਂ ਵਾਸਤੇ ਬਹੁਤ ਹੀ ਜ਼ਿਆਦਾ ਮਹੱਤਵ ਪੂਰਣ ਰਹਿੰਣੀ ਹੈ।

ਸਭਿਅਕ ਸਮਾਜ ਦੇ ਸਮੂਹ ਭੀ ਸਿੱਖਿਆ ਨੂੰ ਨਜ਼ਰ ਪੈਂਦਾ ਸਮਾਜਕ ਸਥਾਨ ਦਿਵਾਉਣ ਵਿੱਚ ਕਾਫੀ ਮਦਦ ਕਰ ਚੁੱਕੇ ਹਨ। ਬੱਚੇ ਦੇ ਸਿੱਖਿਆ ਦੇ ਅਧਿਕਾਰਾਂ ਬਾਰੇ ਉੱਠ ਖੜ੍ਹੇ ਹੋਏ ਤੇ ਚੱਲ ਰਹੇ ਸੰਵਾਦ ਵਿੱਚ ਵੀ ਉਹ ਬੜੇ ਸਹਾਇਕ ਹੋਏ ਹਨ। NCF ਪਰਿਪੇਖ ਅਤੇ ਵਿਚਾਰਾਂ ਨੂੰ ਫੈਲਾਉਣ, ਸਕੂਲ ਅਤੇ ਭਾਈਚਾਰੇ ਦੇ ਦਰਮਿਆਨ ਉਨ੍ਹਾਂ ਦਾ ਸਿਰਜਣਾਤਮਕ ਅਤੇ ਸੱਜਰੀ ਭਾਂਤ ਦੇ ਅਮਲ ਵਿੱਚ ਅਨੁਵਾਦ, ਪਾਠਕ੍ਰਮ ਦੇ ਭਿੰਨ ਭਿੰਨ ਪਹਿਲੂਆਂ ਬਾਰੇ ਅਲੋਚਨਾਤਮਕ ਪ੍ਰਤਿਕਰਮ, ਬੱਚਿਆਂ ਦੇ ਵਿੱਦਿਆ ਦੇ ਹੱਕਾਂ ਬਾਰੇ ਸਹਿਮਤੀ ਦੇ ਵਾਤਾਵਰਣ ਨੂੰ ਸੁਖਾਵਾਂ ਬਨਾਉਣ ਵਰਗੇ ਸਭ ਕਾਸੇ ਲਈ ਸਭਿਅਕ ਸਮਾਜ ਦੇ ਵੱਖ ਵੱਖ ਟੋਲਿਆਂ ਦਾ ਸਹਿਯੋਗ ਅਤੇ ਸ਼ਮੂਲੀਅਤ ਦੀ ਜ਼ਰੂਰਤ ਰਹੇਗੀ।

ਅਧਿਆਪਕਾਂ ਦੇ ਸੰਗਠਨ ਅਤੇ ਅਦਾਰੇ ਸਕੂਲ ਸਿੱਖਿਆ ਦੇ ਖੇਤਰ ਵਿੱਚ ਹੁਣ ਤੱਕ ਜੋ ਹੋਇਆ ਹੈ ਉਸ ਨਾਲੋਂ ਕਿਤੇ ਜ਼ਿਆਦਾ ਅਸਰਦਾਰ ਭੂਮਿਕਾ ਨਿਭਾਅ ਸਕਦੇ ਹਨ। ਉਦਾਹਰਣ ਵਜੋਂ, ਉਹ ਅਧਿਆਪਕ ਸੱਜਣਾਂ ਉੱਪਰ ਅਪਣੇ ਅਸਰ ਨੂੰ ਵਰਤਕੇ ਸਕੂਲ ਦੇ ਕੰਮਕਾਜ ਵਿੱਚ ਸੁਧਾਰ ਲਿਆ ਸਕਦੇ ਹਨ। ਉਹ ਸਕੂਲ ਦੇ ਸਮੇਂ ਨੂੰ ਬਰਬਾਦ ਨਾ ਹੋਣ ਤੋਂ ਬਚਾਕੇ ਇੱਕ ਜੁਆਬਦਾਰੀ ਦਾ ਸਭਿਆਚਾਰ ਕਾਇਮ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ। ਉਹ ਪਾਠਕ੍ਰਮ ਦੇ ਭਰਪੂਰ ਢੰਗ ਨਾਲ ਪੜ੍ਹਾਏ ਜਾਣ ਦੇ ਵਾਸਤੇ ਚਾਹੀਦੀਆਂ ਵਸਤੂਆਂ ਬਾਰੇ ਧਿਆਨ ਦੁਆ ਸਕਦੇ ਹਨ।

ਏਦਾਂ ਹੀ ਉਹ ਸਕੂਲ ਨਾਲ ਸਬੰਧਤ ਮੁੱਦਿਆਂ ਜਿਹਾ ਕਿ ਸਕੂਲ ਦੇ ਸਰੋਤ-ਸਾਧਨ, ਅਧਿਆਪਕ ਸਿਖਲਾਈ ਦਾ ਮਿਆਰ ਅਤੇ ਪੇਸ਼ਾਵਰ ਵਿਕਾਸ ਬਾਰੇ ਉਸਾਰੂ ਦਬਾਅ ਬਣਾ ਸਕਦੇ ਹਨ। ਇਹ ਸੰਗਠਨ ਸਥਾਨਕ ਪੱਧਰ ਦਿਆਂ ਅਦਾਰਿਆਂ ਨਾਲ ਕੰਮ ਕਰ ਸਕਦੇ ਹਨ। ਏਵੇਂ ਹੀ ਇਹ BRCs ਅਤੇ CRCs ਦੇ ਨਾਲ ਲੋੜੀਂਦੀ ਅਕਾਦਮਕ ਸਹਾਇਤਾ ਦੀ ਪ੍ਰਭਿਾਸ਼ਾ ਕਰ ਸਕਦੇ ਹਨ, ਪਿਛਲ-ਝਾਤ ਪੇਸ਼ ਕਰ ਸਕਦੇ ਹਨ ਤੇ ਕਈ ਕੁਝ ਹੋਰ।

SCERTs ਦੀ ਭੂਮਿਕਾ ਅਤੇ ਕਾਰਜਾਂ ਵਿੱਚ ਕਈ ਕੁਝ ਹੋਰ ਸ਼ਾਮਲ ਕਰਨ ਦੀ ਜਰੂਰਤ ਹੈ, ਜਿਸ ਨਾਲ ਉਹ ਕੇਵਲ ਅਕਾਦਮਕ ਖੇਤਰਾਂ ਵਿੱਚ ਮਦਦ ਕਰਨ ਦੀ ਬਜਾਏ ਮਾਨਸਕ ਪੱਖਾਂ ਲਈ ਵੀ ਜ਼ਿੰਮੇਵਾਰ ਬਣ ਸਕਣ। SCERTs ਅਜਿਹੇ ਕਦਮ ਜਰੂਰ ਉਠਾਉਣ ਜਿਸ ਨਾਲ ਉਨ੍ਹਾਂ ਦੀਆਂ ਮਾਰਗ ਦਰਸ਼ਨ ਬਿਊਰੋ ਮਜ਼ਬੂਤ ਹੋ ਸਕਣ। ਇਹ ਇਕਾਈਆਂ ਉਨ੍ਹਾਂ ਕੋਲ ਪਹਿਲਾਂ ਹੀ ਹਨ। ਇਨ੍ਹਾਂ ਨੂੰ ਰਾਜ ਦੀ ਪੱਧਰ ਉੱਪਰ ਸੇਵਾ-ਵਿੱਚ ਅਧਿਆਪਕ ਸਿਖਲਾਈ ਲਈ ਸਰੋਤ-ਸਾਧਨ ਕੇਂਦਰਾਂ ਦੇ ਰੂਪ ਵਿੱਚ ਸਥਾਪਤ ਕੀਤਾ ਜਾ ਸਕਦਾ ਹੈ। ਉਹ ਮਾਨਸਕ ਸੰਦ/ਟੈਸਟ, ਕਿੱਤਾ ਸਬੰਧਤ ਸਾਹਿਤ ਵਗੈਰਾ ਦੇ ਉਤਪਾਦਨ ਵਿੱਚ ਲੱਗ ਸਕਦੇ ਹਨ। ਉਹ ਜ਼ਿਲੇ/ਬਲਾਕ ਅਤੇ ਸਕੂਲ ਦੇ ਪੱਧਰਾਂ ਉੱਪਰ ਸਲਾਹਕਾਰੀ ਦੀਆਂ ਸੇਵਾਵਾਂ ਦੇ ਸਕਦੇ ਹਨ। ਇਹਦੇ ਲਈ ਪੇਸ਼ਾਵਰ ਢੰਗਾਂ ਨਾਲ ਸਲਾਹਕਾਰੀ ਵਿੱਚ ਸੁਸਿੱਖਿਅਤ ਅਮਲਾ ਰੱਖਣਾਂ ਹੋਵੇਗਾ।

ਵਡੇ ਵਿਸਥਾਰ ਵਾਲੇ ਪਾਠਕ੍ਰਮ ਦੀ ਰੂਪ-ਰੇਖਾ ਦੇ ਉਦੇਸ਼ਾਂ ਵਾਸਤੇ ਪ੍ਰਤਿਕਰਮ ਦੇਣ ਲਈ ਯੂਨੀਵਰਸਿਟੀਆਂ ਨੂੰ ਵੀ ਕਿਰਿਆਤਮਕ ਭੂਮਿਕਾ ਨਿਭਾਉਣੀ ਪਵੇਗੀ। ਵਿਸ਼ੇਸ਼ ਕਰਕੇ ਵਿੱਦਿਆ ਵਿੱਚ ਬਹੁਲਤਾ ਉੱਪਰ ਬਲ ਦੇਣ ਅਤੇ ਇਸ ਨੂੰ ਉਤਸਾਹ ਦੇਣ ਵਿੱਚ, ਬੱਚਿਆਂ ਦੀਆਂ ਲੋੜਾਂ ਨੂੰ ਸੰਬੋਧਤ ਹੋਣ ਲਈ ਅਤੇ ਪਾਠਕ੍ਰਮ ਦੇ ਨਵੇਂ ਖੇਤਰਾਂ ਨੂੰ ਨਾਲ ਸ਼ਾਮਲ ਕਰ ਲੈਣ ਵਿੱਚ। ਸਿੱਖਿਆ ਵਿੱਚਲੇ ਗਿਆਨ ਦੇ ਅਧਾਰ ਦਾ ਵਿਸਥਾਰ ਕਰਨ ਦੀ ਤੁਰੰਤ ਜਰੂਰਤ ਹੈ। ਇਹਦੇ ਵਿੱਚ ਬੜੇ ਵਿਸਥਾਰ ਵਿੱਚ ਬਿਖਰੇ ਉਹਨਾਂ ਸਮਾਜਕ ਸੰਧਰਭਾਂ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ ਜਿਹਨਾਂ ਨਾਲ ਬੱਚੇ ਜੁੜੇ ਹੋਏ ਹਨ। ਨਾਲ ਹੀ ਭਾਰਤ ਵਿਚਲੇ ਜਮਾਤਾਂ ਅੰਦਰਲੇ ਪਚੀਦਾ ਯਥਾਰਥ ਨੂੰ ਵੀ ਧਿਆਨ ਦੇਣ ਦੀ ਲੋੜ ਹੈ।

ਯੂਨੀਵਰਸਿਟੀਆਂ ਦੇ ਸਿੱਖਿਆ ਵਿਭਾਗਾਂ, ਸਮਾਜ ਵਿਗਿਆਨ ਅਤੇ ਵਿਗਿਆਨ ਦੇ ਵਿਭਾਗਾਂ ਨੂੰ ਪਰੇਰਿਆ ਜਾਵੇ ਕਿ ਉਹ ਸਿੱਖਿਆ ਨੂੰ ਅਪਣੀ ਖੋਜ਼ ਦੇ ਏਜੰਡੇ ਵਿੱਚ ਰੱਖਣ। ਬਹੁਅਨੁਸ਼ਾਸਨੀ ਅਤੇ ਸਹਿਚਾਰਕ ਖੋਜ਼ ਅਰੰਭ ਕੀਤੀ ਜਾਵੇ। ਖੋਜ਼ ਦਾ ਅਧਾਰ ਨਿਰਮਤ ਕਰ ਲੈਣ ਲਈ ਵਿਭਿੰਨ ਅਨੁਸ਼ਾਸਨਾਂ ਦੇ ਵਿਦਵਾਨਾਂ ਦਾ ਹਿੱਸਾ ਲੈਣਾ ਮਹੱਤਵ ਪੂਰਣ ਰਹੇਗਾ। ਇਉਂ ਪਾਠਕ੍ਰਮ ਵਿਚਲੇ ਵਿਚਾਰਾਂ ਨੂੰ ਜਮਾਤ ਦੇ ਅਮਲ ਵਿੱਚ ਅਨੁਵਾਦ ਕਰਨ ਲਈ ਅਤਿ ਜਰੂਰੀ ਮਦਦ ਮਿਲ ਜਾਵੇਗੀ।

ਏਵੇਂ ਹੀ ਲੋੜ ਹੈ ਕਿ ਯੂਨੀਵਰਸਿਟੀਆਂ ਤੇ ਸਕੂਲਾਂ ਵਿੱਚੋਂ ਆਉਣ ਵਾਲੇ ਬੱਚਿਆਂ ਲਈ ਅਜੀਬ ਅਤੇ ਦਿਲਚਸਪ ਮਜ਼ਮੂੰਨ-ਜੋੜਾਂ ਦੇ ਪੜ੍ਹ ਸਕਣ ਲਈ ਅਪਣੇ ਦਰਵਾਜ਼ੇ ਖੁੱਲ੍ਹੇ ਰੱਖਣ। ਦਾਖਲੇ ਦੀ ਕਸੌਟੀ ਨੂੰ ਨਿਕਾਰਨ ਦੇ ਲਈ ਵਰਤਣ ਦੀ ਥਾਂ ਉਹ ਸ਼ਮੂਲੀਅਤ ਵਾਲਾ ਦ੍ਰਿਸ਼ਟੀਕੋਣ ਅਪਨਾਉਣ ਅਤੇ ਰੁਚੀਆਂ, ਤਲਾਸ਼ ਤੇ ਮੌਕਿਆਂ ਦੀ ਭਿੰਨਤਾ ਨੂੰ ਉਤਸਾਹ ਦੇਣ ਦੀ ਕੋਸ਼ਿਸ਼ ਕਰਨ। ਦਾਖਲੇ ਦੀਆਂ ਅਜਿਹੀਆਂ ਖੁੱਲ੍ਹੀਆਂ ਅਤੇ ਸ਼ਮੂਲੀਅਤ ਵਾਲੀਆਂ ਨੀਤੀਆਂ ਤਦ ਭੀ ਬੜੀਆਂ ਜਰੂਰੀ ਹਨ ਜੇ ਬੱਚਿਆਂ ਨੇ ਕੰਮ-ਧੰਦੇ ਵਾਲੇ ਕੋਰਸਾਂ ਨੂੰ ਚਲਦੀਆਂ ਰਹਿੰਣ ਵਾਲੀਆਂ ਚੋਣਾਂ ਦੇ ਰੂਪ ਵਿੱਚ ਅਪਨਾਉਣ ਬਾਰੇ ਵਿਚਾਰ ਕਰਨੀ ਹੋਵੇ ਤਾਂ।

ਉੱਚ ਵਿੱਦਿਆ ਦੀਆਂ ਸੰਸਥਾਵਾਂ ਦੀ ਅਧਿਆਪਕ ਸਿਖਲਾਈ ਵਿੱਚ ਬੜੀ ਮਹੱਤਵ ਪੂਰਣ ਭੂਮਿਕਾ ਹੈ। ਉਹ ਨਾ ਸਿਰਫ ਸੈਕੰਡਰੀ ਸਿੱਖਿਆ ਦੇ ਅਧਿਆਪਕਾਂ ਦਾ ਪੇਸ਼ਾਵਰ ਮਿਆਰ ਉੱਚਾ ਕਰਨ, ਸਗੋਂ ਮੁਢਲੀ ਸਿੱਖਿਆ ਵਾਲੇ ਅਧਿਆਪਕਾਂ ਦਾ ਵੀ। ਇੱਕ 'ਸੋਚਵਾਨ ਅਧਿਆਪਕ' ਜਿਸ ਕੋਲ ਉਹ ਪੇਸ਼ਾਵਰ ਸੂਝ ਅਤੇ ਲਗਨ ਹੈਗੀ ਐ, ਜਿਸ ਪੁਰ ਪਾਠਕ੍ਰਮ ਦੀ ਰੂਪਰੇਖਾ ਟਿਕੀ ਹੋਈ ਹੈ, ਉਸੇ ਦੀ ਅਧਿਆਪਕ ਸਿੱਖਿਆ ਦੇ ਪ੍ਰੋਗਰਾਮਾਂ ਦੀ ਸਮੀਖਿਆ ਅਤੇ ਲੋੜੀਂਦੀ ਸੰਰਚਨਾਤਮਕ ਤਬਦੀਲੀ ਵਾਸਤੇ ਲੋੜ ਹੈ।

ਓਨੀਂ ਹੀ ਮਹੱਤਵ ਪੂਰਣ ਰਹੇਗੀ ਪਾਠਕ੍ਰਮ ਵਿਕਸਤ ਕਰਨ ਵਾਲੇ ਵਿਦਵਾਨਾਂ ਦੀ ਲਗਾਤਾਰ ਸ਼ਮੂਲੀਅਤ। ਉਹ ਪਾਠ-ਪੁਸਤਕਾਂ ਲਿਖਦੇ ਹਨ ਅਤੇ ਸਮੀਖਿਆ ਕਰਦੇ ਹਨ। ਇਹ ਸਾਰਾ ਸਹਿਚਾਰਕ ਅਮਲ ਭਾਂਤ ਭਾਂਤ ਦੇ ਪੇਸ਼ਾਵਰ ਮਹਾਰਾਂ ਅਤੇ ਅਕਾਦਮਕ ਸਿਆਣਿਆਂ ਨੂੰ ਇਕੱਠਾ ਕਰ ਦਿੰਦਾ ਹੈ। ਉੱਚ ਪੱਧਰੀ ਸਿੱਖਿਆ ਸਬੰਧਤ ਵਿਚਾਰਾਂ ਅਤੇ ਅਮਲਾਂ ਬਾਰੇ ਸੋਚ, ਗੱਲਬਾਤ ਅਤੇ ਬਹਿਸ ਵਾਸਤੇ ਸਥਾਨ ਵੀ ਪੇਸ਼ ਕਰ ਸਕਦੀ ਹੈ। ਹੋਰ ਇਹ ਕਿ ਇਹ ਸਿੱਖਿਆ ਸਕੂਲ ਅਤੇ ਨੀਤੀ ਘੜਨ ਵਾਲਿਆਂ ਵਿੱਚ ਤਾਲ ਮੇਲ ਬਨਾਉਣ ਵਿੱਚ ਸਹਾਇਕ ਹੋ ਸਕਦੀ ਹੈ।

ਯੂਨੀਵਰਸਿਟੀਆਂ ਅਤੇ SCERTs ਤੇ DIERTs ਵਰਗੀਆਂ ਸੰਸਥਾਵਾਂ ਵਿਚਕਾਰ ਸੰਸਥਾਗਤ ਰਿਸ਼ਤੇ ਕਾਇਮ ਕਰਨ ਦੀ ਲੋੜ ਹੈ, ਤਾਂ ਜੋ ਇਹਨਾਂ ਸੰਸਥਾਵਾਂ ਦੇ ਸੇਵਾ-ਵਿਚਲੇ ਅਧਿਆਪਕ ਸਿੱਖਿਆ ਵਰਗੇ ਅਕਾਦਮਕ ਪ੍ਰੋਗਰਾਮਾਂ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਖੋਜ਼ ਦੀਆਂ ਸੰਭਾਵਨਾਵਾਂ ਵੀ ਉਨਤ ਕੀਤੀਆਂ ਜਾ ਸਕਣ। ਇਸ ਸੰਧਰਭ ਵਿੱਚ ਸਕੂਲ/ਸਿਖਲਾਈ ਵਾਲੀਆਂ ਹਵੇਲੀਆਂ-ਕੰਪਲੈਕਸ ਉਸਾਰਨ ਵਾਲੇ ਨੂੰ ਇੱਕ ਵਾਰ ਫਿਰ ਅਜ਼ਮਾਉਣਾਂ ਰਹੇਗਾ। ਇਹਦੇ ਨਾਲ ਯੂਨੀਵਰਸਿਟੀਆਂ, ਕਾਲਜ, ਸਕੂਲ, SCERTs/DIERTs ਤੇ ਨਾਲ ਦੀ ਨਾਲ NGOs ਇੱਕ ਹੀ ਭੂਖੇਤਰ ਵਿੱਚ ਇਕੱਠੇ ਹੋਣਗੇ। ਪ੍ਰੋਗਰਾਮਾਂ ਦੀ ਨਿਗਰਾਨੀ ਅਤੇ ਮੁਲੰਕਣ ਦੇ ਲਈ ਅਕਾਦਮਕ ਸਹਾਇਤਾ ਦੇਣ ਲਈ ਤਰੀਕਿਆਂ ਦਾ ਜਾਲ਼ ਉਸਾਰਨ ਵਿੱਚ ਸਹੂਲਤ ਰਹੇਗੀ।

ਪਾਠਕ੍ਰਮ, ਸਿਲੇਬਸ ਅਤੇ ਪੜ੍ਹਾਈ-ਸਿਖਲਾਈ ਦੇ ਸਰੋਤ-ਸਾਧਨ ਜਿਹਾ ਕਿ ਪਾਠ-ਪੁਸਤਕਾਂ ਆਦਿ ਦੀ ਤਿਆਰੀ ਕਿਤੇ ਜ਼ਿਆਦਾ ਵਿਕੇਂਦਰਤ ਅਤੇ ਭਾਗਦਾਰੀ ਵਾਲੇ ਢੰਗ ਨਾਲ ਕੀਤੀ ਜਾ ਸਕਦੀ ਹੈ। ਅਧਿਆਪਕਾਂ ਦੇ ਨਾਲ ਹੀ ਦੂਜੀਆਂ ਸੰਸਥਾਵਾਂ ਦੇ ਮਾਹਰਾਂ ਦੀ ਸ਼ਮੂਲੀਅਤ ਨੂੰ ਵੀ ਵਧਾਇਆ ਜਾ ਸਕਦਾ ਹੈ। ਹੁਣ ਜਦ ਅਸੀਂ ਹਰ ਮਜ਼ਮੂੰਨ ਦੇ ਹਰ ਗ੍ਰੇਡ ਲਈ ਇੱਕ ਤੋਂ ਜ਼ਿਆਦਾ ਪਾਠ-ਪੁਸਤਕਾਂ ਦਾ ਉਤਪਾਦਨ ਕਰਨ ਦੀ ਸੰਭਾਵਨਾਂ ਪੈਦਾ ਕਰਨ ਲਈ ਜਤਨ ਕਰ ਰਹੇ ਹਾਂ ਤਾਂ ਇਸ ਸ਼ਮੂਲੀਅਤ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ। ਕੋਸ਼ਿਸ਼ ਹੋ ਰਹੀ ਹੈ ਕਿ ਉਤਪਾਦਤ ਸਮੱਗਰੀ ਦੀ ਸਥਾਨਕ ਢੁਕਣਸ਼ੀਲਤਾ ਹੋਰ ਵਧ ਜਾਵੇ। ਅਧਿਆਪਕਾਂ ਵਾਸਤੇ ਚੋਣ ਕਰਨ ਲਈ ਸਮੱਗਰੀ ਦੀ ਬਹੁਤਾਤ ਸੰਭਵ ਹੋਵੇ।

ਅਜਿਹੀਆਂ ਵਡੀਆਂ ਟੀਮਾਂ ਬੱਚਿਆਂ ਨੂੰ ਅਕਸਰ ਜ਼ਿਆਦਾ ਚੰਗੀ ਲੱਗਣ ਵਾਲੀ ਪੂਰਕ ਸਮੱਗਰੀ ਦਾ ਉਤਪਾਦਨ ਕਰ ਸਕਦੀਆਂ ਹਨ। ਇਸ ਵਿੱਚ ਪੜ੍ਹਨ ਵਾਲੇ ਕਾਰਡ, ਸਥਾਨਕ ਲੋਕ ਸਹਿਤ ਉੱਪਰ ਅਧਾਰਤ ਨਿੱਕੀਆਂ ਨਿੱਕੀਆਂ ਕਹਾਣੀਆਂ ਅਤੇ ਚਿਤਰ ਹੋ ਸਕਦੇ ਹਨ। ਜ਼ਿਆਦਾ ਕਰਕੇ ਏਹੋ ਜਿਹੇ ਉਤਪਾਦਨ ਹੀ ਬੱਚਿਆਂ ਨੂੰ ਚੰਗੇ ਲੱਗਦੇ ਹਨ। ਜ਼ਿਆਦਾ ਮਾਲਦਾਰ ਸਕੂਲਾਂ ਵਿੱਚ ਦਿਸਣ ਵਾਲੀ ਚੋਣ ਅਤੇ ਵਨਗੀ ਸਾਰੇ ਸਕੂਲਾਂ ਦੇ ਸਾਂਝੇ ਗੁਣ ਬਣ ਸਕਦੇ ਹਨ।

ਪਾਠਕ੍ਰਮ, ਸਕੂਲ ਅਤੇ ਬੱਚਿਆਂ ਦੀ ਭਲਾਈ ਤੇ ਉਨਤੀ ਵਿੱਚ ਕੁਝ ਹਿੱਸੇਦਾਰਾਂ ਦੇ ਨਾਮ ਹਨ: ਔਰਤ ਅਤੇ ਬਾਲ ਵਿਕਾਸ ਵਿਭਾਗ, ਸਿਹਤ ਵਿਭਾਗ, ਯੁਵਕ ਅਤੇ ਖੇਡ੍ਹ ਵਿਭਾਗ, ਵਿਗਿਆਨ ਅਤੇ ਟੈਕਨਾਲੋਜੀ ਵਿਭਾਗ, ਜਨਜਾਤੀ ਵਿਭਾਗ, ਸਮਾਜਕ ਨਿਆਂ ਅਤੇ ਸਸ਼ਕਤੀਕਰਣ ਵਿਭਾਗ, ਸਭਿਆਚਾਰ ਵਿਭਾਗ, ਸੈਰ ਵਿਭਾਗ, ਭਾਰਤੀ ਪੁਰਾਤੱਤਵ ਸਰਵੇ ਅਤੇ PRIs ਆਦਿ। ਇਹਨਾਂ ਸਾਰੇ ਵਿਭਾਗਾਂ ਪਾਸ ਬੱਚਿਆਂ ਅਤੇ ਅਧਿਆਪਕਾਂ ਦੀ ਸਿੱਖਿਆ ਨੂੰ ਅਮੀਰ ਬਣਾ ਸਕਣ ਦੀ ਯੋਗਤਾ ਹੈ। ਉਦਾਹਰਣ ਲਈ, ਸਿਹਤ ਅਤੇ ਸਰੀਰਕ ਸਿੱਖਿਆ ਵਾਸਤੇ

ਅਲੱਗ ਅਲੱਗ ਵਿਭਾਗਾਂ ਦਾ ਤਾਲ ਮੇਲ ਮੰਗਦੇ ਹਨ, ਕਿਉਂਕਿ ਪਾਠਕ੍ਰਮ ਦਾ ਵਿਸ਼ੈ-ਵਸਤੂ ਘੱਟ ਤੋਂ ਘੱਟ ਪੰਜ ਮਨਿਸਟਰੀਆਂ ਹੇਠ ਆਉਂਦਾ ਹੈ।

ਪਾਠਕ੍ਰਮ ਨੂੰ ਸਫਲਤਾ ਪੂਰਵਕ ਨੇਪਰੇ ਚੜ੍ਹਾਏ ਜਾਣ ਨੂੰ ਸੁਨਿਸਚਿਤ ਕਾਰਨ ਲਈ ਮੁੱਖ ਵਿਭਾਗਾਂ ਵਿਚਕਾਰ ਕਿਸੇ ਅਨੁਸ਼ਾਸਨੀ ਪ੍ਰਬੰਧ ਦੀ ਲੋੜ ਹੈ। ਇਸ ਨਾਲ ਸਬੰਧਤ ਸਾਰੇ ਪ੍ਰੋਗਰਾਮਾਂ ਦੇ ਕੇਂਦਰ ਪੁਰ ਸਕੂਲੀ ਪਾਠਕ੍ਰਮ ਪਿਆ ਹੋਣਾਂ ਜਰੂਰੀ ਹੈ, ਨਾ ਕਿ ਇੱਕੇ ਦੁਕੇ ਪ੍ਰੋਗਰਾਮ ਸਕੂਲੀ ਪਾਠਕ੍ਰਮ ਵਿੱਚ ਦਖਲ ਦੇਣ ਦੀ ਕੋਸ਼ਿਸ਼ ਕਰਨ। ਇਹਨਾਂ ਵਿਭਾਗਾਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੀ ਸਿੱਖਿਆ ਦੇ ਲਈ ਅਪਣੇ ਯੋਗਦਾਨ ਦੇਣ ਲਈ ਤਰੀਕੇ ਢੂੰਡਣ ਅਤੇ ਅਜਮਾਉਣ ਵੀ। ਇਸ ਮੰਤਵ ਲਈ ਉਹ ਸਿੱਖਿਆ ਵਿਭਾਗਾਂ ਦੀਆਂ ਕੋਸ਼ਿਸ਼ਾਂ ਦੇ ਨਾਲ ਅਪਣੇ ਸਹਿਯੋਗ ਸਾਂਝੇ ਕਰ ਸਕਦੇ ਹਨ।

ਅਜਿਹਾ ਕਰਨ ਲਈ ਇਹ ਵਿਭਾਗ ਸਕੂਲਾਂ ਨੂੰ ਉੱਪਰਲੀਆਂ ਸਹੂਲਤਾਂ ਦੇ ਸਕਦੇ ਹਨ। ਪਾਠਕ੍ਰਮ ਨੂੰ ਅਮੀਰ ਬਨਾਉਣ ਲਈ ਵਿਸ਼ੇਸ਼ ਪ੍ਰੋਗਰਾਮਾਂ ਉੱਪਰ ਪੈਸਾ ਖਰਚ ਸਕਦੇ ਹਨ, ਜਿਹਾ ਕਿ ਖੇਡ੍ਹ ਕਲੱਬ, ਖੇਡ ਦੇ ਸਮਾਨ ਤੇ ਇਹਨਾਂ ਦੇ ਨਾਲ ਖਾਸ ਸਿਖਾਉਣ ਵਾਲੇ ਹੋ ਸਕਦੇ ਹਨ। ਇਤਹਾਸਕ, ਪੁਰਾਤਤਵਕ ਅਤੇ ਕੁਦਰਤੀ ਸਥਾਨਾਂ ਦੇ ਦੇਖਣ ਲਈ ਫੇਰੀਆਂ ਦਾ ਅਯੋਜਨ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੀਆਂ ਜਗਾਹਵਾਂ ਬਾਰੇ ਸਮਾਨ ਦਿੱਤਾ ਜਾ ਸਕਦਾ ਹੈ। ਇਉਂ ਹੀ ਹਵਾਲਾ ਸਮਗਰੀ, ਫੋਟੋਆਂ ਅਤੇ ਚਾਰਟ (ਫਿਲਮਾਂ ਸਮੇਤ) ਪੇਸ਼ ਕੀਤੇ ਜਾ ਸਕਦੇ ਹਨ। ਫਿਰ ਹਮੇਸ਼ਾ ਹੋਣ ਵਾਲੀ ਸਿਹਤ ਦੀ ਜਾਂਚ ਨੂੰ ਲਗਾਤਾਰ ਚਲਾਇਆ ਜਾ ਸਕਦਾ ਹੈ ਅਤੇ ਦੁਪਹਿਰ ਦੇ ਭੋਜਨ ਦਾ ਮਿਆਰ ਬਰਕਰਾਰ ਰਖਾਇਆ ਜਾ ਸਕਦਾ ਹੈ।

ਇਹ ਹਨ ਕੁਝ ਰਸਤੇ ਜਿੰਨ੍ਹਾਂ ’ਤੇ ਚੱਲਕੇ ਸਾਰੇ ਸਬੰਧਤ ਵਿਭਾਗ ਸਕੂਲ ਦੇ ਪਾਠਕ੍ਰਮ ਦੇ ਮਿਆਰ ਨੂੰ ਉੱਚਾ ਚੱਕਣ ਲਈ ਸਿੱਧੇ ਤੌਰਤੇ ਹਿੱਸਾ ਪਾ ਸਕਦੇ ਹਨ। ਵਿੱਦਿਅਕ ਪੱਖ ਤੋਂ ਅਰਥਦਾਰ ਯੋਗਦਾਨ ਦੇਣ ਲਈ ਲੋੜ ਹੈ ਕਿ ਸਿੱਖਿਆ ਵਿਭਾਗਾਂ ਦੇ ਨਾਲ ਸਲਾਹ ਕਰਕੇ ਵਿਓਂਤ ਕੀਤੇ ਜਾਣ। ਸੁਤੰਤਰ ਰੂਪ ਵਿੱਚ ਸੋਚੇ ਅਤੇ ਕੀਤੇ ਪ੍ਰੋਗਰਾਮ ਪ੍ਰਭਾਵੀ ਨਹੀਂ ਹੋ ਸਕਦੇ। ਜੋ ਵੀ ਵਿਓਂਤ ਕੀਤਾ ਗਿਆ ਹੋਵੇ ਉਸ ਦੇ ਲਾਭਦਾਇਕ ਅਤੇ ਵਰਤੋਂ ਯੋਗ ਹੋਣ ਦੇ ਵਾਸਤੇ ਏਨਾਂ ਕੁ ਧਿਆਨ ਰੱਖਣਾਂ ਜਰੂਰੀ ਹੈ। ਏਦਾਂ ਹੀ ਇਹ ਵਿਭਾਗ ਸਿੱਖਿਆ ਵਿਭਾਗ ਵੱਲੋਂ ਅੱਪੜੀਆਂ ਪ੍ਰੋਗਰਾਮਾਂ ਅਤੇ ਯੋਗਦਾਨਾਂ ਲਈ ਬੇਨਤੀਆਂ ਪ੍ਰਤੀ ਅਪਣੇ ਪ੍ਰਤੀਕਰਮ ਦੇ ਸਕਦੇ ਹਨ।

# ਅੰਤਿਕਾ

ਪਾਠਕ੍ਰਮ ਦੀ ਇਹ ਰੂਪਰੇਖਾ ਇੱਕ ਦ੍ਰਿਸ਼ਟੀ ਪੇਛ ਕਰਦੀ ਹੈ ਕਿ ਸਾਡੇ ਬੱਚਿਆਂ ਲਈ ਉਚਿਤ ਕੀ ਹੈ। ਇਹ ਰੂਪਰੇਖਾ ਬੱਚਿਆਂ ਅਤੇ ਉਨ੍ਹਾਂ ਦੀ ਪੜ੍ਹਾਈ ਨਾਲ ਜੁੜੇ ਹਰ ਬੰਦੇ ਦੀ ਇਸ ਗੱਲ ਵਿੱਚ ਮਦਦ ਕਰਨ ਦੀ ਕੋਸ਼ਿਸ਼ ਕਦਰੀ ਹੈ ਕਿ ਮਿਥੇ ਹੋਏ ਆਧਾਰਾਂ ਰਾਹੀਂ ਉਹ ਪਾਠਕ੍ਰਮ ਦੇ ਨਿਰਮਾਣ ਵਾਸਤੇ ਚੋਣਾਂ ਕਰ ਸਕਣ। ਇਹ ਉਹ ਸੂਝ ਵੀ ਪੇਛ ਕਰਦੀ ਹੈ ਜਿਸ ਨਾਲ ਬੱਚਿਆਂ ਦੀ ਸਿੱਖਿਆ, ਗਿਆਨ ਦਾ ਸੁਭਾਅ ਅਤੇ ਸਕੂਲ ਦੇ ਇੱਕ ਸੰਸਥਾ ਹੋਣ ਨਾਲ ਜੁੜੇ ਮਸਲਿਆਂ ਦੀ ਸਮਝ ਪੈ ਸਕੇ।

ਪਾਠਕ੍ਰਮ ਵਾਸਤੇ ਇਸ ਪਹੁੰਚ ਵਿੱਚ ਜਿੰਨ੍ਹਾਂ ਵਿਸ਼ਿਆਂ ਦੇ ਮਹੱਤਵ ਬਾਰੇ ਧਿਆਨ ਦੁਆਇਆ ਗਿਆ ਹੈ ਉਹ ਹਨ: ਸਕੂਲ ਦੀ ਫਿਜ਼ਾ ਅਤੇ ਸਭਿਆਚਾਰ, ਜਮਾਤ ਵਿੱਚ ਅਧਿਆਪਕਾਂ ਦਾ ਵਿਹਾਰ, ਸਕੂਲ ਤੋਂ ਬਾਹਰ ਸਿੱਖਣ ਦੀ ਥਾਵਾਂ, ਸਿੱਖਿਆ ਦੇ ਸ੍ਰੋਤ ਅਤੇ ਨਾਲ ਦੀ ਨਾਲ ਸਿੱਖਿਆ ਪ੍ਰਣਾਲੀ ਦੇ ਉਹ ਸਾਰੇ ਪਸਾਰ ਜੋ ਸਿੱਧਾ ਜਾਂ ਅਸਿੱਧਾ ਪ੍ਰਭਾਵ ਪਾਉਂਦੇ ਹਨ।

ਪਾਠਕ੍ਰਮ ਬਨਾਉਣ ਦੇ ਇਹ ਐਡੇ ਵਡੇ ਪੈਮਾਨੇ ਤੇ ਕੀਤੇ ਗਏ ਜਤਨ ਅਤੇ ਹੋਰ ਮਹੱਤਵ ਪੂਰਣ ਕਾਰਜ ਜਿਵੇਂ ਕਿ ਸਿਲੇਬਸ ਅਤੇ ਪਾਠ-ਪੁਸਤਕਾਂ ਦੀ ਬਣਵਾਈ ਤੇ ਇਮਤਿਹਾਨਾਂ ਵਿਚਲੇ ਸੁਧਾਰ ਆਦਿ ਦਾ ਇੱਕ ਦੂਜੇ ਨਾਲ ਸੁਰ ਤਾਲ ਮਿਚਣਾਂ ਅਤੇ ਵਿੱਦਿਆ ਦੇ ਵਿਕਾਸ ਅਤੇ ਉਨਤੀ ਦੇ ਉਦੇਸ਼ਾਂ ਨਾਲ ਤਾਲ ਮੇਲ ਰਹਿੰਣਾਂ ਜਰੂਰੀ ਹੈ ਤਾ ਕਿ ਸਾਡੇ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਸਿੱਖਿਆ ਦੀ ਗੁਣਵੱਤਾ ਬਣੀ ਰਹੇ।

ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ ਬਾਰੇ ਲੋਕ ਰਾਇ ਮੰਗਣ ਹਿੱਤ ਦਿੱਤੇ ਗਏ ਇਸ਼ਤਿਹਾਰਾਂ ਦੇ ਪ੍ਰਤੀਕਰਮ ਵਜੋਂ ਸੈਕੜੇ ਮਾਪਿਆਂ ਅਤੇ ਅਧਿਆਪਕਾਂ ਨੇ NCERT ਨੂੰ ਅਪਣੇ ਸੁਨੇਹੇ ਭੇਜੇ ਸਨ। ਇਹਨਾਂ ਸੁਨੇਹਿਆਂ ਵਿੱਚੋਂ ਇੱਕ ਸੀ ਮੁੰਬਈ ਵਾਸੀ ਸ਼੍ਰੀਮਤੀ ਨੀਤਾ ਮੋਹਲਾ ਦਾ। ਉਹ ਇੱਕ ਮਾਂ ਅਤੇ ਅਧਿਆਪਕਾ ਹਨ। ਉਹਨਾਂ ਲਿਖਿਆ:

> ਵਿਦਿਆਰਥੀਆਂ ਦੇ ਰੂਪ ਵਿੱਚ ਮੇਰੇ ਬੱਚੇ ਅੱਜ ਸਿੱਖਿਆ ਦੇ ਉਹੀ ਤਜਰਬੇ ਭੁਗਤ ਰਹੇ ਹਨ ਜੋ ਵੀਹ ਸਾਲ ਪਹਿਲਾਂ ਮੈਂ ਭੁਗਤੇ ਸਨ। ਦੁਨੀਆਂ ਭਰ ਵਿੱਚ ਹਰ ਪਾਸੇ ਸਿੱਖਿਆ ਅਤੇ ਇਮਤਿਹਾਨਾਂ ਦੇ ਨਵੇਂ ਢੰਗ ਵਰਤੇ ਜਾ ਰਹੇ ਹਨ। ਪਰ ਸਾਡੇ ਬੱਚੇ ਹਾਲੇ ਵੀ ਉਹੀ ਬਲੈਕ ਬੋਰਡ ਤੋਂ ਅਭਿਆਸ ਨਕਲ ਕਰਨ ਵਿੱਚ ਲੱਗੇ ਹੋਏ ਹਨ ਤੇ ਫਿਰ ਉਨ੍ਹਾਂ ਨੂੰ ਘੋਟਾ ਲਾਕੇ ਇਮਤਿਹਾਨ ਵਿੱਚ ਮੁੜ ਉਤਾਰ ਦਿੰਦੇ ਹਨ। ਜੇ ਕੁਝ ਬਦਲਿਆ ਹੈ ਤਾਂ ਉਹ ਪਹਿਲਾਂ ਨਾਲੋਂ ਵੀ ਬੁਰਾ।

ਬੱਚਿਆਂ ਕੋਲ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸੂਚਨਾਂ ਦੇ ਮਾਧਿਅਮਾਂ ਤੱਕ ਪਹੁੰਚ ਹੈ, ਫਿਰ ਵੀ ਹੋਰ ਤੋਂ ਹੋਰ ਮਜ਼ਮੂੰਨ ਅਤੇ ਵਿਸ਼ੈ-ਵਸਤੂ ਸਕੂਲੀ ਬਸਤਿਆਂ ਵਿੱਚ ਟੂਸੇ ਜਾ ਰਹੇ ਹਨ। ਕੰਪਿਊਟਰ, ਸਦਾਚਾਰਕ ਸਿੱਖਿਆ ਵਗੈਰਾ ਹਾਲ ਹੀ ਵਿੱਚ ਪ੍ਰਸਿੱਧ ਹੋਏ ਹਨ ਤੇ ਆਮ ਵਾਕਫੀ ਨੂੰ ਇੱਕ ਮਜ਼ਮੂੰਨ ਦੇ ਰੂਪ ਵਿੱਚ "ਕੌਣ ਬਣੇਗਾ ਕਰੋੜਪਤੀ" ਪ੍ਰਸ਼ਨੋਤਰੀ ਪ੍ਰੋਗਰਾਮ ਦੇ ਕਾਰਣ ਹੀ ਸ਼ਾਮਲ ਕੀਤਾ ਗਿਆ ਹੈ...

ਸਾਡਾ ਸਿਲੇਬਸ ਹੋਰ ਵੀ ਮਹਾਂਮਾਰ ਹੱਦ ਤੱਕ ਫੈਲਦਾ ਜਾਂਦਾ ਹੈ ਤੇ ਅਧਿਆਪਕਾਂ ਦੀ ਪੜ੍ਹਾਅ ਸਕਣ ਦੀ ਸਮਰਥਾ ਤੋਂ ਵੀ ਪਾਰ ਅੱਪੜ ਗਿਆ ਹੈ। ਤਦ ਹੀ ਉਹ ਬੜੀ ਨਾਂ ਸਮਝ ਪੈਂਦੀ ਵਿਧੀ ਨਾਲ ਵਿਸ਼ੈ-ਵਸਤੂ ਵਿੱਚੋਂ ਦੌੜ ਨਿੱਕਲਦੇ ਹਨ। ਜਮਾਤਾਂ ਵਿੱਚ ਵਿਦਿਆਰਥੀਆਂ ਤੋਂ ਲੋੜੀਂਦਾ ਧਿਆਨ ਦੇ ਨਹੀਂ ਹੁੰਦਾ। ਜਾਂ ਤਾਂ ਉਹ ਕੁਝ ਸਮਝ ਹੀ ਨਹੀਂ ਸਕਦੇ ਤੇ ਜਾਂ ਫਿਰ ਉਹਨਾਂ ਦੇ ਦੁਖੀ ਮਨ ਸੁਪਨਲੋਕ ਵਿੱਚ ਉਤਰਣ ਲੱਗ ਪੈਂਦੇ ਹਨ। ਹਾਲੇ ਪੁਰਾਣੇ ਵਿਸ਼ੇ ਤਾਂ ਪੱਲੇ ਪਏ ਨਹੀਂ ਹੁੰਦੇ ਕਿ ਅਲੱਗ ਅਲੱਗ ਮਜ਼ਮੂੰਨਾਂ ਦੇ ਨਵੇਂ ਵਿਸ਼ੇ ਪੜ੍ਹਾਅ ਮਾਰੇ ਜਾਂਦੇ ਹਨ। ਤੇ ਇਉਂ ਸਿਲੇਬਸ ਦਾ ਸਾਰਾ ਭਾਰ ਮਾਪਿਆਂ ਵੱਲ ਰੇੜ੍ਹ ਦਿੱਤਾ ਜਾਂਦਾ ਹੈ। ਅਪਣੇ ਮੋਢਿਆਂ ਪੁਰ ਵਿੱਦਿਆ ਦੇ ਭਾਰ ਚੁੱਕੀ ਲੱਦੇ ਹੋਏ ਨਿਆਣੇ ਬਾਲ ਬਚਨ ਤੋਂ ਹੱਥ ਧੋਕੇ ਸਕੂਲ ਤੋਂ ਤਿਲਕ ਟਿਊਸ਼ਨ ਦੀਆਂ ਜਮਾਤਾਂ ਵਿੱਚ ਜਾ ਡਿੱਗਦੇ ਹਨ।

ਵਿਦਿਆਰਥੀਆਂ ਦਾ ਇੱਕ ਵਰਗ ਇੱਕ ਦੂਜੇ ਨੂੰ ਚਿੱਤ ਕਰਕੇ ਸਭ ਤੋਂ ਉੱਪਰਲੀ ਕੜੀ ਉੱਪਰ ਅੱਪੜਨ ਲਈ ਸਖਤ ਤੋਂ ਸਖਤ ਮਿਹਨਤ ਕਰਦਾ ਹੈ। ਬਹੁਤੇ ਵਿਦਿਆਰਥੀ ਤਾਂ ਬੜੀ ਸਖਤ ਪੜ੍ਹਾਈ ਕਰਨ ਲਈ ਮਾਂ-ਬਾਪ ਅਤੇ ਅਧਿਆਪਕਾਂ ਦੇ ਬੱਧੇ ਹੋਣ ਕਰਕੇ ਬੋਝ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਕਈਆਂ ਨੂੰ ਤਾਂ ਇਲਾਜ ਤੱਕ ਕਰਵਾਉਣਾਂ ਪੈਂਦਾ ਹੈ। ਜੋ ਵਿਦਿਆਰਥੀ ਵਿਸ਼ੇਸ਼ ਮਜ਼ਮੂੰਨਾਂ ਵਿੱਚੋਂ ਚੰਗਾ ਹਾਂਸਲ ਕਰਦੇ ਹਨ ਉਨ੍ਹਾਂ ਨੂੰ ਹੀ ਸਫਲ ਮੰਨਿਆਂ ਜਾਂਦਾ ਹੈ। ਜੋ ਬੱਚੇ ਖੇਡਾਂ ਅਤੇ ਕਲਾਵਾਂ ਵਰਗੇ ਹੋਰ ਖੇਤਰਾਂ ਵਿੱਚ ਮਾਹਰਕਾ ਮਾਰਦੇ ਹਨ ਉਹਨਾਂ ਨੂੰ ਕੁਝ ਗਿਣਿਆ ਹੀ ਨਹੀਂ ਜਾਂਦਾ। ਉਹਨਾਂ ਨੂੰ ਖੇਡਾਂ ਅਤੇ ਅਜਿਹੇ ਹੋਰ ਹੁਨਰਾਂ ਵਿੱਚ ਮਨ ਲੌਣ ਤੋਂ ਵਰਜਿਆ ਜਾਂਦਾ ਹੈ, ਕਿਉਂਕਿ ਇਹ ਨੰਬਰਾਂ ਦੀ ਲਿਸਟ ਉੱਪਰ ਗਿਣੇ ਨਹੀਂ ਗਿਣੇ ਜਾਂਦੇ।

ਪਾਠਕ੍ਰਮ ਅਤੇ ਸਫਲਤਾ ਦੀ ਗਤੀਸ਼ੀਲਤਾ ਬੱਚਿਆਂ ਤੋਂ ਉਮੀਦ ਕਰਦੀ ਹੈ ਕਿ ਉਹ ਅਸਲ ਅਨੁਭਵ ਦੇਣ ਵਾਲੇ ਅਸਲ ਜਗਤ ਨੂੰ ਲਾਂਭੇ ਕਰਕੇ ਕਿਤਾਬਾਂ ਦੀ ਦੁਨੀਆਂ ਵਿੱਚ ਅਪਣੇ ਆਪ

ਨੂੰ ਜਿੰਦਰਾ ਮਾਰ ਲੈਣ। ਏਥੋਂ ਤੱਕ ਕਿ ਜੇ ਛੇਵੀਂ ਜਮਤਾ ਦੇ ਬੱਚਿਆਂ ਨੇ ਵੀ ਨੰਬਰਾਂ ਦੀ ਦੌੜ ਵਿੱਚ ਉੱਤਰਨਾਂ ਹੈ ਤਾਂ ਜਰੂਰੀ ਹੈ ਕਿ ਉਹ ਸਕੂਲ ਦੇ ਸਮੇਂ ਤੋਂ ਬਾਅਦ ਚਾਰ ਘੰਟੇ ਹੋਰ ਪੜ੍ਹਨ।

ਜਦ ਅਪਣੇ ਵਿਕਾਸ ਦੇ ਸਾਲਾਂ ਵਿੱਚ ਬੱਚੇ ਅਸਲ ਦੁਨੀਆਂ ਨਾਲੋਂ ਕਿਤੇ ਜ਼ਿਆਦਾ ਸਮਾਂ ਕਿਤਾਬਾਂ ਵਿੱਚ ਖਰਚ ਕਰਨ ਲੱਗ ਪੈਣ ਤਾਂ ਉਨ੍ਹਾਂ ਦੇ ਬਿਖਰ ਜਾਣ ਦਾ ਡਰ ਵਧ ਜਾਂਦਾ ਹੈ। ਵਿੱਦਿਆ ਪੁੱਠੇ ਰਸਤੇ ਉਤਾਰ ਲੈਂਦੀ ਹੈ। ਇਹ ਵਿਦਿਆਰਥੀ ਦੇ ਮਨ ਨੂੰ ਦੋ ਟੁਕੜਿਆਂ ਵਿੱਚ ਪਾੜ ਦਿੰਦੀ ਹੈ। ਇੱਕ ਹਿੱਸਾ ਹੈ ਕਿਤਾਬੀ ਦ੍ਰਿਸ਼ਟੀ ਦਾ ਜੋ ਉਹ ਚੰਗੀ ਤਰ੍ਹਾਂ ਸਮਝੇ ਬਿਨਾਂ ਯਾਦ ਕਰ ਲੈਂਦਾ ਹੈ ਅਤੇ ਦੂਜਾ ਹੈ ਅਸਲ ਜਗਤ ਦਾ ਜੋ ਧਿਆਨ ਦੀ ਘਾਟ ਕਾਰਣ ਸਹੀ ਤਰ੍ਹਾਂ ਉਹਦੀ ਪਕੜ ਵਿੱਚ ਨਹੀਂ ਆਉਂਦਾ।

ਇੱਕ ਸਹੀ ਸਹੀ ਚੌਥੀ ਜਮਤਾ ਦੇ ਬੱਚੇ ਦੀ ਉਦਾਹਰਣ ਲਵੋ। ਉਹਨੂੰ ਇਹ ਪਤਾ ਹੈ ਕਿ ਕਿਸ ਤਰ੍ਹਾਂ ਪਹਾੜੀ ਦੀ ਚੋਟੀ ਪੁਰ ਪਛੂਆਂ ਨੂੰ ਨਾ ਚਰਨ ਦੇਣ ਨਾਲ ਮਿੱਟੀ ਖੁਰਕੇ ਰੁੜ੍ਹਦੀ ਨਹੀਂ। ਪਰ ਉਹਤੋਂ ਅਪਣੀਆਂ ਕਾਪੀਆਂ ਅਤੇ ਪਿੰਸਲਾਂ ਸਾਂਭੀਆਂ ਨਹੀਂ ਜਾਂਦੀਆਂ। ਆਖਰਕਾਰ ਉਹ ਕਾਫੀ ਸਾਰੇ ਗਿਆਨ ਦੀ ਸੂਝ ਨਾਲ ਵਡਾ ਤਾਂ ਹੋ ਜਾਂਦਾ ਹੈ, ਪਰ ਉਹਦੀ ਆਮ ਵਾਕਫੀ ਵਧਦੀ ਨਹੀਂ ਤੇ ਉਹ “ਪੜ੍ਹਿਆ ਲਿਖਿਆ ਬੇਵਕੂਫ” ਬਣ ਜਾਂਦਾ ਹੈ।

ਚੰਗੇ ਅਚਾਰ ਅਤੇ ਸੁਨੱਖੀਆਂ ਸੂਰਤਾਂ ਬਣਦੀਆਂ ਹਨ ਵਾਧੇ ਵੱਲ ਧਿਆਨ ਦੇਣ ਨਾਲ। ਉਲਟਾ ਜੋ ਪੜ੍ਹਾਇਆ ਜਾ ਰਿਹਾ ਹੈ ਉਸ ’ਚੋਂ ਬਹੁਤਾ ਬੱਚੇ ਤੋਂ ਅਪਣੇ ਚੌਗਿਰਦੇ ਨਾਲ ਮੇਚਿਆ ਹੀ ਨਹੀਂ ਜਾ ਸਕਦਾ। ਜੋ ਅੱਕਕੇ ਸੁਪਨ ਦੁਨੀਆਂ ਵਿੱਚ ਲਹਿ ਜਾਂਦੇ ਹਨ, ਉਹਨਾਂ ਦਾ ਤਾਂ ਵਿੱਦਿਆ ਕੁਝ ਸੁਆਰ ਹੀ ਨਹੀਂ ਸਕਦੀ। ਉਹ ਮਾਰੂ ਅਸਰਾਂ ਦੇ ਵਾਸਤੇ ਛੱਡ ਦਿੱਤੇ ਜਾਂਦੇ ਹਨ। ਲੋੜ ਵੇਲੇ ਬੱਚਿਆਂ ਦੇ ਲਈ ਸਹਾਰੇ ਦਾ ਕੋਈ ਪ੍ਰਬੰਧ ਹੈ ਹੀ ਨਹੀਂ। ਅੱਜ ਕੱਲ੍ਹ ਮਾਪੇ ਵੀ ਓਨੇ ਹੀ ਬੋਝ ਦੇ ਮਾਰੇ ਪਏ ਹਨ ਜਿੰਨੀ ਉਹਨਾਂ ਦੀ ਉਲਾਦ। ਅੱਜ ਬੋਰਡ ਦਾ ਇਮਤਿਹਾਨ ਦੇਣ ਵਾਲਿਆਂ ਬੱਚਿਆਂ ਵਿੱਚੋਂ 75% ਦੇ ਕਰੀਬ ਬੋਝ ਨਾਲ ਸਬੰਧਤ (ਮਾਨਸਿਕ) ਰੋਗਾਂ ਦੇ ਸ਼ਿਕਾਰ ਹਨ।

ਸ਼੍ਰੀਮਤੀ ਨੀਤਾ ਮੋਹਲਾ ਨੇ ਕਈ ਠੋਸ ਸੁਝਾਅ ਦਿੱਤੇ ਹਨ। ਉਹਨਾਂ ਵਿੱਚੋਂ ਕੁਝ ਇਸ ਪ੍ਰਕਾਰ ਹਨ:

- ਪੜ੍ਹਾਏ ਜਾ ਸਕਦੇ ਦਾ ਸਿੱਖੇ ਜਾ ਸਕਦੇ ਨਾਲ ਤਾਲ ਮੇਲ ਬੈਠਾਓ। ਕੁਦਰਤ ਦੀਆਂ ਸੰਰਚਨਾਵਾਂ ਵਸਤੂਗਤ ਇਮਾਰਤਕਾਰੀ ਦੇ ਚਮਤਕਾਰ ਹਨ ਜਿੰਨ੍ਹਾਂ ਵਿੱਚ ਹਰ ਖੰਡ ਸਮੁੱਚ ਦੇ ਸਹਿਕਾਰ ਨਾਲ ਕਾਰਜਸ਼ੀਲ ਹੈ। ਅਸਲ ਵੰਗਾਰ ਇਸ ਗੱਲ ਦੀ ਹੈ ਕਿ ਪਾਠਕ੍ਰਮ ਨੂੰ ਇਸ ਤਰ੍ਹਾਂ ਯੋਜਤ ਕੀਤਾ ਜਾਵੇ ਕਿ ਇਹਦੇ ਵਿੱਚ ਉਹ ਸਾਰੇ ਤੱਤ ਹੋਣ ਜੋ ਸਿੱਖਿਆ ਦੇ ਉਦੇਸ਼ਾਂ ਨੂੰ ਲੀਹ ਪੁਰ ਰੱਖਣ ਅਤੇ ਉਹ ਪ੍ਰਾਪਤ ਅਤੇ ਥੋੜ ਦੇ ਯਥਾਰਥ ਵਿੱਚ ਸਥਿੱਤ ਹੋਣ।
- ਕੁਝ ਇੱਕ ਦੇ ਪ੍ਰਫੁੱਲਣ ਨੂੰ ਸਹਿਜ ਬਨਾਉਣ ਵਾਲੀ ਸੰਰਚਨਾ ਦੀ ਥਾਂ ਅਜਿਹੀ ਸੰਰਚਨਾ ਨੂੰ ਅਪਣਾਇਆ ਜਾਵੇ ਜੋ ਸਰਬ ਸਿਖਲਾਈ ਨੂੰ ਸੰਭਵ ਕਰੇ। ਨੀਂਹ ਐਨੀ ਕੁ ਮਝਬੂਤ ਹੋਵੇ ਕਿ ਉਹ ਸਾਰੀ ਉਮਰ ਨਾਲ ਨਿਭ ਸਕੇ। ਥੰਮਾਂ ਦੀ ਮੁੜ ਪ੍ਰੀਭਾਸ਼ਾ ਹੋਵੇ ਤੇ ਵਡਅਕਾਰੀ ਉਸਾਰੀ ਕੀਤੀ ਜਾਵੇ। ਸੂਰਤ, ਆਚਾਰ, ਤੰਦਰੁਸਤੀ, ਸਿਰਜਣਾਤਮਕ ਅਤੇ ਅਲੋਚਨਾਤਮਕ ਸੋਚ ਵਰਗੇ ਨਵੇਂ ਥੰਮ ਗਣਿਤ, ਵਿਗਿਆਨ, ਇਤਹਾਸ ਆਦਿ ਵਰਗੇ ਥੰਮਾਂ ਦੇ ਨਾਲ ਨਾਲ ਹੀ ਉਸਾਰੇ ਜਾਣੇ ਚਾਹੀਦੇ ਹਨ।
- ਵਿਸ਼ੈ-ਵਸਤੂ ਦਾ ਜੀਵਨ ਦੀਆਂ ਵੰਗਾਰਾਂ ਅਤੇ ਉਪਜੀਵਕਾ ਦੀ ਹਰ ਪੱਧਰ ਵਾਸਤੇ ਸਾਰਥਕ ਹੋਣਾਂ ਜਰੂਰੀ ਹੈ। ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਉਹਨਾਂ ਵੱਲ ਧਿਆਨ ਦੇਣ ਲਈ ਚੋਖੀ ਮਾਤਰਾ ਵਿੱਚ ਵਕਤ ਮਿਲਣਾ ਚਾਹੀਦਾ ਹੈ। ਸ਼ੁੱਧ ਗਿਆਨ ਦੇ ਗ੍ਰਹਿਣ ਕਰਨ ਦਾ ਮੰਤਵ ਹੈ ਸਵੈ-ਚੇਤਨਾਂ ਰਾਹੀਂ ਬੱਚੇ ਦੀਆਂ ਰੁਚੀਆਂ ਤੱਕ ਦੀ ਪਹੁੰਚ। ਇਸ ਦਾ ਨਿਪਟਾਰਾ ਕਰਨ ਦੇ ਲਈ ਪੜ੍ਹਾਈ ਦੀਆਂ ਵੱਖਰੀਆਂ ਵਿਧੀਆਂ ਜਿਹਾ ਕਿ ਪ੍ਰੋਜੈਕਟ ਵਿਧੀ ਅਤੇ ਪਰਖ ਦੇ ਵੀ ਖੁੱਲੀ ਕਿਤਾਬ ਵਾਲੇ ਇਮਤਿਹਾਨ ਵਰਗੇ ਨਵੇਂ ਬਦਲਾਂ ਤੇ ਮੌਡਲਾਂ ਰਾਹੀਂ ਹੋ ਸਕਦਾ ਹੈ।
- ਸਾਡੀ ਲੋੜ ਹੈ ਕੇਵਲ ਹਰ ਮਜ਼ਮੂੰਨ ਦਾ ਬੀਜ਼ ਬੀਜ਼ ਦੇਣ ਦੀ। ਪੂਰੇ ਦੇ ਪੂਰੇ ਪੌਦੇ ਠੋਕ ਧਰਨ ਦੀ ਕੋਈ ਲੋੜ ਨਹੀਂ ਹੈ। ਵਿੱਦਿਆ ਨੂੰ ਬੱਚਿਆਂ ਨੂੰ ਉਮਰ ਭਰ ਸਿੱਖਿਅਕ ਬਣਨ ਲਈ ਉਤਸ਼ਾਹਤ ਕਰਨਾਂ ਚਾਹੀਦਾ ਹੈ।
- ਲੋੜ ਇਹ ਹੈ ਕਿ ਅਸੀਂ ਵਿੱਦਿਆ ਦਾ ਮਾਨਵੀਕਰਣ ਕਰੀਏ ਅਤੇ ਇਸ ਨੂੰ ਬਹੁਵਿਸਥਾਰੀ ਭਾਂਤ ਦੇ ਮਨੁੱਖੀ ਰਵੱਈਆਂ ਦੇ ਹਾਣ ਦੀ ਬਣਾ ਦਈਏ। ਸਿੱਖਿਅਕਾਂ ਵਿੱਚ ਭਿੰਨ ਭਿੰਨ ਪ੍ਰਕਾਰ ਦੇ ਹੁਨਰਾਂ ਨੂੰ ਉਤਸਾਹਤ ਕਰਨ ਹਿੱਤ

ਮੁੱਲ ਨਿਰਧਾਰਨ ਕਰਨ ਦੇ ਵੱਖ ਵੱਖ ਤਰੀਕੇ ਅਤੇ ਦਰਜਾਬੰਦੀ-ਗ੍ਰੇਡ ਕਰਨ ਦੇ ਨਵੀਂ ਭਾਂਤ ਦੇ ਮੌਡਲਾਂ ਦੀ ਲੋੜ ਪੈ ਸਕਦੀ ਹੈ।

- ਖੇਡਾਂ, ਕਲਾਵਾਂ, ਅਤੇ ਦਸਤਕਾਰੀਆਂ ਵਿੱਚ ਪ੍ਰਾਪਤੀ ਕਰਨ ਵਾਲਿਆਂ ਨੂੰ ਓਸੇ ਤਰ੍ਹਾਂ ਹੀ ਮਾਨਤਾ ਮਿਲਣੀ ਚਾਹੀਦੀ ਹੈ ਜਿਸ ਤਰ੍ਹਾਂ ਅਕਾਦਮਕ ਪ੍ਰਾਪਤੀ ਵਾਲਿਆਂ ਨੂੰ ਮਿਲਦੀ ਹੈ। ਕਈ ਹੋਰ ਰਸਤੇ ਖੋਹਲਕੇ ਪ੍ਰਾਪਤੀਆਂ ਦੀ ਸੂਚੀ ਦਾ ਵਿਸਥਾਰ ਕਰ ਦੇਣ ਨਾਲ ਮਾਪਿਆਂ ਅਤੇ ਬੱਚਿਆਂ ਤੋਂ ਬੋਝ ਜਰੂਰ ਉਤਰੇਗਾ। ਦਰਜਾਬੰਦੀ-ਗ੍ਰੇਡਿੰਗ ਵਾਲੀ ਤਬਦੀਲੀ ਸਮਾਜ ਦਾ ਧਿਆਨ ਪਾਠਕ੍ਰਮ ਦੇ ਡਾਰਵਿੰਨਵਾਦੀ ਸਮਾਜਕ ਪ੍ਰਤੀਕਰਮਾਂ ਤੋਂ ਪਾਸੇ ਕਰ ਦੇਵੇਗੀ।

ਚਲੋ ਉਮੀਦ ਕਰੀਏ ਕਿ ਦੇਸ਼ ਭਰ ਵਿੱਚ ਪਾਠਕ੍ਰਮ, ਸਿਲੇਬਸ ਅਤੇ ਪਾਠ-ਪੁਸਤਕਾਂ ਦੇ ਨਿਰਮਾਤਾ ਇਸ ਮਾਤਾ ਦੇ ਸ਼ਬਦਾਂ ਵੱਲ ਤੁਰੰਤ ਅਤੇ ਲੋੜੀਂਦਾ ਧਿਆਨ ਦੇਣਗੇ।

ਪੂਰਕਾ-1

# ਸੰਖੇਪ ਵਿੱਚ

## ਅਧਿਆਏ 1

- ਅਨੇਕਤਾਵਾਦੀ ਸਮਾਜ ਵਿੱਚ ਵਿੱਦਿਆ ਦੀ ਰਾਸ਼ਟਰੀ ਪ੍ਰਣਾਲੀ ਨੂੰ ਮਜ਼ਬੂਤ ਬਨਾਉਣਾਂ।
- 'ਬੋਝ ਬਿਨਾਂ ਪੜ੍ਹਾਈ' ਵਿੱਚ ਦਿੱਤੇ ਸੁਝਾਓ ਅਨੁਸਾਰ ਪਾਠਕ੍ਰਮ ਦਾ ਬੋਝ ਘਟਾਉਣਾਂ।
- ਪਾਠਕ੍ਰਮ ਦੇ ਸੁਧਾਰਾਂ ਦੇ ਅਨੁਕੂਲ ਸਰਬ-ਪੱਖੀ ਤਬਦੀਲੀਆਂ।
- ਪਾਠਕ੍ਰਮ ਵਿੱਚ ਸਮਾਜਕ ਨਿਆਂ, ਬਰਾਬਰੀ ਅਤੇ ਧਰਮ-ਨਿਰਪੇਖਤਾ ਆਦਿ ਸਵਿਧਾਨ ਵਿੱਚ ਦਿੱਤੀਆਂ ਕੀਮਤਾਂ ਨੂੰ ਸ਼ਾਮਲ ਕਰਨਾ।
- ਸਭ ਬੱਚਿਆਂ ਲਈ ਵਧੀਆ ਪੜ੍ਹਾਈ ਸੰਭਵ ਕਰਨੀ।
- ਅਜਿਹੇ ਸ਼ਹਿਰੀ ਤਿਆਰ ਕਰਨੇ ਜੋ ਲੋਕਤੰਤਰਕ ਅਮਲਾਂ, ਕੀਮਤਾਂ, ਲਿੰਗ ਨਿਆਂ ਪ੍ਰਤੀ ਸੰਵੇਦਨਾਂ, ਪਛੜੀਆਂ ਜਾਤਾਂ ਅਤੇ ਕਬੀਲਿਆਂ ਦੀਆਂ ਸਮੱਸਿਆਵਾਂ, ਅਪਾਹਜਾਂ ਦੀਆਂ ਸਮੱਸਿਆਵਾਂ ਅਤੇ ਆਰਥਕ ਤੇ ਰਾਜਨੀਤਕ ਪ੍ਰਕਿਰਿਆ ਵਿੱਚ ਹਿੱਸਾ ਲੈ ਸਕਣ ਦੀ ਸਮਰੱਥਾ।

## ਅਧਿਆਏ 2

- ਵਿਦਿਆਰਥੀਆਂ ਅਤੇ ਉਨ੍ਹਾਂ ਦੀ ਸਿੱਖਿਆ ਪੁਨਰ-ਸੇਧ ਦੇਣੀ।
- ਵਿਦਿਆਰਥੀਆਂ ਦੇ ਵਿਕਾਸ ਅਤੇ ਸਿੱਖਿਆ ਵਿੱਚ ਸਾਰੇ ਪੱਖਾਂ ਤੇ ਵਿਚਾਰ ਕਰਨ ਦਾ ਦ੍ਰਿਸ਼ਟੀਕੋਣ ਅਪਨਾਉਣਾਂ।
- ਜਮਾਤ ਵਿੱਚ ਸਾਰੇ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਵਾਲਾ ਮਹੌਲ ਸਿਰਜਣਾਂ।
- ਗਿਆਨ ਦੀ ਉਸਾਰੀ ਲਈ ਰਚਨਾਤਮਕਤਾ ਵਿਕਸਤ ਕਰਨ ਲਈ ਵਿਦਿਆਰਥੀਆਂ ਨਾਲ ਮੇਲ-ਜੋਲ ਰੱਖਣਾਂ।
- ਪ੍ਰਯੋਗਾਤਮਕ ਢੰਗ ਨਾਲ ਕ੍ਰਿਆਸ਼ੀਲ ਸਿੱਖਿਆ।

- ਪਾਠਕ੍ਰਮ ਦੇ ਅਮਲ ਵਿੱਚ ਬੱਚਿਆਂ ਦੀ ਸੋਚ, ਉਤਸੁਕਤਾ ਅਤੇ ਸੁਆਲ ਪੁੱਛਣ ਲਈ ਥਾਂ ਅਤੇ ਸਮਾਂ ਹੋਣਾਂ।
- ਗਿਆਨ ਨੂੰ ਮਜ਼ਮੂੰਨਾਂ ਦੀਆਂ ਹੱਦਾਂ ਤੋਂ ਪਾਰ ਜੋੜਨਾਂ ਜੀਹਦੇ ਨਾਲ ਗਿਆਨ ਦੀ ਉਸਾਰੀ ਦੇ ਲਈ ਵਿਸਥਾਰ ਵਾਲੀ ਰੂਪਰੇਖਾ ਤਿਆਰ ਕਰਨੀ।
- ਸਿੱਖਿਅਕ ਦੇ ਮੇਲ-ਗੇਲ ਦੇ ਰੂਪ ਜਿਵੇਂ ਵਾਚਣਾਂ, ਪੜਤਾਲਣਾਂ, ਖੋਜਣਾਂ, ਵਿਸ਼ਲੇਸ਼ਣ ਕਰਨਾਂ, ਅਲੋਚਨਾਤਮਕ ਮਨਨ ਆਦਿ ਸਭ ਓਨੇ ਹੀ ਮਹੱਤਵ ਪੂਰਣ ਹਨ ਜਿੰਨਾਂ ਗਿਆਨ ਦਾ ਵਿਸ਼ੈ।
- ਪੜ੍ਹਾਈ ਦੇ ਅਮਲ ਦੇ ਸਥਾਨਕ ਗਿਆਨ ਅਤੇ ਬੱਚਿਆਂ ਦੇ ਅਪਣੇ ਅਨੁਭਵ ਮਹੱਤਵ ਪੂਰਣ ਅੰਗ ਹਨ।
- ਵਾਤਾਵਰਣ ਨਾਲ ਸਬੰਧਤ ਪ੍ਰੋਜੈਕਟਾਂ ਵਿੱਚ ਲੱਗੇ ਬੱਚੇ ਹੋ ਸਕਦਾ ਹੈ ਅਜਿਹਾ ਗਿਆਨ ਉਤਪਨ ਕਰ ਲੈਣ ਜੋ ਭਾਰਤ ਦੇ ਸਮੁੱਚੇ ਵਾਤਾਵਰਣ ਬਾਰੇ ਪਾਰਦਰਸ਼ੀ ਡਾਟਾਬੇਸ ਬਨਾਉਣ ਵਿੱਚ ਮਦਦ ਕਰ ਦੇਣ।
- ਸਕੂਲ ਵਿੱਚ ਬਿਤਾਏ ਸਾਲ ਬੱਚਿਆਂ ਦੇ ਛੇਤੀ ਵਧਣ ਫੁੱਲਣ ਦਾ ਸਮਾਂ ਹਨ, ਜਿਹਦੇ ਵਿੱਚ ਬੱਚਿਆਂ ਦੀਆਂ ਯੋਗਤਾਵਾਂ, ਝੁਕਾਅ ਅਤੇ ਰੁਚੀਆਂ ਐਹੋ ਜਿਹੀਆਂ ਤਬਦੀਲੀਆਂ ਅਤੇ ਬਦਲ ਆਉਂਦੇ ਹਨ ਜਿੰਨ੍ਹਾਂ ਦਾ ਅਸਰ ਗਿਆਨ ਦੇ ਵਿਸ਼ੈ ਅਤੇ ਪ੍ਰਕਿਰਿਆਂ ਦੀ ਚੋਣ ਤੇ ਸੰਗਠਤ ਕਰਨ ਉੱਪਰ ਪੈਂਦਾ ਹੈ।

# ਅਧਿਆਏ 3

### ਭਾਸ਼ਾ

- ਭਾਸ਼ਾ ਦੀਆਂ ਨਿਪੁੰਨਤਾਵਾਂ - ਬੋਲਣਾ, ਸੁਣਨਾ, ਪੜ੍ਹਨਾ, ਲਿਖਣਾ - ਸਕੂਲ ਦੇ ਸਾਰੇ ਮਜ਼ਮੂੰਨਾਂ ਵਾਸਤੇ ਮਹੱਤਵ ਪੂਰਣ ਹਨ। ਮੁਢਲੀਆਂ ਜਮਾਤਾਂ ਤੋਂ ਲੈਕੇ ਸੈਕੰਡਰੀ ਜਮਾਤਾਂ ਤੱਕ ਇਹਨਾਂ ਦੇ ਬੱਚਿਆਂ ਦੇ ਗਿਆਨ ਉਸਾਰੀ ਵਿੱਚ ਦਖਲ ਨੂੰ ਪਛਾਣੇ ਜਾਣ ਦੀ ਲੋੜ ਹੈ।
- ਤਿੰਨ-ਭਾਸ਼ਾਈ ਫ਼ਾਰਮੂਲਾ ਨਵੇਂ ਸਿਰਿਓਂ ਲਾਗੂ ਕਰਨ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ। ਬੱਚਿਆਂ ਦੇ ਘਰ ਦੀ(ਆਂ) ਭਾਸ਼ਾ(ਵਾਂ) ਨੂੰ ਸਿੱਖਣ ਦਾ ਸਭ ਤੋਂ ਚੰਗਾ ਮਾਧਿਅਮ ਸਵੀਕਾਰ ਕਰਨ ਉੱਪਰ ਜੋਰ ਦਿੱਤਾ ਜਾਵੇ। ਕਬੀਲਿਆਂ ਦੀਆਂ ਭਾਸ਼ਾਵਾਂ ਵੀ ਇਸ ਵਿੱਚ ਸ਼ਾਮਲ ਹਨ।
- ਅੰਗਰੇਜੀ ਲਈ ਜਰੂਰਤ ਹੈ ਕਿ ਇਹ ਦੂਜੀਆਂ ਭਾਰਤੀ ਭਾਸ਼ਾਵਾਂ ਦੇ ਵਿੱਚ ਹੀ ਅਪਣੀ ਜਗਾਹ ਢੂੰਡੇ।
- ਭਾਰਤੀ ਸਮਾਜ ਦੇ ਬਹੁਭਾਸ਼ੀ ਸੁਭਾਅ ਨੂੰ ਸਕੂਲੀ ਜੀਵਨ ਨੂੰ ਅਮੀਰ ਬਨਾਉਣ ਦੇ ਸਾਧਨ ਦੀ ਤਰ੍ਹਾਂ ਸਮਝਿਆ ਜਾਵੇ।

## ਗਣਿਤ

- ਗਣਿਤੀਕਰਣ (ਤਾਰਕਿਕ ਢੰਗ ਨਾਲ ਸੋਚਣ ਦੀ ਸਮਰਥਾ, ਅਮੂਰਤਤਾਵਾਂ ਨੂੰ ਘੜਣ ਅਤੇ ਹੱਥ ਪਾਉਣ) ਨਾਕਿ ਗਣਿਤ ਦਾ 'ਗਿਆਨ' (ਉਪਚਾਰਕ ਅਤੇ ਮਸ਼ੀਨੀ ਤਰੀਕੇ) ਗਣਿਤ ਦੀ ਪੜ੍ਹਾਈ ਦਾ ਕੇਂਦਰੀ ਉਦੇਸ਼ ਹੈ।
- ਗਣਿਤ ਦੀ ਪੜ੍ਹਾਈ ਨਾਲ ਬੱਚਿਆਂ ਦੀ ਸੋਚਣ ਅਤੇ ਵਿਵੇਕ ਵਿੱਚ, ਅਮੂਰਤਤਾਵਾਂ ਦੀ ਕਲਪਨਾਂ ਕਰਨ ਅਤੇ ਉਨ੍ਹਾਂ ਨੂੰ ਹੱਥ ਪਾਉਣ ਵਿੱਚ, ਸਮੱਸਿਆਵਾਂ ਨੂੰ ਫੜ੍ਹਨ ਅਤੇ ਹੱਲ ਕਰਨ ਦੀ ਸ਼ਕਤੀ ਵਿੱਚ ਵਾਧਾ ਹੋਣਾਂ ਚਾਹੀਦਾ ਹੈ। ਗਣਿਤ ਦੀ ਵਧੀਆ ਪੜ੍ਹਾਈ ਤੱਕ ਪਹੁੰਚ ਹੋਣੀ ਹਰ ਬੱਚੇ ਦਾ ਅਧਿਕਾਰ ਹੈ।

## ਵਿਗਿਆਨ

- ਵਿਗਿਆਨ ਦੀ ਪੜ੍ਹਾਈ ਦਾ ਵਿਸ਼ੈ-ਵਸਤੂ, ਪ੍ਰਕਿਰਿਆ ਅਤੇ ਭਾਸ਼ਾ ਸਿੱਖਿਅਕ ਦੀ ਉਮਰ ਦੇ ਸਤਰ ਅਤੇ ਬੌਧਿਕ ਪਹੁੰਚ ਦੇ ਨਾਲ ਮੇਚ ਖਾਣੇ ਜਰੂਰੀ ਹਨ।
- ਵਿਗਿਆਨ ਦੀ ਪੜ੍ਹਾਈ ਸਿੱਖਿਅਕਾਂ ਨੂੰ ਅਜਿਹੀਆਂ ਵਿਧੀਆਂ ਅਤੇ ਪ੍ਰਕਿਰਿਆਵਾਂ ਗ੍ਰਹਿਣ ਕਰਨ ਲਾਵੇ, ਜੋ ਉਨ੍ਹਾਂ ਦੀ ਉਤਸੁਕਤਾ ਅਤੇ ਸਿਰਜਣਾਤਮਕਤਾ ਦੀ ਖਾਸ ਕਰਕੇ ਵਾਤਾਵਰਣ ਦੇ ਸਬੰਧ ਵਿੱਚ ਪਾਲਣਾ ਕਰੇ।
- ਵਿਗਿਆਨ ਦੀ ਪੜ੍ਹਾਈ ਨੂੰ ਬੱਚਿਆਂ ਦੇ ਵਾਤਾਵਰਣ ਦੇ ਸੰਧਰਭ ਵਿੱਚ ਟਿਕਾਅ ਦਿੱਤਾ ਜਾਣਾਂ ਚਾਹੀਦਾ ਹੈ, ਜੀਹਦੇ ਨਾਲ ਉਹ ਕੰਮ ਦੇ ਸੰਸਾਰ ਵਿੱਚ ਉਤਰਣ ਦੇ ਲਈ ਲੋੜੀਂਦੇ ਗਿਆਨ ਅਤੇ ਹੁਨਰ ਹਾਂਸਲ ਕਰ ਸਕਣ।
- ਵਾਤਾਵਰਣ ਸਬੰਧਤ ਚਿੰਤਾਵਾਂ ਬਾਰੇ ਜਾਗ੍ਰਣ ਸਾਰੇ ਸਕੂਲੀ ਪਾਠਕ੍ਰਮ ਉੱਪਰ ਛਾਈ ਹੋਣੀ ਜਰੂਰੀ ਹੈ।

## ਸਮਾਜਕ ਵਿਗਿਆਨ

- ਸਮਾਜਕ ਵਿਗਿਆਨ ਦੇ ਵਿਸ਼ੈ-ਵਸਤੂ ਦੀ ਅੱਖ ਸੰਕਲਪਕ ਜਾਣਕਾਰੀ ਉੱਪਰ ਹੋਣੀ ਜਰੂਰੀ ਹੈ, ਨਾਕਿ ਤੱਥਾਂ ਨੂੰ ਇਮਤਿਹਾਨ ਵਾਸਤੇ ਯਾਦ ਕਰਨ ਦੇ ਲਈ ਇੱਕਸਾਰ ਕਰਨ ਉੱਪਰ। ਇਹ ਬੱਚਿਆਂ ਨੂੰ

ਸੁਤੰਤਰ ਰੂਪ ਵਿੱਚ ਸੋਚਣ ਅਤੇ ਸਮਾਜਕ ਵਿਸ਼ਿਆਂ ਬਾਰੇ ਸਮੀਕਿਆ ਕਰ ਸਕਣ ਦੀ ਯੋਗਤਾ ਪ੍ਰਦਾਨ ਕਰੇ।

- ਅੰਤਰ-ਅਨੁਸ਼ਾਸਨੀ ਪਹੁੰਚਾਂ ਅਪਣਾਕੇ ਰਾਸ਼ਟਰੀ ਸਰੋਕਾਰਾਂ ਜਿਵੇਂ ਕਿ ਲਿੰਗ, ਨਿਆਂ, ਮਨੁੱਖੀ ਅਧਿਕਾਰ ਅਤੇ ਪਛੜੇ ਲੋਕਾਂ ਤੇ ਘੱਟ ਗਿਣਤੀਆਂ ਲਈ ਸੰਵੇਦਨਾਂ ਨੂੰ ਪ੍ਰਫੁੱਲਤ ਕਰੇ।
- ਨਾਗਰਕ ਸ਼ਾਸ਼ਤਰ ਨੂੰ ਰਾਜਨੀਤੀ ਵਿਗਿਆਨ ਦੇ ਅਰਥਾਂ ਵਿੱਚ ਮੁੜ ਪ੍ਰੀਭਾਸ਼ਤ ਕਰ ਦਿੱਤਾ ਜਾਵੇ ਅਤੇ ਇਤਹਾਸ ਦੇ ਮਹੱਤਵ ਨੂੰ ਬੱਚਿਆਂ ਦੀ ਭੂਤ ਦੀ ਸੰਕਲਪਨਾਂ ਅਤੇ ਨਾਗਰਕ ਪਛਾਣ ਉੱਪਰ ਪ੍ਰਭਾਵ ਪਾਉਣ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਵੇ।

## ਕੰਮਕਾਜ਼

- ਪ੍ਰਾਇਮਰੀ ਪੱਧਰ ਤੋਂ ਲੈ ਕੇ ਸੀਨੀਅਰ ਸੈਕੰਡਰੀ ਪੱਧਰ ਤੱਕ ਸਕੂਲ ਦੇ ਸਾਰੇ ਪਾਠਕ੍ਰਮ ਦੀ ਇਸ ਤਰ੍ਹਾਂ ਮੁੜਉਸਾਰੀ ਕੀਤੀ ਜਾਵੇ ਕਿ ਇਹ ਕੰਮ ਦੇ ਪੜ੍ਹਾਈ ਸਬੰਧੀ ਮਹੱਤਵ ਨੂੰ ਸਮਝੇ ਤੇ ਕੰਮ ਨੂੰ ਗਿਆਨ ਅਰਚਨ ਦੇ ਮਾਧਿਅਮ ਦੇ ਰੂਪ ਵਿੱਚ, ਕੀਮਤਾਂ ਦੇ ਵਿਕਾਸ ਅਤੇ ਬਹੁਪੱਖੀ ਹੁਨਰਾਂ ਦੀ ਬਣਤਰ ਦੇ ਲਈ ਪੇਸ਼ ਕਰੇ।

## ਕਲਾ

- ਕਲਾਵਾਂ (ਲੋਕ ਅਤੇ ਸ਼ਾਸਤਰੀ ਸੰਗੀਤ ਅਤੇ ਨਾਚ, ਚਿਤਰ ਕਲਾਵਾਂ, ਪੁਤਲੀ ਕਲਾ, ਮਿੱਟੀ ਦਾ ਕੰਮ, ਰੰਗ ਮੰਚ ਆਦਿ) ਅਤੇ ਵਿਰਸੇ ਵਾਲੇ ਹੁਨਰ ਸਕੂਲ ਦੇ ਪਾਠਕ੍ਰਮ ਦੇ ਅਨਿੱਖੜ ਅੰਗਾਂ ਤਰ੍ਹਾਂ ਪਛਾਣੇ ਜਾਣੇ ਚਾਹੀਦੇ ਹਨ।
- ਇਨ੍ਹਾਂ ਕਲਾਵਾਂ ਦੀ ਨਿੱਜੀ, ਸਮਾਜਕ, ਆਰਥਕ ਅਤੇ ਸੁਹਜਾਤਮਕ ਜਰੂਰਤਾਂ ਪ੍ਰਤੀ ਜਾਗ੍ਰਤੀ ਮਾਪਿਆਂ, ਸਕੂਲ ਦੇ ਅਧਿਕਾਰੀਆਂ ਅਤੇ ਪ੍ਰਬੰਧਕਾਂ ਵਿੱਚ ਹੋਣੀ ਚਾਹੀਦੀ ਹੈ।
- ਕਲਾਵਾਂ ਇੱਕ ਮਜ਼ਮੂੰਨ ਦੇ ਤੌਰਤੇ ਸਕੂਲ ਦੀ ਸਿੱਖਿਆ ਹਰ ਪੱਧਰ ਉੱਪਰ ਹੋਣੀਆਂ ਚਾਹੀਦੀਆਂ ਹਨ।

## ਸ਼ਾਂਤੀ

- ਢੁਕਵੀਆਂ ਗਤੀਵਿਧੀਆਂ ਦੀ ਮਦਦ ਨਾਲ ਸਕੂਲ ਦੇ ਸਾਰੇ ਸਾਲਾਂ ਅਤੇ ਸਾਰੇ ਵਿਸ਼ਿਆਂ ਵਿੱਚ ਸ਼ਾਂਤੀ ਸਬੰਧਤ ਗਤੀਵਿਧੀਆਂ ਨੂੰ ਵਧਾਇਆ ਜਾਣਾਂ ਚਾਹੀਦਾ ਹੈ।
- ਸ਼ਾਂਤੀ ਵਿੱਦਿਆ ਅਧਿਆਪਕ ਸਿੱਖਿਆ ਦਾ ਵੀ ਇੱਕ ਅੰਗ ਬਣ ਜਾਣੀ ਚਾਹੀਦੀ ਹੈ।

## ਸਿਹਤ ਅਤੇ ਸਰੀਰਕ ਸਿੱਖਿਆ

- ਸਿੱਖਿਅਕਾਂ ਦੇ ਸਮੁੱਚੇ ਵਿਕਾਸ ਦੇ ਲਈ ਸਿਹਤ ਅਤੇ ਸਰੀਰਕ ਸਿੱਖਿਆ ਜਰੂਰੀ ਹਨ। ਸਿਹਤ ਅਤੇ ਸਰੀਰਕ ਸਿੱਖਿਆ ਦੇ ਪ੍ਰੋਗਰਾਮਾਂ (ਜੋਗ ਸਮੇਤ) ਦੇ ਰਾਹੀਂ ਹੋ ਸਕਦਾ ਹੈ ਕਿ ਦਾਖਲੇ, ਪੜ੍ਹਾਈ ਚਲਦੀ ਰਹਿੰਣੀ ਅਤੇ ਪੜ੍ਹਾਈ ਪੂਰੀ ਹੋ ਸਕਣ ਵਰਗੀਆਂ ਸਮੱਸਿਆਵਾਂ ਉੱਪਰ ਕਾਬੂ ਪੈ ਸਕੇ।

## ਵਸੇਬਾ ਅਤੇ ਸਿੱਖਿਆ

- ਵਾਤਾਵਰਣ ਸਬੰਧਤ ਸਿੱਖਿਆ ਦੇ ਮੁੱਦਿਆਂ ਅਤੇ ਚਿੰਤਾਵਾਂ ਨੂੰ ਸਾਰੇ ਹਰ ਪੱਧਰ ਦੇ ਮਜ਼ਮੂੰਨਾਂ ਦੀ ਪੜ੍ਹਾਈ ਵਿੱਚ ਸੁਮਿਲਤ ਕਰਕੇ ਪੜ੍ਹਾਉਣ ਨਾਲ ਚੰਗੇ ਸਿੱਟੇ ਮਿਲ ਸਕਦੇ ਹਨ। ਇਹਦੇ ਲਈ ਇੱਕ ਤਾਂ ਲੋੜ ਅਨੁਸਾਰ ਸਮਾਂ ਰਾਖਵਾਂ ਕਰ ਦਿੱਤਾ ਜਾਵੇ ਤੇ ਦੂਜਾ ਅਸਰਦਾਰ ਗਤੀਵਿਧੀਆਂ ਆਰੰਭੀਆਂ ਜਾਣ।

# ਅਧਿਆਏ 4

- ਅਧਿਆਪਕ ਦੇ ਚੰਗਾ ਪੜ੍ਹਾਉਣ ਲਈ ਅਤਿ ਜਰੂਰੀ ਹੈ ਕੁਝ ਕੁ ਸਾਜ ਸਮਾਨ ਦੀ, ਕੁਝ ਸਹਾਇਕ ਸਮੱਗਰੀ ਦੀ ਅਤੇ ਸਕੂਲ ਦੇ ਦੈਨਿਕ ਚਲਣ ਨੂੰ ਲਚਕੀਲੇ ਢੰਗ ਨਾਲ ਵਿਓਂਤ ਕਰ ਸਕਣ ਦੀ।
- ਸਕੂਲ ਦਾ ਜਿਹੜਾ ਸਭਿਆਚਾਰ ਬੱਚਿਆਂ ਦੀਆਂ ਪਛਾਣਾਂ ਨੂੰ 'ਸਿੱਖਿਅਕਾਂ' ਦੀ ਤਰ੍ਹਾਂ ਪ੍ਰਫੁੱਲਤ ਕਰੇ ਉਹੀ ਹਰ ਬੱਚੇ ਦੀਆਂ ਸੰਭਾਵਨਾਵਾਂ ਅਤੇ ਦਿਲਚਸਪੀਆਂ ਨੂੰ ਅੱਗੇ ਵਧਾ ਸਕਦਾ ਹੈ।
- ਤੰਦਰੁਸਤ ਅਤੇ ਅਪਾਹਜ ਦੋਨਾਂ ਕੋਟੀਆਂ ਦੇ ਬੱਚਿਆਂ ਦੀ ਵਿਸ਼ੇਸ਼ ਗਤੀਵਿਧੀਆਂ ਵਿੱਚ ਭਾਗਦਾਰੀ ਸਾਰੇ ਬੱਚਿਆਂ ਦੀ ਸਿੱਖਿਆ ਦੇ ਲਈ ਜਰੂਰੀ ਸ਼ਰਤ ਹਨ।
- ਲੋਕਤਾਂਤਰਕ ਕਾਰਗੁਜ਼ਾਰੀ ਦੇ ਮਾਧਿਅਮ ਰਾਹੀਂ ਸਿੱਖਿਅਕਾਂ ਵਿੱਚ ਸਵੈ-ਸਾਧਨਾਂ ਦੇ ਗੁਣ ਦਾ ਮੁੱਲ ਹਮੇਸ਼ਾ ਬਣਿਆ ਰਹਿੰਦਾ ਹੈ।

- ਭਾਈਚਾਰੇ ਦੇ ਸੱਜਣਾਂ ਦੀ ਕਈ ਵਿਸ਼ੈ-ਖੇਤਰਾਂ ਵਿੱਚ ਗਿਆਨ ਅਤੇ ਅਨੁਭਵ ਸਾਂਝਾ ਕਰਨ ਹਿੱਤ ਸ਼ਮੂਲੀਅਤ ਸਕੂਲ ਅਤੇ ਭਾਈਚਾਰੇ ਵਿਚਕਾਰ ਭਾਗਦਾਰੀ ਖੜ੍ਹੀ ਕਰਨ ਵਿੱਚ ਮਦਦ ਕਰਦੀ ਹੈ।
- ਸਿੱਖਣ ਸਾਧਨਾਂ ਦਾ ਹੇਠ ਲਿਖੇ ਅਰਥਾਂ ਵਿੱਚ ਮੁੜ-ਸੰਕਲਪੀਕਰਣ:
  - ਅਜਿਹੇ ਸੰਕਲਪਾਂ, ਗਤੀਵਿਧੀਆਂ, ਸਮੱਸਿਆਵਾਂ, ਅਤੇ ਅਭਿਆਸਾਂ ਉੱਪਰ ਅਧਾਰਤ ਪਾਠ-ਪੁਸਤਕਾਂ ਜੋ  ਡੂੰਘਾ ਸੋਚਣ ਅਤੇ ਸਾਂਝੇ ਕੰਮ ਨੂੰ ਉਤਸਾਹਤ ਕਰਨ।
  - ਤਾਜ਼ੀ ਸੋਚ ਅਤੇ ਨਵੇਂ ਪਰਿਪੇਖ ਪੁਰ ਟਿਕੀਆਂ ਪੂਰਕ ਕਿਤਾਬਾਂ, ਕੰਮ-ਕਿਤਾਬਾਂ, ਅਧਿਆਪਕਾਂ ਦੀਆਂ ਹੱਥ-ਪੁਸਤਕਾਂ ਆਦਿ।
  - ਮਲਟੀਮੀਡੀਆ ਅਤੇ ICT ਦੀ ਦੁਤਰਫੇ ਸੰਵਾਦ ਨਾਕਿ ਇੱਕ ਪਾਸੜ ਸਵਿਕਾਰਣ ਦੇ ਲਈ ਵਰਤੋਂ।
  - ਸਕੂਲ ਦੀ ਲਾਇਬਰੇਰੀ ਦੀ ਅਧਿਆਪਕਾਂ, ਸਿੱਖਿਅਕਾਂ ਅਤੇ ਭਾਰੀਚਾਰੇ ਵਾਸਤੇ ਉਨ੍ਹਾਂ ਦੇ ਗਿਆਨ ਦੇ ਅਧਾਰਾਂ ਨੂੰ ਡੂੰਘਾ ਕਰਨ ਅਤੇ ਵਿਸ਼ਾਲ ਦੁਨੀਆਂ ਨਾਲ ਮੇਲ ਗੇਲ ਵਾਸਤੇ।
- ਸਕੂਲ ਦੇ ਕਲੰਡਰ ਅਤੇ ਦੈਨਿਕ ਚਲਣ ਦੀ ਵਿਕੇਂਦਰਤ ਯੋਜਨਾਬੰਦੀ, ਅਤੇ ਅਧਿਆਪਕਾਂ ਦੀ ਪੇਸ਼ਾਵਰ ਅਮਲਾਂ ਵਿੱਚ ਖੁਦਮੁਖਤਾਰੀ ਪੜ੍ਹਾਈ ਦੇ ਮਹੌਲ ਨੂੰ ਸਿਰਜਣ ਦੇ ਲਈ ਮੁੱਖ ਹਨ।

## ਅਧਿਆਏ 5

- ਪ੍ਰਬੰਧਗਤ ਸੁਧਾਰ ਵਿੱਚ ਮੁੱਖ ਨੁਕਤਾ ਹੈ ਗੁਣਵੱਤਾ ਦੀ ਚਿੰਨਤਾ। ਇਹਦਾ ਮਤਲਬ ਹੈ ਕਿ ਪ੍ਰਬੰਧ ਅਪਣੇ ਆਪ ਨੂੰ ਸੋਧਣ ਦੀ ਯੋਗਤਾ ਵਧਾਵੇ, ਅਪਣੀ ਕਮਜੋਰੀ ਦਾ ਇਲਾਜ ਕਰਨ ਦੀ ਸਮਰੱਥਾ ਨੂੰ ਵਧਾਵੇ ਅਤੇ ਨਵੀਆਂ ਸ਼ਕਤੀਆਂ ਦਾ ਵਿਕਾਸ ਕਰੇ।
- ਇੱਕ-ਸਮਾਨ ਸਕੂਲ ਪ੍ਰਬੰਧ ਨੂੰ ਵਿਕਸਤ ਕਰਨਾ ਭਲਾ ਰਹਿ ਸਕਦਾ ਹੈ। ਇਹਦੇ ਨਾਲ ਸਮੁੱਚੇ ਦੇਸ਼ ਵਿੱਚ ਗੁਣਵੱਤਾ ਦੀ ਸਮਾਨਤਾ ਸੰਭਵ ਹੋ ਸਕਦੀ ਹੈ। ਇਹ ਵੀ ਪਈ ਜਦ ਵੱਖ ਵੱਖ ਪਿਛੋਕੜਾਂ ਦੇ ਬੱਚੇ ਇਕੱਠੇ ਪੜ੍ਹਦੇ ਹਨ ਤਾਂ ਮੁਕੰਲ ਪੜ੍ਹਾਈ ਦੀ ਗੁਣਵੱਤਾ ਸੁਧਰਦੀ ਹੈ ਅਤੇ ਸਕੂਲ ਦੀ ਫ਼ਿਜ਼ਾ ਅਮੀਰ ਬਣਦੀ ਹੈ।
- ਉੱਪਰ ਵੱਲੇ ਰੁਖ ਵਾਲੀ ਯੋਜਨਾਬੰਦੀ ਹੋਵੇ। ਅਪਣੇ ਕੇਂਦਰੀ ਖੇਤਰਾਂ ਨੂੰ ਪਛਾਨਣ ਲਈ ਸਕੂਲਾਂ ਤੋਂ ਆਰੰਭ ਕਰੇ ਤੇ ਅੱਗੇ ਚੱਲਕੇ ਸੰਯੋਜਣ ਦੀ ਖਾਤਰ ਖਿੱਤੇ ਤੇ ਬਲਾਕ ਦੇ ਪੱਧਰਾਂ ਤੱਕ ਅੱਪੜੇ। ਜ਼ਿਲੇ ਦੇ ਪੱਧਰ ਉੱਪਰ ਇਹ ਹੀ ਵਿਕੇਂਦਰਤ ਯੋਜਨਾਂ ਦੀ ਜੁਗਤ ਬਣ ਸਕਦੀ ਹੈ।

- ਅਰਥਦਾਰ ਭਾਗਦਾਰੀ ਵਾਲੀ ਅਕਾਦਮਕ ਯੋਜਨਾਂ ਤਾਂ ਹੈੱਡ ਮਾਸਟਰ ਅਤੇ ਅਧਿਆਪਕ ਰਲਕੇ ਹੀ ਕਰ ਸਕਦੇ ਹਨ।
- ਗੁਣਵੱਤਾ ਦੀ ਪੈਰਵਾਈ ਇੱਕ ਅਜਿਹੀ ਪ੍ਰਕਿਰਿਆ ਦੇ ਰੂਪ ਵਿੱਚ ਦੇਖਣਾਂ ਅਵੱਸ਼ਕ ਹੈ ਜੋ ਪੜ੍ਹਾਈ-ਸਿਖਲਾਈ ਦੀ ਪ੍ਰਕਿਰਿਆ ਵਿੱਚ ਸਕੂਲਾਂ ਵਿੱਚ ਆਦਾਨ ਪ੍ਰਦਾਨ ਬਣਿਆ ਰੱਖ ਸਕੇ।
- ਅਧਿਆਪਕ ਸਿੱਖਿਆ ਦੇ ਪ੍ਰੋਗਰਾਮਾਂ ਨੂੰ ਮੁੜ-ਵਿਓਂਤਣ ਤੇ ਸੁਸ਼ਕਤ ਕਰਨ ਦੀ ਲੋੜ ਹੈ ਜੀਹਦੇ ਨਾਲ ਅਧਿਆਪਕ ਬਣ ਸਕਦਾ ਹੋਵੇ:
    - ਉਤਸਾਹਕ, ਮਦਦਗਾਰ ਅਤੇ ਮਾਨਵੀ ਸਹਾਇਕ। ਪੜ੍ਹਾਈ-ਸਿਖਲਾਈ ਦੀਆਂ ਸਥਿੱਤੀਆਂ ਵਿੱਚ ਸਿੱਖਿਅਕਾਂ (ਵਿਦਿਆਰਥੀਆਂ) ਨੂੰ ਅਪਣੇ ਕਿਸਬ ਲੱਭਣ ਵਿੱਚ ਅਤੇ ਅਪਣੇ ਸਰੀਰਕ ਤੇ ਬੌਧਿਕ ਸੰਭਾਵਾਂ ਨੂੰ ਪੂਰਣ ਰੂਪ ਵਿੱਚ ਗ੍ਰਹਿਣ ਕਰ ਲੈਣ ਦੇ ਯੋਗ ਬਣਾਵੇ। ਆਚਾਰ ਅਤੇ ਗੁਣਕਾਰੀ ਸਮਾਜਕ ਤੇ ਮਨੁੱਖੀ ਕਦਰਾਂ ਦਾ ਜ਼ਿੰਮੇਵਾਰ ਸ਼ਹਿਰੀ ਦੇ ਰੂਪ ਵਿੱਚ ਕਾਰਜ ਕਰਨ ਹਿੱਤ ਵਿਕਾਸ ਕਰਵਾਵੇ।
    - ਬੰਦਿਆਂ ਦੇ ਕਿਸੇ ਸਮੂਹ ਦਾ।
- ਮੁੜ-ਵਿਓਂਤੇ ਅਧਿਆਪਕ ਸਿੱਖਿਆ ਦੇ ਪ੍ਰੋਗਰਾਮਾਂ ਦਾ ਇੱਕ ਅਪਣਾਂ ਸਮੀਖਿਅਕ ਪਰਿਪੇਖ ਬਣਦਾ ਹੈ। ਇਹਨਾਂ ਦਾ ਵਿਸ਼ਵਾਸ ਹੈ ਕਿ ਗਿਆਨ ਉਸਾਰੀ ਦੀ ਪ੍ਰਕਿਰਿਆਂ ਵਿੱਚ ਸਿੱਖਿਅਕ ਦੀ ਪ੍ਰਭਾਵਕ ਭੂਮਿਕਾ ਰਹੇ, ਸਿੱਖਣ ਦਾ ਸੰਧਰਭ ਸਾਂਝਾ ਹੋਵੇ, ਗਿਆਨ ਉਸਾਰੀ ਵਿੱਚ ਅਧਿਆਪਕ ਇੱਕ ਸਹਾਇਕ ਬਣੇ, ਅਧਿਆਪਕ ਸਿੱਖਿਆ ਦਾ ਸੁਭਾਅ ਬਹੁ-ਅਨੁਸ਼ਾਸਨੀ ਹੋਵੇ, ਸਿਧਾਂਤ ਅਤੇ ਅਮਲ ਦੇ ਪੱਖਾਂ ਦਾ ਸੁਮੇਲ ਹੋਵੇ ਅਤੇ ਸਮਕਾਲੀਨ ਭਾਰਤੀ ਸਮਾਜ ਦੇ ਮੁੱਦਿਆਂ ਤੇ ਚਿੰਨਤਾਵਾਂ ਨਾਲ ਤਾਲ ਮੇਲ ਬਣਿਆ ਰਹੇ।
- ਅਧਿਆਪਕ ਸਿੱਖਿਆ ਵਿੱਚ ਭਾਸ਼ਾ ਦੀ ਮਹਾਰਤ ਕੇਂਦਰ ਪੁਰ ਰਹੇ। ਅਧਿਆਪਕਾਂ ਵਿੱਚ ਪੇਸ਼ਾਵਰ ਹੋਣ ਨੂੰ ਮਜ਼ਬੂਤੀ ਦੇਣ ਲਈ ਅਧਿਆਪਕ ਸਿੱਖਿਆ ਦਾ ਸੁਮੇਲਵਾਂ ਮੌਡਲ ਮਹੱਤਵ ਰੱਖਦਾ ਹੈ।
- ਸੇਵਾ-ਵਿੱਚ ਸਿੱਖਿਆ ਦਾ ਸਾਰੇ ਸਕੂਲੀ ਅਮਲ ਵਿੱਚ ਤਬਦੀਲੀ ਲਿਆਉਣ ਲਈ ਮੂਲ ਪ੍ਰੇਰਣਾਂ ਬਣਨਾਂ ਜਰੂਰੀ ਹੈ।
- ਪੰਚਾਇਤ ਰਾਜ ਪ੍ਰਬੰਧ ਨੂੰ ਮਜ਼ਬੂਤ ਕੀਤਾ ਜਾਣਾਂ ਚਾਹੀਦਾ ਹੈ। ਇਹਦੇ ਵਾਸਤੇ ਪਿੰਡ ਦੇ ਪੱਧਰ ਉੱਪਰ ਕੰਮ ਕਰਦੀਆਂ ਸਮਾਨੰਤਰ ਸਮਤੀਆਂ ਨੂੰ ਸੰਚਾਲਤ ਕਰਨ ਦਾ ਢੰਗ ਕੱਢਿਆ ਜਾਵੇ ਤਾਂ ਜੋ ਵਿਕਾਸ ਵਿੱਚ ਲੋਕਤੰਤਰੀ ਭਾਗਦਾਰੀ ਨੂੰ ਸਾਕਾਰ ਕੀਤਾ ਜਾ ਸਕੇ।
- ਇਮਤਿਹਾਨਾਂ ਵਿੱਚੋਂ ਬੋਝ ਘਟਾਉਣ ਅਤੇ ਸਫਲਤਾ ਵਧਾਉਣ ਲਈ ਜਰੂਰੀ ਹੈ:

- ਵਿਸ਼ੈ-ਅਧਾਰਤ ਪ੍ਰੀਖਿਆ ਤੋਂ ਹਟਕੇ ਸਮੱਸਿਆ ਦਾ ਹੱਲ ਕਰਨ ਦੀ ਯੋਗਤਾ ਅਤੇ ਸਮਝ ਵੱਲ ਰੁਖ ਕੀਤਾ ਜਾਵੇ।
- ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੀ ਪ੍ਰਚਲਤ ਕਿਸਮਾਵਲੀ ਨੂੰ ਬਦਲਣ ਦੀ ਲੋੜ ਹੈ।
- ਛੋਟੇ ਇਮਤਿਹਾਨਾਂ ਵੱਲ ਰੁਖ ਕੀਤਾ ਜਾਵੇ।
- ਇਮਤਿਹਾਨ ਦੀ ਸਮੇਂ-ਸਾਰਣੀ ਲਚਕੀਲੀ ਹੋਵੇ।
- ਦਾਖਲੇ ਦੇ ਇਮਤਿਹਾਨਾਂ ਲਈ ਪਰਚੇ ਬਨਾਉਣ ਅਤੇ ਇਮਤਿਹਾਨ ਲੈਣ ਵਾਸਤੇ ਇੱਕ ਹੀ ਸੰਚਾਲਕ ਏਜੰਸੀ ਸਥਾਪਤ ਕੀਤੀ ਜਾਵੇ।

- ਕੰਮ ਸਬੰਧਤ ਸਿੱਖਿਆ ਦਾ ਸੰਸਥਾਕਰਣ ਸਕੂਲੀ ਪਾਠਕ੍ਰਮ ਦਾ ਇੱਕ ਅਨਿੱਖਵਾਂ ਹਿੱਸਾ ਬਣੇ। ਪ੍ਰਾਇਮਰੀ ਤੋਂ ਪਹਿਲਾਂ ਤੋਂ ਲੈਕੇ +2 ਸਤਰ ਤੱਕ ਇਹਦੇ ਕੰਮਕਾਜੀ ਸਿੱਖਿਆ ਦਾ ਮੁੜ-ਸੰਕਲਪਣ ਅਤੇ ਮੁੜ-ਸੰਰਚਨ ਕਰਨ ਦੇ ਲਈ ਲੋੜੀਂਦੀ ਨੀਂਹ ਰੱਖਣ ਦੀ ਉਮੀਦ ਹੈ। ਗਲੋਬਲੀ ਬਣ ਗਈ ਅਰਥ ਵਿਵਸਥਾ ਦੀ ਵੰਗਾਰ ਨੂੰ ਵੀ ਝੱਲਿਆ ਜਾ ਸਕਦਾ ਹੈ।
- ਕੰਮਕਾਜੀ ਸਿੱਖਿਆ ਅਤੇ ਸਿਖਲਾਈ ਨੂੰ ਇੱਕ ਮਿਸ਼ਨ ਦੇ ਰੂਪ ਵਿੱਚ ਚਿਤਵੇ ਅਤੇ ਲਾਗੂ ਕੀਤੇ ਜਾਣ ਦੀ ਲੋੜ ਹੈ। ਇਹਦੇ ਲਈ ਅਲੱਗ VET ਕੇਂਦਰ ਅਤੇ ਸੰਸਥਾਵਾਂ ਸਥਾਪਤ ਕੀਤੀਆਂ ਜਾਣ ਜੋ ਪਿੰਡ, ਖਿੱਤੇ, ਬਲਾਕ ਤੋਂ ਸੱਬ-ਡਿਵੀਜ਼ਨ/ਜ਼ਿਲੇ ਦੇ ਕਸਬਿਆਂ ਅਤੇ ਮੈਟਰੋ ਖੇਤਰਾਂ ਵਿੱਚ ਹੋਣ। ਦੇਸ਼ ਭਰ ਵਿੱਚ ਪਹਿਲਾਂ ਹੀ ਪ੍ਰਾਪਤ ਬੜੀਆਂ ਵਿਸਤਰਿਤ ਸਹੂਲਤਾਂ ਇਸ ਸੈਕਟਰ ਵਿੱਚ ਮਦਦ ਵਾਸਤੇ ਵਰਤੀਆਂ ਜਾ ਸਕਦੀਆਂ ਹਨ।
- ਅਧਿਆਪਕਾਂ ਦੀਆਂ ਚੋਣਾਂ ਨੂੰ ਹੋਰ ਮੋਕਲਾ ਕਰਨ ਲਈ ਅਤੇ ਬੱਚਿਆਂ ਦੀਆਂ ਲੋੜਾਂ ਅਤੇ ਰੁਚੀਆਂ ਨੂੰ ਫੈਲਾਓ ਦੇਣ ਲਈ ਬਹੁਭਾਂਤੀ ਪਾਠ-ਪੁਸਤਕਾਂ ਪ੍ਰਾਪਤ ਹੋਣ।
- ਅਧਿਆਪਨ ਦੇ ਅਨੁਭਵਾਂ ਦਾ ਸਾਂਝਾ ਕਰਨਾ ਅਤੇ ਜਮਾਤ ਵਿਚਲੇ ਫੈਲਾਓਦਾਰ ਅਮਲ ਦਾ ਹੋਣਾਂ ਤਾਂ ਜੋ ਨਵੇਂ ਵਿਚਾਰ ਫੁਰਨ, ਨਵੀਆਂ ਪਹਿਲਾਂ ਦੀ ਸਹੂਲਤ ਬਣੇ ਅਤੇ ਪ੍ਰਯੋਗਾਤਮਕਤਾ ਵਿਕਸਤ ਹੋਵੇ।
- ਸਿਲੇਬਸਾਂ ਦਾ, ਪਾਠ-ਪੁਸਤਕਾਂ ਅਤੇ ਪੜ੍ਹਾਈ-ਸਿਖਲਾਈ ਦੇ ਸਾਧਨਾਂ ਦਾ ਨਿਰਮਾਣ ਇੱਕ ਵਿਕੇਂਦਰਤ ਭਾਗਦਾਰੀ ਤਰੀਕੇ ਨਾਲ ਕੀਤਾ ਜਾ ਸਕੇ। ਇਹਦੇ ਵਿੱਚ ਅਧਿਆਪਕਾਂ, ਯੂਨੀਵਰਸਿਟੀਆਂ ਦੇ ਮਾਹਰਾਂ, ਗੈਰ-ਸਰਕਾਰੀ ਸੰਸਥਾਵਾਂ ਅਤੇ ਅਧਿਆਪਕ ਸੰਗਠਨਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

ਪੂਰਕਾ- 2


ਭਾਰਤ ਸਰਕਾਰ
ਮਾਨਵ ਸੰਸਾਧਨ ਵਿਕਾਸ ਮੰਤਰਾਲਾ
ਮਾਧਮਿਕ ਅਤੇ ਉੱਚ ਸਿੱਖਿਆ ਵਿਭਾਗ
ਨਵੀਂ ਦਿੱਲੀ – 110001

**Government of India**
**Ministry of Human Resource Development**
**Department of Secondary & Higher Education**
128 'C' Wing, Shastri Bhavan, New Delhi- 110001.
Tel.:23386451, 23382698 Fax : 23385807
**E-mail: secy_she@sb.nic.in**

ਭਾਰਤੇਂਦ੍ਰ ਸਿੰਘ ਬਸਵਾਨ
ਸਿੱਖਿਆ ਸਚਿਵ
Education Secretary


21-7-2004

ਪਿਆਰੇ ਪ੍ਰੋਫੈਸਰ ਦੀਖਸ਼ਿਤ,

ਸਿੱਖਿਆ ਦੀ ਰਾਸ਼ਟਰੀ ਨੀਤੀ 1986, ਜੋ 1992 ਵਿੱਚ ਬਦਲੀ ਗਈ ਸੀ, ਹੇਠ ਲਿਖੇ ਦਾ ਅਨੁਮਾਨ ਲਾਉਂਦੀ ਹੈ:

"11.5 ਨਵੀਂ ਨੀਤੀ ਦੇ ਭਿੰਨ ਭਿੰਨ ਪੈਰਾਮੀਟਰਾਂ ਦੇ ਲਾਗੂ ਹੋਣ ਨੂੰ ਹਰ ਪੰਜਾਂ ਸਾਲਾਂ ਬਾਅਦ ਰੀਵਿਊ ਕਰਨ ਦੀ ਲੋੜ ਹੈ। ਥੋਹੜੀ ਥੋਹੜੀ ਦੇਰ ਤੋਂ ਬਾਅਦ ਪੁੱਛ ਗਿੱਛ ਹੁੰਦੇ ਰਹੇ ਤਾਂ ਜੋ ਲਾਗੂ ਹੋਣ ਵਿੱਚ ਹੋ ਰਹੀ ਤਰੱਕੀ ਦਾ ਜਾਇਜ਼ਾ ਲੱਗਦਾ ਰਹੇ ਤੇ ਕਦੇ ਕਦੇ ਉੱਭਰਦੇ ਝੁਕਾਵਾਂ ਦਾ ਪਤਾ ਲੱਗ ਸਕੇ"।

2. ਕਾਰਜ ਦਾ ਪ੍ਰੋਗਰਾਮ 1992, ਜੋ ਸਿੱਖਿਆ ਦੀ ਰਾਸ਼ਟਰੀ ਨੀਤੀ 1986 ਦੇ ਤਹਿਤ ਬਣਾਇਆ ਗਿਆ ਸੀ, ਇਸ ਰੀਵਿਊ ਰਾਹੀਂ ਵਿਚਾਰੀਆਂ ਜਾਣ ਵਾਲੀਆਂ ਕੁਝ ਚਿੰਤਾਵਾਂ ਦਾ ਜ਼ਿਕਰ ਕਰਦਾ ਹੈ। ਤੁਹਾਡਾ ਧਿਆਨ 'ਕਾਰਜ ਦਾ ਪ੍ਰੋਗਰਾਮ' ਦੇ ਅਧਿਆਏ 8 ਵੱਲ ਦੁਆਇਆਂ ਜਾਂਦਾ ਹੈ।

3. ਕਿਉਂਕਿ ਵਰਤਮਾਨ ਪਾਠਕ੍ਰਮ ਦੀ ਰੂਪਰੇਖਾ ਚਾਰ ਸਾਲ ਪਹਿਲਾਂ ਰੀਲੀਜ਼ ਹੋਈ ਸੀ, ਵਕਤ ਆ ਗਿਆ ਹੈ ਕਿ ਪਾਠਕ੍ਰਮ ਦੇ ਰੀਵਿਊ ਅਤੇ ਨਵੀਂਨੀਕਰਣ ਦੀ ਪ੍ਰਕਿਰਿਆ ਨੂੰ ਆਰੰਭ ਕਰਵਾਇਆ ਜਾਵੇ। NCERT ਪਾਠਕ੍ਰਮ ਦੇ ਨਵਕਰਣ ਦੀ ਪ੍ਰਕਿਰਿਆ ਨੂੰ ਆਰੰਭ ਕਰਵਾ ਸਕਦੀ ਹੈ।

4. ਰੀਵਿਊ ਕਰਵਾਉਣ ਵੇਲੇ ਤੁਸੀਂ ਮਿਹਰਬਾਨੀ ਕਰਕੇ ਧਿਆਨ ਰੱਖਣਾਂ ਕਿ ਉਹ ਪ੍ਰਕਿਰਿਆਵਾਂ ਜੋ ਮਿਥ ਲਈਆਂ ਗਈਆਂ ਹਨ ਤੇ ਜਾਂ ਸਮੇਂ ਸਮੇਂ ਵਿਕਸਤ ਹੋਈਆਂ ਹਨ ਪਾਸੇ ਨਾ ਧਰ ਦਿੱਤੀਆਂ ਜਾਣ। ਤੁਸੀਂ ਉਸ ਅਲੋਚਨਾਂ ਤੋਂ ਵਾਕਫ ਹੋ ਜੋ ਪਹਿਲੇ ਰੀਵਿਊ ਦੀ ਸਮਾਪਤੀ ਦੇ ਸਮੇਂ ਵਾਪਰੀ ਬੇਧਿਆਨੀ ਅਤੇ ਅਪਣਾਏ ਗਏ ਢੰਗਾਂ ਵਿੱਚ ਰਹਿ ਗਈਆਂ ਖਾਮੀਆਂ ਬਾਰੇ ਹੋਈ ਸੀ।

5. ਪਿਛਲੇ ਕੁਝ ਸਾਲਾਂ ਵਿੱਚ NCERT ਦੀਆਂ ਪਾਠ-ਪੁਸਤਕਾਂ ਦੀ ਕਾਫੀ ਗੰਭੀਰ ਅਕਾਦਮਕ ਅਲੋਚਨਾਂ ਹੋਈ ਹੈ। ਇਤਹਾਸ ਦੀਆਂ ਕਿਤਾਬਾਂ ਬਾਰੇ ਉੱਠ ਖੜ੍ਹੇ ਹੋਏ ਵਿਵਾਦ ਨੂੰ ਨਜਿੱਠਣ ਵਿੱਚ ਤੁਸੀਂ ਪਹਿਲਾਂ ਹੀ ਲੱਗੇ ਹੋਏ ਹੋ। ਹਥਲਾ ਰੀਵਿਊ ਆਰੰਭ ਕਰਨ ਵੇਲੇ ਤੁਸੀਂ ਇਸ ਪ੍ਰਸ਼ਨ ਵੱਲ ਖਾਸਾ ਧਿਆਂਨ ਦਿਓ ਕਿ ਕਿਵੇਂ ਨਵੇਂ ਪਾਠਕ੍ਰਮ ਦੀ ਰੂਪ-ਰੇਖਾ ਤੋਂ ਵਿਕਸਤ ਹੋਈਆਂ ਕਿਤਾਬਾਂ ਇਹੋ ਜਿਹੀਆਂ ਊਣਤਾਵਾਂ ਤੋਂ ਬਚੀਆਂ ਰਹਿੰਣ।

6. ਇਸ ਰੀਵਿਊ ਨੂੰ ਹੱਥ ਪਾਉਂਦਿਆਂ ਸਾਨੂੰ ਭਰੋਸਾ ਹੈ ਕਿ ਤੁਸੀਂ ਯਸ਼ਪਾਲ ਕਮੇਟੀ ਦੀ 'ਬੋਝ ਬਿਨ ਸਿੱਖਣ' ਰਿਪੋਟ ਅਤੇ 'ਕਾਰਜ ਦਾ ਪ੍ਰੋਗਰਾਮ 1992' ਦੇ ਅਧਿਆਏ 8 ਨੂੰ ਧਿਆਨ ਵਿੱਚ ਰੱਖੋਗੇ।

7. ਭਾਰਤ ਦੇ ਸਵਿਧਾਨ ਵਿੱਚ ਸਵੀਕਾਰੇ ਗਏ ਭਾਰਤ ਦੇ ਵਿਚਾਰ ਨਾਲ NCERT ਇੱਕ ਸੁਰ ਰਵ੍ਹੇ। ਇਹ ਚੰਗਾ ਰਹੇਗਾ ਜੇ ਇਸ ਰੀਵਿਊ ਨਾਲ ਜੁੜੇ ਹਰ ਕਿਸੇ ਨੂੰ ਸਵਿਧਾਨ ਦੇ ਆਮੁੱਖ ਵਿੱਚ ਭਾਰਤ ਦਾ ਪਵਿੱਤਰ ਵਿਚਾਰ ਦਰਸਾਉਂਦੇ ਹੇਠ ਲਿਖੇ ਸ਼ਬਦਾਂ ਨੂੰ ਯਾਦ ਕਰਵਾਉਂਦੇ ਰਿਹਾ ਜਾਵੇ:

> "ਅਸੀਂ, ਭਾਰਤ ਦੇ ਲੋਕ ਭਾਰਤ ਨੂੰ ਇੱਕ ਸੰਪੂਰਣ ਸਵੈ-ਅਧਿਕਾਰੀ, ਸਮਾਜਵਾਦੀ, ਧਰਮ-ਨਿਰਪੇਖ, ਲੋਕਤੰਤਰਕ ਗਣਰਾਜ ਬਨਾਉਣ ਦਾ ਵਿਧੀਬੱਧ ਸੰਕਲਪ ਲੈਂਦੇ ਹਾਂ ਅਤੇ ਇਹਦੇ ਸਾਰੇ ਨਾਗਰਿਕਾਂ ਨੂੰ ਹੱਕ ਦਿੰਦੇ ਹਾਂ:
>
> ਸਮਾਜਕ, ਆਰਥਕ ਅਤੇ ਰਾਜਨੀਤਕ **ਨਿਆਂ** ਦਾ;
> ਵਿਚਾਰ, ਅਭਿਵਿਅਕਤੀ, ਵਿਸ਼ਵਾਸ਼, ਧਰਮ ਅਤੇ ਪੂਜਾ ਦੀ **ਸੁਤੰਤਰਤਾ** ਦਾ;
> ਸਨਮਾਨ ਅਤੇ ਅਵਸਰ ਦੀ **ਬਰਾਬਰੀ** ਦਾ;
> ਅਤੇ ਸਭਨਾਂ ਵਿੱਚ **ਭਰਾਤਰੀ ਭਾਵ** ਪ੍ਰਫੁੱਲਤ ਕਰਨ, ਹਰ ਬੰਦੇ ਦੀ ਸ਼ਾਨ ਅਤੇ **ਦੇਸ਼** ਦੀ ਏਕਤਾ ਤੇ ਅਖੰਡਤਾ ਵਹਿਦਾ ਕਰਨ ਦੇ ਲਈ ..."

8. ਸਾਨੂੰ ਭਰੋਸਾ ਹੈ ਕਿ ਨਵੇਂ NCTSE ਦਾ ਨਿਰਮਾਣ ਅਕਾਦਮਕ ਭਾਈਚਾਰੇ ਅਤੇ ਸਮੁੱਚੇ ਸਭਿਅਕ ਸਮਾਜ ਵਿੱਚ ਜੋਸ਼ ਜਗਾਏਗਾ। ਤੁਸੀਂ ਇਸ ਉਦੇਸ਼ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਨੂੰ ਆਰੰਭ ਕਰ ਲਵੋ।

ਇਸ ਮਹਿੰਮ ਦੇ ਲਈ ਸ਼ੁਭ ਇਸ਼ਾਵਾਂ ਅਤੇ ਸਤਿਕਾਰ ਸਹਿਤ।

ਦਸਖਤ
(ਬ.ਸ.ਬਸਵਾਨ)

ਪ੍ਰੋ: ਹ.ਪ.ਦੀਖਸ਼ਿਤ
ਡਰੈਕਟਰ

ਪੂਰਕਾ- 2

ਭਾਰਤ ਸਰਕਾਰ
ਮਾਨਵ ਸੰਸਾਧਨ ਵਿਕਾਸ ਮੰਤਰਾਲਾ
ਮਾਧਮਿਕ ਅਤੇ ਉੱਚ ਸਿੱਖਿਆ ਵਿਭਾਗ
ਨਵੀਂ ਦਿੱਲੀ – 110001

**Government of India**
**Ministry of Human Resource Development**
**Department of Secondary & Higher Education**
128 'C' Wing, Shastri Bhavan, New Delhi- 110001.
Tel.:23386451, 23382698 Fax : 23385807
**E-mail: secy_she@sb.nic.in**

ਭਾਰਤੇਂਦ੍ਰ ਸਿੰਘ ਬਸਵਾਨ
ਸਿੱਖਿਆ ਸਚਿਵ
Education Secretary

2 ਮਈ, 2005

ਪਿਆਰੇ ਪ੍ਰੋਫੈਸਰ ਕ੍ਰਿਸ਼ਨ ਕੁਮਾਰ,

ਮਿਹਰਬਾਨੀ ਕਰਕੇ ਸਕੂਲ ਸਿੱਖਿਆ ਦੇ ਰਾਸ਼ਟਰੀ ਪਾਠਕ੍ਰਮ ਦੀ ਰੂਪ-ਰੇਖਾ (NCFSE) ਬਾਰੇ ਅਪਣੀ ਹੋਈ ਗੱਲ-ਬਾਤ ਯਾਦ ਕਰੋ ਜੀ। ਇਸ ਸਬੰਧ ਵਿੱਚ ਮੇਰੇ 21.7.2004 ਦੇ ਲਿਖੇ ਏਸੇ ਨੰਬਰ ਵਾਲੇ D.O. ਖਤ ਦਾ ਹਵਾਲਾ ਦਿੰਦਾ ਹਾਂ, ਜਿਸ ਵਿੱਚ ਸਕੂਲ ਸਿੱਖਿਆ ਦੇ ਰਾਸ਼ਟਰੀ ਪਾਠਕ੍ਰਮ ਦੀ ਰੂਪ-ਰੇਖਾ (NCFSE)-2000 ਨੂੰ ਨਵੇਂ ਸਿਰੇ ਤਿਆਰ ਕਰਨ ਦੀ ਪ੍ਰਕਿਰਿਆ ਨੂੰ ਆਰੰਭ ਕਰਨ ਲਈ ਬੇਨਤੀ ਕੀਤੀ ਗਈ ਸੀ। ਮੈਂ ਉਸ ਖਤ ਦੇ 6ਵੇਂ ਪਹਿਰੇ ਵਿੱਚ ਲਿਖਿਆ ਸੀ ਕਿ (NCFSE)-2000 ਦਾ ਰੀਵਿਊ ਕਰਦਿਆਂ ਯੱਸ਼ਪਾਲ ਕਮੇਟੀ ਦੀ ਰਿਪੋਟ 'ਬੋਝ ਬਿਨ ਸਿੱਖਿਆ' ਨੂੰ ਧਿਆਨ ਵਿੱਚ ਰੱਖਿਆ ਜਾਵੇ। ਹੁਣ ਜਦ NCERT ਨੇ ਰਾਸ਼ਟਰੀ ਪਾਟਕ੍ਰਮ ਦੀ ਰੂਪਰੇਖਾ ਤਿਆਰ ਕਰ ਲਈ ਹੈ ਤਾਂ ਸਾਨੂੰ ਉਮੀਦ ਹੈ ਕਿ ਨਵੇਂ ਪਾਠਕ੍ਰਮ ਅਨੁਸਾਰ ਪਾਠ-ਪੁਸਤਕਾਂ ਤਿਆਰ ਕਰਦਿਆਂ 'ਬੋਝ ਬਿਨ ਸਿੱਖਿਆ' ਰਿਪੋਟ ਵਿੱਚ ਪੱਕੇ ਕੀਤੇ ਗਏ ਨੀਅਮਾਂ ਨੂੰ ਪੂਰੀ ਤਰ੍ਹਾਂ ਧਿਆਨ ਵਿੱਚ ਰੱਖਿਆ ਜਾਵੇਗਾ।

ਸਤਿਕਾਰ ਅਤੇ ਸ਼ੁੱਭ ਇਛਾਵਾਂ ਸਹਿਤ।

ਦਸਖਤ
(ਬ.ਸ.ਬਸਵਾਨ)

ਪ੍ਰੋਫੈਸਰ ਕ੍ਰਿਸ਼ਨ ਕੁਮਾਰ
ਡਰੈਕਟਰ, NCERT
ਸ਼੍ਰੀ ਔਰਬਿੰਦੂ ਮਾਰਗ
ਨਵੀਂ ਦਿੱਲੀ – 110016.

# ਅਨੁਕ੍ਰਮਣਿਕਾ

**ੳ**ਤਸਾਹ

ਉਦੇਸ਼

ਉੱਚ-ਸੈਕੰਡਰੀ

**ਅ**ਯੋਗਤਾਵਾਂ

ਅਰਥ ਸ਼ਾਸ਼ਤਰ

ਆਧੁਨਿਕ

ਆਜ਼ਾਦੀ

ਅਧਿਆਪਕ ਸਿੱਖਿਆ

ਅਧਿਕਾਰ

ਅਭਿਆਸ

ਅੰਕ

ਅੰਗਰੇਜੀ

ਅੱਖਰਤਾ

**ਸ**ਹਾਇਕ

ਸਕੂਲੀ ਸਿੱਖਿਆ ਲਈ ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ 1988

ਸਥਾਨਕ ਸੂਝ

ਸਦਾਚਾਰ

ਸਭਿਆਚਾਰਕ

ਸਮਾਜਕ ਵਿਗਿਆਨ

ਸਮਾਨ

ਸਮਾਨਤਾਵਾਦ

ਸਮਾਂ

ਸਮੇਂ ਸਾਰਣੀ/ਟੇਬਲ

ਸਰੀਰਕ ਸਜਾ

ਸਵਿਧਾਨ

ਸਵੈਧੀਨਤਾ

ਸਿਰਜਣਾਤਮਕ

ਸਿਲੇਬਸ

ਸਿੱਖਿਆ ਟੈਕਨਾਲੋਜੀ

ਸਿੱਖਿਆ ਸ਼ਾਸਤਰ

ਸੁਹਜਾਤਮਕ

ਸੁਤੰਤਰਤਾ

ਸੁਭਾਅ

ਸੁਮਿਲਤ ਸਿੱਖਿਆ

ਸੁਵੇਰ ਦੀ ਸਭਾ

ਸੂਚਨਾਂ ਅਤੇ ਸੰਚਾਰ ਟੈਕਨਾਲੋਜੀ

ਸੇਵਾ-ਪਹਿਲਾ(ੀ)

ਸੇਵਾ-ਵਿੱਚ

ਸੈਕੰਡਰੀ

ਸੰਸਕ੍ਰਿਤ

ਸੰਗੀਤ

ਸੰਦ

ਸਾਂਝਾ ਸਕੂਲ ਪ੍ਰਬੰਧ

ਸਾਂਝਾ ਮੂਲ

**ਹ**ਾਸ਼ੀਆਕ੍ਰਿਤ

**ਕ**ਦਰਾਂ ਕੀਮਤਾਂ

ਕਮਿਸ਼ਨ

ਕਲਾਵਾਂ

ਕਾਰਜ

ਕੈਲੰਡਰ

ਕੋਠਾਰੀ ਕਮਿਸ਼ਨ

ਕੌਸ਼ਲ

ਕੰਪਿਊਟਰ ਵਿਗਿਆਨ

ਕੰਮ ਕੇਂਦਰਤ ਸਿੱਖਿਆ

**ਖੇ**ਡ

ਖੇਡ੍ਹਾਂ

**ਗ**ਲੋਬਲੀਕਰਣ

ਗਣਿਤ ਦੀਆਂ ਪ੍ਰਯੋਪਗਸ਼ਾਲਾਵਾਂ

ਗਣਿਤ ਵਿਗਿਆਨ

ਗਿਆਨ ਉਸਾਰੀ

ਗੁਣਵੱਤਾ

ਗ੍ਰੇਡ

**ਘ**ਰ ਦਾ ਕੰਮ

ਘਰ ਦੀ ਭਾਸ਼ਾ

ਘੱਟ ਗਿਣਤੀ

**ਜੀ**ਵ ਵਿਗਿਆਨ

ਜਾਂਚ

**ਡ**ਰਾਇੰਗ

**ਦੂ**ਜਾ ਸਿੱਖਿਆ ਕਮਿਸ਼ਨ

**ਧ**ਰਮ

ਧਰਮ ਨਿਰਪੇਖਤਾਵਾਦ

**ਨ**ਈ ਤਲੀਮ

ਨਾਗਰਿਕਤਾ

ਨਾਚ

ਨਾਟਕ

ਨਿਆਂ

ਨਿਰਦੇਸ਼ਕ ਨਿਯਮ

ਨਿਰਪੱਖਤਾ

ਨਿਰੀਖਣ

**ਪ**ਰਖ

ਪਰਾਇਮਰੀ

ਪਰਾਇਮਰੀ-ਪਹਿਲਾ(ੀ)

ਪਾਠਕ੍ਰਮ ਦਾ ਬੋਝ ਬਚਪਨ

ਪਾਠ-ਪੁਸਤਕਾਂ

ਪਿਤਰੀ

ਪੇਂਡੂ

ਪੈਟਰਨ

ਪੈਰਾਡਾਈਮ

ਪੰਚਾਇਤ ਰਾਜ

ਪ੍ਰਤਿਬੱਧਤਾ

ਪ੍ਰਸ਼ਨ

ਪ੍ਰੀਖਿਆ

**ਫ**ਰਨੀਚਰ

ਫਰਜ਼

**ਬ**ਰਾਬਰੀ

ਬਹੁ-ਸਭਿਅਚਾਰਕ

ਬਹੁ-ਗ੍ਰੇਡ ਸਕੂਲ

ਬਹੁ-ਗ੍ਰੇਡ ਜਮਾਤ

ਬਹੁ-ਭਾਸ਼ਾਵਾਦ

ਬਹੁਲਤਾ

ਬਾਲਗ

ਬਾਲਪਨ

ਬੋਝ ਬਿਨਾਂ ਸਿੱਖਿਆ

ਬੌਧਿਕ

**ਭ**ਾਈਚਾਰਾ

ਭਾਗਦਾਰੀ

ਭਾਸ਼ਾ ਸਿੱਖਿਆ

ਭੂਵਿਗਿਆਨ

ਭੌਤਿਕ ਵਿਗਿਆਨ

**ਮ**ਨੁੱਖੀ ਅਧਿਕਾਰ

ਮਨੋਵਿਗਿਆਨ

ਮਜ਼ਮੂੰਨ

ਮਾਨ

ਮਾਨਸਿਕ ਚਿਤਰਣਾਂ

ਮੁਢਲਾ(ੀ)

ਮਨੋਮੋਟਰ

ਮਾਂ ਬੋਲੀ

**ਯ**ੋਗ

ਯੋਗਤਾ

**ਰ**ਸਾਇਣ ਵਿਗਿਆਨ

ਰਵਈਆ

ਰਾਜ

ਰਾਜਨੀਤੀ ਵਿਗਿਆਨ

ਰਾਸ਼ਟਰੀ ਅਖੰਡਤਾ

ਰਾਸ਼ਟਰੀ ਸਿੱਖਿਆ ਨੀਤੀ

ਰਾਸ਼ਟਰੀ ਸਿੱਖਿਆ ਪ੍ਰਬੰਧ

ਰਾਸ਼ਟਰੀ ਪਛਾਣ

**ਲ**ਚਕ

ਲਾਇਬਰੇਰੀਆਂ

ਲਿੰਗ

ਲੋਕਤੰਤਰ

**ਵ**ਪਾਰ

ਵਰਤਮਾਨ ਸੂਚੀ

ਵਾਸਾ

ਵਾਤਾਵਰਰਨ

ਵਿਕੇਂਦਰੀਕਰਣ

ਵਿਗਿਆਨ

ਵਿਗਿਆਨਕ ਸੁਭਾਅ

ਵਿਭਿੰਨਤਾ

ਵੰਡਣਾਂ

**ਸ਼**ਹਿਰੀ

ਸ਼ਮੂਲੀਅਤ

ਸ਼ਾਸ਼ਤਰੀ

ਸ਼ਾਂਤੀ

DIETs

ECCE

EVS

HIV/AIDS

SC

ST

VET

# ਰਾਸ਼ਟਰੀ ਫੋਕਸ ਗਰੁੱਪ – ਆਧਾਰ ਪੱਤਰ

**ਪੁਸਤਕ 1**

## ਪਾਠਕ੍ਰਮ ਖੇਤਰ

1. ਵਿਗਿਆਨ ਸਿੱਖਿਆ

2. ਭਾਰਤੀ ਭਾਸ਼ਾਵਾਂ ਦੀ ਸਿੱਖਿਆ

4. ਅੰਗਰੇਜੀ ਸਿੱਖਿਆ

5. ਸਮਾਜਕ ਵਿਗਿਆਨ ਸਿੱਖਿਆ

6. ਵਸੇਬਾ ਅਤੇ ਸਿਖਣ

7. ਕਲਾ, ਸੰਗੀਤ, ਨਾਚ ਅਤੇ ਰੰਗਮੰਚ

8. ਦਸਤ ਸ਼ਿਲਪਾਂ ਦੀ ਧਰੋਹਰ

**ਪੁਸਤਕ 2**

## ਪ੍ਰਬੰਧਗਤ ਸੁਧਾਰ

1.ਸਿੱਖਿਆ ਦੇ ਉਦੇਸ਼

2.ਪਾਠਕ੍ਰਮ ਬਦਲਣ ਲਈ ਪ੍ਰਬੰਧਗਤ ਸੁਧਾਰ

3.ਪਾਠਕ੍ਰਮ, ਸਿਲੇਬਸ ਅਤੇ ਪਾਠ-ਪੁਸਤਕਾਂ

4.ਪਾਠਕ੍ਰਮ ਦੇ ਨਵੀਨੀਂਕਰਣ ਲਈ ਅਧਿਆਪਕ ਸਿੱਖਿਆ

5.ਇਮਤਿਹਾਨਾਂ ਦੇ ਸੁਧਾਰ

6.ਸਿੱਖਿਆ ਟੈਕਨਾਲੋਜੀ

**ਪੁਸਤਕ 3**

## ਰਾਸ਼ਟਰੀ ਚਿੰਤਾਵਾਂ

1.ਅਨੁਸੂਚਤ ਜਾਤੀਆਂ ਅਤੇ ਜਨਜਾਤੀ ਬੱਚਿਆਂ ਦੀਆਂ ਸਮੱਸਿਆਵਾਂ

2. ਸਿੱਖਿਆ ਵਿੱਚ ਲਿੰਗ ਸਬੰਧਤ ਮੁੱਦੇ

3.ਵਿਸ਼ੇਸ਼ ਜਰੂਰਤਾਂ ਵਾਲੇ ਬੱਚਿਆਂ ਦੀ ਸਿੱਖਿਆ

4.ਸ਼ਾਂਤੀ ਵਾਸਤੇ ਸਿੱਖਿਆ

5.ਸਿਹਤ ਅਤੇ ਸਰੀਰਕ ਸਿੱਖਿਆ

6.ਬਾਲਪਨ ਅਤੇ ਸਿੱਖਿਆ

7.ਕੰਮਧੰਦਾ ਅਤੇ ਸਿੱਖਿਆ